

ਪੁਰਜਾ ਪੁਰਜਾ ਕਟਿ ਮਰੈ
-ਬਲਜੀਤ ਸਿੰਘ ਖ਼ਾਲਸਾ
ਉਹਨਾਂ ਮਰਜੀਵੜਿਆਂ ਦੀ ਗਾਥਾ, ਜਿਨ੍ਹਾਂ ਨੇ ਕਿਸੇ ਦੀ ਗ਼ੁਲਾਮੀ ਨਹੀਂ ਕਬੂਲੀ
ਤੇ ਸਿੱਖ ਕੌਮ ਦੇ ਗਲ਼ੋਂ ਗ਼ੁਲਾਮੀ ਲਾਹੁੰਦੇ ਹੋਏ ਸ਼ਹੀਦ ਹੋ ਗਏ

ਤਤਕਰਾ

ਭਾਗ-1

ਪਾਵਨ ਪਰਕਰਮਾ ਦੇ ਪਹਿਰੇਦਾਰ

ਭਾਗ-2

ਘਰ ਘਰ ਬਣ ਗਿਆ ਚਮਕੌਰ ਦੀ ਗੜ੍ਹੀ

ਪੁਰਜਾ ਪੁਰਜਾ ਕਟਿ ਮਰੈ

Purja Purja Kat Marae

ਪਹਿਲੀ ਵਾਰ ਮਾਰਚ 2010

ਲੇਖਕ:
ਬਲਜੀਤ ਸਿੰਘ ਖ਼ਾਲਸਾ
ਪਿੰਡ ਤੇ ਡਾਕ-ਸੁਲਤਾਨਵਿੰਡ,
ਸ੍ਰੀ ਅੰਮ੍ਰਿਤਸਰ।
baljitsinghkhalsa@rediffmail.com,
Mob: 98558-31284

ਕਿਤਾਬ ਮਿਲਣ ਦਾ ਪਤਾ:
ਅਜ਼ਾਦ ਖ਼ਾਲਸਾ ਪ੍ਰਕਾਸ਼ਨ
ਪਿੰਡ ਤੇ ਡਾਕ ਸੁਲਤਾਨਵਿੰਡ, ਸ੍ਰੀ ਅੰਮ੍ਰਿਤਸਰ।
Ph: 0183-2701356, 2701357
2701358, Fax: 2701359

ਪ੍ਰਕਾਸ਼ਕ:
ਅਜ਼ਾਦ ਖ਼ਾਲਸਾ ਪ੍ਰਕਾਸ਼ਨ
ਪਿੰਡ ਤੇ ਡਾਕ ਸੁਲਤਾਨਵਿੰਡ, ਸ੍ਰੀ ਅੰਮ੍ਰਿਤਸਰ।
Ph: 0183-2701356, 2701357
2701358, Fax: 2701359

ਪ੍ਰਿੰਟਰ:
ਵਿਜ਼ਡਮ ਪ੍ਰਿੰਟਿੰਗ ਪ੍ਰੈੱਸ
ਅੰਮ੍ਰਿਤਸਰ।

ਕੰਪਿਊਟਰ ਵਰਕ
ਰਣਜੀਤ ਸਿੰਘ
Mob: 98557-89851

ਕੀਮਤ: **280/-**

ਸਮਰਪਣ

'ਚਮਕੌਰ ਦੀ ਗੜ੍ਹੀ' ਵਿੱਚ ਖ਼ਾਲਸਾਈ ਸਿਦਕਦਿਲੀ ਨਾਲ਼ ਸਿਰਜੇ ਅਹਿਮ ਇਤਿਹਾਸਕ ਕਾਂਡ ਨੂੰ, ਜੋ ਕਿ ਗੁਰੂ ਲਿਵ ਨਾਲ਼ ਜੁੜੇ ਸਿੰਘਾਂ-ਸਿੰਘਣੀਆਂ ਨੂੰ ਸੀਮਿਤ ਹਥਿਆਰਾਂ ਦੇ ਬਾਵਜੂਦ ਘਰ ਪਰਿਵਾਰ 'ਚੋਂ ਨਿਕਲ਼ ਕੇ ਜਾਬਰ ਹਕੂਮਤਾਂ ਦੇ ਲੱਖਾਂ ਸਿਪਾਹੀਆਂ ਨਾਲ਼ ਟਕਰਾ ਜਾਣ ਦੀ ਪ੍ਰੇਰਨਾ ਦਿੰਦਾ ਆ ਰਿਹਾ ਹੈ, ਸਵਾ ਲੱਖ ਨਾਲ ਇੱਕ ਲੜਨ ਦੇ ਸੰਕਲਪ ਨੂੰ ਰੂਪਮਾਨ ਕਰਦਾ ਆ ਰਿਹਾ ਹੈ ਤੇ ਹੁਣ ਤਕ ਹਰੇਕ ਖ਼ਾਲਸਾਈ ਧਰਮ ਯੁੱਧ ਵਿੱਚ ਫ਼ਤਹਿ ਪ੍ਰਾਪਤੀ ਦਾ ਮੂਲ ਸਹਾਇਕ ਹੈ।

ਸ਼ਹੀਦੋਂ ਕੀ ਕਤਲਗਾਹ ਸੇ, ਕਿਆ ਬੇਹਤਰ ਹੈ ਕਾਅਬਾ।
ਸ਼ਹੀਦੋਂ ਕੀ ਖ਼ਾਕ ਪੇ ਤੋ, ਖ਼ੁਦਾ ਭੀ ਕੁਰਬਾਨ ਹੋਤਾ ਹੈ।

ਸ਼ਹੀਦ ਅਤੇ ਸ਼ਹਾਦਤ ਦੋਨੋਂ ਸ਼ਬਦ - ਅਰਬੀ ਦੇ ਹਨ।
ਸ਼ਹਾਦਤ ਮਾਇਨਾ - ਸ਼ਾਹਦੀ - ਭਾਵ ਗਵਾਹੀ -

ਦਰਿਆਣਾ

ਗੁਰੂ ਨੇ ਖ਼ਾਲਸੇ ਨੂੰ ਐਸੀ ਪਿਓਂਦ ਲਾਈ
ਖਿੜਿਆ ਰਿਹਾ ਹੁਨਾਲਾਂ ਸਿਆਲਾਂ ਦੇ ਵਿੱਚ
ਲੱਖ ਵਾਰ ਜ਼ਮਾਨਾ ਅਜ਼ਮਾ ਬੈਠੇ
ਕਿੰਨਾ ਦਮ ਹੈ ਉਹਦਿਆਂ ਲਾਲਾਂ ਦੇ ਵਿੱਚ।

ਅਜੀ ਸਤਰਾਂ ਤੇ ਤੇਗਾਂ ਦੀ ਆਸ ਸੋਹਣੀ।
ਅੱਖਰ ਜੋਆਂ ਦੀ ਤੋੜ ਨੁਮਾਇਸ਼ੀ ਤਾਂ ਨਹੀਂ।
ਸਾਡਾ ਗਾਉਣ ਵੀ ਰੋਣਾ ਨਿਸ਼ਾਨਚੀ ਸੀ।
ਅਜੀ ਗੋਲੀ ਤੋਂ ਵੈਰ ਤੁਫ਼ਾਨੀ ਤਾਂ ਨਹੀਂ।

ਜਿਥੇ ਕੌਮ ਦੀ ਸ਼ਕਤੀ ਨੇ ਦੇਖਣੀ ਹੈ,
ਕਦੋਂ ਸਿੰਘਾਂ ਨੇ ਛੱਡੇ ਸ਼ਹੀਦ ਸਿੰਘ।
ਛੋਟੇ ਸਿੰਘਾਂ ਨੇ ਸਭਾਂ ਦਿਲ ਕਰੇ ਜਿਤਨੀ,
ਓਨੇ ਕੌਮ ਵਿਚ ਹੋਏ ਸ਼ਹੀਦ ਸਿੰਘ।

ਸ਼ਹੀਦਾਂ ਦੀ ਪੈੜ ਚੁੰਮਦਿਆਂ

ਵੀਹਵੀਂ ਸਦੀ ਦੇ ਮਹਾਨ ਸਿੱਖ ਜਰਨੈਲ, ਸੰਤ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਵੱਲੋਂ ਸਿੱਖ ਕੌਮ ਦੀ ਅਜ਼ਾਦੀ ਲਈ ਵਿੱਢੇ ਸੰਘਰਸ਼ ਵਿੱਚ, ਸਿੱਖ ਪੰਥ ਦੀ ਆਨ-ਸ਼ਾਨ ਦੀ ਬਹਾਲੀ ਲਈ, ਪੰਜਾਬ ਦੀ ਧਰਤੀ ਨੂੰ ਆਪਣੇ ਲਹੂ ਨਾਲ ਸਿੰਜਦੇ ਤੇ ਰਣ-ਤੱਤੇ ਵਿੱਚ ਜੂਝਦੇ ਸ਼ਹੀਦ ਹੋਣ ਵਾਲੇ ਜੁਝਾਰੂ ਸਿੰਘਾਂ ਦੀਆਂ ਸ਼ਹੀਦੀ ਗਾਥਾਵਾਂ ਨੂੰ ਲਿਖਣ ਵਾਲੇ ਕਾਰਜ ਦੇ ਰੂ-ਬਰੂ ਹੁੰਦਿਆਂ ਹੀ ਜੋ ਵਿਚਾਰ ਵਾਰ-ਵਾਰ ਮੇਰੇ ਦਿਲ ਵਿੱਚ ਆਉਂਦਾ ਹੈ, ਉਹ ਇਹ ਹੈ ਕਿ ਕਰਨ ਵਾਲਾ ਕੰਮ ਬਹੁਤ ਵਧੇਰੇ ਹੈ, ਪਰ ਜ਼ਿੰਦਗੀ ਬਹੁਤ ਥੋੜ੍ਹੀ ਹੈ, ਬਹੁਤ ਹੀ ਥੋੜ੍ਹੀ। ਦਿੱਲੀ ਵੱਲੋਂ ਬਿਪਰ ਹਾਕਮਾਂ ਦੇ ਸਿੱਖਾਂ ਅਤੇ ਸਿੱਖੀ ਦੀ ਹੋਂਦ ਮਿਟਾਉਣ ਲਈ ਪੰਜਾਬ ਵੱਲ ਸੇਧਿਤ ਜ਼ੁਲਮ ਦੇ ਜਵਾਲਾਮੁਖੀ ਲਾਵੇ ਨੂੰ ਠੱਲ੍ਹਣ ਲਈ ਅਣਖੀਲੇ ਤੇ ਜਾਂਬਾਜ਼ ਸਿੱਖ ਜੁਝਾਰੂਆਂ ਨੇ ਸ਼ਹੀਦੀਆਂ ਦਾ ਹੜ੍ਹ ਲਿਆ ਦਿੱਤਾ ਸੀ; ਇਸ ਸ਼ਹੀਦੀ ਕਾਂਗ ਦੇ ਕਾਰਨ ਹੀ ਜ਼ੁਲਮੀ ਲਾਵਾ ਦਿੱਲੀ ਦੇ ਹਾਕਮਾਂ ਦੇ ਮਨਭਾਉਂਦੇ ਸਿੱਟੇ ਨਾ ਕੱਢ ਸਕਿਆ।

ਇਹੀ ਕਾਰਨ ਹੈ ਕਿ 20ਵੀਂ ਸਦੀ ਦੇ ਅੰਤਲੇ ਦਹਾਕਿਆਂ 'ਚ ਜੁਝਾਰੂ ਸਿੰਘਾਂ ਦੀਆਂ ਸ਼ਹੀਦੀਆਂ ਦਾ ਇਹ ਹੜ੍ਹ ਸਿੱਖ ਤਵਾਰੀਖ ਵਿੱਚ ਅਹਿਮ ਸਥਾਨ ਦਾ ਹੱਕਦਾਰ ਹੈ। ਇਸ ਭੀਆਵਲੇ ਸਮੇਂ ਪੰਜਾਬ ਦੀ ਹਿੱਕ 'ਤੇ ਡੁੱਲ੍ਹੀ ਜੁਝਾਰੂ ਸਿੰਘਾਂ ਦੀ ਰੱਤ ਦੀ ਇੱਕ-ਇੱਕ ਬੂੰਦ ਆਪਣੇ ਅੰਦਰ ਅਜਿਹਾ ਕੁਝ ਨਾ ਕੁਝ ਸਮੋਈ ਬੈਠੀ ਹੈ, ਜਿਹੜਾ ਸੰਸਾਰ ਅੰਦਰ ਕਿਸੇ ਵੀ ਤਵਾਰੀਖ ਨੂੰ ਮਾਣ ਕਰਨ ਯੋਗ ਬਣਾਉਂਦਾ ਹੈ, ਪਰ ਜੇਕਰ ਇਸ ਨੂੰ ਕਲਮਬੱਧ ਨਾ ਕੀਤਾ ਜਾਵੇ ਤਾਂ ਸ਼ਹੀਦਾਂ ਦੇ ਨਾਲ-ਨਾਲ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਨਾਲ ਵੀ ਬੇਇਨਸਾਫ਼ੀ ਹੋਵੇਗੀ। ਇਹ ਕੁਝ ਵਿਚਾਰ ਹੀ ਸਨ, ਜਿਨ੍ਹਾਂ ਨੇ ਮੇਰੇ ਮਨ ਨੂੰ ਏਨਾ ਕੁ ਬੇਚੈਨ ਕੀਤਾ ਕਿ ਮੈਂ ਇਹਨਾਂ ਸ਼ਹੀਦਾਂ ਦੀਆਂ ਪੰਜਾਬ ਦੇ ਪਿੰਡਾਂ, ਸ਼ਹਿਰਾਂ, ਕਸਬਿਆਂ, ਨਹਿਰਾਂ, ਦਰਿਆਵਾਂ ਤੇ ਰੋਹੀਆਂ ਤੇ ਬਿਖਰੀਆਂ ਪਈਆਂ ਗਾਥਾਵਾਂ ਨੂੰ ਇਕੱਤਰ ਕਰਨ ਲਈ ਨਿਕਲ ਤੁਰਿਆ।

ਆਪਣੇ ਸਿੱਖ ਮਿਸ਼ਨਰੀ ਕਾਲਜ ਦੇ ਖੋਜ ਵਿਭਾਗ ਵਿੱਚ ਕੰਮ ਕਰਨ ਦੌਰਾਨ ਮੈਨੂੰ ਇੱਕ ਹੋਰ ਤੱਥ ਨੇ ਵੀ ਬਹੁਤ ਬੇਚੈਨ ਕੀਤਾ। ਪੁਰਾਤਨ ਸਿੱਖ ਇਤਿਹਾਸ ਦੇ ਸਰੋਤਾਂ ਨੂੰ ਘੋਖਦਿਆਂ ਵਾਰ-ਵਾਰ ਇਸ ਹਕੀਕਤ ਦੇ ਰੂ-ਬਰੂ ਹੋਣਾ ਪੈਂਦਾ ਹੈ ਕਿ ਸਿੱਖਾਂ ਦੀ ਇਤਿਹਾਸ ਸਿਰਜਣ ਦੀ ਯੋਗਤਾ ਪਰ ਇਤਿਹਾਸ ਲਿਖਣ ਪੱਖੋਂ ਅਣਗਹਿਲੀ ਨੇ ਪੁਰਾਤਨ ਸਿੱਖ ਸ਼ਹੀਦਾਂ ਨਾਲ ਬਹੁਤ ਅਨਿਆਂ ਕੀਤਾ ਹੈ। ਓਦੋਂ ਵੀ ਸ਼ਹੀਦੀਆਂ ਦਾ ਹੜ੍ਹ ਲਿਆ ਦੇਣ ਵਾਲੇ ਹਜ਼ਾਰਾਂ-ਲੱਖਾਂ ਸ਼ਹੀਦਾਂ ਵਿੱਚੋਂ ਬਹੁਤ ਚੋਣਵਿਆਂ ਸ਼ਹੀਦਾਂ ਬਾਰੇ ਹੀ ਜਾਣਕਾਰੀ ਸਾਡੇ ਕੋਲ ਮੌਜੂਦ ਹੈ, ਪਰ ਉਸ ਦੇ ਵਿੱਚ

ਵੀ ਵੱਖ-ਵੱਖ ਦਸਤਾਵੇਜ਼ਾਂ 'ਚ ਕਈ ਆਪਾ-ਵਿਰੋਧੀ ਤੱਥ ਦਰਜ ਹਨ। ਇੱਥੋਂ ਤਕ ਕਿ ਕਈ ਮਹਾਨ ਸਿੱਖ ਸ਼ਖ਼ਸੀਅਤਾਂ ਦੇ ਮਾਤਾ ਜਾਂ ਪਿਤਾ ਦੇ ਨਾਂਵਾਂ ਬਾਰੇ ਵੀ ਮੱਤਭੇਦ ਹਨ ਤੇ ਕਈ ਥਾਂਵਾਂ 'ਤੇ ਤਰੀਕਾਂ ਤੇ ਥਾਂਵਾਂ ਬਾਰੇ ਵੀ ਮੱਤਭੇਦ ਹਨ। ਮੇਰਾ ਇਹ ਵਿਚਾਰ ਸੀ ਕਿ ਘੱਟੋ-ਘੱਟ ਜਿਹੜਾ ਇਤਿਹਾਸ ਸਾਡੇ ਵੇਖਦੇ-ਵਖਦੇ ਸ਼ਹੀਦਾਂ ਨੇ ਸਿਰਜਿਆ ਹੈ, ਉਸ ਦੇ ਘੱਟੋ-ਘੱਟ ਅਹਿਮ ਤੱਥ ਤਾਂ ਰਿਕਾਰਡ 'ਤੇ ਲੈ ਆਂਦੇ ਜਾਣ, ਇਹੀ ਕਾਰਨ ਸੀ ਕਿ ਮੈਂ ਇਸ ਅਹਿਮ ਕਾਰਜ ਵੱਲ ਆਪਣੇ ਕਦਮ ਵਧਾਉਣੇ ਅਰੰਭ ਕੀਤੇ।

ਇਸ ਅਹਿਮ ਕਾਰਜ ਨੂੰ ਹੱਥ ਵਿੱਚ ਲੈ ਕੇ ਕੁਝ ਕਦਮ ਚੱਲਣ ਨਾਲ ਹੀ ਅਹਿਸਾਸ ਹੋਇਆ ਇਹ ਏਨਾ ਸੌਖਾ ਕੰਮ ਨਹੀਂ ਹੈ। ਪਹਿਲਾਂ ਤਾਂ ਸ਼ਹੀਦਾਂ ਦੇ ਪਰਿਵਾਰਾਂ, ਜਿਨ੍ਹਾਂ ਨੇ ਪਿਛਲੇ ਦੌਰ 'ਚ ਬਹੁਤ ਕੁਝ ਹੰਢਾਇਆ ਹੈ, ਉਹਨਾਂ ਦੀ ਅੰਤਰਾਤਮਾ ਕਿਸੇ ਵੀ ਅਜਨਬੀ 'ਤੇ ਯਕੀਨ ਨਹੀਂ ਸੀ ਲਿਆਉਂਦੀ। ਮੇਰੇ ਸਾਮ੍ਹਣੇ ਇੱਕ ਹੋਰ ਵੀ ਮੁਸ਼ਕਲ ਸੀ; ਸਿੱਖ ਮਿਸ਼ਨਰੀ ਕਾਲਜ ਦਾ ਇਹ ਜ਼ਾਬਤਾ ਵੀ ਸੀ ਕਿ ਕੋਈ ਇੱਕ ਮਹੀਨੇ ਵਿੱਚ ਤਿੰਨ ਤੋਂ ਵੱਧ ਛੁੱਟੀਆਂ ਨਹੀਂ ਸੀ ਲੈ ਸਕਦਾ। ਇਸ ਦੇ ਬਾਵਜੂਦ ਜਦੋਂ ਕਿਸੇ ਸ਼ਹੀਦ ਸਿੰਘ ਦੇ ਪਰਿਵਾਰ ਵੱਲੋਂ ਕੋਈ ਮੈਂਬਰ ਖਿੰਡੀਆਂ ਪਈਆਂ ਇਤਿਹਾਸ ਬਣਨਯੋਗ ਘਟਨਾਵਾਂ ਦੇ ਵੇਰਵੇ ਇਕੱਤਰ ਕਰਨ ਲਈ ਖ਼ੁਦ ਨਾਲ ਚੱਲਣ ਲਈ ਤਿਆਰ ਹੋ ਜਾਂਦਾ ਤਾਂ ਮੈਂ ਇਸ ਸੁਨਹਿਰੀ ਮੌਕੇ ਨੂੰ ਸੰਭਾਲਣ ਹਿਤ ਉਸ ਦੇ ਨਾਲ ਪਿੰਡਾਂ ਵੱਲ ਨਿਕਲ ਜਾਂਦਾ; ਕਾਲਜ ਦਾ ਡਿਸਪਲਿਨ ਤੋੜ ਕੇ ਇਸ ਦਾ ਜਵਾਬ ਦੇਣਾ ਕੋਈ ਮਹਿੰਗਾ ਸੌਦਾ ਨਹੀਂ ਸੀ ਲੱਗਦਾ। ਸਿੱਖ ਮਿਸ਼ਨਰੀ ਕਾਲਜ ਤੋਂ ਭਾਈ ਧਰਮ ਸਿੰਘ ਖ਼ਾਲਸਾ ਟਰੱਸਟ ਨਾਲ ਆ ਜੁੜਨ ਤੋਂ ਬਾਅਦ ਉਪਰੋਕਤ ਮੁਸ਼ਕਲਾਂ 'ਚੋਂ ਬਹੁਤੀਆਂ ਖ਼ੁਦ-ਬਖ਼ੁਦ ਹੱਲ ਹੋ ਗਈਆਂ।

ਸ਼ਹੀਦਾਂ ਦੇ ਪਰਿਵਾਰਾਂ ਵਿੱਚੋਂ ਜਾਂ ਖ਼ਾਸ ਕਰ ਸ਼ਹੀਦਾਂ ਦੇ ਬੱਚਿਆਂ ਵਿੱਚੋਂ ਆਪਣੀਆਂ ਬਾਬਾਣੀਆਂ ਕਹਾਣੀਆਂ ਨੂੰ ਸੰਭਾਲਣ ਦੀ ਤੜਪ ਮੈਂ ਸ਼ਹੀਦ ਬਾਬਾ ਗੁਰਬਚਨ ਸਿੰਘ ਮਾਨੋਚਾਹਲ ਦੇ ਭੁਜੰਗੀ ਹਰਬਰਿੰਦਰ ਸਿੰਘ ਵਿੱਚ ਵੇਖੀ। ਉਹ ਓਹਨੀਂ ਦਿਨੀਂ ਸ਼ਹੀਦ ਸਿੱਖ ਮਿਸ਼ਨਰੀ ਕਾਲਜ ਅੰਮ੍ਰਿਤਸਰ 'ਚ ਕੋਰਸ ਕਰਦਾ ਸੀ। ਜਦੋਂ ਉਹ ਕੁਝ ਦਿਨਾਂ ਲਈ ਵਿਹਲਾ ਹੁੰਦਾ ਤਾਂ ਮੈਨੂੰ ਫ਼ੋਨ ਕਰ ਦਿੰਦਾ, ਮੈਂ ਵੀ ਸਿੱਖ ਮਿਸ਼ਨਰੀ ਕਾਲਜ 'ਚੋਂ ਇੱਕ ਦੋ ਛੁੱਟੀਆਂ ਲੈ ਲੈਂਦਾ, ਜਿਨ੍ਹਾਂ ਨੂੰ ਬਾਅਦ 'ਚ ਕਈ ਵਾਰ ਮੈਂ ਖ਼ੁਦ ਹੀ ਵਧਾ ਲੈਂਦਾ। ਹਰਬਰਿੰਦਰ ਕਿਤੋਂ ਸਕੂਟਰ ਦਾ ਜੁਗਾੜ ਕਰ ਲੈਂਦਾ ਤੇ ਅਸੀਂ ਪਿੰਡਾਂ ਵੱਲ ਨਿਕਲ ਪੈਂਦੇ। ਬਾਬਾ ਮਾਨੋਚਾਹਲ ਬਾਰੇ ਇੱਕ ਕਿਤਾਬ ਜਿੰਨੇ ਵੇਰਵੇ ਅਸੀਂ ਉਹਨਾਂ ਦਿਨਾਂ ਵਿਚ ਹੀ ਇਕੱਠੇ ਕੀਤੇ, ਜਿਨ੍ਹਾਂ 'ਚੋਂ ਵਧੇਰੇ ਫ਼ਰਵਰੀ 2005 ਦਾ 'ਫ਼ਤਹਿਨਾਮਾ' ਦਾ ਅੰਕ ਕੱਢਣ ਲਈ ਸਾਡੇ ਬਹੁਤ ਕੰਮ ਆਏ। ਬਾਬਾ ਮਾਨੋਚਾਹਲ ਜਿੱਥੇ-ਜਿੱਥੇ ਵਿਚਰਦਾ ਜਾਂ ਰਹਿੰਦਾ ਰਿਹਾ ਸੀ, ਓਥੋਂ ਦੇ ਸੰਬੰਧਿਤ ਪਰਿਵਾਰ ਹਰਬਰਿੰਦਰ ਨੂੰ ਬੜੇ ਸਨੇਹ ਤੇ ਪਿਆਰ ਨਾਲ ਮਿਲਦੇ ਤੇ ਨਿਝੱਕ ਹੋ ਕੇ ਖੁੱਲ੍ਹ ਕੇ ਸਾਰੀਆਂ ਗੱਲਾਂ ਦੱਸਦੇ। ਇੱਕ ਘਰ ਤੋਂ ਦੂਜੇ ਘਰ, ਇੱਕ ਪਿੰਡ ਤੋਂ ਦੂਜੇ ਪਿੰਡ, ਇਸ ਤਰ੍ਹਾਂ ਜਿੱਥੇ ਰਾਤ ਪੈ ਜਾਂਦੀ, ਓਥੇ ਹੀ ਰਹਿ ਪੈਂਦੇ। ਸਿਆਲੀ ਦਿਨਾਂ ਵਿੱਚ ਹੱਡ ਚੀਰਦੀ ਠੰਢ, ਧੁੰਦ ਅਤੇ ਗਰਮੀ ਦੇ ਦਿਨਾਂ 'ਚ ਅੱਖਾਂ 'ਚ ਪੈਂਦੇ ਅਤੇ ਮੂੰਹ ਸਿਰ ਦੀ ਸ਼ੋਭਾ ਬਣਦੇ ਮੱਛਰ ਮੈਨੂੰ ਇਹ ਅਹਿਸਾਸ ਕਰਵਾਉਣ ਲਈ ਕਾਫ਼ੀ ਸਨ ਕਿ ਇਹਨਾਂ ਰਾਹਾਂ 'ਤੇ ਰਾਤਾਂ ਨੂੰ ਹਕੂਮਤੀ ਕਾਰਿੰਦਿਆਂ ਨਾਲ ਲੁਕਣਮੀਚੀ ਖੇਡਦੇ ਤੇ ਕੌਮ ਲਈ

ਜੂਝਦੇ ਰਹੇ ਜੁਝਾਰੂ ਸਿੰਘ ਕਿਸ ਤਰ੍ਹਾਂ ਦੀਆਂ ਮੁਸ਼ਕਲਾਂ ਦਾ ਸਾਮ੍ਹਣਾ ਕਰਦੇ ਰਹੇ ਹਨ।

ਇਹਨਾਂ ਰਾਹਾਂ 'ਤੇ ਵਿਚਰਦਿਆਂ ਸਾਨੂੰ ਕਿਸੇ ਵੇਲੇ ਜੁਝਾਰੂ ਲਹਿਰ ਦੇ ਮੁੱਖ ਸਹਿਯੋਗੀ ਰਹੇ ਪਰਿਵਾਰਾਂ ਦੀ ਮਾਨਸਿਕਤਾ 'ਤੇ ਪਏ ਪ੍ਰਭਾਵ ਜਾਣਨ ਦਾ ਵੀ ਮੌਕਾ ਮਿਲਦਾ ਹੈ। ਇੱਕ ਵਾਰ ਮੈਂ ਤੇ ਹਰਬਰਿੰਦਰ, ਬਾਬਾ ਮਾਨੋਚਾਹਲ ਦੀ ਇੱਕ ਠਾਹਰ ਰਹੀ ਬਹਿਕ 'ਤੇ ਗਏ। ਪਰਿਵਾਰ, ਜਿਨ੍ਹਾਂ ਦਾ ਇੱਕ ਪੁੱਤ ਸ਼ਹੀਦ ਹੋਇਆ ਸੀ, ਪੂਰਾ ਸਹਿਯੋਗ ਦੇ ਕੇ ਵੇਰਵੇ ਦੱਸ ਰਿਹਾ ਸੀ। ਰਾਤ ਪੈ ਜਾਣ ਕਰ ਕੇ ਅਸੀਂ ਓਥੇ ਹੀ ਸੌਂ ਗਏ। ਸਵੇਰੇ ਉੱਠ ਕੇ ਮੈਂ ਤੇ ਹਰਬਰਿੰਦਰ ਖੇਤਾਂ ਵਿੱਚ ਸੈਰ ਕਰਨ ਨਿਕਲ ਗਏ। ਜਦੋਂ ਅਸੀਂ ਵਾਪਸ ਆਏ ਤਾਂ ਘਰ ਵਾਲੀ ਬਜ਼ੁਰਗ ਔਰਤ ਘਬਰਾਈ ਪਈ ਸੀ; ਸਾਨੂੰ ਵੇਖਦਿਆਂ ਹੀ ਕਹਿਣ ਲੱਗੀ:

"ਵੇ ਭਰਾਓ! ਤੁਸੀਂ ਤਾਂ ਸਾਰੇ ਪਿੰਡ ਦਾ ਗੇੜਾ ਕੱਢ ਆਏ ਜੇ, ਤੇ ਸਾਡੇ ਦੁਸ਼ਮਣਾਂ ਨੇ ਤਾਂ ਮਿੰਟ 'ਚ ਲੂਤੀ ਲਾ ਆਉਣੀ ਆ, ਪਈ ਇਹਨਾਂ ਦੇ ਘਰ ਫਿਰ 'ਬੰਦੇ' ਆਉਣ ਲੱਗ ਪਏ ਆ...ਤੇ ਬਾਬੇ ਦਾ ਮੁੰਡਾ ਵੀ ਏਸੇ ਰਾਹ ਤੁਰ ਪਿਐ...।"

ਅਸੀਂ ਉਸ ਨੂੰ ਬਥੇਰਾ ਸਮਝਾਉਣ ਦੀ ਕੋਸ਼ਿਸ਼ ਕੀਤੀ, ਪਰ ਉਹ ਕਹੀ ਜਾਵੇ:

"ਨਹੀਂ ਭਰਾਵਾ, ਤੁਸੀਂ ਚਾਹ-ਪਾਣੀ ਪੀਓ ਤੇ ਸਾਡੇ ਹੱਥ ਜੋੜੇ ਜੇ...।"

ਇਹ ਘਟਨਾ ਮੇਰੇ ਲਈ ਪਰਿਵਾਰਾਂ ਦੀ ਮਾਨਸਿਕਤਾ 'ਤੇ ਪਈ ਦਹਿਸ਼ਤ ਦੀ ਛਾਪ ਨੂੰ ਸਮਝਣ ਲਈ ਕਾਫ਼ੀ ਸੀ।

ਇਸੇ ਹੀ ਤਰ੍ਹਾਂ ਖੇਤਾਂ ਵਿਚਲੀ ਇੱਕ ਬਹਿਕ 'ਤੇ ਸਾਡੇ ਬੈਠਿਆਂ ਹੀ ਪੁਲੀਸ ਦੀ ਜਿਪਸੀ ਸਿੱਧੀ ਹੀ ਉਕਤ ਬਹਿਕ ਦੇ ਅੰਦਰ ਆ ਵੜੀ ਤੇ ਐਨ ਸਾਡੇ ਸਿਰ੍ਹਾਣੇ ਆ ਖਲੋਤੀ। ਅਸਾਲਟਾਂ ਵਾਲੇ ਚੁਸਤ ਕਮਾਂਡੋਜ਼ ਦੀਆਂ ਨਜ਼ਰਾਂ ਸਾਡੇ ਵੱਲ ਸਨ । ਇਸ ਵਾਰ ਬਹਿਕ ਵਾਲੇ ਨਾ ਘਬਰਾਏ, ਪਰ ਮੈਨੂੰ ਕੁਝ ਖ਼ਤਰਾ ਭਾਸਿਆ। ਪੁਲੀਸ ਵਾਲੇ ਬਹਿਕ ਵਾਲੇ ਨਾਲ ਜੋ ਕਿ ਸਾਬਕਾ ਸਰਪੰਚ ਵੀ ਸੀ, ਕੋਈ ਗੱਲ ਕਰ ਕੇ ਸਾਡੇ ਵੱਲ ਤਿਰਛੀ ਨਜ਼ਰ ਨਾਲ ਵੇਖਦੇ ਓਵੇਂ ਹੀ ਵਾਪਸ ਮੁੜ ਗਏ, ਜਿਵੇਂ ਆਏ ਸਨ।

ਇਸ ਤੋਂ ਇਲਾਵਾ ਜੁਝਾਰੂ ਲਹਿਰ ਦਾ ਅੰਗ ਰਹੇ ਕਈ ਪਰਿਵਾਰਾਂ, ਜਿਨ੍ਹਾਂ ਵਿੱਚੋਂ ਇਸ ਵੇਲੇ ਕਈ ਕਾਂਗਰਸ ਤੇ ਕਈ ਬਾਦਲ ਦਲ ਵਰਗੀਆਂ ਪੰਥ ਵਿਰੋਧੀ ਜਮਾਤਾਂ ਨਾਲ ਵੀ ਜੁੜ ਚੁੱਕੇ ਸਨ, ਉਹਨਾਂ ਦੀ ਮਾਨਸਿਕਤਾ ਵਿਚ ਸਿੱਖ ਜੁਝਾਰੂਆਂ ਪ੍ਰਤੀ ਸਾਂਭਿਆ ਪਿਆ ਸਤਿਕਾਰ ਦਾ ਵੱਡਾ ਖ਼ਜ਼ਾਨਾ ਇਹ ਦਰਸਾਉਣ ਲਈ ਕਾਫ਼ੀ ਸੀ ਕਿ ਜਿਨ੍ਹਾਂ ਪਰਿਵਾਰਾਂ ਨੇ ਹਾਲਾਤਾਂ ਦੇ ਮੱਦੇਨਜ਼ਰ ਕੁਝ ਸਿਧਾਂਤ ਵਿਰੋਧੀ ਸਮਝੌਤੇ ਵੀ ਕੀਤੇ ਹਨ, ਉਸ ਦਾ ਕਾਰਨ ਸਿਧਾਂਤਕ ਪਿੜਾਂ ਅੰਦਰ ਦਿੱਸ ਰਿਹਾ ਖਲਾਅ ਹੋ ਸਕਦਾ ਹੈ, ਇਸ ਖਲਾਅ ਨੂੰ ਭਰ ਕੇ ਅਸੀਂ ਉਕਤ ਕੇਡਰ ਨੂੰ ਪੰਥ ਵਿਰੋਧੀ ਜਮਾਤਾਂ ਨਾਲੋਂ ਤੋੜ ਕੇ ਫਿਰ ਆਪਣੇ ਨਾਲ ਮਿਲਾ ਸਕਦੇ ਹਾਂ।

ਸਾਡੇ ਇਸ ਕਾਰਜ ਬਾਰੇ ਜਦੋਂ ਕੁਝ ਪੰਥਕ ਸੰਸਥਾਵਾਂ ਨੂੰ ਪਤਾ ਲੱਗਾ ਤਾਂ ਸੰਦੀਪ ਕੌਰ, ਜੋ ਕਿ ਓਦੋਂ ਕੱਲਰ ਭੈਣੀ ਵਿਖੇ ਸ਼ਹੀਦ ਸਿੰਘਾਂ ਦੀ ਵਿਰਾਸਤ ਬੱਚਿਆਂ ਨੂੰ ਸੰਭਾਲ ਰਹੀ ਸੀ, ਨੇ ਇਸ ਕਾਰਜ ਵਿੱਚ ਵਿਸ਼ੇਸ਼ ਰੁਚੀ ਵਿਖਾ ਕੇ ਹਰ ਸੰਭਵ ਸਹਿਯੋਗ ਦੇਣ ਦਾ ਭਰੋਸਾ ਦਿੱਤਾ। ਇਸ

ਸੰਸਥਾ ਦੀ ਸ਼ਹੀਦ ਸਿੰਘਾਂ ਦੇ ਪਰਿਵਾਰਾਂ ਤਕ ਸਿੱਧੀ ਪਹੁੰਚ ਦਾ ਸਾਨੂੰ ਕਾਫ਼ੀ ਫਾਇਦਾ ਹੋਇਆ ਤੇ ਅਖੀਰ ਇਹ ਕਾਰਜ ਸਾਡਾ ਸਾਂਝਾ ਬਣ ਗਿਆ।

ਹਰਬਰਿੰਦਰ ਸਿੰਘ ਜਦੋਂ ਕੈਨੇਡਾ ਚਲਾ ਗਿਆ ਤਾਂ ਓਥੇ ਜਾ ਕੇ ਵੀ ਉਸ ਨੇ ਇਸ ਕਾਰਜ ਬਾਰੇ ਵਿਸ਼ੇਸ਼ ਰੁਚੀ ਵਿਖਾਈ ਤੇ ਹਰ ਸੰਭਵ ਸਹਿਯੋਗ ਦਿੱਤਾ। ਉਸ ਨੇ ਇਸ ਲਈ ਇੱਕ ਹੋਰ ਪੱਕਾ ਸਾਥੀ ਨਾਲ਼ ਰੱਖਣ ਲਈ ਸੁਝਾਅ ਦਿੱਤਾ। ਉਹ ਸਾਥੀ ਵੀ ਪੰਥ ਨੂੰ ਸਮਰਪਿਤ ਹੋਣਾ ਜ਼ਰੂਰੀ ਸੀ, ਇਹ ਘਾਟ ਰਣਜੀਤ ਸਿੰਘ ਜੋ ਓਦੋਂ 'ਖ਼ਾਲਸਾ ਖੰਡੇਧਾਰ' 'ਚ ਕੰਮ ਕਰ ਰਿਹਾ ਸੀ, ਦੇ ਸਾਡੇ ਨਾਲ਼ ਆ ਜਾਣ 'ਤੇ ਪੂਰੀ ਹੋ ਗਈ। ਹੁਣ ਸਾਡੀ ਇੱਕ ਮਜ਼ਬੂਤ ਟੀਮ ਬਣ ਗਈ ਸੀ।

ਮੈਂ ਜਾਣਦਾ ਹਾਂ ਕਿ ਇਸ ਖੇਤਰ ਵਿੱਚ ਕੁਝ ਹੋਰ ਮੁਸ਼ਕਲਾਂ ਵੀ ਹਨ। ਜਿਵੇਂ ਕਿ ਜੁਝਾਰੂ ਵੀਰਾਂ ਦੇ ਕਦਮਾਂ ਦੀ ਛੋਹ ਪ੍ਰਾਪਤ ਥਾਂਵਾਂ ਦੇ ਵਿਚਰਦਿਆਂ ਜਦੋਂ ਪ੍ਰਾਪਤ ਤੱਥਾਂ ਦੇ ਆਧਾਰ 'ਤੇ ਹਕੂਮਤੀ ਜੁਲਮ ਜਬਰ ਨੂੰ ਦਰਸਾਉਂਦੀ ਪੁਸਤਕ 'ਪੰਜਾਬ ਦੀ ਧਰਤੀ 'ਤੇ ਹਿੰਦੁਸਤਾਨੀ ਅੱਤਵਾਦ' ਲਿਖ ਕੇ ਪ੍ਰਕਾਸ਼ਿਤ ਕਰਵਾਈ ਤਾਂ ਮੈਨੂੰ ਕਈ ਵੀਰਾਂ ਦੇ ਰੋਸ ਭਰੇ ਸ਼ਿਕਵੇ ਵੀ ਪ੍ਰਾਪਤ ਹੋਏ। ਉਹ ਕਿਤਾਬ ਭਾਵੇਂ ਨਿਹੱਥੇ ਤੇ ਆਮ ਪਰਿਵਾਰਾਂ 'ਤੇ ਹਕੂਮਤੀ ਜਬਰ ਨਾਲ਼ ਸੰਬੰਧਿਤ ਹੈ ਅਤੇ ਇਸ ਵਿੱਚ ਹਕੂਮਤ ਵੱਲੋਂ ਕੁਝ ਜੁਝਾਰੂ ਸਿੰਘਾਂ ਦੇ ਪਰਿਵਾਰਾਂ ਨੂੰ ਹਿਟਲਰਸ਼ਾਹੀ ਢੰਗ ਨਾਲ਼ ਕੋਹ-ਕੋਹ ਕੇ ਮਾਰਨ ਦੇ ਵੇਰਵੇ ਹਨ ਤੇ ਇਹ ਵੇਰਵੇ ਦਿੰਦੇ ਸਮੇਂ ਸੰਬੰਧਿਤ ਜੁਝਾਰੂ ਸਿੰਘ ਦਾ ਜ਼ਿਕਰ ਆਉਣਾ ਕੁਦਰਤੀ ਸੀ, ਪਰ ਜਦੋਂ ਕਈ ਪਰਿਵਾਰਾਂ ਵੱਲੋਂ ਇਸ ਤਰ੍ਹਾਂ ਦੇ ਉਲ੍ਹਾਮੇ ਮਿਲੇ ਕਿ ਸਾਡਾ ਸਿੰਘ ਵੀ ਐਨਾ ਪ੍ਰਸਿੱਧ ਸੀ, ਓਹਦੇ ਬਾਰੇ ਤੁਸੀਂ ਵਿੱਚ ਕੁਝ ਵੀ ਨ੍ਹੀਂ ਲਿਖਿਆ, ਤਾਂ ਮੈਂ ਮਹਿਸੂਸ ਕੀਤਾ ਕਿ ਪਰਿਵਾਰਾਂ ਨੂੰ ਇਹ ਸਮਝਾਉਣਾ ਵੀ ਮੁਸ਼ਕਲ ਹੈ ਕਿ ਸੰਬੰਧਿਤ ਕਿਤਾਬ ਜੁਝਾਰੂ ਸਿੰਘਾਂ ਦੀਆਂ ਜੀਵਨੀਆਂ ਨਹੀਂ, ਬਲਕਿ ਹਕੂਮਤੀ ਅੱਤਵਾਦ ਵਿੱਚ ਕੋਹ-ਕੋਹ ਕੇ ਮਾਰੇ ਗਏ ਨਿਹੱਥੇ ਨਾਗਰਿਕਾਂ ਬਾਰੇ ਹੈ।

ਹੁਣ ਜਦੋਂ ਮੈਂ ਸਿੱਖ ਅਜ਼ਾਦੀ ਦੇ ਰੂਹੇ-ਰਵਾਂ ਰਹੇ ਕੁਝ ਪ੍ਰਮੁੱਖ ਜੁਝਾਰੂ ਸਿੰਘਾਂ ਦੀਆਂ ਜੀਵਨੀਆਂ ਦੀ ਇਹ ਪੁਸਤਕ 'ਪੁਰਜਾ ਪੁਰਜਾ ਕਟਿ ਮਰੈ' ਦੇ ਟਾਈਟਲ ਹੇਠ ਕੌਮ ਨੂੰ ਭੇਟ ਕਰ ਰਿਹਾ ਹਾਂ ਤਾਂ ਇੱਕ ਗੱਲ ਕਹਿਣੀ ਬਹੁਤ ਜ਼ਰੂਰੀ ਸਮਝਦਾ ਹਾਂ। ਉਹ ਇਹ ਹੈ ਕਿ ਸਿੱਖ ਅਜ਼ਾਦੀ ਦੇ ਮੌਜੂਦਾ ਸੰਘਰਸ਼ ਵਿੱਚ ਹਜ਼ਾਰਾਂ ਹੀ ਸਿੰਘਾਂ ਨੇ ਹੱਸ-ਹੱਸ ਕੇ ਸ਼ਹਾਦਤਾਂ ਦਿੱਤੀਆਂ ਹਨ; ਹਜ਼ਾਰਾਂ ਹੀ ਸ਼ਹੀਦੀ ਗਾਥਾਵਾਂ ਦੀ ਇਸ ਲੰਮੀ ਲੜੀ ਨੂੰ ਇੱਕ ਦੋ ਕਿਤਾਬਾਂ ਵਿੱਚ ਨਹੀਂ ਸਮੇਟਿਆ ਜਾ ਸਕਦਾ ਅਤੇ ਨਾ ਹੀ ਇਹ ਇੱਕ-ਦੋ ਜਾਂ ਪੰਜ-ਦਸ ਜਣਿਆਂ ਦੇ ਕਰਨ ਨਾਲ਼ ਹੋਣ ਵਾਲ਼ਾ ਹੀ ਹੈ; ਇਸ ਲਈ ਵਿਸ਼ਾਲ ਸਾਧਨ ਜੇਕਰ ਫ਼ਿਲਹਾਲ ਨਾ ਵੀ ਹੋਣ ਤਾਂ ਇੱਕ ਵੱਡੀ ਟੀਮ ਦੀ ਲੋੜ ਹੈ। ਮੇਰੀ ਜਾਣਕਾਰੀ ਅਨੁਸਾਰ ਫ਼ਿਲਹਾਲ ਦੋ ਤਿੰਨ ਵੀਰ ਹੀ ਇਸ ਖੇਤਰ ਵਿੱਚ ਨਿੱਠ ਕੇ ਕੰਮ ਕਰ ਰਹੇ ਹਨ। ਉਹਨਾਂ ਦਾ ਇੱਕ-ਇੱਕ ਕਦਮ ਮੁਬਾਰਕ ਹੈ। ਲੋੜ ਤਾਂ ਇਹ ਹੈ ਕਿ ਹਰੇਕ ਜੁਝਾਰੂ ਜਰਨੈਲ ਬਾਰੇ ਉਸ ਦੀ ਇੱਕ-ਇੱਕ ਪੈੜ ਨਾਲ਼ ਉਕਰੇ ਇਤਿਹਾਸ ਦੀ ਖੋਜ ਕਰ ਕੇ ਲਿਖਿਆ ਜਾਵੇ, ਪਰ ਫ਼ਿਲਹਾਲ ਅਜਿਹਾ ਸੰਭਵ ਨਹੀਂ ਹੈ, ਫਿਰ ਵੀ ਜਿੰਨੇ ਵੱਧ ਤੋਂ ਵੱਧ ਵੇਰਵੇ ਇਕੱਤਰ ਕੀਤੇ ਜਾ ਸਕਦੇ ਸਨ, ਕਰ ਕੇ ਆਪਣੀ ਕੌਮ ਸਮਰਪਿਤ ਕਰਨ ਦਾ ਯਤਨ ਕੀਤਾ ਹੈ।

ਮੈਂ ਜਾਣਦਾ ਹਾਂ ਕਿ ਇਹ ਕਾਰਜ ਬੋਹਲ 'ਚੋਂ ਪੂਣੀ ਕੱਤਣ ਜਿੰਨਾ ਵੀ ਨਹੀਂ ਹੈ, ਕਈ ਹੋਰ ਚੋਟੀ ਦੇ ਜੁਝਾਰੂ ਜਰਨੈਲਾਂ ਬਾਰੇ ਅਜੇ ਤਕ ਲਿਖਣਯੋਗ ਵੇਰਵੇ ਇਕੱਤਰ ਨਹੀਂ ਕੀਤੇ ਜਾ ਸਕੇ, ਪਰ ਇਸ ਲੜੀ ਦੀਆਂ ਅਗਲੀਆਂ ਜਿਲਦਾਂ 'ਚ ਇਹ ਕਾਰਜ ਜਾਰੀ ਰਹੇਗਾ। ਇਸ ਸਮੇਂ ਮੇਰੀ ਮਜਬੂਰੀ ਇਹ ਵੀ ਹੈ ਕਿ ਮੈਗਜ਼ੀਨ ਦੇ ਕੰਮ ਨੂੰ ਵੀ ਪੂਰਾ ਸਮਾਂ ਦੇਣਾ ਜ਼ਰੂਰੀ ਹੈ ਤੇ ਉਸ 'ਚੋਂ ਸਮਾਂ ਕੱਢ ਕੇ ਇਸ ਅਤੀ ਜ਼ਰੂਰੀ ਕਾਰਜ ਪ੍ਰਤੀ ਫ਼ਰਜ਼ ਨਿਭਾਉਣਾ ਵੀ ਬਹੁਤ ਜ਼ਰੂਰੀ ਹੈ, ਇਸ ਸੰਬੰਧੀ ਮੇਰੀ ਸ਼ਹੀਦ ਸਿੰਘਾਂ ਦੇ ਪਰਿਵਾਰਾਂ ਨੂੰ ਵੀ ਸਨਿਮਰ ਬੇਨਤੀ ਹੈ ਕਿ ਸ਼ਹੀਦ ਦੇ ਜੀਵਨ ਸੰਘਰਸ਼ ਦੇ ਵੇਰਵੇ ਇਕੱਤਰ ਕਰਨ ਲਈ ਉਹ ਆਪੋ-ਆਪਣੇ ਤੌਰ 'ਤੇ ਵੀ ਉੱਦਮ ਕਰਨ ਤੇ ਜਾਂ ਫਿਰ ਵੇਰਵਾ ਪ੍ਰਾਪਤ ਹੋਣ ਵਾਲੇ ਸਰੋਤਾਂ ਦੀ ਜਾਣਕਾਰੀ ਲੈ ਕੇ ਸਾਡੇ ਤਕ ਪਹੁੰਚ ਕਰਨ। ਇਸ ਨਾਲ ਸਾਡਾ ਇਹ ਖੋਜ ਕਾਰਜ ਕੁਝ ਸੁਖਾਲਾ ਹੋ ਜਾਵੇਗਾ।

ਸਿੱਖ ਕੌਮ ਦੀ ਬੇਰੰਗ ਕਰ ਦਿੱਤੀ ਗਈ ਦੁਨੀਆ 'ਚ ਆਪਣੇ ਲਹੂ ਨਾਲ ਰੰਗ ਭਰਨ ਲਈ ਸ਼ਹੀਦ ਹੋਏ ਜੁਝਾਰੂ ਸਿੰਘਾਂ ਦੀ ਇੱਕ-ਇੱਕ ਪੈੜ ਨੂੰ ਸਿਜਦੇ ਕਰਦਿਆਂ ਇਹ ਪੁਸਤਕ ਕੌਮ ਨੂੰ ਸਮਰਪਿਤ ਕਰਦਿਆਂ ਮੈਂ ਉਮੀਦ ਰੱਖਦਾ ਹਾਂ ਕਿ ਉਹਨਾਂ ਸ਼ਹੀਦਾਂ ਦੇ ਪਰਿਵਾਰ ਵੀ ਇਸ ਕਾਰਜ ਪ੍ਰਤੀ ਖੁਦ ਉੱਦਮਸ਼ੀਲ ਹੋ ਕੇ ਇਸ ਸ਼ਹੀਦੀ ਲਹਿਰ ਪ੍ਰਤੀ ਆਪਣਾ ਇੱਕ ਹੋਰ ਫਰਜ਼ ਨਿਭਾਉਣਗੇ।

ਗੁਰੂ ਪੰਥ ਦਾ ਦਾਸ

ਬਲਜੀਤ ਸਿੰਘ ਖ਼ਾਲਸਾ

ਭਾਈ ਧਰਮ ਸਿੰਘ ਖ਼ਾਲਸਾ ਟਰੱਸਟ,
ਸੁਲਤਾਨਵਿੰਡ, ਸ੍ਰੀ ਅੰਮ੍ਰਿਤਸਰ
ਮਿਤੀ 15 ਮਾਰਚ 2010
Mob: 98558-31284

ਭਾਗ–1

ਪਾਵਨ ਪਰਕਰਮਾ ਦੇ ਪਹਿਰੇਦਾਰ

(ਜੂਨ '84 ਘਲੂਘਾਰੇ ਦੇ ਕੁਝ ਸ਼ਹੀਦ)

ਅਣਖ ਤੇ ਇੱਜ਼ਤ ਵਾਲ਼ੇ ਜੀਵਨ ਲਈ ਜ਼ਰੂਰੀ ਹੈ
ਸੰਘਰਸ਼ ਦਾ ਰਾਹ-ਸ਼ਹਾਦਤ ਦੀ ਰਾਹ

ਅਣਖ ਦੇ ਕਣ ਵਾਲ਼ੇ ਜੀਵਨ ਦਾ ਸੰਘਰਸ਼ ਨਾਲ਼ ਡੂੰਘਾ ਰਿਸ਼ਤਾ ਹੁੰਦਾ ਹੈ ਅਤੇ ਸੰਘਰਸ਼ ਦੀ ਸ਼ਹਾਦਤ ਅਥਵਾ ਕੁਰਬਾਨੀ ਨਾਲ ਡੂੰਘੀ ਸਾਂਝ ਹੁੰਦੀ ਹੈ।

ਬੇਅਣਖੇ ਲੋਕ ਸਮਝੌਤਾਵਾਦੀ ਹੁੰਦੇ ਹਨ, ਉਹ ਕਿਸੇ ਵੀ ਮੁਸ਼ਕਲ ਤੋਂ ਅੱਖ ਬਚਾ ਕੇ ਲੰਘ ਜਾਣ ਨੂੰ ਤਰਜੀਹ ਦਿੰਦੇ ਹਨ। ਅਜਿਹੇ ਡਰਾਕਲ ਲੋਕ, ਲੋਟੂ ਜਾਂ ਧੱਕੜ ਲੋਕਾਂ ਦਾ ਉਤਸ਼ਾਹ ਵਧਾਉਂਦੇ ਹਨ; ਇਸ ਕਾਰਨ ਇਹ ਦੱਬੂ ਲੋਕ ਆਪਣੀ ਅੱਵਲ ਦਰਜੇ ਦੀ ਸ਼ਾਂਤ ਜ਼ਿੰਦਗੀ ਦੇ ਬਾਵਜੂਦ ਸਮਾਜ ਉੱਪਰ ਇੱਕ ਜ਼ੁਲਮ ਕਰਦੇ ਰਹਿੰਦੇ ਹਨ। ਅਜਿਹੇ ਲੋਕਾਂ ਦੀ ਕਮਜ਼ੋਰੀ ਕਾਰਨ ਸਮਾਜ ਦੀ ਹਾਲਤ ਤਰਸਯੋਗ ਬਣ ਜਾਂਦੀ ਹੈ, ਜਿਸ ਨੂੰ ਪਲਟਾ ਦੇਣ ਲਈ ਅਣਖੀ ਲੋਕ ਅੱਗੇ ਆਉਂਦੇ ਹਨ। ਇਹ ਅਣਖੀ ਸੂਰਮੇ ਸੰਘਰਸ਼ ਰਾਹੀਂ ਇਸ ਹਾਲਤ ਨੂੰ ਬਦਲਣ ਹਿਤ ਇੱਕ ਐਸੇ ਬਿਖੜੇ ਮਾਰਗ 'ਤੇ ਅੱਗੇ ਵਧਦੇ ਹਨ, ਜਿਸ ਮਾਰਗ 'ਤੇ ਹਰ ਪਾਂਧੀ ਦਾ ਇੱਕ ਪੈਰ ਫ਼ਤਹਿ ਦੀ ਮੰਜ਼ਲ ਵੱਲ ਵਧਦਾ ਹੈ ਤੇ ਦੂਜਾ ਸ਼ਹਾਦਤ ਦੀ ਰਾਹ ਵੱਲ।

ਕਿਸੇ ਵੀ ਸੰਘਰਸ਼ ਵਿੱਚ ਸ਼ਹਾਦਤਾਂ ਬੇਅੰਤ ਹੁੰਦੀਆਂ ਹਨ ਤੇ ਫ਼ਤਹਿ ਇੱਕ, ਪਰ ਇਸ ਇੱਕ ਫ਼ਤਹਿ ਤੋਂ ਬਾਅਦ ਹੀ ਸ਼ਹਾਦਤਾਂ ਦੀ ਸੁਨਹਿਰੀ ਰੰਗਤ ਨੂੰ ਉਹਨਾਂ ਦੇ ਸਹੀ ਰੂਪ 'ਚ ਉਘਾੜਿਆ ਜਾਂਦਾ ਹੈ। ਇਸ ਜੇਤੂ ਦੌਰ ਵਿੱਚ ਹੀ ਕਿਸੇ ਮੁਗਲ ਸਾਮਰਾਜ ਦੇ 'ਕਾਫ਼ਰ' ਤੇ 'ਡਾਕੂ' ਕਰਾਰ ਦਿੱਤੇ ਸਿੰਘਾਂ ਦਾ ਪਰਉਪਕਾਰੀ ਤੇ ਸੰਘਰਸ਼ਸ਼ੀਲ ਜੀਵਨ ਸੁਨਹਿਰੀ ਹਰਫ਼ਾਂ 'ਚ ਇਤਿਹਾਸ ਅੰਦਰ ਦਰਜ ਹੁੰਦਾ ਹੈ ਤੇ ਕਿਸੇ ਅੰਗਰੇਜ਼ ਸਾਮਰਾਜ ਦੇ 'ਅੱਤਵਾਦੀ' ਕਰਾਰ ਦਿੱਤੇ 'ਬੱਬਰ' ਜਾਂ ਸ. ਕਰਤਾਰ ਸਿੰਘ ਸਰਾਭਾ ਤੇ ਭਗਤ ਸਿੰਘ ਵਰਗੇ ਸੂਰਮੇ ਸ਼ਹੀਦਾਂ ਵਜੋਂ ਸਨਮਾਨੇ ਜਾਂਦੇ ਹਨ। ਸੰਘਰਸ਼ ਦੀ ਸਪਿਰਿਟ ਅਤੇ ਸ਼ਹਾਦਤਾਂ ਦੇ ਜਜ਼ਬੇ ਤੋਂ ਅਜ਼ਾਦੀ ਦੀ ਮੰਜ਼ਲ ਦੂਰ ਨਹੀਂ ਹੁੰਦੀ।

ਕਿਸੇ ਵੀ ਸੰਘਰਸ਼ ਦੀ ਸਫਲਤਾ ਵਿੱਚ ਮੁੱਖ ਰੋਲ ਸ਼ਹਾਦਤਾਂ ਹੀ ਨਿਭਾਉਂਦੀਆਂ ਹਨ। ਕੋਈ ਵੀ ਸੰਘਰਸ਼ ਜ਼ਿੰਦਗੀ ਨੂੰ ਖ਼ਤਰੇ ਵਿੱਚ ਪਾਏ ਬਿਨਾਂ ਲੜਿਆ ਹੀ ਨਹੀਂ ਜਾ ਸਕਦਾ। ਸਿੱਖ ਧਰਮ ਦਾ ਜਨਮ ਹੀ ਸੰਘਰਸ਼ ਵਿੱਚੋਂ ਹੋਇਆ ਹੈ, ਇਸੇ ਲਈ ਹੀ ਗੁਰੂ ਨਾਨਕ ਸਾਹਿਬ ਨੇ ਸਿੱਖੀ ਦੀ ਸ਼ਰਤ ਇਹ ਰੱਖੀ ਸੀ:

ਜਉ ਤਉ ਪ੍ਰੇਮ ਖੇਲਨ ਕਾ ਚਾਉ॥

ਸਿਰੁ ਧਰਿ ਤਲੀ ਗਲੀ ਮੇਰੀ ਆਉ॥

ਇਤੁ ਮਾਰਗਿ ਪੈਰ ਧਰੀਜੈ॥

ਸਿਰੁ ਦੀਜੈ ਕਾਣਿ ਨ ਕੀਜੈ॥

ਇੱਕ ਇਨਕਲਾਬ ਲਿਆਉਣ ਤੁਰੇ ਕਾਫ਼ਲੇ ਦੀ ਸਫਲਤਾ ਇਸ ਤੱਥ 'ਤੇ ਨਿਰਭਰ ਕਰਦੀ ਹੈ ਕਿ ਕਾਫ਼ਲੇ ਦਾ ਲੀਡਰ ਇਸ ਮਾਰਗ 'ਤੇ ਇਹ ਮੰਨ ਕੇ ਚੱਲ ਰਿਹਾ ਹੋਵੇ ਕਿ ਇਸ ਮਾਰਗ 'ਤੇ ਚੱਲਦਿਆਂ ਸਮਾਂ ਆ ਬਣਨ 'ਤੇ ਸਰੀਰ ਦਾ ਠੀਕਰਾ ਭੰਨਣਾ ਪੈਣਾ ਹੈ। ਸ਼ਹਾਦਤਾਂ ਦੇ ਮਾਰਗ 'ਤੇ ਵੀ ਅਗਵਾਈ ਖ਼ੁਦ ਕਰਨੀ ਹੈ, ਸਿਰਫ਼ ਬੇਗਾਨੇ ਪੁੱਤ ਹੀ ਅੱਗੇ ਨਹੀਂ ਕਰਨੇ।

ਗੁਰੂ ਨਾਨਕ ਸਾਹਿਬ ਵੱਲੋਂ 'ਬਾਬਰ' ਨੂੰ 'ਜਾਬਰ' ਕਹਿ ਕੇ ਫਿਟਕਾਰਨ ਦੀ ਘਟਨਾ ਹੋਵੇ ਜਾਂ ਇਲਾਹੀ ਬਾਣੀ ਰਾਹੀਂ ਹਕੂਮਤੀ ਮਸ਼ੀਨਰੀ ਨੂੰ 'ਰਾਜੇ ਸੀਹ ਮੁਕਦਮ ਕੁਤੇ' ਕਹਿ ਕੇ ਲਾਹਨਤਾਂ ਪਾਉਣ ਦੇ ਤੱਥ, ਹਰ ਇੱਕ ਘਟਨਾ ਹੀ ਇਹ ਦਰਸਾਉਂਦੀ ਹੈ ਕਿ ਉਹ ਆਪਣਾ ਸਿਰ ਤਲੀ 'ਤੇ ਰੱਖ ਕੇ ਕੰਮ ਕਰ ਰਹੇ ਸਨ, ਜੂਝ ਰਹੇ ਸਨ। ਇਹ ਗੱਲ ਵੱਖਰੀ ਹੈ ਕਿ ਬਾਬਰ ਤੋਂ ਲੈ ਕੇ ਅਕਬਰ ਤਕ ਸਮੇਂ ਦੇ ਹਾਕਮ ਦੂਰ-ਅੰਦੇਸ਼ੀ ਅਧੀਨ ਸਿੱਖ ਲਹਿਰ ਨਾਲ ਟਕਰਾਅ ਤੋਂ ਬਚਦੇ ਰਹੇ, ਪਰ ਸਿੱਖੀ ਦੀ ਮੁੱਢ-ਕਦੀਮੋਂ ਦੁਸ਼ਮਣ 'ਬਿਪਰਧਾਰਾ' ਇਹਨਾਂ ਹਾਕਮਾਂ ਨੂੰ ਸਿੱਖ ਲਹਿਰ ਦੇ ਖ਼ਿਲਾਫ਼ ਭੜਕਾਉਣ ਦਾ ਕੋਈ ਵੀ ਮੌਕਾ ਹੱਥੋਂ ਨਹੀਂ ਸੀ ਛੱਡਦੀ। ਖ਼ਾਸ ਤੌਰ 'ਤੇ ਅਕਬਰ ਦੇ ਸਮੇਂ ਤਾਂ ਬਿਪਰਾਂ ਨੇ ਬੀਰਬਲ ਦੇ ਵਿਸ਼ੇਸ਼ ਸਹਿਯੋਗ ਨਾਲ ਡੰਡਾਉਤ ਕਰ-ਕਰ ਕੇ ਅਕਬਰ ਨੂੰ ਸਿੱਖ ਲਹਿਰ ਦੇ ਖ਼ਿਲਾਫ਼ ਵਰਤਣ ਦੇ ਸਿਰਤੋੜ ਯਤਨ ਕੀਤੇ, ਪਰ ਅਕਬਰ ਦੀ ਦੂਰਦ੍ਰਿਸ਼ਟੀ ਤੇ ਇਨਸਾਫ਼-ਪਸੰਦੀ ਸਾਹਵੇਂ ਉਹਨਾਂ ਦੀ ਕੋਈ ਪੇਸ਼ ਨਹੀਂ ਜਾ ਸਕੀ।

ਅਕਬਰ ਤੋਂ ਬਾਅਦ ਹਾਲਾਤ ਤੇਜ਼ੀ ਨਾਲ ਪਲਟਾ ਖਾ ਜਾਣ ਵਾਲੇ ਸਨ। ਸਿੱਖ ਲਹਿਰ ਅਤੇ ਗੁਰੂ ਦੀ ਇਲਾਹੀ ਨਦਰਿ ਇਹਨਾਂ ਸਾਰੇ ਹਾਲਾਤਾਂ ਨੂੰ ਸੂਖਮ ਦ੍ਰਿਸ਼ਟੀ ਨਾਲ ਵਾਚ ਰਹੀ ਸੀ ਤੇ ਸਿੱਖ ਸੰਗਤਾਂ ਨੂੰ ਆਉਣ ਵਾਲੇ ਸ਼ਹਾਦਤਾਂ ਦੇ ਦੌਰ ਲਈ ਤਿਆਰ ਵੀ ਕਰ ਰਹੀ ਸੀ:

ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ ॥

ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ ॥

ਸਿੱਖ ਲਹਿਰ ਦਾ ਮੁੱਢ ਤੋਂ ਹੀ ਜੋ ਅਸੂਲ ਜਾਂ ਰਵਾਇਤ ਰਹੀ ਹੈ, ਉਹ ਇਹ ਹੈ ਕਿ ਪੇਸ਼ ਆਉਣ ਵਾਲੇ ਖ਼ਤਰੇ ਦਾ ਸਾਮ੍ਹਣਾ ਸਭ ਤੋਂ ਪਹਿਲਾਂ ਆਗੂ ਕਰਦਾ ਹੈ, ਫਿਰ ਹੀ ਉਹ ਖ਼ਤਰਾ ਆਮ ਸਿੱਖਾਂ ਤਕ ਪਹੁੰਚਦਾ ਹੈ। ਜਹਾਂਗੀਰ ਦੇ ਬਾਦਸ਼ਾਹ ਬਣਨ ਤੋਂ ਬਾਅਦ ਬਿਪਰਵਾਦੀ ਅਤੇ ਹੋਰ ਕੱਟੜ ਤਾਕਤਾਂ 'ਚ ਨਵਾਂ ਉਤਸ਼ਾਹ ਜਾਗਿਆ ਸੀ। ਸਿੱਖ ਲਹਿਰ ਦੇ ਸਿਰ 'ਤੇ ਆ ਚੜ੍ਹੇ ਨਵੇਂ ਖ਼ਤਰੇ ਦੇ ਸਨਮੁਖ ਗੁਰੂ ਅਰਜਨ ਸਾਹਿਬ ਨੂੰ ਆਪਣੀ ਸ਼ਹਾਦਤ ਦੀ ਅਟੱਲਤਾ ਦਾ ਅੰਤਰ ਅਨੁਭਵ ਵੀ ਹੋ ਚੁੱਕਾ ਸੀ ਤੇ ਇਹ ਸ਼ਹਾਦਤ ਕਿੰਨੀ ਕਸ਼ਟਦਾਇਕ ਬਣਾਉਣ ਦਾ ਯਤਨ ਕੀਤਾ ਜਾਵੇਗਾ, ਇਸ ਤੋਂ ਵੀ ਉਹ ਅਨਜਾਣ ਨਹੀਂ ਸਨ। ਅਕਾਲ ਪੁਰਖ ਦੇ ਨਿਆਂ ਅਤੇ ਇਨਸਾਫ਼ ਦੇ ਰਾਹ 'ਤੇ ਚੱਲਦਿਆਂ ਸਰੀਰ ਅਰਪਣ ਕਰਨ ਦੀ ਜਾਚ ਦੁਨੀਆ ਨੂੰ ਸਿਖਾਉਣ ਦੀ ਆਤਮਕ

ਸ਼ਕਤੀ ਤੇ ਦ੍ਰਿੜ੍ਹਤਾ ਗੁਰੂ ਸਾਹਿਬ ਦੀ ਅਕਾਲ ਪੁਰਖ ਨਾਲ ਅਭੇਦਤਾ ਤੋਂ ਪ੍ਰਾਪਤ ਹੁੰਦੀ ਸੀ ਤੇ ਇਸ ਕਾਰਨ ਦਰਪੇਸ਼ ਹਾਲਾਤਾਂ ਦੇ ਮੱਦੇਨਜ਼ਰ ਇੱਕ ਮਹਾਨ ਸ਼ਹਾਦਤ ਦੇਣ ਦੇ ਸੰਕਲਪ ਦੀ ਝਲਕ ਉਹਨਾਂ ਦੀ ਬਾਣੀ 'ਚੋਂ ਵੀ ਇਸ ਤਰ੍ਹਾਂ ਮਿਲ਼ਦੀ ਹੈ:

ਜੇ ਸੁਖੁ ਦੇਹਿ ਤ ਤੁਝਹਿ ਅਰਾਧੀ
ਦੁਖਿ ਭੀ ਤੁਝੈ ਧਿਆਈ ॥੨॥
ਜੇ ਭੁਖ ਦੇਹਿ ਤ ਇਤ ਹੀ ਰਾਜਾ
ਦੁਖ ਵਿਚਿ ਸੂਖ ਮਨਾਈ ॥੩॥
ਤਨੁ ਮਨੁ ਕਾਟਿ ਕਾਟਿ ਸਭੁ ਅਰਪੀ
ਵਿਚਿ ਅਗਨੀ ਆਪੁ ਜਲਾਈ॥

(ਗੁਰੂ ਗਰੰਥ ਸਾਹਿਬ)

ਇਸ ਦ੍ਰਿੜ੍ਹ ਸੰਕਲਪ ਦਾ ਹੀ ਸਿੱਟਾ ਸੀ ਕਿ ਸਮਾਂ ਆ ਪੈਣ 'ਤੇ ਗੁਰੂ ਸਾਹਿਬ ਅੱਤ ਦੀ ਗਰਮੀ ਵਿੱਚ ਵੀ ਤੱਤੀ ਲੋਹ 'ਤੇ ਬੈਠ ਕੇ ਮੁਸਕਰਾਉਂਦੇ ਰਹੇ ਤੇ ਹਾਕਮਾਂ ਨੂੰ ਰੰਗ ਮਹਿਲਾਂ ਵਿੱਚ ਵੀ ਤਰੇਲੀਆਂ ਆ ਗਈਆਂ। ਇਸ ਸ਼ਹਾਦਤ ਨੇ ਸੰਘਰਸ਼ ਦੀ ਰਵਾਨਗੀ ਨੂੰ ਤੇਜ਼ ਕੀਤਾ ਅਤੇ ਸ਼ਹਾਦਤਾਂ ਦਾ ਇੱਕ ਅਜਿਹਾ ਦੌਰ ਅਰੰਭ ਹੋਇਆ, ਜੋ ਜ਼ਾਲਮ ਹਕੂਮਤ ਦੀ ਮੌਤ ਹੋ ਨਿੱਬੜਿਆ।

ਗੱਲ ਇਹ ਵੀ ਨਹੀਂ ਕਿ ਜਿਸ ਸੰਘਰਸ਼ ਵਿੱਚ ਸ਼ਹਾਦਤਾਂ ਨਾ ਹੋਣ, ਉਸ ਨੂੰ ਸਫਲਤਾ ਮਿਲ਼ ਹੀ ਨਹੀਂ ਸਕਦੀ, ਪਰ ਏਨਾ ਜ਼ਰੂਰ ਹੈ ਕਿ ਸੰਘਰਸ਼ ਸਫਲ ਉਹੀ ਹੋ ਸਕਦਾ ਹੈ, ਜਿਸ ਨੂੰ ਲੜਨ ਵਾਲ਼ੇ ਮੌਤ ਦਾ ਡਰ ਲਾਹ ਕੇ ਲੜ ਰਹੇ ਹੋਣ ਅਤੇ ਸਮਾਂ ਆ ਬਣਨ 'ਤੇ ਉਹਨਾਂ ਅੰਦਰ ਸ਼ਹਾਦਤ ਦੇਣ ਤੋਂ ਗੁਰੇਜ਼ ਨਾ ਕਰਨ ਦਾ ਦ੍ਰਿੜ੍ਹ ਸੰਕਲਪ ਮੌਜੂਦ ਹੋਵੇ, ਖ਼ਾਸ ਕਰ ਲੀਡਰਸ਼ਿਪ ਦੇ ਅੰਦਰ।

ਸਿੱਖਾਂ ਦਾ ਇਤਿਹਾਸ ਗਵਾਹ ਹੈ ਕਿ ਸੰਘਰਸ਼ 'ਚ ਜਿੰਨੇ ਵੀ ਲੀਡਰ ਸ਼ਹੀਦ ਹੋਏ, ਉਹਨਾਂ ਨਾਲ਼ ਸੰਘਰਸ਼ ਨੂੰ ਇੱਕ ਨਵੀਂ ਤਾਕਤ ਹਾਸਲ ਹੋਈ।

ਦੂਜਾ, ਸਮੂਹ ਸ਼ਾਨਾਂਮੱਤੀਆਂ ਸ਼ਹਾਦਤਾਂ ਤੋਂ ਪਹਿਲਾਂ ਸੰਬੰਧਿਤ ਸ਼ਖ਼ਸੀਅਤਾਂ ਸ਼ਹਾਦਤ ਲਈ ਮਾਨਸਿਕ ਤੌਰ 'ਤੇ ਪਹਿਲਾਂ ਹੀ ਤਿਆਰ ਸਨ।

ਗੁਰੂ ਸਾਹਿਬਾਨ ਤਾਂ ਮਹਾਨ ਸ਼ਹਾਦਤਾਂ ਦੇ ਰਹਿਨੁਮਾ ਸਨ, ਉਹ ਤਾਂ ਸਿੱਖਾਂ ਨੂੰ ਅਣਖ ਨਾਲ ਜਿਉਣ ਅਤੇ ਸ਼ਾਨ ਨਾਲ਼ ਮਰਨ ਦੀ ਜਾਚ ਸਿਖਾ ਰਹੇ ਸਨ। ਜੇਕਰ ਅਸੀਂ ਸਿੱਖਾਂ ਦੀਆਂ ਸ਼ਹਾਦਤਾਂ ਦਾ ਵੀ ਅਧਿਐਨ ਕਰੀਏ ਤਾਂ ਸਪਸ਼ਟ ਹੋ ਜਾਂਦਾ ਹੈ ਕਿ ਉਸ ਸਮੇਂ ਦੇ ਹਾਲਾਤ ਮੁਤਾਬਿਕ ਸ਼ਹੀਦ ਹੋਣ ਵਾਲ਼ੇ ਸਿੱਖਾਂ ਨੂੰ ਪਹਿਲਾਂ ਹੀ ਪਤਾ ਸੀ ਕਿ ਅਣਖ ਇੱਜ਼ਤ ਲਈ ਸ਼ਹਾਦਤ ਦੇਣੀ ਜ਼ਰੂਰੀ ਹੈ ਤੇ ਇਸ ਨੂੰ ਟਾਲ਼ਣ ਦੇ ਯਤਨ ਕਰਨ ਦੀ ਬਜਾਏ ਸ਼ਾਨ ਨਾਲ਼ ਸ਼ਹਾਦਤ ਦੇਣੀ ਚਾਹੀਦੀ ਹੈ।

ਗੁਰੂ ਤੇਗ ਬਹਾਦਰ ਸਾਹਿਬ ਦੀ ਸ਼ਹਾਦਤ ਤੋਂ ਪਹਿਲਾਂ ਹਜ਼ੂਰੀ ਸਿੱਖਾਂ ਨੂੰ ਤਸੀਹੇ ਦੇਣ ਤੋਂ

ਪਹਿਲਾਂ ਉਹਨਾਂ ਦੀ ਆਖਰੀ ਖ਼ਾਹਿਸ਼ ਪੁੱਛੀ ਗਈ ਤਾਂ ਤਿੰਨਾਂ ਦੀ ਆਖਰੀ ਇੱਛਾ ਸੀ ਕਿ ਮਰਦੇ ਸਮੇਂ ਵੀ ਸਾਡਾ ਮੂੰਹ ਗੁਰੂ ਵੱਲ ਹੋਵੇ। ਉਹ ਤਿੰਨੇ ਗੁਰਸਿੱਖ (ਭਾਈ ਮਤੀ ਦਾਸ, ਭਾਈ ਸਤੀ ਦਾਸ ਤੇ ਭਾਈ ਦਿਆਲਾ ਜੀ) ਆਰੇ ਨਾਲ ਚੀਰੇ ਗਏ, ਰੂੰ ਲਪੇਟ ਕੇ ਸਾੜੇ ਗਏ ਤੇ ਦੇਗ ਵਿੱਚ ਉਬਾਲੇ ਗਏ। ਉਹ ਆਖ਼ਰੀ ਸਾਹ ਤਕ ਸਿਦਕ 'ਚ ਅਡੋਲ ਰਹੇ। ਸਪਸ਼ਟ ਹੈ ਕਿ ਉਹ ਸ਼ਹਾਦਤ ਲਈ ਤਿਆਰ-ਬਰ-ਤਿਆਰ ਸਨ।

ਪ੍ਰਸਿੱਧ ਜਰਨੈਲ ਬਾਬਾ ਬੰਦਾ ਸਿੰਘ ਬਹਾਦਰ ਨੂੰ ਕੈਦ ਕਰਨ ਤੋਂ ਬਾਅਦ ਬਾਦਸ਼ਾਹ ਫਰੁਖਸ਼ੀਅਰ ਨੇ ਮਖ਼ੌਲ ਨਾਲ ਪੁੱਛਿਆ:

"ਤੈਨੂੰ ਕਿਹੜੀ ਮੌਤ ਮਾਰਿਆ ਜਾਵੇ...?"

ਬਾਬਾ ਬੰਦਾ ਸਿੰਘ ਬਹਾਦਰ ਜਿੱਥੇ ਸ਼ਹਾਦਤ ਦੇਣ ਲਈ ਤਿਆਰ-ਬਰ-ਤਿਆਰ ਸੀ, ਉੱਥੇ ਉਸ ਦੀ ਦੂਰ-ਦ੍ਰਿਸ਼ਟੀ ਅਨੁਭਵ ਕਰ ਚੁੱਕੀ ਸੀ ਕਿ ਸਿੱਖ ਲਹਿਰ ਨੇ ਕਈ ਤਰ੍ਹਾਂ ਦੇ ਧੱਕਿਆਂ ਤੇ ਮੁਸ਼ਕਲਾਂ ਦੇ ਬਾਵਜੂਦ ਜਾਰੀ ਰਹਿਣਾ ਹੈ ਅਤੇ ਹਾਕਮਾਂ ਦੀ ਹਰ ਭਾਜੀ ਮੋੜਨ ਬਾਰੇ ਯਤਨਸ਼ੀਲ ਵੀ। ਇਸ ਲਈ ਉਸ ਨੇ ਇਸ ਟਕੋਰ ਦਾ ਜਵਾਬ ਦ੍ਰਿੜ੍ਹਤਾ ਨਾਲ ਇਸ ਤਰ੍ਹਾਂ ਦਿੱਤਾ:

"ਓਹ ਮੌਤ ਮਾਰ, ਜਿਹੜੀ ਮੌਤ ਤੂੰ ਮਰਨਾ ਚਾਹੁੰਦਾ ਹੈਂ....।"

ਇਤਿਹਾਸ ਇਹ ਵੀ ਗਵਾਹੀ ਭਰਦਾ ਹੈ ਕਿ ਫਰੁਖਸ਼ੀਅਰ ਦੀ ਮੌਤ ਵੀ ਓਨੀ ਹੀ ਖ਼ੌਫ਼ਨਾਕ ਸੀ, ਜਿੰਨੀ ਖ਼ੌਫ਼ਨਾਕ ਉਸ ਨੇ ਬੰਦਾ ਸਿੰਘ ਬਹਾਦਰ ਦੀ ਮੌਤ ਨੂੰ ਬਣਾਉਣ ਦਾ ਯਤਨ ਕੀਤਾ ਸੀ। ਭਾਵੇਂ ਉਹ ਕਿਸੇ ਹੋਰ ਦੇ ਹੱਥੋਂ ਹੀ ਹੋਈ, ਪਰ ਸ਼ਹਾਦਤ ਦੀ ਅਟੱਲਤਾ ਦੀ ਸੂਝ ਰੱਖਣ ਕਾਰਨ ਬੰਦਾ ਸਿੰਘ ਦੀ ਮੌਤ (ਸ਼ਹਾਦਤ) ਜਿੱਥੇ ਬੀਰ-ਰਸ ਨਾਲ ਭਰਪੂਰ ਸੀ, ਉੱਥੇ ਅੰਤ ਸਮੇਂ ਇਹ ਹਾਲਾਤ ਪੈਦਾ ਹੋਣ ਦਾ ਚਿੱਤ-ਚੇਤਾ ਵੀ ਨਾ ਹੋਣ ਕਾਰਨ ਫ਼ਰੁਖਸ਼ੀਅਰ ਦੀ ਮੌਤ ਸੱਚਮੁੱਚ ਬਹੁਤ ਖ਼ੌਫ਼ਨਾਕ ਸੀ, ਜਿਸ ਤੋਂ ਬਚਣ ਲਈ ਉਹ ਹਰਮਾਂ ਵਿੱਚ ਵੀ ਜਾ ਲੁਕਿਆ ਸੀ।

ਦਰਬਾਰ ਸਾਹਿਬ ਦੀ ਬੇਅਦਬੀ ਦੀ ਖ਼ਬਰ ਸੁਣ ਕੇ ਇਹ ਬੇਅਦਬੀ ਲਹੂ ਨਾਲ ਧੋਣ ਲਈ ਤੁਰਨ ਲੱਗਿਆਂ ਬਾਬਾ ਦੀਪ ਸਿੰਘ ਨੇ ਤਾਂ ਪਹਿਲਾਂ ਹੀ ਖੰਡੇ ਨਾਲ ਲਕੀਰ ਖਿੱਚ ਦਿੱਤੀ ਸੀ ਕਿ ਇਹ ਲਕੀਰ ਉਹੀ ਟੱਪੇ ਜਿਹੜਾ ਸ਼ਹਾਦਤ ਲਈ ਤਿਆਰ-ਬਰ-ਤਿਆਰ ਹੈ।

ਲੀਕ ਭੋਇੰ 'ਤੇ ਮਾਰ ਕੇ ਕਿਹਾ ਬਾਬੇ
ਸੱਚਾ ਸਿੱਖ ਉਲਾਰ ਕੇ ਬਾਂਹ ਆ ਜਾਏ
ਜਿਹਨੂੰ ਜਿੰਦ ਪਿਆਰੀ ਪਿਛਾਂਹ ਮੁੜ ਜਾਏ
ਜਿਹਨੂੰ ਸਿੱਖੀ ਪਿਆਰੀ ਅਗਾਂਹ ਆ ਜਾਏ।

ਭਾਈ ਤਾਰਾ ਸਿੰਘ ਵਾਂ ਨੂੰ ਮੁਗਲ ਫ਼ੌਜ ਦੀ ਚੜ੍ਹਾਈ ਦੀ ਖ਼ਬਰ ਪਹਿਲਾਂ ਹੀ ਮਿਲ ਗਈ ਸੀ ਤੇ ਖ਼ਾਲਸਾਈ ਜੰਗੀ ਪੈਂਤੜੇ ਮੁਤਾਬਿਕ ਕੁਝ ਸਮੇਂ ਲਈ ਹਰਨ ਹੋਣ ਦੀ ਤਿਆਰੀ ਵੀ ਕਰ ਲਈ ਗਈ ਸੀ, ਪਰ ਗੁਰੂ ਦਾ ਹੁਕਮ ਲੈਣ ਲਈ ਪੰਜ ਗਰੰਥੀ 'ਚੋਂ ਵਾਕ ਲਿਆ ਤਾਂ ਉਸ ਵਾਕ ਦਾ ਭਾਵ ਸੀ ਕਿ ਭੱਜ ਕੇ ਕਾਲ ਤੋਂ ਨਹੀਂ ਬਚਿਆ ਜਾ ਸਕਦਾ। ਇਹ ਵਾਕ ਆਉਂਦੇ ਹੀ ਉਹਨਾਂ

ਨੇ ਸ਼ਹਾਦਤਾਂ ਦੇਣ ਦਾ ਫ਼ੈਸਲਾ ਲੈ ਲਿਆ ਤੇ ਹਰਨ ਹੋਣ ਦੀ ਬਜਾਏ ਆਪਣੇ ਤੋਂ ਕਈ ਗੁਣਾ ਵੱਧ ਮੁਗ਼ਲ ਫ਼ੌਜ ਨਾਲ ਜੂਝਦੇ ਹੋਏ ਸ਼ਹੀਦ ਹੋ ਗਏ।

ਸ੍ਰੀ ਅੰਮ੍ਰਿਤਸਰ ਉੱਤੇ ਅਬਦਾਲੀ ਦੇ ਹਮਲੇ ਸਮੇਂ ਵੀ ਸਿੰਘ ਮੌਕੇ ਅਨੁਸਾਰ ਲਾਂਭੇ ਹੋ ਗਏ ਸਨ ਪਰ ਬਾਬਾ ਗੁਰਬਖ਼ਸ਼ ਸਿੰਘ ਤੀਹ ਸਿੰਘਾਂ ਸਮੇਤ ਦਰਬਾਰ ਸਾਹਿਬ 'ਤੇ ਹਮਲੇ ਨੂੰ ਚੁਣੌਤੀ ਦੇ ਕੇ ਸ਼ਹਾਦਤਾਂ ਪਾਉਣ ਲਈ ਟਿਕੇ ਰਹੇ ਤੇ ਅਬਦਾਲੀ ਦੀ ਹਜ਼ਾਰਾਂ ਦੀ ਗਿਣਤੀ ਵਾਲੀ ਫ਼ੌਜ ਨਾਲ ਜੂਝਦੇ ਹੋਏ ਸ਼ਹੀਦ ਹੋ ਗਏ।

ਖ਼ਾਲਸਾ ਰਾਜ ਸਮੇਂ ਨੌਸ਼ਹਿਰੇ ਦੇ ਮੈਦਾਨ ਵਿੱਚ ਜੰਗ 'ਚ ਜਾਣ ਦਾ ਅਰਦਾਸਾ ਸੋਧੇ ਜਾਣ ਪਿੱਛੋਂ ਵੈਰੀ ਦਲ ਕੋਲ ਤੋਪਾਂ ਹੋਣ ਦਾ ਪਤਾ ਲੱਗਾ ਤਾਂ ਫ਼ੌਜੀ ਰਣਨੀਤੀ ਦੇ ਮੁਤਾਬਿਕ ਮਹਾਰਾਜਾ ਰਣਜੀਤ ਸਿੰਘ ਨੇ ਆਪਣੀਆਂ ਤੋਪਾਂ ਦੀ ਉਡੀਕ ਕਰਨ ਦਾ ਫ਼ੈਸਲਾ ਕੀਤਾ, ਪਰ ਅਕਾਲੀ ਫੂਲਾ ਸਿੰਘ ਨੇ ਗਰਜ ਕੇ ਕਿਹਾ ਕਿ ਸੋਧੇ ਹੋਏ ਅਰਦਾਸੇ ਦੀ ਮਹੱਤਤਾ ਨੂੰ ਸ਼ਹਾਦਤ ਦੇ ਕੇ ਵੀ ਕਾਇਮ ਰੱਖਾਂਗੇ। ਇਹ ਕਹਿ ਕੇ ਅਕਾਲੀ ਫੂਲਾ ਸਿੰਘ ਨੇ ਆਪਣੀ ਅਕਾਲੀ ਫ਼ੌਜ ਸਣੇ ਮੈਦਾਨ ਵੱਲ ਕੂਚ ਕਰ ਦਿੱਤਾ। ਗੋਲੀਆਂ ਦੀ ਕਾਂਗ ਅਤੇ ਤੋਪਾਂ ਦੇ ਗੋਲਿਆਂ ਦੀ ਪਰਵਾਹ ਕੀਤੇ ਬਿਨਾਂ, ਉਹਨਾਂ ਦੇ ਪਿੱਛੇ ਸ਼ੇਰੇ ਪੰਜਾਬ ਨੇ ਆਪਣੀ ਫ਼ੌਜ ਵੀ ਝੋਕ ਦਿੱਤੀ। ਗਹਿਗੱਚ ਲੜਾਈ ਹੋਈ ਤੇ ਖ਼ਾਲਸੇ ਦੀ ਫ਼ਤਹਿ ਹੋਈ, ਪਰ ਬਾਬਾ ਫੂਲਾ ਸਿੰਘ ਅਕਾਲੀ ਸ਼ਹੀਦ ਹੋ ਗਏ।

ਜ਼ਮਰੌਦ 'ਤੇ ਹਮਲੇ ਦੀ ਖ਼ਬਰ ਸੁਣ ਕੇ ਜਦੋਂ ਸ.ਹਰੀ ਸਿੰਘ ਨਲੂਏ ਨੇ ਬਿਮਾਰੀ ਦੀ ਹਾਲਤ 'ਚ ਜੰਗ 'ਚ ਜਾਣ ਲਈ ਕਮਰਕੱਸਾ ਕੀਤਾ ਤਾਂ ਵੈਦ ਨੇ ਇਸ ਹਾਲਤ ਵਿੱਚ ਜਾਣ ਤੋਂ ਰੋਕਦੇ ਹੋਏ ਕਿਹਾ:

"ਤੁਹਾਡੀ ਜ਼ਿੰਦਗੀ ਦੀ ਖ਼ਾਲਸਾ ਰਾਜ ਨੂੰ ਬਹੁਤ ਲੋੜ ਹੈ...।"

ਸ. ਨਲੂਏ ਦਾ ਜਵਾਬ ਸੀ:

"ਜੇ ਲੋੜ ਹੈ, ਤਾਂ ਹੀ ਚੱਲਿਆ ਹਾਂ....।"

ਸ. ਨਲੂਆ ਉਸੇ ਹੀ ਹਾਲਤ ਵਿੱਚ ਜ਼ਮਰੌਦ ਦੇ ਮੈਦਾਨ 'ਚ ਜਾ ਕੇ ਜੂਝਿਆ ਤੇ ਸ਼ਹਾਦਤ ਪ੍ਰਾਪਤ ਕੀਤੀ। ਇਸ ਸ਼ਹਾਦਤ ਤੋਂ ਪਹਿਲਾਂ ਨਲੂਏ ਜਰਨੈਲ ਨੇ ਅਜਿਹੀ ਜੰਗ ਲੜੀ ਕਿ ਉਸ ਤੋਂ ਬਾਅਦ ਕਦੀ ਕਾਬਲ ਦੀ ਹਕੂਮਤ ਦਾ ਸਮੁੱਚੇ ਭਾਰਤੀ ਖਿੱਤੇ 'ਤੇ ਹਮਲਾ ਕਰਨ ਦਾ ਹੀਆ ਨਾ ਪਿਆ।

ਬੁੱਢੇ ਜਰਨੈਲ ਸ. ਸ਼ਾਮ ਸਿੰਘ ਅਟਾਰੀ ਦੀ ਸ਼ਹਾਦਤ ਦੀ ਗਾਥਾ ਇਸ ਰਵਾਇਤ ਦੀ ਉੱਘੜਵੀਂ ਗਵਾਹੀ ਭਰਦੀ ਹੈ। ਖ਼ਾਲਸਾ ਰਾਜ ਦੀ ਬੁੱਕਲ 'ਚ ਬੈਠੇ ਅਕ੍ਰਿਤਘਣ ਡੋਗਰਿਆਂ ਤੇ ਬ੍ਰਾਹਮਣਾਂ ਨੇ ਜਦੋਂ ਅੰਗਰੇਜ਼ਾਂ ਨਾਲ ਮਿਲ ਕੇ ਕਈ ਜਿੱਤੀਆਂ ਜੰਗਾਂ ਹਰਾ ਦਿੱਤੀਆਂ ਤਾਂ ਸਭਰਾਵਾਂ ਦੀ ਫ਼ੈਸਲਾਕੁੰਨ ਲੜਾਈ 'ਚ ਜਾਣ ਲਈ ਮਹਾਰਾਣੀ ਜ਼ਿੰਦਾਂ ਨੇ ਸ਼ਾਮ ਸਿੰਘ ਅਟਾਰੀ ਨੂੰ ਵੰਗਾਰ ਪਾਈ।

ਸ. ਸ਼ਾਮ ਸਿੰਘ ਅਟਾਰੀ ਖ਼ਾਲਸਾ ਰਾਜ ਦਰਬਾਰ ਅੰਦਰ ਡੋਗਰਾਗਰਦੀ ਤੋਂ ਦੁਖੀ ਹੋ ਕੇ

ਆਪਣੇ ਪਿੰਡ ਜਾ ਬੈਠਾ ਸੀ। ਰਾਣੀ ਜਿੰਦਾਂ ਦਾ ਸੁਨੇਹਾ ਮਿਲਦੇ ਹੀ ਉਸ ਨੇ ਜੰਗ 'ਚ ਜਾਣ ਦੀ ਤਿਆਰੀ ਕੀਤੀ। ਫ਼ੌਜੀ ਨੁਕਤਾ-ਨਿਗਾਹ ਤੋਂ ਉਹਨਾਂ ਨੇ ਪਰਿਵਾਰ ਨੂੰ ਕਿਹਾ, 'ਜੇ ਮੁੜੇ, ਤਾਂ ਫ਼ਤਹਿ ਪ੍ਰਾਪਤ ਕਰ ਕੇ ਹੀ ਮੁੜਾਂਗੇ।' ਇੱਕ ਸਫਲ ਜਰਨੈਲ ਵਾਂਗ ਉਹਨਾਂ ਨੇ ਆਪਣੇ ਸਿਪਾਹੀਆਂ ਨੂੰ ਫ਼ਰੰਗੀ ਨੂੰ ਮਾਰ ਭਜਾਉਣ ਦਾ ਹੌਸਲਾ ਵੀ ਦਿੱਤਾ, ਪਰ ਉਹਨਾਂ ਦੇ ਵਿਸ਼ੇਸ਼ ਤੌਰ 'ਤੇ ਪਹਿਨੇ ਚਿੱਟੇ ਬਸਤਰ ਉਹਨਾਂ ਦੀ ਮਨੋਦਸ਼ਾ ਨੂੰ ਸਪਸ਼ਟ ਕਰਨ ਲਈ ਕਾਫ਼ੀ ਸਨ। ਡੋਗਰਾ-ਗਰਦੀ ਦੇ ਡੋਬੇ ਬੋੜੇ ਤੋਂ ਉਹ ਵਾਕਫ਼ ਸਨ ਤੇ ਜਾਣਦੇ ਸਨ ਕਿ ਹੁਣ ਸ਼ਹਾਦਤ ਅਟੱਲ ਹੈ। ਉਹ ਸਭਰਾਵਾਂ ਦੇ ਮੈਦਾਨ 'ਚ ਇੱਕ ਅਸਾਵੀਂ ਜੰਗ ਲੜਦੇ ਸ਼ਹੀਦ ਹੋਏ।

ਅੰਗਰੇਜ਼ ਰਾਜ ਸਮੇਂ ਨਨਕਾਣਾ ਸਾਹਿਬ ਨੂੰ ਕੁਕਰਮੀ ਮਹੰਤ ਨਰੈਣੂ ਤੋਂ ਅਜ਼ਾਦ ਕਰਵਾਉਣ ਤੁਰੇ ਜਥਿਆਂ 'ਚੋਂ ਲਛਮਣ ਸਿੰਘ ਧਾਰੋਵਾਲੀ ਦਾ ਜਥਾ ਜਦੋਂ ਐਨ ਨਨਕਾਣਾ ਸਾਹਿਬ ਦੇ ਕੋਲ ਜਾ ਕੇ ਅਰਦਾਸਾ ਸੋਧ ਕੇ, ਨਨਕਾਣਾ ਸਾਹਿਬ ਵੱਲ ਵਧਣ ਲੱਗਾ ਤਾਂ ਪੰਥ ਦਾ ਸੁਨੇਹਾ ਆ ਪੁੱਜਾ ਕਿ ਅੱਜ ਦਾ ਪ੍ਰੋਗਰਾਮ ਮੁਲਤਵੀ ਹੈ, ਵਾਪਸ ਮੁੜ ਆਉ। ਇਹ ਸੁਨੇਹੇ ਇਸ ਕਾਰਨ ਭੇਜੇ ਗਏ ਸਨ ਕਿ ਪੰਥ ਨੂੰ ਨਰੈਣੂ ਮਹੰਤ ਵੱਲੋਂ ਨਨਕਾਣਾ ਸਾਹਿਬ ਪਹੁੰਚਣ ਵਾਲੇ ਸਿੱਖਾਂ ਦੀ ਕਤਲੇਆਮ ਕਰਨ ਦੀਆਂ ਤਿਆਰੀਆਂ ਦੀ ਖ਼ਬਰ ਮਿਲ ਗਈ ਸੀ। ਪਰ ਇੱਥੇ ਵੀ ਸਿੰਘਾਂ ਨੇ ਸੋਧੇ ਹੋਏ ਅਰਦਾਸੇ ਦੀ ਕੀਮਤ 'ਤੇ ਵਾਪਸ ਮੁੜਨ ਨਾਲੋਂ ਸ਼ਹਾਦਤਾਂ ਦੇਣ ਨੂੰ ਤਰਜੀਹ ਦਿੱਤੀ। ਇਸ ਜਥੇ 'ਚੋਂ ਬੀਬੀਆਂ ਨੂੰ ਵਾਪਸ ਮੋੜ ਦਿੱਤਾ ਗਿਆ ਤੇ ਇੱਕ ਮੋਚੀ ਸਿੰਘ ਨੇ ਆਪਣੇ ਖੀਸੇ 'ਚੋਂ ਕੁਝ ਰੁਪਏ ਕੱਢ ਕੇ ਉਹਨਾਂ ਬੀਬੀਆਂ ਨੂੰ ਦਿੰਦੇ ਹੋਏ ਕਿਹਾ:

"ਤੁਹਾਡੇ ਵਰਗੀਆਂ ਭੈਣਾਂ ਸਾਡੇ ਪਿੱਛੋਂ ਸਾਡੇ ਨਮਿਤ ਅਖੰਡ-ਪਾਠ ਕਰਵਾ ਦੇਣਗੀਆਂ...।"

ਨਨਕਾਣਾ ਸਾਹਿਬ ਦਾ ਸਾਕਾ ਹੋਇਆ, ਜਿਸ ਨੇ ਪਾਵਨ ਗੁਰਧਾਮਾਂ ਅੰਦਰੋਂ ਕੁਕਰਮੀ ਮਹੰਤਾਂ ਦਾ ਪਾਇਆ ਗੰਦ ਧੋ ਸੁੱਟਿਆ।

ਭਗਤ ਸਿੰਘ ਨੇ ਦੇਸ਼ ਨੂੰ ਅਜ਼ਾਦ ਕਰਾਉਣ ਲਈ ਆਪਣੀ ਸ਼ਹਾਦਤ ਇੱਕ ਅਹਿਮ ਨੀਤੀ ਤਹਿਤ ਖ਼ੁਦ ਹੀ ਉਲੀਕੀ ਸੀ, ਇਸੇ ਲਈ ਭਾਰੀ ਵਿਰੋਧ ਦੇ ਬਾਵਜੂਦ ਦਿੱਲੀ ਅਸੈਂਬਲੀ 'ਚ ਬੰਬ ਸੁੱਟਣ ਉਹ ਖ਼ੁਦ ਗਿਆ। ਚੰਦਰ ਸ਼ੇਖਰ ਅਜ਼ਾਦ ਦਾ ਕਹਿਣਾ ਸੀ ਕਿ ਤੇਰੇ ਉੱਪਰ ਸਾਂਡਰਸ ਦਾ ਕਤਲ ਕੇਸ ਹੈ ਤੇ ਤੇਰੇ ਇਹ ਕੰਮ ਕਰਨ ਦਾ ਸਿੱਧਾ ਅਰਥ ਫਾਂਸੀ ਹੈ, ਇਸ ਲਈ ਇਹ ਕੰਮ ਕੋਈ ਹੋਰ ਕਰੇਗਾ। ਪਰ ਭਗਤ ਸਿੰਘ ਦਾ ਕਹਿਣਾ ਸੀ ਕਿ ਇਹ ਕੰਮ ਸਿਰਫ਼ ਮੈਂ ਹੀ ਕਰ ਸਕਦਾ ਹਾਂ ਕੋਈ ਹੋਰ ਨਹੀਂ। ਤੇ ਉਸ ਨੇ ਇਹ ਕੰਮ ਕਰ ਕੇ ਵਿਖਾਇਆ ਵੀ, ਤੇ ਸ਼ਾਨਦਾਰ ਸ਼ਹਾਦਤ ਦੇ ਕੇ ਜਵਾਨੀ ਨੂੰ ਇੱਕ ਹੁਲਾਰਾ ਦਿੱਤਾ।

ਗੁਰੂ ਕਾ ਬਾਗ ਮੋਰਚੇ 'ਚ ਰੋਜ਼ਾਨਾ ਚੱਲਦੀ ਸਿੱਖ ਜਥਿਆਂ ਦੀ ਕਹਿਰੀ ਕੁੱਟ-ਮਾਰ ਸਮੇਂ ਇੱਕ ਬੀਬੀ ਬਲਬੀਰ ਕੌਰ ਦੇ ਕੁੱਛੜ ਚੁੱਕਿਆ ਬੱਚਾ ਪੁਲਸੀਆਂ ਦੀ ਡਾਂਗ ਵੱਜਣ ਕਾਰਨ ਮਾਰਿਆ ਗਿਆ। ਦਲੇਰ ਬੀਬੀ ਨੇ ਉਸ ਬੱਚੇ ਦੀ ਲਾਸ਼ ਨੂੰ ਉੱਥੇ ਹੀ ਲਿਟਾ ਦਿੱਤਾ ਤੇ ਖ਼ੁਦ ਜਥੇ ਨਾਲ ਅੱਗੇ ਵਧਦੀ ਗਈ।

ਅਮਰ ਸ਼ਹੀਦ ਭਾਈ ਫ਼ੌਜਾ ਸਿੰਘ ਨੇ ਆਪਣੀ ਲਾਸਾਨੀ ਸ਼ਹਾਦਤ ਤੋਂ ਪਹਿਲਾਂ ਇੱਕ

ਕਵਿਤਾ ਲਿਖੀ ਸੀ ਜਿਸ ਦੀਆਂ ਅੰਤਲੀਆਂ ਪੰਕਤੀਆਂ ਸਨ:

ਜਦ ਆਵ ਕੀ ਅਉਧ ਨਿਧਾਨ ਬਣਸੀ

ਸੀਸ ਤੇਰਾ ਹੈ ਤੈਨੂੰ ਚੜ੍ਹਾ ਦਿਆਂਗੇ।

ਤੇ ਜਦੋਂ ਉਸ ਸਿਦਕੀ ਸੂਰਮੇ ਨੇ ਹੋਰ 12 ਸਿੰਘਾਂ ਸਣੇ ਆਪਣੇ ਸਿਰ ਦੀ ਭੇਟ ਚੜ੍ਹਾਈ ਤਾਂ ਸਿਰਲੱਥਾਂ ਦੇ ਕਈ ਕਾਫ਼ਲੇ ਪੈਦਾ ਕਰ ਦਿੱਤੇ।

ਵੀਹਵੀਂ ਸਦੀ ਦੇ ਮਹਾਨ ਸਿੱਖ ਜਰਨੈਲ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲ਼ੇ ਸ਼ਹਾਦਤ ਦੀ ਅਟੱਲਤਾ ਤੋਂ ਵਾਕਿਫ਼ ਸਨ। ਉਹਨਾਂ ਦੇ ਵਿਆਖਿਆਨ ਜੋ ਅੱਜ ਵੀ ਮਿਲਦੇ ਹਨ, ਉਹਨਾਂ 'ਚੋਂ ਇਹ ਝਲਕ ਆਮ ਮਿਲਦੀ ਹੈ। ਉਹ ਅਕਸਰ ਗਾਇਆ ਕਰਦੇ ਸਨ:

ਸਿਰ ਦਿੱਤਿਆਂ ਬਾਝ ਨਹੀਂ ਰਹਿਣਾ ਧਰਮ

ਸਿਰ ਦਿੱਤਿਆਂ ਬਾਝ ਨਹੀਂ ਰਹਿਣਾ।

ਜੇਕਰ ਸੰਤ ਜਰਨੈਲ ਸਿੰਘ ਮਾਨਸਿਕ ਤੌਰ 'ਤੇ ਸ਼ਹਾਦਤ ਦੇਣ ਲਈ ਤਿਆਰ-ਬਰ-ਤਿਆਰ ਨਾ ਹੁੰਦੇ ਤਾਂ ਉਹ ਦ੍ਰਿੜ੍ਹਤਾ ਨਾਲ਼ ਦਿੱਲੀ ਤਖ਼ਤ ਨੂੰ ਲਲਕਾਰ ਨਾ ਸਕਦੇ ਤੇ ਨਾ ਹੀ ਕੌਮ ਵਿੱਚ ਜਾਗ੍ਰਿਤੀ ਲਿਆ ਸਕਦੇ। ਇਹੀ ਕਾਰਨ ਸੀ ਕਿ ਉਹ ਦਰਬਾਰ ਸਾਹਿਬ 'ਚੋਂ ਨਿਕਲ਼ ਜਾਣ ਦਾ ਮੌਕਾ ਹੋਣ ਦੇ ਬਾਵਜੂਦ ਉੱਥੋਂ ਨਾ ਨਿਕਲ਼ੇ ਤੇ ਜੂਝਦੇ ਹੋਏ ਸ਼ਹਾਦਤ ਪ੍ਰਾਪਤ ਕਰ ਗਏ। ਉਹਨਾਂ ਦੇ ਸਮਕਾਲੀ ਸਿੱਖ ਲੀਡਰ ਜਿਹੜੇ ਸ਼ਹਾਦਤਾਂ ਦੇਣ ਦੀਆਂ ਟਾਹਰਾਂ ਸਿਰਫ਼ ਸਰਕਾਰ ਨੂੰ ਧਰਕਾਉਣ ਲਈ ਹੀ ਮਾਰਦੇ ਸਨ, ਉਹ ਸਮਾਂ ਆਉਣ 'ਤੇ ਬਾਹਵਾਂ ਖੜ੍ਹੀਆਂ ਕਰ ਗਏ ਤੇ ਉਹਨਾਂ ਨੇ ਅਖੌਤੀ ਸੰਤ ਫ਼ਤਹਿ ਸਿੰਘ ਦੀ ਬੁਜ਼ਦਿਲੀ ਵਾਲ਼ੀ ਰਵਾਇਤ ਕਾਇਮ ਰੱਖੀ, ਪਰ ਸ਼ਹਾਦਤ ਦੇ ਸੱਚ ਨੂੰ ਸਨਮੁਖ ਰੱਖ ਕੇ ਜੂਝਦੇ ਸਿੰਘਾਂ ਨੇ ਗੁਰੂ ਹਰਿਗੋਬਿੰਦ ਸਾਹਿਬ ਵੱਲੋਂ ਸਿਖਾਈਆਂ ਜਾਚਾਂ ਅਤੇ ਬਾਬਾ ਗੁਰਬਖ਼ਸ਼ ਸਿੰਘ ਹੋਰਾਂ ਵੱਲੋਂ ਨਿਭਾਈਆਂ ਖ਼ਾਲਸਾਈ ਰਵਾਇਤਾਂ ਮੁੜ ਦੁਹਰਾ ਦਿੱਤੀਆਂ।

ਸ਼ਹੀਦ ਭਾਈ ਅਮਰੀਕ ਸਿੰਘ ਨੇ ਵੀ ਸ਼ਹਾਦਤ ਤੋਂ ਕੁਝ ਦਿਨ ਪਹਿਲਾਂ ਆਪਣੀ ਸ਼ਹੀਦੀ ਨੂੰ ਅਟੱਲ ਜਾਣ ਕੇ ਆਪਣੇ ਪਰਿਵਾਰ ਨੂੰ ਹਦਾਇਤ ਕੀਤੀ ਸੀ ਕਿ ਮੇਰੇ ਤੋਂ ਬਾਅਦ ਬੱਚੇ ਅਨਪੜ੍ਹ ਨਾ ਰਹਿਣ, ਉਹਨਾਂ ਨੂੰ ਪੜ੍ਹਾਇਆ ਜਾਵੇ।

ਭਾਰਤੀ ਫ਼ੌਜ ਦੇ ਟਾਕਰੇ ਲਈ ਸਿੱਖ ਜਾਂਬਾਜ਼ਾਂ ਨੂੰ ਟਰੇਨਿੰਗ ਦੇਣ ਵਾਲ਼ੇ ਜਰਨੈਲ ਜਨਰਲ ਸੁਬੇਗ ਸਿੰਘ ਨੇ ਵੀ ਜੂਨ '84 ਤੋਂ ਕੁਝ ਸਮਾਂ ਪਹਿਲਾਂ ਮਿਲਣ ਆਈ ਆਪਣੀ ਮਾਤਾ ਨੂੰ ਆਖ਼ਰੀ ਫ਼ਤਹਿ ਬੁਲਾ ਦਿੱਤੀ ਸੀ। ਸ਼ਹੀਦ ਭਾਈ ਫ਼ੌਜਾ ਸਿੰਘ ਦੀ ਧਰਮ ਸੁਪਤਨੀ ਬੀਬੀ ਅਮਰਜੀਤ ਕੌਰ ਵੱਲੋਂ ਪੁੱਛੇ ਜਾਣ 'ਤੇ ਉਹਨਾਂ ਨੇ ਆਪਣਾ ਪ੍ਰੋਗਰਾਮ ਆਖ਼ਰੀ ਦਮ ਤਕ ਜੂਝ ਕੇ ਸ਼ਹੀਦ ਹੋਣਾ ਦੱਸਿਆ ਸੀ।

ਦਰਬਾਰ ਸਾਹਿਬ 'ਤੇ ਭਾਰਤੀ ਹਮਲੇ ਤੋਂ ਬਾਅਦ ਚੱਲੇ ਸਿੱਖ ਸੰਘਰਸ਼ ਦੇ ਦੌਰਾਨ ਸਾਨੂੰ ਇਸ ਖ਼ਾਲਸਾਈ ਰਵਾਇਤ ਦੇ ਦਰਸ਼ਨ ਕਦਮ-ਕਦਮ 'ਤੇ ਹੁੰਦੇ ਹਨ। ਇਸ ਲਹਿਰ ਦਾ

ਅਧਿਐਨ ਕਰ ਕੇ ਹੀ ਸਪਸ਼ਟ ਹੋ ਜਾਂਦਾ ਹੈ ਕਿ ਜਿਹੜੇ ਸੂਰਮੇ ਸ਼ਹਾਦਤ ਨੂੰ ਅਟੱਲ ਸਮਝ ਕੇ ਰਣ-ਤੱਤੇ 'ਚ ਨਿਤਰੇ ਸਨ, ਉਹਨਾਂ ਨੇ ਥਾਣਿਆਂ 'ਤੇ ਇੰਟੈਰੋਗੇਸ਼ਨ ਸੈਂਟਰਾਂ ਵਿੱਚ ਹਿੰਦੂਸ਼ਾਹੀ ਦੇ (ਮੁਗ਼ਲਸ਼ਾਹੀ ਨੂੰ ਵੀ ਮਾਤ ਪਾਉਣ ਵਾਲ਼ੇ) ਜਬਰ-ਜ਼ੁਲਮ ਵੀ ਹੱਸਦੇ ਹੋਏ ਖਿੜੇ-ਮੱਥੇ ਝੱਲੇ ਅਤੇ ਈਨ ਮੰਨਣੀ ਤਾਂ ਦੂਰ, ਕਈਆਂ ਨੇ ਆਪਣਾ ਨਾਂ ਤਕ ਵੀ ਨਹੀਂ ਦੱਸਿਆ; ਪਰ ਜਿਹੜੇ ਕੱਚੇ-ਪਿੱਲੇ ਸ਼ਹਾਦਤ ਦੀ ਅਟੱਲਤਾ ਤੋਂ ਅਣਭਿੱਜ ਹੀ ਸਨ, ਉਹ ਤਸ਼ੱਦਦ ਦੇ ਸਾਹਵੇਂ ਡੋਲ ਗਏ ਤੇ ਉਹਨਾਂ ਨੇ ਲਹਿਰ ਦਾ ਵੀ ਕਾਫ਼ੀ ਨੁਕਸਾਨ ਕਰਵਾਇਆ। ਸੁੱਖੀ ਕੈਟ ਵਰਤਾਰਾ ਇਸ ਦੀ ਮਿਸਾਲ ਹੈ, ਪਰ ਸ਼ਹਾਦਤ ਦੇ ਸੱਚ ਨੂੰ ਖਿੜੇ-ਮੱਥੇ ਕਬੂਲ ਕਰਨ ਵਾਲ਼ੇ ਸੂਰਮਿਆਂ ਦੇ ਸਿਦਕ ਦੀ ਝਲਕ ਸ਼ਹੀਦ ਭਾਈ ਗੁਰਪਾਲ ਸਿੰਘ ਬੱਬਰ ਦੇ ਆਪਣੇ ਮਾਪਿਆਂ ਨੂੰ ਲਿਖੇ ਪੱਤਰ ਦੀਆਂ ਇਹਨਾਂ ਸਤਰਾਂ ਤੋਂ ਹੀ ਮਿਲ ਜਾਂਦੀ ਹੈ:

"ਜਦੋਂ ਤੁਹਾਨੂੰ ਮੇਰੀ ਸ਼ਹੀਦੀ ਦੀ ਖ਼ਬਰ ਮਿਲੇ ਤਾਂ ਤੁਸੀਂ ਬਿਲਕੁਲ ਨਹੀਂ ਰੋਣਾ। ਹਾਂ, ਓਦੋਂ ਜ਼ਰੂਰ ਰੋਇਓ, ਜੇ ਤੁਹਾਨੂੰ ਇਹ ਪਤਾ ਲੱਗੇ ਕਿ ਤੁਹਾਡੇ ਪੁੱਤਰ ਨੇ ਆਪਣੀ ਜਾਨ ਬਚਾਉਣ ਲਈ ਜਾਂ ਕਿਸੇ ਲਾਲਚ ਅਧੀਨ ਪੰਥ ਨਾਲ਼ ਗ਼ੱਦਾਰੀ ਕੀਤੀ ਹੈ...।"

ਇਹ ਸਿਦਕ ਮੌਜੂਦਾ ਸੰਘਰਸ਼ ਵਿਚਲੇ ਹਰ ਸ਼ਹੀਦ ਦੇ ਕਿਰਦਾਰ ਵਿੱਚ ਵਿਦਮਾਨ ਸੀ ਤੇ ਅੱਜ ਵੀ ਇਹ ਸਿਦਕ ਤੇ ਜਜ਼ਬਾ ਭਾਈ ਜਗਤਾਰ ਸਿੰਘ ਹਵਾਰਾ, ਪਰਮਜੀਤ ਸਿੰਘ ਭਿਓਰਾ ਤੇ ਬਲਵੰਤ ਸਿੰਘ ਵਰਗੇ ਅਣਖੀਲੇ ਯੋਧਿਆਂ ਤੇ ਉਹਨਾਂ ਦੇ ਸਾਥੀਆਂ 'ਚ ਪੂਰੇ ਜਲੌਅ ਵਿੱਚ ਦਿੱਸਦਾ ਹੈ। ਇਤਿਹਾਸ ਗਵਾਹ ਹੈ ਕਿ ਇਹ ਜਜ਼ਬਾ, ਦ੍ਰਿੜ੍ਹਤਾ ਅਤੇ 'ਤਖ਼ਤ ਜਾਂ ਤਖ਼ਤਾ' ਦਾ ਸੰਕਲਪ ਹਜ਼ਾਰਾਂ ਔਕੜਾਂ ਨੂੰ ਲੰਘ ਕੇ ਫ਼ਤਹਿ ਪ੍ਰਾਪਤ ਕਰਦਾ ਰਿਹਾ ਹੈ ਤੇ ਹੁਣ ਵੀ ਕਰੇਗਾ।

ਇਹ ਸਾਰੇ ਤੱਥ ਇਸ ਹਕੀਕਤ ਨੂੰ ਉਜਾਗਰ ਕਰਦੇ ਹਨ ਕਿ ਸੰਘਰਸ਼ ਲੜਨ ਦੀ ਜੁਰਅਤ ਤਾਂ ਕੋਈ ਵੀ ਕਰ ਸਕਦਾ ਹੈ ਪਰ ਸਫਲ ਸਿਰਫ਼ ਉਹੀ ਹੋ ਸਕਦਾ ਹੈ, ਜਿਸ ਦੇ ਵਿੱਚ ਜੂਝਣ ਵਾਲ਼ੇ ਜੁਝਾਰੂ, ਸ਼ਹਾਦਤ ਲਈ ਮਾਨਸਿਕ ਤੌਰ 'ਤੇ ਤਿਆਰ ਹੋਣ। ਆਪਣੀ ਖੱਲ ਬਚਾਉਣ ਦੀ ਸੋਚ ਅਤੇ ਸੰਘਰਸ਼, ਦੋਵੇਂ ਇਕੱਠੇ ਨਹੀਂ ਚੱਲ ਸਕਦੇ। ਇਸ ਲਈ ਜ਼ਰੂਰੀ ਹੈ ਕਿ ਸਿੱਖ ਪੰਥ ਦੀ ਅਜ਼ਾਦੀ ਲਈ ਸੰਘਰਸ਼ਸ਼ੀਲ ਲੀਡਰਸ਼ਿਪ ਸ਼ਹਾਦਤ ਦੇ ਸੱਚ ਤੇ ਸੰਕਲਪ ਨੂੰ ਮਨ 'ਚ ਵਸਾ ਕੇ ਤੇ ਉਸ ਲਈ ਤਿਆਰ ਹੋ ਕੇ ਹੀ ਹਰ ਇੱਕ ਪੁਲਾਂਘ ਪੁੱਟੇ।

ਇਸ ਸੰਕਲਪ ਅਧੀਨ ਹੀ ਸੰਤ ਜਰਨੈਲ ਸਿੰਘ ਵਾਂਗ ਬੇਖ਼ੌਫ਼ ਹੋ ਕੇ ਗੱਲ ਕੀਤੀ ਜਾ ਸਕਦੀ ਹੈ। ਜਿਨ੍ਹਾਂ ਲੀਡਰਾਂ ਨੂੰ ਸੰਘਰਸ਼ ਦੇ ਨਾਲ-ਨਾਲ ਆਪਣੀ ਖੱਲ ਬਚਾਉਣ ਦੀ ਚਿੰਤਾ ਵੀ ਹੋਵੇ, ਉਹ ਤਾਂ ਇੱਕ-ਇੱਕ ਸ਼ਬਦ ਨੂੰ ਛਾਣ-ਛਾਣ ਕੇ ਮੂੰਹ 'ਚੋਂ ਕੱਢਣਗੇ ਕਿ 'ਫਲਾਣਾ ਸ਼ਬਦ ਕਹਿਣ ਨਾਲ਼ ਮੇਰੇ 'ਤੇ ਫਲਾਣੀ ਧਾਰਾ ਲੱਗ ਸਕਦੀ ਹੈ ਤੇ ਆਹ ਗੱਲ ਕਹਿਣ ਨਾਲ਼ ਮੇਰੇ 'ਤੇ ਆਹ ਕੇਸ ਬਣ ਸਕਦਾ ਹੈ।' ਅਜਿਹੀਆਂ ਸੰਕੀਰਨ ਤੇ ਬੁਜ਼ਦਿਲ ਸੋਚਾਂ ਵਾਲ਼ੇ ਲੋਕ ਕਿਸੇ ਸੰਘਰਸ਼ ਨਾਲ਼ ਵੀ ਇਨਸਾਫ਼ ਨਹੀਂ ਕਰ ਸਕਦੇ।

ਮੌਜੂਦਾ ਸਿੱਖ ਅਜ਼ਾਦੀ ਦੇ ਸੰਘਰਸ਼ ਨੂੰ ਕੁਚਲਣ ਲਈ ਹਿੰਦੁਸਤਾਨ ਦੀ ਹਿੰਦੂ ਹਕੂਮਤ ਨੇ ਜਦੋਂ ਅੰਤਰਰਾਸ਼ਟਰੀ ਪੱਧਰ 'ਤੇ ਮੰਨੇ ਮਨੁੱਖੀ ਹੱਕਾਂ ਦੀ ਸ਼ਰੇਆਮ ਉਲੰਘਣਾ ਕੀਤੀ ਤਾਂ ਇਸ ਨੂੰ

ਅੰਤਰਰਾਸ਼ਟਰੀ ਮੰਚ 'ਤੇ ਬੇਨਕਾਬ ਕਰਨ ਦਾ ਬੀੜਾ ਚੁੱਕ ਕੇ ਇੱਕ ਸ਼ੇਰ-ਮਰਦ ਸ. ਜਸਵੰਤ ਸਿੰਘ ਖਾਲੜਾ ਹਿੰਦ-ਹਕੂਮਤ ਦੇ ਨਿਸ਼ਾਨੇ 'ਤੇ ਆਇਆ। ਉਸ ਨੂੰ ਵੀ ਉਸ ਸਟੈਂਡ ਤੋਂ ਥਿੜਕਾਉਣ ਲਈ ਧਮਕੀਆਂ ਤੇ ਲਾਲਚ ਦਿੱਤੇ ਗਏ, ਪਰ ਲਾਸਾਨੀ ਸਿੱਖ ਸ਼ਹਾਦਤਾਂ ਤੋਂ ਪ੍ਰੇਰਨਾ ਲੈ ਕੇ ਉਹ ਸ਼ਹਾਦਤ ਦੇਣ ਲਈ ਤਿਆਰ ਹੋਇਆ। ਉਸ ਨੂੰ ਹਕੂਮਤ ਵੱਲੋਂ ਘਰੋਂ ਚੁੱਕ ਲਿਆ ਗਿਆ ਤੇ ਖੌਫਨਾਕ ਤਸੀਹੇ ਦਿੱਤੇ ਗਏ, ਪਰ ਉਹ ਆਪਣੇ ਸਟੈਂਡ 'ਤੇ ਦ੍ਰਿੜ੍ਹ ਰਿਹਾ। ਅਖ਼ਬਾਰਾਂ 'ਚ ਇਹ ਬਿਆਨ ਉਸ ਨੇ ਕੁਝ ਮਹੀਨੇ ਪਹਿਲਾਂ ਹੀ ਦਿੱਤਾ ਸੀ ਕਿ 'ਇੱਕ ਖਾਲੜੇ ਨੂੰ ਕਤਲ ਕਰ ਕੇ ਹਕੂਮਤ ਦੇ ਕੁਕਰਮਾਂ 'ਤੇ ਹੁਣ ਪਰਦਾ ਨਹੀਂ ਪੈ ਸਕੇਗਾ।' ਉਸ ਨੇ ਸ਼ਹਾਦਤ ਪ੍ਰਾਪਤ ਕੀਤੀ ਤੇ ਹਿੰਦ-ਹਕੂਮਤ ਨੇ ਉਸ ਦੀ ਲਾਸ਼ ਦਰਿਆ ਬਿਆਸਾ ਵਿੱਚ ਰੋੜ੍ਹ ਦਿੱਤੀ।

ਸ. ਜਸਵੰਤ ਸਿੰਘ ਖਾਲੜਾ ਗੁਰੂ ਨਾਨਕ ਸਾਹਿਬ ਤੋਂ ਅਰੰਭ ਹੋਈ ਸਿੱਖ ਲਹਿਰ ਦਾ ਅਤੇ ਗੁਰੂ ਅਰਜਨ ਪਾਤਸ਼ਾਹ ਤੋਂ ਚੱਲੀ ਸ਼ਹੀਦੀ-ਲੜੀ ਦਾ ਸ਼ਾਇਦ ਹੁਣ ਤਕ ਦਾ ਅਖੀਰਲਾ ਸ਼ਾਂਤਮਈ ਸ਼ਹੀਦ ਸੀ।। ਜਿਕਰਯੋਗ ਹੈ ਕਿ ਮੁਗਲ ਹਕੂਮਤ ਨੇ ਸਿੱਖ ਲਹਿਰ ਦੇ ਸਭ ਤੋਂ ਪਹਿਲੇ ਸ਼ਹੀਦ (ਸ਼ਹੀਦਾਂ ਦੇ ਸਿਰਤਾਜ) ਗੁਰੂ ਅਰਜਨ ਪਾਤਸ਼ਾਹ ਦਾ ਸਰੀਰ ਰਾਵੀ ਦਰਿਆ ਵਿੱਚ ਰੋੜ੍ਹਿਆ ਸੀ, ਜਦਕਿ ਹਿੰਦੂ ਹਕੂਮਤ ਨੇ ਹੁਣ ਤਕ ਦੇ ਅਖੀਰਲੇ ਸ਼ਾਂਤਮਈ ਸਿੱਖ ਸ਼ਹੀਦ ਸ. ਜਸਵੰਤ ਸਿੰਘ ਖਾਲੜਾ ਦਾ ਸਰੀਰ ਦਰਿਆ ਬਿਆਸਾ ਵਿੱਚ ਰੋੜ੍ਹਿਆ। ਇਹਨਾਂ ਦਰਿਆਵਾਂ ਵਿੱਚ ਹਿੰਦੂ ਹਕੂਮਤ ਨੇ ਪਤਾ ਨਹੀਂ ਕਿੰਨੇ ਸਿੱਖ ਸ਼ਹੀਦਾਂ ਦੇ ਸਰੀਰ ਜਲ਼-ਪ੍ਰਵਾਹ ਕੀਤੇ ਹਨ, ਅਜੇ ਤਕ ਅੰਕੜੇ ਇਕੱਠੇ ਨਹੀਂ ਹੋ ਸਕੇ। ਜਿਨ੍ਹਾਂ ਦਰਿਆਵਾਂ ਦੇ ਪਾਣੀਆਂ ਵਿੱਚ ਸ਼ਹੀਦਾਂ ਦੇ ਪਵਿੱਤਰ ਖ਼ੂਨ ਦੇ ਨਾਲ-ਨਾਲ ਪਵਿੱਤਰ ਖ਼ਾਕ ਵੀ ਜਜ਼ਬ ਹੋਈ ਹੈ, ਲੋਕ ਵਿਸ਼ਵਾਸ ਅਨੁਸਾਰ ਉਹਨਾਂ ਦਰਿਆਵਾਂ ਦੇ ਪਾਣੀ ਨਾਲ ਸਿੰਜੀ ਧਰਤੀ ਤੋਂ ਸਿਰਲੱਥ ਸਿਰਾਂ ਦੀ ਨਵੀਂ ਫ਼ਸਲ ਪੈਦਾ ਹੋਣੀ ਤਾਂ ਅਟੱਲ ਹੈ ਹੀ, ਇਸ ਪਵਿੱਤਰ ਖ਼ੂਨ ਨਾਲ ਸਿੰਜੀ ਧਰਤੀ ਨੂੰ ਜਦੋਂ ਸਿੱਖ ਹੋਣ ਦੇ ਅਹਿਸਾਸ ਦੀ ਛੋਹ ਪ੍ਰਾਪਤ ਹੁੰਦੀ ਹੈ ਤਾਂ ਸ਼ਹਾਦਤ ਦਾ ਜਜ਼ਬਾ ਪ੍ਰਚੰਡ ਹੁੰਦਾ ਹੈ। ਸ਼ਹਾਦਤ ਦੇ ਪ੍ਰਚੰਡ ਹੋ ਰਹੇ ਜਜ਼ਬੇ ਅਤੇ ਇਸ 'ਤੇ ਅਮਲ ਵਿਚਕਾਰ ਸ਼ਹੀਦੀ ਮਾਰਗ 'ਤੇ ਅੱਗੇ ਲੱਗ ਕੇ ਤੁਰਨ ਵਾਲ਼ੇ ਆਗੂ ਦੀ ਹੋਂਦ ਜਿੰਨਾ ਫ਼ਾਸਲਾ ਬਾਕੀ ਹੈ।

ਅੱਜ ਜ਼ਰੂਰੀ ਹੈ ਕਿ ਸਿੱਖ ਕੌਮ ਦੀ ਅਜ਼ਾਦੀ ਲਈ ਸੰਘਰਸ਼ਸ਼ੀਲ ਸਿੱਖ ਇੱਕ ਵਾਰ ਖਲੋ ਕੇ ਗੁਰੂ ਅਰਜਨ ਸਾਹਿਬ ਦੇ ਸ਼ਬਦ:

ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ ॥
ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ ॥

ਨੂੰ ਆਪਣੇ ਮਨ ਵਿੱਚ ਵਸਾਉਣ ਤੇ ਮੌਤ ਦਾ ਖ਼ੌਫ਼ ਲਾਹ ਕੇ ਮੁੜ ਅਗਾਂਹ ਤੁਰਨ। ਫ਼ਤਹਿ ਕਦਮਾਂ 'ਚ ਆ ਡਿੱਗੇਗੀ।

* * * * *

ਉਸ ਸੋਚੇ ਸੰਤ ਸਿਪਾਹੀ ਨੇ, ਈਨ ਮੰਨੀ ਨਾ ਹਿੰਦ ਦੀ ਰਾਣੀ ਦੀ।
ਉਹਦੇ ਅੰਦਰ ਦੀ ਜੋ ਤਾਕਤ ਸੀ, ਉਹ ਤਾਕਤ ਸੀ ਗੁਰਬਾਣੀ ਦੀ।
ਅੰਮ੍ਰਿਤ ਦੀ ਬੂੰਦ ਉਹਦੇ ਜਿਹ ਚੜ੍ਹਦੈ ਸੰਗਤੇ ਬੋਲੀ ਸੀ।
ਸਿੰਘਾਂ ਦੀ ਸਾਹਮ ਤੋਲ ਉਹਨੇ, ਫਿਰ ਖੰਡਾਂ ਦੇ ਵਿੱਚ ਡੋਲੀ ਸੀ।

ਇੱਕ ਅਣਖੀਲੇ ਜਰਨੈਲ ਦੀ ਸ਼ਹਾਦਤ

ਜੂਨ 1947 ਵਿੱਚ ਜਿਸ ਵੇਲੇ ਸਿੱਖਾਂ ਦੇ ਸਾਰੇ ਦੇ ਸਾਰੇ ਨਾਲਾਇਕ ਲੀਡਰ ਇਕੱਠੇ ਹੋ ਕੇ ਸਿੱਖਾਂ ਵੱਲੋਂ ਸ਼ਹੀਦੀਆਂ ਦੇ ਤੇਜ-ਪ੍ਰਤਾਪੀ ਪ੍ਰਕਾਸ਼ ਦੇ ਹੜ੍ਹ ਨਾਲ ਮਿਟਾਏ ਗ਼ੁਲਾਮੀ ਦੇ ਗਾੜ੍ਹੇ ਹਨੇਰੇ ਦੇ ਹੇਠੋਂ ਚੜ੍ਹ ਰਹੇ ਅਜ਼ਾਦੀ ਦੇ ਸੂਰਜ ਨੂੰ ਹਿੰਦੂਸ਼ਾਹੀ ਦੀ ਝੋਲੀ 'ਚ ਪਾਉਣ ਲਈ ਪੂਰੇ ਜ਼ੋਰ-ਸ਼ੋਰ ਨਾਲ ਮਿਹਨਤ ਕਰ ਰਹੇ ਸਨ, ਤਾਂ ਐਨ ਇਸੇ ਹੀ ਸਮੇਂ ਅਕਾਲ-ਪੁਰਖ ਦੀ ਮਿਹਰ ਨਾਲ ਪੰਜਾਬ ਦੇ ਫ਼ਰੀਦਕੋਟ ਜ਼ਿਲ੍ਹੇ ਦੇ ਪਿੰਡ ਰੋਡੇ 'ਚ ਇੱਕ ਸੂਰਜ ਉਦੇ ਹੋ ਰਿਹਾ ਸੀ। ਇਸ ਸੂਰਜ ਦੇ ਤੇਜ ਨੇ ਨਾਲਾਇਕ ਸਿੱਖ ਲੀਡਰਸ਼ਿਪ ਵੱਲੋਂ ਸਿੱਖਾਂ ਦੀ ਮਾਨਸਿਕਤਾ ਦੇ ਅੰਦਰ ਪਸਾਰ ਦਿੱਤੇ ਗਏ ਗ਼ੁਲਾਮੀ ਦੇ ਕਲੰਕੀ ਹਨੇਰੇ ਨੂੰ ਦੂਰ ਕਰਨਾ ਸੀ।

ਸੰਨ 1947 ਦੇ ਅਰੰਭ 'ਚ ਰੋਡੇ ਪਿੰਡ ਦੇ ਕਿਸਾਨ ਸ. ਜੋਗਿੰਦਰ ਸਿੰਘ ਦੇ ਗ੍ਰਿਹ ਵਿਖੇ ਮਾਤਾ ਨਿਹਾਲ ਕੌਰ ਜੀ ਦੀ ਕੁੱਖੋਂ ਜਨਮੇ ਬਾਲਕ ਦਾ ਨਾਂ 'ਜਰਨੈਲ ਸਿੰਘ' ਰੱਖਿਆ ਜਾਣਾ ਵੀ ਇੱਕ ਦੈਵੀ ਕ੍ਰਿਸ਼ਮਾ ਹੀ ਜਾਪਦਾ ਹੈ, ਕਿਉਂਕਿ ਇਸ ਬਾਲਕ ਨੇ ਭਵਿੱਖ ਵਿੱਚ ਜਰਨੈਲੀ ਦੇ ਅਹਿਮ ਫ਼ਰਜ਼ ਨਿਭਾਉਣੇ ਸਨ। ਇੱਕ ਹੋਰ ਦੈਵੀ ਕ੍ਰਿਸ਼ਮਾ ਓਦੋਂ ਵਾਪਰਿਆ, ਜਦੋਂ ਦਮਦਮੀ ਟਕਸਾਲ ਦੇ ਬਾਰ੍ਹਵੇਂ ਮੁਖੀ ਸੰਤ ਬਾਬਾ ਗੁਰਬਚਨ ਸਿੰਘ ਜੀ ਖ਼ਾਲਸਾ ਨੇ ਰੋਡੇ ਪਿੰਡ ਦੇ ਦੌਰੇ ਸਮੇਂ ਬਾਬਾ ਜੋਗਿੰਦਰ ਸਿੰਘ ਤੋਂ ਇੱਕ ਪੁੱਤ ਟਕਸਾਲ ਲਈ ਮੰਗਿਆ। ਬਾਬਾ ਜੋਗਿੰਦਰ ਸਿੰਘ ਵੱਲੋਂ ਸਾਰੇ ਹੀ ਪੁੱਤਰ ਸਨਮੁਖ ਲਿਆ ਖਲ੍ਹਾਰਨ 'ਤੇ ਸੰਤ ਜੀ ਨੇ 'ਜਰਨੈਲ' ਨੂੰ ਬਾਹੋਂ ਫੜ ਕੇ ਆਪਣੇ ਵੱਲ ਖਿੱਚ ਲਿਆ। ਇੱਥੋਂ ਇਹ ਬਾਲਕ ਉਸ ਕੌਮੀ ਕਾਫ਼ਲੇ ਵਿੱਚ ਜਾ ਰਲ਼ਿਆ, ਜਿਸ ਦੀ ਅਗਵਾਈ ਸੰਭਾਲ਼ ਕੇ ਉਸ ਨੇ ਸਮੁੱਚੀ ਕੌਮ ਦੀ ਅਗਵਾਈ ਸੰਭਾਲ਼ਣੀ ਸੀ ਅਤੇ ਦੁਨੀਆ ਨੂੰ ਦੱਸਣਾ ਸੀ ਕਿ ਸਿੱਖ ਕੀ ਹਨ। ਦੂਜੇ ਪਾਸੇ ਸਿੱਖਾਂ ਨੂੰ ਵੀ ਇਹ ਦੱਸਣਾ ਸੀ ਕਿ ਲੀਡਰਸ਼ਿਪ ਕਿਸ ਤਰ੍ਹਾਂ ਦੀ ਹੁੰਦੀ ਹੈ।

ਸਿੱਖਾਂ ਦਾ ਇਤਿਹਾਸ ਗਵਾਹੀ ਦਿੰਦਾ ਸੀ ਕਿ ਇਹਨਾਂ ਦੇ ਲੀਡਰ ਹਰ ਇੱਕ ਖ਼ਤਰੇ ਨੂੰ ਅੱਗੇ ਹੋ ਕੇ ਟੱਕਰਦੇ ਰਹੇ ਹਨ ਤੇ ਜਿੱਥੇ ਸ਼ਹੀਦੀ ਦੇਣੀ ਪਈ, ਅੱਗੇ ਹੋ ਕੇ ਸ਼ਹੀਦੀ ਪਾਉਂਦੇ ਰਹੇ ਹਨ। ਵੱਡੇ ਘੱਲੂਘਾਰੇ ਵਿੱਚ ਸਿੱਖ ਜਦੋਂ ਚਾਰ-ਚੁਫੇਰਿਓਂ ਘਿਰ ਗਏ ਤਾਂ ਸਿੱਖ ਕੌਮ ਦੇ ਜਰਨੈਲ ਸ. ਜੱਸਾ ਸਿੰਘ ਆਹਲੂਵਾਲੀਏ ਦੇ ਘੋੜੇ ਨੂੰ ਇੱਕ ਸਾਥੀ ਸਿੰਘ ਗੁਰਮੁਖ ਸਿੰਘ ਨੇ ਚਾਬਕ ਮਾਰੀ, ਤੇ ਨਾਲ ਹੀ ਕਿਹਾ: "ਸਰਦਾਰ ਜੀ ਤੁਸੀਂ ਨਿਕਲ ਜਾਓ।"

ਜੱਸਾ ਸਿੰਘ ਨੇ ਉਸ ਨੂੰ ਰੋਕਦਿਆਂ ਕਿਹਾ:

ਉਸ ਬਾਣੀ ਬਹਾਦਰ ਨੂੰ ਜਿਸ ਨੇ ਦੋਵਾਂ ਸੂਰਤੇ ਤਰਨਾਂ ਨਹੀਂ।
ਅੱਜ ਫਿਰਦੇ ਸੰਤ ਨੂੰ ਖੋਰੇ ਨੇ, ਜਿੰਨੇ ਨੇ ਭਿੰਡਰਾਂ ਵਾਲਾ ਬਣਨਾ ਨਹੀਂ।
(ਰਿਸ਼ਆਦਾ)

''ਮੈਨੂੰ ਪੰਥ ਆਪਣਾ ਸਰਦਾਰ ਕਹਿੰਦਾ ਹੈ। ਮੁਸੀਬਤ ਸਮੇਂ ਮੈਂ ਜਾਨ ਬਚਾ ਕੇ ਭੱਜ ਜਾਵਾਂ, ਇਹ ਮੈਥੋਂ ਨਹੀਂ ਹੁੰਦਾ। ਇਸ ਜ਼ਿੰਦਗੀ ਨਾਲੋਂ ਤਾਂ ਮੌਤ ਚੰਗੀ, ਜੇ ਮੈਂ ਬਚ ਕੇ ਨਿਕਲ ਜਾਵਾਂ ਤਾਂ ਪੰਥ ਮੇਰੇ 'ਤੇ ਹੱਸੇਗਾ। ਸੂਰਮੇ ਦਾ ਕੰਮ ਡਟ ਕੇ ਲੜਨਾ ਹੈ, ਮੈਦਾਨ ਛੱਡ ਕੇ ਦੌੜਨਾ ਨਹੀਂ।''

ਇਸ ਘੱਲੂਘਾਰੇ ਵਿੱਚ ਸ. ਜੱਸਾ ਸਿੰਘ ਦੇ ਸਰੀਰ 'ਤੇ 22 ਫੱਟ ਲੱਗੇ ਸਨ ਤੇ ਉਸ ਦੀ ਸੁਚੱਜੀ ਅਗਵਾਈ ਵਿੱਚ ਹੀ ਸਿੱਖ ਕੌਮ ਇਸ ਘੱਲੂਘਾਰੇ 'ਚੋਂ ਮੁੜ ਉੱਭਰੀ ਸੀ।

ਸਿੱਖ ਲੀਡਰਸ਼ਿਪ ਵਿੱਚ ਇਹ ਪ੍ਰਧਾਨ ਗੁਣ ਖ਼ਾਲਸਾ ਰਾਜ ਤੇ ਖ਼ਾਲਸਾ ਰਾਜ ਤੋਂ ਬਾਅਦ ਸ. ਤੇਜਾ ਸਿੰਘ ਸਮੁੰਦਰੀ ਅਤੇ ਸ. ਖੜਕ ਸਿੰਘ ਤਕ ਪਾਇਆ ਜਾਂਦਾ ਰਿਹਾ, ਪਰ ਇਸ ਤੋਂ ਬਾਅਦ ਦੀ ਸਿੱਖ ਲੀਡਰਸ਼ਿਪ ਇਸ ਅਹਿਮ ਸਿਧਾਂਤਕ ਗੁਣ ਤੋਂ ਸੱਖਣੀ ਹੋ ਗਈ। ਅਖੌਤੀ ਸੰਤ ਫ਼ਤਹਿ ਸਿੰਘ ਵਰਗਿਆਂ ਨੇ ਸ਼ਹੀਦੀ ਸ਼ਬਦ ਨੂੰ ਮਖੌਲ ਬਣਾ ਕੇ ਰੱਖ ਦਿੱਤਾ, ਜਿਸ ਤੋਂ ਦੁਖੀ ਹੋ ਕੇ ਸਿੱਖ ਪੰਥ ਦੇ ਅੰਦਰੋਂ ਭਾਈ ਦਰਸ਼ਨ ਸਿੰਘ ਫੇਰੂਮਾਨ ਵਰਗੇ ਦੂਜੀ ਕਤਾਰ ਦੇ ਲੀਡਰ ਤੇ ਇੱਥੋਂ ਤਕ ਕਿ ਇੱਕ ਪੂਰਬੀ ਸਿੰਘ ਨੇ ਸ਼ਹਾਦਤ ਦੇ ਕੇ ਕੌਮ ਦੀ ਲਾਜ ਰੱਖੀ, ਪਰ ਲੀਡਰਸ਼ਿਪ ਵਿੱਚ ਕੋਈ ਤਬਦੀਲੀ ਨਾ ਹੋ ਸਕੀ।

ਇਸ ਤੋਂ ਅਗਲੀ ਪੀੜ੍ਹੀ ਦੀ ਲੀਡਰਸ਼ਿਪ ਵੀ ਭੇਖੀ ਸੰਤ ਫ਼ਤਹਿ ਸਿੰਘ ਤੋਂ ਹੀ ਸੇਧ ਅਤੇ ਪ੍ਰੇਰਨਾ ਲੈ ਕੇ ਚੱਲਣ ਵਾਲ਼ੀ ਸੀ, ਜਿਸ ਨੇ ਪੰਥਕ ਸ਼ਬਦਾਵਲੀ ਵਰਤ ਕੇ ਕੁਰਬਾਨ ਹੋ ਜਾਣ ਦੀਆਂ ਭਬਕਾਂ ਤਾਂ ਬਥੇਰੀਆਂ ਮਾਰੀਆਂ, ਪਰ ਅੱਗਾ ਸ਼ੇਰ ਦਾ ਤੇ ਪਿੱਛਾ ਗਿੱਦੜ ਦਾ ਹੋਣ ਕਾਰਨ 'ਕਥਨੀ' ਨੂੰ 'ਕਰਨੀ' ਦੇ ਮੁਕਾਮ ਤਕ ਨਾ ਲਿਜਾ ਸਕੀ। ਇਸੇ ਹੀ ਰੋਲ-ਘਚੋਲੇ ਵਿੱਚ ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲ਼ਿਆਂ ਦਾ ਪੰਥਕ ਸਟੇਜ 'ਤੇ ਧਮਾਕਾਖ਼ੇਜ਼ ਢੰਗ ਨਾਲ ਆਗਮਨ ਹੋਇਆ।

ਸੰਨ 1699 ਦੀ ਵਿਸਾਖੀ ਨੂੰ ਗੁਰੂ ਸਾਹਿਬ ਦੇ ਸਨਮੁਖ ਪੰਜ ਸਿੰਘਾਂ ਨੇ ਸੀਸ ਭੇਟ ਕਰ ਕੇ ਪੰਥ ਖ਼ਾਲਸਾ ਹੋਂਦ ਵਿੱਚ ਲਿਆਂਦਾ ਸੀ ਤੇ ਸੰਨ 1978 ਦੀ ਵਿਸਾਖੀ ਨੂੰ 13 ਸਿੰਘਾਂ ਨੇ ਆਪਣੇ ਸੀਸ ਭੇਟ ਕਰ ਕੇ ਇੱਕ ਸੰਘਰਸ਼ਸ਼ੀਲ ਕਾਫ਼ਲਾ ਹੋਂਦ ਵਿੱਚ ਲਿਆਂਦਾ, ਜਿਸ ਦੀ ਅਗਵਾਈ ਸੰਤ ਜਰਨੈਲ ਸਿੰਘ ਵਰਗੇ ਅਣਖੀਲੇ ਤੇ ਜਾਂਬਾਜ਼ ਜਰਨੈਲ ਦੇ ਹੱਥ ਸੀ।

ਸਿੱਖ ਸਿਧਾਂਤਕ ਪ੍ਰੰਪਰਾ ਨੂੰ ਸਮਰਪਿਤ ਇਸ ਸੰਘਰਸ਼ਸ਼ੀਲ ਕਾਫ਼ਲੇ ਦੀ ਖਿੱਚ ਹੀ ਅਜਿਹੀ ਸੀ ਕਿ ਪੰਥਕ ਪ੍ਰਾਪਤੀਆਂ ਦੇ ਚਾਹਵਾਨ ਸਿੱਖਾਂ ਨੇ ਇਸ ਕਾਫ਼ਲੇ 'ਚ ਸ਼ਾਮਲ ਹੋਣ ਲਈ ਵਹੀਰਾਂ ਘੱਤ ਦਿੱਤੀਆਂ। ਸ਼ਰਮਿੰਦਗੀ ਵਿੱਚ ਨਿਕੰਮੀ ਲੀਡਰਸ਼ਿਪ ਵੀ ਪਿੱਛੇ-ਪਿੱਛੇ ਇਸ ਕਾਫ਼ਲੇ ਵਿੱਚ ਆ ਵੜੀ ਤੇ ਵੀਹਵੀਂ ਸਦੀ ਦੇ ਇੱਕ ਧਰਮ ਯੁੱਧ ਦਾ ਆਗਾਜ਼ ਹੋਇਆ। ਪਰ ਇਸ ਧਰਮ ਯੁੱਧ ਵਿੱਚ ਮਜਬੂਰਨ ਸ਼ਾਮਲ ਹੋਈ ਅਕਾਲੀ ਲੀਡਰਸ਼ਿਪ ਦਾ ਨਿਸ਼ਾਨਾ ਕੌਮੀ ਫ਼ਤਹਿ ਨਹੀਂ; ਸਗੋਂ ਇਸ ਕਾਫ਼ਲੇ ਦੇ ਰਹਿਨੁਮਾ ਦੀ ਪਿੱਠ 'ਚ ਛੁਰਾ ਖੋਭ ਕੇ ਆਪਣੀ ਦਮ ਤੋੜ ਰਹੀ ਲੀਡਰੀ ਦੇ ਸਾਹ ਵਧਾਉਣ ਦੀ ਦਾਅ-ਨੁਮਾ ਦੌੜ ਸੀ। ਅਜਿਹਾ ਉਸ ਲੀਡਰਸ਼ਿਪ ਨੇ ਕੀਤਾ ਵੀ, ਭਾਵੇਂ ਕਿ ਇਸ ਦੀ ਉਹਨਾਂ ਨੂੰ ਲੰਮੀ ਤੇ ਖੌਫ਼ਨਾਕ ਸਜ਼ਾ ਵੀ ਭੁਗਤਣੀ ਪਈ।

ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲ਼ਿਆਂ ਨੇ ਸਿੱਖ ਜੱਦੋਜਹਿਦ ਨੂੰ ਗਾਂਧੀਵਾਦੀ

ਚੱਕਰਵਿਊ 'ਚੋਂ ਕੱਢ ਕੇ ਉਸ ਸਿਧਾਂਤਕ ਸਟੈਂਡ 'ਤੇ ਲਿਆ ਖੜ੍ਹਾ ਕੀਤਾ, ਜੋ ਸਟੈਂਡ ਕਿਸੇ ਵੇਲੇ ਗੁਰੂ ਹਰਿਗੋਬਿੰਦ ਪਾਤਸ਼ਾਹ ਤੇ ਦਸਮੇਸ਼ ਪਿਤਾ ਨੇ ਮੁਗ਼ਲ ਹਕੂਮਤ ਵੱਲੋਂ ਆਇਦ ਕੀਤੀਆਂ ਪਾਬੰਦੀਆਂ ਨੂੰ ਤੋੜਦੇ ਹੋਏ ਲਿਆ ਸੀ। ਗ਼ੈਰ-ਮੁਸਲਮਾਨਾਂ ਦੇ ਤਲਵਾਰ ਧਾਰਨ 'ਤੇ ਪਾਬੰਦੀ, ਬਾਜ਼ ਰੱਖਣ 'ਤੇ ਪਾਬੰਦੀ, ਘੋੜੇ ਦੀ ਸਵਾਰੀ ਕਰਨ ਦੀ ਪਾਬੰਦੀ, ਵੱਖਰਾ ਝੰਡਾ ਤਿਆਰ ਕਰਨ 'ਤੇ ਪਾਬੰਦੀ, ਨਗਾਰਾ ਵਜਾਉਣ ਤੇ ਪਾਬੰਦੀ ਆਦਿ ਸਮੂਹ ਪਾਬੰਦੀਆਂ ਨੂੰ ਨਗਾਰੇ ਦੀ ਧਮਕ ਨਾਲ ਗੱਜ ਵਜਾ ਕੇ ਤੋੜਨ ਦਾ ਐਲਾਨ ਕੀਤਾ ਸੀ। ਇਸ ਮੁਗ਼ਲਸ਼ਾਹੀ ਕਨੂੰਨ ਦੀ ਉਲੰਘਣਾ ਕਰ ਕੇ ਗੁਰੂ ਸਾਹਿਬ ਨੇ ਅਜ਼ਾਦ ਹਸਤੀ ਨੂੰ ਕਾਇਮ ਰੱਖਣ ਦਾ ਜਿਹੜਾ ਸੰਘਰਸ਼ਮਈ ਤੇ ਲਹੂ-ਵੀਟਵਾਂ ਰਾਹ ਖ਼ਾਲਸੇ ਨੂੰ ਵਿਖਾਇਆ ਸੀ, ਉਸ ਸ਼ਾਹ-ਰਾਹ ਉੱਪਰ ਕੌਮੀ ਕਾਫ਼ਲੇ ਨੂੰ (ਖ਼ਾਲਸਾ ਰਾਜ ਤੋਂ ਬਾਅਦ) ਮੁੜ ਚਾੜ੍ਹਨ ਦਾ ਸਿਹਰਾ ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲਿਆਂ ਦੇ ਸਿਰ ਬੱਝਦਾ ਹੈ। ਇਸ ਲਈ ਉਹਨਾਂ ਨੇ ਸਿੰਘਾਂ ਨੂੰ ਵੰਗਾਰ ਕੇ ਆਖਿਆ:

"ਸ਼ਸਤਰਧਾਰੀ ਹੋਣੈ, ਤਿਆਰ ਬਰ ਤਿਆਰ ਰਹਿਣੈ। ਇੰਦਰਾ ਨੇ ਇੱਕ ਗੱਲ ਕਹੀ ਆ, ਅਖੇ ਜੀ 'ਸਿੱਖ ਹਥਿਆਰ ਲੈ ਕੇ ਵਿਚਰਦੇ ਕਿਉਂ ਆਂ?' ....ਇੰਦਰਾ! ਅਸੀਂ ਨਾ ਤੇਰੇ ਸਿੱਖ ਆਂ ਤੇ ਨਾ ਤੇਰੇ ਪਿਉ ਨਹਿਰੂ ਦੇ ਆਂ । ਅਸੀਂ ਸਿੱਖ ਹਾਂ ਗੁਰੂ ਹਰਿਗੋਬਿੰਦ ਸਾਹਿਬ ਤੇ ਗੁਰੂ ਗੋਬਿੰਦ ਸਿੰਘ ਸਾਹਿਬ ਸੱਚੇ ਪਾਤਿਸ਼ਾਹ ਜੀ ਦੇ । ਉਹਦੇ ਸਿੱਖ ਹਾਂ ਤੇ ਜਿਨ੍ਹਾਂ ਵਡੇਰਿਆਂ ਦੀ ਯਾਦ ਵਿੱਚ ਅਸੀਂ ਬੈਠੇ ਹਾਂ, ਪਹਿਲਾਂ ਉਹਨਾਂ ਦਾ ਪਿਛੋਕੜ ਪੜ੍ਹ ਲੈ, ਭਈ ਉਹ ਕੌਣ ਸੀ । ਹੁਣ ਤੇਰੇ ਆਖੇ ਲੱਗੀਏ ਕਿ ਅਸੀਂ ਆਪਦੇ ਗੁਰੂ ਦੇ (ਆਖੇ) ਲੱਗੀਏ? ਸਾਡੇ ਪਿਤਾ ਦਾ ਹੁਕਮ ਆਂ ਸ਼ਸਤਰਾਂ ਬਿਨਾਂ ਮੈਂ ਦਰਸ਼ਨ ਨਹੀਂ ਦੇਣੇ, ਜਿਹੜਾ ਮੇਰੇ ਕੋਲ ਆਊਗਾ, ਜਿਨ੍ਹੇ ਮੇਰੇ ਦਰਸ਼ਨ ਕਰਨੇ ਆਂ, ਸ਼ਸਤਰਧਾਰੀ ਹੋ ਕੇ ਆਇਓ, ਜਿਨ੍ਹੇ ਮੇਰੇ ਦਰਸ਼ਨ ਨਹੀਂ ਕਰਨੇ ਉਹਦੀ ਮਰਜ਼ੀ।

ਆਪਣਾ ਰਹਿਬਰ ਕਹਿ ਰਿਹਾ ਸ਼ਸਤਰਾਂ ਸਮੇਤ ਆਉ (ਤੇ) ਉਹਨਾਂ (ਹਿੰਦੂਆਂ) ਦਾ ਪੈਰੋਕਾਰ ਕਹਿ ਰਿਹਾ ਰਹਿਬਰ ਨੂੰ, (ਕਿ ਤੂੰ) ਸ਼ਸਤਰ ਧਾਰ ਕੇ ਆ । ਇਹ ਮਨਘੜਤ ਗੱਲ ਨਹੀਂ, ਪੜ੍ਹ ਲਉ ਤੁਲਸੀ ਰਮਾਇਣ । ਤੁਲਸੀ ਜੀ ਨੇ ਅਰਾਧਨਾ ਕੀਤੀ, ਰਾਮ ਚੰਦਰ ਜੀ ਪ੍ਰਗਟ ਹੋ ਗਏ ਤੇ ਮੱਥਾ ਨਹੀਂ ਟੇਕਿਆ ਤੁਲਸੀ ਜੀ ਨੇ, ਤੇ ਪੁੱਛਦੇ 'ਭਗਵਾਨ' ਜੀ, ਮੱਥਾ ਨਹੀਂ ਟੇਕਦਾ, ਗ਼ੁੱਸੇ ਹੋ ਗਿਆਂ ? ਕਹਿੰਦਾ ਜੀ ਮੱਥਾ ਕਿਹਨੂੰ ਟੇਕਾਂ, ਤੁਸੀਂ ਉਹ ਹੈ ਹੀ ਨਹੀਂ । ਰਾਮ ਚੰਦਰ ਜੀ ਕਹਿਣ ਲੱਗੇ, ਮੈਂ ਉਹੋ ਹੀ ਹਾਂ, ਮੱਥਾ ਟੇਕ ਲੈ। ਕਹਿੰਦਾ ਇਵੇਂ ਨਹੀਂ ਗੱਲ ਬਣਦੀ । ਤੇਰੇ ਜੂੜਾ ਠੀਕ ਸੁੰਦਰ ਹੈਗਾ, ਦਾੜ੍ਹਾ ਕੁਦਰਤ ਨੇ ਤੈਨੂੰ ਨਹੀਂ ਦਿੱਤਾ । ਕ੍ਰਿਸ਼ਨ ਜੀ ਤੇ ਰਾਮ ਚੰਦਰ ਦੇ ਦਾੜ੍ਹਾ ਨਹੀਂ ਆਇਆ, ਬਾਕੀ ਸਾਰੇ ਅਵਤਾਰਾਂ ਦੇ ਆਏ ਆ । ਨਾ ਤੇਰੇ ਕੋਲ ਧਨੁਸ਼ ਆ, ਨਾ ਤੇਰੇ ਕੋਲ ਤੀਰ ਆ, ਤੈਨੂੰ ਮੱਥਾ ਕਿਵੇਂ ਟੇਕ ਲਵਾਂ ? ਤੁਲਸੀ ਜੀ ਨੇ ਕਿਹਾ, ਜੇ ਮੱਥਾ ਟਿਕਾਉਣਾ ਤਾਂ

'ਤੁਲਸੀ ਮਸਤਕ ਤਉ ਟਿਕੇ, ਧਨੁਸ਼ ਬਾਣ ਹੋਏ ਹਾਥ ॥'

ਤੁਲਸੀ ਜੀ ਕਹਿੰਦੇ ਮੇਰਾ ਮੱਥਾ ਤੈਨੂੰ ਤਾਂ ਟਿਕੂ ਜੇ ਧਨੁਸ਼ ਤੇ ਤੀਰ ਤੇਰੇ ਕੋਲ ਹੋਣ ।

ਨਿਗ੍ਹਾ ਮਾਰ ਲਉ ਕਿੰਨਾ ਕੰਮ ਉਲਟਾ । ਪੈਰੋਕਾਰ ਰਹਿਬਰ ਨੂੰ ਕਹਿੰਦਾ (ਸ਼ਸਤਰ ਲੈ ਕੇ ਆ) ਤੇ ਏਧਰ ਰਹਿਬਰ ਪੈਰੋਕਾਰ ਨੂੰ ਕਹਿੰਦਾ (ਕਿ) ਸ਼ਸਤਰ ਧਾਰ ਕੇ ਆ । ਸ਼ਸਤਰਾਂ ਤੋਂ ਬਿਨਾਂ ਤੂੰ ਭੇਡੂ ਵਰਗਾ, ਭੇਡ ਵਰਗਾ :

ਬਿਨਾ ਸਸਤਰੰ ਕੇਸੰ ਨਰੰ ਭੇਡ ਜਾਨੋ ॥

ਗਹੇ ਕਾਨ ਤਾ ਕਉ ਕਿਤੇ ਲੇ ਸਧਾਨੋ ॥

ਇਹੀ ਮੋਰ ਆਗਯਾ ਸੁਨੋ ਹੇ ਪਿਆਰੇ ॥

ਬਿਨਾ ਸ਼ਸਤਰ ਕੇਸੰ ਨ ਦੇਵੋ ਦਿਦਾਰੇ ॥

ਉਹਨਾਂ (ਗੁਰੂ ਸਾਹਿਬਾਂ) ਦੇ ਸਪੁੱਤਰਾਂ ਨੂੰ, ਉਹਨਾਂ ਦੇ ਪੈਰੋਕਾਰਾਂ ਨੂੰ ਅੱਜ ਉੱਠ ਕੇ ਪ੍ਰਧਾਨ ਮੰਤਰੀ ਬਣ ਕੇ ਕਹਿੰਦੀ ਆ ਕਿ ਸ਼ਸਤਰ ਨਹੀਂ ਲੈ ਕੇ ਫਿਰਨਾ ਚਾਹੀਦਾ, ਤੇ ਜਿਨ੍ਹਾਂ ਦਾ ਤੱਕੜੀ ਤੋਲਣ ਦਾ ਕੰਮ ਆਂ ਤੇ ਜਨੇਊ ਗਲ਼ 'ਚ ਪਾ ਕੇ ਤੇ ਕੇਵਲ ਕੁੰਜੀ ਬੰਨ੍ਹਣ ਦਾ ਕੰਮ ਆਂ, ਅੱਜ ਉਹਨਾਂ ਦੇ ਲੋਕ 230 ਗਰਨੇਡ ਰੱਖ ਰਹੇ ਆ।....ਹਿੰਦੂ ਸੁਰੱਖਸ਼ਾ ਸੰਮਤੀ ਪਟਿਆਲ਼ੇ ਦਾ ਪ੍ਰਧਾਨ ਪਵਨ ਕੁਮਾਰ । ਉਹਦੇ ਕੋਲ਼ੋਂ 230 ਗਰਨੇਡ ਨਿਕਲੇ ਆ ਤੇ ਬਰੀ ਵੀ ਕਰ ਦਿੱਤਾ, ਕੋਈ ਕੁੱਟ ਮਾਰ ਨਹੀਂ, ਇੰਟੈਰੋਗੇਸ਼ਨ ਨਹੀਂ....। ਤੇ ਜੇ ਸਿੱਖ ਦੇ ਪੁੱਤਰ ਕੋਲ ਖ਼ਾਲੀ ਕਾਰਤੂਸ ਵੀ ਕੋਈ ਨਹੀਂ ਫੜਿਆ ਤੇ ਪੁੱਠਾ ਲਮਕਾ ਦਿੱਤਾ ਤੇ ਸੀਖਾਂ ਲੰਘਾ ਲੰਘਾ ਪੇਟ ਵਿੱਚ ਦੀਂ ਮਾਰ ਦਿੱਤਾ। ਕੀ ਗਰਨੇਡ ਦਾ ਲਾਇਸੈਂਸ ਬਣਦਾ ? ਤੁਸੀਂ ਸੋਚ ਲਉ ਖ਼ਾਲਸਾ ਜੀ । ਜੇ ਪਵਨ ਕੁਮਾਰ 230 ਰੱਖ ਸਕਦਾ ਤੇ ਮੈਂ ਬੇਨਤੀ ਕਰਾਂਗਾ ਤੇ ਐਲਾਨ ਵੀ ਕਰਾਂਗਾ ਤੁਹਾਨੂੰ, ਡਰੋ ਨਾ, ਕੋਈ ਲੋੜ ਨਹੀਂ ਲਸੰਸਾਂ-ਲਸੂੰਸਾਂ ਦੀ । ਕਾਪੀ ਲਉ ਅਨੰਦਪੁਰ ਦੇ ਮਤੇ ਦੀ । ਇੱਕ ਰੱਖੋ ਖੀਸੇ 'ਚ ਤੇ ਹਥਿਆਰ ਰੱਖੋ ਗਾਤਰੇ, ਜਿਹੜਾ ਪੁਲੀਸ ਕਰਮਚਾਰੀ ਕਹਿੰਦਾ ਖ਼ਾਲਸਾ ਜੀ ਲਾਇਸੈਂਸ ਕਿੱਥੇ ਆ ? ਉਹਨੂੰ ਕਹੋ ਜੀ ਆਹ ਅਨੰਦਪੁਰ ਦਾ ਮਤਾ । ਉਹ ਪੁੱਛੂਗਾ ਇੱਥੇ ਕਿੱਥੇ ਲਿਖਿਆ, ਛੇਵਾਂ ਪਹਿਰਾ ਵਿਖਾ ਦਿਓ । ਛੇਵੇਂ ਪਹਿਰੇ 'ਚ ਲਿਖਿਆ, .12 ਬੋਰ ਪਸਤੌਲ ਤੋਂ ਲੈ ਕੇ ਕਾਰਬਾਈਨ ਤਕ ਕਿਸੇ ਲਾਇਸੈਂਸ ਦੀ ਲੋੜ ਨਹੀਂ । ਉਹਨੂੰ ਕਹੋ ਜੀ ਅਕਾਲੀ ਦਲ ਦਾ ਅਨੰਦਪੁਰ ਦਾ ਮਤਾ ਤੇ ਅਸੀਂ ਹਾਂ ਪੰਥ ਦੇ ਸੇਵਾਦਾਰ, ਇਹ ਪੜ੍ਹਾ ਦਿਓ, ਕਹੋ ਜੀ ਇਹਨਾਂ ਲੀਡਰਾਂ ਨੇ ਪਾਸ ਕੀਤਾ । ਪਹਿਲਾਂ ਉਹਨਾਂ ਨੂੰ ਪੁੱਛੋ ਜਾ ਕੇ ਤੇ ਫਿਰ ਰਿਵਾਲਵਰ ਦੇਵਾਂਗੇ, ਤੇ ਜੇ ਕਹਿਣ ਉਹਨਾਂ ਤੋਂ ਤੇ ਅਸੀਂ ਪੁੱਛਣਾ ਨਹੀਂ, ਤੁਹਾਥੋਂ ਖੋਹਣਾ, ...ਤੇ ਫਿਰ ਤਿੰਨ ਵੱਖੀ ਵਿੱਚ ਦੀ ਕੱਢ ਦਿਓ, ਆਪ ਅਗਾਂਹ ਹੋ ਜਾਇਓ

...ਇੱਕ ਬੇਨਤੀ ਕਰੂੰਗਾ, ਹਥਿਆਰ ਕੋਲ ਰੱਖ ਕੇ ਦੁਕਾਨ ਲੁੱਟਣੀ, ਘਰ ਕਿਸੇ ਦਾ ਲੁੱਟਣਾ, ਕਿਸੇ ਮਸੂਮ ਨੂੰ ਮਾਰਨਾ, ਕਿਸੇ ਧੀ ਭੈਣ ਦੀ ਇੱਜ਼ਤ ਲੁੱਟਣੀ, ਇਹਦੇ ਖ਼ਾਲਸਾ ਜੀ ਮੈਂ ਸਖ਼ਤ ਵਿਰੁੱਧ ਆਂ । ਕਿੰਨਾ ਕਿਸੇ ਨਾਲ਼ ਲੜ ਪਈਏ, ਭਾਵੇਂ ਨਰਕਧਾਰੀਆਂ ਦੀ ਧੀ ਭੈਣ ਹੋਵੇ, ਭਾਵੇਂ ਰਾਧਾ ਸੁਆਮੀਆਂ ਦੀ ਹੋਵੇ ਤੇ ਕਿਤੇ ਐਸਾ ਸਮਾਂ ਭਿਆਨਕ ਆ ਜਾਵੇ, ਇਹਨਾਂ ਲੋਕਾਂ ਦੀਆਂ ਧੀਆਂ ਭੈਣਾਂ ਆਪਣੇ ਘਰੇ ਆ ਜਾਣ, ਆਪਾਂ ਆਪਣੀਆਂ ਭੈਣਾਂ ਬਣਾ ਕੇ ਰੱਖਣੀਆਂ, ਇੱਜ਼ਤ ਨਹੀਂ ਕਿਸੇ ਦੀ ਲੁੱਟਣੀ, ਇਹ ਜੀਵਨ ਰੱਖਣਾ....। ਸੋ ਹਥਿਆਰਾਂ ਦੇ ਸੰਬੰਧ ਵਿੱਚ ਇਹ ਵੀ ਬੇਨਤੀ ਆ ਸ਼ਸਤਰਧਾਰੀ ਹੋਵੋ । ਹਥਿਆਰ ਰੱਖ ਕੇ ਨਿਹੱਥੇ ਨੂੰ ਮਾਰਨਾ, ਨਿਰਦੋਸ਼ੇ ਨੂੰ ਮਾਰਨਾ, ਦੁਕਾਨ ਲੁੱਟਣੀ, ਮਸੂਮ ਦਾ ਗਲ਼ ਘੁੱਟਣਾ, ਧੀ ਭੈਣ ਦੀ ਇੱਜ਼ਤ ਤੱਕਣੀ, ਇਦੋਂ ਵੱਡਾ ਪਾਪ ਨਹੀਂ ਸਿੱਖ ਵਾਸਤੇ,.....ਤੇ ਸ਼ਸਤਰਧਾਰੀ ਹੋ ਕੇ ਹੱਕ ਨਾ ਲੈਣਾ, ਇਦੋਂ ਵੱਡਾ ਵੀ ਪਾਪ ਕੋਈ ਨਹੀਂ । ਨਾ ਤਾਂ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਜਹਾਂਗੀਰ ਤੋਂ ਕੋਈ ਲਾਇਸੈਂਸ ਲਿਆ ਸੀ ਤੇ ਨਾ ਗੁਰੂ

ਦਸਵੇਂ ਪਾਤਿਸ਼ਾਹ ਜੀ ਨੇ ਔਰੰਗੇ ਤੋਂ ਕੋਈ ਲਾਇਸੈਂਸ ਲਿਆ ਸੀ।"

(ਸੰਤ ਜਰਨੈਲ ਸਿੰਘ ਜੀ ਦੀ ਇੱਕ ਤਕਰੀਰ 'ਚੋਂ)

ਬੇਸ਼ੱਕ ਸਿੱਖ ਸਿਧਾਂਤ ਸਾਰੇ ਹੀਲੇ ਫ਼ੇਲ੍ਹ ਹੋ ਜਾਣ ਤੋਂ ਬਾਅਦ ਹੀ ਸ਼ਸਤਰ ਦੇ ਮੁੱਠੇ 'ਤੇ ਹੱਥ ਪਾਉਣ ਦੀ ਆਗਿਆ ਦਿੰਦਾ ਹੈ ਤੇ ਸੰਤ ਜਰਨੈਲ ਸਿੰਘ ਨੇ ਵੀ ਇਨਸਾਫ਼ ਹਾਸਲ ਕਰਨ ਲਈ ਹਰ ਹੀਲਾ ਵਰਤ ਕੇ ਵੇਖਿਆ ਸੀ। ਗੁਰੂ ਦੀ ਬੇਅਦਬੀ ਰੋਕਣ ਲਈ 1978 ਦਾ ਸਾਕਾ ਸ਼ਾਂਤਮਈ ਦੀ ਸਿਖ਼ਰ ਸੀ ਤੇ ਅਦਾਲਤ ਰਾਹੀਂ ਇਨਸਾਫ਼ ਹਾਸਲ ਕਰਨ ਦਾ ਅਸਫਲ ਹੀਲਾ ਸ਼ਾਂਤੀ ਦੀ ਹੱਦ 'ਤੇ ਖਲੋ ਕੇ ਰਾਜ ਪ੍ਰਨਾਲੀ ਦੇ ਹੁੰਗਾਰੇ ਦੀ ਉਡੀਕ। ਇਹ ਹੁੰਗਾਰਾ ਵੀ ਨਿਰਾਸ਼ਾਜਨਕ ਸੀ, ਹੱਦ ਉਲੰਘਣੀ ਪਈ, ਪਰ ਇਹ ਸਿੱਖੀ ਸਿਦਕ ਤੇ ਸਬਰ ਦੀ ਇੰਤਹਾ ਸੀ ਕਿ ਸੰਤ ਜਰਨੈਲ ਸਿੰਘ ਜੀ ਦੇ ਤਿਆਰ ਕੀਤੇ ਮਰਜੀਵੜਿਆਂ ਨੂੰ ਫ਼ੌਜੀ ਸਿਖਲਾਈ ਦੇਣ ਵਾਲਾ ਜਰਨੈਲ ਜਨਰਲ ਸੁਬੇਗ ਸਿੰਘ ਵੀ ਇੱਕ ਵਾਰ ਮਿਤੀ 5 ਸਤੰਬਰ 1982 ਨੂੰ ਮੋਰਚੇ ਵਿੱਚ ਸ਼ਾਂਤਮਈ ਗ੍ਰਿਫ਼ਤਾਰੀ ਦਿੱਤੇ ਬਿਨਾਂ ਨਾ ਰਹਿ ਸਕਿਆ। ਪਰ ਇਸ ਤੋਂ ਹਫ਼ਤਾ ਬਾਅਦ 37 ਸ਼ਾਂਤਮਈ ਸਿੰਘਾਂ ਦੀ ਸ਼ਹਾਦਤ ਨੇ ਉਹਨਾਂ ਨੂੰ ਵੀ ਇਹ ਹੱਦ ਉਲੰਘਣ 'ਤੇ ਮਜਬੂਰ ਕਰ ਦਿੱਤਾ।

ਹਿੰਦੂ ਜਥੇਬੰਦੀਆਂ ਦਾ ਹਰ ਪ੍ਰਤੀਕਰਮ ਭੜਕਾਊ ਸੀ। ਕਾਂਗਰਸ ਦਾ ਨੇਤਾ ਹੰਸ ਰਾਜ ਸ਼ਰਮਾ ਅੰਮ੍ਰਿਤਸਰ ਵਿੱਚ ਆ ਕੇ ਕਹਿ ਰਿਹਾ ਸੀ:

"ਪੰਜਾਬ ਵਿੱਚ ਹਿੰਦੂ ਘੱਟ ਗਿਣਤੀ ਦਾ ਮੰਦਾ ਹਾਲ ਹੈ, ਪਰ ਪੰਜਾਬ ਤੋਂ ਬਾਹਰ ਵੱਸਦੇ ਸਿੱਖ ਐਸ਼ ਕਰ ਰਹੇ ਹਨ...।"

(ਗੁਰਦੁਆਰਾ ਗਜ਼ਟ, ਅਕਤੂਬਰ 1982)

ਫ਼ਰਵਰੀ 1983 ਨੂੰ ਮਲੋਟ 'ਚ ਮਹਾਂ ਹਿੰਦੂ ਪ੍ਰੀਸ਼ਦ ਸੰਮੇਲਨ ਹੋਇਆ, ਜਿਸ ਵਿੱਚ ਪਵਨ ਕੁਮਾਰ ਸ਼ਰਮਾ ਤੇ ਬੈਜਨਾਥ ਐਡਵੋਕੇਟ ਨੇ ਇਸ ਤਰ੍ਹਾਂ ਦੇ ਕੁਬਚਨ ਬੋਲੇ:

ਗੁਰਬਾਣੀ (ਗੁਰੂ ਗਰੰਥ ਸਾਹਿਬ) ਵਿਚਲੇ ਸ਼ਬਦ ਵੇਦਾਂ 'ਚੋਂ ਚੋਰੀ ਕੀਤੇ ਹੋਏ ਹਨ।....ਦਰਬਾਰ ਸਾਹਿਬ 'ਚ ਗੁੰਡੇ ਤੇ ਮੁਜ਼ਰਿਮ ਰਹਿੰਦੇ ਨੇ..।

ਹੋਰ ਵੀ ਬਹੁਤ ਭੜਕਾਊ ਕਾਰਵਾਈਆਂ ਹੁੰਦੀਆਂ ਰਹੀਆਂ।

(ਵਿਸਥਾਰ 'ਹਿੰਦੁਸਤਾਨੀ ਅੱਤਵਾਦ' ਕਿਤਾਬ 'ਚ ਦਰਜ ਹੈ।)

ਦਰਅਸਲ ਇਸ ਤਰ੍ਹਾਂ ਦੀਆਂ ਭੜਕਾਊ ਕਾਰਵਾਈਆਂ ਇੱਕ 'ਸਿੰਘ-ਗਰਜ' ਨੂੰ ਬੰਦ ਕਰਵਾਉਣ ਲਈ ਕੀਤੀਆਂ ਜਾ ਰਹੀਆਂ ਸਨ, ਪਰ ਅਜਿਹੀ ਹਰ ਕੋਝੀ ਕੋਸ਼ਿਸ਼ ਵਿੱਚ ਇਸ 'ਸਿੰਘ-ਗਰਜ' ਦੀ ਦਹਾੜ ਹੋਰ ਤਿੱਖੀ ਹੁੰਦੀ ਜਾ ਰਹੀ ਸੀ।

ਤੇ ਫਿਰ ਇਸ ਧਰਮ ਯੁੱਧ ਦੀ ਫ਼ੈਸਲਾਕੁੰਨ ਘੜੀ ਆ ਪਹੁੰਚੀ। ਸੰਤ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਨੇ ਆਪਣੇ ਜੁਝਾਰੂ ਸਿਪਾਹੀਆਂ ਨੂੰ ਇਕੱਠੇ ਕੀਤਾ ਅਤੇ ਇਹਨਾਂ ਸ਼ਬਦਾਂ ਰਾਹੀਂ ਅੰਤਮ ਲੜਾਈ ਦੀ ਤਿਆਰੀ ਕਰਨ ਦੀ ਪ੍ਰੇਰਨਾ ਕੀਤੀ:

"....ਸਿੰਘੋ! ਤੁਹਾਡੀ ਮੀਟਿੰਗ ਇਸ ਕਰ ਕੇ ਬੁਲਾਈ ਹੈ ਕਿ ਹਾਲਾਤ ਬੜੇ ਨਾਜ਼ਕ ਬਣ

ਗਏ ਹਨ ਤੇ ਸਰਕਾਰ ਵੱਲੋਂ ਸ੍ਰੀ ਹਰਿਮੰਦਰ ਸਾਹਿਬ 'ਤੇ ਹਮਲਾ ਕਰਨ ਦਾ ਸਮਾਂ ਨੇੜੇ ਆ ਗਿਆ ਹੈ। ਸ੍ਰੀ ਹਜ਼ੂਰ ਸਾਹਿਬ ਤੋਂ ਸਿੰਘਾਂ ਦਾ ਇੱਕ ਜਥਾ ਆਇਆ ਹੈ ਤੇ ਇਹਨਾਂ ਲਈ ਹਥਿਆਰਾਂ ਦਾ ਪ੍ਰਬੰਧ ਕਰਨਾ ਹੈ। ਤੁਹਾਡੇ ਵਿੱਚੋਂ ਜਿਨ੍ਹਾਂ ਕੋਲ ਦੋ-ਦੋ ਹਥਿਆਰ ਹਨ, ਉਹ ਇੱਕ-ਇੱਕ ਵਾਪਸ ਕਰ ਦਿਓ...।

ਸਿੰਘੋ! ਸਰਕਾਰ ਦੀ ਵਿਓਂਤ ਅਨੁਸਾਰ ਸਾਨੂੰ ਇੱਕ ਲੱਖ ਫ਼ੌਜ ਦਾ ਘੇਰਾ ਪਾਇਆ ਜਾਵੇਗਾ। ਇਹ ਵੀ ਹੋ ਸਕਦਾ ਹੈ ਕਿ ਜਹਾਜ਼ ਤੇ ਹੈਲੀਕਾਪਟਰ ਵੀ ਵਰਤੇ ਜਾਣ ਤੇ ਪਰਿਕਰਮਾ 'ਚ ਛਾਤਾ-ਬਰਦਾਰ ਫ਼ੌਜੀ ਵੀ ਉਤਾਰੇ ਜਾਣ। ਪਰ ਤੁਸੀਂ ਉਸ ਵੇਲੇ ਤਕ ਕੋਈ ਗੋਲੀ ਨਹੀਂ ਚਲਾਉਣੀ, ਜਦੋਂ ਤਕ ਫ਼ੌਜ ਵੱਲੋਂ ਗੋਲੀ ਨਹੀਂ ਚਲਾਈ ਜਾਂਦੀ। ਗੋਲੀ ਚਲਾਉਣ ਦੀ ਪਹਿਲ ਸਰਕਾਰ ਨੂੰ ਕਰਨ ਦੇਣੀ ਹੈ। ਹਵਾਈ ਜਹਾਜ਼ਾਂ 'ਚੋਂ ਜਦ ਤਕ ਫ਼ੌਜੀ ਹੇਠਾਂ ਛਾਲਾਂ ਨਾ ਮਾਰ ਦੇਣ, ਓਦੋਂ ਤਕ ਕੋਈ ਗੋਲੀ ਨਹੀਂ ਚਲਾਉਣੀ ਤੇ ਇੱਕ ਵੀ ਛਾਤਾ-ਬਰਦਾਰ ਫ਼ੌਜੀ ਨੂੰ ਧਰਤੀ ਤਕ ਜ਼ਿੰਦਾ ਨਹੀਂ ਪਹੁੰਚਣ ਦੇਣਾ। ਗੋਲੀ-ਸਿੱਕਾ ਬਿਨਾਂ ਮਤਲਬ ਤੋਂ ਨਹੀਂ ਵਰਤਣਾ ਤੇ ਇੱਕ ਗੋਲੀ ਨਾਲ ਘੱਟੋ-ਘੱਟ ਇੱਕ ਜਾਨ ਜ਼ਰੂਰ ਲੈਣੀ ਹੈ। ਜੇ ਦੁਸ਼ਮਣ ਬਹੁਤ ਅੱਗੇ ਵਧ ਆਵੇ ਤਾਂ ਲੱਡੂ (ਹੈਂਡ ਗਰਨੇਡ) ਵਰਤਾ ਦਿਓ। ਸਾਕਾ ਬਹੁਤ ਭਿਆਨਕ ਹੋਵੇਗਾ ਪਰ ਗੁਰੂ ਰਾਮਦਾਸ ਜੀ ਦੇ ਚਰਨਾਂ ਦੀ ਓਟ ਤੇ ਆਸਰਾ ਲੈ ਕੇ ਆਪਾਂ ਇਸ ਇਮਤਿਹਾਨ 'ਚੋਂ ਸੁਰਖਰੂ ਹੋ ਕੇ ਨਿਕਲ ਜਾਵਾਂਗੇ....।

ਸਿੰਘੋ! ਜੋ ਹੋਣ ਵਾਲਾ ਹੈ, ਉਹ ਬਹੁਤ ਭਿਆਨਕ ਹੋਵੇਗਾ ਤੇ ਅਸੀਂ ਅਕਾਲ ਪੁਰਖ ਦੇ ਭਾਣੇ 'ਚ ਚੱਲਣਾ ਹੈ। ਇਸ ਗੱਲ ਬਾਰੇ ਹਾਲੇ ਕੁਝ ਨਹੀਂ ਕਿਹਾ ਜਾ ਸਕਦਾ ਕਿ ਉਸ ਸਮੇਂ ਮੇਰੀ ਜੀਵਨ ਸਥਿਤੀ ਕੀ ਹੋਵੇਗੀ? ਜੇ ਉਸ ਸਮੇਂ ਮੇਰੇ ਪ੍ਰਾਣ ਹੋਏ ਤਾਂ ਮੈਂ ਜਥੇ ਦੇ ਅਗਲੇ ਮੁਖੀ ਦਾ ਨਾਂ ਦੱਸ ਜਾਵਾਂਗਾ ਤੇ ਜੇ ਇਹ ਅਕਾਲ ਪੁਰਖ ਨੂੰ ਮਨਜ਼ੂਰ ਨਾ ਹੋਇਆ ਤਾਂ ਜਥੇ ਦੇ ਮੁਖੀ ਦੀ ਨਿਯੁਕਤੀ ਸਰਬ-ਸੰਮਤੀ ਨਾਲ ਕਰ ਲੈਣੀ।....ਦਿਲ ਹੌਲੇ ਨਹੀਂ ਕਰਨੇ, ਦ੍ਰਿੜ੍ਹਤਾ ਨਾਲ ਰਹਿਣਾ ਹੈ। ਸਮਾਂ ਆ ਗਿਆ ਹੈ ਜਦੋਂ ਸਿਰ ਦਿੱਤਿਆਂ ਤੋਂ ਬਿਨਾਂ ਧਰਮ ਦੀ ਰਾਖੀ ਸੰਭਵ ਨਹੀਂ ਹੈ।''

(ਨੇੜਿਓਂ ਡਿੱਠੇ ਸੰਤ ਭਿੰਡਰਾਂਵਾਲੇ, ਦਲਬੀਰ ਸਿੰਘ)

ਭਾਈ ਮੋਹਕਮ ਸਿੰਘ (ਦਮਦਮੀ ਟਕਸਾਲ) ਅਨੁਸਾਰ ਸੰਤ ਜੀ ਨੇ ਇਸ ਮੌਕੇ ਸਾਰੇ ਸਿੰਘਾਂ ਨੂੰ ਸਿਰੋਪੇ ਵੀ ਬਖ਼ਸ਼ਿਸ਼ ਕੀਤੇ ਅਤੇ ਘੁੱਟ-ਘੁੱਟ ਕੇ ਪਿਆਰ ਕੀਤਾ, ਨਾਲ ਹੀ ਜਾਣੇ-ਅਨਜਾਣੇ ਕਦੇ ਕਿਸੇ ਦਾ ਦਿਲ ਦੁਖਾਏ ਜਾਣ 'ਤੇ ਮਾਫ਼ੀ ਵੀ ਮੰਗਦੇ ਰਹੇ।

ਪਰ ਸਿੱਖ ਲੀਡਰਸ਼ਿਪ ਦਾ ਭੇਸ ਧਾਰ ਕੇ ਬੈਠੀ ਗਾਂਧੀ ਦੀ ਉੱਮਤ ਇਸ ਕਲਗੀਧਰ ਦੇ ਲਾਡਲੇ ਜਰਨੈਲ ਦੇ ਦਿਲ ਦੀ ਥਾਹ ਪਾਉਣ ਵਿੱਚ ਅਸਫਲ ਸੀ। ਲੌਂਗੋਵਾਲੀਏ ਸਮਝ ਰਹੇ ਸਨ ਕਿ ਜਿਵੇਂ ਅਸੀਂ ਮਰ ਜਾਣ ਦੀਆਂ ਫੋਕੀਆਂ ਗਿੱਦੜ-ਭਬਕਾਂ ਮਾਰਦੇ ਹਾਂ, ਭਿੰਡਰਾਂਵਾਲਾ ਵੀ ਇਓਂ ਹੀ ਕਰ ਰਿਹਾ ਹੈ। ਇਸ ਲਈ ਹੀ ਪੰਜਾਬ 'ਚ ਫ਼ੌਜ ਦਾ ਆਉਣਾ ਸੁਣ ਕੇ ਲੌਂਗੋਵਾਲ ਨੇ ਸੰਤ ਜਰਨੈਲ ਸਿੰਘ ਵਿਰੁੱਧ ਆਪਣੇ ਵਜੂਦ ਅੰਦਰ ਨੱਕੋ-ਨੱਕ ਤੁੰਨੀ ਹੋਈ ਨਫ਼ਰਤ ਦਾ ਫੁੰਕਾਰਾ ਮਾਰਦੇ ਹੋਏ ਕਿਹਾ:

''ਉਹਨੂੰ ਜਾ ਦੱਸੋ ਕਿ ਓਹਦੇ ਮਹਿਮਾਨ ਆ ਗਏ ਨੇ...।''

(ਕੁਲਦੀਪ ਨਈਅਰ, ਪੰਜਾਬ ਦਾ ਦੁਖਾਂਤ)

ਪਰ ਕੁਲਦੀਪ ਨਈਅਰ ਦੂਜੇ ਪਾਸੇ ਸੰਤ ਜਰਨੈਲ ਸਿੰਘ ਦੀ ਇਸ ਮੌਕੇ ਦੀ ਪੁਜ਼ੀਸ਼ਨ ਦੱਸਦਾ ਕਬੂਲ ਕਰਦਾ ਹੈ:

"ਜਦੋਂ ਲੌਂਗੋਵਾਲ ਗੁਰੂ ਨਾਨਕ ਨਿਵਾਸ ਦੀ ਦੂਜੀ ਮੰਜ਼ਲ ਉੱਤੇ ਆਪਣੇ ਕਮਰੇ ਵਿਚ ਬੈਠਾ 'ਜੇ' ਅਤੇ 'ਪਰ' ਬਾਰੇ ਸੋਚਦਾ ਰਿਹਾ ਸੀ, ਭਿੰਡਰਾਂਵਾਲਾ ਅਕਾਲ ਤਖ਼ਤ ਵਿਚ ਬੈਠਾ, ਕੁਝ ਪੱਤਰਕਾਰਾਂ ਨੂੰ ਦੱਸ ਰਿਹਾ ਸੀ:

"ਜੇ ਅਧਿਕਾਰੀ ਇਸ ਟੈਂਪਲ ਵਿੱਚ ਦਾਖ਼ਲ ਹੁੰਦੇ ਹਨ ਤਾਂ ਅਸੀਂ ਉਹਨਾਂ ਨੂੰ ਅਜਿਹਾ ਸਬਕ ਸਿਖਾਵਾਂਗੇ ਕਿ ਇੰਦਰਾ ਦੀ ਗੱਦੀ ਬੁਰੀ ਤਰ੍ਹਾਂ ਹਿੱਲ ਜਾਵੇਗੀ। ਅਸੀਂ ਉਹਨਾਂ ਦੇ ਟੁਕੜੇ-ਟੁਕੜੇ ਕਰ ਦਿਆਂਗੇ...ਉਹਨਾਂ ਨੂੰ ਲੋਹੇ ਦੇ ਚਣੇ ਚੱਬਣੇ ਪੈਣਗੇ....ਆ ਜਾਣ ਉਹ...।"

ਉਹਦੀ ਜਾਣਕਾਰੀ ਮਿੰਟ-ਮਿੰਟ ਤਕ ਦੀ ਤੇ ਪੂਰੀ-ਪੂਰੀ ਸੀ। ਉਹਨੂੰ ਠੀਕ-ਠੀਕ ਮਲੂਮ ਸੀ ਕਿ ਕਮਾਂਡੋ ਕਿਸ ਵੇਲੇ ਲੁਧਿਆਣੇ ਦੇ ਨੇੜੇ ਹਵਾਈ ਅੱਡੇ ਉੱਤੇ ਉੱਤਰੇ ਹਨ ਤੇ ਉਹ ਕਦੋਂ ਅੰਮ੍ਰਿਤਸਰ ਪਹੁੰਚੇ ਹਨ। ਉਹਨੇ ਪੱਤਰਕਾਰਾਂ ਨੂੰ ਦੱਸਿਆ ਕਿ ਇੱਕ ਲੱਖ ਫ਼ੌਜ ਪੰਜਾਬ ਵਿੱਚ ਲਿਆਂਦੀ ਗਈ ਹੈ ਤੇ 5 ਜੂਨ ਨੂੰ ਗੋਲਡਨ ਟੈਂਪਲ ਸਮੇਤ ਧੈਂਤੀ ਗੁਰਦੁਆਰਿਆਂ ਉੱਤੇ ਇੱਕੋ ਵੇਲੇ ਹਮਲੇ ਹੋਣਗੇ।

ਉਹਦਾ ਸੈਕੰਡ-ਇਨ-ਕਮਾਂਡਰ ਮੇਜਰ ਜਨਰਲ ਸ਼ਬੇਗ ਸਿੰਘ, ਉਹਨਾਂ ਅਫ਼ਸਰਾਂ ਵਿੱਚੋਂ ਇੱਕ ਸੀ, ਜਿਨ੍ਹਾਂ ਨੇ ਬੰਗਲਾ-ਦੇਸ਼ ਦੇ ਮੁਕਤੀ ਸੰਗਰਾਮ ਦੇ ਦੌਰਾਨ 'ਮੁਕਤੀ ਬਾਹਿਨੀ' ਦਾ ਸੰਗਠਨ ਕੀਤਾ ਸੀ। 3 ਜੂਨ ਨੂੰ ਸ਼ਬੇਗ ਸਿੰਘ ਕੋਲ ਪੱਤਰਕਾਰਾਂ ਲਈ ਕੋਈ ਵਕਤ ਨਹੀਂ ਸੀ। ਉਹਨੇ ਬਸ ਇਹੋ ਆਖਿਆ: 'ਉਹ ਥਾਂ-ਥਾਂ ਖੜ੍ਹੇ ਹਨ, ਮੇਰੇ ਕੋਲ ਕਰਨ-ਗੋਚਰਾ ਕੰਮ ਬਹੁਤ ਹੈ...।'

(ਕੁਲਦੀਪ ਨਈਅਰ, ਪੰਜਾਬ ਦਾ ਦੁਖਾਂਤ)

ਤੇ ਫਿਰ ਦੁਨੀਆ ਦੀ ਇੱਕ ਨਿਵੇਕਲੀ ਜੰਗ ਲੜੀ ਗਈ। ਇੱਕ ਵਿਸ਼ਾਲ ਮੁਲਕ ਦੀ ਇੱਕ ਲੱਖ ਫ਼ੌਜ ਨੇ ਟੈਂਕਾਂ ਤੇ ਮਾਰਟਰ ਗੰਨਾਂ ਨਾਲ ਲੈਸ ਹੋ ਕੇ ਨਿੱਕੇ ਜਿਹੇ ਖੇਤਰਫਲ ਵਿੱਚ ਸੌ ਦੇ ਕਰੀਬ ਇਨਕਲਾਬੀ ਜੁਝਾਰੂਆਂ ਨੂੰ ਚਾਰ-ਚੁਫੇਰਿਓਂ ਘੇਰ ਲਿਆ।

ਦਿੱਲੀ ਜੇਕਰ ਆਪਣੇ ਅਤੀਤ ਤੇ ਵਰਤਮਾਨ ਦਾ ਕਹਿਰ ਇਕੱਠਾ ਕਰ ਕੇ ਹਮਲਾਵਰ ਹੋਈ ਸੀ ਤਾਂ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਰਹਿਨੁਮਾਈ ਹੇਠ ਵੀ ਚਮਕੌਰ ਤੇ ਗੁਰਦਾਸ ਨੰਗਲ ਦੀਆਂ ਗੜ੍ਹੀਆਂ ਦਾ ਸਿਦਕ ਇਕੱਠਾ ਹੋ ਕੇ ਟਾਕਰਾ ਕਰ ਰਿਹਾ ਸੀ। ਇਹ ਸਿੱਖੀ ਸਿਦਕ ਸ੍ਰੀ ਅੰਮ੍ਰਿਤਸਰ ਦੀ ਪਾਵਨ ਧਰਤੀ 'ਤੇ ਧਰੇ ਗਏ ਪਾਪ ਦੀ ਜੰਞ ਦੇ ਨਾਪਾਕ ਪੈਰ ਤੋੜ ਰਿਹਾ ਸੀ, ਦੰਦ ਖੱਟੇ ਕਰ ਰਿਹਾ ਸੀ ਤੇ ਇੱਕ-ਇੱਕ ਗੋਲੀ ਨਾਲ ਦਿੱਲੀ ਦੇ ਤਖ਼ਤ ਨੂੰ ਜੜ੍ਹਾਂ ਤੋਂ ਹਿਲਾ ਰਿਹਾ ਸੀ। ਸੱਚਮੁੱਚ ਸੌ ਸਵਾ ਸੌ ਸਿੰਘਾਂ ਨੇ ਦਿੱਲੀ ਦੀ ਇੱਕ ਲੱਖ ਤੋਂ ਵਧੇਰੇ ਫ਼ੌਜ ਨੂੰ ਲੋਹੇ ਦੇ ਚਣੇ ਚਬਾ ਦਿੱਤੇ।

ਅਖੀਰ ਜਦੋਂ ਦਿੱਲੀ ਦੀਆਂ ਫ਼ੌਜਾਂ ਨੇ ਜੰਗ ਦੇ ਅੰਤਰਰਾਸ਼ਟਰੀ ਕਨੂੰਨ ਵੀ ਛਿੱਕੇ 'ਤੇ ਟੰਗ

ਕੇ ਟੈਂਕਾਂ, ਮਾਰਟਰ ਤੋਪਾਂ ਤੇ ਜ਼ਹਿਰੀਲੀਆਂ ਗੈਸਾਂ ਵਰਤੋਂ ਵਿੱਚ ਲਿਆਉਣੀਆਂ ਅਰੰਭ ਕਰ ਦਿੱਤੀਆਂ ਤਾਂ ਸੰਤ ਜਰਨੈਲ ਸਿੰਘ ਜੀ ਨੇ ਆਪਣੇ ਬਚੇ ਹੋਏ ਜਾਂਬਾਜ਼ਾਂ ਨੂੰ ਇਕੱਠੇ ਕਰ ਕੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਨਮੁਖ ਸ਼ਹਾਦਤ ਦਾ ਜਾਮ ਪੀਣ ਦਾ ਫ਼ੈਸਲਾ ਕਰ ਲਿਆ।

6 ਜੂਨ 1984 ਨੂੰ ਸਵੇਰ ਦੇ 9:30 ਵੱਜੇ ਸਨ। ਸ. ਗੁਰਤੇਜ ਸਿੰਘ ਅਨੁਸਾਰ:

"....ਚਾਰੇ ਪਾਸਿਓਂ ਗੋਲ਼ੀਆਂ ਦੇ ਵਰ੍ਹਦੇ ਮੀਂਹ 'ਚ ਸੰਤ ਦੁੱਧ-ਚਿੱਟਾ ਬੇਦਾਗ਼ ਚੋਲਾ ਪਹਿਨੀ, ਸਿਰ 'ਤੇ ਕੇਸਰੀ ਦਸਤਾਰ ਸਜਾਈ, ਕੇਸਰੀ ਰੰਗ ਦਾ ਕਮਰਕੱਸਾ ਕੀਤੀ, ਆਪਣੇ ਕੁਝ ਸਾਥੀਆਂ ਸਮੇਤ ਬੜੀ ਸ਼ਾਂਤ-ਚਿਤ ਅਵਸਥਾ 'ਚ ਜੈਕਾਰਾ ਗਜਾਉਂਦਿਆਂ ਅਕਾਲ ਤਖ਼ਤ ਦੇ ਖੱਬੇ ਪਾਸੇ ਦੀਆਂ ਪੌੜੀਆਂ ਉੱਤਰਿਆ। ਉਸ ਨੇ ਆਪਣੇ ਹੱਥ ਵਿਚਲੇ ਸ਼ਸਤਰ 'ਚੋਂ ਗੋਲ਼ੀ ਚਲਾ ਕੇ ਆਖਰੀ ਸਲਾਮੀ ਦਿੱਤੀ ਅਤੇ ਤੁਰੰਤ ਹੀ ਮੀਰੀ-ਪੀਰੀ ਦੇ ਨਿਸ਼ਾਨ ਸਾਹਿਬਾਂ ਦੇ ਨੇੜੇ-ਤੇੜੇ ਜਿਹੇ ਵਿਆਕੁਲ 'ਧਰਤੂ ਮਾਤਾ' ਨੇ ਉਸ ਨੂੰ ਆਪਣੀ ਗੋਦ 'ਚ ਸੰਭਾਲ਼ ਲਿਆ। ਇਵੇਂ ਉਹ ਟਕਸਾਲ ਦੇ ਪੂਰਬਲੇ ਮੁਖੀ ਬਾਬਾ ਦੀਪ ਸਿੰਘ ਜਿਸ ਦਾ ਡੇਰਾ ਜਾਂ ਸਦੀਵੀ ਵਿਸ਼ਰਾਮ ਅਸਥਾਨ ਉੱਥੋਂ ਕੁਝ ਸੈਂਕੜੇ ਗਜ਼ ਹੀ ਦੂਰ ਹੈ ਅਤੇ ਬਾਬਾ ਗੁਰਬਖ਼ਸ਼ ਸਿੰਘ ਜਿਸ ਦੀ ਗੋਦ 'ਚ ਉਹ ਸ਼ਹੀਦ ਹੋਇਆ, ਦਾ ਸਦੀਵੀ ਸਾਥੀ ਹੋ ਨਿੱਬੜਿਆ। ਇਉਂ ਇਸ ਯੁਗ ਦਾ ਸਭ ਤੋਂ ਇਮਾਨਦਾਰ, ਸਭ ਤੋਂ ਵੱਧ ਵਚਨਬੱਧ, ਕਥਨੀ ਤੇ ਕਰਨੀ ਦਾ ਪੂਰਾ ਧਨੀ ਅਤੇ ਦਲੇਰ-ਮਰਦ ਸਾਨੂੰ ਸਦੀਵੀ ਅਲਵਿਦਾ ਕਹਿ ਗਿਆ। ਉਸ ਦੇ ਉਦੇਸ਼, ਉਸ ਦੀ ਸ਼ਹਾਦਤ ਦੀ ਜਗ੍ਹਾ ਅਤੇ ਉਸ ਦਾ ਮੌਤ ਨੂੰ ਗਲਵੱਕੜੀ ਪਾਉਣ ਦਾ ਅੰਦਾਜ਼ ਇਸ ਵਿਸ਼ਵਾਸ ਨੂੰ ਪਰਪੱਕ ਕਰਦੇ ਹਨ ਕਿ ਉਹ ਰੱਬ ਦਾ ਵੀ ਪਰਮ-ਪਿਆਰਾ ਸੀ।"

('ਸ਼ਹੀਦ ਬਿਲਾਸ-ਸੰਤ ਜਰਨੈਲ ਸਿੰਘ' 'ਚੋਂ)

ਇੱਕ ਅਣਖੀਲੇ ਸਿੱਖ ਜਰਨੈਲ ਦਾ ਲਹੂ ਮੀਰੀ-ਪੀਰੀ ਦੇ ਨਿਸ਼ਾਨ ਸਾਹਿਬਾਂ ਦੇ ਹੇਠ ਡੁੱਲ੍ਹਿਆ ਸੀ, ਜਿਵੇਂ ਇਸ ਖ਼ਾਲਸਾਈ ਨਿਸ਼ਾਨ ਸਾਹਿਬ ਨੂੰ ਆਪਣੇ ਲਹੂ ਨਾਲ਼ ਸਿੰਜ ਕੇ ਖ਼ਾਲਸਾ ਰਾਜ ਪ੍ਰਤੀ ਸਿੱਖ ਨਿਸ਼ਠਾ ਦਾ ਸੁਨੇਹਾ ਦੇ ਰਿਹਾ ਹੋਵੇ। ਜਾਂ ਜਿਵੇਂ ਗਾਂਧੀਵਾਦੀ ਅਕਾਲੀਆਂ ਵੱਲੋਂ ਗੁਰੂ ਘਰਾਂ ਦੀ ਚਾਰਦੀਵਾਰੀ ਦੇ ਅੰਦਰੇ-ਅੰਦਰ ਝੁਲਾਏ ਜਾਣ ਤਕ ਸੀਮਤ ਕਰ ਦਿੱਤੇ ਗਏ ਖ਼ਾਲਸਾਈ ਨਿਸ਼ਾਨ ਸਾਹਿਬ ਨੂੰ ਦਿੱਲੀ ਦੇ ਲਾਲ ਕਿਲ੍ਹੇ 'ਤੇ ਝੁਲਾਉਣ ਲਈ ਖ਼ਾਲਸਾ ਪੰਥ ਦੀ ਪ੍ਰਤੀਬੱਧਤਾ ਦਾ ਯਕੀਨ ਦਿਵਾਉਣ ਦਾ ਫ਼ਰਜ਼ ਨਿਭਾ ਰਿਹਾ ਹੋਵੇ।

ਇਸ ਅਣਖੀਲੇ ਜਰਨੈਲ ਦੇ ਅਧੂਰੇ ਛੱਡੇ ਕਾਜ ਨੂੰ ਪੂਰਾ ਕਰਨ ਦੀ ਵਚਨਬੱਧਤਾ ਦੁਹਰਾਉਂਦੇ ਹੋਏ ਅਸੀਂ ਇਸ ਮਹਾਨ ਸ਼ਹੀਦ ਤੇ ਇਸ ਦੀ ਅਜ਼ੀਮ ਸ਼ਹਾਦਤ ਨੂੰ ਕੋਟ-ਕੋਟ ਪ੍ਰਣਾਮ ਕਰਦੇ ਹਾਂ। ਖਾਸ ਰਾਜ ਲਈ ਗੁਰਾਂ ਨੇ ਪੱਕਿਆ ਸੀ। ਰਾਜ [illegible] ਲਿਆ ਜੋ ਝੂਲਿਆ ਸੀ।
ਖਾਲਸ ਨਿਸ਼ਾਨਾ ਲੈ ਕੇ, ਮਰਦਾਂ ਅੱਖੀਆਂ ਸੀ, ਫਿਰ ਵਾਂਗ ਲੋਗਾਂ ਦਾ ਨਾਰਾ–"।
ਅਜ਼ ਲੱਗੇ ਹੀ ਪੰਥ ਵਿੱਚ ਜਿਊਂਦੀ, ਰਣੀਆਂ ਪੰਥ ਖੜੇ ਕਰ ਸਾਬਤ ਕਰ ਦਿੱਤਾ।
ਸਰੂਪ ਛੱਡੇ ਉਤ ਆਖਰੀ ਸਾਹ ਤਾਂਈ, ਸੀਸ ਦੇ ਸਾਰਾਏ ਕਰ ਦਿੱਤਾ।

ਸ਼ਹੀਦ ਭਾਈ ਅਮਰੀਕ ਸਿੰਘ ਜੀ ਦੀ ਸੰਘਰਸ਼ ਕਹਾਣੀ

ਬੀਬੀ ਹਰਮੀਤ ਕੌਰ ਜੀ ਦੀ ਜ਼ਬਾਨੀ

ਅਮਰ ਸ਼ਹੀਦ ਭਾਈ ਸਾਹਿਬ ਭਾਈ ਅਮਰੀਕ ਸਿੰਘ ਜੀ ਦੀ ਸੁਪਤਨੀ ਬੀਬੀ ਹਰਮੀਤ ਕੌਰ ਜੀ ਨਾਲ ਮੁਲਾਕਾਤ ਕਰਨ ਲਈ ਜਦੋਂ ਮੈਂ ਭਾਈ ਬਲਵੰਤ ਸਿੰਘ ਨਾਲ ਮੁਕਤਸਰ ਵੱਲ ਰਵਾਨਾ ਹੋਇਆ ਤਾਂ ਸਾਰੇ ਰਾਹ 'ਚ ਮੈਂ ਬੀਬੀ ਜੀ ਦੀ ਜੋ ਤਸਵੀਰ ਆਪਣੇ ਮਨ ਵਿੱਚ ਬਣਾਉਂਦਾ ਗਿਆ, ਬੀਬੀ ਹਰਮੀਤ ਕੌਰ ਜੀ ਦੀ ਸਖ਼ਸ਼ੀਅਤ ਮੈਨੂੰ ਉਸ ਤਸਵੀਰ ਨਾਲੋਂ ਕਿਤੇ ਵੱਧ ਪ੍ਰਭਾਵਸ਼ਾਲੀ, ਸੁਚੇਤ ਅਤੇ ਪੰਥਕ ਜਜ਼ਬੇ ਨਾਲ ਭਰਪੂਰ ਦਿੱਸੀ। ਮੇਰੀ ਮਜਬੂਰੀ ਸੀ ਕਿ ਮੈਨੂੰ ਅਜਿਹੇ ਸਵਾਲ ਕਰਨੇ ਹੀ ਪੈਣੇ ਸਨ ਜਿਸ ਨਾਲ ਉਹਨਾਂ ਦੇ ਪੁਰਾਣੇ ਜ਼ਖ਼ਮ ਕੁਰੇਦੇ ਜਾਣੇ ਸਨ, ਪਰ ਹਰ ਸਵਾਲ ਦੇ ਨਾਲ ਹੀ ਬੀਬੀ ਜੀ ਦੇ ਧੁਰ ਅੰਦਰੋਂ ਉੱਠਦੀ ਚੀਸ ਨੂੰ ਵੀ ਮੈਂ ਵਿਚਾਰਗੀ ਨਾਲ ਨਾਲ ਨੋਟ ਕਰ ਰਿਹਾ ਸਾਂ। ਹਰ ਇੱਕ ਸਵਾਲ ਦਾ ਜਵਾਬ ਦੇਣ ਲਈ ਬੀਬੀ ਜੀ ਲੰਘ ਚੁੱਕੇ ਅਤੀਤ ਵਿੱਚ ਗੁਆਚ ਜਾਂਦੇ ਅਤੇ ਇਸ ਦੌਰਾਨ ਕਈ ਵਾਰ ਉਹਨਾਂ ਦੀਆਂ ਅੱਖਾਂ ਭਰ ਆਉਂਦੀਆਂ, ਅਵਾਜ਼ ਭਾਰੀ ਹੋ ਜਾਂਦੀ, ਪਰ ਆਪਣੀਆਂ ਭਾਵਨਾਵਾਂ ਤੇ ਜਜ਼ਬਿਆਂ ਦੇ ਇਸ ਸੈਲਾਬ ਨੂੰ ਉਹਨਾਂ ਨੇ ਅੱਖਾਂ ਤੋਂ ਬਾਹਰ ਨਾ ਆਉਣ ਦਿੱਤਾ। ਕੋਲ ਬੈਠੀ ਉਹਨਾਂ ਦੀ 21 ਸਾਲ ਦੀ ਸਪੁੱਤਰੀ ਪਰਮਜੀਤ ਕੌਰ ਭਾਵੇਂ ਚੁੱਪ ਚਾਪ ਸਾਡੀਆਂ ਗੱਲਾਂ ਸੁਣ ਰਹੀ ਸੀ ਪਰ ਵਾਰ ਵਾਰ ਉਸਦੀਆਂ ਅੱਖਾਂ ਵਿੱਚ ਭਰ ਆਉਂਦੇ ਹੰਝੂ ਇਸ ਗੱਲ ਦੇ ਗੁਆਹ ਸਨ ਕਿ 'ਬਾਬਾਣੀਆਂ ਕਹਾਣੀਆਂ' ਵਿੱਚ ਉਸ ਦੀ ਡੂੰਘੀ ਦਿਲਚਸਪੀ ਹੈ। ਪੇਸ਼ ਹਨ ਇਸ ਜਜ਼ਬਾਤੀ ਮੁਲਾਕਾਤ ਦੇ ਕੁਝ ਅਹਿਮ ਅੰਸ਼:

ਸਵਾਲ: ਤੁਹਾਡੇ ਪੇਕੇ ਪਰਿਵਾਰ ਦੀ ਦਮਦਮੀ ਟਕਸਾਲ ਨਾਲ ਪੁਰਾਣੀ ਸਾਂਝ ਸੀ ਜਾਂ ਤੁਹਾਡੇ ਵਿਆਹ ਤੋਂ ਬਾਅਦ ਬਣੀ?

ਜਵਾਬ: ਨਹੀਂ, ਦਮਦਮੀ ਟਕਸਾਲ ਨਾਲ ਸਾਡੇ ਪਰਿਵਾਰ ਦੀ ਮੇਰੇ ਜਨਮ ਤੋਂ ਵੀ ਪਹਿਲਾਂ ਦੀ ਸਾਂਝ ਹੈ ਤੇ ਕਿੰਨੀ ਪੁਰਾਣੀ ਹੈ ਇਹਦੇ ਬਾਰੇ ਮੈਨੂੰ ਵੀ ਪੂਰਾ ਨਹੀਂ ਪਤਾ।

ਸਵਾਲ: ਭਾਈ ਸਾਹਿਬ (ਸ਼ਹੀਦ ਭਾਈ ਅਮਰੀਕ ਸਿੰਘ ਜੀ) ਨਾਲ ਆਪ ਦਾ ਰਿਸ਼ਤਾ ਕਿਵੇਂ ਹੋਇਆ?

ਜਵਾਬ: ਸਾਡਾ ਰਿਸ਼ਤਾ ਤਾਂ ਵੱਡੇ ਸੰਤਾਂ.. ਸੰਤ ਬਾਬਾ ਗੁਰਬਚਨ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਨੇ ਬਚਪਨ ਵਿੱਚ ਹੀ ਪੱਕਾ ਕਰ ਦਿੱਤਾ ਸੀ, ਓਦੋਂ ਮੈਂ ਛੋਟੀ ਹੁੰਦੀ ਸੀ; ਉਹਨਾਂ

ਦਾ ਸਤਿਕਾਰ ਏਨਾ ਸੀ ਕਿ ਇਸ ਰਿਸ਼ਤੇ 'ਤੇ ਦੋਹਾਂ ਧਿਰਾਂ ਵਿੱਚੋਂ ਕਿਸੇ ਨੇ ਵੀ ਬਿਨਾਂ ਕਿਸੇ ਇਤਰਾਜ਼ ਦੇ ਸਿਰ ਝੁਕਾ ਕੇ ਸਿਰੇ ਚੜ੍ਹਾਇਆ।

ਸਵਾਲ: ਵਿਆਹ 'ਚ ਆਮ ਵਿਆਹਾਂ ਨਾਲੋਂ ਕੋਈ ਨਿਵੇਕਲੀ ਤੇ ਖ਼ਾਸ ਗੱਲ?

ਜਵਾਬ: ਸਭ ਕੁਝ ਹੀ ਨਿਵੇਕਲਾ ਸੀ। ਸਾਰੇ ਬਰਾਤੀ ਅੰਮ੍ਰਿਤਧਾਰੀ ਸੀ ਤੇ ਕਿਰਪਾਨਾਂ ਉੱਪਰ ਦੀ ਪਾ ਕੇ ਆਏ ਸੀ । ਆਮ ਜੰਞਾਂ 'ਚ ਜਿੱਥੇ ਬਰਾਤੀ ਨੱਚਦੇ ਟੱਪਦੇ ਨੇ, ਓਥੇ ਉਹ ਗਤਕਾ ਖੇਡਦੇ ਸੀ। ਸੰਤਾਂ ਨੇ ਮੈਨੂੰ ਸੁਨੇਹਾ ਭੇਜਿਆ ਸੀ ਕਿ ਲਾਂਵਾਂ ਤੋਂ ਪਹਿਲਾਂ ਤੂੰ ਖ਼ੁਦ ਕੀਰਤਨ ਕਰਨਾ ਹੈ ਤੇ ਮੈਂ ਹੁਕਮ ਮੰਨ ਕੇ ਪਹਿਲਾਂ ਕੀਰਤਨ ਕੀਤਾ ਤੇ ਫਿਰ ਵਿਆਹ ਹੋਇਆ। ਸੰਤਾਂ ਨੇ ਸਾਧ ਸੰਗਤ ਨੂੰ ਅਪੀਲ ਕੀਤੀ ਕਿ ਉਹ ਜੋੜੀ ਨੂੰ ਸਿੱਖੀ ਸਿਦਕ ਨਿਭਾਉਣ ਦੀ ਅਸੀਸ ਦੇਣ। ਬਾਕੀ ਵੀ ਸਭ ਕੁਝ ਸਾਦੇ ਢੰਗ ਤੇ ਗੁਰਮਤਿ ਮਰਯਾਦਾ ਦੇ ਨਾਲ ਹੀ ਹੋਇਆ। ਵਿਆਹ ਦੀ ਤਰੀਕ 15 ਸਤੰਬਰ 1976 ਸੀ ਤੇ ਓਦੋਂ ਇਹ (ਭਾਈ ਸਾਹਿਬ) ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿੱਚ ਗੁਰਬਾਣੀ 'ਤੇ ਪੀ.ਐਚ.ਡੀ. ਕਰ ਰਹੇ ਸੀ।

ਸਵਾਲ: ਭਾਈ ਸਾਹਿਬ ਦੇ ਸੁਭਾਅ ਦੀ ਕੋਈ ਖ਼ਾਸ ਵਿਸ਼ੇਸ਼ਤਾ?

ਜਵਾਬ: ਉਹ ਗ਼ਲਤ ਗੱਲਾਂ ਨੂੰ ਸਹਾਰਦੇ ਨਹੀਂ ਸੀ। ਜਿੱਥੇ ਕੁਝ ਗ਼ਲਤ ਵੇਂਹਦੇ ਸੀ ਤਾਂ ਦਖ਼ਲ ਜ਼ਰੂਰ ਦਿੰਦੇ ਸੀ, ਬਾਕੀ ਉਹਨਾਂ ਦੀ ਮਾਇਆ ਨਾਲ ਵੀ ਕੋਈ ਪ੍ਰੀਤ ਨਹੀਂ ਸੀ; ਆਪਣੇ ਪਿਤਾ ਸੰਤ ਜੀ ਵਾਂਗ ਉਹ ਵੀ ਪੰਥਕ ਲੋੜਾਂ ਨੂੰ ਪਰਿਵਾਰ ਦੀਆਂ ਲੋੜਾਂ ਤੋਂ ਵਧੇਰੇ ਜ਼ਰੂਰੀ ਸਮਝਦੇ ਸੀ।

ਸਵਾਲ: ਪਰਿਵਾਰ ਵਿੱਚੋਂ ਸਭ ਤੋਂ ਪਹਿਲਾਂ ਕਿਸ ਨੂੰ ਅਹਿਸਾਸ ਹੋਇਆ ਕਿ ਭਾਈ ਸਾਹਿਬ ਦੀ ਜ਼ਿੰਦਗੀ ਵੀ ਪਰਿਵਾਰ ਦੀ ਬਜਾਏ ਪੰਥ ਦੇ ਲੇਖੇ ਲੱਗੇਗੀ?

ਜਵਾਬ: ਸਾਨੂੰ ਤਾਂ ਇਹ ਅਹਿਸਾਸ ਬੜੇ ਪਿੱਛੋਂ ਜਾ ਕੇ ਹੋਇਆ, ਪਰ ਮਹਾਂਪੁਰਸ਼ (ਸੰਤ ਕਰਤਾਰ ਸਿੰਘ ਜੀ) ਬੜਾ ਸਮਾਂ ਪਹਿਲਾਂ ਹੀ ਸਾਨੂੰ ਗੱਲੀਂ ਬਾਤੀਂ ਇਹ ਅਹਿਸਾਸ ਕਰਵਾਉਂਦੇ ਰਹਿੰਦੇ ਸੀ। ਸੰਤਾਂ ਨੇ ਤਾਂ ਆਪਣਾ ਸਾਰਾ ਕੁਝ ਇੱਥੋਂ ਤਕ ਕਿ ਮਾਂ ਜੀ ਦੇ ਗਹਿਣੇ ਤੇ ਘਰ ਦਾ ਲਵੇਰਾ ਵੀ ਵੇਚ ਕੇ, ਮਾਇਆ ਜਥੇ ਦੇ ਕਾਰਜਾਂ ਲਈ ਵਰਤ ਲਈ ਸੀ, ਇਸ ਲਈ ਘਰ ਵਿੱਚ ਕਾਫ਼ੀ ਤੰਗੀ ਸੀ। ਮਾਤਾ ਜੀ ਨੇ ਇੱਕ ਵਾਰ ਘਰ ਆਏ ਸੰਤ ਜੀ ਨੂੰ ਕਿਹਾ ਕਿ ਅਮਰੀਕ ਸਿੰਘ ਹੁਣ ਪੜ੍ਹ ਗਿਆ ਹੈ, ਇਸ ਨੂੰ ਨੌਕਰੀ (ਪ੍ਰੋਫੈਸਰ) ਲਗਵਾ ਦੇਈਏ ਤਾਂ ਕਿ ਟੱਬਰ ਨੂੰ ਕੋਈ ਸਹਾਰਾ ਹੋ ਜਾਵੇ। ਇਹ ਸੁਣ ਕੇ ਪਹਿਲਾਂ ਤਾਂ ਸੰਤ ਜੀ ਚੁੱਪ ਕੀਤੇ ਰਹੇ, ਫਿਰ ਓਥੇ ਬੈਠੇ ਭਾਈ ਮਨਜੀਤ ਸਿੰਘ ਵੱਲ ਇਸ਼ਾਰਾ ਕਰ ਕੇ ਕਹਿਣ ਲੱਗੇ ਕਿ "ਐਹਨੂੰ ਤੂੰ ਜੋ ਮਰਜ਼ੀ ਬਣਾ ਲਈਂ...ਇਹ (ਭਾਈ ਅਮਰੀਕ ਸਿੰਘ) ਤਾਂ ਸਿੱਖੀ ਲਈ ਹੀ ਕੁਝ ਕਰੂ...।" ਓਦੋਂ ਅਸੀਂ ਇਸ਼ਾਰਾ ਸਮਝ ਨਾ ਸਕੇ। ਫਿਰ ਇੱਕ ਦਿਨ ਅਸੀਂ ਸੰਤਾਂ ਨੂੰ ਓਦੋਂ ਮਿਲੇ ਜਦੋਂ ਉਹ ਸੰਤ ਹਰਨਾਮ ਸਿੰਘ ਜੀ ਰਾਮਪੁਰ ਖੇੜੇ ਵਾਲਿਆਂ ਕੋਲ ਗਏ ਹੋਏ ਸੀ। ਦੋਵੇਂ ਮਹਾਂਪੁਰਸ਼ ਸਟੇਜ 'ਤੇ ਬੈਠੇ ਆਪੋ ਵਿੱਚ ਗੱਲਾਂਬਾਤਾਂ ਕਰ ਰਹੇ ਸੀ ਤੇ ਅਸੀਂ ਹੇਠਾਂ ਸੰਗਤ ਵਿੱਚ ਬੈਠ ਗਏ। ਫਿਰ ਮਹਾਂਪੁਰਸ਼ਾਂ ਨੇ ਆਪ ਸਾਨੂੰ ਆਪਣੇ ਕੋਲ ਸੱਦਿਆ ਤੇ ਫਿਰ ਪੁੱਛਣ ਲੱਗੇ 'ਧੀਏ ਤੇਰੀ ਸੱਸ ਤੇਰੇ

ਨਾਲ ਲੜਦੀ ਤਾਂ ਨਹੀਂ...?' ਮੈਂ ਕਿਹਾ, 'ਨਹੀਂ ਜੀ' ਤੇ ਕਹਿੰਦੇ 'ਮੈਂ ਤਾਂ ਮੱਝਾਂ ਵੀ ਸਾਰੀਆਂ ਵੇਚ ਦਿੱਤੀਆਂ ਸੀ, ਹੁਣ ਕੋਈ ਲਵੇਰਾ ਰੱਖਿਆ ਕਿ ਨਹੀਂ..?' ਮੈਂ ਕਿਹਾ, 'ਰੱਖਿਆ ਹੈ'; ਫਿਰ ਉਹਨਾਂ ਨੇ ਕਈ ਹਦਾਇਤਾਂ ਦਿੱਤੀਆਂ ਜਿੰਨ੍ਹਾਂ ਵਿੱਚੋਂ ਇੱਕ ਇਹ ਵੀ ਸੀ ਕਿ ਆਪ ਭਾਵੇਂ ਭੁੱਖੇ ਸੌਂ ਜਾਓ, ਪਰ ਆਏ ਗਏ ਸਿੰਘ ਦੀ ਟਹਿਲ ਸੇਵਾ 'ਚ ਘਾਟ ਨਹੀਂ ਰਹਿਣ ਦੇਣੀ। ਇਸ ਪਿੱਛੋਂ ਉਹਨਾਂ ਨੇ ਸੰਤ ਹਰਨਾਮ ਸਿੰਘ ਜੀ ਨਾਲ ਬਚਨ ਬਿਲਾਸ ਕਰਨੇ ਸ਼ੁਰੂ ਕਰ ਦਿੱਤੇ ਜੋ ਬਾਅਦ ਵਿੱਚ ਹੀ ਮੈਨੂੰ ਸਮਝ ਆਈ ਕਿ ਉਹ ਸੁਣਾ ਤਾਂ ਸਾਨੂੰ ਹੀ ਰਹੇ ਸੀ। ਓਥੇ ਠੰਢੀ ਹਵਾ ਦਾ ਇੱਕ ਬੁੱਲ੍ਹਾ ਆਇਆ ਤਾਂ ਕਹਿੰਦੇ 'ਇਹ ਠੰਢੇ ਬੁੱਲ੍ਹੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਬਦੌਲਤ ਹੀ ਨੇ, ਜਿਨ੍ਹਾਂ ਨੇ ਆਪਣੇ ਚਾਰ ਸਾਹਿਬਜ਼ਾਦੇ ਸ਼ਹੀਦ ਕਰਵਾ ਦਿੱਤੇ..ਜੇਕਰ ਇੱਕ ਪੁੱਤਰ ਮੇਰਾ ਵੀ ਪੰਥ ਦੇ ਲੇਖੇ ਲੱਗ ਜਾਵੇ ਤਾਂ ਫਿਰ ਕੀ ਹੈ...?' ਇਹ ਗੱਲ ਮੇਰੇ ਦਿਲ 'ਤੇ ਲੱਗੀ ਤਾਂ ਜ਼ਰੂਰ, ਪਰ ਉਹ ਤਾਂ ਇੱਕ ਢੰਗ ਨਾਲ ਮੈਨੂੰ ਹੀ ਸਮਝਾ ਰਹੇ ਸੀ...ਇਸ ਤੋਂ ਕੁਝ ਕੁ ਦਿਨਾਂ ਬਾਅਦ ਹੀ ਉਹ ਅਕਾਲ ਚਲਾਣਾ ਕਰ ਗਏ।

ਸਵਾਲ: ਤੁਹਾਨੂੰ ਕਦੋਂ ਇਹ ਅਹਿਸਾਸ ਹੋਇਆ ਕਿ ਤੁਸੀਂ ਹੁਣ ਜੰਗ ਵਿੱਚ ਜੂਝਣ ਵਾਲੇ ਇੱਕ ਸੰਤ ਸਿਪਾਹੀ ਦੀ ਧਰਮ ਪਤਨੀ ਹੋ?

ਜਵਾਬ: ਇਹ ਅਹਿਸਾਸ ਮੈਨੂੰ ਸੰਨ 1978 ਵਿੱਚ ਨਰਕਧਾਰੀਆਂ ਹੱਥੋਂ ਤੇਰ੍ਹਾਂ ਸਿੰਘ ਸ਼ਹੀਦ ਹੋ ਜਾਣ ਪਿੱਛੋਂ ਸ਼ੁਰੂ ਹੋ ਗਿਆ ਸੀ ਤੇ ਮੇਰਾ ਮਨ ਸਮਝ ਗਿਆ ਸੀ ਕਿ ਹੁਣ ਅੱਗੋਂ ਵੀ ਬਹੁਤ ਕੁਝ ਹੋਊਗਾ ਤੇ ਕਈ ਮੁਸੀਬਤਾਂ ਵੀ ਆਉਣਗੀਆਂ।

ਸਵਾਲ: ਭਾਈ ਸਾਹਿਬ ਦੇ ਪੰਥਕ ਸੇਵਾ ਤੇ ਕੁਰਬਾਨੀ ਦੇ ਜਜ਼ਬੇ ਨੂੰ ਤੁਸੀਂ ਇੱਕ ਪਤਨੀ ਦੇ ਰੂਪ ਵਿੱਚ ਕਿਵੇਂ ਵੇਖਦੇ ਸੀ? ਇੱਕ ਪਤਨੀ ਦੇ ਹੱਕ ਵਜੋਂ ਤੁਸੀਂ ਉਹਨਾਂ ਲਈ ਉਤਸ਼ਾਹ ਦਾ ਕਾਰਨ ਬਣਦੇ ਰਹੇ ਜਾਂ........?

ਜਵਾਬ: ਘਰ ਦੀ ਹਾਲਤ ਵੀ ਤੰਗ ਸੀ ਤੇ ਬੱਚਿਆਂ ਵੱਲ ਵੇਖ ਕੇ ਮਨ ਵਿੱਚ ਉਹਨਾਂ ਦੇ ਭਵਿੱਖ ਬਾਰੇ ਫਿਕਰ ਵੀ ਪੈਦਾ ਹੁੰਦਾ ਸੀ ਤੇ ਕਈ ਵਲਵਲੇ ਵੀ ਉੱਠਦੇ ਸੀ। ਖ਼ਾਸ ਕਰ ਜਦੋਂ ਮੈਂ (ਜਹਾਜ ਅਗਵਾਕਾਰ) ਭਾਈ ਮੁਸੀਬਤ ਸਿੰਘ ਦੇ ਸ਼ਹੀਦ ਹੋ ਜਾਣ ਪਿੱਛੋਂ ਉਹਨਾਂ ਦੀ ਸਿੰਘਣੀ ਵੱਲ ਵੇਖਦੀ ਸੀ ਤਾਂ ਮੈਂ ਡਰ ਜਾਂਦੀ ਸੀ...। ਕਈ ਵਾਰ ਮਨ ਬਣਾਇਆ ਕਿ ਇਹਨਾਂ ਨਾਲ ਗੱਲ ਕਰਾਂ, ਪਰ ਜਦੋਂ ਇਹਨਾਂ ਦੇ ਕੋਲ ਜਾ ਕੇ ਇਹਨਾਂ ਦੀਆਂ ਗਤੀਵਿਧੀਆਂ ਤੇ ਕੌਮੀ ਦਰਦ ਨੂੰ ਮਹਿਸੂਸ ਕਰਦੀ ਤਾਂ ਮੈਨੂੰ ਆਪਣੀਆਂ ਮੁਸ਼ਕਲਾਂ ਬੜੀਆਂ ਛੋਟੀਆਂ ਜਿਹੀਆਂ ਲੱਗਣ ਲੱਗ ਪੈਂਦੀਆਂ। ਇੱਕ ਇਹਨਾਂ ਦਾ ਪ੍ਰਭਾਵ ਇਸ ਤਰ੍ਹਾਂ ਦਾ ਸੀ ਕਿ ਇਹਨਾਂ ਨੂੰ ਟੋਕਣ ਦਾ ਮੈਨੂੰ ਕਦੀ ਹੀਆ ਹੀ ਨਹੀਂ ਸੀ ਪੈਂਦਾ।

ਸਵਾਲ: ਧਰਮ ਯੁੱਧ ਮੋਰਚੇ ਦਾ ਆਧਾਰ ਬਣੀਆਂ ਕੁਝ ਖ਼ਾਸ ਘਟਨਾਵਾਂ ਜੋ ਉਹਨਾਂ ਨੇ ਪਰਿਵਾਰ ਨਾਲ ਸਾਂਝੀਆਂ ਕੀਤੀਆਂ ਹੋਣ?

ਜਵਾਬ: ਪੰਥਕ ਸਰਗਰਮੀਆਂ ਬਾਰੇ ਕੋਈ ਵੀ ਗੱਲ ਉਹ ਘਰ ਨਹੀਂ ਸੀ ਕਰਦੇ, ਸਗੋਂ ਲੁਕਾਅ ਹੀ ਰੱਖਦੇ ਸੀ, ਹਾਂ ਆਸੇ ਪਾਸਿਓਂ ਮੈਨੂੰ ਪਤਾ ਲੱਗਾ ਕਿ ਇਹ ਜੇਲ੍ਹ ਵਿੱਚ ਸਿੰਘਾਂ ਦੀ

ਮੁਲਾਕਾਤ ਕਰਨ ਜਾਂਦੇ ਸੀ ਤਾਂ ਆਪਣੇ ਲਾਇਸੰਸੀ ਹਥਿਆਰ ਨਾਲ ਲੈ ਕੇ ਜਾਂਦੇ ਸੀ। ਹੁਣ ਜਿਨ੍ਹਾਂ ਸਿੰਘਾਂ ਦੀ ਇਹ ਮੁਲਾਕਾਤ ਕਰਨ ਜਾਂਦੇ ਸੀ, ਸਰਕਾਰ ਤਾਂ ਉਹਨਾਂ ਨੂੰ ਗ਼ਲਤ ਹੀ ਸਮਝਦੀ ਸੀ.... ਤੇ ਉਹ ਇਹਨਾਂ ਨਾਲ ਵੀ ਖੌਰ ਖਾਂਦੇ ਸੀ ਕਿ ਇਹ ਉਹਨਾਂ ਦੀ ਮੁਲਾਕਾਤ ਕਿਉਂ ਕਰਨ ਆਉਂਦੇ ਆ....ਇਸੇ ਖਾਰ ਵਿੱਚ ਉਹਨਾਂ ਇੱਕ ਦਿਨ ਇਹਨਾਂ ਦੇ ਹਥਿਆਰ ਲੈ ਕੇ ਆਉਣ ਦੇ ਵਿਰੋਧ 'ਚ ਇਹਨਾਂ ਦੇ ਗੰਨਮੈਨ ਲੱਖਾ ਸਿੰਘ ਤੋਂ ਹਥਿਆਰ ਖੋਹ ਲਿਆ ਤੇ ਉਸ ਨਾਲ ਧੱਕਾ-ਮੁੱਕੀ ਵੀ ਕੀਤੀ । ਇਹ ਓਥੇ ਜਾ ਪਹੁੰਚੇ ਤੇ ਅਫ਼ਸਰਾਂ ਨਾਲ ਇਹਨਾਂ ਦੀ ਗਰਮਾ-ਗਰਮੀ ਹੋ ਗਈ ਹੈ। ਫਿਰ ਪੁਲੀਸ ਨੇ ਇਹਨਾਂ ਨੂੰ ਵੀ ਫੜ ਲਿਆ। ਇਹਨਾਂ ਦੀ ਗ੍ਰਿਫ਼ਤਾਰੀ ਦੇ ਵਿਰੁੱਧ ਹੀ ਸੰਤਾਂ ਨੇ ਮੋਰਚਾ ਲਾ ਦਿੱਤਾ...।"

ਸਵਾਲ: ਧਰਮ ਯੁੱਧ ਮੋਰਚਾ ਅਰੰਭ ਹੋ ਜਾਣ ਤੇ ਇਹਨਾਂ ਦੀ ਰਿਹਾਈ ਪਿੱਛੋਂ ਪਰਿਵਾਰ ਦੇ ਪ੍ਰਤੀ ਇਹਨਾਂ ਦੇ ਵਿਹਾਰ ਵਿੱਚ ਕੀ ਫਰਕ ਆਇਆ?

ਜਵਾਬ: ਵੱਡਾ ਫਰਕ ਇਹੀ ਸੀ ਪਹਿਲਾਂ ਇਹ ਕਦੇ ਕਦਾਈਂ ਆਪ ਮਿਲਣ ਲਈ ਆ ਜਾਂਦੇ ਹੁੰਦੇ ਸੀ, ਪਰ ਬਾਅਦ ਵਿੱਚ ਕਦੇ ਨਹੀਂ ਆਏ, ਪਰਿਵਾਰ ਨੂੰ ਖ਼ੁਦ ਹੀ ਇਹਨਾਂ ਨੂੰ ਮਿਲਣ ਲਈ ਜਾਣਾ ਪੈਂਦਾ ਸੀ। ਵੈਸੇ ਓਥੇ ਗਿਆਂ ਹੀ ਚਾਚੇ ਹੁਰਾਂ ਤੋਂ ਜ਼ਮੀਨ ਬਾਰੇ ਕਦੇ ਪੁੱਛ ਲੈਂਦੇ ਹੁੰਦੇ ਸੀ ਹੋਰ ਘਰ ਦੀ ਗੱਲ ਘੱਟ ਵੱਧ ਹੀ ਹੁੰਦੀ ਸੀ।

ਸਵਾਲ: ਇਸ ਸਮੇਂ ਵਿੱਚ ਬੱਚਿਆਂ ਪ੍ਰਤੀ ਉਹਨਾਂ ਦਾ ਵਿਹਾਰ ਕਿਸ ਤਰ੍ਹਾਂ ਦਾ ਸੀ?

ਜਵਾਬ: ਬੱਚਿਆਂ ਨੂੰ ਪਿਆਰ ਤਾਂ ਉਹ ਜ਼ਰੂਰ ਕਰਦੇ ਸੀ, ਪਰ ਮੋਹ ਨਹੀਂ ਸੀ, ਇਸੇ ਲਈ ਉਹ ਅਖੀਰਲੇ ਸਮੇਂ ਜਦੋਂ ਇਹਨਾਂ ਬੱਚੀਆਂ ਨੂੰ ਇਹਨਾਂ ਦੀ ਦਾਦੀ ਦੇ ਹਵਾਲੇ ਕਰ ਕੇ ਗਏ ਤਾਂ ਬੱਚਿਆਂ ਦੀ ਨਾਲ ਜਾਣ ਦੀ ਜ਼ਿਦ ਕਾਰਨ ਸਖ਼ਤੀ ਨਾਲ ਪੇਸ਼ ਆਏ। ਪਰ ਇਹਨਾਂ ਨੂੰ ਪੜ੍ਹਾਉਣ ਦੀ ਪੱਕੀ ਮੈਨੂੰ ਜ਼ਰੂਰ ਕੀਤੀ।

ਸਵਾਲ: ਤੁਹਾਨੂੰ ਕਦੀ ਵੀ ਇਹ ਮਹਿਸੂਸ ਨਹੀਂ ਹੋਇਆ ਕਿ ਭਾਈ ਸਾਹਿਬ ਇੱਕ ਪਾਸੇ ਪੰਥ ਤੇ ਦੂਜੇ ਪਾਸੇ ਆਪਣੇ ਨਿੱਜੀ ਪਰਿਵਾਰ ਦੇ ਵਿਚਕਾਰ ਖਲੋਤੇ ਜਜ਼ਬਿਆਂ ਤੇ ਭਾਵਨਾਵਾਂ ਨਾਲ ਜੂਝ ਰਹੇ ਨੇ?

ਜਵਾਬ: ਇੱਕ ਵਾਰੀ ਮੈਂ ਇਹਨਾਂ ਦੇ ਕੋਲ ਬੈਠੀ ਸੀ ਤੇ ਪੁੱਛਦੇ ਕਿ 'ਕਿਉਂ ਜੀਅ ਕਰਦੈ ਕਿ ਬੱਚਿਆਂ ਦਾ ਕੁਝ ਬਣੇ?' ਮੈਂ ਕਿਹਾ, 'ਹਾਂ, ਜੀਅ ਤਾਂ ਕਰਦੈ।' ਅੱਗੋਂ ਕਹਿਣ ਲੱਗੇ ਕਿ 'ਜੇ ਮੈਂ ਬੱਚਿਆਂ ਲਈ ਇੱਕ ਦਿਨ ਵੀ ਲਾ ਦਿਆਂ ਤਾਂ ਇਹਨਾਂ ਬਾਰੇ ਸਾਰੀ ਚਿੰਤਾ ਖ਼ਤਮ ਹੋ ਸਕਦੀ ਐ, ਸਿਰਫ਼ ਕੁਝ ਸਿੰਘਾਂ ਨੂੰ ਫੋਨ ਕਰਨ ਦੀ ਹੀ ਲੋੜ ਐ..ਪਰ ਮੇਰੀ ਜ਼ਮੀਰ ਮੈਨੂੰ ਇਸਦੀ ਇਜਾਜ਼ਤ ਨਹੀਂ ਦਿੰਦੀ..ਇਸ ਲਈ ਮੈਂ ਇਹ ਨਹੀਂ ਕਰ ਸਕਦਾ।'

ਸਵਾਲ: ਆਪਣੀ ਸ਼ਹੀਦੀ ਨੂੰ ਨੇੜੇ ਭਾਂਪ ਕੇ ਉਹਨਾਂ ਤੁਹਾਡੇ ਨਾਲ ਆਖਰੀ ਮੁਲਾਕਾਤ ਕੀਤੀ?

ਜਵਾਬ: ਹਾਂ, ਤਿੰਨ ਜੂਨ ਨੂੰ ਦੁਪਹਿਰੇ ਉਹ ਸਾਡੇ ਕੋਲ ਗੁਰੂ ਰਾਮਦਾਸ ਲੰਗਰ ਦੇ ਕੋਲ ਕਮਰੇ ਵਿੱਚ ਸਾਨੂੰ ਮਿਲਣ ਆਏ। ਆਮ ਤੌਰ 'ਤੇ ਉਹ ਸਾਡੇ ਲਈ ਏਨਾ ਸਮਾਂ ਕਦੀ ਨਹੀਂ ਸੀ

ਕੱਢਦੇ ਪਰ ਉਸ ਦਿਨ ਉਹ ਗਿਆਰਾਂ ਵਜੇ ਤੋਂ ਦੁਪਹਿਰ ਦੋ ਵਜੇ ਤਕ ਸਾਡੇ ਕੋਲ ਬੈਠੇ ਰਹੇ ਤੇ ਸਾਨੂੰ ਹਦਾਇਤਾਂ ਦਿੰਦੇ ਰਹੇ।

ਸਵਾਲ: ਕੀ ਕੀ ਹਦਾਇਤਾਂ ਦਿੰਦੇ ਰਹੇ?

ਜਵਾਬ: ਪਹਿਲੀ ਹਦਾਇਤ ਤਾਂ ਉਹਨਾਂ ਦੀ ਇਹ ਸੀ ਕਿ ਤੁਸੀਂ ਸਾਰੇ ਇੱਥੋਂ ਨਿਕਲ ਜਾਓ। ਉਹਨਾਂ ਦੇ ਬੋਲ ਸਨ ਕਿ 'ਸਮਾਂ ਆ ਗਿਐ, ਜੋ ਹੋਣਾ ਹੈ ਹੋ ਕੇ ਰਹਿਣੈਂ ਤੇ ਕਿਸੇ ਦੇ ਰੋਕੇ ਨਹੀਂ ਰੁਕਣਾ..ਪਰਮੇਸ਼ਵਰ ਦਾ ਭਾਣਾ ਮੰਨੋ।' ਫਿਰ ਮੈਨੂੰ ਹਦਾਇਤਾਂ ਦਿੰਦੇ ਉਹਨਾਂ ਪਹਿਲੀ ਗੱਲ ਇਹ ਕਹੀ ਕਿ 'ਆਪ ਭਾਵੇਂ ਭੁੱਖੀ ਰਹੀਂ, ਪਰ ਬੱਚੇ ਜ਼ਰੂਰ ਪੜ੍ਹਾਉਣੇ ਆ, ਇਹ ਅਨਪੜ੍ਹ ਨਾ ਰਹਿ ਜਾਣ।' ਦੂਜੀ ਗੱਲ ਇਹ ਕਹੀ ਕਿ 'ਆਪਣੇ ਘਰ ਦੀ ਛੱਤ ਪਵੇ ਜਾਂ ਨਾ ਪਰ ਪਿੰਡ ਭੂਰੇ ਵੱਡੇ ਸੰਤਾਂ (ਸੰਤ ਕਰਤਾਰ ਸਿੰਘ ਜੀ ਦੀ) ਯਾਦਗਾਰ ਜ਼ਰੂਰ ਬਣਾਉਣੀ ਹੈ।' ਤੀਜੀ ਹਦਾਇਤ ਇਹ ਸੀ ਕਿ 'ਉੱਜਲ ਸਿੰਘ ਮਲਸੀਂਹੇ ਤੋਂ ਜ਼ਮੀਨ ਦੇ ਕੰਮਾਂ 'ਚ ਮੈਂ ਜਿਹੜਾ ਇੱਕ ਲੱਖ ਰੁਪਈਆ ਜੋ ਉਧਾਰ ਫੜਿਆ ਸੀ, ਉਸ ਦਾ ਸੱਠ ਹਜ਼ਾਰ ਰੁਪਿਆ ਵਾਪਸ ਕਰ ਦਿੱਤਾ ਸੀ..ਚਾਲ਼ੀ ਅਜੇ ਰਹਿੰਦਾ ਸੀ ਕਿ ਇੱਕ ਦਿਨ ਸੰਤਾਂ (ਸੰਤ ਜਰਨੈਲ ਸਿੰਘ ਜੀ) ਨੇ ਉਹ ਮੇਰੇ ਰੋਕਦਿਆਂ ਰੋਕਦਿਆਂ ਆਪਣੇ ਕੋਲੋਂ ਦੇ ਦਿੱਤਾ ਸੀ, ਉਹ ਟਕਸਾਲ ਦਾ ਮੇਰੇ ਸਿਰ ਕਰਜ਼ਾ ਐ, ਤੇ ਜ਼ਮੀਨ ਭਾਵੇਂ ਵੇਚਣੀ ਪਵੇ, ਉਹ ਚਾਲ਼ੀ ਹਜ਼ਾਰ ਰੁਪਿਆ ਟਕਸਾਲ ਨੂੰ ਜ਼ਰੂਰ ਮੋੜਨੈਂ।' ਮੈਂ ਕਿਹਾ 'ਸਾਂਝੀ ਜਮੀਨ ਹੈ ਮੈਨੂੰ ਤਾਂ ਕਿਸੇ ਨੇ ਸੌ ਰੁਪਈਆ ਵੀ ਨਹੀਂ ਦੇਣਾ..।' ਉਹਨਾਂ ਨੇ ਇਸ਼ਾਰੇ ਨਾਲ਼ ਮੈਨੂੰ ਚੁੱਪ ਕਰਾਉਂਦਿਆਂ ਕਿਹਾ ਮੈਂ ਜੋ ਕਹਿੰਨੈਂ ਉਹ ਸੁਣ....ਤੇ ਇਸੇ ਤਰ੍ਹਾਂ ਹਦਾਇਤਾਂ ਦੇ ਕੇ ਸਾਨੂੰ ਚਲੇ ਜਾਣ ਲਈ ਕਹਿ ਕੇ ਅੰਦਰ ਚਲੇ ਗਏ। ਵੱਡੀ ਗੁੱਡੀ (ਸਤਵੰਤ ਕੌਰ) ਨੇ ਉਹਨਾਂ ਦੇ ਨਾਲ਼ ਜਾਣ ਦੀ ਜਿਦ ਕੀਤੀ ਪਰ ਉਹਨਾਂ ਨੇ ਉਸ ਦੀ ਬਾਂਹ ਉਹਦੀ ਦਾਦੀ ਨੂੰ ਫੜਾ ਦਿੱਤੀ ਤੇ ਚਲੇ ਗਏ।

ਸਵਾਲ: ਫਿਰ ਉਸ ਚਾਲ਼ੀ ਹਜ਼ਾਰ ਦੇ ਕਰਜ਼ੇ ਦਾ ਕੀ ਬਣਿਆ?

ਜਵਾਬ: ਉਹ ਜਦੋਂ ਮੈਂ ਚਾਚੇ ਹੋਰਾਂ ਨਾਲ਼ ਗੱਲ ਕੀਤੀ ਤੇ ਪਹਿਲਾਂ ਤਾਂ ਉਹ ਕਹਿਣ ਕਿ ਕੋਈ ਨਹੀਂ ਹੁੰਦਾ ਐਨਾ ਕੁਝ ਕੀਤੈ ਜੇ ਚਾਲ਼ੀ ਹਜ਼ਾਰ ਨਾ ਮੁੜਿਆ, ਤਾਂ ਫਿਰ ਕੀ ਹੋ ਜੂ...। ਪਰ ਮੈਂ ਕਿਹਾ ਕਿ ਇਹ ਉਹਨਾਂ ਦੀ ਹਦਾਇਤ ਸੀ ਤੇ ਮੈਂ ਇਹ ਜ਼ਰੂਰ ਪੂਰੀ ਕਰਨੀ ਆ..ਭਾਵੇਂ ਮੈਨੂੰ ਆਪਣੀ ਜ਼ਮੀਨ ਵੇਚਣੀ ਪਵੇ...। ਫਿਰ ਇੱਕ ਚਾਚਾ ਮੰਨ ਗਿਆ ਤੇ ਅਸੀਂ ਟਰੈਕਟਰ ਵੇਚ ਕੇ ਚਾਲ਼ੀ ਹਜ਼ਾਰ ਰੁਪਿਆ ਟਕਸਾਲ ਨੂੰ ਦੇਣ ਲਈ ਪਹੁੰਚੇ। ਬਾਬਾ ਠਾਕੁਰ ਸਿੰਘ ਜੀ ਪੈਸੇ ਲੈਣ ਨਾ...ਜਦੋਂ ਅਸੀਂ ਉਹਨਾਂ ਦੀ ਸਖ਼ਤ ਹਦਾਇਤ ਬਾਰੇ ਦੱਸਿਆ ਤਾਂ ਉਹਨਾਂ ਨੇ ਪੈਸੇ ਲੈ ਲਏ ਤੇ ਉਹਨਾਂ ਦਾ ਲੰਗਰ ਲਾ ਦਿੱਤਾ...।

ਸਵਾਲ: ਤਿੰਨ ਜੂਨ ਨੂੰ ਤੁਹਾਡੀ ਭਾਈ ਸਾਹਿਬ ਨਾਲ਼ ਉਹ ਆਖਰੀ ਮੁਲਾਕਾਤ ਸੀ?

ਜਵਾਬ: ਨਹੀਂ...ਉਸ ਤੋਂ ਬਾਅਦ ਤਿੰਨ ਜੂਨ ਦੀ ਰਾਤ ਨੂੰ ਮੈਂ , ਮੇਰਾ ਭਰਾ ਅਵਤਾਰ ਸਿੰਘ ਤੇ ਉਸ ਦੇ ਨਾਲ਼ ਇੱਕ ਹੋਰ ਮੁੰਡਾ ਦਰਬਾਰ ਸਾਹਿਬ ਮੱਥਾ ਟੇਕਣ ਗਏ। ਇਹਨਾਂ ਨੇ ਸਾਨੂੰ ਅਕਾਲ ਤਖ਼ਤ ਸਾਹਿਬ ਤੋਂ ਵੇਖ ਲਿਆ ਤੇ ਥੱਲੇ ਆ ਕੇ ਗੱਲਾਂ ਕਰਨ ਲੱਗ ਪਏ। ਆਉਂਦਿਆਂ ਹੀ

ਕਹਿੰਦੇ ਕਿ 'ਸੰਤਾਂ ਨੇ ਸਾਰੀਆਂ ਬੀਬੀਆਂ ਨੂੰ ਕਹਿ ਦਿੱਤੈ ਕਿ ਤੁਸੀਂ ਚਲੀਆਂ ਜਾਓ, ਤੁਸੀਂ ਕਿਵੇਂ ਕਰਨੈ?' ਮੈਂ ਕਿਹਾ 'ਮੈਂ ਨਹੀਂ ਜਾਣਾ।' ਫਿਰ ਕਹਿੰਦੇ ਕਿ 'ਇੱਥੇ ਬੜੇ ਵੱਡੇ ਵੱਡੇ ਧਮਾਕੇ ਹੋਣੇ ਆ ਤੇ ਤੂੰ ਡਰ ਜਾਣੈ..' ਮੈਂ ਕਿਹਾ 'ਮੈਂ ਨਹੀਂ ਡਰਦੀ..'। ਫਿਰ ਕਹਿੰਦੇ 'ਚਲੋ ਜੇ ਸੰਤਾਂ (ਸੰਤ ਕਰਤਾਰ ਸਿੰਘ ਜੀ) ਦਾ ਬੂਟਾ ਲੱਗਣਾ ਹੋਊ (ਕੁਲ ਚੱਲਣੀ ਹੋਊ) ਤਾਂ ਅਕਾਲ ਪੁਰਖ ਤੈਨੂੰ ਕੱਢ ਲਊ, ਨਹੀਂ ਤਾਂ ਨਹੀਂ...ਮੈਂ ਨਹੀਂ ਹੁਣ ਕਹਿਣਾ'। (ਨੋਟ: ਓਦੋਂ ਬੀਬੀ ਹਰਮੀਤ ਕੌਰ ਜੀ ਗਰਭਵਤੀ ਸਨ ਤੇ ਸਾਕਾ ਨੀਲਾ ਤਾਰਾ ਤੋਂ ਦੋ ਮਹੀਨੇ ਪਿੱਛੋਂ ਉਹਨਾਂ ਦੀ ਕੁੱਖੋਂ ਭੁਝੰਗੀ ਤਰਲੋਚਨ ਸਿੰਘ ਦਾ ਜਨਮ ਹੋਇਆ) ਉਸ ਤੋਂ ਬਾਅਦ ਉਹਨਾਂ ਨੇ ਮੇਰੇ ਭਰਾ ਅਵਤਾਰ ਸਿੰਘ ਨੂੰ ਮੇਰੇ ਨਾਲ ਹੀ ਰਹਿਣ ਦੀ ਡਿਊਟੀ ਲਾਈ ਤੇ ਚਲੇ ਗਏ। ਇਹ ਮੇਰੀ ਉਹਨਾਂ ਨਾਲ ਆਖਰੀ ਮੁਲਾਕਾਤ ਸੀ।

ਸਵਾਲ: ਉਸ ਪਿੱਛੋਂ ਤੁਸੀਂ ਦਰਬਾਰ ਸਾਹਿਬ ਵਿੱਚੋਂ ਕਿਵੇਂ ਨਿਕਲੇ?

ਜਵਾਬ: ਮੇਰੇ ਭਰਾ ਦੀ ਡਿਊਟੀ ਇਹਨਾਂ ਨੇ ਮੇਰੇ ਕੋਲ ਰਹਿਣ ਦੀ ਲਾਈ ਸੀ ਪਰ ਉਹ ਕਿਸੇ ਮੋਰਚੇ ਵਿੱਚ ਜਾ ਕੇ ਜੂਝਣਾ ਚਾਹੁੰਦਾ ਸੀ, ਤੇ ਚਾਰ ਜੂਨ ਨੂੰ ਉਹ ਮੈਨੂੰ ਦੱਸੇ ਬਿਨਾਂ ਹੀ ਕਿਸੇ ਮੋਰਚੇ ਵਿੱਚ, ਸ਼ਾਇਦ ਅਕਾਲ ਤਖ਼ਤ ਸਾਹਿਬ 'ਤੇ ਚਲਾ ਗਿਆ ਤੇ ਓਥੇ ਹੀ ਸ਼ਹੀਦ ਹੋਇਆ। ਗੋਲੀਆਂ ਤੇ ਗੋਲਿਆਂ ਦੀ ਅਵਾਜ਼ ਨਾਲ ਕੰਧਾਂ ਹਿੱਲ ਰਹੀਆਂ ਸੀ। ਪੰਜ ਜੂਨ ਨੂੰ ਅੱਧੀ ਰਾਤ ਵੇਲੇ ਭਾਈ ਦਲਬੀਰ ਸਿੰਘ ਅਭਿਆਸੀ ਦੇ ਭਰਾ ਕਸ਼ਮੀਰ ਸਿੰਘ ਨੇ ਮੈਨੂੰ ਕਿਹਾ ਭੈਣ ਜੀ ਆਪਾਂ ਨੂੰ ਇੱਥੋਂ ਬਾਹਰ ਨਿਕਲਣਾ ਪੈਣੈਂ....ਅਖੀਰ ਕੁਝ ਕੁ ਜਣੇ ਅਸੀਂ ਬਾਬਾ ਦੀਪ ਸਿੰਘ ਜੀ ਦੀ ਯਾਦਗਾਰ ਦੇ ਕੋਲ ਬਣੇ ਇੱਕ ਦਰਵਾਜ਼ੇ ਥਾਣੀ ਬਾਹਰ ਨਿਕਲੇ ਤੇ ਇੱਕ ਘਰ ਵਿੱਚ ਪਹੁੰਚੇ ਜਿੱਥੇ ਪਹਿਲਾਂ ਹੀ ਕਾਫ਼ੀ ਸਿੰਘ ਸਿੰਘਣੀਆਂ ਬੈਠੇ ਸੀ। ਓਥੇ ਗੋਲਿਆਂ ਦੀ ਅਵਾਜ਼ ਐਨੀ ਆਉਂਦੀ ਸੀ ਕਿ ਸਾਡੇ ਕੰਨਾਂ ਵਿੱਚ ਰੂੰ ਦੇ ਕੇ ਵੀ ਕੰਨਾਂ ਦੇ ਪਰਦੇ ਪਾਟਦੇ ਸੀ। ਮੈਂ ਸੋਚਦੀ ਸਾਂ ਕਿ ਜਿਹੜੇ ਅੰਦਰ ਨੇ ਉਹਨਾਂ ਦਾ ਕੀ ਹਾਲ ਹੋਊ? ਫਿਰ ਛੇ ਜੂਨ ਤੋਂ ਬਾਅਦ ਜਦੋਂ ਗੋਲੀ ਚੱਲਣੀ ਬੰਦ ਹੋ ਗਈ ਤਾਂ ਅਸੀਂ ਸਮਝ ਗਏ ਕਿ ਭਾਣਾ ਵਰਤ ਗਿਐ...ਫਿਰ ਜਦੋਂ ਕਰਫਿਊ 'ਚ ਦੋ ਘੰਟੇ ਦੀ ਢਿੱਲ ਦਿੱਤੀ ਗਈ ਤਾਂ ਅਸੀਂ ਜਿੱਥੇ ਬੈਠੇ ਸੀ, ਓਥੋਂ ਸਾਰੇ ਸਿੰਘ-ਸਿੰਘਣੀਆਂ ਇਹਦਾ ਫ਼ਾਇਦਾ ਉਠਾ ਕੇ ਨਿਕਲਣੇ ਸ਼ੁਰੂ ਹੋ ਗਏ। ਪਰ ਮੈਂ ਕਹੀ ਜਾਵਾਂ ਕਿ ਇੱਕ ਵਾਰੀ ਅੰਦਰ ਜਾ ਕੇ ਵੇਖੀਏ ਤਾਂ ਸਹੀ ਕਿ ਕੌਣ ਬਚਿਐ ਤੇ ਕੌਣ ਸ਼ਹੀਦ ਹੋ ਗਿਐ....ਮੈਨੂੰ ਏਨੀ ਸਮਝ ਨਹੀਂ ਸੀ, ਮੈਂ ਸੋਚਦੀ ਸਾਂ ਕਿ ਫ਼ੌਜੀ ਤਾਂ ਆਪਣਾ ਕੰਮ ਕਰ ਕੇ ਚਲੇ ਗਏ ਹੋਣਗੇ ਤੇ ਹੁਣ ਸਾਨੂੰ ਅੰਦਰ ਜਾ ਕੇ ਓਥੋਂ ਦਾ ਹਾਲ ਵੇਖਣਾ ਚਾਹੀਦੈ...। ਅਭਿਆਸੀ ਦਾ ਭਰਾ ਹੱਥ ਜੋੜ ਕੇ ਕਹੀ ਜਾਵੇ ਭੈਣ ਜੀ ਮੇਰੀ ਗੱਲ ਮੰਨੋ ਤੇ ਚੱਲੋ ...ਇਸੇ ਕਸ਼ਮਕਸ਼ ਵਿੱਚ ਕਰਫਿਊ ਵਿਚਲੀ ਦੋ ਘੰਟੇ ਦੀ ਖੁੱਲ੍ਹ ਦਾ ਸਮਾਂ ਪੂਰਾ ਹੋ ਗਿਆ। ਫਿਰ ਸਾਰਿਆਂ ਨੇ ਰਲ ਕੇ ਮੈਨੂੰ ਹਾਲਾਤ ਸਮਝਾਏ ਤੇ ਜਦੋਂ ਦੂਜੀ ਵਾਰ ਕਰਫਿਊ 'ਚ ਢਿੱਲ ਹੋਈ ਤਾਂ ਅਸੀਂ ਓਥੋਂ ਨਿਕਲੇ...।

ਸਵਾਲ: ਅੱਜ ਤੁਹਾਨੂੰ ਕਦੇ ਇਸ ਤਰ੍ਹਾਂ ਤਾਂ ਮਹਿਸੂਸ ਨਹੀਂ ਹੁੰਦਾ ਕਿ ਉਹਨਾਂ ਦੀ ਸ਼ਹੀਦੀ ਬੇਕਾਰ ਚਲੀ ਗਈ ਹੈ?

ਜਵਾਬ: ਨਹੀਂ, ਇਹ ਗੱਲ ਤਾਂ ਨਹੀਂ, ਪਰ ਜਦੋਂ ਅੱਜ ਦੇ ਸਿੰਘਾਂ ਤੇ ਸਿੱਖ ਲੀਡਰਾਂ ਨੂੰ ਗਹੁ ਨਾਲ ਵੇਖਣ ਦਾ ਮੌਕਾ ਮਿਲਦੈ ਤਾਂ ਦਿਲ ਬੇਚੈਨ ਜਿਹਾ ਹੋ ਜਾਂਦੈ ਕਿ ਜੇ ਕਿਤੇ ਮਿਲਣ ਤਾਂ ਪੁੱਛਾਂ

ਕਿ ਔਹਨਾਂ ਸਿੱਖਾਂ ਲਈ ਕੁਰਬਾਨੀਆਂ ਕੀਤੀਆਂ ਜੇ....? (ਇਹ ਕਹਿੰਦਿਆਂ ਹੀ ਬੀਬੀ ਜੀ ਦਾ ਗਲਾ ਭਾਰੀ ਹੋ ਗਿਆ ਪਰ ਅੱਖਾਂ ਵਿੱਚ ਛਲਕਦੇ ਹੰਝੂ ਉਹਨਾਂ ਨੇ ਫਿਰ ਵੀ ਬਾਹਰ ਨਾ ਆਉਣ ਦਿੱਤੇ) ਅੱਜ ਪੰਥਕ ਸਮਾਗਮਾਂ ਵਿੱਚ ਜਾ ਕੇ ਵੀ ਸਾਰਾ ਕੁਝ ਬਨਾਉਟੀ ਬਨਾਉਟੀ ਜਿਹਾ ਲੱਗਦੈ..। ਜਿਹੜਾ ਜਜ਼ਬਾ ਤੇ ਕੁਰਬਾਨੀ ਲਈ ਜੋਸ਼ ਸਿੱਖਾਂ ਵਿੱਚ 1984 ਤੋਂ ਪਹਿਲਾਂ ਭਰਪੂਰ ਦਿਸਦਾ ਸੀ ਉਸ ਦੇ ਹੁਣ ਕਿਤੇ ਦਰਸ਼ਨ ਵੀ ਨਹੀਂ ਹੁੰਦੇ । ਐਂ ਲੱਗਦੈ ਸ਼ਹੀਦੀਆਂ ਦੇ ਆਸ਼ਕ ਚਲੇ ਗਏ ਤੇ ਹੁਣ ਤਾਂ ਬੱਸ ਸ਼ਹੀਦੀਆਂ ਦਾ ਮੁੱਲ ਵੱਟਣ ਵਾਲੇ ਰਹਿ ਗਏ ਆ। ਇਹਨਾਂ ਲਈ ਤਾਂ ਜਿਵੇਂ ਸ਼ਹੀਦਾਂ ਦਾ ਡੁੱਲ੍ਹਾ ਲਹੂ ਹੀ ਇੱਕ ਬਹਾਰ ਬਣ ਕੇ ਆਇਐ...।

ਸਵਾਲ: ਇਸ ਲਈ ਤੁਸੀਂ ਮੁੱਖ ਜ਼ਿੰਮੇਵਾਰ ਕਿਸ ਨੂੰ ਮੰਨਦੇ ਹੋ?

ਜਵਾਬ: ਮੁੱਖ ਜ਼ਿੰਮੇਵਾਰੀ ਤਾਂ ਲੀਡਰਸ਼ਿਪ ਦੇ ਸਿਰ ਹੀ ਆਉਂਦੀ ਆ.....ਸ਼ਹੀਦਾਂ ਦੀਆਂ ਯਾਦਗਾਰਾਂ ਹੀ ਸ਼ਾਇਦ ਕੌਮ ਨੂੰ ਆਪਣਾ ਫਰਜ਼ ਚੇਤੇ ਕਰਵਾਉਂਦੀਆਂ ਪਰ ਸਾਡੀ ਲੀਡਰਸ਼ਿਪ ਨੇ ਨਵੀਆਂ ਯਾਦਗਾਰਾਂ ਤਾਂ ਕੀ ਬਣਾਉਣੀਆਂ ਸੀ, ਸਾਰੀਆਂ ਨਿਸ਼ਾਨੀਆਂ ਵੀ ਮਿਟਾ ਦਿੱਤੀਐਂ.....ਖੈਰ, ਅਕਾਲੀ ਲੀਡਰਾਂ ਨੂੰ ਤਾਂ ਕੁਝ ਕਹਿਣਾ ਹੀ ਨਹੀਂ ਚਾਹੀਦਾ ਪਰ ਆਹ ਫ਼ੈਡਰੇਸ਼ਨ ਵਾਲਿਆਂ ਤੋਂ ਜ਼ਰੂਰ ਪੁੱਛਣਾ ਬਣਦੈ ਕਿ ਤੁਹਾਡਾ ਫਰਜ਼ ਨਹੀਂ ਸੀ ਉਹਨਾਂ ਦੀ ਅਤੇ ਹੋਰ ਸ਼ਹੀਦਾਂ ਦੀਆਂ ਯਾਦਗਾਰਾਂ ਬਣਾਉਂਦੇ? ਉਹਨਾਂ ਨੇ ਵੀ ਤਾਂ ਸੰਨ '78 ਦੇ ਸ਼ਹੀਦ ਸਿੰਘਾਂ ਦੀਆਂ ਯਾਦਗਾਰਾਂ ਕਿੰਨੇ ਖੂਨੀ ਸੰਘਰਸ਼ ਕਰ ਕੇ ਬਣਾਈਆਂ ਸੀ। ਜਿੱਥੇ ਤੇਰਾਂ ਸਿੰਘ ਸ਼ਹੀਦ ਹੋਏ ਓਥੇ ਪਹਿਲਾਂ ਤਾਂ ਰਾਤੋ ਰਾਤ ਕੰਧ ਵਲਣ ਲਈ ਤਿੱਖਾ ਸੰਘਰਸ਼ ਇਹਨਾਂ ਨੂੰ ਕਰਨਾ ਪਿਆ ਸੀ.....ਇਹ ਰਾਤ ਨੂੰ ਬਾਰਾਂ ਵਜੇ ਫ਼ੈਡਰੇਸ਼ਨ ਦੇ ਮੁੰਡੇ ਲਾ ਕੰਧ ਕਰਦੇ ਸੀ ਤੇ ਦਿਨੇ ਪੁਲੀਸ ਫੇਰ ਢਾਹ ਦਿੰਦੀ ਸੀ...ਅਖੀਰ ਛਾਤੀਆਂ ਵਿੱਚ ਗੋਲੀਆਂ ਖਾਣ ਦੇ ਜੋਸ਼ ਤੇ ਜਜ਼ਬੇ ਕਾਰਨ ਹੀ ਓਥੇ ਉਹਨਾਂ ਨੇ ਉਸ ਵੇਲੇ ਸ਼ਹੀਦਾਂ ਦੀ ਯਾਦਗਾਰ ਬਣਾਈ....ਹਾਲਾਂਕਿ ਓਥੇ ਪਾਣੀ ਵੀ ਨਹੀਂ ਸੀ ਮਿਲਦਾ ਤੇ ਪਾਣੀ ਟਰਾਲੀਆਂ 'ਚ ਭਰ ਕੇ ਲਿਜਾਂਦੇ ਹੁੰਦੇ ਸੀ..... ਤੇ ਫਿਰ ਚਾਰ ਦਿਨ ਜੱਦੋਜਹਿਦ ਕਰ ਕੇ ਸ਼ਹੀਦਾਂ ਦੀਆਂ ਲਾਸ਼ਾਂ ਲਈਆਂ ਤੇ ਉਹਨਾਂ ਦਾ ਇਸ਼ਨਾਨ ਕਰਵਾ ਕੇ ਸਸਕਾਰ ਕੀਤਾ। ਫਿਰ ਜਿੱਥੇ ਸਸਕਾਰ ਕੀਤਾ ਓਥੇ ਕਦ ਸਰਕਾਰ ਯਾਦਗਾਰ ਬਣਾਉਣ ਦਿੰਦੀ ਸੀ? ਓਥੇ ਵੀ ਸਰਕਾਰ ਨਾਲ ਸਿੱਧੀ ਟੱਕਰ ਲੈ ਕੇ ਗੁਰਦੁਆਰਾ ਓਦੋਂ ਹੀ ਉਸਾਰਿਆ....। ਇਸ ਤਰ੍ਹਾਂ ਦੇ ਜੋਸ਼ ਤੇ ਜਜ਼ਬੇ ਵਾਲੀ ਲੀਡਰਸ਼ਿਪ ਸੀ ਤਾਂ ਹੀ ਓਦੋਂ ਸਿੱਖ ਵੀ ਉਹਨਾਂ ਦੇ ਇੱਕ ਇਸ਼ਾਰੇ 'ਤੇ ਜਾਨ ਦੀ ਬਾਜ਼ੀ ਲਾਉਣ ਲਈ ਤਿਆਰ ਹੋ ਜਾਂਦੇ ਸੀ....। ਤੱਤ ਇਹ ਨਿਕਲਦੈ ਕਿ ਅੱਜ ਸਿੱਖਾਂ ਕੋਲ '84 ਤੋਂ ਪਹਿਲਾਂ ਵਰਗੀ ਲੀਡਰਸ਼ਿਪ ਦੀ ਘਾਟ ਰੜਕਦੀ ਐ।

ਸਵਾਲ: ਸਿੱਖ ਕੌਮ ਲਈ ਕੁਝ ਸੁਨੇਹਾ ?

ਜਵਾਬ: ਇਹ ਕਹਿਣਾ ਚਾਹੁੰਦੀ ਆਂ ਕਿ ਅੱਜ ਪੰਥਕ ਸਮਾਗਮ ਤਾਂ ਸ਼ਾਇਦ 1984 ਤੋਂ ਪਹਿਲਾਂ ਨਾਲੋਂ ਵੀ ਵਧੇਰੇ ਹੋ ਰਹੇ ਆ....ਪਰ ਓਦੋਂ ਦੇ ਮੁਕਾਬਲੇ ਹੁਣ ਕੋਈ ਜਜ਼ਬਾ ਨਹੀਂ ਦਿਸਦਾ....ਸਾਰਾ ਕੁਝ ਬਨਾਉਟੀ ਜਿਹਾ ਹੀ ਐ....ਇਹਨਾਂ ਸਮਾਗਮਾਂ ਵਿੱਚ ਹੱਸ ਖੇਡ ਕੇ ਤੇ ਮੇਲਾ ਵੇਖ ਕੇ ਹੀ ਸਿੱਖ ਵਾਪਸ ਤੁਰ ਜਾਂਦੇ ਆ ਤੇ ਇਸ ਤਰ੍ਹਾਂ ਕੌਮ ਦਾ ਕੁਝ ਨਹੀਂ ਸੌਰਨਾ...ਜੇ ਲੀਡਰ ਗ਼ਲਤ ਨੇ ਤਾਂ ਉਹ ਬਦਲਣੇ ਵੀ ਤਾਂ ਸਿੱਖਾਂ ਨੇ ਈ ਨੇ...ਬਾਹਰੋਂ ਤਾਂ ਕਿਸੇ ਨਹੀਂ ਆ ਕੇ

ਬਦਲਣੇ...ਪਰ ਅੱਜ ਪੰਥਕ ਸਮਾਗਮਾਂ ਵਿੱਚ ਹਾਜ਼ਰੀ ਭਰਨ ਵਾਲੇ ਸਿੱਖਾਂ ਨੂੰ ਸੇਵਾ ਤੇ ਸਿਮਰਨ ਰਾਹੀਂ ਆਪਾ ਸੁਆਰਨ ਦੀ ਵੀ ਲੋੜ ਹੈ..ਕਿਉਂਕਿ ਅੱਜ ਕਈ ਕਹਿ ਦਿੰਦੇ ਆ ਕਿ ਜਿਹੋ ਜਿਹੇ ਕਿਰਦਾਰ ਦੇ ਮਾਲਕ ਸਿੱਖ ਨੇ ਉਹੋ ਜਿਹੇ ਉਹਨਾਂ ਦੇ ਲੀਡਰ ਨੇ..ਇਸ ਲਈ ਲੀਡਰਸ਼ਿਪ ਨੂੰ ਨਿੰਦਣ ਵਾਲਿਆਂ ਨੂੰ ਆਪਣੇ ਆਪ ਨੂੰ ਪਹਿਲਾਂ ਇਸ ਦੇ ਕਾਬਲ ਬਣ ਕੇ ਵਿਖਾਉਣਾ ਚਾਹੀਦੈ।

* * * * *

ਇਹਨੇ 'ਚ ਸਾਨੂੰ ਸਿੰਘੀਆਂ ਸੂਰਮਿਆਂ ਨੇ,

ਤਵਾਰੀਖ ਸਾਡੀ ਸੋਹਣੀ ਸੁਣਾਈ ਆਂ ।

ਜਿਹੜੀ ਤੇਗ ਨਾਲ ਮਾਰਿਆ ਸੀ ਔਰੰਗਾ ,

ਅੱਜ ਵੀ ਉਹ ਤੇਗ ਸਾਨੂੰ ਚੱਲਣੀ ਸਿਖਾਈ ਆ।

ਸਾਡਾ ਖਾਲਸਾ ਹਾਂ ਜੀ ਪਾ ਪਹੁੰਚ ਆਇਆ ,

ਇਹ ਜਿਹਾਂ ਰਾਹ ਵਿਖਾਇਆ ਹੈ।

ਤੇ ਅਰਦਾਸ ਨੂੰ ਸਾਡੀ ਇੱਜ਼ਤ ,

ਤੇ ਅਰਦਾਸ ਨੂੰ ਭੇਜਤੇ ਫੁਰਮਾਇਆ ਹੈ।

ਬੁਢਿਆਂ ਦਿਲਾਂ ਸੀ ਬਾਣੀਆਂ ਖਾਲ ਲਿਖਦਾ ,

ਜਿਹਾਂ ਮਿੱਟੀ ਵਿੱਚ ਮਿਲਾਇਆ ਹੈ।

ਕੌਣ ਕਹਿੰਦਾ ਸੈਂਕੜੀ ਖਾਲਸਾ ਨਹੀਂ ਅਰ ਸਕਦਾ ,

ਜਿੰਨ੍ਹਾਂ ਵਿਚ ਮਾਤਾ ਸਾਹਿਬ ਕੌਰ ਦਾ

ਆਇਆ ਹੈ।

ਧਰਮ ਯੁੱਧ 'ਚ ਖ਼ਾਲਸਾਈ ਯੁੱਧ ਕਲਾ ਦਾ ਲੋਹਾ ਮੰਨਵਾਉਣ ਵਾਲ਼ਾ ਜਰਨੈਲ

ਸ਼ਹੀਦ ਜਨਰਲ ਸੁਬੇਗ ਸਿੰਘ

ਜਨਰਲ ਸੁਬੇਗ ਸਿੰਘ ਇੱਕ ਅਜਿਹੇ ਅਣਖੀਲੇ ਜਰਨੈਲ ਦਾ ਨਾਂ ਹੈ, ਜਿਸ ਨੇ ਭਾਵੇਂ ਸਿੱਖ ਪੰਥ ਨਾਲੋਂ ਕਈ ਗੁਣਾਂ ਵਧੇਰੇ ਸਮਾਂ ਭਾਰਤੀ ਫ਼ੌਜ ਵਿੱਚ ਸੇਵਾ ਕੀਤੀ, ਪਰ ਇਤਿਹਾਸ ਉਸ ਨੂੰ 'ਭਾਰਤੀ ਫ਼ੌਜ ਦੇ ਜਰਨੈਲ' ਵਜੋਂ ਨਹੀਂ, ਬਲਕਿ 'ਸਿੱਖ ਕੌਮ ਦੇ ਜਰਨੈਲ' ਵਜੋਂ ਯਾਦ ਰੱਖੇਗਾ।

ਸਿੱਖਾਂ ਦੇ ਬਾਹੂ-ਬਲ ਦੇ ਕਾਰਨ ਅੰਗਰੇਜ਼ਾਂ ਤੋਂ ਅਜ਼ਾਦੀ ਹਾਸਲ ਕਰਕੇ ਉਸ ਅਜ਼ਾਦੀ ਦੇ ਮਾਲਕ ਬਣ ਬਹਿਣ ਵਾਲ਼ੇ ਬ੍ਰਾਹਮਣ ਹਾਕਮਾਂ ਦੀ ਮਾਨਸਿਕਤਾ ਵਿੱਚ ਸਿੱਖਾਂ ਦਾ ਇੱਕ ਅਚੇਤ ਭੈਅ ਘਰ ਕਰੀ ਬੈਠਾ ਹੈ। ਸ਼ਾਇਦ ਇਸ ਭੈਅ ਦਾ ਕਾਰਨ ਇਹ ਹੈ ਕਿ ਉਹ ਸੋਚਦੇ ਹਨ ਕਿ ਜਿਹੜੀ ਕੌਮ ਸ਼ਕਤੀਸ਼ਾਲੀ ਮੁਗ਼ਲ ਅਤੇ ਅੰਗਰੇਜ਼ ਹਕੂਮਤਾਂ ਦਾ ਭੋਗ ਪਾ ਸਕਦੀ ਹੈ, ਉਸ ਦੇ ਸਾਮ੍ਹਣੇ ਅਸੀਂ ਕੀ ਹਸਤੀ ਹਾਂ? ਇਹ ਅਚੇਤ ਭੈਅ ਦਿੱਲੀ ਤਖ਼ਤ ਤੇ ਕਾਬਜ਼ ਹਿੰਦੂ ਹਾਕਮਾਂ ਨੂੰ ਇਸ ਅਕ੍ਰਿਤਘਣਤਾ ਲਈ ਪ੍ਰੇਰਨ ਦਾ ਮੁੱਖ ਸੋਮਾ ਰਿਹਾ ਹੈ ਕਿ ਉਹ ਸਿੱਖਾਂ ਦੀ ਵਰਤੋਂ ਤਾਂ ਰੱਜ ਰੱਜ ਕੇ ਕਰਨ ਪਰ ਉਹਨਾਂ ਨੂੰ ਸੁਚੇਤ, ਸਿੱਖਿਅਤ, ਗੁਰਮਤਿ ਦੇ ਧਾਰਨੀ ਅਥਵਾ ਸੰਗਠਿਤ ਨਾ ਹੋਣ ਦੇਣ। ਫ਼ੌਜ ਵਿੱਚ ਸਿੱਖਾਂ ਦੀ ਗਿਣਤੀ ਘਟਾ ਦੇਣਾ ਤੇ ਮੋਢੀ ਤੇ ਯੋਗ ਸਿੱਖ ਜਰਨੈਲਾਂ ਦੇ ਹੁੰਦਿਆਂ ਦਹਾਕਿਆਂ ਤਕ ਕਿਸੇ ਸਿੱਖ ਅਫ਼ਸਰ ਨੂੰ ਫ਼ੌਜ ਦਾ ਕਮਾਂਡਰ ਨਾ ਬਣਨ ਦੇਣਾ ਇਸੇ ਹੀ ਹਿੰਦੂ ਨੀਤੀ ਦਾ ਇੱਕ ਹਿੱਸਾ ਰਿਹਾ ਹੈ। ਇਸ ਨੀਤੀ ਦੇ ਤਹਿਤ ਮੈਦਾਨੇ ਜੰਗ ਵਿੱਚ ਹਥਿਆਰ ਛੱਡ ਕੇ ਪਿੱਛੇ ਨੂੰ ਭੱਜ ਉਠਣ ਵਾਲ਼ੇ ਹਿੰਦੂ ਅਫ਼ਸਰ ਤਾਂ ਪਰਮਵੀਰ ਚੱਕਰਾਂ ਨਾਲ ਨਿਵਾਜੇ ਜਾਂਦੇ ਹਨ ਪਰ ਸਿੱਖਾਂ ਦੀ ਬਹਾਦਰੀ ਦਾ ਜੇਕਰ ਕੁਝ ਕੌਡੀਆਂ ਮੁੱਲ ਪਾਇਆ ਵੀ ਜਾਂਦਾ ਹੈ ਤਾਂ ਵੀ ਉਹਨਾਂ ਉੱਪਰ ਵਿਸ਼ਵਾਸ਼ ਕਿਸੇ ਹਾਲਤ ਵਿੱਚ ਵੀ ਨਹੀਂ ਕੀਤਾ ਜਾਂਦਾ।

ਸੰਨ 1965 ਦੀ ਜੰਗ ਵਿੱਚ ਮੈਦਾਨ ਛੱਡ ਕੇ ਪਿੱਛੇ ਭੱਜ ਜਾਣ ਵਾਲ਼ਾ ਹਿੰਦੂ ਅਫ਼ਸਰ ਤਾਂ ਦਿੱਲੀ ਸਰਕਾਰ ਦੀ ਵਿਸ਼ੇਸ਼ ਕਿਰਪਾ ਦਾ ਪਾਤਰ ਬਣਿਆ ਰਿਹਾ, ਪਰ ਓਦੋਂ ਘਬਰਾਏ ਹੋਏ ਹਿੰਦੂ ਹਾਕਮਾਂ ਅਤੇ ਜਰਨੈਲਾਂ ਦੇ ਕਹਿਣ ਦੇ ਬਾਵਜੂਦ ਆਪਣੀਆਂ ਫ਼ੌਜਾਂ ਅੰਮ੍ਰਿਤਸਰ ਤੇ ਗੁਰਦਾਸਪੁਰ ਤੋਂ ਪਿੱਛੇ ਨਾ ਹਟਾਉਣ ਵਾਲ਼ਾ ਸ਼ੇਰ ਦਿਲ ਲੈਫਟੀਨੈਂਟ ਜਨਰਲ ਹਰਬਖ਼ਸ਼ ਸਿੰਘ ਦਿੱਲੀ ਵਾਲ਼ਿਆਂ ਦੇ ਏਨੇ ਵਿਸ਼ਵਾਸ਼ ਦਾ ਪਾਤਰ ਨਾ ਬਣ ਸਕਿਆ ਕਿ ਉਸ ਨੂੰ ਫ਼ੌਜ ਦਾ 'ਕਮਾਂਡਰ ਇਨ ਚੀਫ਼' ਬਣਨ ਦਾ ਉਸ ਦਾ ਹੱਕ ਦੇ ਦਿੱਤਾ ਜਾਂਦਾ। ਇਸੇ ਹੀ ਤਰ੍ਹਾਂ ਜਨਰਲ

ਜਗਜੀਤ ਸਿੰਘ ਅਰੋੜਾ ਦੇ ਨਾਲ ਹੋਇਆ। ਹੋਰ ਕਈ ਸਿੱਖ ਜਰਨੈਲਾਂ ਦੇ ਨਾਂ ਇਸ ਲਿਸਟ ਵਿੱਚ ਸ਼ਾਮਲ ਹਨ ਪਰ ਇਤਿਹਾਸ ਇਹ ਗੁਆਹੀ ਤਾਂ ਦੇਵੇਗਾ ਹੀ ਕਿ ਇਸ ਸਿੱਖ ਵਿਰੋਧੀ ਹਕੂਮਤੀ ਨੀਤੀ ਵਿਰੁੱਧ ਡਟਵਾਂ ਸਟੈਂਡ ਜਨਰਲ ਸੁਬੇਗ ਸਿੰਘ ਤੋਂ ਇਲਾਵਾ ਹੋਰ ਕੋਈ ਸਿੱਖ ਜਰਨੈਲ ਨਹੀਂ ਲੈ ਸਕਿਆ। ਇਹੀ ਕਾਰਨ ਹੈ ਜਨਰਲ ਸੁਬੇਗ ਸਿੰਘ ਤੋਂ ਇਲਾਵਾ ਹੋਰ ਕੋਈ ਸਿੱਖ ਜਰਨੈਲ ਸਿੱਖ ਇਤਿਹਾਸ ਵਿੱਚ ਅਹਿਮ ਦਰਜਾ ਹਾਸਲ ਨਾ ਕਰ ਸਕਿਆ।

ਜਨਰਲ ਸੁਬੇਗ ਸਿੰਘ ਦੇ ਭਰਾ ਸ. ਬੇਅੰਤ ਸਿੰਘ ਦਾ ਕਹਿਣਾ ਹੈ ਕਿ ਜਨਰਲ ਹਰਬਖ਼ਸ਼ ਸਿੰਘ ਹੋਰਾਂ ਦੇ ਨਾਂ 'ਤੇ ਜੋ ਮਾਰਗ ਆਦਿ ਸਰਕਾਰ ਨੇ ਬਣਾਏ ਸਨ ਉਹ ਉਹਨਾਂ ਦੇ ਅੱਖਾਂ ਮੀਟ ਜਾਣ ਉਪਰੰਤ ਆਪ ਹੀ ਢਾਹ ਦਿੱਤੇ ਹਨ, ਪਰ ਜਨਰਲ ਸੁਬੇਗ ਸਿੰਘ ਨੇ ਆਪਣੀ ਮਹਾਨ ਕਰਨੀ ਨਾਲ ਸਿੱਖ ਮਾਨਸਿਕਤਾ ਵਿੱਚ ਅਜਿਹੀ ਥਾਂ ਬਣਾ ਲਈ ਹੈ, ਜਿਸ ਨੂੰ ਕੋਈ ਵੀ ਹਕੂਮਤ ਨਹੀਂ ਮਿਟਾ ਸਕਦੀ। ਜਦੋਂ ਜਦੋਂ ਵੀ ਸ੍ਰੀ ਦਰਬਾਰ ਸਾਹਿਬ ਦੀ ਰਾਖੀ ਲਈ ਬੈਠੇ ਸਿੰਘਾਂ ਵੱਲੋਂ ਦਿੱਲੀ ਤੋਂ ਚੜ੍ਹ ਕੇ ਆਈ ਫ਼ੌਜ ਨੂੰ ਮਾਰੀ ਗਈ ਮਾਰ ਦੀ ਗੱਲ ਚੱਲੇਗੀ ਤਾਂ ਓਦੋਂ ਸੰਤ ਜਰਨੈਲ ਸਿੰਘ ਵੱਲੋਂ ਸਿੰਘਾਂ ਵਿੱਚ ਭਰੀ ਗਈ ਸਪਿਰਿਟ ਦੇ ਨਾਲ ਹੀ ਜਨਰਲ ਸੁਬੇਗ ਸਿੰਘ ਵੱਲੋਂ ਉਹਨਾਂ ਨੂੰ ਦਿੱਤੀ ਗਈ ਫ਼ੌਜੀ ਸਿਖਲਾਈ ਵੀ ਇਤਿਹਾਸ ਦੇ ਵਿਦਿਆਰਥੀਆਂ ਦੀ 'ਅਸ਼ ਅਸ਼' ਦੀ ਹੱਕਦਾਰ ਬਣੇਗੀ।

ਇਸ ਮਹਾਨ ਸੂਰਬੀਰ ਯੋਧੇ ਦਾ ਜਨਮ ਸੰਨ 1920 ਦੇ ਲਗਪਗ ਪਿੰਡ ਖਿਆਲਾ ਜ਼ਿਲ੍ਹਾ ਅੰਮ੍ਰਿਤਸਰ ਵਿੱਚ ਹੋਇਆ। ਭਾਵੇਂ ਕਿ ਬਚਪਨ ਵਿੱਚ ਹੀ ਆਪ ਸ਼ਰਾਰਤੀ ਸੁਭਾਅ ਦੇ ਸਨ ਪਰ ਇਸ ਦੇ ਨਾਲ ਹੀ ਗੁੜ੍ਹਤੀ ਵਿੱਚ ਮਿਲੀ ਗੁਰਸਿੱਖੀ ਆਪ ਦੇ ਅੰਗ ਸੰਗ ਸੀ । ਧਾਰਮਿਕ ਖਿਆਲਾਂ ਦੀ ਸ਼ੇਰਦਿਲ ਮਾਤਾ ਨੇ ਆਪ ਨੂੰ ਬਚਪਨ ਵਿੱਚ ਹੀ ਗੁਰਬਾਣੀ ਦੇ ਲੜ ਲਾ ਦਿੱਤਾ ਸੀ। ਛੋਟੇ ਹੁੰਦੇ ਹੀ ਆਪ ਨੇ ਪੰਜ ਬਾਣੀਆਂ ਕੰਠ ਕਰ ਲਈਆਂ ਸਨ, ਜਿਸ ਕਾਰਨ ਆਪ ਨਗਰ ਕੀਰਤਨ ਵਿੱਚ ਹਮੇਸ਼ਾਂ ਇਨਾਮ ਜਿੱਤਿਆ ਕਰਦੇ ਸਨ। ਨਿਡਰ ਅਤੇ ਹਾਜ਼ਰ ਜੁਆਬ ਆਪ ਬਚਪਨ ਵਿੱਚ ਹੀ ਐਨੇ ਸਨ ਕਿ ਇੱਕ ਵਾਰ ਆਪਦੇ ਪਿਤਾ ਨੇ ਇੱਕ ਬ੍ਰਾਹਮਣ ਇੰਸਪੈਕਟਰ ਬਾਵਾ ਬਾਰੇ ਦੱਸਦਿਆਂ ਕਿਹਾ ਕਿ 'ਇਹ ਇੰਸਪੈਕਟਰ ਬਾਵਾ ਹੈ' ਤਾਂ ਆਪ ਉਸ ਦਾ ਮਖੌਲ ਉਡਾਉਂਦੇ ਹੋਏ- 'ਬਾਵਾ ਬਾਵਾ ਬਾਵਾ, ਨਾ ਪੀੜ੍ਹੀ ਨਾ ਪਾਵਾ..., ਕਹਿ ਕੇ ਓਥੋਂ ਭੱਜ ਗਏ।'

ਦਸਵੀਂ ਤਕ ਦੀ ਵਿੱਦਿਆ ਆਪ ਨੇ ਖ਼ਾਲਸਾ ਕਾਲਜ ਅੰਮ੍ਰਿਤਸਰ ਵਿਚਲੇ ਸਕੂਲ ਤੋਂ ਹਾਸਲ ਕੀਤੀ । ਉਸ ਉਪਰੰਤ ਇੱਕ ਐਜੀਟੇਸ਼ਨ ਕਾਰਨ ਖ਼ਾਲਸਾ ਕਾਲਜ ਦੇ ਅਧਿਆਪਕ ਤੇ ਪ੍ਰੋਫੈਸਰ ਸਿੱਖ ਨੈਸ਼ਨਲ ਕਾਲਜ ਲਾਹੌਰ ਚਲੇ ਗਏ ਤਾਂ ਆਪ ਵੀ ਓਥੇ ਹੀ ਜਾ ਕੇ ਪੜ੍ਹਨ ਲੱਗੇ। (ਉਹ ਕਾਲਜ ਹੁਣ ਇਸਲਾਮੀਆਂ ਕਾਲਜ ਦੇ ਨਾਂ ਹੇਠ ਚੱਲ ਰਿਹਾ ਹੈ) ਬੀ.ਏ. ਫਸਟ ਈਅਰ ਤੋਂ ਬਾਅਦ ਆਪ ਆਰਮੀ ਵਿੱਚ ਸਿੱਧੇ ਹੀ ਲੈਫਟੀਨੈਂਟ ਭਰਤੀ ਹੋ ਗਏ।

ਫ਼ੌਜੀ ਟਰੇਨਿੰਗ ਆਪ ਦੇ ਸਿਰੜ ਦੀ ਇੱਕ ਔਖੀ ਪਰਖ ਸੀ। ਇਸ ਟਰੇਨਿੰਗ ਦੇ ਦੌਰਾਨ ਰੰਗਰੂਟਾਂ ਦੇ ਮੋਢਿਆਂ 'ਤੇ ਸ਼ਤੀਰੀਆਂ ਰੱਖ ਕੇ ਉਹਨਾਂ ਦਾ ਪੁਲ ਬਣਾ ਕੇ ਉੱਪਰੋਂ ਫ਼ੌਜ ਲੰਘਾਈ ਜਾਂਦੀ ਸੀ। ਇਸ ਦੌਰਾਨ ਕਈ ਵੱਡੇ ਵੱਡੇ ਵੀ ਘਬਰਾ ਕੇ ਮੈਦਾਨ ਛੱਡ ਗਏ ਪਰ ਆਪ ਨੇ ਆਪਣਾ ਸਿਰੜ ਨਾ ਛੱਡਿਆ ਤੇ ਅਖੀਰ ਕਰੜੀ ਪ੍ਰੀਖਿਆ ਵਿੱਚੋਂ ਪਾਸ ਹੋ ਗਏ।

ਫ਼ੌਜੀ ਜੀਵਨ ਵਿੱਚ ਆਪ ਨੇ ਕਈ ਮੱਲਾਂ ਮਾਰੀਆਂ। ਸੰਨ 1965 ਦੀ ਜੰਗ ਵਿੱਚ ਆਪ ਨੇ ਵੀਰਤਾ ਦੇ ਜੌਹਰ ਵਿਖਾ ਕੇ ਪੱਛਮੀ ਪੰਜਾਬ ਦੇ ਕਈ ਅਹਿਮ ਇਲਾਕੇ ਮੱਲ ਲਏ, ਪਰ ਇਸ ਜੰਗ ਸਮੇਂ ਹੀ ਆਪ ਨੂੰ ਆਪਣੇ ਪਿਤਾ ਜੀ ਦੀ ਚੜ੍ਹਾਈ ਕਰ ਜਾਣ ਦੀ ਖ਼ਬਰ ਮਿਲ਼ੀ। ਸੰਨ 1965 ਦੀ ਜੰਗ ਵਿੱਚ ਹੀ ਜਦੋਂ ਹਿੰਦੁਸਤਾਨੀ ਹਕੂਮਤ ਨੇ ਇੱਕ ਸਮਝੌਤੇ ਦੇ ਤਹਿਤ ਜਿੱਤੇ ਹੋਏ ਇਲਾਕੇ ਵਾਪਸ ਕਰ ਦਿੱਤੇ ਤਾਂ ਆਪ ਅੰਦਰ ਹਾਕਮਾਂ ਪ੍ਰਤੀ ਪਹਿਲੀ ਵਾਰ ਰੋਹ ਜਾਗਿਆ ਅਤੇ ਇਹ ਕੁਝ ਕੁਝ ਅਹਿਸਾਸ ਹੋਇਆ ਕਿ ਹਾਕਮਾਂ ਲਈ ਫ਼ੌਜੀ ਜਵਾਨ ਕੇਵਲ ਇਸਤੇਮਾਲ ਕਰਨ ਵਾਲ਼ੀ ਇੱਕ ਚੀਜ਼ ਹਨ ਤੇ ਉਹਨਾਂ ਦਾ ਲਹੂ ਸਿਆਸੀ ਹੋਲੀ ਖੇਡਣ ਦਾ ਇੱਕ ਮਾਤਰ ਸਾਧਨ।

ਫਿਰ ਜਦੋਂ ਬੰਗਲਾ ਦੇਸ਼ ਮੁਕਤੀ ਵਾਹਿਨੀ ਨੂੰ ਟਰੇਨਿੰਗ ਦੇਣ ਲਈ ਆਪ ਨੂੰ ਬੰਗਲਾ ਦੇਸ਼ ਦੀ ਧਰਤੀ 'ਤੇ ਜਾਣਾ ਪਿਆ ਤਾਂ ਆਪ ਨੇ ਇਹ ਜ਼ਿੰਮੇਵਾਰੀ ਵੀ ਬੜੇ ਹੀ ਸੁਚੱਜੇ ਢੰਗ ਨਾਲ਼ ਨਿਭਾਈ ਅਤੇ 92 ਹਜ਼ਾਰ ਵਿਰੋਧੀ ਫ਼ੌਜੀਆਂ ਨੂੰ ਹਥਿਆਰ ਸੁੱਟਣ 'ਤੇ ਮਜਬੂਰ ਕਰ ਦਿੱਤਾ । ਉਥੇ ਆਪ ਗੁਪਤ ਰੂਪ ਵਿੱਚ ਜਨਰਲ ਸ਼ਾਹ ਬੇਗ ਦੇ ਨਾਂ ਹੇਠ ਕੰਮ ਕਰਦੇ ਰਹੇ ਸਨ। ਅਖੀਰ ਇਹ ਬੰਗਲਾ ਦੇਸ਼ ਵਿੱਚ ਉਥੋਂ ਦੀ ਅਜ਼ਾਦ ਸਰਕਾਰ ਸਥਾਪਿਤ ਕਰਵਾ ਕੇ ਤੇ 92 ਹਜ਼ਾਰ ਵਿਰੋਧੀ ਫ਼ੌਜੀਆਂ ਨੂੰ ਕੈਦ ਕਰ ਕੇ ਹੀ ਵਾਪਸ ਪਰਤੇ। ਇਸ ਮੌਕੇ ਬੰਗਲਾ ਦੇਸ਼ ਵਿੱਚ ਸਥਾਪਤ ਹੋਈ ਸਰਕਾਰ ਦੇ ਰਾਸ਼ਟਰਪਤੀ ਨਜ਼ੀਬ ਉਲ ਰਹਿਮਾਨ ਨੇ ਆਪ ਜੀ ਨੂੰ ਕਈ ਅਨਮੋਲ ਤੋਹਫੇ ਭੇਟ ਕੀਤੇ ਜਿਨ੍ਹਾਂ ਵਿੱਚੋਂ ਇੱਕ ਕਿਰਪਾਨ ਅੱਜ ਵੀ ਆਪ ਦੇ ਪਰਿਵਾਰ ਨੇ ਸੰਭਾਲ਼ ਕੇ ਰੱਖੀ ਹੋਈ ਹੈ।

ਭਾਰਤ ਸਰਕਾਰ ਨੇ ਇਹਨਾਂ ਸਿੱਖ ਜਰਨੈਲਾਂ ਦੇ ਸਿਰ 'ਤੇ ਜੰਗ ਜਿੱਤਣ ਦੇ ਬਾਵਜੂਦ ਉਹਨਾਂ ਨੂੰ ਕੋਈ ਸਨਮਾਨ ਦੇਣਾ ਜ਼ਰੂਰੀ ਨਹੀਂ ਸਮਝਿਆ, ਸਗੋਂ ਸਾਰਾ ਸਿਹਰਾ ਇੰਦਰਾ ਨੇ ਆਪਣੇ ਸਿਰ ਬੰਨ੍ਹ ਕੇ ਸਿੱਖ ਅਫ਼ਸਰਾਂ ਨੂੰ ਬਦਨਾਮ ਕਰਨ ਦਾ ਰਾਹ ਚੁਣਿਆ। ਇਉਂ ਜਾਪਦਾ ਹੈ ਕਿ ਆਪ ਜੀ ਹਕੂਮਤ ਦਾ ਸਿੱਖ ਅਫ਼ਸਰਾਂ ਪ੍ਰਤੀ ਦਵੈਸ਼ਪੂਰਨ ਰਵੱਈਆ ਤਾੜ ਗਏ ਸਨ। ਹੋ ਸਕਦਾ ਹੈ ਕਿ ਆਪਣੇ ਸੱਚੀ ਗੱਲ ਸਪਸ਼ਟ ਕਹਿ ਦੇਣ ਦੇ ਸੁਭਾਅ ਕਾਰਨ ਆਪ ਦੇ ਵਿਚਾਰ ਹਕੂਮਤ ਦੇ ਕੰਨਾਂ ਤਕ ਜਾ ਵੀ ਪੁੱਜੇ ਹੋਣ। ਕਾਰਨ ਕੁਝ ਵੀ ਹੋਵੇ, ਇਹ ਗੱਲ ਪੱਕੀ ਹੈ ਕਿ ਆਪ ਨੂੰ ਜਿਹੜੇ ਝੂਠੇ ਇਲਜ਼ਾਮ ਲਾ ਕੇ ਫ਼ੌਜ ਵਿੱਚੋਂ ਸਸਪੈਂਡ ਕੀਤਾ ਗਿਆ, ਉਹਨਾਂ ਦੂਸ਼ਣਾਂ ਨੂੰ ਸਾਬਤ ਕਰਨ ਲਈ ਪੂਰਾ ਜ਼ੋਰ ਲਾ ਦੇਣ ਦੇ ਬਾਵਜੂਦ ਹਕੂਮਤ ਅਦਾਲਤ ਵਿੱਚ ਹਾਰ ਗਈ ਸੀ ਤੇ ਆਪ ਦੀ ਫਿਰ ਬਹਾਲੀ ਦੇ ਆਰਡਰ ਹੋ ਗਏ ਸਨ, ਪਰ ਓਦੋਂ ਤਕ ਬਹੁਤ ਦੇਰ ਹੋ ਚੁੱਕੀ ਸੀ।

ਆਪਣੇ ਕੱਢੇ ਜਾਣ ਦੇ ਕਾਰਨਾਂ ਬਾਰੇ ਉਹ ਉਸ ਦਿਨ ਤੋਂ ਹੀ ਸਪਸ਼ਟ ਸਨ ਕਿ ਮੇਰੇ ਨਾਲ ਸਿੱਖ ਹੋਣ ਕਾਰਨ ਹੀ ਧੱਕਾ ਕੀਤਾ ਗਿਆ ਹੈ । ਦੇਸ਼ ਦੀ ਸੇਵਾ ਦਾ ਇਸ ਤਰ੍ਹਾਂ ਦਾ ਮੁੱਲ ਪੈਂਦਾ ਵੇਖ ਕੇ ਉਹ ਹੁਣ ਕਹਿਣ ਲੱਗ ਪਏ ਸਨ ਕਿ 'ਪਹਿਲਾਂ ਦੇਸ਼ ਦੀ ਸੇਵਾ ਕੀਤੀ ਹੈ, ਹੁਣ ਕੌਮ ਦੀ ਸੇਵਾ ਕਰਨੀ ਹੈ।' (ਉਸ ਕੌਮ ਦੀ ਜਿਸ ਨਾਲ਼ ਪੈਰ ਪੈਰ 'ਤੇ ਹੋ ਰਹੀ ਧੱਕੇਸ਼ਾਹੀ ਨੂੰ ਉਹਨਾਂ ਨੇ ਬੜੇ ਨੇੜੇ ਤੋਂ ਵੇਖਿਆ ਤੇ ਮਹਿਸੂਸ ਕੀਤਾ ਸੀ।)

ਹੁਣ ਕੌਮ ਦੀ ਸੇਵਾ ਕਰਨ ਲਈ ਉਹਨਾਂ ਅੰਦਰ ਕਿਸੇ ਪ੍ਰਭਾਵਸ਼ਾਲੀ ਤੇ ਇਮਾਨਦਾਰ ਸਿੱਖ ਲੀਡਰ ਨੂੰ ਮਿਲਣ ਦੀ ਖ਼ਾਹਸ਼ ਪੈਦਾ ਹੋਈ। ਆਪ ਦੇ ਇੱਕ ਦੋਸਤ ਜਗਬੀਰ ਸਿੰਘ ਢਿੱਲੋਂ ਨੇ

ਆਪ ਨੂੰ ਸੰਤ ਹਰਚੰਦ ਸਿੰਘ ਲੌਂਗੋਵਾਲ ਦੇ ਨਾਲ਼ ਮਿਲਾਇਆ। ਕਾਫ਼ੀ ਦੇਰ ਲੌਂਗੋਵਾਲ ਨਾਲ਼ ਵਿਚਾਰ ਵਟਾਂਦਰਾ ਕਰਕੇ ਬਾਹਰ ਆ ਕੇ ਜਦੋਂ ਢਿੱਲੋਂ ਨੇ ਆਪ ਤੋਂ ਇਸ ਮੁਲਾਕਾਤ ਦਾ ਪ੍ਰਭਾਵ ਜਾਣਨਾ ਚਾਹਿਆ ਤਾਂ ਆਪ ਦਾ ਉੱਤਰ ਸੀ:

"ਯਾਰ ਮੇਰੇ ਤਾਂ ਕੁਝ ਪਿੜ ਪੱਲੇ ਨ੍ਹੀਂ ਪਿਆ ਕਿ ਇਹ ਕੀ ਕਹਿਣਾ ਚਾਹੁੰਦੈ...ਕੋਈ ਚੱਜ ਦਾ ਲੀਡਰ ਮਿਲਾ, ਜੇ ਮਿਲਾਉਣੈਂ...।"

ਇਹ ਗੱਲ ਸੁਣ ਕੇ ਜਗਬੀਰ ਸਿੰਘ ਢਿੱਲੋਂ ਨੇ ਸੰਤ ਜਰਨੈਲ ਸਿੰਘ ਦੀ ਦੱਸ ਪਾ ਦਿੱਤੀ। ਸੰਤ ਜਰਨੈਲ ਸਿੰਘ ਨੂੰ ਮਿਲਣ ਲਈ ਆਪ ਇਕੱਲੇ ਹੀ ਮਹਿਤੇ ਗਏ ਤੇ ਫਿਰ ਓਥੋਂ ਵਾਪਸ ਨਹੀਂ ਪਰਤੇ। ਢਿੱਲੋਂ ਨੂੰ ਕੇਵਲ ਆਪ ਦਾ ਸੁਨੇਹਾ ਹੀ ਮਿਲਿਆ, ਜੋ ਇਸ ਤਰ੍ਹਾਂ ਸੀ:

"ਹੁਣ ਬਣੀ ਆ ਗੱਲ....ਮੈਂ ਫ਼ੌਜ ਦਾ ਜਰਨੈਲ ਤੇ ਇਹ ਕੌਮ ਦਾ ਜਰਨੈਲ....ਹੁਣ ਤਾਂ ਜ਼ਿੰਦਗੀ ਇਹਨਾਂ ਦੇ ਨਾਲ਼ ਹੀ...।"

ਤੇ ਇਹਨਾਂ ਦੋਹਾਂ ਜਰਨੈਲਾਂ ਦੇ ਮੇਲ ਨਾਲ਼ ਸੰਤ ਜਰਨੈਲ ਸਿੰਘ ਦੀ ਸ਼ੇਰ ਗਰਜ ਤੋਂ ਪਹਿਲਾਂ ਹੀ ਡਰੀ ਹੋਈ ਮ੍ਰਿਗਾਵਲੀ ਰੂਪੀ ਰਵਾਇਤੀ ਅਕਾਲੀ ਲੀਡਰਸ਼ਿਪ ਹੋਰ ਬੇਚੈਨ ਹੋ ਗਈ, ਭਾਵੇਂ ਕਿ ਉਹ ਮਿੱਠੀਆਂ ਮੁਸਕਰਾਹਟਾਂ ਹੇਠ ਜ਼ਹਿਰ ਲੁਕੋਈ ਇਹਨਾਂ ਜਰਨੈਲਾਂ ਨੂੰ ਧੋਖਾ ਦੇਣ ਦਾ ਅਖੀਰ ਤਕ ਕੋਈ ਮੌਕਾ ਨਾ ਗੁਆਉਂਦੀ ਰਹੀ, ਪਰ ਸੰਤ ਜੀ ਇਹਨਾਂ ਦੀ ਅਸਲੀਅਤ ਸਮਝ ਗਏ ਸਨ।

ਹਿੰਦੁਸਤਾਨ ਦੀ ਹਕੂਮਤ ਨੂੰ ਜਦੋਂ ਪਤਾ ਲੱਗਾ ਕਿ ਜਿਨ੍ਹਾਂ ਸਿੱਖਾਂ ਨੂੰ ਫ਼ੌਜੀ ਸਿਖਲਾਈ ਦੇ ਉਹਨਾਂ ਦੇ ਮੂਲ ਗੁਣ ਨਾਲ਼ੋਂ ਤੋੜਨ ਲਈ ਉਹ ਕਈ ਤਰ੍ਹਾਂ ਦੇ ਪਾਪੜ ਵੇਲ਼ਦੀ ਆ ਰਹੀ ਹੈ ਉਹਨਾਂ ਹੀ ਸਿੱਖਾਂ ਨੂੰ ਸਿਖਲਾਈ ਦੇਣ ਦੀ ਜ਼ਿੰਮੇਵਾਰੀ ਜਨਰਲ ਸੁਬੇਗ ਸਿੰਘ ਨੇ ਸੰਭਾਲ਼ ਲਈ ਹੈ ਤਾਂ ਉਸ ਅੰਦਰਲਾ ਸਮੁੱਚਾ ਜ਼ਹਿਰ ਉਸ ਦੇ ਸ਼ੈਤਾਨ ਦਿਮਾਗ ਵਿੱਚ ਇਕੱਠਾ ਹੋਣ ਲੱਗਾ। ਫਿਰ ਸਿੱਖ ਕੌਮ ਦੇ ਗ਼ੱਦਾਰ ਅਕਾਲੀ ਲੀਡਰਾਂ ਨਾਲ ਸਲਾਹ ਕਰ ਕੇ ਵੀਹਵੀਂ ਸਦੀ ਦਾ ਸਭ ਤੋਂ ਘਿਨਾਉਣਾ ਸਾਕਾ ਵਰਤਾਉਣ ਦੀ ਤਿਆਰੀ ਕਰ ਲਈ ਗਈ।

ਸਿੱਖ ਕੌਮ ਨੂੰ ਆਪਣੇ ਪੈਰਾਂ 'ਤੇ ਖੜ੍ਹੇ ਕਰਨ ਲਈ ਜੁੱਟੇ ਇਹ ਅਣਖੀਲੇ ਜਰਨੈਲ ਹਕੂਮਤੀ ਸਾਜ਼ਸ਼ਾਂ ਤੋਂ ਬੇਖ਼ਬਰ ਨਹੀਂ ਸਨ, ਇਹੀ ਕਾਰਨ ਸੀ ਕਿ ਜਨਰਲ ਸੁਬੇਗ ਸਿੰਘ ਨੇ ਆਪਣੇ ਪਰਿਵਾਰ ਨੂੰ ਪਹਿਲਾਂ ਹੀ ਕਹਿ ਦਿੱਤਾ ਸੀ ਕਿ "ਅਸੀਂ ਦਰਬਾਰ ਸਾਹਿਬ ਦੀ ਬੇਅਦਬੀ ਨਹੀਂ ਹੋਣ ਦਿਆਂਗੇ..ਜਾਨ ਜਾਂਦੀ ਹੈ ਤਾਂ ਜਾਵੇ...।"

ਜਨ: ਸਾਹਿਬ ਦੇ ਛੋਟੇ ਭਰਾ ਸ. ਬੇਅੰਤ ਸਿੰਘ ਯਾਦ ਕਰਦੇ ਹੋਏ ਦੱਸਦੇ ਹਨ ਕਿ ਅਕਾਲ ਤਖ਼ਤ ਸਾਹਿਬ 'ਤੇ ਇੱਕ ਸਮਾਗਮ ਦੇ ਦੌਰਾਨ ਸੰਬੋਧਨ ਕਰਦਿਆਂ ਸੰਤ ਜਰਨੈਲ ਸਿੰਘ ਜੀ ਨੇ ਸ਼੍ਰੋਮਣੀ ਕਮੇਟੀ ਪ੍ਰਧਾਨ ਜਥੇਦਾਰ ਟੌਹੜਾ ਨੂੰ ਸੰਬੋਧਨ ਹੁੰਦਿਆਂ ਪੁੱਛਿਆ ਸੀ ਕਿ 'ਜੇਕਰ ਫ਼ੌਜੀ ਹਮਲੇ ਦਾ ਮੁਕਾਬਲਾ ਕੀਤਿਆਂ ਦਰਬਾਰ ਸਾਹਿਬ ਦੀ ਪਵਿੱਤਰਤਾ ਭੰਗ ਹੁੰਦੀ ਹੈ ਤਾਂ ਫਿਰ ਅਸੀਂ ਬਾਹਰ ਚਲੇ ਜਾਈਏ?' ਪਰ ਜਥੇ: ਟੌਹੜਾ ਉਸ ਮੌਕੇ ਕੁਝ ਵੀ ਨਹੀਂ ਸੀ ਬੋਲੇ।

ਅਖੀਰ ਉਸ ਕਹਿਰੀ ਹਮਲੇ ਦਾ ਸਮਾਂ ਆ ਪੁੱਜਾ। ਸੰਤਾਂ ਵੱਲੋਂ ਕੀਤੇ ਗਏ ਪਰਿਵਾਰਾਂ ਨੂੰ

ਸੁਰੱਖਿਅਤ ਕੱਢ ਦੇਣ ਦੇ ਫ਼ੈਸਲੇ ਅਨੁਸਾਰ ਜਨਰਲ ਸੁਬੇਗ ਸਿੰਘ ਜੀ ਨੇ ਵੀ ਆਪਣੇ ਪਰਿਵਾਰ ਨੂੰ ਤਿੰਨ ਜੂਨ ਨੂੰ ਓਥੋਂ ਨਿਕਲ ਜਾਣ ਲਈ ਕਿਹਾ। ਆਪ ਜੀ ਦੇ ਮਾਤਾ ਜੀ ਨੇ ਇਸ਼ਨਾਨ ਕਰਨ ਦੀ ਇੱਛਾ ਪ੍ਰਗਟ ਕੀਤੀ ਤਾਂ ਜਨਰਲ ਸਾਹਿਬ ਨੇ ਕਿਹਾ- "ਹੁਣ ਇਸ਼ਨਾਨ ਕਰਨ ਦਾ ਸਮਾਂ ਨਹੀਂ, ਤੁਸੀਂ ਨਿਕਲ ਜਾਓ........ਹਮਲਾ ਹੋਣ ਹੀ ਵਾਲਾ ਹੈ.....।"

ਜਨਰਲ ਸੁਬੇਗ ਸਿੰਘ ਜੀ ਨੇ ਦੁਸ਼ਮਣ ਧਿਰ ਵੱਲੋਂ ਹਰਿਮੰਦਰ ਸਾਹਿਬ ਮੱਥਾ ਟੇਕਣ ਦੇ ਬਹਾਨੇ ਅੰਦਰਲੀ ਮੋਰਚਾਬੰਦੀ ਦਾ ਜਾਇਜ਼ਾ ਲੈਣ ਆਏ ਲੈਫਟੀਨੈਂਟ ਜਨਰਲ ਰਣਜੀਤ ਦਿਆਲ ਨੂੰ ਪਛਾਣ ਲਿਆ ਸੀ ਤੇ ਨਾਲ ਹੀ ਉਸ ਦੀਆਂ ਸ਼ੈਤਾਨੀ ਅੱਖਾਂ ਦਾ ਨਿਸ਼ਾਨਾ ਵੀ, ਪਰ ਸਿੱਖ ਕੌਮ ਨੂੰ ਇਹ ਵੀ ਮਾਣ ਰਹੇਗਾ ਕਿ ਸਿੱਖਾਂ ਦੇ ਜਰਨੈਲ (ਜਨਰਲ ਸੁਬੇਗ ਸਿੰਘ) ਦੇ ਬਣਾਏ ਮੋਰਚਿਆਂ ਦੀ ਟੋਹ ਲਾਉਣ ਵਿੱਚ ਇਹ ਦਿੱਲੀ ਦਾ ਜਰਨੈਲ (ਰਣਜੀਤ ਦਿਆਲ) ਸਫਲ ਨਹੀਂ ਹੋ ਸਕਿਆ।

ਤੇ ਫਿਰ ਚਮਕੌਰ ਦੀ ਗੜ੍ਹੀ ਦੀ ਲੜਾਈ ਵਾਂਗ ਵੀਹਵੀਂ ਸਦੀ ਵਿੱਚ ਵੀ ਇੱਕ ਅਨੋਖੀ ਲੜਾਈ ਦਾ ਅਰੰਭ ਹੋਇਆ। ਤੋਪਾਂ ਟੈਂਕਾਂ ਨਾਲ ਲੈਸ ਜ਼ੁਲਮ ਜਬਰ ਦੇ ਸਹਾਰੇ ਹਕੂਮਤ ਕਰਨ ਵਾਲਿਆਂ ਦੇ ਪੈਰੋਕਾਰਾਂ ਦਾ ਹੜ੍ਹ ਅੱਜ ਸਿੱਖਾਂ ਦਾ ਸਿਦਕ ਸਬਰ ਪਰਖ ਰਿਹਾ ਸੀ। ਇਸ ਸਿਦਕ ਸਬਰ ਦਾ ਲੋਹਾ ਹਿੰਦੁਸਤਾਨ ਦੇ ਫ਼ੌਜੀ ਜਰਨੈਲਾਂ ਵੀ ਸ਼ਰੇਆਮ ਮੰਨਿਆ। ਇਸ ਦੇ ਨਾਲ ਹੀ ਜਨਰਲ ਸੁਬੇਗ ਸਿੰਘ ਵੱਲੋਂ ਦਿੱਤੀ ਟਰੇਨਿੰਗ ਅਤੇ ਕੀਤੀ ਗਈ ਮੋਰਚਾਬੰਦੀ ਦਾ ਲੋਹਾ ਵੀ ਭਾਰਤੀ ਜਰਨੈਲਾਂ ਨੂੰ ਪ੍ਰੈੱਸ ਦੇ ਸਾਮ੍ਹਣੇ ਮੰਨਣਾ ਪਿਆ। ਦੁਨੀਆ ਨੂੰ ਭਾਵੇਂ ਲੱਗਦਾ ਹੋਵੇ ਕਿ ਇਸ ਲੜਾਈ ਵਿੱਚ ਹਿੰਦੁਸਤਾਨੀ ਹਕੂਮਤ ਦੀ ਜਿੱਤ ਹੋਈ ਸੀ ਪਰ ਇਤਿਹਾਸ ਨੇ ਅਜੇ ਨਿਰਣਾ ਕਰਨਾ ਹੈ ਕਿ ਪਹਿਲੀ ਜੂਨ 1984 ਨੂੰ ਹਿੰਦੁਸਤਾਨੀ ਫ਼ੌਜ ਵੱਲੋਂ ਚੱਲੀ ਪਹਿਲੀ ਗੋਲੀ ਨਾਲ ਅਰੰਭ ਹੋਈ ਇਸ ਜੰਗ ਵਿੱਚ ਅਖੀਰ ਕੌਣ ਹਾਰਿਆ ਤੇ ਕੌਣ ਜਿੱਤਿਆ। ਕਿਉਂਕਿ ਇਹ ਜੰਗ ਅਜੇ ਖ਼ਤਮ ਨਹੀਂ ਹੋਈ। ਇਸ ਜੰਗ ਵਿੱਚ ਦੁਸ਼ਮਣ ਨੂੰ 'ਖ੍ਵਾਰ ਹੋਇ ਸਭ ਮਿਲੈਂਗੇ' ਵਾਲੀ ਦਸ਼ਾ ਵਿੱਚ ਪਹੁੰਚਾਏ ਬਿਨਾ ਦਸਮ ਗੁਰੂ ਦਾ ਖ਼ਾਲਸਾ ਚੈਨ ਨਾਲ ਨਹੀਂ ਬੈਠੇਗਾ।

ਖ਼ੈਰ, ਵੀਹਵੀਂ ਸਦੀ ਦੇ ਇਸ ਅਹਿਮ ਘੱਲੂਘਾਰੇ ਵਿੱਚ ਭਾਰਤੀ ਫ਼ੌਜ ਦੇ ਕਈ ਵੱਡੇ ਵੱਡੇ ਜਰਨੈਲਾਂ ਤੋਂ ਆਪਣੀ ਜਰਨੈਲੀ ਦਾ ਲੋਹਾ ਮੰਨਵਾ ਕੇ ਸ਼ਹੀਦ ਹੋਇਆ ਜਨਰਲ ਸੁਬੇਗ ਸਿੰਘ ਬਿਨਾਂ ਕਿਸੇ ਮੈਡਲ ਅਤੇ ਹੋਰ ਸਨਮਾਨ ਦੇ, ਇਤਿਹਾਸ ਵਿਚਲੀ ਉਸ ਅਮਰਤਾ ਨੂੰ ਪ੍ਰਾਪਤ ਕਰ ਗਿਆ ਹੈ ਜੋ ਪਰਮਵੀਰ ਚੱਕਰ ਤੇ ਹੋਰ ਕਈ ਤਰ੍ਹਾਂ ਦੇ ਸਨਮਾਨ ਹਾਸਲ ਕਰਨ ਵਾਲੇ ਕਿਸੇ ਫ਼ੌਜੀ ਜਰਨੈਲ ਨੂੰ ਵੀ ਕਦੇ ਹਾਸਲ ਨਹੀਂ ਹੋ ਸਕੀ ਤੇ ਨਾ ਹੀ ਹੋਵੇਗੀ। ਉਸ ਨੇ ਹੋਰਾਂ ਵਾਂਗ ਪੈਰ ਪੈਰ 'ਤੇ ਧੱਕਾ ਕਰਨ ਵਾਲੀ ਹਕੂਮਤ ਦੀ ਗ਼ੁਲਾਮੀ ਨਹੀਂ ਕਬੂਲੀ, ਬਲਕਿ ਉਹ 'ਵਾਹਿਗੁਰੂ ਜੀ ਕਾ ਖ਼ਾਲਸਾ' ਬਣ ਕੇ ਜੀਵਿਆ ਅਤੇ ਸ਼ਹੀਦ ਹੋ ਕੇ ਸਿੱਖਾਂ ਨੂੰ 'ਵਾਹਿਗੁਰੂ ਜੀ ਕੀ ਫ਼ਤਹਿ' ਲਈ ਜੂਝਣ ਦੇ ਕਈ ਗੁਰ ਸਿਖਾ ਗਿਆ।

* * * * *

ਸੰਤ ਜਰਨੈਲ ਸਿੰਘ ਭਿੰਡਰਾਂਵਾਲ਼ਿਆਂ ਦੀ ਸੱਜੀ ਬਾਂਹ
ਸ਼ਹੀਦ ਭਾਈ ਸੁਰਿੰਦਰ ਸਿੰਘ ਸੋਢੀ

ਜਦੋਂ ਵੀ ਸੰਤ ਜਰਨੈਲ ਸਿੰਘ ਦਾ ਜ਼ਿਕਰ ਹੁੰਦਾ ਹੈ ਤਾਂ ਉਹਨਾਂ ਦੀ ਸੱਜੀ ਬਾਂਹ ਕਹਿ ਕੇ ਸਤਿਕਾਰੇ ਜਾਣ ਵਾਲ਼ੇ ਭਾਈ ਸੁਰਿੰਦਰ ਸਿੰਘ ਸੋਢੀ ਦਾ ਜਿਕਰ ਆਪਣੇ ਆਪ ਹੀ ਛਿੜ ਪੈਂਦਾ ਹੈ। ਅਕਸਰ ਹੀ ਇਸ ਦੀ ਫੁਰਤੀ ਅਤੇ ਦਲੇਰੀ ਦੀਆਂ ਗੱਲਾਂ ਹੁੰਦੀਆਂ ਹਨ। ਗੱਡੀ ਦੀ ਲਾਈਨ 'ਤੇ ਮੋਟਰ ਸਾਈਕਲ ਚਲਾਉਣ ਅਤੇ ਇੱਕੋ ਸਮੇਂ ਡਰਾਈਵਰੀ ਅਤੇ ਪੁਲੀਸ ਨਾਲ਼ ਮੁਕਾਬਲਾ ਕਰਨ ਦੀਆਂ ਇਸ ਸੂਰਮੇ ਦੀਆਂ ਦੰਦ-ਕਥਾਵਾਂ ਸਿੱਖ ਕੌਮ ਦੇ ਬੱਚੇ-ਬੱਚੇ ਅੰਦਰ ਪ੍ਰਸਿੱਧ ਹਨ।

ਇਸ ਸੂਰਮੇ ਦਾ ਜਨਮ ਸੰਨ 1960 ਦੇ ਲਗਭਗ ਮਾਤਾ ਨਰਿੰਦਰ ਕੌਰ ਦੀ ਕੁੱਖੋਂ, ਪਿਤਾ ਸ. ਦਲਜੀਤ ਸਿੰਘ ਦੇ ਗ੍ਰਹਿ ਵਿਖੇ ਹੁਸ਼ਿਆਰਪੁਰ ਜ਼ਿਲ੍ਹੇ ਦੇ ਪਿੰਡ ਕੋਟਲੀ ਬਾਵਾ ਦਾਸ ਵਿੱਚ ਹੋਇਆ। ਆਪ ਤੋਂ ਵੱਡੀ ਇੱਕ ਭੈਣ ਹੈ ਜਿਸ ਦਾ ਨਾਂ ਗੁਰਵਿੰਦਰ ਕੌਰ ਹੈ। ਆਪ ਦੇ ਚਾਚਾ ਜੀ ਜੋ ਕਿ ਅਖੰਡ ਕੀਰਤਨੀ ਜਥੇ ਵਿੱਚ ਹਨ, ਦੱਸਦੇ ਹਨ ਕਿ ਸੁਰਿੰਦਰ ਸਿੰਘ ਸੋਢੀ ਦੇ ਜਨਮ ਸਮੇਂ ਜਦੋਂ ਸਿੰਘ ਉਸ ਦੇ ਕੋਲ਼ ਬੈਠ ਕੇ ਨਾਮ ਜਪਦੇ ਸਨ ਤਾਂ ਉਹ ਹੁੰਗਾਰਾ ਦਿੰਦਾ ਸੀ।

ਸੋਢੀ ਦਾ ਬਚਪਨ ਬਹੁਤ ਕਸ਼ਟਮਈ ਸੀ। ਉਹ ਇੱਕ ਸਾਲ ਦਾ ਹੀ ਸੀ, ਜਦੋਂ ਉਸ ਦੇ ਮਾਤਾ ਜੀ ਚੜ੍ਹਾਈ ਕਰ ਗਏ। ਮਾਂ ਤੋਂ ਬਿਨਾਂ ਦੋਵੇਂ ਭੈਣ ਭਰਾ ਦਾਦੀ ਨੇ ਪਾਲ਼ੇ। ਉਹ ਤੇਰਾਂ ਸਾਲਾਂ ਦਾ ਸੀ, ਜਦੋਂ ਉਸ ਦੇ ਪਿਤਾ ਜੀ ਵੀ ਟਰੈਕਟਰ ਉਲ਼ਟ ਜਾਣ ਨਾਲ਼ ਚੜ੍ਹਾਈ ਕਰ ਗਏ। ਇਸ ਨਾਲ਼ ਬੇਸਹਾਰਾ ਹੋ ਗਏ ਦੋਵੇਂ ਭੈਣ-ਭਰਾ ਆਪਣੇ ਤਾਏ ਕੋਲ਼ ਬੁੱਲ੍ਹੋਵਾਲ ਪਿੰਡ 'ਚ ਆ ਕੇ ਰਹਿਣ ਲਈ ਮਜਬੂਰ ਹੋ ਗਏ।

ਸੋਢੀ ਦੀ ਆਪਣੇ ਤਾਏ ਨਾਲ਼ ਨਾ ਨਿਭੀ। ਲੜ ਕੇ ਘਰੋਂ ਨਿਕਲ਼ ਗਿਆ ਤੇ ਸੰਤ ਬਾਬਾ ਨਿਹਾਲ ਸਿੰਘ ਜੀ ਹਰੀਆਂ ਵੇਲਾਂ ਵਾਲ਼ਿਆਂ ਕੋਲ਼ ਜਾ ਪਹੁੰਚਿਆ। ਸੰਨ 1978 'ਚ ਅੰਮ੍ਰਿਤਸਰ ਵਿਖੇ ਵਾਪਰੇ ਸਾਕੇ ਪਿੱਛੋਂ ਸਿੱਖ ਪੰਥ ਅੰਦਰ ਇਨਕਲਾਬੀ ਹਵਾਵਾਂ ਚੱਲੀਆਂ ਤਾਂ ਸੋਢੀ ਨੇ ਵੀ ਇਲਾਕੇ ਦੇ ਕੁਝ ਨਰਕਧਾਰੀਆਂ ਨਾਲ਼ ਮੱਥਾ ਲਾ ਲਿਆ। 307-351 ਦੇ ਕੇਸ ਵਿੱਚ ਫੜੇ ਜਾਣ ਪਿੱਛੋਂ ਕੁਝ ਸਾਥੀਆਂ ਨੇ ਆਪ ਦੀ ਜ਼ਮਾਨਤ ਕਰਵਾਈ।

ਸੰਨ 1979 ਵਿੱਚ ਸੋਢੀ ਨੇ ਅੰਮ੍ਰਿਤਪਾਨ ਕੀਤਾ। ਜਥੇਦਾਰ ਰਾਮ ਸਿੰਘ, ਜਿਹੜੇ ਕਿ ਸੰਤ ਕਰਤਾਰ ਸਿੰਘ ਜੀ ਦੇ ਅਕਾਲ ਚਲਾਣੇ ਪਿੱਛੋਂ ਉਹਨਾਂ ਦੀ ਦਸਤਾਰ ਉੱਪਰ ਦਾਅਵੇਦਾਰੀ

ਜਤਾਉਂਦੇ ਸਨ ਤੇ ਦਸਤਾਰ ਸੰਤ ਜਰਨੈਲ ਸਿੰਘ ਨੂੰ ਮਿਲਣ 'ਤੇ ਨਰਾਜ਼ ਹੋ ਕੇ ਪਿੰਡ ਵਾਪਸ ਆ ਗਏ ਸਨ, ਦੀ ਅਗਵਾਈ ਵਿੱਚ ਹੁਸ਼ਿਆਰਪੁਰ ਇਲਾਕੇ ਦੇ ਕੁਝ ਸਿੱਖ ਗੱਭਰੂਆਂ ਨੇ ਨਰਕਧਾਰੀਆਂ ਦੀ ਚੁਣੌਤੀ ਦਾ ਮੂੰਹ ਮੋੜਨ ਲਈ ਹਥਿਆਰਬੰਦ ਜਥਾ ਕਾਇਮ ਕਰਨ ਦੇ ਯਤਨ ਅਰੰਭ ਕੀਤੇ।

ਇਹਨਾਂ ਸਰਗਰਮੀਆਂ 'ਚ 1982 ਵਿੱਚ ਸੁਰਿੰਦਰ ਸਿੰਘ ਸੋਢੀ ਦੀ ਜ਼ਿੰਮੇਵਾਰੀ ਇੱਕ ਵਾਰ ਹਥਿਆਰ ਲਿਆਉਣ ਦੀ ਲੱਗੀ। ਇੱਕ ਫੋਰਵ੍ਹੀਲਰ ਦੀ ਬਾਡੀ ਲਗਵਾਉਣ ਦੇ ਬਹਾਨੇ ਸੋਢੀ ਅਤੇ ਇੱਕ ਹੋਰ ਸਿੰਘ ਦਿੱਲੀ ਗਏ। ਜਦੋਂ ਉਹ ਵਾਪਸੀ ਪੰਜਾਬ ਵੱਲ ਤੁਰੇ ਤਾਂ ਉਸ ਫੋਰਵ੍ਹੀਲਰ ਵਿੱਚ ਕਾਫ਼ੀ ਅਸਲਾ ਸੀ। ਜਦੋਂ ਪੰਜਾਬ-ਹਰਿਆਣਾ ਦੀ ਸਰਹੱਦ 'ਤੇ ਸਖ਼ਤ ਨਾਕਾ ਲੱਗਾ ਸੋਢੀ ਨੇ ਵੇਖਿਆ ਤਾਂ ਇਸ ਨੂੰ ਸ਼ੱਕ ਪਿਆ ਕਿ ਮੁਖ਼ਬਰੀ ਹੋ ਚੁੱਕੀ ਹੈ। ਇਸ ਨੇ ਸਾਥੀ ਨਾਲ ਭੱਜ ਜਾਣ ਦੀ ਸਲਾਹ ਕੀਤੀ, ਪਰ ਸਾਥੀ ਨੇ ਕਿਹਾ ਕਿ ਮੇਰੇ ਤੋਂ ਭੱਜਾ ਨਹੀਂ ਜਾਣਾ। ਨਤੀਜੇ ਵਜੋਂ ਉਕਤ ਨਾਕੇ 'ਤੇ ਰਾਣੀਆਂ ਕਸਬੇ ਕੋਲ ਇਹਨਾਂ ਦੋਹਾਂ ਨੂੰ ਹਰਿਆਣਾ ਪੁਲੀਸ ਨੇ ਗ੍ਰਿਫ਼ਤਾਰ ਕਰ ਲਿਆ।

ਇਹਨਾਂ ਦੋਹਾਂ ਨੂੰ ਬੜੇ ਬੁਰੇ ਤਰੀਕੇ ਨਾਲ ਟਾਰਚਰ ਕੀਤਾ ਗਿਆ। ਪੰਜਾਬ ਵਿੱਚ ਨਵੀਂ-ਨਵੀਂ ਸਿੱਖਾਂ ਦੀ ਜੁਝਾਰੂ ਲਹਿਰ ਉੱਠੀ ਸੀ, ਇਸ ਕਾਰਨ ਪੰਜਾਬ ਦੀ ਪੁਲੀਸ ਨੇ ਇਹਨਾਂ ਦੋਹਾਂ ਕੋਲੋਂ ਅਸਲਾ ਬਰਾਮਦ ਹੋਣ ਦੀ ਘਟਨਾ ਨੂੰ ਗੰਭੀਰਤਾ ਨਾਲ ਲਿਆ ਤੇ ਇਹਨਾਂ ਦੀ ਮੰਗ ਕੀਤੀ। ਹਰਿਆਣਾ ਪੁਲੀਸ ਨੇ ਇਹਨਾਂ ਨੂੰ ਪੰਜਾਬ ਪੁਲੀਸ ਦੇ ਹਵਾਲੇ ਤਾਂ ਨਾ ਕੀਤਾ, ਪਰ ਪੰਜਾਬ ਦੇ ਕਈ ਪੁਲੀਸ ਅਫ਼ਸਰਾਂ ਨੂੰ ਇਹਨਾਂ ਤੋਂ ਪੁੱਛਗਿੱਛ ਕਰਨ ਦੀ ਖੁੱਲ੍ਹ ਦੇ ਦਿੱਤੀ। ਪੰਜਾਬ ਦੇ ਪੰਜ ਪੁਲੀਸ ਇੰਸਪੈਕਟਰਾਂ ਅਤੇ ਐਸ.ਐਸ.ਪੀ. ਅਟਵਾਲ ਨੇ ਇਹਨਾਂ ਨੂੰ ਬੁਰੀ ਤਰ੍ਹਾਂ ਟਾਰਚਰ ਕੀਤਾ। ਸੋਢੀ ਨੇ ਕੁਝ ਨਾ ਦੱਸਿਆ ਤੇ ਆਪਣੇ ਦੁਸ਼ਮਣਾਂ ਦੇ ਨਾਂ ਲੈ ਦਿੱਤੇ, ਜਿਨ੍ਹਾਂ ਵਿੱਚ ਇਸ ਦਾ ਤਾਇਆ ਵੀ ਸੀ।

ਪਰ ਦੂਜੇ ਸਾਥੀ ਨੇ ਕਈ ਹੋਰ ਸਾਥੀਆਂ ਦੇ ਨਾਂ ਲੈ ਦਿੱਤੇ। ਹੋਰ ਕਈ ਸਾਥੀਆਂ ਦੀ ਫੜੋ-ਫੜਾਈ ਪਿੱਛੋਂ ਘਣੀਏ ਕੇ ਬਾਂਗਰ ਦੇ ਅਵਤਾਰ ਸਿੰਘ ਨਾਂ ਦੇ ਸ਼ਖ਼ਸ ਨੇ ਸਾਰੇ ਗਰੁੱਪ ਦੇ ਸਿੰਘਾਂ ਦੇ ਨਾਂ ਲੈ ਦਿੱਤੇ, ਜਿਸ ਕਾਰਨ ਇਸ ਗਰੁੱਪ ਦੇ ਸਾਰੇ ਹੀ ਸਿੰਘ ਰੂਪੋਸ਼ ਹੋ ਗਏ। ਇਸ ਪਿੱਛੋਂ ਜਥੇਦਾਰ ਰਾਮ ਸਿੰਘ ਦੀ ਸੰਤ ਜਰਨੈਲ ਸਿੰਘ ਜੀ ਨਾਲ ਸੁਲ੍ਹਾ ਹੋ ਗਈ ਤੇ ਇਹ ਸਾਰਾ ਗਰੁੱਪ ਸੰਤਾਂ ਕੋਲ ਜਾ ਪਹੁੰਚਿਆ। ਫਿਰ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਨੇ ਪੈਰਵੀ ਕਰ ਕੇ ਸੋਢੀ ਦੀ ਜ਼ਮਾਨਤ ਕਰਵਾ ਲਈ। ਢਾਈ ਮਹੀਨੇ ਦੇ ਪੁਲੀਸ ਰਿਮਾਂਡ ਵਿੱਚ ਸੋਢੀ ਹੋਰਾਂ ਨੂੰ ਦਿੱਤੇ ਤਸੀਹੇ ਹੀ ਬਾਅਦ ਵਿੱਚ ਆਈ.ਜੀ. ਅਟਵਾਲ ਦੇ ਕਤਲ ਦਾ ਕਾਰਨ ਬਣੇ।

ਬਾਹਰ ਆਉਣ ਤੋਂ ਬਾਅਦ ਸੁਰਿੰਦਰ ਸਿੰਘ ਸੋਢੀ ਦਾ ਨਾਂ ਕਈ ਵਾਰਦਾਤਾਂ ਨਾਲ ਜੁੜਨ ਲੱਗਾ। ਟਾਂਡੇ ਲਾਗੇ ਨਰਕਧਾਰੀਆਂ ਦੇ ਸੈਨਾਪਤੀ ਵਜੋਂ ਜਾਣੇ ਜਾਣ ਵਾਲੇ ਇੱਕ ਸ਼ਖ਼ਸ ਦਾ ਕਤਲ, ਬੁੱਲੋਵਾਲ 'ਚ ਵੀ ਇੱਕ ਨਰਧਕਾਰੀ ਦਾ ਕਤਲ, ਅਟਵਾਲ ਦਾ ਕਤਲ, ਐਸ.ਐਸ.ਪੀ. ਡੀ.ਆਰ. ਭੱਟੀ 'ਤੇ ਹਮਲਾ, ਢਿਲਵਾਂ ਬੱਸ ਕਾਂਡ ਆਦਿ ਪ੍ਰਮੁੱਖ ਵਾਰਦਾਤਾਂ 'ਚ ਹੋਰ ਸਿੰਘਾਂ ਨਾਲ ਸੋਢੀ ਦਾ ਨਾਂ ਵੀ ਵੱਜਦਾ ਸੀ।

ਇੱਕ ਵਾਰ ਭਾਈ ਸੁਰਿੰਦਰ ਸਿੰਘ ਸੋਢੀ ਅਤੇ ਭਾਈ ਮਲਾਗਰ ਸਿੰਘ ਚੌੜਾ ਮਧਰਾ ਸ਼ਾਮ

ਚੁਰਾਸੀ ਨੇੜੇ ਇੱਕ ਘਰ ਵਿੱਚ ਰੁਕੇ ਹੋਏ ਸਨ ਕਿ ਪੁਲੀਸ ਦਾ ਘੇਰਾ ਪੈ ਗਿਆ। ਮਲਾਗਰ ਸਿੰਘ ਪਹਿਲਾਂ ਹੀ ਨਿਕਲ ਗਿਆ ਪਰ ਸੋਢੀ ਸਖ਼ਤ ਘੇਰੇ ਵਿੱਚ ਫਸ ਗਿਆ। ਇਸ ਵੇਲੇ ਸੋਢੀ ਕੋਲ ਕੇਵਲ ਇੱਕੋ ਹੀ ਫ਼ਾਇਰ ਕਰਨ ਵਾਲਾ ਇੱਕ ਪਿਸਤੌਲ ਸੀ। ਉਸ ਨੂੰ ਚਲਾਉਣ ਦਾ ਯਤਨ ਕੀਤਾ ਪਰ ਗੋਲੀ ਵਿੱਚ ਫਸ ਗਈ। ਸੋਢੀ ਦੇ ਦਿਲ ਅਤੇ ਦਿਮਾਗ ਦੋਹਾਂ ਨੇ ਕੰਮ ਕੀਤਾ ਤੇ ਉਸ ਨੇ ਕੋਠੇ 'ਤੇ ਚੜ੍ਹ ਕੇ, ਇੱਕ ਮੇਖ ਨਾਲ਼ ਲਾ ਕੇ ਇੱਟ ਨਾਲ਼ ਸੱਟ ਮਾਰੀ ਤਾਂ ਪਿਸਤੌਲ 'ਚੋਂ ਗੋਲ਼ੀ ਚੱਲ ਗਈ।

ਗੋਲ਼ੀ ਦੀ ਅਵਾਜ਼ ਨਾਲ਼ ਪੁਲਸੀਏ ਸਹਿਮ ਗਏ। ਸੋਢੀ ਨੇ ਫੁਰਤੀ ਵਿਖਾਈ। ਬੁੱਕਲ ਮਾਰ ਕੇ ਛਾਲ਼ ਮਾਰੀ ਤੇ ਇੱਕ ਬੈਲ-ਗੱਡੀ 'ਤੇ ਚੜ੍ਹ ਕੇ ਉਸ ਨੂੰ ਭਜਾਉਂਦਾ ਹੋਇਆ- "ਓਏ ਗੋਲ਼ੀ ਚੱਲ ਗਈ....ਗੋਲ਼ੀ ਚੱਲ ਗਈ...." ਦਾ ਰੌਲ਼ਾ ਪਾਉਂਦਾ ਪੁਲੀਸ ਦੇ ਨਾਕੇ ਚੀਰ ਕੇ ਬਚ ਨਿਕਲ਼ਿਆ। ਇਸ ਘਟਨਾ ਪਿੱਛੋਂ ਸਿੰਘ ਸੋਢੀ ਨੂੰ ਮਖ਼ੌਲ ਨਾਲ਼ 'ਪਾਇਲਟ' ਕਹਿਣ ਲੱਗ ਪਏ। ਇਹ ਉਪ-ਨਾਂ ਵੀ ਉਸ ਨਾਲ਼ ਸਦਾ ਹੀ ਜੁੜਿਆ ਰਿਹਾ। ਇਹ ਅਹਿਮ ਤੱਥ ਹੈ ਕਿ ਭਾਈ ਅਮਰੀਕ ਸਿੰਘ 'ਤੇ ਤਸ਼ੱਦਦ ਕਰਨ ਵਾਲ਼ੇ ਤੇ ਭਾਈ ਕੁਲਵੰਤ ਸਿੰਘ ਨਾਗੋਕੇ ਨੂੰ ਸ਼ਹੀਦ ਕਰਨ ਵਾਲ਼ੇ ਪੁਲੀਸ ਅਫ਼ਸਰ ਉਸ ਨੇ ਇਕੱਲੇ ਨੇ ਹੀ ਅਗਲੇ ਜਹਾਨ ਤੋਰ ਦਿੱਤੇ।

ਉਸ ਦੇ ਕਈ ਅਹਿਮ ਕਾਰਨਾਮਿਆਂ ਦੀਆਂ ਦੰਦ-ਕਥਾਵਾਂ ਅੱਜ ਵੀ ਪ੍ਰਚਲਿਤ ਹਨ। ਜਦੋਂ ਹਰਿਆਣੇ ਦੇ ਮੁੱਖ ਮੰਤਰੀ ਭਜਨ ਲਾਲ ਨੇ ਸਿੱਖਾਂ ਉੱਪਰ ਜ਼ੁਲਮ ਕੀਤੇ ਤਾਂ ਕਿਹਾ ਜਾਂਦਾ ਹੈ ਕਿ ਉਸ ਦੀ ਸੁਧਾਈ ਲਈ ਸੰਤ ਜਰਨੈਲ ਸਿੰਘ ਨੇ ਸੋਢੀ ਨੂੰ ਭੇਜਿਆ। ਉੱਥੇ ਜਾ ਕੇ ਭਜਨ ਲਾਲ ਦੀ ਸੁਰੱਖਿਆ ਦਾ ਅੰਦਾਜ਼ਾ ਲਾ ਕੇ ਸੋਢੀ ਨੇ ਸੰਤਾਂ ਨਾਲ਼ ਫ਼ੋਨ 'ਤੇ ਗੱਲ ਕਰ ਕੇ ਕਿਹਾ ਕਿ ਭਜਨ ਲਾਲ ਨੂੰ ਸੋਧ ਤਾਂ ਮੈਂ ਦਿਆਂਗਾ, ਪਰ ਵਾਪਸ ਨਹੀਂ ਆ ਸਕਾਂਗਾ। ਇਹ ਸੁਣ ਕੇ ਸੰਤਾਂ ਨੇ ਉਸ ਨੂੰ ਵਾਪਸ ਸੱਦ ਲਿਆ ਤੇ ਭਜਨ ਲਾਲ ਦੀ ਸੁਧਾਈ ਦਾ ਕੰਮ ਅੱਗੇ ਪਾ ਦਿੱਤਾ।

ਤੇ ਫਿਰ ਉਹ ਸਮਾਂ ਵੀ ਆਇਆ, ਜਦੋਂ ਸਿੱਖਾਂ ਦੇ ਵਾਹਿਦ ਲੀਡਰ ਬਣਨ ਦੇ ਚਾਹਵਾਨ ਲੌਂਗੋਵਾਲ ਵਰਗੇ ਲੋਕ ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲ਼ਿਆਂ ਦੀ ਸਿੱਖ ਸੰਗਤਾਂ ਅੰਦਰ ਵਧਦੀ ਲੋਕਪ੍ਰਿਅਤਾ ਤੋਂ ਏਨੇ ਦੁਖੀ ਹੋ ਗਏ ਕਿ ਉਹਨਾਂ ਨੇ ਸੰਤ ਭਿੰਡਰਾਂਵਾਲ਼ਿਆਂ ਨੂੰ ਕਤਲ ਕਰਵਾਉਣ ਲਈ ਇੱਕ ਬਦਮਾਸ਼ ਟੋਲੇ ਨਾਲ਼ 50 ਲੱਖ ਰੁਪਏ ਦਾ ਸੌਦਾ ਕਰ ਲਿਆ। ਪਰ ਸੰਤਾਂ ਦੇ ਇਰਦ-ਗਿਰਦ ਰਹਿੰਦੇ ਪਤੰਗਿਆਂ ਵਰਗੇ ਸਿੰਘਾਂ ਦੀਆਂ ਬਾਜ਼ ਅੱਖਾਂ ਨੂੰ ਤਾੜ ਕੇ ਉਕਤ ਬਦਮਾਸ਼ ਟੋਲਾ ਡਰ ਗਿਆ ਤੇ ਉਸ ਨੇ ਸੁਪਾਰੀ ਵਾਪਸ ਕਰ ਦਿੱਤੀ।

ਇਸ ਨਾਲ਼ ਲੌਂਗੋਵਾਲ਼ੀਆ ਗਰੁੱਪ ਘਬਰਾ ਗਿਆ। ਉਹਨਾਂ ਲਈ ਵਧੇਰੇ ਚਿੰਤਾ ਦੀ ਗੱਲ ਇਹ ਸੀ ਕਿ ਸੰਤ ਜਰਨੈਲ ਸਿੰਘ ਜੀ ਦੀ ਸੱਜੀ ਬਾਂਹ ਮੰਨਿਆ ਜਾਂਦਾ ਭਾਈ ਸੁਰਿੰਦਰ ਸਿੰਘ ਸੋਢੀ ਹਥਿਆਰਾਂ ਦੀ ਪ੍ਰਾਪਤੀ ਦੇ ਕੰਮ ਦੌਰਾਨ ਉਕਤ ਬਦਮਾਸ਼ ਟੋਲੇ ਦੇ ਕਈ ਮੈਂਬਰਾਂ ਨੂੰ ਨਿੱਜੀ ਤੌਰ 'ਤੇ ਜਾਣਦਾ ਸੀ। ਲੌਂਗੋਵਾਲੀਆਂ ਨੂੰ ਚਿੰਤਾ ਹੋਈ ਕਿ ਕਿਤੇ ਉਸ ਗਿਰੋਹ ਦੇ ਮੈਂਬਰ ਭਾਈ ਸੋਢੀ ਨੂੰ ਇਸ ਬਾਰੇ ਨਾ ਦੱਸ ਦੇਣ। ਉਹ ਜਾਣਦੇ ਸਨ ਕਿ ਜੇਕਰ ਸੋਢੀ ਨੂੰ ਉਹਨਾਂ ਦੀ ਇਸ ਕਰਤੂਤ ਦੀ ਭਿਣਕ ਪੈ ਗਈ ਤਾਂ ਉਹ ਸਾਰੇ ਗ਼ੱਦਾਰ ਟੋਲੇ ਨੂੰ ਬੁਰੀ ਮੌਤ ਮਾਰੇਗਾ। ਇਸ ਦਹਿਸ਼ਤ ਤੋਂ ਸੁਰਖ਼ਰੂ ਹੋਣ ਲਈ ਉਹਨਾਂ ਨੇ ਇਸ ਬਦਮਾਸ਼ ਟੋਲੇ ਨਾਲ਼ ਭਾਈ ਸੋਢੀ ਨੂੰ ਕਤਲ

ਕਰਨ ਦਾ ਸੌਦਾ ਕਰ ਲਿਆ।

ਉਕਤ ਕਾਤਲ ਟੋਲੇ ਦੇ ਮੈਂਬਰਾਂ ਸੁਰਿੰਦਰ ਸ਼ਿੰਦਾ ਅਤੇ ਬਲਜੀਤ ਕੌਰ ਨੇ ਮਿਤੀ 14 ਅਪ੍ਰੈਲ ਨੂੰ ਸ੍ਰੀ ਦਰਬਾਰ ਸਾਹਿਬ ਦੇ ਬਾਹਰ ਸਿੰਧੀ ਹੋਟਲ 'ਚ ਬੈਠੇ ਭਾਈ ਸੁਰਿੰਦਰ ਸਿੰਘ ਸੋਢੀ ਨੂੰ ਵੇਖ ਕੇ ਮੌਕਾ ਠੀਕ ਸਮਝਿਆ ਤੇ ਗੱਲਾਂ ਵਿੱਚ ਲਾ ਕੇ ਅਚਾਨਕ ਹੀ ਭਾਈ ਸੋਢੀ ਦੇ ਸਿਰ 'ਚ ਗੋਲ਼ੀ ਮਾਰ ਦਿੱਤੀ। ਮਿਥੀ ਹੋਈ ਸਾਜ਼ਸ਼ ਤਹਿਤ ਇਹ ਕਾਰਾ ਕਰਨ ਤੋਂ ਬਾਅਦ ਸ਼ਿੰਦਾ ਫ਼ਰਾਰ ਹੋ ਗਿਆ ਤੇ ਬਲਜੀਤ ਕੌਰ ਇਹ ਕਹਿੰਦੀ ਹੋਈ ਕਿ- "ਮੈਂ ਆਪਣੀ ਇੱਜਤ ਦਾ ਬਦਲਾ ਲੈ ਲਿਐ...." ਦਰਬਾਰ ਸਾਹਿਬ ਵੱਲ ਭੱਜ ਉੱਠੀ। ਪਰ ਸੰਤ ਜਰਨੈਲ ਸਿੰਘ ਜੀ ਦੇ ਨੇੜਲੇ ਸਿੰਘਾਂ ਨੇ ਉਕਤ ਔਰਤ ਨੂੰ ਕਾਬੂ ਕਰ ਕੇ ਸਾਰੀ ਸਾਜ਼ਸ਼ ਦਾ ਇਕਬਾਲ ਕਰਵਾ ਲਿਆ ਤੇ ਇਸ ਸਾਜ਼ਸ਼ ਪਿਛਲੇ ਸਾਰੇ ਲੀਡਰਾਂ ਦੇ ਨਾਂ ਵੀ ਉਗਲ਼ਵਾ ਲਏ। ਸੰਤਾਂ ਦੇ ਨਜ਼ਦੀਕੀ ਭਾਈ ਗੁਰਿੰਦਰ ਸਿੰਘ ਭੋਲੇ ਹੋਰਾਂ ਇਸ ਸਾਜ਼ਸ਼ ਦੇ ਮੋਹਰੇ ਸ਼ਿੰਦੇ ਨੂੰ ਲੱਭ ਕੇ 24 ਘੰਟਿਆਂ ਦੇ ਅੰਦਰ ਹੀ ਅਗਲੇ ਜਹਾਨ ਤੋਰ ਦਿੱਤਾ ਅਤੇ ਉਸ ਦੀ ਲਾਸ਼ ਦੇ ਟੋਟੇ ਮਾਨਾਂਵਾਲਾ ਦੇ ਪੁਲ਼ 'ਤੇ ਸੁੱਟ ਦਿੱਤੇ। ਹੋਰ ਕਈ ਦੋਸ਼ੀ ਵੀ ਸੋਧੇ ਗਏ। ਭਾਵੇਂ ਕਿ ਕਈਆਂ ਨੂੰ ਲੌਂਗੋਵਾਲ ਨੇ ਆਪਣੇ ਕੋਲ ਲੁਕਾ ਲਿਆ। ਸੰਤ ਜਰਨੈਲ ਸਿੰਘ ਖ਼ਾਲਸਾ ਨੇ ਸਿੰਘਾਂ ਨੂੰ ਪ੍ਰਮੁੱਖ ਲੀਡਰਾਂ ਵਿਰੁੱਧ ਕਾਰਵਾਈ ਨਾ ਕਰਨ ਦਿੱਤੀ ਤੇ ਕਿਹਾ:

"ਇਹਨਾਂ ਨੂੰ ਜ਼ਲੀਲ ਹੋ ਕੇ ਮਰਨ ਦਿਓ.....।"

ਭਾਈ ਸੁਰਿੰਦਰ ਸਿੰਘ ਸੋਢੀ ਦੀ ਸ਼ਹਾਦਤ 'ਤੇ ਸੰਤਾਂ ਨੇ ਕਿਹਾ- "ਮੇਰੀ ਸੱਜੀ ਬਾਂਹ ਟੁੱਟ ਗਈ ਹੈ....।"

ਕੁਝ ਵੀ ਹੋਵੇ, ਇਹ ਸਪਸ਼ਟ ਹੈ ਕਿ ਹਿੰਦੁਸਤਾਨ ਦੀ ਸਰਕਾਰੀ ਮਸ਼ੀਨਰੀ ਲਈ ਸੋਢੀ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੀ ਸੱਜੀ ਬਾਂਹ ਮੰਨਿਆ ਜਾ ਚੁੱਕਾ ਸੀ।

ਸਮੇਂ ਦੀ ਰਫ਼ਤਾਰ ਨਾਲ ਕਈ ਗ਼ੱਦਾਰਾਂ ਦੀਆਂ ਸਾਂਭ-ਸਾਂਭ ਕੇ ਰੱਖੀਆਂ ਜ਼ਿੰਦਗੀਆਂ ਵੀ ਮੌਤ ਦੇ ਮੂੰਹ ਵਿੱਚ ਜਾ ਪਈਆਂ, ਉਸੇ ਹੀ ਮੌਤ ਦੇ ਮੂੰਹ ਵਿੱਚ, ਜਿਸ ਤੋਂ ਬਚਣ ਦੇ ਲਈ ਉਹਨਾਂ ਗ਼ੱਦਾਰੀ ਦਾ ਕਲੰਕ ਆਪਣੇ ਮੱਥੇ 'ਤੇ ਲਵਾਉਣੋਂ ਭੋਰਾ ਸ਼ਰਮ ਨਹੀਂ ਸੀ ਕੀਤੀ। ਮਰੇ ਉਹ ਵੀ ਹਨ ਤੇ ਮਰੇ ਸੋਢੀ ਵਰਗੇ ਸੂਰਮੇ ਵੀ ਹਨ, ਪਰ ਇਤਿਹਾਸ ਜਿੱਥੇ ਸੋਢੀ ਵਰਗੇ ਸੂਰਮਿਆਂ ਨੂੰ ਆਪਣੇ ਸੁਨਹਿਰੀ ਹਰਫ਼ਾਂ 'ਚ ਸਾਂਭ ਕੇ ਰੱਖੇਗਾ, ਉੱਥੇ ਗ਼ੱਦਾਰਾਂ ਨੂੰ ਇਤਿਹਾਸ ਦਾ ਕੂੜਾ-ਕਰਕਟ ਵੀ ਨਸੀਬ ਨਹੀਂ ਹੋਣਾ। ਸੁਰਿੰਦਰ ਸਿੰਘ ਸੋਢੀ ਵਰਗੇ ਸੂਰਮੇ ਸਿੱਖ-ਇਤਿਹਾਸ ਦੇ ਚਾਨਣ ਮੁਨਾਰਿਆਂ ਵਜੋਂ ਚਮਕਦੇ ਰਹਿਣਗੇ।

* * * * *

ਪੰਥ ਦੋਖੀਆਂ ਦੇ ਸਿਰ 'ਤੇ ਕੂਕਦਾ ਕਾਲ ਸੀ
ਸ਼ਹੀਦ ਭਾਈ ਅਜੈਬ ਸਿੰਘ ਮਹਾਂਕਾਲ

ਸਿੱਖ ਪੰਥ ਦੀ ਅਜ਼ਾਦ ਵਿਚਾਰਧਾਰਾ ਤੋਂ ਚਿੜ ਕੇ ਜਿੱਥੇ ਕਈ ਤਰ੍ਹਾਂ ਦੇ ਦੁਸ਼ਟ ਸਿੱਖਾਂ ਸਿਰ ਨਵੀਆਂ ਭਾਜੀਆਂ ਚਾੜ੍ਹਦੇ ਰਹੇ, ਤਾਂ ਦੂਜੇ ਪਾਸੇ ਇਹ ਭਾਜੀਆਂ ਮੋੜਨ ਲਈ ਗੁਰੂ ਕੇ ਲਾਲ ਸਿੰਘ ਸੂਰਮੇ ਵੀ ਅਜਿਹੇ ਕਈ ਦੁਸ਼ਟਾਂ ਨੂੰ ਉਹਨਾਂ ਦੇ ਸੁਰੱਖਿਅਤ ਕਿਲ੍ਹਿਆਂ 'ਚ ਜਾ ਕੇ ਧੁਰ ਦੀ ਗੱਡੀ ਚਾੜ੍ਹਦੇ ਰਹੇ। ਇਤਿਹਾਸ ਵਿੱਚ ਅਜਿਹੇ ਮਹਾਨ ਸਿੰਘ ਸੂਰਮਿਆਂ ਦੀ ਕਤਾਰ ਬਹੁਤ ਲੰਮੀ ਹੈ। ਇਹਨਾਂ ਸ਼ਹੀਦਾਂ ਦੀ ਕਤਾਰ ਵਿੱਚ ਹੀ ਸ਼ਹੀਦ ਭਾਈ ਅਜੈਬ ਸਿੰਘ 'ਮਹਾਂ ਕਾਲ' ਦਾ ਨਾਂ ਵੀ ਹੈ, ਜਿਸ ਬਾਰੇ ਆਮ ਸਿੱਖ ਸੰਗਤਾਂ ਨੂੰ ਬਹੁਤਾ ਪਤਾ ਹੀ ਨਹੀਂ।

ਭਾਈ ਅਜੈਬ ਸਿੰਘ ਦੇ ਪਿਤਾ ਦਾ ਨਾਂ ਸ. ਗੁਰਦੀਪ ਸਿੰਘ ਅਤੇ ਮਾਤਾ ਜੀ ਦਾ ਨਾਂ ਬੀਬੀ ਗੁਰਬਚਨ ਕੌਰ ਸੀ। ਇਹਨਾਂ ਦਾ ਜਨਮ ਪਿੰਡ ਪੱਖੋਪੁਰ ਨੇੜੇ ਚੋਹਲਾ ਸਾਹਿਬ (ਅੰਮ੍ਰਿਤਸਰ) ਵਿੱਚ ਹੋਇਆ। ਆਪ ਸੱਤ ਭੈਣ-ਭਰਾਵਾਂ 'ਚੋਂ ਸਭ ਤੋਂ ਵੱਡੇ ਸਨ। ਆਪ ਦੇ ਬਾਕੀ ਭੈਣ-ਭਰਾਵਾਂ ਦਾ ਵੇਰਵਾ ਇਸ ਤਰ੍ਹਾਂ ਹੈ- ਕਸ਼ਮੀਰ ਕੌਰ, ਕਰਨੈਲ ਸਿੰਘ, ਦਲਬੀਰ ਸਿੰਘ, ਸਿਮਰਜੀਤ ਕੌਰ, ਸੁਖਵਿੰਦਰ ਕੌਰ ਅਤੇ ਨਰਿੰਦਰ ਕੌਰ।

ਭਾਈ ਅਜੈਬ ਸਿੰਘ ਛੋਟੀ ਉਮਰ ਵਿੱਚ ਹੀ ਨਿਹੰਗ ਸਿੰਘਾਂ ਦੇ ਬਿਧੀ ਚੰਦੀਆਂ ਦੇ ਦਲ ਵਿੱਚ ਜਾ ਰਲੇ।

ਸੰਨ 1983 'ਚ ਚੱਲ ਰਹੇ ਧਰਮ ਯੁੱਧ ਮੋਰਚੇ ਸਮੇਂ ਪੁਲੀਸ ਨੇ ਇੱਕ ਵਾਰ ਬਾਬਾ ਬਕਾਲਾ ਵਿਖੇ ਨਿਹੰਗ ਸਿੰਘਾਂ ਦੇ ਹੈੱਡਕੁਆਰਟਰ 'ਤੇ ਧਾਵਾ ਬੋਲ ਕੇ ਕਾਫ਼ੀ ਨੁਕਸਾਨ ਕੀਤਾ। ਇਸ 'ਤੇ ਆਪ ਜੀ ਰੋਹ ਵਿੱਚ ਆ ਗਏ। ਆਪ ਉਸੇ ਹੀ ਵੇਲੇ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਦੇ ਕੋਲ ਆ ਗਏ ਤੇ ਜੁਝਾਰੂ ਜਥੇ 'ਚ ਸ਼ਾਮਲ ਹੋ ਗਏ।

ਫਿਰ ਛੇਤੀ ਹੀ ਆਪ ਨੇ ਕੁਝ ਸਿੰਘਾਂ ਦੇ ਨਾਲ ਜਾ ਕੇ ਬਾਬਾ ਬਕਾਲੇ ਵਾਲੀ ਭਾਜੀ ਮੋੜਨ ਹਿੱਤ ਫੱਤੂ ਢੀਂਗਾ (ਕਪੂਰਥਲਾ) ਵਿਖੇ ਪੁਲੀਸ ਚੌਂਕੀ 'ਤੇ ਹਮਲਾ ਕੀਤਾ। ਦੂਣ-ਸਵਾਈ ਭਾਜੀ ਮੋੜਨ ਦੇ ਨਾਲ-ਨਾਲ ਸਾਰੇ ਹਥਿਆਰ ਵੀ ਲੁੱਟ ਲਿਆਂਦੇ। ਓਦੋਂ ਦੇ ਪੁਲੀਸ ਮੁਖੀ ਸ੍ਰੀ ਭਿੰਡਰ ਨੇ ਮੰਨਿਆ ਕਿ ਇਹ ਕਾਂਡ 'ਬਾਬਾ ਬਕਾਲਾ ਕਾਂਡ' ਦਾ ਪ੍ਰਤੀਕਰਮ ਹੈ। ਇਸ ਕਾਂਡ ਦੀ ਏਨੀ ਚਰਚਾ ਹੋਈ ਕਿ ਜਿਸ ਨੇ ਵੀ ਕਿਸੇ ਨੂੰ ਧਮਕੀ ਦੇਣੀ ਹੁੰਦੀ, ਉਹ ਫੱਤੂ ਢੀਂਗਾ ਬਣਾ ਦੇਣ ਦੀ

ਗੱਲ ਕਰਦਾ ਸੀ।

ਇਹਨਾਂ ਹੀ ਦਿਨਾਂ ਵਿੱਚ ਇੱਕ ਹਿਰਦੇਵੇਦਕ ਘਟਨਾ ਵਾਪਰੀ। ਜ਼ਿਲ੍ਹਾ ਫ਼ਿਰੋਜ਼ਪੁਰ ਦੇ ਫਾਜ਼ਿਲਕਾ ਰੋਡ 'ਤੇ ਮਮਦੋਟ ਨੇੜੇ ਪੈਂਦੇ ਕਸਬੇ ਗੁਰੂ ਹਰਸਹਾਏ ਦੇ ਇੱਕ ਥਾਣੇ 'ਚ 'ਬਿੱਛੂ ਰਾਮ' ਨਾਂ ਦੇ ਇੱਕ ਥਾਣੇਦਾਰ ਨੇ ਇੱਕ ਅੰਮ੍ਰਿਤਧਾਰੀ ਸਿੰਘ ਦੀ ਦਾੜ੍ਹੀ ਜਬਰੀ ਕੱਟ ਦਿੱਤੀ ਤੇ ਤੜ੍ਹੀ ਨਾਲ ਉਸ ਨੂੰ ਕਿਹਾ:

"ਜਾਹ ਜਾ ਕੇ ਭਿੰਡਰਾਂਵਾਲੇ ਨੂੰ ਕਹਿ ਦੇ, ਜੋ ਕਰਨੈਂ ਕਰ ਲਏ...।"

ਉਹ ਪੀੜਿਤ ਸਿੰਘ ਸੰਤ ਜਰਨੈਲ ਸਿੰਘ ਜੀ ਦੇ ਕੋਲ ਆ ਪਹੁੰਚਿਆ। ਸੰਤਾਂ ਦਾ ਖ਼ੂਨ ਖੌਲ ਉੱਠਿਆ। ਫਿਰ ਸੰਤ ਜਰਨੈਲ ਸਿੰਘ ਜੀ ਨੇ ਮੰਜੀ ਸਾਹਿਬ ਵਿਖੇ ਸੰਗਤਾਂ ਨੂੰ ਸੰਬੋਧਨ ਕਰਦਿਆਂ ਇਸ ਘਟਨਾ ਦੀ ਜਾਣਕਾਰੀ ਦਿੱਤੀ। ਉਹ ਕੈਸਿਟ ਅੱਜ ਵੀ ਮੌਜੂਦ ਹੈ। ਸੰਤਾਂ ਨੇ ਕਿਹਾ:

"…..ਉਹ ਸਿੰਘ ਅੱਜ ਇੱਥੇ ਈ ਆ, ਸਟੇਜ 'ਤੇ ਆਇਆ ਕਿ ਨ੍ਹੀਂ ਸਿੰਘ ਉਹ? (ਪੁੱਛਦੇ ਹੋਏ) ਕਿਉਂ ਭਈ ਸਟੇਜ 'ਤੇ ਆਇਆ ਕਿ ਨ੍ਹੀਂ ਲਾਭ ਸਿੰਘ?

ਉਹ ਸਿੰਘ ਇੱਥੇ ਨਾਨਕ ਨਿਵਾਸ ਵਿੱਚ ਦਾਸ ਦੇ ਕੋਲ ਆ ਅੱਜ । ਲਾਭ ਸਿੰਘ ਉਹਦਾ ਨਾਂਅ ਵਾ, ਜੱਟਾਂ ਵਾਲੀ ਪਿੰਡ ਉਰਫ ਰਾਮ ਨਗਰ, ਫਾਜ਼ਲਕਿਆਂ ਤੋਂ 4 ਕਿਲੋਮੀਟਰ ਦੀ ਦੂਰੀ 'ਤੇ ਐ।

ਬਿੱਛੂ ਰਾਮ, (ਇਹ) ਨਾਂਅ ਈ ਪਹਿਲੀ ਵੇਰ ਸੁਣਿਐ, ਅੱਗੇ ਤੇ ਕਦੇ ਸੁਣਿਆ ਨ੍ਹੀਂ ਸੀ। ਬਿੱਛੂ ਰਾਮ ਥਾਣੇਦਾਰ ਆ ਕੋਈ ਓਥੋਂ ਸਦਰ ਦਾ । ਉਹਨੇ ਉਸ ਸਿੰਘ ਨੂੰ ਪਕੜਿਆ.....। ਉਹਦਾ ਗੁਨਾਹ ਕੀ ਸੀ ? .....ਕਿ ਰਾਹ ਰੋਕੂ ਮੋਰਚੇ ਦੇ ਵਿੱਚ 4 ਤਰੀਕ ਨੂੰ ਉਹਨੇ ਆਪਣੀਆਂ 5 ਬੱਚੀਆਂ, ਇੱਕ ਘਰ ਵਾਲੀ ਤੇ ਆਪਣੇ ਸੱਤਾਂ ਜੀਆਂ ਦੇ ਸਮੇਤ, ਸੜਕ ਦੇ ਉੱਪਰ ਛਤੀਰੀਆਂ ਰੱਖ ਕੇ, ਛਤੀਰੀਆਂ ਸੀ ਉਹਦੇ ਕੋਲ, ਘਰ ਵਿੱਚ, ਉਹ ਲਿਆ ਕੇ ਸੜਕ 'ਤੇ ਰੱਖ ਦਿੱਤੀਆਂ । ਉੱਪਰ ਆਪ ਬੈਠ ਗਏ, ਬਾਣੀ ਪੜ੍ਹਨੀ ਸ਼ੁਰੂ ਕਰ ਦਿੱਤੀ । ਢਾਈ ਘੰਟੇ ਇਕੱਲੇ ਨੇ ਟ੍ਰੈਫ਼ਿਕ ਜਾਮ ਰੱਖੀ ਆ, ਇਕੱਲੇ ਨੇ; ਆਪਣੇ ਪਰਿਵਾਰ ਸਮੇਤ, ਹੋਰ ਕੋਈ ਵੀ ਸਿੰਘ ਨਾਲ ਨਹੀਂ ਸੀ। ਅੰਮ੍ਰਿਤਧਾਰੀ ਸਿੰਘ ਆ (ਉਹ), ਓਥੇ ਬਾਹਰ ਬੈਠਾ ਖੇਤਾਂ ਵਿੱਚ, ਉਹਨੂੰ ਬਿਛੂ ਰਾਮ ਨੇ ਪਕੜ ਲਿਆ, ਥਾਣੇ ਲਿਜਾ ਕੇ ਕੁੱਟਿਆ । ਉਹ ਪੁੱਛਦਾ 'ਕੁੱਟਦਾ ਕਿਉਂ ਆਂ?' ਕਹਿਣ ਲੱਗਾ- 'ਤੂੰ ਅੰਮ੍ਰਿਤ ਕਿੱਥੋਂ ਛਕਿਆ?' ਉਹਨੇ ਕਹਿ ਦਿੱਤਾ- 'ਭਿੰਡਰਾਂਵਾਲਿਆਂ ਕੋਲੋਂ।' ਕਹਿੰਦਾ 'ਫਿਰ ਆ ਜਾਹ ਤਾਹੀਏਂ ਤਾਂ ਪੁੱਛਿਆ।' ਕੁੱਟ ਕੁਟ ਕੇ ਉਹਦੀ ਸੱਜੀ ਲੱਤ ਜਿਹੜੀ ਬਹੁਤ ਮੋਟੀ ਕੀਤੀ, ਸੁਜਾ ਦਿੱਤੀ।

ਉਹਦੀ ਖ਼ਾਲਸਾ ਜੀ! ਦਾੜ੍ਹੀ ਮੁੰਨ ਦਿੱਤੀ ।

ਦਾੜ੍ਹੀ ਮੁੰਨ ਕੇ ਤੇ ਮੇਰੇ ਕੋਲੇ ਭੇਜ ਦਿੱਤਾ ਤੇ ਨਾਲ ਇਹ ਕਹਿ ਦਿੱਤਾ ਭਈ ਕਿ 'ਜਾਹ ਜਾ ਕੇ ਭਿੰਡਰਾਂਵਾਲੇ ਨੂੰ ਕਹਿ ਦੇ, ਜਿਹੜਾ ਕੁਝ ਕਰਨਾ ਕਰ ਲਏ।'

......ਇਹ ਪਤਾ ਭਈ ਦਾੜ੍ਹੀ ਕੱਟੀ ਕਿਹੜੀ ਗੱਲੋਂ ਆਂ? ਇਹ ਮੈਂ ਦੱਸਣਾ ਚਾਹਾਂਗਾ,

ਪੁਲੀਸ ਵਾਲਿਓ ਤੇ ਸੀ. ਆਈ. ਡੀ. ਵਾਲਿਓ ਤੇ ਗੁਰੂ ਕੀ ਸੰਗਤ ਨੂੰ ਬੇਨਤੀ ਕਰਾਂਗਾ । ਸਿੰਘੋ ਦਾੜ੍ਹੀ ਕੱਟੀ ਅੰਮ੍ਰਿਤਧਾਰੀ ਸਿੰਘ ਦੀ ਤੇ ਕੱਟੀ ਆ ਕੇਵਲ ਇਸ ਕਰਕੇ ਕਿ ਤੂੰ ਅੰਮ੍ਰਿਤ ਭਿੰਡਰਾਂਵਾਲਿਆਂ ਤੋਂ ਛਕਿਐ। ਕਾਂਡ ਕਿਤੇ ਕੋਈ ਹੋ ਜਾਂਦਾ, ਮਗਰੋਂ ਕਹਿੰਦੇ ਜੀ ਭਿੰਡਰਾਂਵਾਲੇ ਨੇ ਕਰ'ਤਾ। ਜਿਹਨੂੰ ਘਰੋਂ ਫੜ ਲੈਂਦੇ ਉਹਦੀ ਛਿੱਲ ਲਾਹ ਦਿੰਦੇ ਕੁੱਟ-ਕੁੱਟ ਕੇ, ਉਹਨੂੰ ਪੁੱਠਾ ਲਟਕਾ ਦਿੰਨੇ ਆਂ...ਤੇ ਸਿੰਘਾਂ ਦੀਆਂ ਦਾੜ੍ਹੀਆਂ ਕੱਟਣੀਆਂ ਸ਼ੁਰੂ ਕਰ ਦਿੱਤੀਆਂ ਜਾਂ ਤਾਂ ਕੁੱਟਣ ਵੇਲੇ ਵੀ ਪੁੱਛ ਲਿਆ ਕਰੋ ਬੰਦਾ ਸਹਿਮਤ ਜਾਂ ਨਈਂ। ਦਾੜ੍ਹੀ ਮੁੰਨ ਕੇ ਮੇਰੇ ਕੋਲੇ ਭੇਜਿਆ ਤੇ ਨਾਲ ਬੜ੍ਹਕ ਮਾਰੀ ਆ 'ਭਿੰਡਰਾਂਵਾਲੇ ਨੂੰ ਕਹਿ ਦੇ ਜਾ ਕੇ ਜਿਹੜਾ ਕੁਝ ਕਰਨਾ ਈ ਕਰ ਲੈ।'

ਮੈਂ ਤਾਂ ਹੁਣ ਚੁੱਪ ਆਂ, ਕਰਨਾ ਮੈਂ ਏਥੇ ਕੀ ਆ? ਪਰ ਜੇ ਕੁਝ ਹੋ ਜਾਵੇ ਤੇ ਮੁੜ ਕੇ ਕਹਿੰਦੇ ਜੀ '੫੦੬ ਦਫ਼ਾ ਦੇ ਅਧੀਨ, ਇਹਦੇ 'ਤੇ ਕੇਸ ਦਰਜ ਕਰ ਲਉ ਕਿਉਂਕਿ ਇਹਨੇ ਮੰਜੀ ਸਾਹਿਬ ਦੀਵਾਨ ਹਾਲ ਤੋਂ ਨਾਂਅ ਰਲੀਜ਼ ਕਰ ਦਿੱਤੇ । ਕਹਿ ਦਿੱਤਾ ਫਲਾਣੇ ਫਲਾਣੇ ਨੇ ਪਾਪ ਕੀਤਾ।' ਓ ਜਿਹੜੇ ਬੰਦੇ ਨੇ ਅੰਮ੍ਰਿਤਧਾਰੀ ਸਿੰਘ ਦੀ ਦਾੜ੍ਹੀ ਕੱਟੀ ਆ, ਉਹਨੂੰ ਮੁਆਫ਼ ਕਰਨਾ, ਏਦੋਂ ਵੱਡੀ ਬੇਵਕੂਫੀ ਕੀ ਹੋ ਸਕਦੀ ਆ ? ਕਿੱਡਾ ਵੱਡਾ ਪਾਪ ਕਿਸੇ ਨੇ ਕੀਤਾ, ਉਸ ਪਾਪ ਦਾ ਜ਼ਿੰਮੇਵਾਰ ਕੌਣ ਹੋਵੇਗਾ ? ਉਹਦਾ ਗੁਨਾਹ....? ਕਿੰਨੀ ਦੁਨੀਆਂ ਨੇ ਮੋਰਚੇ 'ਚ ਹਿੱਸਾ ਲਿਆ । ਕਿੰਨੀਆਂ ਸੰਗਤਾਂ ਨੇ ਸ਼ਾਂਤਮਈ ਗੋਲੀਆਂ ਖਾਧੀਆਂ, ਉਹਦੇ ਵੀ ਇੱਕ ਅੱਧੀ ਲੰਘਾ ਦਿੰਦੇ; ਅਸੀਂ ਸ਼ਰਧਾਂਜਲੀ ਉਹਨੂੰ ਵੀ ਦੇ ਦਿੰਦੇ । ਆਹ ਅਖੰਡ ਪਾਠ ਜਿੱਥੇ ਇੱਕੀਆਂ ਦਾ ਕੀਤਾ, ਬਾਈਆਂ ਦਾ ਕਰ ਲੈਂਦੇ, ਪਰ ਦਾੜ੍ਹੀ ਕੱਟ ਕੇ ਤੇ ਫਿਰ ਇਹ ਕਹਿਣਾ 'ਜਾਹ ਜਾ ਕੇ ਤੇ ਭਿੰਡਰਾਂਵਾਲੇ ਨੂੰ ਕਹਿ ਦੇ',

ਮੇਰੇ ਕੋਲ ਤੇ ਸੁਨੇਹਾ ਪੁੱਜ ਗਿਆ ਤੇ ਸਤਿਗੁਰੂ ਕਿਰਪਾ ਕਰਨ, ਮੈਂ ਤਾਂ ਅਜੇ ਕੋਈ ਐਲਾਨ ਵੀ ਨੀਂ ਕੀਤਾ, ਨਾਂਅ ਵੀ ਨੀਂ ਲਿਆ, ਚੁੱਪ ਬੈਠਾਂ ਤੇ ਵਿਚੋਲੇ ਪਹਿਲਾਂ ਹੀ ਭੇਜਣੇ ਸ਼ੁਰੂ ਕਰ ਦਿੱਤੇ ਆ। ਤਿੰਨ ਵੇਰਾਂ ਤੇ ਆ ਚੁੱਕੇ ਆ ਕੱਲ੍ਹ ਦੇ, 'ਜੀ ਸੰਤਾਂ ਨੂੰ ਕਹੋ, ਮੈਥੋਂ ਗ਼ਲਤੀ ਹੋ ਗਈ, ਮੈਂ ਕਹਿ ਤਾਂ ਬੈਠਾਂ, ਅੱਗੇ ਵਾਸਤੇ ਕੁਝ ਨੀਂ ਕਰਦਾ।' ਓ ਭਲਿਆ ਮਾਣਸਾ ਮੈਂ ਤੇ ਕਿਹਾ ਹੀ ਕੁਝ ਨੀਂ, ਨਾ ਮੈਂ ਮੂੰਹੋਂ ਬੋਲਿਆ, ਨਾ ਮੈਂ ਹੁਣ ਹੀ ਬੋਲਦਾਂ। ਓ ਪਹਿਲਾਂ ਹੱਥ ਸਿਰੇ 'ਤੇ ਪਾ ਲੈਂਨੇ ਆਂ, ਪਿੱਛੋਂ ਥਿੜਕੀ ਜਾਨੇ ਆਂ । ਜਿਵੇਂ ਬੱਕਰੀ ਪਾਲੇ ਨਾਲ ਕੰਬਦੀ ਆ, ਇਸ ਤਰ੍ਹਾਂ ਕਰਨ ਲੱਗ ਪੈਨੇ ਆਂ, ਪਹਿਲਾਂ ਈ ਕੁਝ ਸੋਚ ਕੇ ਹੱਥ ਪਾਇਆ ਕਰੋ ।

ਸੋ ਖ਼ਾਲਸਾ ਜੀ ਜਿਹੜੇ ਇਹੋ ਜਿਹੇ ਲੋਕ ਆ, ਮੈਂ ਆਹਨਾਂ ਭਈ ਸਾਰੇ ਸਿੱਖ ਵੀ ਮਰ ਜਾਈਏ, ਸ਼ਾਇਦ ਕੋਈ ਨੁਕਸਾਨ ਨਈਂ ਹੋਵੇਗਾ ਪਰ ਸਿੱਖ ਦੀ ਦਾੜ੍ਹੀ ਮੁਨਾ ਕੇ ਤੇ ਤਾਹਨਾ ਮਰਵਾ ਕੇ, ਕੋਲ ਬਿਠਾ ਕੇ ਬੈਠੇ ਰਹਿਣਾ, ਮੈਂ ਸਮਝਨੈਂ ਏਦੋਂ ਵੱਡੀ ਬੁਜ਼ਦਿਲੀ ਤੇ ਕਾਇਰਤਾ ਆਪਣੇ ਵਾਸਤੇ ਹੋਰ ਕੋਈ ਨੀਂ । ਇਸ ਪਾਸੇ ਸਾਰਿਆਂ ਨੂੰ ਧਿਆਨ ਦੇਣ ਦੀ ਲੋੜ ਆ।''

(ਮਿਤੀ 29-4-1983 ਨੂੰ ਮੰਜੀ ਸਾਹਿਬ ਵਿਖੇ ਤਕਰੀਰ)

ਸੰਤ ਜਰਨੈਲ ਸਿੰਘ ਜੀ ਤੋਂ ਇਹ ਹਿਰਦੇਵੇਦਕ ਘਟਨਾ ਸੁਣ ਕੇ ਭਾਈ ਅਜੈਬ ਸਿੰਘ ਮਹਾਂਕਾਲ, ਭਾਈ ਜਰਨੈਲ ਸਿੰਘ ਬੂਹ (ਕਪੂਰਥਲਾ) ਤੇ ਭਾਈ ਰਸਾਲ ਸਿੰਘ ਆਰਿਫਕੇ (ਫ਼ਿਰੋਜ਼ਪੁਰ) ਤਿੰਨੇ ਹੀ ਸਿੰਘ ਬਿੱਛੂ ਰਾਮ ਦੀ ਸੁਧਾਈ ਲਈ ਨਿਕਲ ਤੁਰੇ। ਦਿਨ ਬੀਤਣ ਲੱਗੇ ਤੇ ਇਸ ਤਰ੍ਹਾਂ ਇੱਕ-ਇੱਕ ਦਿਨ ਕਰ ਕੇ ਸਾਢੇ ਸੱਤ ਮਹੀਨੇ ਲੰਘ ਗਏ। ਨਾਲ ਦੇ ਸਿੰਘਾਂ ਨੂੰ

ਖਦਸ਼ਾ ਹੋਣ ਲੱਗਾ ਕਿ ਇਹ ਤਿੰਨੇ ਸਿੰਘ ਕਿਤੇ ਪੁਲੀਸ ਦੇ ਕਾਬੂ ਨਾ ਆ ਗਏ ਹੋਣ? ਪਰ ਮਿਤੀ 18 ਦਸੰਬਰ 1983 ਨੂੰ ਰੇਡੀਓ ਵਿੱਚ ਇੱਕ ਖ਼ਬਰ ਆਈ। ਖ਼ਬਰ ਸੀ:

"ਗੁਰੂ ਹਰਸਹਾਏ ਦੇ ਇੱਕ ਥਾਣੇਦਾਰ ਬਿੱਛੂ ਰਾਮ ਨੂੰ ਤਿੰਨ ਅਣਪਛਾਤੇ ਬੰਦਿਆਂ ਨੇ ਗੋਲੀਆਂ ਮਾਰ ਕੇ ਮਾਰ ਦਿੱਤਾ ਹੈ।

ਕਾਤਲ ਫ਼ਰਾਰ ਹੋ ਗਏ ਹਨ।

ਕਾਤਲਾਂ ਨੂੰ ਫੜਨ ਲਈ ਪੰਜਾਬ ਭਰ 'ਚ ਪੁਲੀਸ ਨੂੰ ਚੌਕਸ ਕਰ ਦਿੱਤਾ ਗਿਆ ਹੈ....।"

ਪਰ ਇਸ ਖ਼ਬਰ ਤੋਂ ਥੋੜ੍ਹੇ ਸਮੇਂ ਬਾਅਦ ਹੀ ਇਹ ਤਿੰਨੇ ਸਿੰਘ ਦੁਸ਼ਮਣ ਦੀਆਂ ਅੱਖਾਂ 'ਚ ਘੱਟਾ ਪਾਉਂਦੇ ਹੋਏ ਸੰਤ ਜਰਨੈਲ ਸਿੰਘ ਜੀ ਕੋਲ ਆ ਪਹੁੰਚੇ।

ਸਿੰਘਾਂ ਦੇ ਇਸ ਅਹਿਮ ਕਾਰਨਾਮੇ ਦੀਆਂ ਕਈ ਵਾਰਾਂ ਵੀ ਬਣੀਆਂ, ਜਿਨ੍ਹਾਂ ਵਿੱਚੋਂ ਕੁਝ ਕੁ ਵਾਰਾਂ ਦੀਆਂ ਕਈ ਸਿੰਘਾਂ ਨੂੰ ਅਜੇ ਵੀ ਮੁੱਖ ਲਾਈਨਾਂ ਯਾਦ ਹਨ:

ਖੜ੍ਹਾ ਦਾਣਾ ਮੰਡੀ ਵਿੱਚ ਬਿੱਛੂ
ਸਿੰਘ ਵੇਖ ਪੈ ਗਏ ਪਿੱਸੂ
ਉਹਨਾਂ ਕਰ'ਤੀ ਡਿੱਸੂ ਡਿੱਸੂ
ਗੁਰੂ ਹਰ ਸਹਾਏ
ਬਿੱਛੂ ਦੇ ਸੱਪ ਲੜ ਗਿਆ
ਬਿੱਛੂ ਦਾ ਚੰਦ ਚੜ੍ਹ ਗਿਆ
....

ਬਿੱਛੂ ਰਾਮ ਦਾ ਕੋਹੜੂ ਬਣਾ'ਤਾ ਸਿੰਘ ਸਰਦਾਰਾਂ ਨੇ

ਬਿੱਛੂ ਰਾਮ ਦੇ ਸਿਰ ਵਿੱਚ ਪਹਿਲੀ ਗੋਲੀ ਮਾਰਨ ਵਾਲਾ ਨਿਸ਼ਾਨਚੀ ਸਿੰਘ ਅਜੈਬ ਸਿੰਘ ਮਹਾਂਕਾਲ ਹੀ ਸੀ। ਇਹ ਪਹਿਲੀ ਗੋਲੀ ਉਸ ਨੇ ਦੂਰੋਂ ਹੀ ਬਿੱਛੂ ਰਾਮ ਦੇ ਸਿਰ ਦਾ ਨਿਸ਼ਾਨਾ ਬਣਾ ਕੇ ਉਸ 303 ਬੋਰ ਦੀ ਕੱਟੀ ਹੋਈ ਰਾਈਫ਼ਲ ਨਾਲ ਮਾਰੀ ਸੀ, ਜੋ ਉਸ ਨੇ ਫੱਤੂ ਢੀਂਗੇ ਥਾਣੇ 'ਚੋਂ ਲੁੱਟੀ ਸੀ। ਇਸ ਪਹਿਲੀ ਗੋਲੀ ਨਾਲ ਬਿੱਛੂ ਰਾਮ ਪਲਟੀ ਖਾ ਕੇ ਡਿੱਗਾ। ਫਿਰ ਭਾਈ ਰਸਾਲ ਸਿੰਘ ਨੇ ਨੇੜੇ ਜਾ ਕੇ ਆਪਣੀ ਕਾਰਬਾਈਨ ਨਾਲ ਉਸ ਨੂੰ ਛਲਣੀ ਕਰ ਸੁੱਟਿਆ। ਜਰਨੈਲ ਸਿੰਘ ਬੂਹ ਨੇ ਮੋਟਰ ਸਾਈਕਲ ਤਿਆਰ ਰੱਖਿਆ ਸੀ, ਦੁਸ਼ਟ ਦੀ ਸੁਧਾਈ ਪਿੱਛੋਂ ਸਿੰਘ ਜੈਕਾਰੇ ਛੱਡਦੇ ਹੋਏ ਹਰਨ ਹੋ ਗਏ।

ਇਸ ਤੋਂ ਬਾਅਦ ਭਾਈ ਅਜੈਬ ਸਿੰਘ ਮਹਾਂਕਾਲ ਨੇ ਹੋਰ ਵੀ ਕਈ ਕਾਰਨਾਮੇ ਕੀਤੇ। ਕਈ ਪੁਲੀਸ ਵਾਲਿਆਂ ਨੂੰ ਇਹ ਭਰਮ ਵੀ ਹੋ ਗਿਆ ਸੀ ਕਿ ਸ਼ਾਇਦ ਵਧੇਰੇ ਦੁਸ਼ਟ ਸੋਧਣ ਕਰ ਕੇ ਹੀ ਅਜੈਬ ਸਿੰਘ ਨੂੰ 'ਮਹਾਂਕਾਲ' ਕਿਹਾ ਜਾਂਦਾ ਹੈ।

ਜਦੋਂ ਜੂਨ 1984 'ਚ ਹਿੰਦੁਸਤਾਨੀ ਹਕੂਮਤ ਨੇ ਦਰਬਾਰ ਸਾਹਿਬ 'ਤੇ ਫ਼ੌਜੀ ਹਮਲਾ

ਕੀਤਾ ਤਾਂ ਭਾਈ ਅਜੈਬ ਸਿੰਘ ਮਹਾਂਕਾਲ ਦੀ ਡਿਊਟੀ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸੱਜੇ ਪਾਸੇ ਇੱਕ ਮੋਰਚੇ ਵਿੱਚ ਸੀ। ਇਹਨਾਂ ਦੇ ਨਾਲ ਸਨ- ਭਾਈ ਧੀਰਾ ਸਿੰਘ ਮਹਾਂਕਾਲ, ਭਾਈ ਜਰਨੈਲ ਸਿੰਘ ਬੂਹ, ਭਾਈ ਸੁਖਦੇਵ ਸਿੰਘ ਭੱਠਲ ਭਾਈ ਕੇ, ਭਾਈ ਜਸਵਿੰਦਰ ਸਿੰਘ। ਇਹਨਾਂ ਦੇ ਕੋਲ ੩ ਐਲ.ਐਮ.ਜੀ. ਸਨ। ਇਹ ਸਾਰੇ ਸਿੰਘ ਵੀ ਦੁਸ਼ਮਣ ਦੇ ਸ੍ਰੀ ਦਰਬਾਰ ਸਾਹਿਬ ਦੀ ਪਵਿੱਤਰ ਧਰਤੀ 'ਤੇ ਧਰੇ ਗਏ ਨਾਪਾਕ ਪੈਰ ਤੋੜਨ ਲਈ ਪੂਰੀ ਜਾਂਬਾਜ਼ੀ ਨਾਲ ਜੂਝੇ ਤੇ ਜੂਝਦੇ ਹੋਏ ਭਾਈ ਜਰਨੈਲ ਸਿੰਘ ਬੂਹ ਤੋਂ ਬਿਨਾਂ ਸਾਰੇ ਹੀ ਸ਼ਹੀਦ ਹੋ ਗਏ। ਭਾਈ ਜਰਨੈਲ ਸਿੰਘ ਬੂਹ ਜ਼ਖ਼ਮੀ ਹੋਣ ਪਿੱਛੋਂ ਫ਼ੌਜ ਦੇ ਕਾਬੂ ਆ ਗਏ। ੫ ਸਾਲ ਜੋਧਪੁਰ ਜੇਲ੍ਹ ਵਿੱਚ ਰਹੇ, ਆ ਕੇ ਫਿਰ ਰੂਪੋਸ਼ ਹੋ ਗਏ ਤੇ ਲੰਮਾ ਸੰਘਰਸ਼ ਲੜ ਕੇ ਸ਼ਹੀਦ ਹੋਏ।

ਭਾਈ ਅਜੈਬ ਸਿੰਘ ਮਹਾਂਕਾਲ ਬੇਮਿਸਾਲੀ ਬਹਾਦਰੀ ਨਾਲ ਲੜਦੇ ਹੋਏ 6 ਜੂਨ 1984 ਨੂੰ ਸ੍ਰੀ ਦਰਬਾਰ ਸਾਹਿਬ ਦੀ ਰਾਖੀ ਲਈ ਸ਼ਹਾਦਤ ਦਾ ਜਾਮ ਪੀ ਗਏ। ਪਰ ਦੁੱਖ ਦੀ ਗੱਲ ਹੈ ਕਿ ਸ਼੍ਰੋਮਣੀ ਕਮੇਟੀ ਵੱਲੋਂ ਤਿਆਰ ਕੀਤੀ ਸ਼ਹੀਦੀ ਕਿਤਾਬ ਵਿੱਚ ਉਹਨਾਂ ਦਾ ਨਾਂ ਨਹੀਂ ਹੈ। ਅੱਜ-ਕੱਲ੍ਹ ਉਹਨਾਂ ਦਾ ਪਰਿਵਾਰ ਵੀ ਆਰਥਿਕ ਤੰਗੀ ਵਿੱਚ ਰਹਿ ਰਿਹਾ ਹੈ।

* * * * *

ਅਸੀ ਗਰਜਾ [illegible] ਦੇ ਨਿਸ਼ਾਨੇ ਹੋ ਗਏ ।
ਸਾਨੂੰ ਮਾਰਨੇ ਦੇ ਲੱਖਾਂ ਹੀ ਬਹਾਨੇ ਹੋ ਗਏ ।

ਸਾਡਾ ਛੱਡਿਆ ਨਾ ਘਰ, ਕੀਤਾ ਦਰ ਤੋਂ ਬੇ ਦਰ ,
ਅਸੀ ਆਪਣੇ ਹੀ ਘਰਾਂ 'ਚ ਬੇਗਾਨੇ ਹੋ ਗਏ ।

6 ਜੂਨ 1984 ਨੂੰ ਅਕਾਲ ਤਖ਼ਤ ਸਾਹਿਬ 'ਤੇ ਜੂਝ ਕੇ ਸ਼ਹੀਦ ਹੋਣ ਵਾਲਾ ਸੂਰਮਾ

ਸ਼ਹੀਦ ਭਾਈ ਸੁਬੇਗ ਸਿੰਘ ਫ਼ੌਜੀ

ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲਿਆਂ ਦੀ ਅਗਵਾਈ ਤੇ ਜਨਰਲ ਸੁਬੇਗ ਸਿੰਘ ਜੀ ਦੀ ਸਿਖਲਾਈ ਪ੍ਰਾਪਤ ਸੂਰਮੇ, ਜਿਹੜੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਰਹਿਨੁਮਾਈ ਹੇਠ ਦਿੱਲੀ ਤੋਂ ਆਈ ਪਾਪ ਦੀ ਜੰਵ ਨਾਲ ਜੂਝਦੇ ਹੋਏ ਸ਼ਹੀਦ ਹੋਏ, ਉਹਨਾਂ ਵਿੱਚ ਭਾਈ ਸੁਬੇਗ ਸਿੰਘ ਫ਼ੌਜੀ ਵੀ ਇੱਕ ਸਨ।

ਭਾਈ ਸੁਬੇਗ ਸਿੰਘ ਦਾ ਜਨਮ ਜੂਨ 1935 ਵਿੱਚ ਸ. ਹਰਦਿੱਤ ਸਿੰਘ ਦੇ ਗ੍ਰਿਹ ਵਿਖੇ ਮਾਤਾ ਨਰੈਣ ਕੌਰ ਦੀ ਕੁੱਖੋਂ, ਪਿੰਡ ਬੁਰਜ ਪੂਹਲਾ ਨੇੜੇ ਹਰੀਕੇ ਪੱਤਣ (ਅੰਮ੍ਰਿਤਸਰ) ਵਿਖੇ ਹੋਇਆ। ਵਧੀਆ ਖ਼ੁਰਾਕ ਤੇ ਕਸਰਤੀ ਸਰੀਰ ਕਾਰਨ ਆਪ ਸੰਨ 1953 ਵਿੱਚ 18 ਸਾਲ ਦੀ ਉਮਰ ਵਿੱਚ ਫ਼ੌਜ ਵਿੱਚ ਭਰਤੀ ਹੋ ਗਏ।

ਫ਼ੌਜ ਵਿੱਚ ਆਪ ਦੇ ਨਾਲ ਆਪ ਦਾ ਦੋਸਤ ਬਣਿਆ ਇੱਕ ਨੌਜਵਾਨ ਬਲਦੇਵ ਸਿੰਘ ਧਾਰਮਿਕ ਤੌਰ 'ਤੇ ਦਮਦਮੀ ਟਕਸਾਲ ਨਾਲ ਜੁੜਿਆ ਹੋਇਆ ਸੀ। ਉਸ ਨੇ ਛੁੱਟੀ ਆਏ ਭਾਈ ਸੁਬੇਗ ਸਿੰਘ ਨੂੰ ਵੀ ਸੰਤ ਬਾਬਾ ਗੁਰਬਚਨ ਸਿੰਘ ਜੀ ਦੀ ਧਰਮ ਪ੍ਰਚਾਰ ਮੁਹਿੰਮ ਅਧੀਨ ਆਯੋਜਿਤ ਦੀਵਾਨ 'ਚ ਚੱਲਣ ਲਈ ਕਿਹਾ, ਪਰ ਸੁਬੇਗ ਸਿੰਘ ਜਾਣਾ ਨਹੀਂ ਸੀ ਚਾਹੁੰਦੇ। ਕਾਫ਼ੀ ਜ਼ੋਰ ਪਾਏ ਜਾਣ ਤੋਂ ਬਾਅਦ ਸੁਬੇਗ ਸਿੰਘ ਇਸ ਸ਼ਰਤ 'ਤੇ ਰਾਜ਼ੀ ਹੋਏ ਕਿ ਜੇਕਰ ਸੰਤ ਗੁਰਬਚਨ ਸਿੰਘ ਜੀ ਨੇ ਮੇਰੇ ਮਨ ਦੀ ਗੱਲ ਬੁੱਝ ਲਈ ਤਾਂ ਠੀਕ ਹੈ, ਨਹੀਂ ਤਾਂ ਅਗਲੀ ਵਾਰ ਮੈਨੂੰ ਨਾਲ ਚੱਲਣ ਲਈ ਨਾ ਕਹੀਂ। ਸ਼ਰਧਾਵਾਨ ਸਿੱਖ ਬਲਦੇਵ ਸਿੰਘ ਨੇ ਇਹ ਸ਼ਰਤ ਮੰਨ ਲਈ। ਸੁਬੇਗ ਸਿੰਘ ਨੇ ਮਨ ਵਿੱਚ ਕੋਈ ਵਿਚਾਰ ਸੋਚ ਲਈ, ਜਿਸ ਨੂੰ ਕਿ ਸੰਤ ਗੁਰਬਚਨ ਸਿੰਘ ਜੀ ਨੇ ਕਥਾ ਕਰਦਿਆਂ ਹੀ ਇਸ਼ਾਰੇ ਰਾਹੀਂ ਪ੍ਰਗਟਾਵਾ ਕਰ ਦਿੱਤਾ, ਜਿਸ ਤੋਂ ਪ੍ਰਭਾਵਿਤ ਹੋ ਕੇ ਸੁਬੇਗ ਸਿੰਘ ਦਮਦਮੀ ਟਕਸਾਲ ਨਾਲ ਪੱਕੇ ਤੌਰ 'ਤੇ ਜੁੜ ਗਏ।

ਸੁਬੇਗ ਸਿੰਘ ਫ਼ੌਜ ਵਿੱਚ ਜੰਗ ਲੜਨ ਦੇ ਚਾਅ ਨਾਲ ਹੀ ਭਰਤੀ ਹੋਏ ਸਨ। ਜਦੋਂ ਸੰਨ 1962 ਦੀ ਜੰਗ ਲੱਗੀ ਤਾਂ ਆਪ ਘਰ ਛੁੱਟੀ ਆਏ ਹੋਏ ਸਨ। ਆਪ ਨੂੰ ਹੰਗਾਮੀ ਹਾਲਤ ਵਿੱਚ ਵਾਪਸ ਪਰਤਣ ਬਾਰੇ ਟੈਲੀਗ੍ਰਾਮ ਪਹੁੰਚੀ। ਉਸ ਸਮੇਂ ਆਪ ਕੇਸੀਂ ਇਸ਼ਨਾਨ ਕਰ ਕੇ ਬੈਠੇ ਹੋਏ ਸਨ। ਟੈਲੀਗ੍ਰਾਮ ਪੜ੍ਹ ਕੇ ਆਪ ਤੁਰੰਤ ਡਿਊਟੀ 'ਤੇ ਜਾਣ ਲਈ ਤਿਆਰ ਹੋ ਪਏ। ਆਪ ਦੇ

ਪਰਿਵਾਰਕ ਮੈਂਬਰ ਆਪ ਦਾ ਜੰਗ ਵਿੱਚ ਜਾਣਾ ਸੁਣ ਕੇ ਕੁਝ ਪ੍ਰੇਸ਼ਾਨ ਹੋ ਗਏ ਤਾਂ ਆਪ ਕਾਹਲੀ ਪਾਉਂਦੇ ਹੋਏ ਕਹਿਣ ਲੱਗੇ:

"ਮਸਾਂ-ਮਸਾਂ ਮੇਰਾ ਜੰਗ 'ਚ ਲੜਨ ਦਾ ਚਾਅ ਪੂਰਾ ਹੋਣ ਲੱਗੈ ਤੇ ਤੁਸੀਂ ਐਵੇਂ ਮੂੰਹ ਲਟਕਾਈ ਫਿਰਦੇ ਓਂ...।"

ਉਹ ਤਿਆਰੀ ਕਰ ਕੇ ਛੇਤੀ ਹੀ ਰਵਾਨਾ ਹੋ ਗਏ। ਪਰ ਜਦੋਂ ਤਕ ਉਹ ਵਾਪਸ ਡਿਊਟੀ 'ਤੇ ਪਹੁੰਚੇ, ਆਪ ਨੂੰ ਕਿਸ ਮੋਰਚੇ 'ਤੇ ਭੇਜਣਾ ਹੈ, ਇਸ ਦਾ ਫ਼ੈਸਲਾ ਹੋਇਆ, ਮੋਰਚੇ ਤਕ ਪਹੁੰਚੇ ਤਾਂ ਲੜਾਈ ਬੰਦ ਹੋ ਗਈ। ਉਹ ਕਹਿਣ ਲੱਗੇ- "ਮੇਰਾ ਜੰਗ ਦਾ ਚਾਅ ਅਧੂਰਾ ਰਹਿ ਗਿਆ ਹੈ।" ਪਰ ਬਾਅਦ ਵਿੱਚ 1965 ਤੇ 1971 ਦੀਆਂ ਜੰਗਾਂ 'ਚ ਉਹਨਾਂ ਬਹੁਤ ਬਹਾਦਰੀ ਦਿਖਾਈ, ਜਿਸ ਕਾਰਨ ਉਹਨਾਂ ਨੂੰ ਕਈ ਮੈਡਲ ਮਿਲੇ।

ਸੰਨ 1966 'ਚ ਆਪ ਦਾ ਵਿਆਹ ਬੀਬੀ ਜਸਵੰਤ ਕੌਰ ਸਪੁੱਤਰੀ ਸ. ਮੱਸਾ ਸਿੰਘ ਪਿੰਡ ਭੱਗੂਪੁਰ, ਨੇੜੇ ਪੱਟੀ ਨਾਲ਼ ਹੋਇਆ। ਵਿਆਹ ਤੋਂ ਛੇ ਸਾਲ ਤਕ ਜਦੋਂ ਆਪ ਦੇ ਘਰ ਔਲਾਦ ਨਾ ਹੋਈ ਤਾਂ ਦਮਦਮੀ ਟਕਸਾਲ ਨਾਲ਼ ਸ਼ਰਧਾ ਹੋਣ ਕਾਰਨ ਆਪ ਨੇ ਸੰਤਾਂ ਨੂੰ ਅਰਦਾਸ ਕਰਨ ਲਈ ਬੇਨਤੀ ਕੀਤੀ। ਸੰਗਤ ਦੀ ਅਰਦਾਸ ਸੁਣੀ ਗਈ ਤੇ ਆਪ ਦੇ ਘਰ ਵਿਆਹ ਤੋਂ ਸੱਤ ਸਾਲ ਬਾਅਦ ਭੁਜੰਗੀ ਨੇ ਜਨਮ ਲਿਆ, ਜਿਸ ਦਾ ਨਾਂ ਪਰਮਜੀਤ ਸਿੰਘ ਰੱਖਿਆ ਗਿਆ। ਫਿਰ ਆਪ ਦੇ ਘਰ ਇੱਕ ਹੋਰ ਭੁਜੰਗੀ ਵੀ ਪੈਦਾ ਹੋਇਆ, ਜਿਸ ਦਾ ਨਾਂ ਸੁਰਿੰਦਰਪਾਲ ਸਿੰਘ ਰੱਖਿਆ ਗਿਆ।

ਸੰਨ 1974 ਵਿੱਚ ਆਪ ਫ਼ੌਜ ਵਿੱਚੋਂ ਹਵਾਲਦਾਰ ਦੀ ਪੋਸਟ ਤੋਂ ਰਿਟਾਇਰ ਹੋਏ। ਰਿਟਾਇਰ ਹੋਣ ਪਿੱਛੋਂ ਆਪ ਨੇ ਪੰਜਾਬ ਐਂਡ ਸਿੰਧ ਬੈਂਕ ਦੀ ਅੰਮ੍ਰਿਤਸਰ ਵਿਚਲੀ ਇੱਕ ਬ੍ਰਾਂਚ ਵਿੱਚ ਸਕਿਓਰਟੀ ਗਾਰਡ ਦੀ ਨੌਕਰੀ ਕਰਨੀ ਅਰੰਭ ਕਰ ਦਿੱਤੀ। ਆਪ ਪਿੰਡ ਵਿੱਚੋਂ ਰੋਜ਼ਾਨਾ ਅੰਮ੍ਰਿਤਸਰ ਆਉਣ-ਜਾਣ ਕਰਦੇ, ਪਰ ਟਕਸਾਲ ਦੇ ਹੈੱਡਕੁਆਰਟਰ ਵਿਖੇ ਵੀ ਆਪ ਦਾ ਆਉਣਾ-ਜਾਣਾ ਨਿਰੰਤਰ ਜਾਰੀ ਰਿਹਾ। ਸੰਤ ਗੁਰਬਚਨ ਸਿੰਘ, ਸੰਤ ਕਰਤਾਰ ਸਿੰਘ ਤੋਂ ਬਾਅਦ ਸੰਤ ਜਰਨੈਲ ਸਿੰਘ ਜੀ ਦੇ ਨਾਲ ਵੀ ਆਪ ਦੀ ਨੇੜਤਾ ਬਰਕਰਾਰ ਰਹੀ।

ਸੰਨ 1978 'ਚ ਜਦੋਂ ਨਰਕਧਾਰੀਆਂ ਨੂੰ ਗੁਰੂ ਸਾਹਿਬ ਵਿਰੁੱਧ ਕੁਬਚਨ ਬੋਲਣੋਂ ਹਟਾਉਣ ਸ਼ਾਂਤਮਈ ਸਿੰਘਾਂ ਦਾ ਜਥਾ ਤੁਰਿਆ ਤਾਂ ਆਪ ਉਸ ਵਿੱਚ ਸ਼ਾਮਲ ਸਨ। ਉਸ ਸਾਕੇ ਵਿੱਚ ਆਪ ਨੂੰ ਵੀ ਗੋਲੀ ਵੱਜੀ ਤੇ ਆਪ ਜ਼ਖ਼ਮੀ ਹੋ ਗਏ। ਇਸ ਸਾਕੇ 'ਚ ਸ਼ਹੀਦ ਹੋਇਆ ਭਾਈ ਰਘਬੀਰ ਸਿੰਘ ਭੱਗੂਪੁਰ ਆਪ ਦੇ ਸਹੁਰਾ ਪਿੰਡ ਵਿੱਚੋਂ ਸੀ ਤੇ ਆਪ ਦਾ ਨਜ਼ਦੀਕੀ ਸੀ।

ਇਸ ਪਿੱਛੋਂ ਆਪ ਆਪਣੀ ਨੌਕਰੀ ਕਰਦੇ ਹੋਏ ਹੀ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਵੱਲੋਂ ਅਰੰਭ ਕੀਤੇ ਧਰਮ ਯੁੱਧ ਵਿੱਚ ਵਧ ਚੜ੍ਹ ਕੇ ਹਿੱਸਾ ਲੈਣ ਲੱਗੇ। ਫਿਰ ਜਦੋਂ ਸੰਤ ਪੱਕੇ ਤੌਰ 'ਤੇ ਸ੍ਰੀ ਅੰਮ੍ਰਿਤਸਰ ਆ ਗਏ ਤਾਂ ਆਪ ਦਾ ਉਹਨਾਂ ਨਾਲ ਮੇਲ਼-ਜੋਲ ਤੇ ਸਰਗਰਮੀਆਂ ਹੋਰ ਵਧ ਗਈਆਂ।

1984 ਵਿੱਚ ਸੰਤ ਜਰਨੈਲ ਸਿੰਘ ਜੀ ਲਈ ਪ੍ਰਸ਼ਾਦਾ ਆਪ ਆਪਣੇ ਘਰੋਂ ਬਣਾ ਕੇ

ਲਿਆਇਆ ਕਰਦੇ ਸਨ। ਪਿੰਡੋਂ ਆਪ ਸਵੇਰੇ ਪ੍ਰਸ਼ਾਦਾ ਤਿਆਰ ਕਰਵਾ ਕੇ ਲਿਆਉਂਦੇ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਨਾਲ ਵਾਲੀ ਰਿਹਾਇਸ਼ ਵਿਖੇ ਸੰਤਾਂ ਨੂੰ ਛਕਾਉਂਦੇ ਤੇ ਦਰਬਾਰ ਸਾਹਿਬ ਮੱਥਾ ਟੇਕ ਕੇ ਫਿਰ ਬੈਂਕ 'ਚ ਡਿਊਟੀ ਤੇ ਚਲੇ ਜਾਂਦੇ। ਛੁੱਟੀ ਉਪਰੰਤ ਦਰਬਾਰ ਸਾਹਿਬ ਦਰਸ਼ਨ ਕਰ ਕੇ ਸੰਤਾਂ ਕੋਲ ਹਾਜ਼ਰੀ ਭਰ ਕੇ ਵਾਪਸ ਪਿੰਡ ਪਰਤ ਜਾਂਦੇ।

ਸੰਤ ਜਰਨੈਲ ਸਿੰਘ ਦੀ ਫ਼ੌਜ ਵਿੱਚ ਹੁਣ ਭਾਰਤੀ ਫ਼ੌਜ ਵਿੱਚੋਂ ਆਏ ਦੋ ਸੁਬੇਗ ਸਿੰਘ ਹੋ ਗਏ ਸਨ, ਪਹਿਲੇ ਸਨ; ਜੁਝਾਰੂ ਸਿੰਘਾਂ ਨੂੰ ਟਰੇਨਿੰਗ ਦੇਣ ਅਤੇ ਭਾਰਤੀ ਫ਼ੌਜ ਦੇ ਮੁਕਾਬਲੇ ਲਈ ਮੋਰਚਾਬੰਦੀ ਕਰਨ ਵਾਲੇ ਜਨਰਲ ਸੁਬੇਗ ਸਿੰਘ ਅਤੇ ਦੂਜੇ (ਇਹ) ਭਾਈ ਸੁਬੇਗ ਸਿੰਘ ਫ਼ੌਜੀ।

ਘਰ ਵਿੱਚ ਆਪ ਨੇ ਇੱਕ ਕਮਰੇ ਵਿੱਚ ਗੁਰੂ ਗਰੰਥ ਸਾਹਿਬ ਦਾ ਪ੍ਰਕਾਸ਼ ਕੀਤਾ ਸੀ ਤੇ ਆਪ ਉੱਥੇ ਹੀ ਹੇਠਾਂ ਦਰੀ 'ਤੇ ਇਕੱਲੇ ਸੌਂਦੇ ਸਨ। ਆਪ ਦਾ ਵੱਡਾ ਲੜਕਾ ਪਰਮਜੀਤ ਸਿੰਘ ਓਦੋਂ 13 ਸਾਲ ਦਾ ਸੀ। ਉਹ ਦੱਸਦਾ ਹੈ ਕਿ ਕਈ ਵਾਰੀ ਮੈਂ ਜਿਦ ਕਰ ਕੇ ਉਹਨਾਂ ਦੇ ਨਾਲ ਉਸ ਕਮਰੇ 'ਚ ਸੌਂ ਜਾਂਦਾ ਤੇ ਕਈ ਵਾਰ ਜਦੋਂ ਅੱਧੀ ਰਾਤ ਨੂੰ ਮੇਰੀ ਜਾਗ ਖੁੱਲ੍ਹ ਜਾਂਦੀ ਤਾਂ ਮੈਂ ਉਹਨਾਂ ਨੂੰ ਚੌਂਕੜਾ ਮਾਰੀ ਸਿਮਰਨ ਵਿੱਚ ਲੀਨ ਹੀ ਵੇਖਦਾ ਸੀ।

ਆਪ ਧਰਮ ਯੁੱਧ ਨੂੰ ਏਨੇ ਸਮਰਪਿਤ ਸਨ ਕਿ ਆਪ ਨੇ ਆਪਣੀ ਤਨਖ਼ਾਹ ਵੀ ਇਸੇ ਹੀ ਅਰਥ ਲਈ ਸਿੰਘਾਂ ਦੀ ਸੇਵਾ ਹਿੱਤ ਵਰਤਣੀ ਅਰੰਭ ਕਰ ਦਿੱਤੀ ਸੀ, ਪਰ ਜਦੋਂ ਸੰਤਾਂ ਨੂੰ ਪਤਾ ਲੱਗਾ ਤਾਂ ਉਹਨਾਂ ਨੇ ਆਪ ਨੂੰ ਪਰਿਵਾਰ ਦੇ ਗੁਜ਼ਾਰੇ ਲਈ ਤਨਖ਼ਾਹ ਘਰ ਦੇਣ ਦੀ ਹਦਾਇਤ ਕੀਤੀ।

'84 ਦੇ ਮਈ ਦੇ ਮਹੀਨੇ ਤਾਂ ਆਪ ਡਿਊਟੀ ਤੋਂ ਫ਼ਾਰਗ ਹੋ ਕੇ ਕੁਝ ਸਮੇਂ ਲਈ ਹੀ ਘਰ ਆਉਂਦੇ, ਨਹਾ-ਧੋ ਕੇ ਫਿਰ ਸੰਤਾਂ ਕੋਲ ਪਹੁੰਚ ਜਾਂਦੇ।

30 ਮਈ 1984 ਨੂੰ ਆਪ ਹਮੇਸ਼ਾ ਦੀ ਤਰ੍ਹਾਂ ਬੈਂਕ 'ਚੋਂ ਛੁੱਟੀ ਪਿੱਛੋਂ ਘਰ ਗਏ ਤਾਂ ਘਰ ਕੁਝ ਰਿਸ਼ਤੇਦਾਰ ਮਿਲਣ (ਪ੍ਰਾਹੁਣੇ) ਆਏ ਹੋਏ ਸਨ । ਉਹਨਾਂ ਨੇ ਆਪ ਨੂੰ ਰਾਤ ਘਰ ਹੀ ਰੁਕ ਜਾਣ ਲਈ ਕਿਹਾ, ਪਰ ਆਪ ਨਾ ਰੁਕੇ ਤੇ ਸੰਤਾਂ ਦਾ ਰਾਤ ਲਈ ਪ੍ਰਸ਼ਾਦਾ ਲੈ ਕੇ ਚਲੇ ਗਏ।

ਇਸ ਤੋਂ ਅਗਲੇ ਦਿਨ 1 ਜੂਨ ਨੂੰ ਭਾਰਤ ਸਰਕਾਰ ਦੀ ਹਦਾਇਤ 'ਤੇ ਸੀ.ਆਰ.ਪੀ. ਨੇ ਸ੍ਰੀ ਦਰਬਾਰ ਸਾਹਿਬ 'ਤੇ ਸੱਤ ਘੰਟੇ ਗੋਲੀ ਚਲਾਈ। ਇਹ ਵੇਖ ਕੇ ਆਪ ਨੇ ਉਸ ਦਿਨ ਛੁੱਟੀ ਪਿੱਛੋਂ ਪਿੰਡ ਜਾਣ ਦਾ ਪ੍ਰੋਗਰਾਮ ਰੱਦ ਕਰ ਦਿੱਤਾ ਤੇ ਸਿੱਧਾ ਹੀ ਸ੍ਰੀ ਦਰਬਾਰ ਸਾਹਿਬ ਪਹੁੰਚ ਗਏ। ਆਪ ਦੀ ਪਤਨੀ ਆਪ ਦਾ ਪਤਾ ਲੈਣ ਲਈ ਚਿੰਤਾਤੁਰ ਹੋ ਕੇ ਅੰਮ੍ਰਿਤਸਰ ਆਈ, ਪਰ ਕਰਫ਼ਿਊ ਲੱਗ ਗਿਆ।

3 ਜੂਨ ਨੂੰ ਕਰਫ਼ਿਊ ਕੁਝ ਸਮੇਂ ਲਈ ਖੁੱਲ੍ਹਾ ਤਾਂ ਆਪ ਦੀ ਪਤਨੀ ਸ੍ਰੀ ਦਰਬਾਰ ਸਾਹਿਬ ਆ ਕੇ ਆਪ ਨੂੰ ਮਿਲੀ। ਪਤਨੀ ਨੇ ਆਪ ਨੂੰ ਘਰ ਚੱਲਣ ਲਈ ਕਿਹਾ। ਆਪ ਕਹਿਣ ਲੱਗੇ:

"ਮੈਂ ਹੁਣ ਘਰ ਨੀਂ ਆਉਣਾ, ਜੇ ਸੰਤ ਇੱਥੋਂ ਨਿਕਲੇ ਤੇ ਫਿਰ ਮੈਂ ਵੀ ਨਿਕਲ ਆਊਂ....ਜੇ ਨਾ ਨਿਕਲੇ ਤੇ ਫੇਰ ਨੀਂ.....।"

ਪਤਨੀ ਨੇ ਕਿਹਾ- "ਤੁਹਾਨੂੰ ਬੱਚੇ ਬੜਾ ਯਾਦ ਕਰਦੇ ਆ....।"

ਆਪ ਕਹਿਣ ਲੱਗੇ- "ਜੇ ਹੁਣ ਸ਼ਾਮ ਨੂੰ ਕਰਫਿਊ ਖੁੱਲ੍ਹਾ ਤਾਂ ਬੱਚਿਆਂ ਨੂੰ ਇੱਕ ਵਾਰ ਮਿਲਾ ਕੇ ਲੈ ਜਾਈਂ, ਨਈਂ ਤਾਂ ਗੁਰੂ ਰਾਖਾ....।"

ਆਪ ਦੀ ਪਤਨੀ ਵਿਦਾ ਲੈ ਕੇ ਚਲੀ ਗਈ। ਪਰ ਫਿਰ ਕਰਫਿਊ ਨਾ ਖੁੱਲ੍ਹਿਆ ਤੇ ਜੰਗ ਛਿੜ ਪਈ। ਆਪ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਉੱਪਰ ਸ਼ਸਤਰਾਂ ਵਾਲ਼ੀ ਥਾਂ 'ਤੇ ਮੋਰਚਾ ਸੰਭਾਲ਼ ਕੇ ਹਮਲਾਵਰ ਭਾਰਤੀ ਫ਼ੌਜੀਆਂ ਦੇ ਚੰਗੇ ਸੱਥਰ ਵਿਛਾਏ। ਆਪ ਨੂੰ ਖ਼ੁਸ਼ੀ ਸੀ ਕਿ ਆਪਣੇ ਧਰਮ ਅਸਥਾਨ ਦੀ ਰਾਖੀ ਕਰਦਿਆਂ ਜੰਗ ਦਾ ਚਾਅ ਵੀ ਪੂਰਾ ਹੋ ਰਿਹਾ ਹੈ। ਉੱਥੋਂ ਬਚ ਨਿਕਲ਼ੇ ਸਿੰਘਾਂ ਮੁਤਾਬਿਕ ਆਪ ਅਖੀਰ ਤਕ ਉਸ ਮੋਰਚੇ 'ਤੇ ਡਟੇ ਰਹੇ।

ਇਸ ਮੋਰਚੇ 'ਤੇ ਆਪ ਨੇ 4 ਜੂਨ ਤੋਂ ਲੈ ਕੇ 6 ਜੂਨ ਤਕ ਕੁਝ ਵੀ ਖਾਣਾ ਠੀਕ ਨਾ ਸਮਝਿਆ। ਸਾਥੀਆਂ ਨੇ ਵਿੱਚੋਂ ਕੁਝ ਖਾਣ ਲਈ ਜ਼ੋਰ ਪਾਇਆ ਤਾਂ ਕਹਿੰਦੇ- "ਜੇ ਮੈਂ ਕੁਝ ਖਾਣ ਲੱਗ ਪਿਆ ਤਾਂ ਉਹ (ਦੁਸ਼ਮਣ) ਘੰਟਾ ਘਰ ਦੀਆਂ ਪੌੜੀਆਂ ਲੰਘ ਆਉਣਗੇ....।"

ਦਮਦਮੀ ਟਕਸਾਲ ਦੇ ਉੱਘੇ ਵਰਕਰ ਭਾਈ ਮੁਖਤਿਆਰ ਸਿੰਘ ਮੁਖੀ, ਜੋ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਵਿਹੜੇ ਵਿੱਚ ਹੋਈ ਜੰਗ ਦੇ ਸਮੇਂ ਖ਼ੁਦ ਓਥੇ ਜੂਝਦੇ ਰਹੇ ਸਨ, ਦੇ ਦੱਸਣ ਮੁਤਾਬਿਕ ਜਦੋਂ ਜਨਰਲ ਸੁਬੇਗ ਸਿੰਘ ਗੋਲ਼ੀ ਲੱਗਣ ਨਾਲ ਜ਼ਖ਼ਮੀ ਹੋ ਗਏ ਤਾਂ ਉਹਨਾਂ ਨੇ- 'ਫ਼ੌਜੀ, ਫ਼ੌਜੀ' ਕਹਿ ਕੇ ਕਿਸੇ ਸਿੰਘ ਨੂੰ ਅਵਾਜ਼ ਮਾਰ ਕੇ ਆਪਣੇ ਕੋਲ਼ ਬੁਲਾਇਆ ਅਤੇ ਫਿਰ ਉਸ ਨੂੰ ਕਿਹਾ ਕਿ ਉਹ ਉਹਨਾਂ ਨੂੰ ਫ਼ੌਜੀ ਤਰੀਕੇ ਅਨੁਸਾਰ ਚੁੱਕ ਕੇ ਸੰਤਾਂ ਕੋਲ਼ ਲੈ ਜਾਵੇ।

ਉਹ ਸਿੰਘ ਹੀ ਜਨ: ਸੁਬੇਗ ਸਿੰਘ ਨੂੰ ਵਰ੍ਹਦੀ ਗੋਲ਼ੀ 'ਚ ਚੁੱਕ ਕੇ ਸੰਤਾਂ ਕੋਲ਼ ਲੈ ਗਿਆ। ਉਹ ਫ਼ੌਜੀ ਸਿੰਘ ਭਾਈ ਸੁਬੇਗ ਸਿੰਘ ਫ਼ੌਜੀ ਹੀ ਸਨ।

ਜਦੋਂ ਸੰਤ ਜਰਨੈਲ ਸਿੰਘ ਜੀ ਸਾਥੀ ਸਿੰਘਾਂ ਨਾਲ 6 ਜੂਨ ਨੂੰ ਸਵੇਰੇ ਸਾਢੇ ਨੌਂ ਵਜੇ ਜਾਮੇ-ਸ਼ਹਾਦਤ ਪੀਣ ਲਈ ਬਾਹਰ ਨਿਕਲ਼ਣ ਲੱਗੇ ਤਾਂ ਆਪ ਓਦੋਂ ਵੀ ਜ਼ਖ਼ਮੀ ਹਾਲਤ 'ਚ ਮੋਰਚੇ 'ਤੇ ਹੀ ਸਨ। ਸੰਤਾਂ ਪੁੱਛਿਆ:

"ਕਿਉਂ ਫ਼ੌਜੀਆ ਚੜ੍ਹਦੀ ਕਲਾ ਐ...?"

ਆਪ ਕਹਿਣ ਲੱਗੇ- "ਸੰਤ ਜੀ, ਗੋਲ਼ੀ-ਸਿੱਕਾ ਖ਼ਤਮ ਹੋ ਗਿਐ, ਜੇ ਹੈਗਾ ਜੇ ਤਾਂ ਦੇ ਦਿਓ....।"

ਪਰ ਜਦੋਂ ਆਪ ਨੂੰ ਸੰਤਾਂ ਦੇ ਸ਼ਹੀਦੀ ਦੇਣ ਦੇ ਫ਼ੈਸਲੇ ਦਾ ਆਭਾਸ ਹੋਇਆ ਤਾਂ ਆਪ ਵੀ ਨਾਲ ਹੋ ਤੁਰੇ, ਤੇ ਮੀਂਹ ਵਾਂਗ ਵਰ੍ਹ ਰਹੀ ਗੋਲ਼ੀ ਵਿੱਚ ਛਾਤੀ ਡਾਹ ਕੇ ਗੁਰੂ ਦੇ ਚਰਨਾਂ 'ਚ ਸਦਾ ਦੀ ਨੀਂਦ ਸੌਂ ਗਏ।

* * * * *

ਵਿਸ਼ਾਲ ਸੋਚ ਵਾਲਾ ਜੁਝਾਰੂ

ਸ਼ਹੀਦ ਭਾਈ ਅਮਰਜੀਤ ਸਿੰਘ ਖੇਮਕਰਨ

(ਦਹੇੜੂ ਕਾਂਡ)

ਇਨਕਲਾਬੀ ਸਿੱਖ ਜੱਦੋ-ਜਹਿਦ ਦੇ ਮੁਗ਼ਲ ਕਾਲ ਵਿੱਚ ਸਿੱਖਾਂ ਦਾ ਮੁਗ਼ਲੀਆ ਫ਼ੌਜ ਵਿੱਚ ਤਨਖ਼ਾਹ 'ਤੇ ਸਿਪਾਹੀ ਭਰਤੀ ਹੋਣਾ ਬਹੁਤ ਹੀ ਮਾੜਾ ਸਮਝਿਆ ਜਾਂਦਾ ਸੀ, ਏਨਾ ਕਿ ਸਿੱਖਾਂ ਵਿੱਚ ਦੋਸ਼ੀ ਵਿਅਕਤੀ ਨੂੰ ਵੀ 'ਤਨਖ਼ਾਹੀਆ' ਕਹਿ ਕੇ ਸੰਬੋਧਨ ਕੀਤੇ ਜਾਣ ਦੀ ਮਰਯਾਦਾ ਪੰਥ ਵਿੱਚ ਪ੍ਰਚਲਿਤ ਹੋ ਗਈ।

ਅੰਗਰੇਜ਼ ਸਰਕਾਰ ਨੇ ਸਿੱਖ ਸੂਰਬੀਰਤਾ ਨੂੰ ਆਪਣੀ ਫ਼ੌਜ ਦਾ ਅੰਗ ਬਣਾਉਣ ਵਿੱਚ ਵਿਸ਼ੇਸ਼ ਰੁਚੀ ਵਿਖਾਈ। ਇਸ ਦਾ ਸਿੱਖਾਂ ਨੂੰ ਨੁਕਸਾਨ ਇਹ ਹੋਇਆ ਕਿ ਸਿੱਖ ਜੱਦੋ-ਜਹਿਦ ਨੂੰ ਸਿੱਖ ਪੁਲੀਸ ਅਤੇ ਫ਼ੌਜ ਰਾਹੀਂ ਹੀ ਦਬਾਏ ਜਾਣ ਦੀ ਹਕੂਮਤੀ ਪਾਲਿਸੀ ਹੋਂਦ ਵਿੱਚ ਆਈ, ਜਿਸ ਦੇ ਕਈ ਮਨੋਵਿਗਿਆਨਕ ਮਾਰੂ ਅਸਰ ਵੀ ਕੌਮ ਉੱਪਰ ਪਏ; ਪਰ ਇਸ ਦਾ ਇੱਕ ਲਾਭ ਵੀ ਹੋਇਆ ਕਿ ਸਿੱਖ ਜੱਦੋ-ਜਹਿਦ ਨਾਲ ਹਮਦਰਦੀ ਰੱਖਣ ਵਾਲੇ ਸਿੱਖ ਸਿਪਾਹੀਆਂ ਦੀ ਮਦਦ ਨਾਲ ਸਿੱਖ ਜੁਝਾਰੂਆਂ ਨੂੰ ਕਈ ਵੱਡੇ ਵੱਡੇ ਕਾਰਨਾਮੇ ਸਰਅੰਜਾਮ ਦੇਣੇ ਵੀ ਬਹੁਤ ਸੌਖੇ ਹੋ ਗਏ। ਸਿੱਖੀ ਨੂੰ ਸਮਰਪਿਤ ਵੀਰ ਸਰਕਾਰ ਦੀ ਨੌਕਰੀ ਕਰਦੇ ਹੋਏ ਵੀ ਪੰਥ ਨੂੰ ਸਮਰਪਿਤ ਰਹਿ ਕੇ ਕੋਝੀਆਂ ਸਰਕਾਰੀ ਸਾਜ਼ਿਸ਼ਾਂ ਨੂੰ ਉਲਟਾਉਣ ਲਈ ਆਪਣੀਆਂ ਜ਼ਿੰਦਗਾਨੀਆਂ ਦਾਅ 'ਤੇ ਲਾਉਂਦੇ ਰਹੇ ਹਨ ਤੇ ਸ਼ਹੀਦ ਵੀ ਹੁੰਦੇ ਰਹੇ ਹਨ। ਸ਼ਹੀਦ ਭਾਈ ਅਮਰਜੀਤ ਸਿੰਘ ਖੇਮਕਰਨ ਦਾ ਨਾਂ ਅਜਿਹੇ ਹੀ ਸ਼ਹੀਦਾਂ ਦੀ ਸ਼੍ਰੇਣੀ ਵਿੱਚ ਆਉਂਦਾ ਹੈ।

ਭਾਈ ਸਾਹਿਬ ਦਾ ਜਨਮ ਪੰਜਾਬ ਦੇ ਪਾਕਿਸਤਾਨ ਨਾਲ ਲੱਗਦੇ ਇਲਾਕੇ ਖੇਮਕਰਨ ਵਿੱਚ ਸੰਨ 1953 ਦੇ ਲਗਭਗ ਸ. ਕਸ਼ਮੀਰ ਸਿੰਘ ਦੇ ਗ੍ਰਹਿ ਵਿਖੇ ਮਾਤਾ ਗੁਰਦੀਪ ਕੌਰ ਦੀ ਕੁੱਖੋਂ ਹੋਇਆ। ਮਾਝੇ ਦੇ ਪਿੰਡਾਂ ਦੇ ਹੋਰ ਬੱਚਿਆਂ ਵਾਂਗ ਵਧੀਆ ਢੰਗ ਨਾਲ ਪਰਵਰਿਸ਼ ਹੋਣ ਨਾਲ ਅਮਰਜੀਤ ਸਿੰਘ ਜੀ ਚੰਗੀ ਸਿਹਤ ਅਤੇ ਵਧੀਆ ਡੀਲ-ਡੌਲ ਵਾਲੇ ਨਿਕਲੇ। ਇਹੀ ਕਾਰਨ ਸੀ ਕਿ ਸੰਨ 1972 ਵਿੱਚ ਅਸਾਨੀ ਨਾਲ ਆਪ ਪੰਜਾਬ ਪੁਲੀਸ ਵਿੱਚ ਸਿਪਾਹੀ ਵਜੋਂ ਭਰਤੀ ਹੋ ਗਏ।

ਸੰਨ 1978 ਵਿੱਚ ਆਪ ਦਾ ਅਨੰਦ ਕਾਰਜ ਬੀਬੀ ਮਲਕੀਤ ਕੌਰ, ਸਪੁੱਤਰੀ ਸ. ਗੁਰਮੇਜ ਸਿੰਘ, ਵਾਸੀ ਮਨੀ ਸਿੰਘ ਵਾਲਾ ਨਾਲ ਹੋਇਆ।

ਇਸੇ ਹੀ ਸਾਲ ਸ੍ਰੀ ਅੰਮ੍ਰਿਤਸਰ ਸਾਹਿਬ ਦੀ ਪਾਵਨ ਧਰਤੀ 'ਤੇ ਹਕੂਮਤ ਦੇ ਕੁਚੱਜੇ ਥਾਪੜੇ ਨਾਲ ਭੂਤਰੇ ਨਕਰਧਾਰੀਆਂ ਨੇ ਗੁਰਸਿੱਖਾਂ ਦੇ ਲਹੂ ਦੀ ਹੋਲੀ ਖੇਡੀ। ਇਸ ਘਿਨਾਉਣੇ ਸਾਕੇ ਨਾਲ ਸਿੱਖਾਂ ਦਾ ਖ਼ੂਨ ਖੌਲ ਉਠਿਆ ਤੇ ਗੁਰੂ 'ਤੇ ਸ਼ਰਧਾ ਰੱਖਣ ਵਾਲੇ ਸਿੱਖ ਜਿੱਥੇ ਵੀ ਬੈਠੇ ਸਨ, ਦਿੱਲੀ ਸਾਮਰਾਜ ਦੀ ਇਹ ਭਾਜੀ ਮੋੜਨ ਲਈ ਬੇਤਾਬ ਹੋ ਗਏ।

ਭਾਈ ਅਮਰਜੀਤ ਸਿੰਘ ਦੀ ਡਿਊਟੀ ਉਸ ਵੇਲੇ ਐਸ.ਐਸ.ਪੀ. ਸ. ਸਿਮਰਨਜੀਤ ਸਿੰਘ ਮਾਨ ਦੇ ਅਧੀਨ ਸੀ। ਸ. ਮਾਨ ਦੇ ਅਧੀਨ ਕੰਮ ਕਰਨ ਵਾਲੇ ਸਿੱਖ ਪੁਲੀਸ ਮੁਲਾਜ਼ਮ ਸਿੱਖੀ ਦੇ ਰੰਗ ਵਿੱਚ ਖ਼ੁਦ-ਬ-ਖ਼ੁਦ ਰੰਗੇ ਜਾ ਰਹੇ ਸਨ। ਭਾਈ ਅਮਰਜੀਤ ਸਿੰਘ ਹੋਰੀਂ ਆਪਣੇ ਦੋ ਹੋਰ ਮੁਲਾਜ਼ਮ ਸਾਥੀਆਂ ਭਾਈ ਸੇਵਾ ਸਿੰਘ ਅਤੇ ਗੁਰਨਾਮ ਸਿੰਘ ਨਾਲ ਸਿੱਖੀ ਪ੍ਰਚਾਰ ਤੇ ਪਸਾਰ ਲਈ ਯਤਨਸ਼ੀਲ ਸਨ। 1978 ਦੇ ਸਾਕੇ ਨੇ ਇਹਨਾਂ ਤਿੰਨਾਂ ਹੀ ਸਿੰਘਾਂ ਨੂੰ ਪੰਥਕ ਸੇਵਾਵਾਂ ਲਈ ਅੰਮ੍ਰਿਤ ਸੰਚਾਰ ਦੀ ਬਜਾਏ ਪੰਥ ਦੋਖੀਆਂ ਦਾ ਸੁਧਾਰ ਕਰਨ ਵਾਲੇ ਪਾਸੇ ਵੱਲ ਰੁਖ਼ ਕਰਨ ਲਈ ਪ੍ਰੇਰਿਤ ਕੀਤਾ।

ਇਸ ਨਵੇਂ ਪੰਧ ਲਈ ਸਾਥੀਆਂ ਦੀ ਤਲਾਸ਼ ਕਰਦਿਆਂ ਆਪ ਦਾ ਮੇਲ ਭਾਈ ਤਲਵਿੰਦਰ ਸਿੰਘ ਬੱਬਰ ਨਾਲ ਹੋਇਆ। ਨਰਕਧਾਰੀਆਂ ਦੀ ਭਾਜੀ ਮੋੜਨ ਲਈ ਆਪ ਗੁਪਤ ਤੌਰ 'ਤੇ ਬੱਬਰਾਂ ਨਾਲ ਮਿਲ ਕੇ ਕੰਮ ਕਰਨ ਲੱਗ ਪਏ। ਇਸ ਸਫ਼ਰ ਵਿੱਚ ਮਹੱਤਵਪੂਰਨ ਐਕਸ਼ਨ ਸੰਨ 1981 ਵਿੱਚ ਕੀਤਾ ਗਿਆ, ਜਦੋਂ ਭਾਈ ਅਮਰਜੀਤ ਸਿੰਘ, ਭਾਈ ਸੁਖਦੇਵ ਸਿੰਘ ਬੱਬਰ, ਭਾਈ ਸੁਲੱਖਣ ਸਿੰਘ ਬੱਬਰ ਚੰਡੀਗੜ੍ਹ ਸਕੱਤਰੇਤ ਵਿੱਚ ਨਰਕਧਾਰੀ ਦੇ ਚੇਲੇ ਅਫ਼ਸਰ ਨਿਰੰਜਣ ਸਿੰਘ ਨੂੰ ਸੋਧਣ ਲਈ ਪਹੁੰਚੇ। ਸੁਲੱਖਣ ਸਿੰਘ ਮੋਟਰ ਸਾਈਕਲ ਲੈ ਕੇ ਬਾਹਰ ਖੜ੍ਹੇ ਰਹੇ ਤੇ ਭਾਈ ਸੁਖਦੇਵ ਸਿੰਘ ਬੱਬਰ ਅਤੇ ਭਾਈ ਅਮਰਜੀਤ ਸਿੰਘ ਇੱਕ ਰਜਿਸਟਰ ਵਿੱਚ ਰਿਵਾਲਵਰ ਰੱਖ ਕੇ ਅੰਦਰ ਦਾਖ਼ਲ ਹੋਏ।

ਇਹਨਾਂ ਨੇ ਅੰਦਰ ਮੌਕਾ ਵੇਖ ਕੇ ਦੁਸ਼ਟ 'ਤੇ ਗੋਲੀ ਚਲਾਈ ਪਰ ਨਿਰੰਜਣ ਸਿੰਘ ਬਚ ਗਿਆ। ਭਾਜੜ ਪੈ ਗਈ ਤੇ ਉਸ ਭਾਜੜ ਵਿੱਚ ਦੋਵੇਂ ਸੂਰਮੇ ਬਾਹਰ ਨੂੰ ਨਿਕਲਣ ਲੱਗੇ।

ਭਾਈ ਅਮਰਜੀਤ ਸਿੰਘ ਬਾਹਰ ਨਿਕਲ ਆਏ ਪਰ ਭਾਈ ਸੁਖਦੇਵ ਸਿੰਘ ਬੱਬਰ ਪੁਲੀਸ ਦੇ ਘੇਰੇ ਵਿੱਚ ਆ ਗਏ। ਭਾਈ ਸੁਲੱਖਣ ਸਿੰਘ ਤੇ ਅਮਰਜੀਤ ਸਿੰਘ ਨੇ ਦੁਬਾਰਾ ਹਮਲਾ ਕੀਤਾ ਤੇ ਭਾਈ ਸੁਖਦੇਵ ਸਿੰਘ ਬੱਬਰ ਨੂੰ ਘੇਰੇ ਵਿੱਚੋਂ ਕਢਵਾ ਲਿਆ। ਇਸ ਪਿੱਛੋਂ ਤਿੰਨੇ ਹੀ ਸੂਰਮੇ ਦੁਸ਼ਮਣ ਦੇ ਘੇਰੇ ਨੂੰ ਤੋੜ ਕੇ ਬਚ ਨਿਕਲੇ।

ਪੁਲੀਸ ਵਿੱਚ ਰਹਿ ਕੇ ਸੇਵਾ ਕਰਦੇ ਆਪ ਅਤੇ ਆਪ ਦੇ ਸਾਥੀ ਮੁਲਾਜ਼ਮ ਲੋੜ ਪੈਣ 'ਤੇ ਇੱਕ ਦੂਜੇ ਦੀ ਹਾਜ਼ਰੀ ਲਵਾ ਦਿੰਦੇ, ਤੇ ਇਸ ਤਰ੍ਹਾਂ ਆਪ ਪੰਥਕ ਸੇਵਾ ਰਲ-ਮਿਲ ਕੇ ਕਰਦੇ ਰਹੇ।

ਇੱਕ ਵਾਰ ਦੀ ਗੱਲ ਹੈ ਕਿ ਜਲੰਧਰ ਤੇ ਕਪੂਰਥਲੇ ਵਿੱਚ ਨਰਕਧਾਰੀਆਂ 'ਤੇ ਹਮਲੇ ਕਰਨ ਤੋਂ ਬਾਅਦ ਆਪ ਅਤੇ ਆਪ ਦੇ ਸਾਥੀ ਭਾਈ ਤਰਸੇਮ ਸਿੰਘ ਨੇ ਲੁਧਿਆਣੇ ਜ਼ਿਲ੍ਹੇ ਦੇ ਦਹੇੜੂ ਪਿੰਡ ਵਿੱਚ ਪਨਾਹ ਲਈ ਸੀ ਕਿ ਖ਼ੁਫ਼ੀਆ ਸੂਤਰਾਂ ਤੋਂ ਪੁਲੀਸ ਨੂੰ ਖ਼ਬਰ ਮਿਲ ਗਈ। ਵੱਡੀ ਗਿਣਤੀ ਵਿੱਚ ਪੁਲੀਸ ਫ਼ੋਰਸ ਲਲਕਾਰੇ ਮਾਰਦੀ ਦਹੇੜੂ ਪਿੰਡ ਵਿੱਚ ਦਾਖ਼ਲ ਹੋਈ। ਜਿਸ ਘਰ

ਵਿੱਚ ਦੋਵੇਂ ਸਿੰਘ ਬੈਠੇ ਸਨ, ਉਸ ਨੂੰ ਪੁਲੀਸ ਨੇ ਘੇਰ ਲਿਆ ਤੇ ਘਰ ਵਿਚਲੀ ਬੀਬੀ ਨਛੱਤਰ ਕੌਰ ਨੂੰ ਹਿਰਾਸਤ ਵਿੱਚ ਲੈ ਲਿਆ।

ਸਿੰਘ ਚੁਬਾਰੇ ਵਿੱਚ ਸਨ। ਜਦੋਂ ਪੁਲੀਸ ਨੇ ਅੱਗੇ ਵਧਣ ਦਾ ਯਤਨ ਕੀਤਾ ਤਾਂ ਉਹਨਾਂ ਦਾ ਸਵਾਗਤ ਸਿੰਘਾਂ ਨੇ ਗੋਲ਼ੀਆਂ ਨਾਲ਼ ਕੀਤਾ। ਗਹਿਗੱਚ ਮੁਕਾਬਲਾ ਹੋਇਆ ਅਤੇ ਤਿੰਨ ਪੁਲੀਸ ਵਾਲ਼ੇ ਮਾਰੇ ਗਏ। ਦੋਵੇਂ ਸੂਰਮੇ ਪੁਲੀਸ ਦਾ ਘੇਰਾ ਤੋੜ ਕੇ ਪਿੰਡ ਦੇ ਖੇਤਾਂ ਵਿੱਚ ਜਾ ਵੜੇ।

ਪੁਲੀਸ ਨੇ ਅਨਾਊਂਸਮੈਂਟ ਕਰ ਦਿੱਤੀ ਕਿ ਸਿੰਘ ਪਿੰਡ ਵਿੱਚ ਹੀ ਹਨ ਤੇ ਜਿਸ ਨੇ ਵੀ ਉਹਨਾਂ ਨੂੰ ਪਨਾਹ ਦਿੱਤੀ, ਉਹ ਬਰਾਬਰ ਦਾ ਦੋਸ਼ੀ ਮੰਨਿਆ ਜਾਊ।

ਇਸ ਦੇ ਨਾਲ਼ ਹੀ ਇਹ ਸਖ਼ਤ ਹਦਾਇਤ ਜਾਰੀ ਕੀਤੀ ਗਈ ਕਿ ਜੋ ਵੀ ਜਿੱਥੇ ਵੀ ਹੈ, ਉਥੇ ਹੀ ਰੁਕ ਜਾਵੇ ਤੇ ਕੋਈ ਹਿਲਜੁੱਲ ਨਾ ਕਰੇ। ਖੇਤਾਂ ਵਿੱਚ ਕੰਮ ਕਰਦੇ ਕਾਮੇ ਵੀ ਦੁਬਕ ਕੇ ਉਥੇ ਹੀ ਬੈਠ ਗਏ।

ਖੋਜੀ ਕੁੱਤੇ ਲਿਆਂਦੇ ਗਏ ਜੋ ਕਿ ਹਰਹਰ ਦੇ ਖੇਤਾਂ ਵਿੱਚੋਂ ਜਾ ਕੇ ਵਾਪਸ ਆ ਗਏ, ਪਰ ਸਿੰਘ ਕਮਾਦ ਵਿੱਚ ਬੈਠੇ ਸਨ। ਇੱਕ ਹੈਲੀਕਾਪਟਰ ਲਿਆਂਦਾ ਗਿਆ, ਜੋ ਕਿ ਪਿੰਡ ਦੇ ਉੱਤੇ ਮੰਡਰਾਉਣ ਲੱਗਾ ਤੇ ਭਾਰੀ ਪੁਲੀਸ ਫ਼ੋਰਸ ਵੱਲੋਂ ਸਿੰਘਾਂ ਨੂੰ ਘੇਰ ਕੇ ਕਾਬੂ ਕਰਨ ਦੀ ਵੱਡੀ ਕਵਾਇਦ ਅਰੰਭ ਹੋਈ, ਪਰ ਇਸ ਅਸਾਵੇਂ ਮੁਕਾਬਲੇ ਵਿੱਚ ਦੋਵੇਂ ਗੁਰੂ ਕੇ ਸਿੰਘ ਸੈਂਕੜੇ ਪੁਲਸੀਆਂ 'ਤੇ ਭਾਰੂ ਸਿੱਧ ਹੋਏ ਤੇ ਲੰਮੀ ਜੱਦੋ-ਜਹਿਦ ਵਿੱਚੋਂ ਪੁਲੀਸ ਦਾ ਘੇਰਾ ਤੋੜ ਕੇ ਬਚ ਨਿਕਲ਼ੇ।

ਸੰਨ 1978 ਤੋਂ ਅਰੰਭ ਹੋਈ ਸਿੱਖ ਜੱਦੋ-ਜਹਿਦ ਵਿੱਚ ਇਹ ਪਹਿਲਾ ਅਹਿਮ ਮੁਕਾਬਲਾ ਸੀ, ਜਿਸ ਵਿੱਚ ਦੋ ਗੁਰੂ ਕੇ ਲਾਲਾਂ ਨੇ ਇੱਕ ਵੱਡੀ ਪੁਲੀਸ ਫ਼ੋਰਸ ਦੀਆਂ ਗੋਡੀਆਂ ਲਵਾ ਦਿੱਤੀਆਂ। ਇਹੀ ਕਾਰਨ ਸੀ ਕਿ ਇਸ ਮੁਕਾਬਲੇ ਨਾਲ਼ ਦਿੱਲੀ ਦਾ ਤਖ਼ਤ ਕੰਬ ਉੱਠਿਆ। ਜਲੰਧਰ-ਕਪੂਰਥਲੇ ਕਾਂਡ ਵਿੱਚ ਵਰਤੇ ਗਏ ਕਾਰਤੂਸਾਂ ਅਤੇ ਦਹੇੜੂ ਮੁਕਾਬਲੇ ਵਿੱਚ ਮਿਲ਼ੇ ਚੱਲੇ ਹੋਏ ਕਾਰਤੂਸਾਂ ਦੇ ਖੋਲਾਂ ਤੋਂ ਪੁਲੀਸ ਨੂੰ ਇਹ ਵੀ ਪਤਾ ਲੱਗ ਗਿਆ ਕਿ ਇਹਨਾਂ ਤਿੰਨੇ ਹੀ ਥਾਂਵਾਂ 'ਤੇ ਉਹੀ ਦੋ ਸਿੰਘ ਸਨ, ਤੇ ਇਹ ਵੀ ਪਤਾ ਲੱਗ ਗਿਆ ਕਿ ਇਸ ਕਾਂਡ ਵਿੱਚ ਭਾਈ ਅਮਰਜੀਤ ਸਿੰਘ ਤੇ ਭਾਈ ਤਰਸੇਮ ਸਿੰਘ ਸਨ।

ਇਹ ਪਤਾ ਲੱਗਦੇ ਹੀ ਆਪ ਦੇ ਪਰਿਵਾਰ ਉੱਪਰ ਪੁਲੀਸ ਦਾ ਕਹਿਰੀ ਤਸ਼ੱਦਦ ਅਰੰਭ ਹੋ ਗਿਆ। ਆਪ ਦੀ ਪਤਨੀ ਬੀਬੀ ਮਲਕੀਤ ਕੌਰ ਨੂੰ ਹਿਰਾਸਤ ਵਿੱਚ ਲੈ ਕੇ ਪੁੱਛਗਿੱਛ ਕੀਤੀ ਜਾਣ ਲੱਗੀ। ਜਿਸ ਜਿਸ ਕਾਂਡ ਵਿੱਚ ਭਾਈ ਅਮਰਜੀਤ ਸਿੰਘ ਦਾ ਨਾਂ ਬੋਲਦਾ ਸੀ, ਉਥੋਂ ਉਥੋਂ ਦੀ ਪੁਲੀਸ ਬੀਬੀ ਮਲਕੀਤ ਕੌਰ ਨੂੰ ਲਿਜਾਣ ਲੱਗੀ। ਸਤਾਰਾਂ-ਸਤਾਰਾਂ ਪਿੰਡਾਂ ਦੀਆਂ ਪੰਚਾਇਤਾਂ ਬੀਬੀ ਮਲਕੀਤ ਕੌਰ ਦੀ ਪੈਰਵੀ ਲਈ ਪਿੱਛੇ ਆਉਂਦੀਆਂ ਰਹੀਆਂ, ਪਰ ਪੁਲੀਸ ਨੇ ਇਸ ਬੀਬੀ ਨੂੰ ਤੰਗ ਪ੍ਰੇਸ਼ਾਨ ਕਰਨਾ ਜਾਰੀ ਰੱਖਿਆ। ਅਖੀਰ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲ਼ਿਆਂ ਨੇ ਬੀਬੀ ਮਲਕੀਤ ਕੌਰ ਨੂੰ ਆਪਣੇ ਜੁਝਾਰੂ ਜਥੇ ਦੀ ਸੁਰੱਖਿਆ ਵਿੱਚ ਸ੍ਰੀ ਦਰਬਾਰ ਸਾਹਿਬ ਵਿਖੇ ਬੁਲਾ ਲਿਆ।

ਬੀਬੀ ਮਲਕੀਤ ਕੌਰ ਆਪਣੀ ਮਾਤਾ ਅਤੇ ਭਰਾ ਦਰਸ਼ਨ ਸਿੰਘ ਨਾਲ਼ ਸ੍ਰੀ ਦਰਬਾਰ ਸਾਹਿਬ ਵਿਖੇ ਸੰਤ ਜਰਨੈਲ ਸਿੰਘ ਤੇ ਹੋਰ ਜੁਝਾਰੂ ਸਿੰਘਾਂ ਦੀ ਸੁਰੱਖਿਆ ਵਿੱਚ ਆ ਕੇ ਰਹਿਣ ਲੱਗੀ। ਇੱਥੇ ਹੀ ਜਨਵਰੀ 1984 ਵਿੱਚ ਭਾਈ ਅਮਰਜੀਤ ਸਿੰਘ ਰੂਪੋਸ਼ੀ 'ਚੋਂ ਨਿਕਲ਼ ਕੇ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲ਼ਿਆਂ ਕੋਲ਼ ਆਏ ਤੇ ਇਹ ਪਰਿਵਾਰ ਸ੍ਰੀ ਦਰਬਾਰ ਸਾਹਿਬ ਵਿਖੇ ਹੀ ਰਹਿਣ ਲੱਗਾ। ਹੁਣ ਤਕ ਆਪ ਦੀ ਸਿੰਘਣੀ ਬੀਬੀ ਮਲਕੀਤ ਕੌਰ ਦਾ ਭਰਾ ਦਰਸ਼ਨ ਸਿੰਘ ਵੀ ਸਿੱਖੀ ਰੰਗ ਵਿੱਚ ਰੰਗ ਕੇ ਸ਼ਸਤਰਧਾਰੀ ਜਥੇ ਵਿੱਚ ਰਲ ਚੁੱਕਿਆ ਸੀ।

ਭਾਈ ਅਮਰਜੀਤ ਸਿੰਘ ਦੀ ਸੋਚ ਬਹੁਤ ਵਿਸ਼ਾਲ ਸੀ। ਆਪ ਉਹਨਾਂ ਲੋਕਾਂ ਨੂੰ ਲੰਮੇ ਹੱਥੀਂ ਲੈਂਦੇ ਸਨ, ਜਿਹੜੇ ਕਿ ਸੰਤ ਜਰਨੈਲ ਸਿੰਘ ਦੀ ਅਗਵਾਈ ਵਿਚਲੇ ਸਿੰਘਾਂ ਤੇ ਬੱਬਰਾਂ ਵਿੱਚ ਵੰਡੀਆਂ ਪਾਉਣ ਦਾ ਯਤਨ ਕਰਦੇ ਸਨ। ਆਪ ਨੇ ਬੱਬਰਾਂ ਨਾਲ਼ ਰਹਿ ਕੇ ਅਹਿਮ ਕਾਰਨਾਮੇ ਕੀਤੇ ਪਰ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਨਾਲ਼ ਆਪ ਦੀ ਬਹੁਤ ਹੀ ਨੇੜਤਾ ਰਹੀ।

ਜੂਨ 1984 ਵਿੱਚ ਹਿੰਦੁਸਤਾਨ ਦੀ ਸਰਕਾਰ ਨੇ ਸਿੱਖੀ ਦੇ ਕੇਂਦਰ ਸ੍ਰੀ ਹਰਿਮੰਦਰ ਸਾਹਿਬ 'ਤੇ ਹਮਲਾ ਕਰਨ ਦੀਆਂ ਤਿਆਰੀਆਂ ਅਰੰਭੀਆਂ ਤਾਂ ਆਪਣੀ ਦੂਰ-ਦ੍ਰਿਸ਼ਟੀ ਰਾਹੀਂ ਭਵਿੱਖ ਵਿੱਚ ਵਾਪਰਨ ਵਾਲ਼ੇ ਅਹਿਮ ਸਾਕੇ ਦੀ ਪੈੜ-ਚਾਲ ਨੂੰ ਮਹਿਸੂਸ ਕਰਦਿਆਂ ਸੰਤ ਜਰਨੈਲ ਸਿੰਘ ਜੀ ਨੇ ਸ੍ਰੀ ਦਰਬਾਰ ਸਾਹਿਬ ਵਿਖੇ ਹਰਿਮੰਦਰ ਸਾਹਿਬ ਅਤੇ ਖ਼ਾਲਸਾਈ ਆਨ-ਸ਼ਾਨ ਦੀ ਰਾਖੀ ਲਈ ਸ਼ਸਤਰ ਸੰਭਾਲ਼ੀ ਬੈਠੇ ਸਿੰਘਾਂ ਨੂੰ ਆਪਣੇ ਪਰਿਵਾਰਾਂ, ਬੀਬੀਆਂ ਤੇ ਬੱਚਿਆਂ ਨੂੰ ਲਾਂਭੇ ਭੇਜ ਦੇਣ ਦਾ ਹੁਕਮ ਸੁਣਾਇਆ।

ਪਹਿਲੀ ਜੂਨ 1984 ਨੂੰ ਸੱਤ ਘੰਟੇ ਸਿੰਘਾਂ ਅਤੇ ਹਿੰਦੁਸਤਾਨੀ ਫ਼ੌਜਾਂ ਵਿੱਚ ਗਹਿਗੱਚ ਗੋਲ਼ੀ ਚੱਲੀ। ਤਿੰਨ ਜੂਨ ਨੂੰ ਵੀ ਗੋਲ਼ੀ ਚੱਲੀ ਤੇ ਇਸ ਪਿੱਛੋਂ ਸੰਤ ਜਰਨੈਲ ਸਿੰਘ ਜੀ ਨੇ ਸਖ਼ਤੀ ਨਾਲ਼ ਸਾਰੇ ਬੀਬੀਆਂ-ਬੱਚੇ ਗਿਆਨੀ ਪੂਰਨ ਸਿੰਘ ਦੇ ਨਾਲ਼ ਸ੍ਰੀ ਦਰਬਾਰ ਸਾਹਿਬ ਤੋਂ ਬਾਹਰ ਭੇਜ ਦਿੱਤੇ। ਤਿੰਨ ਜੂਨ ਦੀ ਰਾਤ ਨੂੰ ਭਾਈ ਅਮਰਜੀਤ ਸਿੰਘ, ਗਿਆਨੀ ਮੋਹਣ ਸਿੰਘ ਜੀ ਦੇ ਘਰ ਆਪਣੀ ਸਿੰਘਣੀ ਮਲਕੀਤ ਕੌਰ ਤੇ ਦੋ ਪੁੱਤਰਾਂ ਸਰਬਜੀਤ ਸਿੰਘ ਅਤੇ ਗੁਰਪ੍ਰੀਤ ਸਿੰਘ ਨੂੰ ਮਿਲ਼ ਕੇ ਗਏ, ਇਹ ਉਹਨਾਂ ਦੀ ਆਪਣੇ ਪਰਿਵਾਰ ਨਾਲ਼ ਆਖ਼ਰੀ ਮਿਲ਼ਣੀ ਸੀ।

ਆਪ ਦਾ ਮੋਰਚਾ ਘੰਟਾ ਘਰ ਵਾਲ਼ੇ ਪਾਸੇ ਸੀ। ਇੱਥੇ ਹੀ ਗਹਿਗੱਚ ਲੜਾਈ ਵਿੱਚ ਭਾਈ ਅਮਰਜੀਤ ਸਿੰਘ ਆਪਣੇ ਸਾਥੀ ਸਿੰਘਾਂ ਨਾਲ਼ ਦੁਸ਼ਮਣ ਦੇ ਨਾਪਾਕ ਪੈਰ ਸ੍ਰੀ ਹਰਿਮੰਦਰ ਸਾਹਿਬ ਦੀ ਹਦੂਦ ਅੰਦਰ ਦਾਖ਼ਲ ਹੋਣ ਤੋਂ ਰੋਕਣ ਲਈ ਸਿਰ ਤਲ਼ੀ 'ਤੇ ਧਰ ਕੇ ਜੂਝੇ ਅਤੇ ਜੂਝਦੇ ਹੋਏ ਸ਼ਹੀਦ ਹੋ ਗਏ। ਆਪ ਦੀ ਸੁਪਤਨੀ ਬੀਬੀ ਮਲਕੀਤ ਕੌਰ ਦੇ ਭਰਾ ਭਾਈ ਦਰਸ਼ਨ ਸਿੰਘ ਵੀ ਇਸੇ ਹੀ ਮੋਰਚੇ 'ਤੇ ਜੂਝਦੇ ਸ਼ਹੀਦ ਹੋਏ।

ਇਹਨਾਂ ਸ਼ਹੀਦਾਂ ਦੇ ਪਵਿੱਤਰ ਲਹੂ ਵਿੱਚੋਂ ਹੀ ਫਿਰ ਉਹ ਲਾਟਾਂ ਨਿਕਲ਼ੀਆਂ, ਜਿਨ੍ਹਾਂ ਨੇ ਸਿੱਖ ਕੌਮ ਦੇ ਗਲ਼ ਪਏ ਗ਼ੁਲਾਮੀ ਦੇ ਸੰਗਲ਼ਾਂ ਨੂੰ ਪਿਘਲਾਉਣ ਲਈ ਸਰਗਰਮੀ ਫੜੀ। ਇਹ ਸਰਗਰਮੀ ਅਜੇ ਵੀ ਜਾਰੀ ਹੈ ਤੇ ਇਤਿਹਾਸ ਤੋਂ ਸੇਧ ਲੈਣ ਵਾਲ਼ੇ ਲੋਕਾਂ ਨੂੰ ਪੂਰਾ ਯਕੀਨ ਹੈ ਕਿ ਸ਼ਹੀਦਾਂ ਦੇ ਲਹੂ ਦੀ ਗਰਮੀ ਦਿੱਲੀ ਸਾਮਰਾਜ ਦੀ ਗ਼ੁਲਾਮੀ ਦੇ ਸੰਗਲ਼ਾਂ 'ਤੇ ਭਾਰੂ ਰਹੇਗੀ।

* * * * *

ਜੂਨ '84 ਦੀ ਸ਼ਮ੍ਹਾ ਦਾ ਇੱਕ ਪਤੰਗਾ

ਸ਼ਹੀਦ ਭਾਈ ਕੁਲਵੰਤ ਸਿੰਘ ਸੱਦਾ ਸਿੰਘ ਵਾਲ਼ਾ

ਭਾਰਤੀ ਹਕੂਮਤ ਵੱਲੋਂ ਜੂਨ 1984 'ਚ ਸ੍ਰੀ ਦਰਬਾਰ ਸਾਹਿਬ 'ਤੇ ਕੀਤੇ ਗਏ ਵਹਿਸ਼ੀ ਹਮਲੇ ਨੂੰ ਰੋਕਣ ਲਈ ਇਸ ਪਵਿੱਤਰ ਸਰਜ਼ਮੀਂ 'ਤੇ ਸੰਤ ਜਰਨੈਲ ਸਿੰਘ ਵਰਗੇ ਅਣਖੀਲੇ ਜਰਨੈਲ ਦੀ ਅਗਵਾਈ 'ਚ ਜੂਝ ਕੇ ਸ਼ਹੀਦ ਹੋਣ ਵਾਲ਼ੇ ਸੂਰਮੇ ਸਿੰਘਾਂ ਵਿੱਚ ਮੋਗੇ ਨੇੜਲੇ ਪਿੰਡ ਸੱਦਾ ਸਿੰਘ ਵਾਲ਼ਾ ਦਾ ਭਾਈ ਕੁਲਵੰਤ ਸਿੰਘ ਵੀ ਇੱਕ ਸੀ, ਜੋ ਇਸ ਜੰਗ 'ਚ ਹੋਰ ਸੈਂਕੜੇ ਯੋਧਿਆਂ ਦੇ ਨਾਲ਼ ਪੰਥ ਲਈ ਜਵਾਨੀ ਵਾਰ ਗਿਆ।

ਭਾਈ ਕੁਲਵੰਤ ਸਿੰਘ ਦਾ ਜਨਮ ਪਿਤਾ ਸ. ਗੁਰਦੇਵ ਸਿੰਘ ਦੇ ਗ੍ਰਹਿ, ਮਾਤਾ ਗੁਰਦੇਵ ਕੌਰ ਦੀ ਕੁੱਖੋਂ ਅਗਸਤ 1965 ਵਿੱਚ ਪਿੰਡ ਸੱਦਾ ਸਿੰਘ ਵਾਲ਼ਾ ਵਿਖੇ ਹੋਇਆ। ਆਪ ਤੋਂ ਬਾਅਦ ਛੋਟੇ ਆਪ ਦੇ ਦੋ ਹੋਰ ਭਰਾਵਾਂ ਨਿਰਮਲ ਸਿੰਘ ਤੇ ਬਲਜਿੰਦਰ ਸਿੰਘ ਦਾ ਜਨਮ ਹੋਇਆ। ਆਪ ਸਭ ਤੋਂ ਵੱਡੇ ਸਨ।

ਪਿੰਡ ਦੇ ਪ੍ਰਾਇਮਰੀ ਸਕੂਲ ਤੋਂ ਪੰਜਵੀ ਤਕ ਪੜ੍ਹਾਈ ਕਰ ਕੇ ਆਪ ਨੇ ਮੈਟ੍ਰਿਕ ਦੌਲਤਪੁਰਾ ਸਕੂਲ ਤੋਂ ਕੀਤੀ ਤੇ ਫਿਰ ਗੁਰੂ ਨਾਨਕ ਕਾਲਜ ਮੋਗਾ ਵਿੱਚ ਦਾਖਲ਼ਾ ਲੈ ਲਿਆ। ਹੁਣ ਤਕ ਉਹ ਬਾਲਪਨ ਦੀਆਂ ਹੱਦਾਂ ਲੰਘ ਕੇ ਚੜ੍ਹਦੀ ਜਵਾਨੀ ਵਿੱਚ ਦਾਖ਼ਲ ਹੋ ਗਏ ਸਨ। ਇਹਨਾਂ ਹੀ ਦਿਨਾਂ ਵਿੱਚ ਕਾਲਜਾਂ ਅੰਦਰ ਸਿੱਖ ਸਟੂਡੈਂਟਸ ਫ਼ੈਡਰੇਸ਼ਨ ਵੀ ਜਾਗ੍ਰਿਤ ਅਵਸਥਾ 'ਚ ਆ ਗਈ ਸੀ ਤੇ ਅਣਖ ਆਨ ਵਾਲ਼ੇ ਸਿੱਖ ਵਿਦਿਆਰਥੀ ਇਸ ਜਥੇਬੰਦੀ ਨਾਲ਼ ਜੁੜਨੇ ਅਰੰਭ ਹੋ ਗਏ ਸਨ। ਭਾਈ ਕੁਲਵੰਤ ਸਿੰਘ ਵੀ ਫ਼ਰੀਦਕੋਟ ਦੀ ਫ਼ੈਡਰੇਸ਼ਨ ਯੂਨਿਟ ਦੇ ਸਰਗਰਮ ਵਰਕਰ ਬਣ ਗਏ।

ਫ਼ਰੀਦਕੋਟ ਦੇ ਇਲਾਕੇ ਵਿੱਚ ਸਿੱਖ ਸੰਘਰਸ਼ ਦੀਆਂ ਸਰਗਰਮੀਆਂ ਚਲਾਉਣ ਵਾਲ਼ੀ ਇਹ ਫ਼ੈਡਰੇਸ਼ਨ ਦੀ ਇਕਾਈ ਹੀ ਸੀ। ਫ਼ੈਡਰੇਸ਼ਨ ਵਰਕਰਾਂ ਦੀਆਂ ਸਰਗਰਮੀਆਂ ਦਾ ਮੁੱਖ ਕੇਂਦਰ ਮੋਗੇ ਦੇ ਗੁਰਦੁਆਰਾ ਸਿੰਘ ਸਭਾ, ਗੁਰਦੁਆਰਾ ਮਾਤਾ ਕਾਹਨ ਕੌਰ ਤੇ ਗੁਰਦੁਆਰਾ ਅਕਾਲਸਰ ਸਾਹਿਬ ਸਨ। ਭਾਈ ਕੁਲਵੰਤ ਸਿੰਘ ਦੇ ਸਰਗਰਮ ਰੋਲ ਨੂੰ ਵੇਖਦਿਆਂ ਭਾਈ ਅਮਰੀਕ ਸਿੰਘ ਨੇ ਆਪ ਨੂੰ ਫ਼ੈਡਰੇਸ਼ਨ ਦੇ ਫ਼ਰੀਦਕੋਟ ਯੂਨਿਟ ਦਾ ਜਨਰਲ ਸਕੱਤਰ ਬਣਾ ਦਿੱਤਾ।

ਆਪ ਨੇ ਸੰਨ 1984 ਵਿੱਚ ਬੀ.ਏ. ਗੁਰੂ ਨਾਨਕ ਕਾਲਜ, ਮੋਗਾ ਤੋਂ ਹੀ ਮੁਕੰਮਲ ਕੀਤੀ ਪਰ ਫ਼ੈਡਰੇਸ਼ਨ ਦੀਆਂ ਸਰਗਰਮੀਆਂ ਨਾਲ਼ ਜੁੜੇ ਰਹੇ। ਪੁਲੀਸ ਨੇ ਆਪ ਨੂੰ ਧਰਮਕੋਟ ਸੀ.ਆਰ.ਪੀ. ਚੌਂਕੀ 'ਤੇ ਬੰਬ ਸੁੱਟਣ ਅਤੇ ਜਲਾਲਾਬਾਦ ਰੇਲਵੇ ਸਟੇਸ਼ਨ ਸਾੜਨ ਦੇ ਕੇਸ ਵਿੱਚ ਨਾਮਜ਼ਦ ਕਰ ਲਿਆ। ਹੁਣ ਆਪ ਵਧੇਰੇ ਗੁਰਦੁਆਰਾ ਸਿੰਘ ਸਭਾ ਮੋਗਾ 'ਚ ਹੀ ਰਹਿਣ ਲੱਗੇ।

ਫਿਰ ਇੱਕ ਵਾਰ 1984 ਦੇ ਅਰੰਭਲੇ ਮਹੀਨਿਆਂ 'ਚ ਵੱਡੀ ਗਿਣਤੀ 'ਚ ਸੀ.ਆਰ.ਪੀ. ਨੇ ਮੋਗੇ ਦੇ ਕੁਝ ਗੁਰਦੁਆਰਿਆਂ ਦੇ ਦੁਆਲ਼ੇ ਘੇਰਾ ਘੱਤ ਲਿਆ ਤੇ ਨੇੜੇ-ਤੇੜੇ ਦੀਆਂ ਉੱਚੀਆਂ ਇਮਾਰਤਾਂ 'ਤੇ ਮੋਰਚਾਬੰਦੀ ਅਰੰਭ ਕਰ ਦਿੱਤੀ।

ਇਲਾਕੇ ਦੇ ਕੁਝ ਲੋਕਾਂ ਅਨੁਸਾਰ ਉਸ ਵੇਲੇ ਫ਼ੈਡਰੇਸ਼ਨ ਅੰਦਰ ਪ੍ਰਧਾਨਗੀ-ਸਕੱਤਰੀ ਦੀ ਝਾਕ ਰੱਖਣੀ ਜਜ਼ਬੇ ਵਾਲੇ ਵਰਕਰ ਪਸੰਦ ਨਹੀਂ ਸੀ ਕਰਦੇ, ਇਸ ਲਈ ਫ਼ਰੀਦਕੋਟ ਸਰਕਲ ਦੀ ਪ੍ਰਧਾਨਗੀ ਇੱਕ ਸ਼ਖ਼ਸ ਨੇ ਮੰਗ ਕੇ ਲਈ ਹੋਈ ਸੀ, ਪਰ ਉਹ ਅੰਦਰਖਾਤੇ ਸਰਕਾਰ ਨਾਲ਼ ਰਲ਼ ਚੁੱਕਾ ਸੀ। ਇਹੀ ਕਾਰਨ ਸੀ ਕਿ ਉਹ ਸੀ.ਆਰ.ਪੀ. ਦਾ ਘੇਰਾ ਪੈਣ ਤੋਂ ਥੋੜ੍ਹਾ ਕੁ ਸਮਾਂ ਪਹਿਲਾਂ ਹੀ ਬੜੇ ਨਾਟਕੀ ਢੰਗ ਨਾਲ ਬਾਹਰ ਨਿਕਲ਼ ਕੇ ਗ੍ਰਿਫ਼ਤਾਰ ਹੋ ਗਿਆ। ਹੁਣ ਫ਼ੈਡਰੇਸ਼ਨ ਵਰਕਰਾਂ ਦੀ ਕਮਾਨ ਭਾਈ ਕੁਲਵੰਤ ਸਿੰਘ ਦੇ ਹੱਥ ਸੀ। ਆਪ ਨੇ ਨੇੜੇ ਦੀ ਉੱਚੀ ਇਮਾਰਤ 'ਤੇ ਚੜ੍ਹ ਕੇ ਮੋਰਚੇ ਬਣਾ ਰਹੇ ਸੀ.ਆਰ.ਪੀ. ਜਵਾਨਾਂ ਨੂੰ ਨਿਸ਼ਾਨਾ ਬਣਾ ਕੇ ਇੱਕ ਗਰਨੇਡ ਸੁੱਟਿਆ। ਜਵਾਬ ਵਿੱਚ ਸੀ.ਆਰ.ਪੀ. ਵਾਲ਼ਿਆਂ ਨੇ ਵੀ ਗੋਲ਼ੀ ਚਲਾਈ, ਜੋ ਕਿ ਆਪ ਦੇ ਮੋਢੇ 'ਚੋਂ ਆਰ-ਪਾਰ ਹੋ ਗਈ।

ਸੀ.ਆਰ.ਪੀ. ਦੀ ਚਲਾਈ ਅੰਨ੍ਹੇਵਾਹ ਗੋਲ਼ੀ ਨਾਲ ਸੰਗਤ 'ਚੋਂ ਵੀ ਕਈ ਸ਼ਰਧਾਲੂ ਜ਼ਖ਼ਮੀ ਹੋ ਗਏ, ਪਰ ਆਪ ਹੋਰ ਜ਼ਖ਼ਮੀਆਂ ਦੇ ਨਾਲ ਗੁਰਦੁਆਰਾ ਸਿੰਘ ਸਭਾ 'ਚੋਂ ਬਾਹਰ ਨਾ ਨਿਕਲ਼ੇ। ਸਿੰਘਾਂ ਨੇ ਵੀ ਆਪ ਨੂੰ ਬਾਹਰ ਨਿਕਲ਼ ਜਾਣ ਲਈ ਕਿਹਾ, ਪਰ ਆਪ ਨੇ ਇੱਕ ਆਗੂ ਵਾਲ਼ਾ ਫ਼ਰਜ਼ ਦ੍ਰਿੜ੍ਹਤਾ ਨਾਲ਼ ਨਿਭਾਇਆ। ਆਪ ਆਪਣੇ ਜ਼ਖ਼ਮ ਉੱਪਰ ਠੰਢਾ ਪਾਣੀ ਪਾ ਕੇ ਸਮਾਂ ਲੰਘਾਉਂਦੇ ਰਹੇ ਤੇ ਪੂਰੀ ਚੜ੍ਹਦੀ ਕਲਾ ਨਾਲ ਸੀ.ਆਰ.ਪੀ. ਦਾ ਮੁਕਾਬਲਾ ਕਰਨ ਲਈ ਸਿੰਘਾਂ ਨੂੰ ਦਿਸ਼ਾ ਨਿਰਦੇਸ਼ ਦਿੰਦੇ ਰਹੇ।

ਸੀ.ਆਰ.ਪੀ. ਨੇ ਮੋਗੇ ਦੇ ਗੁਰਦੁਆਰਿਆਂ ਦਾ ਪੱਕਾ ਘੇਰਾ ਘੱਤ ਕੇ ਅੰਦਰ ਰਾਸ਼ਨ ਜਾਣਾ ਬੰਦ ਕਰ ਦਿੱਤਾ ਤਾਂ ਸਿੱਖ ਬੀਬੀਆਂ ਨਾਲ਼ ਲੱਗਦੇ ਮਕਾਨਾਂ ਦੀਆਂ ਛੱਤਾਂ ਰਾਹੀਂ ਇੱਕ ਘਰ ਤੋਂ ਦੂਜੇ, ਦੂਜੇ ਤੋਂ ਤੀਜੇ ਵਾਲ਼ੀ ਰਣਨੀਤੀ ਵਰਤ ਕੇ ਪ੍ਰਸ਼ਾਦਿਆਂ ਦੇ ਟੋਕਰੇ ਗੁਰਦੁਆਰਾ ਸਾਹਿਬ ਵਿੱਚ ਪਹੁੰਚਾ ਦਿੰਦੀਆਂ। ਇਹੀ ਕਾਰਨ ਸੀ ਕਿ ਸੀ.ਆਰ.ਪੀ. ਦਾ ਘੇਰਾ ਉਹਨਾਂ ਦੀਆਂ ਇੱਛਾਵਾਂ ਅਨੁਸਾਰ ਨਤੀਜੇ ਨਾ ਕੱਢ ਸਕਿਆ।

ਅਖੀਰ ਅੰਮ੍ਰਿਤਸਰ ਸਾਹਿਬ ਤੋਂ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲ਼ਿਆਂ ਨੇ ਪ੍ਰੈੱਸ ਰਾਹੀਂ ਧਮਕੀ ਦਿੱਤੀ ਕਿ ਜੇਕਰ ਮੋਗੇ ਦੇ ਗੁਰਦੁਆਰਿਆਂ ਦੁਆਲਿਓਂ ਘੇਰਾ ਨਾ ਚੁੱਕਿਆ ਗਿਆ ਤਾਂ ਪੰਜਾਬ ਭਰ 'ਚ ਇਸ ਦਾ ਪ੍ਰਤੀਕਰਮ ਹੋਵੇਗਾ। ਘਬਰਾ ਕੇ ਸਰਕਾਰ ਨੇ ਘੇਰਾ ਹਟਾ ਲਿਆ ਅਤੇ ਭਾਈ ਕੁਲਵੰਤ ਸਿੰਘ ਦੀ ਅਗਵਾਈ 'ਚ ਫ਼ੈਡਰੇਸ਼ਨ ਦੇ ਸਾਰੇ ਸਿੰਘ ਬਾਹਰ ਨਿਕਲ਼ੇ।

ਹੁਣ ਹਾਲਾਤਾਂ ਦੇ ਮੱਦੇਨਜ਼ਰ ਆਪ ਨੇ ਸਰਕਾਰੀ ਨੀਤੀ ਭਾਂਪ ਕੇ ਮੋਗੇ ਰਹਿਣ ਦੀ ਬਜਾਏ ਸੰਤਾਂ ਕੋਲ ਅੰਮ੍ਰਿਤਸਰ ਜਾਣ ਦਾ ਫ਼ੈਸਲਾ ਕਰ ਲਿਆ। ਭਾਈ ਕੁਲਵੰਤ ਸਿੰਘ ਦੇ ਨਾਲ ਸੰਤਾਂ ਕੋਲ ਅੰਮ੍ਰਿਤਸਰ ਜਾਣ ਵਾਲੇ ਹੋਰ ਸਿੰਘ ਸਨ- ਭਾਈ ਗੁਰਤੇਜ ਸਿੰਘ ਚੋਟੀਆਂ ਖੁਰਦ, ਭਾਈ ਨਿਰਮਲ ਸਿੰਘ ਖੁਖਰਾਣਾ, ਭਾਈ ਨਾਇਬ ਸਿੰਘ ਮਹੇਸ਼ਰੀ, ਭਾਈ ਮੇਜਰ ਸਿੰਘ ਮਹੇਸ਼ਰੀ (ਦੋਵੇਂ ਸਕੇ ਭਰਾ), ਭਾਈ ਚਮਕੌਰ ਸਿੰਘ ਚੰਦ ਪੁਰਾਣਾ, ਭਾਈ ਜੁਗਰਾਜ ਸਿੰਘ ਚੁਗਾਵਾਂ, ਭਾਈ ਗੁਰਬਖ਼ਸ਼ ਸਿੰਘ ਲੰਡੇਆਣਾ ਤੇ ਭਾਈ ਮਨਪੀਰ ਸਿੰਘ ਧੀਰਾ।

ਅੱਠ ਕੁ ਦਿਨ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਰਹਿਣ ਤੋਂ ਬਾਅਦ ਭਾਈ ਕੁਲਵੰਤ ਸਿੰਘ ਫਿਰ ਕਿਸੇ ਜ਼ਰੂਰੀ ਕੰਮ ਮੋਗੇ ਆਏ ਤੇ ਕੰਮ ਨਿਬੇੜ ਕੇ ਪਰਿਵਾਰ ਨੂੰ ਆਖਰੀ ਵਾਰ ਮਿਲ ਕੇ ਵਾਪਸ ਪਰਤ ਗਏ। ਹੈਰਾਨੀ ਸੀ ਕਿ ਆਪ ਨੇ ਆਪਣੇ ਜ਼ਖ਼ਮ ਦਾ ਇਲਾਜ ਨਹੀਂ ਸੀ ਕਰਵਾਇਆ ਤੇ ਜ਼ਖ਼ਮ ਵੈਸੇ ਹੀ ਠੀਕ ਹੋ ਗਿਆ ਸੀ।

ਜਦੋਂ ਭਾਰਤੀ ਫ਼ੌਜ ਨੇ ਸ੍ਰੀ ਦਰਬਾਰ ਸਾਹਿਬ 'ਤੇ ਹਮਲਾ ਕੀਤਾ ਤਾਂ ਉਹਨਾਂ ਦੇ ਨਾਪਾਕ ਪੈਰ ਤੋੜਨ ਲਈ ਸਿੰਘਾਂ ਨੇ ਮੋਰਚਿਆਂ 'ਚੋਂ ਉਹਨਾਂ ਦੇ ਚੰਗੇ ਆਹੂ ਲਾਹੇ। ਭਾਈ ਕੁਲਵੰਤ ਸਿੰਘ ਦਾ ਮੋਰਚਾ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਨੇੜੇ ਹੀ ਸੀ। ਉਸ ਮੋਰਚੇ 'ਤੇ ਆਪ ਨੇ ਦੁਸ਼ਮਣ ਨਾਲ ਅਖੀਰੀ ਸਾਹ ਤਕ ਡਟਵੀਂ ਲੜਾਈ ਲੜੀ ਤੇ ਕਈ ਗੁਣਾ ਫ਼ੌਜ ਨੂੰ ਮਾਰ ਕੇ ਸ਼ਹਾਦਤ ਦਾ ਜਾਮ ਪੀ ਗਏ।

ਆਪ ਦੀ ਸ਼ਹਾਦਤ ਤੋਂ ਬਾਅਦ ਵੀ ਪੁਲੀਸ ਆਪ ਦੇ ਰੂਪੋਸ਼ ਹੋਣ ਦੇ ਭੈਅ ਵਿੱਚ ਆਪ ਦੇ ਪਰਿਵਾਰ 'ਤੇ ਲੰਮਾ ਸਮਾਂ ਤਸ਼ੱਦਦ ਕਰਦੀ ਰਹੀ।

* * * * *

ਮੱਥੇ ਕਦੇ ਨਾ ਘਿੜਕਦਾ ਸਾਡੇ ਦੌਰੇ ।
ਮੌਤ ਵੇਖ ਨਾ ਭੱਜਦੇ, ਸ਼ੇਰਾਂ ਦੇ ਬੱਚੇ ।
ਗੀਤ ਕਦੇ ਨਾ ਛੋੜਦੇ, ਬਾਗਾਂ ਦੇ ਮੋਰ ।
ਕਾਲਾ ਹੁਨਾਲੇ ਸੂਰਿਆ, ਲਏ ਵੀ ਕਰ ਮਾੜੇ ।
ਪਰ ਗੁਰੂ ਦਾ ਖਾਲਸਾ, ਖੰਡੇ ਤੇ ਨੱਚੇ ।

ਹਰਿਮੰਦਰ ਸਾਹਿਬ ਤੇ ਹਿੰਦੁਸਤਾਨੀ ਹਮਲੇ ਨੂੰ ਠੱਲ੍ਹਣ ਵਾਲ਼ੇ ਸੂਰਮਿਆਂ 'ਚੋਂ ਇੱਕ

ਸ਼ਹੀਦ ਭਾਈ ਭੁਪਿੰਦਰ ਸਿੰਘ ਬਿੱਟੂ

ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲ਼ਿਆਂ ਦੀ ਮਿਕਨਾਤੀਸੀ ਅਤੇ ਖਿੱਚ ਭਰਪੂਰ ਸ਼ਖ਼ਸੀਅਤ ਨੇ ਜਿਨ੍ਹਾਂ ਸਿੱਖ ਗੱਭਰੂਆਂ ਨੂੰ ਨੀਂਦ 'ਚੋਂ ਜਗਾ ਕੇ ਆਪਣੇ ਸਿੱਖ ਅਜ਼ਾਦੀ ਦੇ ਮਿਸ਼ਨ ਵੱਲ ਖਿੱਚਿਆ, ਉਹਨਾਂ ਵਿੱਚ ਅੰਮ੍ਰਿਤਸਰ ਦੀ ਅਜਨਾਲ਼ਾ ਤਹਿਸੀਲ ਦੇ ਪਿੰਡ ਚਮਿਆਰੀ ਦਾ ਗੱਭਰੂ ਭੁਪਿੰਦਰ ਸਿੰਘ ਬਿੱਟੂ ਵੀ ਸੀ, ਜੋ ਕਿ 16 ਸਾਲ ਦੀ ਉਮਰ ਵਿੱਚ ਦਰਬਾਰ ਸਾਹਿਬ ਦੀ ਰਾਖੀ ਲਈ ਹਮਲਾਵਰ ਭਾਰਤੀ ਫ਼ੌਜ ਨਾਲ਼ ਜੂਝਦਾ 6 ਜੂਨ 1984 ਨੂੰ ਸ਼ਹੀਦੀ ਦਾ ਜਾਮ ਪੀ ਗਿਆ।

ਭਾਈ ਭੁਪਿੰਦਰ ਸਿੰਘ ਬਿੱਟੂ ਦਾ ਜਨਮ ਸੰਨ 1969 ਦੇ ਵਿੱਚ ਪਿਤਾ ਸ. ਗੁਰਜੀਤ ਸਿੰਘ ਦੇ ਗ੍ਰਹਿ ਵਿਖੇ ਮਾਤਾ ਗੁਰਨਾਮ ਕੌਰ ਦੀ ਕੁੱਖੋਂ, ਪਿੰਡ ਚਮਿਆਰੀ ਵਿਖੇ ਹੋਇਆ। ਤਿੰਨ ਭੈਣਾਂ ਤੇ ਤਿੰਨ ਭਰਾਵਾਂ (ਕੁੱਲ ਛੇ ਭੈਣ-ਭਰਾਵਾਂ) 'ਚੋਂ ਆਪ ਤੀਜੇ ਨੰਬਰ 'ਤੇ ਸਨ ਤੇ ਤਿੱਖੀ ਸੂਝ-ਬੂਝ ਦੇ ਮਾਲਕ ਸਨ।

ਚਮਿਆਰੀ ਪਿੰਡ ਵਿੱਚ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲ਼ਿਆਂ ਦੀ ਨੇਤਰਤਾ ਪ੍ਰਾਪਤ ਇੱਕ ਨੌਜਵਾਨ ਭਾਈ ਗੁਰਿੰਦਰ ਸਿੰਘ ਭੋਲਾ (ਤਰਨ ਤਾਰਨ) ਦੀ ਮਾਸੀ ਰਹਿੰਦੀ ਸੀ ਤੇ ਭਾਈ ਭੋਲਾ ਵਧੇਰੇ ਕਰ ਕੇ ਇੱਥੇ ਹੀ ਰਹਿੰਦਾ ਰਿਹਾ ਸੀ। ਭਾਈ ਗੁਰਿੰਦਰ ਸਿੰਘ ਭੋਲਾ ਦੇ ਨਾਲ਼ ਆਪ ਦਾ 14-15 ਸਾਲ ਦੀ ਉਮਰ ਵਿੱਚ ਹੀ ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲ਼ਿਆਂ ਦੇ ਕੋਲ ਆਉਣਾ-ਜਾਣਾ ਅਰੰਭ ਹੋ ਗਿਆ ਤੇ ਆਪ ਸਕੂਲ ਪੱਧਰ 'ਤੇ ਹੀ ਸਿੱਖ ਸਟੂਡੈਂਟਸ ਫ਼ੈਡਰੇਸ਼ਨ ਦੀਆਂ ਸਰਗਰਮੀਆਂ ਵਿੱਚ ਹਿੱਸਾ ਲੈਣ ਲੱਗ ਪਏ। ਆਪ ਅਤੇ ਆਪ ਦਾ ਪਿੰਡ ਵਿਚਲਾ ਦੋਸਤ ਬਲਵਿੰਦਰ ਸਿੰਘ ਬਿੱਲਾ ਦੋਵੇਂ ਹੀ ਸਿੱਖ ਜੱਦੋਜਹਿਦ ਵਿੱਚ ਸਰਗਰਮ ਰੋਲ ਨਿਭਾਉਣ ਲੱਗ ਪਏ ਸਨ।

ਭਾਈ ਭੁਪਿੰਦਰ ਸਿੰਘ ਨੂੰ ਬਚਪਨ ਤੋਂ ਹੀ ਖਿਡੌਣੇ ਵੀ ਹਥਿਆਰਾਂ ਵਾਲ਼ੇ ਹੀ ਪਸੰਦ ਸਨ। ਇਸ ਤੋਂ ਇਲਾਵਾ ਸਰੀਰਿਕ ਤਾਕਤ ਵਾਲ਼ੀਆਂ ਖੇਡਾਂ ਖੇਡਣਾ ਉਹਨਾਂ ਦਾ ਸ਼ੌਕ ਸੀ। ਨਿੱਕੀ ਉਮਰ ਵਿੱਚ ਹੀ ਉਹ ਕਬੱਡੀ ਦੇ ਧੜੱਲੇਦਾਰ ਖਿਡਾਰੀ ਵਜੋਂ ਉੱਭਰ ਕੇ ਸਾਮ੍ਹਣੇ ਆਏ। ਸਰੀਰਿਕ ਤਾਕਤ ਏਨੀ ਸੀ ਕਿ ਆਮ ਦੋ ਬੰਦੇ ਜਿਸ ਟਰਾਲੀ ਨੂੰ ਮੁਸ਼ਕਲ ਨਾਲ਼ ਚੁੱਕ ਕੇ ਸਟੈਂਡ 'ਤੇ

ਲਾਉਂਦੇ ਸਨ, ਉਸ ਨੂੰ ਆਪ ਇਕੱਲੇ ਹੀ ਫੜ ਕੇ ਉਤਾਂਹ ਨੂੰ ਬੁੜ੍ਹਕਾ ਦਿੰਦੇ ਤੇ ਫਿਰ ਸਟੈਂਡ 'ਤੇ ਲਾ ਦਿੰਦੇ।

ਆਪ ਬਚਪਨ ਤੋਂ ਹੀ ਧੁਨ ਦੇ ਪੱਕੇ ਸਨ। ਇੱਕ ਵਾਰ ਜੋ ਕੰਮ ਕਰਨ ਦੀ ਠਾਣ ਲੈਂਦੇ, ਉਸ ਨੂੰ ਕਰ ਕੇ ਹੀ ਹਟਦੇ। ਕੋਈ ਵੀ ਆਪ ਦੇ ਦ੍ਰਿੜ੍ਹ ਇਰਾਦੇ ਨੂੰ ਬਦਲ ਨਾ ਸਕਦਾ। ਇਹੀ ਕਾਰਨ ਸੀ ਕਿ ਆਪ ਜਦੋਂ ਸਿੱਖ ਸਟੂਡੈਂਟਸ ਫ਼ੈਡਰੇਸ਼ਨ ਦੇ ਨਾਲ਼ ਸਿੱਖ ਹੱਕਾਂ ਦੀ ਜੱਦੋਜਹਿਦ 'ਚ ਸਰਗਰਮ ਹੋਏ ਤਾਂ ਕੋਈ ਵੀ ਆਪ ਨੂੰ ਉਸ ਰਾਹ ਤੋਂ ਮੋੜ ਨਾ ਸਕਿਆ। ਪੁਲੀਸ ਆਪ ਦੇ ਘਰ ਛਾਪੇ ਮਾਰਨ ਲੱਗੀ, ਪਰ ਆਪ ਹਰੇਕ ਵਾਰ ਹੀ ਕੋਠਿਆਂ ਉੱਤੋਂ ਦੀ ਚੁੰਗੀਆਂ ਭਰਦੇ ਤੇ ਛਾਲ਼ਾਂ ਮਾਰਦੇ ਹਰਨ ਹੋ ਜਾਂਦੇ। ਪੁਲੀਸ ਨੂੰ ਖ਼ਾਲੀ ਹੱਥ ਹੀ ਵਾਪਸ ਮੁੜਨਾ ਪੈਂਦਾ।

ਮਈ 1984 'ਚ ਪੰਥਕ ਸੰਘਰਸ਼ 'ਚ ਪੈਸੇ ਦੀ ਲੋੜ ਕਾਰਨ ਆਪ ਨੇ ਅਜਨਾਲ਼ੇ 'ਚ ਇੱਕ ਬੈਂਕ ਲੁੱਟ ਲਈ। ਓਥੇ ਆਪ ਦੀ ਸ਼ਨਾਖਤ ਹੋ ਗਈ, ਓਦੋਂ ਅਜਨਾਲ਼ੇ ਵਿੱਚ ਕਾਂਗਰਸੀ ਨੇਤਾ ਹਰਚਰਨ ਸਿੰਘ ਅਜਨਾਲ਼ਾ ਆਇਆ ਹੋਇਆ ਸੀ ਤੇ ਪੁਲੀਸ ਦਾ ਇੰਤਜ਼ਾਮ ਬਹੁਤ ਸਖ਼ਤ ਸੀ, ਪਰ ਇਸ ਦੇ ਬਾਵਜੂਦ ਆਪ ਖੇਤਾਂ ਦੇ ਇੱਕ ਕਾਮੇ ਦਾ ਭੇਸ ਬਣਾ ਕੇ ਖੇਤਾਂ 'ਚ ਕੰਮ ਕਰਦੇ ਹੋਏ ਹੀ ਹੌਲ਼ੀ-ਹੌਲ਼ੀ ਖੇਤੋ-ਖੇਤੀ ਹੁੰਦੇ ਅਜਨਾਲ਼ੇ 'ਚੋਂ ਲੰਘ ਗਏ ਤੇ ਸ੍ਰੀ ਅੰਮ੍ਰਿਤਸਰ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲ਼ਿਆਂ ਕੋਲ਼ ਜਾ ਪਹੁੰਚੇ।

ਓਧਰੋਂ ਪੁਲੀਸ ਨੇ ਆਪ ਦੇ ਘਰ ਛਾਪਾ ਮਾਰਿਆ। ਆਪ ਦੇ ਪਿਤਾ ਸ. ਗੁਰਜੀਤ ਸਿੰਘ ਅਤੇ ਦਾਦਾ ਸ. ਗੁਰਬਚਨ ਸਿੰਘ ਖੇਤਾਂ ਵਿੱਚ ਥਰੈਸ਼ਰ ਨਾਲ਼ ਕਣਕ ਗਾਹ ਰਹੇ ਸਨ ਕਿ ਪੁਲੀਸ ਆਣ ਪਹੁੰਚੀ। ਪੁਲੀਸ ਨੇ ਆਪ ਦੇ ਦਾਦਾ ਜੀ ਸ. ਗੁਰਬਚਨ ਸਿੰਘ ਨੂੰ ਫੜ ਲਿਆ ਤੇ ਆਪ ਦਾ ਟਰੈਕਟਰ ਵੀ ਅੱਗੇ ਲਾ ਲਿਆ। ਪੁਲੀਸ ਵਾਲ਼ੇ ਆਪ ਦੇ ਪਿਤਾ ਸ. ਗੁਰਜੀਤ ਸਿੰਘ ਨੂੰ ਇਹ ਕਹਿ ਕੇ ਛੱਡ ਗਏ ਕਿ ਉਹ ਆਪਣੇ ਘਰ ਵਿਚਲੀ ਲਾਇਸੰਸੀ ਬਾਰਾਂ ਬੋਰ ਦੀ ਬੰਦੂਕ (ਜੋ ਕਿ ਸ. ਗੁਰਬਚਨ ਸਿੰਘ ਦੇ ਨਾਂ ਸੀ) ਲੈ ਕੇ ਥਾਣੇ ਪਹੁੰਚ ਜਾਵੇ।

ਪ੍ਰੇਸ਼ਾਨੀ ਵਿੱਚ ਸ. ਗੁਰਜੀਤ ਸਿੰਘ ਪਹਿਲਾਂ ਕਾਂਗਰਸੀ ਨੇਤਾ ਹਰਚਰਨ ਸਿੰਘ ਅਜਨਾਲ਼ਾ ਨੂੰ ਮਿਲੇ, ਪਰ ਉਸ ਨੇ ਕਿਸੇ ਵੀ ਕਿਸਮ ਦੀ ਮਦਦ ਕਰਨ ਤੋਂ ਕੋਰੀ ਨਾਂਹ ਕਰ ਦਿੱਤੀ। ਇਸ ਪਿੱਛੋਂ ਸ. ਗੁਰਜੀਤ ਸਿੰਘ ਅੰਮ੍ਰਿਤਸਰ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲ਼ਿਆਂ ਕੋਲ਼ ਜਾ ਪਹੁੰਚੇ। ਸੰਤ ਜਰਨੈਲ ਸਿੰਘ ਜੀ ਨੇ ਸ. ਗੁਰਜੀਤ ਸਿੰਘ ਤੋਂ ਸਾਰੀ ਗੱਲ ਸੁਣ ਕੇ ਅਜਨਾਲ਼ੇ ਥਾਣੇ ਵਿੱਚ ਫ਼ੋਨ ਕੀਤਾ। ਉਹਨਾਂ ਫ਼ੋਨ 'ਤੇ ਥਾਣੇਦਾਰ ਨੂੰ ਕਿਹਾ:

"ਇਹਨਾਂ (ਸ. ਗੁਰਜੀਤ ਸਿੰਘ) ਦੀ ਬੰਦੂਕ ਮੇਰੇ ਕੋਲ਼ ਆ, ਮੈਨੂੰ ਚਾਹੀਦੀ ਸੀ ਮੈਂ ਮੰਗਵਾ ਲਈ, ਬਾਕੀ ਰਹੀ ਗੱਲ ਇਹਨਾਂ ਦੀ ਆਪਣੀ, ਇਹਨਾਂ ਨੂੰ ਮੈਂ ਭੇਜ ਰਿਹੈਂ, ਜੇ ਫੜਨੈਂ ਤਾਂ ਫੜ ਲਓ....।"

ਏਨਾ ਕਹਿ ਕੇ ਸੰਤਾਂ ਨੇ ਫ਼ੋਨ ਕੱਟ ਦਿੱਤਾ। ਫਿਰ ਸੰਤਾਂ ਨੇ ਸ. ਗੁਰਜੀਤ ਸਿੰਘ ਨੂੰ ਕਿਹਾ:

"ਤੁਸੀਂ ਜਾ ਕੇ ਅਜਨਾਲ਼ੇ ਥਾਣੇ 'ਚ ਜਾ ਖਲੋਵੋ, ਜੇ ਫੜ ਵੀ ਲੈਣਗੇ ਤਾਂ ਪਰਵਾਹ ਨ੍ਹੀਂ ਕਰਨੀ, ਅਸੀਂ ਆਪ ਹੀ ਵੇਖ ਲਾਂਗੇ ਕੀ ਕਰਨੈਂ....।"

ਹੁਣ ਸ. ਗੁਰਜੀਤ ਸਿੰਘ ਨਿਸ਼ਚਿੰਤ ਹੋ ਕੇ ਅਜਨਾਲੇ ਥਾਣੇ ਜਾ ਪਹੁੰਚੇ ਤੇ ਆਪਣੇ ਆਉਣ ਦੀ ਸੂਚਨਾ ਦਿੱਤੀ। ਘਬਰਾਏ ਹੋਏ ਪੁਲੀਸ ਵਾਲੇ ਆਪੋ ਵਿੱਚ ਸਲਾਹਾਂ ਕਰਨ ਲੱਗੇ ਕਿ ਕੀ ਕਰੀਏ। ਸ਼ਾਮ ਛੇਤੀ ਹੀ ਹੋ ਗਈ ਤੇ ਪੁਲੀਸ ਵਾਲਿਆਂ ਨੇ ਸ. ਗੁਰਜੀਤ ਸਿੰਘ ਨੂੰ ਪੁੱਛਿਆ:

"ਤੁਹਾਡੇ ਕੋਲ ਪਿੰਡ ਜਾਣ ਲਈ ਕੋਈ ਸਾਧਨ ਹੈ?"

ਸ. ਗੁਰਜੀਤ ਸਿੰਘ ਨੇ 'ਨਾਂਹ' ਵਿੱਚ ਸਿਰ ਫੇਰ ਦਿੱਤਾ। ਫਿਰ ਪੁਲੀਸ ਵਾਲੇ ਆਪਣੀ ਜੀਪ ਵਿੱਚ ਸ. ਗੁਰਜੀਤ ਸਿੰਘ ਅਤੇ ਸ. ਗੁਰਬਚਨ ਸਿੰਘ ਨੂੰ ਉਹਨਾਂ ਦੇ ਘਰ ਛੱਡ ਗਏ।

ਵੀਹਵੀਂ ਸਦੀ ਦੇ ਮਹਾਨ ਸਿੱਖ ਜਰਨੈਲ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਦੇ ਵਧ ਰਹੇ ਦਬਦਬੇ ਦੇ ਨਾਲ ਦਿੱਲੀ ਦੇ ਤਖ਼ਤ ਦਾ ਵੀ ਕਾਲਜਾ ਧੜਕ ਰਿਹਾ ਸੀ ਤੇ ਉਹ ਸੰਤ ਜਰਨੈਲ ਸਿੰਘ ਅਤੇ ਉਹਨਾਂ ਵੱਲੋਂ ਪੈਦਾ ਕੀਤੀ ਖ਼ਾਲਸਾ ਲਹਿਰ ਨੂੰ ਖ਼ਤਮ ਕਰਨ ਲਈ ਦਰਬਾਰ ਸਾਹਿਬ 'ਤੇ ਹਮਲਾ ਕਰਨ ਲਈ ਕੀਤੀਆਂ ਜਾ ਰਹੀਆਂ ਤਿਆਰੀਆਂ ਨੂੰ ਅੰਤਮ ਛੋਹਾਂ ਦੇ ਰਹੀ ਸੀ। 1 ਜੂਨ 1984 ਨੂੰ ਦਰਬਾਰ ਸਾਹਿਬ ਦੀ ਘੇਰਾਬੰਦੀ ਕਰੀ ਬੈਠੀ ਸੀ.ਆਰ.ਪੀ. ਨੇ ਅਚਾਨਕ ਹੀ ਚਾਰ-ਚੁਫੇਰਿਓਂ ਫ਼ਾਇਰਿੰਗ ਅਰੰਭ ਕਰ ਦਿੱਤੀ।

ਕਈ ਘੰਟੇ ਗੋਲੀ ਚੱਲਦੀ ਰਹੀ, ਜਿਸ ਕਾਰਨ ਸੰਗਤ 'ਚੋਂ ਕਈ ਗੁਰਸਿੱਖ ਸ਼ਹੀਦ ਹੋ ਗਏ। ਕੁੱਲ 12-13 ਸ਼ਹੀਦੀਆਂ ਹੋਈਆਂ। ਸ਼ਹੀਦ ਹੋਣ ਵਾਲਿਆਂ ਵਿੱਚ ਜੁਝਾਰੂ ਸਿੰਘ, ਭਾਈ ਮਹਿੰਗਾ ਸਿੰਘ ਬੱਬਰ ਅਤੇ ਭਾਈ ਭੁਪਿੰਦਰ ਸਿੰਘ ਬਿੱਟੂ ਦਾ ਦੋਸਤ ਬਲਵਿੰਦਰ ਸਿੰਘ ਬਿੱਲਾ ਵੀ ਸਨ।

ਇਸ ਪਿੱਛੋਂ ਸੀ.ਆਰ.ਪੀ. ਦੀ ਗੋਲੀਬਾਰੀ ਰੁਕ ਗਈ, ਪਰ ਹੁਣ ਹੋਣ ਜਾ ਰਹੇ ਫ਼ੌਜੀ ਹਮਲੇ ਦੀ ਤਿਆਰੀ ਹੀ ਹੋ ਰਹੀ ਸੀ। ਫ਼ੌਜ ਦੇ ਹਮਲੇ ਦੇ ਟਾਕਰੇ ਲਈ ਸੰਤ ਜਰਨੈਲ ਸਿੰਘ ਖ਼ਾਲਸਾ ਦੀ ਸਰਪ੍ਰਸਤੀ 'ਚ ਜਨਰਲ ਸੁਬੇਗ ਸਿੰਘ ਹੋਰੀਂ ਦਿਨ-ਰਾਤ ਮੋਰਚਾਬੰਦੀ ਵਿੱਚ ਰੁੱਝ ਗਏ ਸਨ ਅਤੇ ਦਿੱਲੀ ਦੇ ਤਖ਼ਤ ਨਾਲ ਫ਼ੈਸਲਾਕੁੰਨ ਜੰਗ ਲਈ ਸਿਰਾਂ 'ਤੇ ਖੱਫਣ ਬੰਨ੍ਹ ਕੇ ਤਿਆਰ-ਬਰ-ਤਿਆਰ ਹੋ ਗਏ ਸਨ।

ਫ਼ੌਜ ਦਾ ਹਮਲਾ 4 ਜੂਨ ਨੂੰ ਅੰਮ੍ਰਿਤ ਵੇਲੇ ਹੋਇਆ। ਸਿੱਖ ਕੌਮ ਅਤੇ ਹਿੰਦੁਸਤਾਨੀ ਸਟੇਟ ਵਿੱਚ ਜੰਗ ਅਰੰਭ ਹੋ ਗਈ। ਹਿੰਦੁਸਤਾਨੀ ਫ਼ੌਜਾਂ ਨੂੰ ਆਪਣੀ ਵੱਡੀ ਗਿਣਤੀ ਅਤੇ ਆਧੁਨਿਕ ਹਥਿਆਰਾਂ 'ਤੇ ਮਾਣ ਸੀ ਤਾਂ ਦੂਜੇ ਪਾਸੇ ਸਿੰਘਾਂ ਨੂੰ ਆਪਣੇ ਹਰ ਮੈਦਾਨ ਫ਼ਤਹਿ ਵਾਲੀਆਂ ਜੰਗੀ ਰਵਾਇਤਾਂ, ਦ੍ਰਿੜ੍ਹ ਨਿਸ਼ਚੇ ਅਤੇ ਦਸਮੇਸ਼ ਪਿਤਾ ਦੇ ਧਰਮ ਯੁੱਧ ਲੜਨ ਲਈ ਦਿੱਤੇ ਥਾਪੜੇ ਦਾ ਸਿਦਕ ਤੇ ਭਰੋਸਾ ਸੀ। ਇਹੀ ਕਾਰਨ ਸੀ ਕਿ ਦੋ ਕੁ ਸੌ ਸਿੰਘਾਂ ਨੇ ਭੁੱਖੇ-ਤਿਹਾਏ ਰਹਿ ਕੇ ਸੀਮਿਤ ਹਥਿਆਰਾਂ ਦੇ ਨਾਲ ਹੀ ਦੁਨੀਆਂ ਦੀ ਇੱਕ ਵੱਡੀ ਤੇ ਤਾਕਤਵਰ ਅਖਵਾਉਣ ਵਾਲੀ ਫ਼ੌਜ ਨਾਲ ਅਜਿਹੀ ਡਟਵੀਂ ਟੱਕਰ ਲਈ ਕਿ ਦੁਨੀਆਂ ਭਰ ਦੇ ਕਈ ਫ਼ੌਜੀ ਜਰਨੈਲਾਂ ਨੇ ਵੀ ਮੂੰਹ 'ਚ ਉਂਗਲਾਂ ਪਾ ਲਈਆਂ।

ਇਸੇ ਹੀ ਗਹਿਗੱਚ ਲੜਾਈ ਵਿੱਚ 16 ਸਾਲ ਦਾ ਗੱਭਰੂ ਭਾਈ ਭੁਪਿੰਦਰ ਸਿੰਘ ਬਿੱਟੂ ਵੀ ਲੰਗਰ ਹਾਲ ਦੇ ਮੋਰਚੇ 'ਤੇ ਗੰਨ ਸੰਭਾਲੀ ਬੈਠਾ ਸੀ। ਇਹ ਸੂਰਮਾ ਵੀ ਹੋਰ ਸਿੰਘਾਂ ਦੇ ਵਾਂਗ

ਦਰਬਾਰ ਸਾਹਿਬ 'ਚ ਦਾਖ਼ਲ ਹੋਣ ਲਈ ਟੈਂਕਾਂ ਦੀ ਛਾਂ ਹੇਠ ਅਗਾਂਹ ਵਧਣ ਦਾ ਯਤਨ ਕਰ ਰਹੇ ਭਾਰਤੀ ਫ਼ੌਜੀਆਂ ਦੇ ਧੁਰ ਦੇ ਟਿਕਟ ਕੱਟ ਰਿਹਾ ਸੀ। ਉਸ ਦੇ ਨਾਲ ਮੋਰਚੇ ਵਿੱਚ ਉਸ ਦੇ ਪਿੰਡ ਦਾ ਸਿੰਘ ਨਿੰਦਰ ਸਿੰਘ ਅਤੇ ਭੇੜਾ ਪਿੰਡ ਦੇ ਬਲਦੇਵ ਸਿੰਘ ਸਨ। ਅਖੀਰ ਤਿੰਨ ਦਿਨ ਦਰਬਾਰ ਸਾਹਿਬ 'ਤੇ ਚੜ੍ਹ ਕੇ ਆਏ ਜਰਵਾਣਿਆਂ ਨਾਲ਼ ਗਹਿਗੱਚ ਲੜਾਈ ਲੜਨ ਤੋਂ ਬਾਅਦ, ਭਾਈ ਭੁਪਿੰਦਰ ਸਿੰਘ ਬਿੱਟੂ 6 ਜੂਨ 1984 ਨੂੰ ਛਾਤੀ ਵਿੱਚ ਗੋਲੀਆਂ ਖਾ ਕੇ ਸ਼ਹਾਦਤ ਦਾ ਜਾਮ ਪੀ ਗਏ। ਉਹਨਾਂ ਦੇ ਨਾਲ ਮੋਰਚੇ ਵਿਚਲੇ ਸਿੰਘ ਜ਼ਖ਼ਮੀ ਤੇ ਨਿਹੱਥੇ ਹੋਣ ਪਿੱਛੋਂ ਗ੍ਰਿਫ਼ਤਾਰ ਕਰ ਲਏ ਗਏ।

ਸੰਤ ਜਰਨੈਲ ਸਿੰਘ ਜੀ ਦੀ ਸ਼ਹਾਦਤ ਦੀ ਖ਼ਬਰ ਫੈਲਦਿਆਂ ਹੀ ਅਜਨਾਲ਼ਾ ਪੁਲੀਸ ਨੇ ਫਿਰ ਭਾਈ ਭੁਪਿੰਦਰ ਸਿੰਘ ਬਿੱਟੂ ਦੇ ਘਰ ਛਾਪਾ ਮਾਰਿਆ ਅਤੇ ਭਾਈ ਬਿੱਟੂ ਦੇ ਪਿਤਾ ਜੀ ਤੇ ਦਾਦਾ ਜੀ ਨੂੰ ਗ੍ਰਿਫ਼ਤਾਰ ਕਰ ਕੇ ਥਾਣੇ ਲੈ ਗਏ। ਸੰਕੇਤ ਸਪਸ਼ਟ ਸੀ ਕਿ ਹੁਣ ਪੁਲੀਸ ਅਫ਼ਸਰਾਂ ਨੂੰ ਵੀ ਤਸੱਲੀ ਹੋ ਗਈ ਹੈ ਕਿ ਸੰਤ ਜਰਨੈਲ ਸਿੰਘ ਤੋਂ ਬਿਨਾਂ ਹੁਣ ਸਿੱਖ ਕੌਮ ਨਿਆਸਰੀ ਹੋ ਗਈ ਹੈ। ਹੁਣ ਥਾਣੇ 'ਚ ਫ਼ੋਨ ਕਰ ਕੇ ਸਿੰਘਾਂ ਨੂੰ ਛੁਡਵਾਉਣ ਵਾਲ਼ਾ ਕੋਈ ਲੀਡਰ ਨਹੀਂ ਸੀ ਰਿਹਾ, ਇਉਂ ਪ੍ਰਭਾਵ ਪੈ ਗਿਆ ਸੀ ਕਿ ਸਿੱਖਾਂ ਦੇ ਸਿਰ ਤੋਂ ਸੁਰੱਖਿਆ ਦੀ ਛਾਂ ਅਤੇ ਜ਼ਾਲਮ ਪੁਲੀਸ ਅਫ਼ਸਰਾਂ ਅਤੇ ਸਿੱਖਾਂ ਦੇ ਦੋਖੀਆਂ ਦੇ ਸਿਰ ਤੋਂ ਖ਼ੌਫ਼ ਦਾ ਪਰਛਾਂਵਾਂ ਉੱਠ ਗਿਆ ਹੈ।

ਕਈ ਹਫ਼ਤੇ ਭਾਈ ਭੁਪਿੰਦਰ ਸਿੰਘ ਬਿੱਟੂ ਦਾ ਪਰਿਵਾਰ ਪੁਲੀਸ ਦੀ ਹਿਰਾਸਤ ਵਿੱਚ ਰਿਹਾ। ਅਖੀਰ ਰਿਸ਼ਤੇਦਾਰੀ ਵਿੱਚੋਂ ਕੁਝ ਅਫ਼ਸਰਾਂ ਨੇ ਦਖ਼ਲ ਦੇ ਕੇ ਸਰਕਾਰ ਵੱਲੋਂ ਤਿਆਰ ਕਰਵਾਈ ਇੱਕ ਐਲਬਮ, ਜਿਸ ਵਿੱਚ ਦਰਬਾਰ ਸਾਹਿਬ 'ਚ ਸ਼ਹੀਦ ਹੋਏ ਸਿੰਘਾਂ-ਸਿੰਘਣੀਆਂ ਦੀਆਂ ਮਿਰਤਕ ਦੇਹਾਂ ਦੀਆਂ ਤਸਵੀਰਾਂ ਸਨ, ਵਿੱਚੋਂ ਭਾਈ ਭੁਪਿੰਦਰ ਸਿੰਘ ਬਿੱਟੂ ਦੇ ਸਰੀਰ ਦੀ ਸ਼ਨਾਖ਼ਤ ਕਰਵਾ ਕੇ ਉਹਨਾਂ ਦੇ ਸ਼ਹੀਦ ਹੋ ਜਾਣ ਦਾ ਯਕੀਨ ਦਿਵਾਇਆ ਅਤੇ ਉਹਨਾਂ ਦੇ ਪਰਿਵਾਰ ਦੀ ਬੰਦ-ਖ਼ਲਾਸੀ ਕਰਵਾਈ।

ਭਾਈ ਭੁਪਿੰਦਰ ਸਿੰਘ ਬਿੱਟੂ ਦੇ ਨਾਲ ਇੱਕੋ ਹੀ ਮੋਰਚੇ 'ਚ ਭਾਰਤੀ ਫ਼ੌਜ ਨਾਲ਼ ਲੋਹਾ ਲੈਣ ਵਾਲ਼ੇ ਭਾਈ ਬਲਦੇਵ ਸਿੰਘ ਪਿੰਡ ਭੇੜਾ ਅਤੇ ਭਾਈ ਨਿੰਦਰ ਸਿੰਘ ਪਿੰਡ ਚਮਿਆਰੀ ਜਦੋਂ ਜੋਧਪੁਰ ਜੇਲ੍ਹ 'ਚ ਰਿਹਾਅ ਹੋ ਕੇ ਆਏ ਤੇ ਉਹਨਾਂ ਨੇ ਆਖ਼ਰੀ ਸਮੇਂ ਭਾਈ ਭੁਪਿੰਦਰ ਸਿੰਘ ਬਿੱਟੂ ਵੱਲੋਂ ਵਿਖਾਏ ਗਏ ਜੌਹਰਾਂ ਦੀਆਂ ਕਈ ਗੱਲਾਂ ਸੁਣਾਈਆਂ। ਭਾਈ ਭੁਪਿੰਦਰ ਸਿੰਘ ਬਿੱਟੂ ਦਾ ਸ਼ਹੀਦੀ ਦਿਨ ਪਰਿਵਾਰ ਵੱਲੋਂ ਹਰ ਸਾਲ 6 ਜੂਨ ਨੂੰ ਮਨਾਇਆ ਜਾਂਦਾ ਹੈ।

* * * * *

ਪਤੰਗਾ ਬਣ ਕੇ ਹਰਿਮੰਦਰ ਸਾਹਿਬ ਦੇ ਦਰ 'ਤੇ ਸ਼ਹੀਦ ਹੋਣ ਵਾਲ਼ਾ ਸੂਰਮਾ

ਸ਼ਹੀਦ ਭਾਈ ਬਲਵਿੰਦਰ ਸਿੰਘ ਬਿੱਲਾ

ਗੁਰਬਾਣੀ ਦੀ ਪਾਵਨ ਤੁਕ ਹੈ:

ਕਬੀਰ ਮੁਹਿ ਮਰਨੇ ਕਾ ਚਾਉ ਹੈ

ਮਰਉ ਤ ਹਰਿ ਕੈ ਦੁਆਰ॥

ਸਿੱਖ ਇਤਿਹਾਸ ਅਜਿਹੇ ਸ਼ਹੀਦਾਂ ਦੀਆਂ ਗਾਥਾਵਾਂ ਨਾਲ਼ ਭਰਿਆ ਪਿਆ ਹੈ, ਜਿਨ੍ਹਾਂ ਨੇ ਧਰਮ ਹੇਤ ਪਾਵਨ ਗੁਰਧਾਮਾਂ ਦੇ ਦਰ 'ਤੇ ਸ਼ਹਾਦਤ ਦੇ ਪਿਰਮ-ਪਿਆਲੇ ਪੀਤੇ। ੧੯ ਸਾਲ ਦੀ ਉਮਰ ਵਿੱਚ ਇਹ ਮਾਣ ਹਾਸਲ ਕਰਨ ਵਾਲ਼ਾ ਅੰਮ੍ਰਿਤਸਰ ਦੀ ਅਜਨਾਲ਼ਾ ਤਹਿਸੀਲ ਦੇ ਪਿੰਡ ਚਮਿਆਰੀ ਦਾ ਜੰਮ-ਪਲ ਭਾਈ ਬਲਵਿੰਦਰ ਸਿੰਘ ਬਿੱਲਾ, ਇਹਨਾਂ ਹੀ ਸ਼ਹੀਦਾਂ ਦੀ ਕਤਾਰ ਵਿੱਚ ਆਉਂਦਾ ਹੈ।

ਪੰਜ ਭੈਣਾਂ ਦੇ ਇੱਕੋ-ਇੱਕ ਵੀਰ ਭਾਈ ਬਲਵਿੰਦਰ ਸਿੰਘ ਬਿੱਲਾ ਮਾਤਾ ਗੁਰਮੀਤ ਕੌਰ ਅਤੇ ਸ. ਅਜਾਇਬ ਸਿੰਘ ਦੀਆਂ ਤਿੰਨ ਲੜਕੀਆਂ ਤੋਂ ਛੋਟੇ ਤੇ ਦੋ ਲੜਕੀਆਂ ਤੋਂ ਵੱਡੇ ਸਨ। ਆਪ ਦਾ ਜਨਮ ਸੰਨ 1969 ਸਾਲ 'ਚ ਹੋਇਆ। ਆਪ ਪਿੰਡ ਦੇ ਸਰਕਾਰੀ ਹਾਈ ਸਕੂਲ ਵਿੱਚ ਪੜ੍ਹਦੇ ਸਮੇਂ ਹੀ ਸਿੱਖ ਸਟੂਡੈਂਟਸ ਫ਼ੈਡਰੇਸ਼ਨ ਦੇ ਭਾਈ ਗੁਰਿੰਦਰ ਸਿੰਘ ਭੋਲਾ (ਤਰਨ ਤਾਰਨ), ਜਿਨ੍ਹਾਂ ਦੀ ਮਾਸੀ ਆਪ ਦੇ ਪਿੰਡ ਦੀ ਵਸਨੀਕ ਸੀ, ਦੇ ਸੰਪਰਕ ਵਿੱਚ ਆਏ ਤੇ ਸਿੱਖ ਸਟੂਡੈਂਟਸ ਫ਼ੈਡਰੇਸ਼ਨ ਦੀਆਂ ਸਰਗਰਮੀਆਂ ਨਾਲ਼ ਨਿੱਕੀ ਉਮਰੇ ਹੀ ਜੁੜ ਗਏ।

ਇੱਕ ਵਾਰ ਭਾਈ ਗੁਰਿੰਦਰ ਸਿੰਘ ਭੋਲੇ ਦੇ ਨਾਲ਼ ਅੰਮ੍ਰਿਤਸਰ ਦਰਸ਼ਨ-ਦੀਦਾਰਿਆਂ ਪਿੱਛੋਂ ਵਾਪਸ ਆ ਕੇ ਆਪ ਨੇ ਆਪਣੀ ਮਾਤਾ ਨੂੰ ਕਿਹਾ:

"ਓਹ ਬੀਬੀ! ਅੱਜ ਕਿਤੇ ਸੰਤਾਂ ਨੇ ਬਚਨ ਕੀਤੇ...!! ਓ ਹੋ ਹੋ....ਅੱਖਾਂ ਖੋਲ੍ਹ ਦਿੱਤੀਐਂ...।"

ਮਾਤਾ ਨੂੰ ਇਹ ਸੁਣ ਕੇ ਥੋੜ੍ਹਾ ਅਹਿਸਾਸ ਹੋਇਆ ਕਿ ਇਕਲੌਤਾ ਪੁੱਤਰ ਕਿਸ ਰਾਹ ਨੂੰ ਤੁਰ ਰਿਹਾ ਹੈ, ਹੈਰਾਨ ਹੋ ਕੇ ਕਹਿਣ ਲੱਗੀ- "ਤੂੰ ਕਿੱਥੋਂ ਸੰਤਾਂ ਨੂੰ ਮਿਲ ਆਇਐਂ....?"

ਭਾਈ ਬਲਵਿੰਦਰ ਸਿੰਘ ਕਹਿਣ ਲੱਗੇ- "ਮੈਂ ਮਿਲ਼ਿਆ ਨ੍ਹੀਂ ਓਹਨਾਂ ਨੂੰ....ਓਹਨਾਂ ਤਾਂ

ਸਟੇਜ 'ਤੇ ਬਚਨ ਕੀਤੇ ਸੀ....।"

ਮਾਤਾ ਹੈਰਾਨ ਹੋ ਕੇ ਉਸ ਦੇ ਚਿਹਰੇ ਵੱਲ ਵੇਖਦੀ ਹੀ ਰਹਿ ਗਈ, ਫਿਰ ਕਹਿਣ ਲੱਗੀ- "ਤੂੰ ਨਾ ਜਾਇਆ ਕਰ ਓਥੇ.....ਤੇਰੀ ਅਜੇ ਉਮਰ ਛੋਟੀ ਆ...।"

ਭਾਈ ਬਲਵਿੰਦਰ ਸਿੰਘ ਬਿੱਲਾ ਦਾ ਜਵਾਬ ਸੀ:

"ਓਥੇ ਛੋਟੇ-ਵੱਡੇ ਦੀ ਕੋਈ ਗੱਲ ਨੀਂ.....ਓਥੇ ਤਾਂ ਬੱਚੇ ਵੀ ਤਿਆਰ ਨੇ ਤੇ ਬੁੱਢੇ ਵੀ....ਵਿਆਹੇ ਵੀ ਤੇ ਕੁਆਰੇ ਵੀ...।"

ਮਾਤਾ ਸਮਝ ਗਈ ਕਿ ਤੀਰ ਕਲੇਜੇ ਲੱਗ ਚੁੱਕਾ ਹੈ, ਹੁਣ ਪੁੱਤ ਨੂੰ ਇਸ ਰਾਹੋਂ ਮੋੜਨਾ ਮੁਸ਼ਕਲ ਹੈ।

ਸਿੱਖ ਸਟੂਡੈਂਟਸ ਫ਼ੈਡਰੇਸ਼ਨ ਵਿੱਚ ਵਿਚਰਦੇ ਹੋਏ ਭਾਈ ਬਲਵਿੰਦਰ ਸਿੰਘ ਬਿੱਲਾ ਨਿੱਕੀ ਉਮਰ ਵਿੱਚ ਹੀ ਧਾਰਮਿਕ ਤੌਰ 'ਤੇ ਚੇਤੰਨ ਹੋ ਗਏ। ਉਹਨਾਂ ਦਾ ਪਰਿਵਾਰ ਅਕਾਲੀ ਦਲ ਨਾਲ ਜੁੜਿਆ ਸੀ, ਪਰ ਭਾਈ ਬਲਵਿੰਦਰ ਸਿੰਘ ਨੇ ਆਪਣੇ ਪਿਤਾ ਨੂੰ ਸਪਸ਼ਟ ਹੀ ਕਹਿ ਦਿੱਤਾ- "ਬਾਪੂ ਇਹ ਅਕਾਲੀਏ ਨੀਂ....ਕਾਲੀਏ ਨੇ ਕਾਲੀਏ....ਇਹਨਾਂ ਨੇ ਤੁਹਾਡੀ ਵਾਤ ਨੀਂ ਪੁੱਛਣੀ....।"

ਸੰਤ ਜਰਨੈਲ ਸਿੰਘ ਵਰਗੇ ਅਣਖੀਲੇ ਜਰਨੈਲ ਦਾ ਸਿਪਾਹੀ ਬਣ ਜਾਣ ਵਾਲੇ ਕਿਸੇ ਜੁਝਾਰੂ ਤੋਂ ਅਜਿਹੀ ਸੂਝ-ਬੂਝ ਦੀ ਹੀ ਉਮੀਦ ਰੱਖੀ ਜਾ ਸਕਦੀ ਸੀ, ਬੇਸ਼ੱਕ ਉਹਨਾਂ ਦੀ ਉਮਰ ਅਜੇ 15 ਕੁ ਸਾਲ ਦੀ ਹੀ ਸੀ। ਉਹ ਇਸ ਮੁੱਦੇ 'ਤੇ ਤਿੱਖਾ ਸੰਵਾਦ ਵੀ ਰਚਾਉਂਦੇ।

ਬਾਪੂ ਅਜਾਇਬ ਸਿੰਘ ਵੀ ਪੁੱਤ ਨੂੰ ਸੰਤ ਜਰਨੈਲ ਸਿੰਘ ਜੀ ਦੇ ਸਿਰਲੱਥ ਕਾਫ਼ਲੇ ਦਾ ਹਿੱਸਾ ਬਣਨ ਤੋਂ ਰੋਕਣਾ ਚਾਹੁੰਦੇ ਸਨ, ਪਰ ਉਹਨਾਂ ਨੂੰ ਰੋਕਣ ਦਾ ਹਰ ਯਤਨ ਬਹਿਸ ਵਿੱਚ ਬਦਲ ਜਾਂਦਾ। ਇੱਕ ਵਾਰ ਬਾਪੂ ਅਜਾਇਬ ਸਿੰਘ ਨੇ ਕਿਹਾ- "ਆਖ਼ਰ ਮੈਂ ਤੇਰਾ ਪਿਓ ਆਂ...।"

ਭਾਈ ਬਲਵਿੰਦਰ ਸਿੰਘ ਜਵਾਬ ਸੀ- "ਤੂੰ ਦੁਨਿਆਵੀ ਤੌਰ 'ਤੇ ਪਿਓ ਆਂ....ਪਰ ਉਹ ਪਿਓ (ਦਸਮੇਸ਼ ਪਿਤਾ) ਸਭ ਤੋਂ ਉੱਪਰ ਆ....ਮੈਂ ਤਾਂ ਉਸ ਦਾ ਕਿਹਾ ਮੰਨਣੈਂ...।"

ਇਸ ਸਿਧਾਂਤਕ ਉੱਤਰ ਦਾ ਸ. ਅਜਾਇਬ ਸਿੰਘ ਕੋਲ ਕੋਈ ਜਵਾਬ ਨਹੀਂ ਸੀ।

ਸੰਨ 1984 ਦੇ ਮਾਰਚ ਮਹੀਨੇ ਭਾਈ ਬਲਵਿੰਦਰ ਸਿੰਘ ਬਿੱਲਾ ਨੇ ਦਸਵੀਂ ਕਲਾਸ ਦੇ ਇਮਤਿਹਾਨ ਦੇਣੇ ਸਨ, ਪਰ ਪਹਿਲੇ ਪੇਪਰ ਤੋਂ ਇੱਕ ਦਿਨ ਪਹਿਲਾਂ ਭਾਈ ਬਲਵਿੰਦਰ ਸਿੰਘ ਬਿੱਲਾ ਅਚਾਨਕ ਹੀ ਕਿਤੇ ਚਲੇ ਗਏ। ਪਰਿਵਾਰ ਸਾਰਾ ਦਿਨ ਫ਼ਿਕਰਮੰਦ ਰਿਹਾ ਕਿ ਕੱਲ੍ਹ ਉਸ ਦਾ ਪਹਿਲਾ ਪੇਪਰ ਹੈ ਤੇ ਅੱਜ ਉਹ ਪਤਾ ਨਹੀਂ ਕਿੱਧਰ ਚਲਾ ਗਿਆ ਹੈ। ਉਸੇ ਹੀ ਦਿਨ ਰਾਤ ਦੇ ਹਨੇਰੇ ਵਿੱਚ ਆਪ ਦੇ ਘਰ ਦੇ ਕੋਲ ਇੱਕ ਕਾਰ ਆ ਕੇ ਰੁਕੀ। ਕਾਰ ਵਿੱਚੋਂ ਉੱਤਰੇ ਭਾਈ ਗੁਰਿੰਦਰ ਸਿੰਘ ਭੋਲਾ ਅਤੇ ਨਾਲ ਉੱਤੋਂ ਦੀ ਗਾਤਰੇ ਕਿਰਪਾਨ ਸਜਾਈ ਭਾਈ ਬਲਵਿੰਦਰ ਸਿੰਘ ਬਿੱਲਾ। ਭਾਈ ਬਿੱਲਾ ਹੁਣੇ-ਹੁਣੇ ਚੌਕ ਮਹਿਤਾ ਤੋਂ ਅੰਮ੍ਰਿਤਪਾਨ ਕਰ ਕੇ ਆਏ ਸਨ। ਭਾਈ ਗੁਰਿੰਦਰ ਸਿੰਘ ਭੋਲਾ ਨੂੰ ਪਰਿਵਾਰ ਦੀ ਪ੍ਰੇਸ਼ਾਨੀ ਦਾ ਪਤਾ ਲੱਗਾ ਤਾਂ ਉਹ ਕਹਿਣ ਲੱਗੇ-

"ਇਮਤਿਹਾਨ ਕੱਲ੍ਹਾ ਬਿੱਲੇ ਦਾ ਹੀ ਨਹੀਂ, ਭੋਲੇ ਦਾ ਵੀ ਐ....।"

ਇਸ ਪਿੱਛੋਂ ਵੀ ਭਾਈ ਗੁਰਿੰਦਰ ਸਿੰਘ ਭੋਲਾ, ਭਾਈ ਭੁਪਿੰਦਰ ਸਿੰਘ ਬਿੱਟੂ ਅਤੇ ਭਾਈ ਬਲਵਿੰਦਰ ਸਿੰਘ ਬਿੱਲਾ ਦੀਆਂ ਸਿੱਖ ਸਟੂਡੈਂਟਸ ਫ਼ੈਡਰੇਸ਼ਨ ਦੀਆਂ ਸਰਗਰਮੀਆਂ ਜਾਰੀ ਰਹੀਆਂ। ਆਪ ਦਾ ਸ੍ਰੀ ਦਰਬਾਰ ਸਾਹਿਬ ਆਉਣਾ ਜਾਣਾ ਵੀ ਬਣਿਆ ਹੀ ਰਹਿੰਦਾ।

ਜਦੋਂ ਹਿੰਦੁਸਤਾਨੀ ਸਰਕਾਰ ਅਤੇ ਉਸ ਦੇ ਟੁੱਕੜਬੋਚਾਂ ਦੀ ਸ਼ਹਿ 'ਤੇ ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲਿਆਂ ਦੇ ਨੇੜਲੇ ਸਾਥੀ ਭਾਈ ਸੁਰਿੰਦਰ ਸਿੰਘ ਸੋਢੀ ਦਾ ਕਤਲ ਹੋਇਆ ਤਾਂ ਭਾਈ ਭੋਲਾ, ਭਾਈ ਬਿੱਟੂ ਤੇ ਭਾਈ ਬਿੱਲਾ ਸਾਰੇ ਕੰਮ ਛੱਡ ਕੇ ਸ੍ਰੀ ਦਰਬਾਰ ਸਾਹਿਬ ਪਹੁੰਚੇ ਅਤੇ ਜੁਝਾਰੂ ਕਾਫ਼ਲੇ ਦੀ ਪਿੱਠ ਪਿੱਛੋਂ ਹੋਏ ਇਸ ਕਮੀਨੇ ਵਾਰ ਬਾਰੇ ਵਿਚਾਰਾਂ ਕੀਤੀਆਂ। ਇਹਨਾਂ ਹੀ ਦਿਨਾਂ ਵਿੱਚ ਭਾਈ ਗੁਰਿੰਦਰ ਸਿੰਘ ਭੋਲਾ ਹਿੰਦ ਸਮਾਚਾਰ ਗਰੁੱਪ ਦੇ ਰਮੇਸ਼ ਚੰਦਰ ਦੇ ਕਤਲ ਪਿੱਛੋਂ ਜੰਡਿਆਲੇ ਕੋਲੋਂ ਇੱਕ ਸਟੇਨਗੰਨ ਸਮੇਤ ਗ੍ਰਿਫ਼ਤਾਰ ਹੋ ਗਏ। ਚਰਚਾ ਸੀ ਕਿ ਉਹ ਹੁਣ ਹਰਿਆਣੇ ਦੇ ਮੁੱਖ ਮੰਤਰੀ ਭਜਨ ਲਾਲ ਵੱਲ ਜਾ ਰਹੇ ਸਨ। ਭਾਈ ਭੋਲੇ ਦੀ ਗ੍ਰਿਫ਼ਤਾਰੀ ਪਿੱਛੋਂ ਭਾਈ ਭੁਪਿੰਦਰ ਸਿੰਘ ਬਿੱਟੂ ਵੀ ਅਜਨਾਲੇ ਦੀ ਇੱਕ ਵਾਰਦਾਤ ਵਿੱਚ ਸ਼ਨਾਖ਼ਤ ਹੋ ਜਾਣ ਕਾਰਨ ਪੁਲੀਸ ਦੇ ਨਿਸ਼ਾਨੇ 'ਤੇ ਆਉਣ ਪਿੱਛੋਂ ਪੱਕੇ ਹੀ ਸ੍ਰੀ ਦਰਬਾਰ ਸਾਹਿਬ ਰਹਿਣ ਲੱਗ ਪਏ। ਇਲਾਕੇ 'ਚ ਫ਼ੈਡਰੇਸ਼ਨ ਵਰਕਰ ਵਜੋਂ 15 ਸਾਲ ਦੇ ਭਾਈ ਬਲਵਿੰਦਰ ਸਿੰਘ ਬਿੱਲਾ ਨੇ ਆਪਣੀਆਂ ਸਰਗਰਮੀਆਂ ਜਾਰੀ ਰੱਖੀਆਂ।

ਇਹਨਾਂ ਹੀ ਦਿਨਾਂ ਵਿੱਚ ਭਾਈ ਬਲਵਿੰਦਰ ਸਿੰਘ ਬਿੱਲਾ, ਇਲਾਕੇ ਦੀ ਸੰਗਤ ਸਮੇਤ ਇੱਕ ਲੁਟੇਰੇ, ਜਿਸ ਨੇ ਸੰਤਾਂ ਦਾ ਨਾਂ ਵਰਤ ਕੇ ਕਿਸੇ ਜ਼ਿਮੀਦਾਰ ਤੋਂ ਪੈਸੇ ਮੰਗੇ ਸਨ, ਨੂੰ ਨਾਲ ਲੈ ਕੇ ਸੰਤਾਂ ਦੇ ਕੋਲ ਪਹੁੰਚੇ। ਇਹ 1 ਜੂਨ 1984 ਦਾ ਦਿਨ ਸੀ। ਭਾਈ ਹਰਮਿੰਦਰ ਸਿੰਘ ਸੰਧੂ ਨੇ ਉਕਤ ਲੁਟੇਰੇ ਨੂੰ ਫਿਟਕਾਰ ਪਾਈ ਅਤੇ ਭਾਈ ਬਲਵਿੰਦਰ ਸਿੰਘ ਨੂੰ ਕਿਹਾ- "ਬਲਵਿੰਦਰ ਸਿੰਘ, ਅੱਜ ਦਰਬਾਰ ਸਾਹਿਬ 'ਤੇ ਹਮਲਾ ਹੋ ਜਾਣੈਂ....ਏਥੇ ਨਾ ਖਲੋਵੋ....ਆਪੋ ਆਪਣੀ ਥਾਂ ਸੰਭਾਲ ਲਓ....।"

ਭਾਈ ਬਲਵਿੰਦਰ ਸਿੰਘ ਬਿੱਲਾ ਨੇ ਆਪਣੀ ਜਥੇਬੰਦੀ ਦੇ ਜਨਰਲ ਸਕੱਤਰ ਦੇ ਇਸ ਹੁਕਮ ਨੂੰ ਮੰਨਿਆ ਤੇ ਤੁਰੰਤ ਹੀ ਹੋਰ ਸਾਥੀ ਸਿੰਘਾਂ ਸਮੇਤ ਕੋਈ ਮੋਰਚਾ ਸੰਭਾਲਣ ਲਈ ਕਾਰਜਸ਼ੀਲ ਹੋ ਗਏ। ਪਰ ਇਸ ਤੋਂ ਪਹਿਲਾਂ ਹੀ ਦਰਬਾਰ ਸਾਹਿਬ ਨੂੰ ਚਾਰ-ਚੁਫੇਰੇ ਘੇਰਾ ਘੱਤ ਚੁੱਕੀ ਸੀ.ਆਰ.ਪੀ. ਨੇ ਇਕਦਮ ਅੰਨ੍ਹੇਵਾਹ ਫ਼ਾਇਰਿੰਗ ਅਰੰਭ ਕਰ ਦਿੱਤੀ। ਇਸ ਫ਼ਾਇਰਿੰਗ ਵਿੱਚ ਹੀ ਇੱਕ ਮੋਰਚੇ 'ਤੇ ਪੁਜ਼ੀਸ਼ਨ ਸੰਭਾਲਣ ਦਾ ਯਤਨ ਕਰ ਰਹੇ ਭਾਈ ਬਲਵਿੰਦਰ ਸਿੰਘ ਬਿੱਲਾ ਦੀ ਹਿੱਕ ਵਿੱਚ ਹੇਠ ਉੱਤੇ ਕਈ ਗੋਲ਼ੀਆਂ ਆਣ ਵੱਜੀਆਂ ਤੇ ਉਹ ਮੌਕੇ 'ਤੇ ਹੀ ਸ਼ਹਾਦਤ ਦਾ ਜਾਮ ਪੀ ਗਏ। ਐਨ ਇਸੇ ਹੀ ਸਮੇਂ ਚਮਿਆਰੀ ਪਿੰਡ ਦੇ ਆਪਣੇ ਘਰ 'ਚ ਬੈਠੀ ਭਾਈ ਬਲਵਿੰਦਰ ਸਿੰਘ ਬਿੱਲਾ ਦੀ ਮਾਤਾ ਦੀਆਂ ਆਂਦਰਾਂ ਨੂੰ ਖਿੱਚ ਪਈ ਤੇ ਉਸ ਦਾ ਧਿਆਨ ਆਪਣੇ ਪੁੱਤ ਵੱਲ ਗਿਆ। ਉਸ ਨੇ ਆਪਣੀਆਂ ਧੀਆਂ ਨੂੰ ਕਿਹਾ- "ਮੈਨੂੰ ਲੱਗਦੈ ਤੁਹਾਡੇ ਵੀਰ ਨੇ ਵਾਪਸ ਨਹੀਂ ਆਉਣਾ....।"

ਮਾਤਾ ਦੀਆਂ ਧੀਆਂ ਕਹਿਣ- "ਬੀਬੀ ਤੂੰ ਕਿਹੜੀ ਕੁਲਹਿਣੀ ਜ਼ਬਾਨ ਬੋਲਣ ਡਹੀ

ਐਂ.....ਉਹਨੇ ਸ਼ਾਮ ਤਕ ਆ ਜਾਣੈਂ...।"

ਐਨ ਇਸੇ ਹੀ ਸਮੇਂ ਸ੍ਰੀ ਦਰਬਾਰ ਸਾਹਿਬ ਤੋਂ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਦੀ ਹਦਾਇਤ 'ਤੇ ਕੁਝ ਸਿੰਘ, ਚਮਿਆਰੀ ਪਿੰਡ ਦੀ ਓਥੇ ਪਹੁੰਚੀ ਸੰਗਤ ਤੋਂ ਪਿੰਡ ਦਾ ਇੱਕ ਫ਼ੋਨ ਨੰਬਰ ਲੈ ਕੇ ਉਸ 'ਤੇ ਭਾਈ ਬਲਵਿੰਦਰ ਸਿੰਘ ਦੀ ਸ਼ਹੀਦੀ ਦੀ ਖ਼ਬਰ ਉਸ ਦੇ ਘਰ ਪਹੁੰਚਾਉਣ ਲਈ ਕਹਿ ਰਹੇ ਸਨ। ਸਿੰਘ ਸੰਤਾਂ ਦੀ ਹਦਾਇਤ 'ਤੇ ਵਾਰ-ਵਾਰ ਫ਼ੋਨ ਮਿਲਾ ਰਹੇ ਸਨ, ਪਰ ਇਹ ਖ਼ਬਰ ਸ਼ਾਮ ਤਕ ਹੀ ਭਾਈ ਬਲਵਿੰਦਰ ਸਿੰਘ ਦੇ ਮਾਪਿਆਂ ਨੂੰ ਮਿਲ ਸਕੀ। ਸੁਨੇਹੇ ਵਿੱਚ ਪਰਿਵਾਰ ਨੂੰ ਸਿਵਲ ਹਸਪਤਾਲ ਤੋਂ ਸ਼ਹੀਦ ਸਿੰਘ ਦੀ ਮਿਰਤਕ ਦੇਹ ਲੈ ਲੈਣ ਲਈ ਕਿਹਾ ਗਿਆ ਸੀ।

ਦਰਬਾਰ ਸਾਹਿਬ 'ਤੇ ਚੱਲੀ ਗੋਲ਼ੀ ਵਿੱਚ ਭਾਈ ਬਲਵਿੰਦਰ ਸਿੰਘ ਦੀ ਸ਼ਹਾਦਤ ਦੀ ਖ਼ਬਰ ਫੈਲਦੇ ਹੀ ਸਿੱਖ ਸਟੂਡੈਂਟਸ ਫ਼ੈਡਰੇਸ਼ਨ ਦੇ ਵਰਕਰਾਂ ਨੇ ਆਪ ਦੀ ਮਿਰਤਕ ਦੇਹ ਇੱਕ ਜਲੂਸ ਦੀ ਸ਼ਕਲ ਵਿੱਚ ਹਸਪਤਾਲ ਤੋਂ ਪਿੰਡ ਤਕ ਲਿਆਉਣ ਲਈ ਤਿਆਰੀਆਂ ਅਰੰਭ ਕਰ ਦਿੱਤੀਆਂ, ਪਰ ਸਰਕਾਰ ਵੱਲੋਂ ਅੰਮ੍ਰਿਤਸਰ ਵਿੱਚ ਕਰਫ਼ਿਊ ਲਾ ਦਿੱਤਾ ਗਿਆ ਸੀ। ਕਰਫ਼ਿਊ ਦੌਰਾਨ ਪਹਿਲਾਂ ਤਾਂ ਲਾਸ਼ਾਂ ਵਾਰਸਾਂ ਨੂੰ ਸੌਂਪਣ ਤੋਂ ਹੀ ਨਾਂਹ ਕਰ ਦਿੱਤੀ ਗਈ, ਪਰ ਫਿਰ ਸੰਗਤ ਦੇ ਰੋਸ ਨੂੰ ਵੇਖਦਿਆਂ ਲਾਸ਼ਾਂ ਪਰਿਵਾਰਾਂ ਨੂੰ ਸੌਂਪ ਦਿੱਤੀਆਂ ਗਈਆਂ।

* * * * *

ਬਾਪੂ ਵੇਖਦਾ ਰਹੀਂ ਤੂੰ ਬੈਠ ਕੰਢੇ
ਕਿਵੇਂ ਤਰਨਗੇ ਜੁਝਾਰ-ਅਜੀਤ ਤੇਰੇ
ਟੁੱਭੀ ਮਾਰ ਕੇ ਸਰਸਾ ਦੇ ਵਹਿਣ ਵਿੱਚੋਂ
ਕੱਢ ਲਵਾਂਗੇ ਸਾਰੇ ਹੀ ਗੀਤ ਤੇਰੇ।

ਭਾਗ-2

ਘਰ ਘਰ ਬਣ ਗਿਆ ਚਮਕੌਰ ਦੀ ਗੜ੍ਹੀ

(ਮੌਜੂਦਾ ਸਿੱਖ ਅਜ਼ਾਦੀ ਸੰਘਰਸ਼ ਦੇ ਕੁਝ ਸ਼ਹੀਦ)

ਗੁਰੀਲਾ ਯੁੱਧ ਨੀਤੀ ਦਾ ਮਾਹਿਰ ਜਰਨੈਲ

ਸ਼ਹੀਦ ਭਾਈ ਸੁਖਦੇਵ ਸਿੰਘ ਬੱਬਰ

ਜਦੋਂ ਕਿਤੇ ਵੀ ਵੀਹਵੀਂ ਸਦੀ ਦੀ ਸਿੱਖ ਜੁਝਾਰੂ ਲਹਿਰ ਦੀ ਗੱਲ ਹੋਵੇਗੀ, ਉਸ ਵਿੱਚ ਜੁਝਾਰੂ ਜਰਨੈਲਾਂ ਦੀ ਜਰਨੈਲੀ ਦਾ ਜਿਕਰ ਹੋਵੇਗਾ ਤਾਂ ਸ਼ਹੀਦ ਭਾਈ ਸੁਖਦੇਵ ਸਿੰਘ ਬੱਬਰ ਦੀ ਗੁਰੀਲਾ ਯੁੱਧ-ਨੀਤੀ ਦਾ ਜਿਕਰ ਹੈਰਾਨੀ ਭਰੇ ਢੰਗ ਨਾਲ਼ ਕੀਤਾ ਜਾਇਆ ਕਰੇਗਾ। ਸੰਨ 1979 ਤੋਂ ਆਪ ਦੀ ਪੈੜ ਲੱਭਦੀ ਪੰਜਾਬ ਪੁਲੀਸ ਜਦੋਂ ਸੰਨ 1992 ਵਿੱਚ ਆਪ ਤਕ ਪਹੁੰਚੀ ਤਾਂ ਇਹ ਵੇਖ ਕੇ ਸ਼ਰਮਸਾਰ ਹੋ ਗਈ ਕਿ ਇਹ ਜਰਨੈਲ ਤਾਂ ਉਹਨਾਂ ਦੀ ਐਨ ਨੱਕ ਦੇ ਥੱਲੇ ਸ਼ਰੇਆਮ ਰਹਿ ਰਿਹਾ ਸੀ।

ਭਾਈ ਸੁਖਦੇਵ ਸਿੰਘ ਦਾ ਜਨਮ ਅੰਮ੍ਰਿਤਸਰ ਜ਼ਿਲ੍ਹੇ ਦੀ ਪੱਟੀ ਤਹਿਸੀਲ ਦੇ ਪਿੰਡ ਦਾਸੂਵਾਲ਼ ਵਿਖੇ ਸ. ਜਿੰਦ ਸਿੰਘ ਦੇ ਘਰ ਮਾਤਾ ਹਰਨਾਮ ਕੌਰ ਦੀ ਕੁੱਖੋਂ ਮਿਤੀ 15 ਅਗਸਤ ੧੯੫੫ ਨੂੰ ਹੋਇਆ। ਆਪ ਚਾਰ ਭਰਾਵਾਂ ਤੇ ਤਿੰਨ ਭੈਣਾਂ 'ਚੋਂ ਸਭ ਤੋਂ ਛੋਟੇ ਸਨ। ਆਪਣੇ ਭਰਾਵਾਂ 'ਚੋਂ ਆਪ ਅੰਗਰੇਜ਼ ਸਿੰਘ (ਨੇਤਰਹੀਣ) ਰਸਾਲ ਸਿੰਘ ਤੇ ਮਹਿਲ ਸਿੰਘ ਤੋਂ ਛੋਟੇ ਸਨ। ਇਸ ਹੋਣਹਾਰ ਬੱਚੇ ਨੇ ਆਪਣੀ ਮੁੱਢਲੀ ਪੜ੍ਹਾਈ ਸਕੂਲ ਨੂੰ ਜਾਂਦੇ ਰਾਹਾਂ 'ਤੇ ਅਠਖੇਲੀਆਂ ਤੇ ਸ਼ਰਾਰਤਾਂ ਕਰਦੇ ਦਾਸੂਵਾਲ਼ ਦੇ ਸਰਕਾਰੀ ਸਕੂਲ ਤੋਂ ਹੀ ਅਰੰਭ ਕੀਤੀ। ਅਠਵੀਂ ਕਲਾਸ ਵਿੱਚ ਆਪ ਨੇ ਵਲਟੋਹੇ ਪੜ੍ਹਦੇ ਸਮੇਂ ਕਿਸੇ ਕਾਰਨ ਪੜ੍ਹਾਈ ਵਿੱਚੇ ਹੀ ਛੱਡ ਦਿੱਤੀ। ਮਿਹਨਤੀ ਸੁਖਦੇਵ ਸਿੰਘ ਖੇਤਾਂ ਵਿੱਚ ਵੀ ਸਾਰੀ-ਸਾਰੀ ਰਾਤ ਕੰਮ ਕਰਦੇ ਰਹਿੰਦੇ ਕਦੇ ਥੱਕਦੇ ਨਹੀਂ ਸਨ।

1978 ਦਾ ਸਾਕਾ

ਆਪ ਦਾ ਪਰਿਵਾਰ ਜਦੋਂ ਅਖੰਡ ਕੀਰਤਨੀ ਜਥੇ ਨਾਲ਼ ਜੁੜਿਆ ਤਾਂ ਆਪ ਵੀ ਅਖੰਡ ਕੀਰਤਨੀ ਜਥੇ ਦੇ ਸਮਾਗਮਾਂ ਵਿੱਚ ਹਾਜ਼ਰੀ ਭਰਨ ਲੱਗ ਪਏ। ਸੰਨ 1976 ਵਿੱਚ ਆਪ ਦਾ ਮੇਲ ਪੰਥ ਦੇ ਉੱਘੇ ਸੰਤ-ਸਿਪਾਹੀ ਭਾਈ ਸਾਹਿਬ ਭਾਈ ਫ਼ੌਜਾ ਸਿੰਘ ਨਾਲ਼ ਹੋਇਆ। ਆਪ ਕਾਰ-ਸੇਵਾ ਲਈ ਵੀ ਹਰ ਹਫ਼ਤੇ ਜਾਇਆ ਕਰਦੇ ਸਨ। 13 ਅਪ੍ਰੈਲ 1978 ਨੂੰ ਆਪ ਦਾ ਅਨੰਦ-ਕਾਰਜ ਜੋ ਕਿ ਘਰਿਆਲ਼ੇ ਪਿੰਡ ਦੇ ਸ. ਮਹਿੰਦਰ ਸਿੰਘ ਦੀ ਸਪੁੱਤਰੀ ਸੁਖਵੰਤ ਕੌਰ ਨਾਲ਼ ਹੋਇਆ, ਉਹ ਵੀ ਸ੍ਰੀ ਅੰਮ੍ਰਿਤਸਰ ਵਿਖੇ ਅਖੰਡ ਕੀਰਤਨੀ ਜਥੇ ਦੇ ਸਮਾਗਮ ਵਿੱਚ ਹੀ ਹੋਣਾ ਸੀ, ਜੋ ਕਿਸੇ ਕਾਰਨ ਕਿਸੇ ਘਰ ਵਿੱਚ ਹੋਇਆ। ਅਨੰਦ ਕਾਰਜ ਤੋਂ ਬਾਅਦ ਆਪ ਦੀ ਸਿੰਘਣੀ ਦਾ ਨਾਂ ਜਗਜੀਤ ਕੌਰ ਰੱਖਿਆ ਗਿਆ। ਜਿਸ ਵੇਲੇ ਭਾਈ ਸਾਹਿਬ ਦੇ ਅਨੰਦ ਕਾਰਜ ਦੀਆਂ

ਲਾਂਵਾਂ ਪੜ੍ਹੀਆਂ ਜਾ ਰਹੀਆਂ ਸਨ, ਉਸ ਵੇਲੇ ਇਤਿਹਾਸ ਇੱਕ ਨਵੀਂ ਕਰਵਟ ਲੈ ਰਿਹਾ ਸੀ। ਇਸੇ ਹੀ ਦਿਨ ਨਰਕਧਾਰੀਆਂ ਦੀ ਜੁੰਡਲੀ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਤਿਕਾਰ ਦੀ ਬਹਾਲੀ ਦੀ ਮੰਗ ਲੈ ਕੇ ਤੁਰੇ ਮਰਜੀਵੜੇ ਸਿੰਘਾਂ 'ਤੇ ਅੰਨ੍ਹੇਵਾਹ ਫ਼ਾਇਰਿੰਗ ਕੀਤੀ ਗਈ। ਭਾਈ ਫ਼ੌਜਾ ਸਿੰਘ ਅਤੇ ਭਾਈ ਰਣਬੀਰ ਸਿੰਘ ਫ਼ੌਜੀ ਸਮੇਤ 13 ਮਰਜੀਵੜੇ ਸਿੰਘ ਸ਼ਹੀਦ ਹੋ ਗਏ।

ਬੱਬਰ ਖ਼ਾਲਸਾ

ਸ੍ਰੀ ਅੰਮ੍ਰਿਤਸਰ ਦੀ ਪਾਵਨ ਧਰਤੀ 'ਤੇ ਡੁੱਲ੍ਹੇ ਸ਼ਹੀਦਾਂ ਦੇ ਇਸ ਪਵਿੱਤਰ ਲਹੂ ਦੀ ਗਰਮੀ ਪੰਜਾਬ ਦੀ ਆਬੋ-ਹਵਾ ਵਿੱਚ ਫ਼ੈਲ ਗਈ, ਜਿਸ ਨੇ ਪੰਜਾਬ ਦੀ ਬੇਚੈਨ ਫ਼ਿਜ਼ਾ ਵਿੱਚ ਗਰਮੀ ਭਰ ਦਿੱਤੀ। ਬੇਚੈਨ ਹੋਈ ਸਿੱਖ ਜਵਾਨੀ ਵਿੱਚ ਭਾਈ ਸੁਖਦੇਵ ਸਿੰਘ ਵੀ ਸ਼ਾਮਲ ਸਨ। ਆਪ ਨੇ ਆਪਣੀਆਂ ਜ਼ਖ਼ਮੀ ਭਾਵਨਾਵਾਂ ਅਤੇ ਬੇਚੈਨ ਜਜ਼ਬਿਆਂ ਦੀ ਰਵਾਨਗੀ ਦੀ ਦਿਸ਼ਾ ਖ਼ੁਦ ਨਿਰਧਾਰਤ ਕੀਤੀ ਤੇ ਫਿਰ ਭਾਈ ਤਲਵਿੰਦਰ ਸਿੰਘ, ਭਾਈ ਸੁਲੱਖਣ ਸਿੰਘ, ਮਾਸਟਰ ਸੁਖਵਿੰਦਰ ਸਿੰਘ ਦਾਬਾਂਵਾਲ਼, ਭਾਈ ਅਨੋਖ ਸਿੰਘ, ਭਾਈ ਵਧਾਵਾ ਸਿੰਘ ਅਤੇ ਆਪ ਜੀ ਦੇ ਗਹਿਰ-ਗੰਭੀਰ ਚਿੰਤਨ ਤੇ ਇਤਿਹਾਸ ਤੋਂ ਸੇਧ ਲੈਣ ਦੇ ਉੱਦਮ 'ਚੋਂ 'ਬੱਬਰ ਖ਼ਾਲਸਾ' ਨਾਂ ਦੀ ਮਹੱਤਵਪੂਰਨ ਜਥੇਬੰਦੀ ਦਾ ਜਨਮ ਹੋਇਆ।

ਗੁਪਤ ਤੌਰ 'ਤੇ ਕੰਮ ਕਰਨ ਵਾਲੀ ਇਹ ਜਥੇਬੰਦੀ ਪੁਲੀਸ ਅਤੇ ਸਰਕਾਰ ਦੇ ਲਈ ਨਰਕਧਾਰੀਆਂ ਦੇ ਕਤਲਾਂ ਨਾਲ਼ ਸਾਮ੍ਹਣੇ ਆਈ। ਪੱਟੀ ਵਿੱਚ ਹੋਏ ਕਾਂਡ ਦੀ ਪੈੜ ਨੱਪਦੀ ਪੰਜਾਬ ਪੁਲੀਸ ਭਾਈ ਸੁਖਦੇਵ ਸਿੰਘ ਬੱਬਰ ਦੇ ਘਰ ਤਕ ਆ ਪਹੁੰਚੀ। ਇਸ ਪਿੱਛੋਂ ਭਾਈ ਸੁਖਦੇਵ ਸਿੰਘ ਦੇ ਪਰਿਵਾਰ ਨੂੰ ਵੀ ਆਪ ਦੇ ਮਿਸ਼ਨ ਬਾਰੇ ਪਤਾ ਲੱਗਾ, ਨਹੀਂ ਤਾਂ ਹੁਣ ਤਕ ਪਰਿਵਾਰ ਇਹੀ ਸਮਝ ਰਿਹਾ ਸੀ ਕਿ ਸੁਖਦੇਵ ਸਿੰਘ ਆਪਣੇ ਭਰਾ ਮਹਿਲ ਸਿੰਘ ਕੋਲ ਕੋਈ ਕੰਮ ਸਿੱਖਣ ਮੁਹਾਲੀ ਗਿਆ ਹੋਇਆ ਹੈ। ਪੁਲੀਸ ਪਾਰਟੀਆਂ ਮੁਹਾਲੀ ਵੀ ਜਾ ਪੁੱਜੀਆਂ ਪਰ ਹੁਣ ਤਕ ਭਾਈ ਸੁਖਦੇਵ ਸਿੰਘ ਬੱਬਰ ਪੰਜਾਬ ਦੇ ਲੋਕਾਂ ਦੇ ਜੰਗਲ਼ ਵਿੱਚ ਅਲੋਪ ਹੋ ਗਏ ਸਨ। ਇਸ ਹਾਲਤ ਵਿੱਚ ਵੀ ਉਹ ਹਰ ਇੱਕ ਕੰਮ ਅਤੇ ਹਰ ਇੱਕ ਐਕਸ਼ਨ ਆਪਣੇ ਹੱਥੀਂ ਕਰਨ ਨੂੰ ਹੀ ਤਰਜੀਹ ਦਿੰਦੇ ਸਨ।

ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲ਼ਿਆਂ ਦੇ ਖ਼ਾਲਸਾਈ ਬਾਦਸ਼ਾਹਤ ਦੇ ਪ੍ਰਤੀਕ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਪਹਿਰੇਦਾਰੀ ਲਈ ਆ ਬਿਰਾਜਣ 'ਤੇ ਭਾਈ ਸੁਖਦੇਵ ਸਿੰਘ ਬੱਬਰ ਵੀ ਆਪਣੇ ਜਥੇ ਸਮੇਤ ਓਥੇ ਆ ਬਿਰਾਜੇ। ਬੱਬਰਾਂ ਅਤੇ ਸੰਤ ਜਰਨੈਲ ਸਿੰਘ ਭਿੰਡਾਂਵਾਲ਼ਿਆਂ ਦੇ ਜਥੇ ਦੇ ਸਿੰਘਾਂ ਅੰਦਰ ਹੇਠਲੀ ਪੱਧਰ ਦੇ ਮੱਤ-ਭੇਦਾਂ ਨੂੰ ਖ਼ੂਨੀ ਟਕਰਾਅ ਵਿੱਚ ਬਦਲਣ ਲਈ ਸਰਕਾਰੀ ਏਜੰਸੀਆਂ ਨੇ ਪੂਰਾ ਜ਼ੋਰ ਲਾਇਆ, ਪਰ ਸੰਤ ਜਰਨੈਲ ਸਿੰਘ ਜੀ ਦੀ ਦੂਰ-ਦ੍ਰਿਸ਼ਟੀ, ਪੰਥਕ ਏਕਤਾ ਦੇ ਜਜ਼ਬੇ ਅਤੇ ਭਾਈ ਸੁਖਦੇਵ ਸਿੰਘ ਬੱਬਰ ਦੀ ਪੰਥਕ ਕਾਰਜ ਲਈ ਤੜਪ ਨੇ ਸਰਕਾਰ ਦੀ ਇਹ ਸਾਜ਼ਿਸ਼ ਸਫਲ ਨਾ ਹੋਣ ਦਿੱਤੀ।

ਫਿਰ ਜਦੋਂ ਜੂਨ 1984 ਵਿੱਚ ਇੰਦਰਾ ਨੇ ਦਰਬਾਰ ਸਾਹਿਬ ਉੱਪਰ ਫ਼ੌਜ ਦੇ ਕਟਕ ਚਾੜ੍ਹ ਦਿੱਤੇ ਤਾਂ ਸੰਤ ਜਰਨੈਲ ਸਿੰਘ ਜੀ ਦੀ ਅਗਵਾਈ ਵਾਲ਼ੇ ਸਿੰਘ ਅਤੇ ਬੱਬਰ ਇੱਕਮੁੱਠ ਹੋ ਕੇ ਹਮਲਾਵਰ ਭਾਰਤੀ ਫ਼ੌਜ ਵਿਰੁੱਧ ਲੜੇ। ਇਹਨਾਂ ਸੂਰਮਿਆਂ ਨੇ ਸ੍ਰੀ ਹਰਿਮੰਦਰ ਸਾਹਿਬ ਦੀ

ਪਰਕਰਮਾ ਵਿੱਚ ਧਰੇ ਨਾਪਾਕ ਪੈਰ ਤੋੜ ਸੁੱਟੇ। ਅਖੀਰ ਜਦੋਂ ਟੈਂਕਾਂ ਅੱਗੇ ਸ਼ਹੀਦੀਆਂ ਤੋਂ ਇਲਾਵਾ ਲੜਾਈ ਦਾ ਹੋਰ ਕੋਈ ਮੰਤਵ ਨਾ ਰਿਹਾ ਤਾਂ ਸੰਤ ਜਰਨੈਲ ਸਿੰਘ ਜੀ ਹੋਰਾਂ ਨੇ ਸ਼ਹਾਦਤ ਦੇਣ ਦਾ ਫੈਸਲਾ ਕੀਤਾ ਤੇ ਬੱਬਰਾਂ ਨੇ ਸੰਘਰਸ਼ ਅੱਗੇ ਤੋਰਨ ਲਈ ਦੁਸ਼ਮਣ ਦੀਆਂ ਸਫਾਂ ਚੀਰ ਕੇ ਨਿਕਲ ਜਾਣ ਦਾ ਫੈਸਲਾ ਕਰ ਲਿਆ। ਭਾਈ ਸੁਖਦੇਵ ਸਿੰਘ ਬੱਬਰ ਆਪਣੇ ਕੁਝ ਸਾਥੀਆਂ ਸਮੇਤ ਅਕਾਲ ਰੈਸਟ ਹਾਊਸ ਦੇ ਕਮਰਿਆਂ ਦੀਆਂ ਕੰਧਾਂ ਪਾੜ ਕੇ ਨਾਲ ਦੇ ਰਿਹਾਇਸ਼ੀ ਮਕਾਨਾਂ ਵਿੱਚ ਜਾ ਵੜੇ। ਫਿਰ ਉਹ ਫ਼ੌਜ ਦੀਆਂ ਅੱਖਾਂ ਵਿੱਚ ਘੱਟਾ ਪਾ ਕੇ ਸਿੱਖ ਸੰਘਰਸ਼ ਨੂੰ ਅਗਾਂਹ ਤੋਰਨ ਹਿਤ ਓਥੋਂ ਬਚ ਨਿਕਲੇ।

ਜੂਨ 1984 ਦੇ ਘਲੂਘਾਰੇ ਦੇ ਮਾਨਸਿਕ ਸੰਤਾਪ ਨੂੰ ਹੰਢਾਅ ਰਹੀ ਸਿੱਖ ਕੌਮ ਨੂੰ ਚੜ੍ਹਦੀ ਕਲਾ ਵਿੱਚ ਲਿਆਉਣ ਲਈ ਭਾਈ ਸੁਖਦੇਵ ਸਿੰਘ ਬੱਬਰ ਨੇ ਸੰਘਰਸ਼ ਨੂੰ ਮੁੜ ਤੋਂ ਲਾਮਬੰਦ ਕੀਤਾ। ਕੁਝ ਦੁਸ਼ਟਾਂ ਦੀ ਸੁਧਾਈ ਦੇ ਪਿੱਛੋਂ ਭਾਈ ਸੁਖਦੇਵ ਸਿੰਘ ਬੱਬਰ ਵੱਲੋਂ ਜਾਰੀ ਕੀਤੇ ਗਏ ਸਿੱਖ ਕੌਮ ਦੇ ਦੁਸ਼ਮਣਾਂ ਨੂੰ ਚੁਣ-ਚੁਣ ਕੇ ਸੋਧ ਦੇਣ ਦੇ ਪੈਗ਼ਾਮ ਨੇ ਸਿੱਖ ਘਰਾਂ ਵਿੱਚ ਖੇੜੇ ਮੋੜ ਲਿਆਂਦੇ ਤੇ ਦੁਸ਼ਮਣਾਂ ਦੇ ਘਰਾਂ ਵਿੱਚ ਪਿੱਟਣੇ ਪੁਆ ਦਿੱਤੇ।

ਭਾਈ ਸੁਖਦੇਵ ਸਿੰਘ ਬੱਬਰ ਨੇ 'ਬੱਬਰ ਖ਼ਾਲਸਾ' ਨੂੰ ਅੰਤਰਰਾਸ਼ਟਰੀ ਪੱਧਰ 'ਤੇ ਮਜ਼ਬੂਤੀ ਨਾਲ ਜਥੇਬੰਦ ਕਰਨ ਲਈ 15 ਦੇਸ਼ਾਂ ਵਿੱਚ ਯੂਨਿਟ ਕਾਇਮ ਕੀਤੇ। ਇਹ ਦੇਸ਼ ਹਨ- ਇੰਗਲੈਂਡ, ਜਰਮਨੀ, ਅਮਰੀਕਾ, ਕੈਨੇਡਾ, ਫਰਾਂਸ, ਆਸਟਰੇਲੀਆ, ਨਿਊਜ਼ੀਲੈਂਡ, ਹਾਂਗਕਾਂਗ, ਸਿੰਘਾਪੁਰ, ਥਾਈਲੈਂਡ, ਇਟਲੀ, ਨਾਰਵੇ, ਡੈਨਮਾਰਕ, ਸਵਿਟਜ਼ਰਲੈਂਡ ਤੇ ਦੁਬਈ। ਇਸ ਤੋਂ ਇਲਾਵਾ ਮਹੱਤਵਪੂਰਨ ਫ਼ੈਸਲੇ ਲੈਣ ਲਈ ਨੌਂ ਮੈਂਬਰੀ ਕਮੇਟੀ ਬਣਾਈ ਗਈ। ਇੱਕ ਸਲਾਹਕਾਰ ਕਮੇਟੀ ਵੀ ਬਣਾਈ ਗਈ ਤੇ ਹਰੇਕ ਯੂਨਿਟ ਦੇ ਇੱਕ ਯੋਗ ਮੈਂਬਰ ਨੂੰ ਸਲਾਹਕਾਰ ਕਮੇਟੀ 'ਚ ਲੈਣ ਦਾ ਯਤਨ ਕੀਤਾ ਗਿਆ।

ਭਾਈ ਸੁਖਦੇਵ ਸਿੰਘ ਬੱਬਰ ਦੀ ਸੁਚੱਜੀ ਤੇ ਦੂਰਅੰਦੇਸ਼ੀ ਭਰੀ ਅਗਵਾਈ ਵਿੱਚ 'ਬੱਬਰ ਖ਼ਾਲਸਾ' ਜਥੇਬੰਦੀ ਅਹਿਮ ਮੱਲਾਂ ਮਾਰਦੀ ਹੋਈ ਏਨੀ ਜ਼ਿਆਦਾ ਪ੍ਰਸਿੱਧ ਹੋਈ ਕਿ ਬੱਬਰਾਂ ਦਾ ਨਾਂ ਵੱਡੇ ਵੱਡੇ ਬੁੱਚੜਾਂ ਨੂੰ ਕਾਂਬਾ ਛੇੜਨ ਲੱਗਾ। ਸੰਨ 1984 ਤੋਂ ਬਾਅਦ ਵੀ 8 ਸਾਲ ਦੇ ਸੰਘਰਸ਼ ਪਿੱਛੋਂ ਜਦੋਂ ਭਾਈ ਸਾਹਿਬ ਦੀ ਲੁਕਣਗਾਹ ਪੁਲੀਸ ਨੂੰ ਲੱਭੀ ਤਾਂ ਪੰਜਾਬ ਦੇ ਪੁਲੀਸ ਅਫ਼ਸਰ ਓਦੋਂ ਬਹੁਤ ਹੀ ਸ਼ਰਮਸਾਰ ਹੋਏ ਜਦੋਂ ਉਹਨਾਂ ਨੂੰ ਪਤਾ ਲੱਗਾ ਕਿ ਸੁਖਦੇਵ ਸਿੰਘ ਬੱਬਰ ਤਾਂ ਸ਼ਰੇਆਮ ਪਟਿਆਲੇ ਵਿਖੇ ਆਪਣੇ ਘਰ ਵਿੱਚ ਠੇਕੇਦਾਰ ਜਸਮੇਰ ਸਿੰਘ ਬਣ ਕੇ ਰਹਿ ਰਿਹਾ ਸੀ ਤੇ ਆਪਣੇ ਗੁਆਂਢ ਰਹਿੰਦੇ ਐਸ.ਐਸ.ਪੀ. ਨਾਲ ਗੱਪ-ਸ਼ੱਪ ਵੀ ਮਾਰ ਲੈਂਦਾ ਸੀ, ਪਰ ਹਿੰਦੁਸਤਾਨ ਦੀ ਪੂਰੀ ਸਰਕਾਰੀ ਮਸ਼ੀਨਰੀ ਏਨਾ ਲੰਮਾ ਸਮਾਂ ਉਸ ਦਾ ਪਤਾ ਨਹੀਂ ਲਾ ਸਕੀ।

ਭਾਈ ਸੁਖਦੇਵ ਸਿੰਘ ਬੱਬਰ ਦੇ ਇਸ ਕ੍ਰਿਸ਼ਮੇ ਦੇ ਕੁਝ ਉੱਘੇ ਕਾਰਨ ਸਨ। ਪਹਿਲਾ ਕਾਰਨ ਇਹ ਸੀ ਕਿ ਉਹ ਰੂਪੋਸ਼ ਹੋਣ ਤੋਂ ਬਾਅਦ ਕਦੇ ਆਪਣੇ ਘਰ ਹੀ ਨਹੀਂ ਗਏ। ਦੂਜਾ, ਜਥੇਬੰਦੀ ਦੇ ਕੁਝ ਨੇੜਲੇ ਸਿੰਘਾਂ ਦੀ ਸਲਾਹ 'ਤੇ ਆਪ ਨੇ ਨਾਭੇ ਵਾਲੀਆਂ ਬੀਬੀਆਂ ਦੇ ਢਾਡੀ ਜਥੇ ਵਿੱਚੋਂ ਬੀਬੀ ਜਵਾਹਰ ਕੌਰ ਨਾਲ ਅਨੰਦ-ਕਾਰਜ ਕਰਵਾ ਲਿਆ। ਆਪ ਦੀ ਪਹਿਲੀ ਸਿੰਘਣੀ ਤੋਂ ਆਪ ਦੇ ਦੋ ਭੁਝੰਗਣਾਂ ਤੇ ਇੱਕ ਭੁਝੰਗੀ ਹੈ, ਜਦ ਕਿ ਦੂਜੀ ਸਿੰਘਣੀ ਤੋਂ ਇੱਕ

ਭੁਝੰਗੀ। ਤੀਜਾ, ਆਪ ਨੇ ਆਪਣੇ ਕੁਝ ਬਹੁਤ ਹੀ ਖ਼ਾਸ ਸਿੰਘਾਂ ਨੂੰ ਛੱਡ ਕੇ ਹੋਰ ਕਿਸੇ ਨੂੰ ਵੀ ਆਪਣੇ ਟਿਕਾਣੇ ਬਾਰੇ ਨਹੀਂ ਸੀ ਦੱਸਿਆ। ਚੌਥਾ, ਆਪ ਕਦੇ ਵੀ ਆਪਣੀ ਕੋਈ ਤਸਵੀਰ ਨਹੀਂ ਸੀ ਖਿਚਵਾਉਂਦੇ, ਜੇ ਕਿਸੇ ਪ੍ਰੋਗਰਾਮ ਵਿੱਚ ਫੋਟੋ ਖਿੱਚੀ ਵੀ ਜਾਂਦੀ ਤਾਂ ਆਪ ਉਹ ਫੋਟੋ ਤੇ ਉਸ ਦੇ ਨੈਗੇਟਿਵ ਨਸ਼ਟ ਕਰ ਦਿੰਦੇ ਸਨ। ਆਪ ਦੀਆਂ ਜੋ ਤਸਵੀਰਾਂ ਉਪਲਬਧ ਹਨ, ਉਹ 1984 ਤੋਂ ਪਹਿਲਾਂ ਦੀਆਂ ਹੀ ਹਨ।

ਇਸ ਤਰ੍ਹਾਂ ਗੁਪਤ ਤੌਰ 'ਤੇ ਰਹਿੰਦੇ ਹੋਏ ਆਪ ਨੇ ਪੂਰੇ ਜ਼ਾਬਤਾਬੱਧ ਢੰਗ ਨਾਲ਼ ਕਈ ਵਿਰੋਧੀ ਹਾਲਾਤਾਂ ਵਿੱਚ ਵੀ ਆਪਣੀ ਪਛਾਣ ਗੁਪਤ ਰੱਖਣ ਵਿੱਚ ਸਫਲਤਾ ਹਾਸਲ ਕੀਤੀ। ਆਪ ਠੇਕੇਦਾਰੀ ਕਰਦੇ ਸਨ ਤੇ ਜਲੰਧਰ-ਅੰਮ੍ਰਿਤਸਰ ਜੀ.ਟੀ. ਰੋਡ 'ਤੇ ਢਿਲਵਾਂ ਵਾਲ਼ਾ ਪੁਲ਼ ਜਿਹੜਾ 1988 ਵਿੱਚ ਭਾਖੜਾ ਡੈਮ 'ਚੋਂ ਛੱਡੇ ਗਏ ਪਾਣੀ ਕਾਰਨ ਆਏ ਹੜ੍ਹਾਂ ਵਿੱਚ ਨਸ਼ਟ ਹੋ ਗਿਆ ਸੀ, ਉਹ ਦੁਬਾਰਾ ਆਪ ਦੀ ਠੇਕੇਦਾਰੀ ਦੇ ਅਧੀਨ ਹੀ ਤਿਆਰ ਹੋਇਆ ਸੀ। ਜੋ ਕਿ ਅੱਜ ਵੀ ਭਾਈ ਸੁਖਦੇਵ ਸਿੰਘ ਬੱਬਰ ਦੇ ਗੁਪਤਵਾਸ ਦੌਰਾਨ ਕਿਰਤ ਦਾ ਗਵਾਹ ਹੈ। ਇਸ ਠੇਕੇਦਾਰੀ ਦੌਰਾਨ ਵਾਪਰੀ ਇੱਕ ਘਟਨਾ ਆਪ ਦੇ ਸੰਜਮ ਅਤੇ ਦੂਰ-ਅੰਦੇਸ਼ੀ 'ਤੇ ਚਾਨਣਾ ਪਾਉਂਦੀ ਹੈ। ਹੋਇਆ ਇਸ ਤਰ੍ਹਾਂ ਕਿ ਇੱਕ ਵਾਰ ਕਿਸੇ ਪ੍ਰਜੈਕਟ 'ਤੇ ਜਦੋਂ ਆਪ ਨੇ ਟੈਂਡਰ ਭਰਨਾ ਸੀ ਤਾਂ ਇੱਕ ਵਿਰੋਧੀ ਪਾਰਟੀ ਨੇ ਕਿਸੇ ਖਾੜਕੂ ਗਰੁੱਪ ਤੋਂ ਧਮਕੀ ਦੁਆ ਕੇ ਆਪ ਨੂੰ ਟੈਂਡਰ ਭਰਨ ਤੋਂ ਰੋਕਿਆ। ਜੇਕਰ ਆਪ ਚਾਹੁੰਦੇ ਤਾਂ ਉਸ ਵਿਰੋਧੀ ਪਾਰਟੀ ਦੇ ਨਾਲ਼-ਨਾਲ਼ ਲੀਹੋਂ ਭਟਕੇ ਉਕਤ ਖਾੜਕੂ ਗਰੁੱਪ ਨੂੰ ਵੀ ਬੜੇ ਤਰੀਕੇ ਨਾਲ ਆਪਣੀ ਜਾਣ-ਪਛਾਣ ਕਰਵਾ ਸਕਦੇ ਸਨ, ਪਰ ਆਪ ਨੇ ਅਜਿਹਾ ਨਾ ਕੀਤਾ ਅਤੇ ਟੈਂਡਰ ਨਾ ਭਰਿਆ।

ਇਸ ਹਾਲਤ ਵਿੱਚ ਚੌਕੰਨੇ ਰਹਿੰਦਿਆਂ ਅਗਸਤ 1992 ਵਿੱਚ ਲੁਧਿਆਣਾ ਪੁਲੀਸ ਨੂੰ ਆਪ ਦੇ ਟਿਕਾਣੇ ਦੀ ਸੂਹ ਕਿਵੇਂ ਮਿਲ਼ੀ, ਇਸ ਬਾਰੇ ਵੱਖ-ਵੱਖ ਰਾਵਾਂ ਹਨ। ਜਾਣੂਆਂ ਦੀ ਸ਼ੱਕ ਦੀ ਉਂਗਲ਼ ਗੁਰਦੀਪ ਸਿੰਘ ਸਿਬੀਆ ਵੱਲ ਵਧੇਰੇ ਜਾਂਦੀ ਹੈ। ਇੱਕ ਗੱਲ ਇਹ ਵੀ ਪ੍ਰਚਲਿਤ ਹੈ ਕਿ ਆਪ ਆਪਣੇ ਇੱਕ ਇੰਜੀਨੀਅਰਿੰਗ ਸਾਥੀ ਜਿਸ ਤੋਂ ਕਿ ਇਲੈਕਟ੍ਰਾਨਿਕ ਸਮਾਨ ਮੰਗਵਾਉਂਦੇ ਸਨ, ਉਸ ਦੇ ਲੁਧਿਆਣੇ ਪੜ੍ਹਦੇ ਲੜਕੇ ਨੇ ਇੱਕ ਲੜਾਈ ਹੋਣ 'ਤੇ ਇਹ ਫੜ੍ਹ ਮਾਰ ਦਿੱਤੀ ਕਿ ਅਸੀਂ ਸੁਖਦੇਵ ਸਿੰਘ ਬੱਬਰ ਦੇ ਨਜ਼ਦੀਕੀ ਹਾਂ। ਪੁਲੀਸ ਨੇ ਉਸ ਮੁੰਡੇ ਨੂੰ ਫੜ ਕੇ ਟਾਰਚਰ ਕੀਤਾ ਤਾਂ ਉਸ ਨੇ ਭਾਈ ਬੱਬਰ ਦਾ ਟੈਲੀਫ਼ੋਨ ਨੰਬਰ ਲੁਧਿਆਣਾ ਪੁਲੀਸ ਨੂੰ ਦੇ ਦਿੱਤਾ, ਜਿਸ ਦੇ ਜ਼ਰੀਏ ਪੁਲੀਸ ਭਾਈ ਸੁਖਦੇਵ ਸਿੰਘ ਬੱਬਰ ਦੇ ਘਰ ਤਕ ਜਾ ਪਹੁੰਚੀ।

ਇਸ ਕਹਾਣੀ ਨੂੰ ਵੀ ਬਹੁਤੇ ਸਿੰਘ ਮੰਨਣ ਲਈ ਤਿਆਰ ਨਹੀਂ। ਉਹ ਕਹਿੰਦੇ ਹਨ ਕਿ ਭਾਈ ਸੁਖਦੇਵ ਸਿੰਘ ਬੱਬਰ ਤੋਂ ਅਜਿਹੀ ਕੱਚੀ ਗ਼ਲਤੀ ਦੀ ਉਮੀਦ ਕੀਤੀ ਹੀ ਨਹੀਂ ਜਾ ਸਕਦੀ। ਖੈਰ, ਇਸ ਸਵਾਲ ਦਾ ਜਵਾਬ ਤਾਂ ਇੱਕ ਡੂੰਘੀ ਖੋਜ ਉਪਰੰਤ ਹੀ ਸਾਮ੍ਹਣੇ ਆ ਸਕਦਾ ਹੈ, ਪਰ ਪ੍ਰਤੱਖ ਹਕੀਕਤ ਇਹ ਹੈ ਕਿ ਲੁਧਿਆਣਾ ਪੁਲੀਸ ਮਿਤੀ 8 ਅਗਸਤ 1992 ਦੀ ਅੱਧੀ ਰਾਤ ਨੂੰ ਭਾਈ ਸੁਖਦੇਵ ਸਿੰਘ ਬੱਬਰ ਦੇ ਘਰ ਅਰਬਨ ਅਸਟੇਟ ਪਟਿਆਲ਼ੇ ਜਾ ਪਹੁੰਚੀ।

ਆਪ ਦੀ ਕੋਠੀ ਨੂੰ ਜਿਪਸੀਆਂ ਨਾਲ਼ ਘੇਰ ਕੇ ਇਕਦਮ ਸਾਰੀਆਂ ਜਿਪਸੀਆਂ ਦੀਆਂ ਲਾਈਟਾਂ ਜਗਾ ਦਿੱਤੀਆਂ ਗਈਆਂ। ਦਿਨ ਵਰਗਾ ਚਾਨਣ ਕਰ ਕੇ ਲਾਊਡ ਸਪੀਕਰ ਰਾਹੀਂ ਭਾਈ

ਸੁਖਦੇਵ ਸਿੰਘ ਬੱਬਰ ਨੂੰ ਬਾਹਰ ਆ ਜਾਣ ਲਈ ਕਿਹਾ ਗਿਆ। ਸੁੱਤਾ ਹੋਇਆ ਕੱਲਮ-'ਕੱਲ੍ਹਾ ਸੂਰਮਾ ਚਾਰ ਚੁਫੇਰਿਓਂ ਦੁਸ਼ਮਣ ਵਿੱਚ ਘਿਰ ਚੁੱਕਾ ਸੀ। ਹਾਲਾਤ ਦਾ ਜਾਇਜ਼ਾ ਲੈ ਕੇ ਭਾਈ ਸੁਖਦੇਵ ਸਿੰਘ ਬੱਬਰ ਨੇ ਬੜੇ ਸੰਜਮ ਤੇ ਸੰਜੀਦਗੀ ਨਾਲ਼ ਆਪਣੀ ਸਿੰਘਣੀ ਬੀਬੀ ਜਵਾਹਰ ਕੌਰ ਨੂੰ ਕਿਹਾ:

"ਜੇ ਮੈਂ ਇੱਥੇ ਹੁਣ ਮੁਕਾਬਲਾ ਕੀਤਾ ਤਾਂ ਇਹਨਾਂ ਦਾ ਤਾਂ ਕੀ ਨੁਕਸਾਨ ਹੋਣੈਂ, ਪਰ ਮੁਕਾਬਲੇ ਦੀ ਆੜ ਲੈ ਕੇ ਇਹਨਾਂ ਨੇ ਆਸ ਪਾਸ ਦੇ ਕਈ ਘਰਾਂ ਦਾ ਵੀ ਨੁਕਸਾਨ ਕਰ ਦੇਣੈ....ਇਸ ਲਈ ਮੈਂ ਥੱਲੇ ਜਾ ਰਿਹੈਂ...ਤੁਸੀਂ ਪਿੱਛੋਂ ਘਬਰਾਉਣਾ ਨੀਂ..।"

ਇਹ ਕਹਿ ਕੇ ਸੰਘਰਸ਼ ਦੇ ਰਾਹਾਂ ਦੇ ਦੋ ਹਮਰਾਹੀ ਹਮੇਸ਼ਾ-ਹਮੇਸ਼ਾ ਲਈ ਵਿੱਛੜ ਗਏ। ਭਾਈ ਸੁਖਦੇਵ ਸਿੰਘ ਬੱਬਰ ਨੇ ਹੇਠਾਂ ਉੱਤਰ ਕੇ ਅਰਾਮ ਨਾਲ਼ ਆਪਣੇ ਘਰ ਦਾ ਦਰਵਾਜ਼ਾ ਖੋਲ੍ਹ ਦਿੱਤਾ। ਪੁਲਸੀਏ ਬੁਖਲਾਹਟ ਵਿੱਚ ਗਿੱਧ ਵਾਂਗ ਆਪ ਉੱਪਰ ਝਪਟੇ ਤੇ ਆਪ ਦੇ ਹੱਥ ਬੰਨ੍ਹ ਕੇ ਪਲਾਂ ਵਿੱਚ ਹੀ ਆਪ ਨੂੰ ਇੱਕ ਜਿਪਸੀ ਵਿੱਚ ਸੁੱਟ ਲਿਆ ਗਿਆ। ਘੂਕ ਪਾਉਂਦਾ ਜਿਪਸੀਆਂ ਦਾ ਇਹ ਕਾਫ਼ਲਾ ਲੁਧਿਆਣੇ ਵੱਲ ਰਵਾਨਾ ਹੋ ਗਿਆ। ਪਟਿਆਲੇ ਦੀ ਹੱਦ ਉਲੰਘ ਕੇ ਲੁਧਿਆਣਾ ਪੁਲੀਸ ਨੇ ਪਟਿਆਲਾ ਪੁਲੀਸ ਨੂੰ ਭਾਈ ਸੁਖਦੇਵ ਸਿੰਘ ਬੱਬਰ ਦੀ ਗ੍ਰਿਫ਼ਤਾਰੀ ਬਾਰੇ ਦੱਸ ਕੇ ਉਸ ਦੇ ਪਰਿਵਾਰ ਨੂੰ ਕਾਬੂ ਕਰਨ ਬਾਰੇ ਕਿਹਾ।

ਲੁਧਿਆਣੇ ਲਿਆ ਕੇ ਭਾਈ ਸੁਖਦੇਵ ਸਿੰਘ ਬੱਬਰ ਉੱਪਰ ਅੰਨ੍ਹਾਂ ਤਸ਼ੱਦਦ ਕੀਤਾ ਗਿਆ। ਆਪ ਦਾ ਝੂਠਾ ਮੁਕਾਬਲਾ ਬਣਾਉਣ ਬਾਰੇ ਤਾਂ ਪਹਿਲਾਂ ਹੀ ਫ਼ੈਸਲਾ ਕਰ ਲਿਆ ਗਿਆ ਸੀ, ਇਸ ਲਈ ਇਸੇ ਰਾਤ-ਰਾਤ ਵਿੱਚ ਭਾਈ ਸੁਖਦੇਵ ਸਿੰਘ ਬੱਬਰ ਦੀ ਛਾਤੀ ਅੰਦਰ ਕੈਦ ਹਰ ਇੱਕ ਭੇਤ ਬਾਹਰ ਕਢਵਾਉਣ ਲਈ ਇਕੱਠੇ ਹੋਏ ਬੁੱਚੜਾਂ ਨੇ ਆਪਣਾ ਸਾਰਾ ਜ਼ੋਰ ਲਾ ਦਿੱਤਾ; ਪਰ ਉਹ ਇੱਕ ਵੀ ਭੇਤ ਬਾਹਰ ਨਾ ਕਢਵਾ ਸਕੇ। ਤਤਕਾਲੀ ਪੁਲੀਸ ਮੁਖੀ ਕੇ.ਪੀ.ਐਸ. ਗਿੱਲ ਹੰਗਾਮੀ ਹਾਲਤ ਵਿੱਚ ਸਾਰੇ ਰੁਝੇਵੇਂ ਰੱਦ ਕਰ ਕੇ ਲੁਧਿਆਣੇ ਪਹੁੰਚਿਆ। ਪੁਲੀਸ ਦੇ ਅੰਦਰੋਂ ਭਰੋਸੇਯੋਗ ਸੂਤਰਾਂ ਤੋਂ ਪ੍ਰਾਪਤ ਹੋਈ ਜਾਣਕਾਰੀ ਅਨੁਸਾਰ ਕੇ.ਪੀ.ਐਸ. ਗਿੱਲ ਨੇ ਆਉਂਦਿਆਂ ਹੀ ਭਾਈ ਸੁਖਦੇਵ ਸਿੰਘ ਬੱਬਰ ਦੇ ਸਾਮ੍ਹਣੇ ਆ ਕੇ ਤਸ਼ੱਦਦ ਨਾਲ ਝੰਬੇ ਹੋਏ ਭਾਈ ਸੁਖਦੇਵ ਸਿੰਘ ਬੱਬਰ ਨੂੰ ਹੰਕਾਰੇ ਹੋਏ ਅੰਦਾਜ਼ ਵਿੱਚ ਸਵਾਲ ਕੀਤਾ:

"ਹਾਂ ਓਏ, ਕੌਣ ਆਂ ਤੂੰ...?"

ਭਾਈ ਸੁਖਦੇਵ ਸਿੰਘ ਬੱਬਰ ਨੇ ਪੂਰੀ ਨਿਰਭੈਤਾ ਅਤੇ ਦਾਰਸ਼ਨਿਕ ਅੰਦਾਜ਼ ਵਿੱਚ ਗੜ੍ਹਕ ਕੇ ਜਵਾਬ ਦਿੱਤਾ- "ਕੁਝ ਸਮਾਂ ਪਹਿਲਾਂ ਤਾਂ ਬੱਬਰ ਖ਼ਾਲਸਾ ਦਾ ਚੀਫ ਸਾਂ, ਪਰ ਹੁਣ ਇੱਕ ਲਾਸ਼.....।"

ਭਾਈ ਸੁਖਦੇਵ ਸਿੰਘ ਬੱਬਰ ਦੇ ਇਸ ਚੜ੍ਹਦੀ ਕਲਾ ਵਾਲ਼ੇ ਜਵਾਬ ਨਾਲ ਕੇ.ਪੀ.ਐਸ. ਗਿੱਲ ਸੜ-ਬਲ ਗਿਆ, ਪਰ ਆਪਣੀ ਹੈਂਕੜ ਨੂੰ ਕਾਇਮ ਰੱਖਦਿਆਂ ਕਹਿਣ ਲੱਗਾ- "ਲਾਸ਼ ਨਈਂ, ਅਜੇ ਲਾਸ਼ ਬਣਨੈਂ, ਪਰ ਪਹਿਲਾਂ ਆਪਣੇ ਨਾਲ਼ਦਿਆਂ ਬਾਰੇ ਵੀ ਦੱਸਣੈ....।"

ਭਾਈ ਸੁਖਦੇਵ ਸਿੰਘ ਬੱਬਰ ਨੇ ਵਿਅੰਗ ਭਰੇ ਢੰਗ ਨਾਲ਼ ਮੁਸਕਰਾ ਕੇ ਕਿਹਾ:

"ਇਹ ਸਿੰਘਾਂ ਦਾ ਕੰਮ ਨ੍ਹੀਂ....।"

ਕੇ.ਪੀ.ਐਸ. ਗਿੱਲ ਕਹਿੰਦਾ- "ਤੈਨੂੰ ਪਤੈ ਤੇਰਾ ਹਸ਼ਰ ਕੀ ਹੋਣੈ...?"

ਭਾਈ ਸੁਖਦੇਵ ਸਿੰਘ ਬੱਬਰ ਦਾ ਜਵਾਬ ਸੀ:

"ਹੋਰ ਅਸੀਂ ਹਸ਼ਰ ਦਾ ਪਤਾ ਹੋਣ ਤੋਂ ਬਿਨਾਂ ਹੀ ਤੇ ਨਹੀਂ ਇਸ ਰਾਹ 'ਤੇ ਤੁਰੇ ਹੋਏ ਆਂ...।"

ਹੁਣ ਕੇ.ਪੀ.ਐਸ. ਗਿੱਲ ਦੀ ਹਾਜ਼ਰੀ ਵਿੱਚ ਤਸ਼ੱਦਦ ਦਾ ਨਵਾਂ ਦੌਰ ਸ਼ੁਰੂ ਹੋਇਆ। ਸਾਰੇ ਹੀ ਬੁੱਚੜ ਪੁਲਸੀਏ ਆਪਣਾ ਪੂਰਾ ਜ਼ੋਰ ਲਾ-ਲਾ ਕੇ ਹੰਭ ਗਏ। ਭਾਈ ਸਾਹਿਬ ਉੱਪਰ ਏਨਾ ਜ਼ਿਆਦਾ ਤਸ਼ੱਦਦ ਕੀਤਾ ਗਿਆ ਕਿ ਇਸ ਤਸ਼ੱਦਦ ਨਾਲ਼ ਹੀ ਭਾਈ ਸਾਹਿਬ ਸ਼ਹਾਦਤ ਦਾ ਜਾਮ ਪੀ ਗਏ। ਅਗਲੇ ਦਿਨ ਆਪ ਦੇ 9 ਅਗਸਤ 1992 ਨੂੰ ਸਵੇਰੇ ਪੰਜ ਵਜੇ ਸਾਹਨੇਵਾਲ਼ ਕੋਲ ਇੱਕ ਪੁਲੀਸ ਮੁਕਾਬਲੇ ਵਿੱਚ ਆਪ ਦੇ ਮਾਰੇ ਜਾਣ ਦਾ ਐਲਾਨ ਕੀਤਾ ਗਿਆ।

ਪੁਲੀਸ ਮੁਖੀ ਕੇ.ਪੀ.ਐਸ. ਗਿੱਲ ਨੇ ਪੱਤਰਕਾਰਾਂ ਨੂੰ ਜੋ ਕਹਾਣੀ ਦੱਸੀ, ਉਹ ਇਸ ਤਰ੍ਹਾਂ ਸੀ:

"9 ਅਗਸਤ (1992) ਨੂੰ ਸਵੇਰੇ 5 ਵਜੇ ਸਾਹਨੇਵਾਲ਼-ਡੇਹਲੋਂ ਸੜਕ 'ਤੇ ਇੱਕ ਸੂਏ 'ਤੇ ਨਾਕਾ ਲਾਈ ਬੈਠੀ ਪੁਲੀਸ ਦੀ ਟੁਕੜੀ ਨੇ ਇੱਕ ਮਰੂਤੀ ਕਾਰ (ਨੰਬਰ CH-01F 1607) ਡੇਹਲੋਂ ਵੱਲੋਂ ਆਉਂਦੀ ਵੇਖੀ। ਟਾਰਚ ਵਿਖਾ ਕੇ ਕਾਰ ਰੋਕਣ ਲਈ ਕਿਹਾ ਗਿਆ। ਕਾਰ ਰੁਕ ਗਈ, ਕਾਰ ਦੇ ਅੰਦਰੋਂ ਦੋ ਸਿੱਖ ਨੌਜਵਾਨ ਬਾਹਰ ਨਿਕਲ਼ ਆਏ ਤੇ ਪੁਲੀਸ 'ਤੇ ਫ਼ਾਇਰਿੰਗ ਕਰਦੇ ਹੋਏ ਖੇਤਾਂ ਵੱਲ ਭੱਜ ਨਿਕਲ਼ੇ। ਪੁਲੀਸ ਨੇ ਆਪਣੇ ਬਚਾਅ ਲਈ ਜਵਾਬੀ ਫ਼ਾਇਰਿੰਗ ਕੀਤੀ। ਅੱਧਾ ਘੰਟਾ ਮੁਕਾਬਲਾ ਹੁੰਦਾ ਰਿਹਾ। ਜਦੋਂ ਫ਼ਾਇਰਿੰਗ ਬੰਦ ਹੋਈ ਤਾਂ ਖੇਤਾਂ 'ਚੋਂ ਇੱਕ ਲਾਸ਼ ਮਿਲ਼ੀ, ਜਿਸ ਦੀ ਸ਼ਨਾਖਤ ਉਸ ਦੀ ਜੇਬ 'ਚੋਂ ਮਿਲ਼ੀ ਡਾਇਰੀ ਤੋਂ ਹੋਈ, ਜਿਸ 'ਤੇ ਉਸ ਦਾ ਸਿਰਨਾਂਵਾਂ ਸੁਖਦੇਵ ਸਿੰਘ ਬੱਬਰ ਉਰਫ਼ ਸੁੱਖਾ ਉਰਫ਼ ਜਗਤਾਰ ਸਿੰਘ ਪੁੱਤਰ ਜਿੰਦਾ ਸਿੰਘ ਵਾਸੀ ਪਿੰਡ ਦਾਸੂਵਾਲ਼, ਪੁਲੀਸ ਥਾਣਾ ਵਲਟੋਹਾ ਲਿਖਿਆ ਸੀ। ਮਿਰਤਕ ਕੋਲੋਂ ਇੱਕ ਏ.ਕੇ. ਸੰਤਾਲ਼ੀ ਰਾਈਫ਼ਲ, ਇੱਕ ਖਾਲੀ ਮੈਗਜ਼ੀਨ ਤੇ 6 ਰੌਂਦ ਮਿਲ਼ੇ। ਦੂਜਾ ਖਾੜਕੂ ਦੌੜਨ ਵਿੱਚ ਸਫਲ ਹੋ ਗਿਆ।"

ਪੁਲੀਸ ਮੁਖੀ ਦੀ ਇਹ ਕਹਾਣੀ ਬਹੁਤ ਹੀ ਹਾਸੋਹੀਣੀ ਸੀ। ਪੱਤਰਕਾਰਾਂ ਨੂੰ ਇਲਾਕੇ ਦੇ ਲੋਕਾਂ ਨੇ ਦੱਸਿਆ ਕਿ ਅਸੀਂ ਸਵੇਰੇ ਸਿਰਫ਼ 5-6 ਗੋਲ਼ੀਆਂ ਚੱਲਣ ਦੀ ਅਵਾਜ਼ ਹੀ ਸੁਣੀ ਸੀ। ਕਈ ਇਮਾਨਦਾਰ ਪੱਤਰਕਾਰਾਂ ਨੇ ਇਸ ਕਹਾਣੀ ਦੇ ਬਖੀਏ ਉਧੇੜ ਕੇ ਰੱਖ ਦਿੱਤੇ। ਜਿਸ ਜਰਨੈਲ ਨੇ ਕਈ ਸਾਲ ਪਟਿਆਲ਼ੇ ਵਿੱਚ ਰਹਿੰਦਿਆਂ ਆਪਣੀ ਅਸਲ ਪਛਾਣ ਲੁਕਾਈ ਰੱਖੀ, ਉਹ ਜਰਨੈਲ ਆਪਣੇ ਅਸਲੀ ਨਾਂ-ਪਤੇ ਵਾਲੀ ਡਾਇਰੀ ਭਲਾ ਜੇਬ ਵਿੱਚ ਕਿਵੇਂ ਰੱਖ ਸਕਦਾ ਸੀ? ਫਿਰ ਪੁਲੀਸ ਦੀ ਕਹਾਣੀ ਵਿੱਚ ਇਹ ਵੀ ਸੀ ਕਿ ਓਥੋਂ ਮਿਲ਼ੀ ਕਾਰ ਦਾ ਸ਼ੀਸ਼ਾ ਗੋਲ਼ੀਆਂ ਨਾਲ਼ ਟੁੱਟਾ ਸੀ ਤੇ ਸੀਟ 'ਤੇ ਕਾਲ਼ੇ ਰੰਗ ਦੀ ਦਸਤਾਰ ਪਈ ਸੀ ਤੇ ਨਾਲ਼ ਹੀ ਪਿਛਲੀ ਸੀਟ 'ਤੇ ਖ਼ੂਨ ਦੇ ਨਿਸ਼ਾਨ ਵੀ ਸਨ। ਪੁਲੀਸ ਦੀ ਕਹਾਣੀ ਮੁਤਾਬਿਕ ਹੀ ਦੋਵੇਂ ਨੌਜਵਾਨ ਕਾਰ 'ਚੋਂ ਸਹੀ

ਸਲਾਮਤ ਨਿਕਲ ਕੇ ਪੁਲੀਸ 'ਤੇ ਫ਼ਾਇਰਿੰਗ ਕਰਦੇ ਖੇਤਾਂ 'ਚ ਵੜ ਗਏ ਸਨ, ਫਿਰ ਕਾਰ 'ਚ ਖ਼ੂਨ ਕਿਸ ਦਾ ਡੁੱਲ੍ਹਾ ਸੀ? ਪਰ ਪੁਲੀਸ ਨੂੰ ਏਨੀ ਖੁੱਲ੍ਹ ਮਿਲ ਚੁੱਕੀ ਸੀ ਕਿ ਉਸ ਨੂੰ ਕੋਈ ਪਰਵਾਹ ਨਹੀਂ ਸੀ ਕਿ ਉਸ ਦੀ ਬਣਾਈ ਝੂਠੀ ਕਹਾਣੀ ਆਪਾ ਵਿਰੋਧੀ ਹੈ; ਹਕੀਕਤ ਇਹ ਸੀ ਕਿ ਪੁਲੀਸ ਨੇ ਭਾਈ ਸੁਖਦੇਵ ਸਿੰਘ ਬੱਬਰ ਨੂੰ ਗ੍ਰਿਫ਼ਤਾਰ ਕਰ ਲਿਆ ਸੀ ਤੇ ਉਹ ਜਰਨੈਲ ਤਸੀਹੇ ਸਹਿੰਦਾ ਹੋਇਆ ਸ਼ਹੀਦ ਹੋ ਗਿਆ ਸੀ।

ਕੋਈ ਦੋ ਰਾਵਾਂ ਨਹੀਂ ਕਿ ਬੱਬਰ ਖ਼ਾਲਸਾ ਜਥੇਬੰਦੀ ਜੇਕਰ ਅੱਜ ਵੀ ਹਿੰਦ ਸਰਕਾਰ ਵੱਲੋਂ ਖ਼ਤਰਨਾਕ ਮੰਨੀ ਜਾਂਦੀ ਹੈ ਤਾਂ ਇਸ ਦਾ ਸਿਹਰਾ ਕਾਫ਼ੀ ਹੱਦ ਤਕ ਭਾਈ ਸੁਖਦੇਵ ਸਿੰਘ ਬੱਬਰ ਦੀ ਜਰਨੈਲੀ ਨੂੰ ਵੀ ਜਾਂਦਾ ਹੈ।

* * * * *

ਸਿੱਖ ਸੰਘਰਸ਼ ਦਾ ਬਾਬਾ ਬੋਹੜ

ਸ਼ਹੀਦ ਬਾਬਾ ਗੁਰਬਚਨ ਸਿੰਘ ਮਾਨੋਚਾਹਲ

ਮੌਜੂਦਾ ਸਿੱਖ ਸੰਘਰਸ਼ ਅੰਦਰ ਪਹਿਲੀ ਸਿੱਖ ਜੁਝਾਰੂ ਲਹਿਰ ਦਾ ਅਰੰਭ ਸੰਨ 1978 ਦੀ ਵਿਸਾਖੀ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਤਿਕਾਰ ਕਾਇਮ ਰੱਖਣ ਲਈ ਤੁਰੇ ਗੁਰਸਿੱਖਾਂ ਦੇ ਕਾਫ਼ਲੇ ਤੇ ਹਕੂਮਤੀ ਸ਼ਹਿ ਉੱਪਰ ਹੋਈ ਗੋਲੀਆਂ ਦੀ ਵਾਛੜ ਨਾਲ ਹੋਇਆ ਸੀ। ਸਰਕਾਰ ਦੀ ਅਰੰਭ ਕੀਤੀ ਇਹ ਗੋਲੀਆਂ ਦੀ ਖੇਡ ਸੰਨ 1993 ਤਕ ਕਦੇ ਮੱਠੀ ਕਦੇ ਤੇਜ਼ ਨਿਰੰਤਰ ਚੱਲਦੀ ਰਹੀ। ਇਹਨਾਂ ਪੰਦਰਾਂ ਸਾਲਾਂ ਦੇ ਵਕਫ਼ੇ ਵਿੱਚ ਹਜ਼ਾਰਾਂ ਸਿੰਘ-ਸਿੰਘਣੀਆਂ ਨੇ ਰਣ-ਤੱਤੇ ਵਿੱਚ ਧਰਮ ਹੇਤ ਜੂਝਦੇ ਹੋਏ ਸ਼ਹਾਦਤ ਦੇ ਜਾਮ ਪੀਤੇ। ਬਾਬਾ ਗੁਰਬਚਨ ਸਿੰਘ ਮਾਨੋਚਾਹਲ ਇਹਨਾਂ ਸ਼ਹੀਦਾਂ ਵਿੱਚੋਂ ਅਜਿਹੇ ਨਿਵੇਕਲੇ ਸ਼ਹੀਦ ਹਨ, ਜੋ ਸੰਨ 1978 ਵਿੱਚ ਸਰਕਾਰੀ ਗੋਲੀਆਂ ਦੀ ਪਹਿਲੀ ਵਾਛੜ ਆਪਣੇ ਜਿਸਮ 'ਤੇ ਝੱਲ ਕੇ ਇੱਕ ਜ਼ਖ਼ਮੀ ਸ਼ੇਰ ਵਾਂਗ ਸਿੱਖ ਸੰਘਰਸ਼ ਵਿੱਚ ਕੁੱਦੇ ਤੇ ਸੰਨ 1993 ਵਿੱਚ ਪੂਰੀ ਸਰਕਾਰੀ ਮਸ਼ੀਨਰੀ ਦੀ ਪਹਿਲੀ ਲਹਿਰ ਦੇ ਸਿੱਖ ਜੁਝਾਰੂ ਯੋਧਿਆਂ ਉੱਪਰ ਗੋਲੀਆਂ ਦੀ ਅੰਤਮ ਵਾਛੜ ਨੂੰ ਆਪਣੇ ਸਰੀਰ 'ਤੇ ਝੱਲ ਕੇ ਸ਼ਹੀਦ ਹੋਏ।

ਬਾਬਾ ਗੁਰਬਚਨ ਸਿੰਘ ਦਾ ਜਨਮ ਸੰਨ 1954 ਈਸਵੀ 'ਚ ਮਾਤਾ ਗੁਰਮੇਜ ਕੌਰ ਦੀ ਕੁੱਖੋਂ ਸ. ਆਤਮਾ ਸਿੰਘ ਦੇ ਗ੍ਰਹਿ ਵਿਖੇ ਪਿੰਡ ਮਾਨੋਚਾਹਲ ਕਲਾਂ ਵਿੱਚ ਹੋਇਆ। ਪੰਜਵੀਂ ਕਲਾਸ ਤਕ ਸਿੱਖਿਆ ਆਪ ਨੇ ਮਾਨੋਚਾਹਲ ਪਿੰਡ ਦੇ ਪ੍ਰਾਇਮਰੀ ਸਕੂਲ ਤੋਂ ਪ੍ਰਾਪਤ ਕੀਤੀ। ਛੇਵੀਂ ਤੋਂ ਨੌਵੀਂ ਕਲਾਸ ਤਕ ਗੁਰੂ ਅਰਜਨ ਦੇਵ ਖ਼ਾਲਸਾ ਹਾਈ ਸਕੂਲ ਅਗਾੜਾ ਪਿਛਾੜਾ ਵਿਖੇ ਪੜ੍ਹੇ। ਦਸਵੀਂ ਕਲਾਸ ਆਪ ਨੇ ਨੌਸ਼ਹਿਰੇ ਕੀਤੀ। ਸਕੂਲ ਵਿੱਚ ਲੜਕੀਆਂ ਨੂੰ ਛੇੜਨ ਵਾਲੇ ਕੁਝ ਸ਼ਰਾਰਤੀ ਲੜਕਿਆਂ ਨੂੰ ਫੜ ਕੇ ਕੁੱਟਣ ਕਾਰਨ ਬਚਪਨ ਵਿੱਚ ਹੀ ਆਪ ਜੀ ਨੂੰ 'ਬਾਬਾ' ਕਹਿ ਕੇ ਬੁਲਾਇਆ ਜਾਣ ਲੱਗਾ, ਹਾਲਾਂਕਿ ਆਪ ਨੇ ਅੰਮ੍ਰਿਤ ਨਹੀਂ ਸੀ ਛਕਿਆ।

ਫ਼ੌਜ 'ਚ

ਦਸਵੀਂ ਤੋਂ ਬਾਅਦ ਆਪ ਫ਼ੌਜ ਵਿੱਚ ਸਿਪਾਹੀ ਭਰਤੀ ਹੋ ਗਏ। ਓਦੋਂ ਆਪ ਮੰਗੇ ਸ਼ਾਹ ਦੀ ਕਬਰ ਦੀ ਪੂਜਾ ਵਿੱਚ ਵੀ ਯਕੀਨ ਰੱਖਦੇ ਸਨ। ਫਿਰ ਫ਼ੌਜ ਵਿੱਚੋਂ ਹੀ ਇੱਕ ਗੁਰਮੁਖ ਸਿਪਾਹੀ ਨੇ ਆਪ ਨੂੰ ਸਿੱਖੀ ਵੱਲ ਪ੍ਰੇਰਿਆ ਤਾਂ ਆਪ ਸਿੱਖੀ ਦੇ ਅਸੂਲਾਂ ਦੇ ਕਾਇਲ ਹੋ ਗਏ। ਫਿਰ ਆਪ ਦੀ ਜ਼ਿੰਦਗੀ ਵਿੱਚ ਇੱਕ ਘਟਨਾ ਘਟੀ। ਆਪ ਛਾਉਣੀ ਵਿੱਚ ਇੱਕ ਵਾਰ ਪਾਠ ਕਰ

ਰਹੇ ਸਨ, ਜਿਸ ਕਾਰਨ ਆਪਣੇ ਦੌਰੇ 'ਤੇ ਆਏ ਅਫ਼ਸਰ ਦੇ ਸਨਮਾਨ ਲਈ ਖੜ੍ਹੇ ਨਾ ਹੋਏ ਤੇ ਨਾ ਹੀ ਸਲੂਟ ਮਾਰਿਆ। ਅਫ਼ਸਰ ਨੇ ਗਾਲ਼ ਕੱਢ ਦਿੱਤੀ। ਆਪ ਨੇ ਗੁਟਕਾ ਰੱਖ ਕੇ ਉਸੇ ਵੇਲੇ ਉਸ ਹੈਂਕੜਬਾਜ਼ ਅਫ਼ਸਰ ਨੂੰ ਸੋਧਾ ਲਾ ਦਿੱਤਾ, ਜਿਸ ਕਾਰਨ ਆਪ ਦਾ ਕੋਰਟ ਮਾਰਸ਼ਲ ਕਰ ਕੇ ਆਪ ਨੂੰ ਜੇਲ੍ਹ ਭੇਜ ਦਿੱਤਾ ਗਿਆ। ਆਪ ਦੇ ਜੇਲ੍ਹ ਵਿੱਚ ਹੋਣ ਦੌਰਾਨ ਹੀ ਇਨਕੁਆਰੀ ਵਿੱਚ ਆਪ ਨਿਰਦੋਸ਼ ਮੰਨੇ ਗਏ ਤੇ ਆਪ ਨੂੰ ਵਾਪਸ ਰੈਜਮੈਂਟ ਵਿੱਚ ਲਿਜਾਣ ਲਈ ਆਪ ਤਕ ਪਹੁੰਚ ਕੀਤੀ ਗਈ, ਪਰ ਆਪ ਨੇ ਵਾਪਸ ਫ਼ੌਜ ਵਿੱਚ ਜਾਣ ਤੋਂ ਨਾਂਹ ਕਰ ਦਿੱਤੀ ਤੇ ਪਿੰਡ ਆ ਗਏ।

ਦਮਦਮੀ ਟਕਸਾਲ ਵਿੱਚ

ਪਿੰਡ ਵਿੱਚ ਹੀ ਆਪ ਇੱਕ ਵਾਰ ਪ੍ਰਚਾਰ ਦੌਰੇ 'ਤੇ ਆਏ ਸੰਤ ਕਰਤਾਰ ਸਿੰਘ ਜੀ ਖ਼ਾਲਸਾ ਭਿੰਡਰਾਂਵਾਲ਼ਿਆਂ ਦੇ ਵਿਚਾਰ ਸੁਣਨ ਤੋਂ ਬਾਅਦ ਪੱਕੇ ਤੌਰ 'ਤੇ ਦਮਦਮੀ ਟਕਸਾਲ ਨਾਲ਼ ਜੁੜ ਗਏ ਤੇ ਮਹਿਤਾ ਚੌਕ ਵਿਖੇ ਆਪ ਦਾ ਆਉਣ ਜਾਣ ਬਣ ਗਿਆ। ਸੰਤ ਕਰਤਾਰ ਸਿੰਘ ਜੀ ਦੇ ਅਕਾਲ ਚਲਾਣੇ ਤੋਂ ਬਾਅਦ ਦਮਦਮੀ ਟਕਸਾਲ ਦੇ ਚੌਦ੍ਹਵੇਂ ਮੁਖੀ ਸੰਤ ਬਾਬਾ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲ਼ਿਆਂ ਨਾਲ਼ ਹੀ ਉਸੇ ਹੀ ਤਰ੍ਹਾਂ ਨੇੜਤਾ ਬਣੀ ਰਹੀ। ਜਦੋਂ ਨਰਕਧਾਰੀ ਟੋਲੇ ਨੇ ਸੰਨ 1978 ਵਿੱਚ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਸਰਕਾਰੀ ਸ਼ਹਿ 'ਤੇ ਕੁਫ਼ਰ ਤੋਲਣਾ ਸ਼ੁਰੂ ਕੀਤਾ ਤਾਂ ਉਹਨਾਂ ਨੂੰ ਰੋਕਣ ਤੁਰੇ ਮਰਜੀਵੜਿਆਂ ਦੇ ਕਾਫ਼ਲੇ ਵਿੱਚ ਬਾਬਾ ਮਾਨੋਚਾਹਲ ਵੀ ਸ਼ਾਮਲ ਸਨ। ਨਰਕਧਾਰੀ ਬੁੱਚੜਾਂ ਵੱਲੋਂ ਚਲਾਈਆਂ ਗੋਲ਼ੀਆਂ ਨਾਲ਼ ਜਿੱਥੇ ਭਾਈ ਫ਼ੌਜਾ ਸਿੰਘ ਸਮੇਤ 13 ਸਿੰਘ ਸ਼ਹੀਦ ਹੋ ਗਏ, ਓਥੇ ਕਈ ਜ਼ਖ਼ਮੀ ਵੀ ਹੋਏ। ਜ਼ਖ਼ਮੀ ਹੋਣ ਵਾਲ਼ਿਆਂ ਵਿੱਚ ਬਾਬਾ ਗੁਰਬਚਨ ਸਿੰਘ ਮਾਨੋਚਾਹਲ ਵੀ ਸੀ। ਆਪ ਦੀ ਬਾਂਹ 'ਤੇ ਗੋਲ਼ੀ ਲੱਗੀ ਸੀ। ਨਰਕਧਾਰੀਆਂ ਦੀਆਂ ਚਲਾਈਆਂ ਇਹਨਾਂ ਗੋਲ਼ੀਆਂ ਨੇ ਸੂਰਬੀਰ ਸਿੱਖਾਂ ਦੇ ਦਿਲਾਂ ਅੰਦਰ ਅੱਗ ਦੇ ਭਾਂਬੜ ਬਾਲ਼ ਦਿੱਤੇ, ਜੋ ਕਿ ਨਰਕਧਾਰੀਆਂ ਤੇ ਉਹਨਾਂ ਦੇ ਮਾਲਕਾਂ ਦਿੱਲੀ ਦੇ ਹਾਕਮਾਂ ਦੀ ਸਲਤਨਤ ਨੂੰ ਸਾੜ ਕੇ ਸੁਆਹ ਕਰ ਦੇਣ ਲਈ ਬੇਤਾਬ ਸਨ।

ਇਸ ਸਾਕੇ ਤੋਂ ਬਾਅਦ ਆਪ ਦੀ ਸੰਤਾਂ ਨਾਲ਼ ਨੇੜਤਾ ਹੋਰ ਵਧ ਗਈ। ਆਪ ਸੰਤਾਂ ਦੇ ਕੁਝ ਕੁ ਵਿਸ਼ਵਾਸਯੋਗ ਸਿੰਘਾਂ ਵਿੱਚ ਗਿਣੇ ਜਾਣ ਲੱਗੇ। ਉਸ ਤੋਂ ਬਾਅਦ ਆਪ ਨੇ ਨੌਸ਼ਹਿਰੇ ਵਿਖੇ ਖੋਜ ਦੌਰਾਨ ਲੱਭੇ ਭਾਈ ਧੰਨਾ ਸਿੰਘ ਜੀ ਦੇ ਗੁਰਦੁਆਰੇ ਦੀ ਉਸਾਰੀ ਲਈ ਸੇਵਾ ਸੰਭਾਲ਼ ਲਈ। ਇਸ ਲਈ ਆਪ ਨੇ ਅਣਥੱਕ ਮਿਹਨਤ ਕੀਤੀ। ਇੱਥੇ ਹੀ ਸੇਵਾ ਕਰਦਿਆਂ ਇੱਕ ਵਾਰ ਸੰਤਾਂ ਨਾਲ਼ ਨੇੜਤਾ ਹੋਣ ਕਾਰਨ ਪੁਲੀਸ ਪਾਰਟੀ ਆਪ ਨੂੰ ਗ੍ਰਿਫ਼ਤਾਰ ਕਰਨ ਆ ਪਹੁੰਚੀ। ਆਪ ਕੱਪੜੇ ਲੈਣ ਦੇ ਬਹਾਨੇ ਗੁਰਦੁਆਰਾ ਸਾਹਿਬ ਦੇ ਅੰਦਰ ਗਏ ਤੇ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ 'ਚ ਮੱਥਾ ਟੇਕ ਕੇ ਓਥੋਂ ਕਿਰਪਾਨ ਚੁੱਕ ਲਿਆਏ। ਆਪ ਨੇ ਨੰਗੀ ਕਿਰਪਾਨ ਹੱਥ ਵਿੱਚ ਫੜ ਕੇ ਪੁਲੀਸ ਵਾਲ਼ਿਆਂ ਨੂੰ ਲਲਕਾਰਿਆ ਕਿ ਜੇ ਉਹਨਾਂ ਵਿੱਚ ਹਿੰਮਤ ਹੈ ਤਾਂ ਉਹ ਅੱਗੇ ਵਧ ਕੇ ਮੈਨੂੰ ਗ੍ਰਿਫ਼ਤਾਰ ਕਰ ਲੈਣ। ਪੁਲੀਸ ਵਾਲੇ ਘਬਰਾ ਗਏ। ਫਿਰ ਪਿੰਡ ਦੇ ਪਤਵੰਤਿਆਂ ਨੇ ਵਿੱਚ ਪੈ ਕੇ ਕੋਈ ਰਾਹ ਕੱਢਿਆ ਤੇ ਪੁਲੀਸ ਵਾਪਸ ਪਰਤ ਗਈ।

ਆਪ ਸੰਤਾਂ ਦੇ ਨੇੜੇ ਰਹਿੰਦੇ ਹੋਏ, ਉਹਨਾਂ ਦੇ ਹਰ ਕੰਮ ਵਿੱਚ ਪੂਰਨ ਸਹਿਯੋਗ ਦਿੰਦੇ ਰਹੇ। ਬੰਬਈ ਵਿੱਚ ਜਦੋਂ ਸੰਤਾਂ ਨੂੰ ਗ੍ਰਿਫ਼ਤਾਰ ਕਰਨ ਲਈ ਘੇਰਾ ਪਾਇਆ ਤਾਂ ਪੁਲੀਸ ਦੀਆਂ ਅੱਖਾਂ

ਵਿੱਚ ਘੱਟਾ ਪਾਉਣ ਲਈ ਆਪ ਹੀ ਸੰਤਾਂ ਦੀ ਥਾਂ ਪਲੰਘ 'ਤੇ ਮੂੰਹ ਲੁਕਾ ਕੇ ਲੇਟੇ ਰਹੇ ਤੇ ਸੰਤ ਜਰਨੈਲ ਸਿੰਘ ਜੀ ਰਾਤੋ ਰਾਤ ਵਾਪਸ ਪੁੱਜ ਗਏ। ਜੂਨ 1984 ਤੋਂ ਕੁਝ ਸਮਾਂ ਪਹਿਲਾਂ ਹੀ ਸੰਤ ਜਰਨੈਲ ਸਿੰਘ ਜੀ ਨੇ ਬਾਬਾ ਮਾਨੋਚਾਹਲ ਨੂੰ ਕੁਝ ਜ਼ਰੂਰੀ ਹਦਾਇਤਾਂ ਕਰ ਕੇ ਇਹ ਕਿਹਾ ਸੀ ਕਿ ਜਦੋਂ ਤਕ ਬੁਲਾਇਆ ਨਾ ਜਾਵੇ, ਤੁਸੀਂ ਖੁਦ ਨਹੀਂ ਆਉਣਾ।

ਘਲੂਘਾਰੇ ਤੋਂ ਬਾਅਦ

ਦਰਬਾਰ ਸਾਹਿਬ 'ਤੇ ਹਮਲੇ ਵੇਲੇ ਆਪ ਪਿੰਡ ਹੀ ਸਨ, ਜਦੋਂ ਹਮਲੇ ਦੀ ਖ਼ਬਰ ਸੁਣ ਕੇ ਸਿੱਖ ਜਥਿਆਂ ਦੇ ਰੂਪ ਵਿੱਚ ਸ੍ਰੀ ਦਰਬਾਰ ਸਾਹਿਬ ਵੱਲ ਧਾਅ ਪਏ। ਆਪ ਨੇ ਅਜਿਹੇ ਜਥਿਆਂ ਨੂੰ ਉਚੇਚੇ ਸੁਨੇਹੇ ਭੇਜੇ ਕਿ ਇਸ ਤਰ੍ਹਾਂ ਤੁਸੀਂ ਭੰਗ ਦੇ ਭਾੜੇ ਟੈਂਕਾਂ ਤੋਪਾਂ ਦਾ ਨਿਸ਼ਾਨਾ ਕਿਉਂ ਬਣਦੇ ਓ, ਇਹੀ ਤਾਂ ਇਹ (ਦੁਸ਼ਮਣ) ਚਾਹੁੰਦੇ ਨੇ...ਤੁਸੀਂ ਵਾਪਸ ਆਓ, ਹਥਿਆਰ ਸਾਡੇ ਤੋਂ ਲਓ ਤੇ ਸੰਤਾਂ ਦੇ ਹੁਕਮ ਅਨੁਸਾਰ ਸੰਘਰਸ਼ ਨੂੰ ਅੱਗੇ ਤੋਰੀਏ....।

ਤੇ ਫਿਰ ਬਾਬਾ ਮਾਨੋਚਾਹਲ ਨੇ ਆਪਣੇ ਤੌਰ 'ਤੇ ਸੰਘਰਸ਼ ਅਰੰਭ ਕਰ ਦਿੱਤਾ। ਦਰਬਾਰ ਸਾਹਿਬ 'ਤੇ ਹਮਲੇ ਦੇ ਰੋਸ ਵਜੋਂ ਬੈਰਕਾਂ ਛੱਡਣ ਵਾਲ਼ੇ ਧਰਮੀ ਫ਼ੌਜੀਆਂ ਦੀ ਆਪ ਨੇ ਰਾਜਸਥਾਨ ਦੀ ਜੇਲ੍ਹ ਵਿੱਚ ਜਾ ਕੇ ਮੁਲਾਕਾਤ ਕੀਤੀ ਤੇ ਉਹਨਾਂ ਦੀ ਸ਼ਲਾਘਾ ਅਤੇ ਹੌਸਲਾ ਅਫ਼ਜ਼ਾਈ ਕੀਤੀ। ਇਹਨਾਂ ਧਰਮੀ ਫ਼ੌਜੀਆਂ ਵਿੱਚ ਆਪ ਜੀ ਦਾ ਭਰਾ ਤਰਲੋਚਨ ਸਿੰਘ ਵੀ ਸੀ। ਰਾਜਸਥਾਨ ਤੋਂ ਵਾਪਸ ਆਉਂਦਿਆ ਹੀ ਆਪ ਆਪਣੇ ਪਿੰਡ ਆਪਣੀ ਮੋਟਰ 'ਤੇ ਰਾਤ ਰੁਕੇ ਹੋਏ ਸਨ ਕਿ ਕਿਸੇ ਮੁਖ਼ਬਰ ਦੀ ਸੂਹ 'ਤੇ ਪੁਲੀਸ ਅਤੇ ਸੀ.ਆਰ.ਪੀ. ਨੇ ਮੋਟਰ ਨੂੰ ਘੇਰਾ ਪਾ ਲਿਆ ਤੇ ਆਪ ਨੂੰ ਹੱਥ ਖੜ੍ਹੇ ਕਰ ਕੇ ਬਾਹਰ ਆ ਆਤਮ ਸਮਰਪਣ ਕਰ ਦੇਣ ਲਈ ਕਿਹਾ। ਆਪ ਨੇ ਸਾਰੇ ਹਾਲਾਤ ਦਾ ਜਾਇਜ਼ਾ ਲਿਆ। ਅੰਦਰ ਘੁੱਪ ਹਨੇਰਾ ਸੀ, ਪਹਿਲਾਂ ਆਪ ਨੇ ਅੰਦਰ ਲੱਗੇ ਹੋਏ ਤਾਲੇ ਦੀ ਚਾਬੀ ਨਾ ਲੱਭਣ ਦਾ ਬਹਾਨਾ ਲਾ ਕੇ ਪਿੰਡ ਦੇ ਸਰਪੰਚ ਰਾਹੀਂ ਟਾਰਚ ਅੰਦਰ ਮੰਗਵਾਈ, ਉਸ ਟਾਰਚ ਦੇ ਰਾਹੀਂ ਆਪਣੇ ਤੇ ਆਪਣੇ ਭਰਾ ਮਹਿੰਦਰ ਸਿੰਘ, ਦੋਹਾਂ ਦੇ ਹਥਿਆਰ ਲੋਡ ਕੀਤੇ ਤੇ ਫਿਰ ਇਕਦਮ ਦਰਵਾਜ਼ਾ ਖੋਲ੍ਹ ਕੇ ਫ਼ਾਇਰਿੰਗ ਕਰ ਦਿੱਤੀ। ਇੱਕ ਹੌਲਦਾਰ ਢੇਰੀ ਹੋ ਗਿਆ ਤੇ ਬਾਕੀ ਸਾਰੀ ਫ਼ੋਰਸ ਵਿੱਚ ਭਾਜੜ ਮੱਚ ਗਈ। ਬਾਬਾ ਮਾਨੋਚਾਹਲ ਤੇ ਉਹਨਾਂ ਦਾ ਭਰਾ ਗੋਲ਼ੀਆਂ ਚਲਾਉਂਦੇ ਹੋਏ ਪੁਲੀਸ ਦੀਆਂ ਸਫ਼ਾਂ ਚੀਰ ਕੇ ਬਚ ਨਿਕਲ਼ੇ। ਇਸ ਘਟਨਾ ਕਾਰਨ ਆਪ ਦਾ ਨਾਂ ਇਕਦਮ ਗੋਲ਼ੀ ਵਾਂਗ ਸਿੱਖ ਦੁਸ਼ਮਣਾਂ ਦੀ ਛਾਤੀ ਵਿੱਚ ਜਾ ਖੁਭਿਆ। ਪੰਥ ਦਰਦੀਆਂ ਵਿੱਚ ਬਾਬਾ ਮਾਨੋਚਾਹਲ ਰਾਤੋ-ਰਾਤ ਹੀ ਇੱਕ ਯੋਧੇ ਵਜੋਂ ਉੱਭਰ ਕੇ ਸਾਮ੍ਹਣੇ ਆ ਗਿਆ।

ਇਸ ਤੋਂ ਬਾਅਦ ਪੁਲੀਸ ਦਾ ਆਪ ਦੇ ਪਰਿਵਾਰ 'ਤੇ ਕਹਿਰ ਸ਼ੁਰੂ ਹੋ ਗਿਆ, ਪਰ ਆਪ ਪੂਰੀ ਜਾਂਬਾਜ਼ੀ ਤੇ ਦਲੇਰੀ ਨਾਲ ਦਿੱਲੀ ਤਖ਼ਤ ਵਿਰੁੱਧ ਸਿੱਖ ਜੱਦੋਜਹਿਦ ਦਾ ਸੰਚਾਲਨ ਕਰਨ ਲਈ ਜੁਟ ਗਏ। ਆਪ ਦੀਆਂ ਭਾਰਤ ਦੀਆਂ ਸੁਰੱਖਿਆ ਫ਼ੋਰਸਾਂ ਕਹਾਉਣ ਵਾਲ਼ੀਆਂ ਹਮਲਾਵਰ ਫ਼ੋਰਸਾਂ ਨਾਲ ਅਕਸਰ ਹੀ ਨਿੱਕੀਆਂ ਨਿੱਕੀਆਂ ਝੜਪਾਂ ਹੁੰਦੀਆਂ ਰਹਿੰਦੀਆਂ ਜੋ ਕਿ ਆਪ ਦੀ ਬਹਾਦਰੀ ਦੀ ਦੰਦ-ਕਥਾ ਬਣ ਕੇ ਲੋਕਾਂ ਵਿੱਚ ਨਾਲ਼ ਹੀ ਨਾਲ਼ ਫੈਲ ਜਾਂਦੀਆਂ। ਸਰਕਾਰੀ ਪੈਸੇ ਨਾਲ਼ ਉੱਸਰੀ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਇਮਾਰਤ ਨੂੰ ਢਾਹ ਕੇ ਅਕਾਲ ਤਖ਼ਤ ਸਾਹਿਬ

ਦੀ ਕਾਰ ਸੇਵਾ ਅਰੰਭਣ, ਸਰਬੱਤ ਖ਼ਾਲਸਾ ਸੰਮੇਲਨ ਆਦਿ ਵਿੱਚ ਆਪ ਦੀ ਉੱਘੀ ਭੂਮਿਕਾ ਸੀ। ਸਰਬੱਤ ਖ਼ਾਲਸਾ ਵੱਲੋਂ ਪੰਥ ਦੀ ਅਗਵਾਈ ਲਈ ਚੁਣੀ ਗਈ ਪੰਜ ਮੈਂਬਰੀ ਪੰਥਕ ਕਮੇਟੀ ਵਿੱਚ ਆਪ ਨੂੰ ਮੈਂਬਰ ਲਿਆ ਗਿਆ। ਇਸ ਵੇਲੇ ਆਪ ਨੇ ਪਰਕਰਮਾ ਅੰਦਰ 'ਸੁਧਾਰ' ਦੇ ਰੂਪ ਵਿੱਚ ਸੁਰਖੀ ਬਿੰਦੀ ਲਾ ਕੇ ਆਉਣ ਵਾਲੀਆਂ ਕੁਝ ਬੀਬੀਆਂ ਦੀ ਬਹੁਤੇ ਹੀ ਉਤਸ਼ਾਹੀ ਜੁਝਾਰੂ ਨੌਜੁਆਨਾਂ ਵੱਲੋਂ ਅਰੰਭੀ ਸਖ਼ਤੀ ਦੀ ਲਹਿਰ ਨੂੰ ਸਖ਼ਤੀ ਨਾਲ ਬੰਦ ਕਰਵਾਇਆ ਤੇ ਕਿਹਾ ਕਿ ਇਸ ਤਰ੍ਹਾਂ ਜਬਰੀ ਕਿਸੇ 'ਤੇ ਅਸੀਂ ਆਪਣਾ ਪਹਿਰਾਵਾ ਨਹੀਂ ਠੋਸ ਸਕਦੇ। ਅਜਿਹੀ ਕੋਸ਼ਿਸ਼ ਕਰਾਂਗੇ ਤਾਂ ਸਾਡੇ ਤੇ ਔਰੰਗਜ਼ੇਬ ਵਿੱਚ ਕੋਈ ਫ਼ਰਕ ਨਹੀਂ ਰਹੇਗਾ।

29 ਅਪ੍ਰੈਲ 1986 ਨੂੰ ਸ੍ਰੀ ਦਰਬਾਰ ਸਾਹਿਬ ਦੇ ਅੰਦਰੋਂ ਖ਼ਾਲਿਸਤਾਨ ਦੇ ਐਲਾਨ ਨਾਲ ਸਿੱਖ ਸੰਘਰਸ਼ ਨੂੰ ਦਬਾਉਣ ਲਈ ਦਿੱਲੀ ਤਖ਼ਤ ਨੇ ਹੋਰ ਵਧੇਰੇ ਸਖ਼ਤੀ ਦਾ ਦੌਰ ਅਰੰਭ ਦਿੱਤਾ ਤਾਂ ਆਪ ਨੇ ਭਿੰਡਰਾਂਵਾਲਾ ਟਾਈਗਰਜ਼ ਫ਼ੋਰਸ ਆਫ਼ ਖ਼ਾਲਿਸਤਾਨ ਦੀ ਸਥਾਪਨਾ ਕਰ ਲਈ ਤੇ ਸੰਘਰਸ਼ ਵਿੱਚ ਹੋਰ ਤੇਜ਼ੀ ਲੈ ਆਂਦੀ। ਪੁਲੀਸ ਆਪ ਦੀ ਪੈੜ ਲੱਭਦੀ ਹੋਈ ਕਈ ਬੇਦੋਸ਼ੇ ਪਰਿਵਾਰਾਂ ਨੂੰ ਦਰੜਨ ਲੱਗੀ, ਪਰ ਲੋਕ ਆਪ ਦਾ ਭਰਪੂਰ ਸਾਥ ਦਿੰਦੇ ਰਹੇ।

ਦਿੱਲੀ ਦਰਬਾਰ ਦੇ ਤਨਖ਼ਾਹਦਾਰ ਫ਼ੌਜੀ ਆਪ ਨੂੰ ਘੇਰਨ ਲਈ ਮੁਹਿੰਮ 'ਤੇ ਚੜ੍ਹੇ ਹੀ ਰਹਿੰਦੇ, ਪਰ ਆਪ ਹਰ ਇੱਕ ਘੇਰਾ ਤੋੜ ਕੇ ਨਿਕਲ ਜਾਂਦੇ। ਕਈ ਵਾਰ ਆਪ ਆਪਣੀ ਫੁਰਤੀ ਤੇ ਦਲੇਰੀ ਨਾਲ ਪੁਲੀਸ ਅਤੇ ਸੀ.ਆਰ.ਪੀ. ਦੇ ਸ਼ਿਕੰਜੇ ਵਿੱਚ ਫਸ ਜਾਣ ਉਪਰੰਤ ਵੀ ਬਚ ਨਿਕਲਦੇ ਰਹੇ। ਖ਼ਾਸ ਤੌਰ 'ਤੇ ਵੇਈਂ ਪੂਈਂ ਪਿੰਡ ਅਤੇ ਅੰਮ੍ਰਿਤਸਰ ਸ਼ਹਿਰ ਦੇ ਵਿੱਚ ਇੱਕ ਵਾਰ ਸੀ.ਆਰ.ਪੀ. ਦੇ ਕਾਬੂ ਆ ਜਾਣ ਤੋਂ ਬਾਅਦ ਉਹਨਾਂ ਦੀ ਚੁੰਗਲ ਵਿੱਚੋਂ ਵਰ੍ਹਦੀਆਂ ਗੋਲੀਆਂ 'ਚੋਂ ਬਚ ਨਿਕਲਣ ਦੀਆਂ ਘਟਨਾਵਾਂ ਦੰਦ ਕਥਾਵਾਂ ਬਣ ਕੇ ਇਲਾਕੇ ਵਿੱਚ ਫੈਲ ਗਈਆਂ ਸਨ। ਕੈਰੋਂ ਪਿੰਡ ਦੇ ਮੁਕਾਬਲੇ ਦੀ ਗਾਥਾ ਵੀ ਪ੍ਰਸਿੱਧ ਹੈ। ਪਰ ਸਭ ਤੋਂ ਵਧੇਰੇ ਪ੍ਰਸਿੱਧ ਵਰ੍ਹਾਣਾ ਪਿੰਡ ਦਾ ਮੁਕਾਬਲਾ ਸੀ, ਜਿਸ ਵਿੱਚ ਬਾਬਾ ਮਾਨੋਚਾਹਲ ਨੇ ਆਪਣੇ ਇੱਕ ਸਾਥੀ ਭਾਈ ਬੂਟਾ ਸਿੰਘ ਪਿੰਡ ਡੁੱਗਰੀ ਦੇ ਸ਼ਹੀਦ ਹੋ ਜਾਣ 'ਤੇ ਇੱਕ ਨੂੰ ਬਚਾ ਕੇ ਕੱਢ ਦੇਣ ਉਪਰੰਤ ਇਕੱਲਿਆਂ ਹੀ ਪੰਜ ਹਜ਼ਾਰ ਸੀ.ਆਰ.ਪੀ. ਜਵਾਨਾਂ ਦਾ ਚੌਦਾਂ ਘੰਟੇ ਮੁਕਾਬਲਾ ਕੀਤਾ ਅਤੇ ਸੀ.ਆਰ.ਪੀ. ਦੇ ਇੱਕ ਅਫ਼ਸਰ ਸਮੇਤ ਕਈ ਜਵਾਨਾਂ ਨੂੰ ਧੁਰ ਦੀ ਟਿਕਟ ਦੇ ਕੇ ਤੜਕੇ ਫ਼ੋਰਸ ਦਾ ਘੇਰਾ ਤੋੜ ਕੇ ਬਚ ਨਿਕਲਣ ਵਿੱਚ ਸਫਲ ਹੋ ਗਏ। ਇਹ ਮੁਕਾਬਲਾ ਮਿਤੀ 25 ਅਕਤੂਬਰ 1987 ਨੂੰ ਵਰ੍ਹਾਣੇ ਪਿੰਡ ਦੀ ਇੱਕ ਬਹਿਕ ਦੇ ਨੇੜੇ ਖੇਤਾਂ ਵਿੱਚ ਹੋਇਆ ਸੀ।

ਬਾਬਾ ਮਾਨੋਚਾਹਲ ਨੂੰ ਪੰਥ ਦੁਸ਼ਮਣਾਂ ਦੇ ਨਾਲ ਨਾਲ ਲਹਿਰ ਵਿੱਚ ਆਏ ਵਿਗਾੜਾਂ ਨਾਲ ਵੀ ਜੂਝਣਾ ਪਿਆ। ਇੱਥੋਂ ਤਕ ਕਿ ਦੁਸ਼ਮਣ ਦੇ ਗੁਮਰਾਹ ਕੀਤੇ ਕਈ 'ਆਪਣਿਆਂ' ਨੇ ਉਹਨਾਂ ਉੱਪਰ ਕਈ ਕੋਝੇ ਵਾਰ ਕੀਤੇ, ਪਰ ਉਹ ਸੰਘਰਸ਼ਸ਼ੀਲ ਜੁਝਾਰੂਆਂ ਦੀ ਹਰ ਇੱਕ ਵਧੀਕੀ ਨੂੰ ਵੀ ਬੱਚੇ ਦੀ ਗ਼ਲਤੀ ਵਾਂਗ ਆਪਣੇਪਣ ਦੀ ਭਾਵਨਾ ਅਨੁਸਾਰ ਲੈ ਕੇ ਹੀ ਸੁਧਾਰ ਦਾ ਯਤਨ ਕਰਦੇ ਰਹੇ। ਪਰ ਇਤਿਹਾਸ ਇਹ ਸਿੱਧ ਕਰ ਗਿਆ ਕਿ ਬਾਬਾ ਮਾਨੋਚਾਹਲ ਦਾ ਚੋਣਾਂ ਵਿੱਚ ਹਿੱਸਾ ਲੈਣਾ ਇੱਕ ਸਹੀ ਫ਼ੈਸਲਾ ਸੀ ਤੇ ਇਸ ਫ਼ੈਸਲੇ ਕਾਰਨ ਹੀ ਬਾਬਾ ਮਾਨੋਚਾਹਲ ਦੇ ਜਾਨੀ ਦੁਸ਼ਮਣ ਬਣ ਬੈਠੇ ਜੁਝਾਰੂਆਂ ਦਾ ਚੋਣ ਬਾਈਕਾਟ ਦਾ ਫ਼ੈਸਲਾ ਆਤਮਘਾਤੀ ਸਿੱਧ ਹੋਇਆ।

ਚੋਣ ਮੈਦਾਨ 'ਚ

ਸੰਨ 1991 ਵਿੱਚ ਬੇਸ਼ੱਕ ਚੋਣਾਂ ਐਨ ਮੌਕੇ 'ਤੇ ਹੀ ਮੁਲਤਵੀ ਕਰ ਦਿੱਤੀਆਂ ਗਈਆਂ, ਪਰ ਇਹ ਤੈਅ ਸੀ ਕਿ ਜੇਕਰ ਚੋਣਾਂ ਮੁਲਤਵੀ ਨਾ ਹੁੰਦੀਆਂ ਤਾਂ ਬਾਬਾ ਮਾਨੋਚਾਹਲ ਦੀ ਹਮਾਇਤ ਪ੍ਰਾਪਤ ਉਮੀਦਵਾਰ ਵੱਡੇ ਫ਼ਰਕ ਨਾਲ਼ ਜਿੱਤ ਹਾਸਲ ਕਰਦੇ। ਫਿਰ ਜਦੋਂ 1992 ਵਿੱਚ ਸਿੱਖਾਂ ਨੂੰ 'ਚੋਣ ਬਾਈਕਾਟ' ਲਈ ਮਜਬੂਰ ਕਰ ਕੇ ਪੰਜਾਬ 'ਚ ਚੋਣਾਂ ਕਰਵਾਉਣ ਦਾ ਐਲਾਨ ਕੀਤਾ ਗਿਆ ਤਾਂ ਬਾਬਾ ਮਾਨੋਚਾਹਲ ਨੇ ਇਹਨਾਂ ਚੋਣਾਂ ਵਿੱਚ ਵੀ ਹਿੱਸਾ ਲੈਣ ਲਈ ਫ਼ੈਡਰੇਸ਼ਨ ਦੇ ਰਾਹੀਂ ਚੋਣਾਂ ਲੜਨ ਦਾ ਫ਼ੈਸਲਾ ਕੀਤਾ। ਲੁਧਿਆਣੇ ਦੀ ਪੰਥਕ ਮੀਟਿੰਗ, ਜਿਸ ਵਿੱਚ ਚੋਣਾਂ ਲੜਨ ਜਾਂ ਬਾਈਕਾਟ ਦਾ ਫ਼ੈਸਲਾ ਹੋਣਾ ਸੀ, ਵਿੱਚ ਸ਼ਾਮਲ ਹੋਣ ਲਈ ਫ਼ੈਡਰੇਸ਼ਨ ਦੇ ਨੁਮਾਇੰਦਿਆਂ ਨੂੰ ਤੋਰਦੇ ਹੋਏ ਬਾਬਾ ਮਾਨੋਚਾਹਲ ਨੇ ਉਹਨਾਂ ਨੂੰ ਪੱਕੀ ਕੀਤੀ:

"ਭਾਵੇਂ ਸਾਰਾ ਪੰਥ ਚੋਣਾਂ ਦੇ ਬਾਈਕਾਟ ਦਾ ਫ਼ੈਸਲਾ ਕਰ ਲਵੇ, ਪਰ ਤੁਸੀਂ ਓਥੇ ਇਹ ਕਹਿ ਕੇ ਆਉਣੈ ਕਿ ਅਸੀਂ ਚੋਣਾਂ ਲੜਨੀਐਂ....ਬਾਕੀ ਮੇਰੀ ਜ਼ਿੰਮੇਵਾਰੀ....।"

ਪਰ ਮੰਦੇ ਭਾਗਾਂ ਨੂੰ ਫ਼ੈਡਰੇਸ਼ਨ ਦੇ ਇਹ ਨੁਮਾਇੰਦੇ ਓਥੇ ਬਾਕੀ ਪੰਥਕ ਧਿਰਾਂ ਦੇ ਦਬਾਅ ਅੱਗੇ ਝੁਕ ਕੇ 'ਚੋਣ ਬਾਈਕਾਟ' ਦੇ ਫ਼ੈਸਲੇ 'ਤੇ ਮੋਹਰ ਲਾ ਆਏ। ਜਦੋਂ ਉਹ ਇਸ ਪਿੱਛੋਂ ਤਰਨ ਤਾਰਨ ਦੇ ਕੋਲ਼ ਆ ਕੇ ਬਾਬਾ ਜੀ ਨੂੰ ਮਿਲੇ ਤਾਂ ਬਾਬਾ ਜੀ ਬਹੁਤ ਦੁਖੀ ਹੋਏ। ਕਹਿਣ ਲੱਗੇ:

"ਤੁਹਾਨੂੰ ਨਹੀਂ ਪਤਾ ਕਿ ਤੁਸੀਂ ਕੌਮ ਦਾ ਕਿੰਨਾ ਵੱਡਾ ਨੁਕਸਾਨ ਕਰ ਆਏ ਓ....ਅਸੀਂ ਮਾਰੇ ਜਾਵਾਂਗੇ...ਤੁਸੀਂ ਤਾੜੇ (ਜੇਲ੍ਹਾਂ 'ਚ) ਜਾਓਗੇ ਤੇ ਕੌਮ ਰੁਲ ਜਾਊਗੀ। ਤੁਸੀਂ ਸੰਘਰਸ਼ ਨੂੰ ਕਈ ਵਰ੍ਹੇ ਪਿਛਾਂਹ ਲਿਜਾ ਸੁੱਟਿਐ...।"

ਇਸ ਪਿੱਛੋਂ ਬਾਬਾ ਜੀ ਨੇ ਆਪਣੇ ਖ਼ਾਸ ਸਿੰਘਾਂ ਅੰਦਰ ਇਹ ਭਵਿੱਖਬਾਣੀ ਵੀ ਕੀਤੀ ਕਿ ਹੁਣ ਕੌਮ ਉੱਪਰ ਇੱਕ ਭਿਆਨਕ ਕਹਿਰ ਟੁੱਟਣ ਵਾਲ਼ਾ ਹੈ, ਜਿਸ ਦਾ ਟਾਕਰਾ ਕਰਨ ਲਈ ਪਹਿਲਾਂ ਤੋਂ ਹੀ ਤਿਆਰੀ ਸ਼ੁਰੂ ਕਰ ਦੇਣੀ ਚਾਹੀਦੀ ਹੈ। ਉਹਨਾਂ ਨੇ ਇਹ ਵੀ ਕਹਿ ਦਿੱਤਾ ਕਿ "ਜਿਹੜੇ ਲੋਕ ਅੱਜ ਸਾਨੂੰ ਆਪਣੇ ਘਰਾਂ 'ਚ ਚਰਨ ਪਾਉਣ ਲਈ ਬੇਨਤੀਆਂ ਕਰਦੇ ਨੇ, ਇਹਨਾਂ ਨੇ ਸਾਡੇ ਬੂਹੇ ਖੜਕਾਉਣ 'ਤੇ ਵੀ ਬੂਹੇ ਨਹੀਂ ਖੋਲ੍ਹਣੇ, ਪਰ ਸਾਨੂੰ ਘਬਰਾਉਣਾ ਨਹੀਂ ਚਾਹੀਦਾ।"

ਬੇਅੰਤੇ ਦੀ ਸਰਕਾਰ ਬਣਨ ਤੋਂ ਬਾਅਦ ਆਮ ਲੋਕਾਂ 'ਤੇ ਵੀ ਅਰੰਭ ਹੋਏ ਪੁਲਸੀਆ ਜਬਰ ਤੋਂ ਬਾਅਦ ਬਾਬਾ ਜੀ ਦੀਆਂ ਇਹ ਗੱਲਾਂ ਅੱਖਰ ਅੱਖਰ ਸੱਚ ਸਾਬਤ ਹੋ ਗਈਆਂ, ਪਰ ਇਸ ਦੌਰ ਵਿੱਚ ਵੀ ਬਾਬਾ ਮਾਨੋਚਾਹਲ ਮਨੋਵਿਗਿਆਨਕ ਢੰਗ ਨਾਲ਼ ਦੁਸ਼ਮਣ ਨੂੰ ਲਲਕਾਰਦੇ ਤੇ ਲੁਕਣਮੀਚੀ ਖੇਡਦੇ ਸਿੱਖ ਮਨਾਂ ਅੰਦਰ ਚੜ੍ਹਦੀ ਕਲਾ ਦੀ ਜੋਤ ਨੂੰ ਜਗਦੀ ਰੱਖਣ ਲਈ ਯਤਨਸ਼ੀਲ ਰਹੇ।

ਕਹਿਰ ਭਰੇ ਦੌਰ ਵਿੱਚ

ਫਿਰ ਇਹ ਸਮਾਂ ਆਇਆ ਕਿ ਬਾਬਾ ਮਾਨੋਚਾਹਲ ਦੇ ਨਜ਼ਦੀਕੀ ਸਿੰਘ ਇੱਕ ਇੱਕ ਕਰ ਕੇ ਸ਼ਹੀਦ ਹੋ ਗਏ; ਬਾਬਾ ਮਾਨੋਚਾਹਲ ਨੂੰ ਫੜਨ ਜਾਂ ਮਾਰਨ ਲਈ ਇੱਕੋ ਸਮੇਂ 52-52 ਥਾਂਵਾਂ

'ਤੇ ਛਾਪੇ ਪੈਣ ਲੱਗੇ। ਜਿਨ੍ਹਾਂ ਲੋਕਾਂ ਦੀ ਬਾਬਾ ਮਾਨੋਚਾਹਲ ਨਾਲ ਮਾੜੀ-ਮੋਟੀ ਜਾਣ ਪਛਾਣ ਤੇ ਬੋਲ ਚਾਲ ਦੀ ਸੂਹ ਹੀ ਮਿਲਦੀ, ਉਸ ਪੂਰੇ ਪਰਿਵਾਰ ਨੂੰ ਫੜ ਕੇ ਥਾਣੇ ਲਿਜਾ ਕੇ ਛੱਲੀਆਂ ਵਾਂਗ ਕੁੱਟਿਆ ਜਾਣ ਲੱਗਾ ਤੇ ਉਹਨਾਂ ਨੂੰ ਬਾਬੇ ਬਾਰੇ ਨਾ ਦੱਸਣ ਦੀ ਸੂਰਤ ਵਿੱਚ ਉਹਨਾਂ ਦੇ ਬੱਚੇ ਮਾਰ ਦੇਣ ਦੀ ਧਮਕੀ ਤੇ ਦੱਸ ਦੇਣ 'ਤੇ ਬੱਚਿਆਂ ਨੂੰ ਵਧੀਆ ਨੌਕਰੀਆਂ ਦੇ ਲਾਲਚ ਵੀ ਦਿੱਤੇ ਜਾਣ ਲੱਗੇ; ਸਰਕਾਰੀ ਕਹਿਰ ਤੋਂ ਬਚ ਕੇ ਇਧਰ ਉਧਰ ਹੋਣ ਵਾਲੇ ਬਾਬਾ ਮਾਨੋਚਾਹਲ ਦੇ ਜਾਣੂ ਲੋਕਾਂ ਦੇ ਘਰ ਢਾਹ ਦਿੱਤੇ ਗਏ ਤੇ ਖੇਤ ਵਾਹ ਦਿੱਤੇ ਗਏ, ਪਰ ਇਸ ਦੌਰ ਵਿੱਚ ਵੀ ਹਨੇਰੀਆਂ ਰਾਤਾਂ ਵਿੱਚ ਹਥਿਆਰ ਚੁੱਕੀ ਪਿੰਡੋ-ਪਿੰਡ ਪੈਦਲ ਫਿਰਦਾ ਬਾਬਾ ਮਾਨੋਚਾਹਲ ਖੁਦ ਚੜ੍ਹਦੀ ਕਲਾ 'ਚ ਵਿਚਰਦਾ ਸਿੱਖਾਂ ਨੂੰ ਚੜ੍ਹਦੀ ਕਲਾ 'ਚ ਰੱਖਣ ਲਈ ਯਤਨਸ਼ੀਲ ਰਿਹਾ। ਬਾਬਾ ਮਾਨੋਚਾਹਲ ਦੇ ਇਹਨਾਂ ਯਤਨਾਂ ਤੋਂ ਖ਼ੌਫ਼ਜ਼ਦਾ ਹੋ ਕੇ ਸਰਕਾਰ ਨੇ ਅਖ਼ਬਾਰਾਂ ਵਿੱਚ ਜੁਝਾਰੂਆਂ ਦੇ ਬਿਆਨ ਛਾਪੇ ਜਾਣ 'ਤੇ ਪਾਬੰਦੀ ਲਾ ਦਿੱਤੀ ਤਾਂ ਬਾਬਾ ਮਾਨੋਚਾਹਲ ਨੇ ਆਡੀਓ ਕੈਸਿਟਾਂ ਵਿੱਚ ਆਪਣੀਆਂ ਚੜ੍ਹਦੀ ਕਲਾ ਵਾਲੀਆਂ ਤਕਰੀਰਾਂ ਰਿਕਾਰਡ ਕਰ ਕੇ ਉਸ ਨੂੰ ਅੱਗੋਂ ਸਿੱਖਾਂ ਤਕ ਪਹੁੰਚਾਉਣ ਦਾ ਨਵਾਂ ਰਸਤਾ ਲੱਭ ਲਿਆ। ਅਜਿਹੀ ਹੀ ਇੱਕ ਕੈਸਿਟ ਵਿੱਚ ਬਾਬਾ ਜੀ ਨੇ ਭਾਈ ਸੁਖਦੇਵ ਸਿੰਘ ਬੱਬਰ ਦੀ ਸ਼ਹੀਦੀ ਤੋਂ ਬਾਅਦ ਉਹਨਾਂ ਵਿਰੁੱਧ ਦੂਜਾ ਵਿਆਹ ਕਰਵਾਉਣ ਬਾਰੇ ਕੀਤੇ ਜਾ ਰਹੇ ਭੰਡੀ ਪ੍ਰਚਾਰ ਦਾ ਚੰਗਾ ਬਖੀਆ ਉਧੇੜਿਆ।

ਬੱਬਰਾਂ ਨਾਲ ਬੇਸ਼ੱਕ ਬਾਬਾ ਜੀ ਦੇ ਚੋਣ ਬਾਈਕਾਟ ਦੇ ਮੁੱਦੇ 'ਤੇ ਗੰਭੀਰ ਮੱਤਭੇਦ ਸਨ, ਪਰ ਇਸ ਨਾਜ਼ੁਕ ਮਸਲੇ 'ਤੇ ਬਾਬਾ ਜੀ ਦਾ ਭਾਈ ਸੁਖਦੇਵ ਸਿੰਘ ਬੱਬਰ ਦੇ ਹੱਕ ਵਿੱਚ ਨਿੱਤਰ ਆਉਣ ਨਾਲ ਬੱਬਰਾਂ ਵਿੱਚ ਵੀ ਆਪ ਦਾ ਸਤਿਕਾਰ ਵਧਿਆ ਤੇ ਇੱਕ ਵਾਰ ਬਾਬਾ ਮਾਨੋਚਾਹਲ ਦੀ ਅਗਵਾਈ 'ਚ ਏਕਤਾ ਦੀ ਗੱਲ ਤੁਰ ਪਈ.....ਪਰ ...।

ਇਸੇ ਹੀ ਤਰ੍ਹਾਂ ਇੱਕ ਹੋਰ ਆਡੀਓ ਕੈਸਿਟ ਰਾਹੀਂ ਸਿੱਖਾਂ ਤਕ ਭੇਜੀ ਆਪਣੀ ਤਕਰੀਰ ਰਾਹੀਂ ਆਪ ਨੇ ਕੇ.ਪੀ.ਐਸ. ਗਿੱਲ ਦੀ ਉਸ ਵਾਰਨਿੰਗ ਦਾ ਚੰਗਾ ਮਖੌਲ ਉਡਾਇਆ, ਜਿਸ ਵਿੱਚ ਉਸ ਨੇ ਕਿਹਾ ਸੀ ਕਿ "ਮਾਨੋਚਾਹਲ ਨੂੰ ਵੀ ਹੁਣ ਮੌਕਾ ਸੰਭਾਲ ਕੇ ਆਤਮ ਸਮਰਪਣ ਕਰ ਦੇਣਾ ਚਾਹੀਦਾ ਹੈ ਤੇ ਭੰਗ ਦੇ ਭਾੜੇ ਆਪਣੀ ਜਾਨ ਨਹੀਂ ਗਵਾਉਣੀ ਚਾਹੀਦੀ।" ਗਿੱਲ ਦੀ ਇਸ ਗੱਲ ਦਾ ਜਵਾਬ ਆਪ ਨੇ ਇਹਨਾਂ ਸ਼ਬਦਾਂ ਰਾਹੀਂ ਦਿੱਤਾ:

"ਕੇ.ਪੀ.ਐਸ. ਗਿੱਲ ਕੌਣ ਹੁੰਦੈ, ਮੈਨੂੰ ਐਨੀ ਗੱਲ ਕਹਿਣ ਵਾਲਾ? ਇਹ ਤਾਂ ਪਾਲਤੂ ਡੌਗ ਆ...ਮੈਨੂੰ ਪੇਸ਼ਕਸ਼ ਕਰੇ ਨਰਸਿਮ੍ਹਾ ਰਾਓ (ਪ੍ਰਧਾਨ ਮੰਤਰੀ)...। ...ਤੇ ਮੈਂ ਚੈਲੰਜ ਕਰਦੈਂ ਕਿ ਸਾਰੇ ਆਪਣੇ ਨਾਲ ਆਪਣੀ ਸਕਿਓਰਟੀ ਗਾਰਦ ਲੈ ਕੇ ਆ ਜਾਣ....ਮੇਰੇ ਨਾਲ ਟਾਈਮ ਮਿਥ ਲੈਣ, ਫਿਰ ਪਤਾ ਲੱਗ ਜਾਊ ਕਿ ਕੌਣ ਕੀਹਦੇ ਤੋਂ 'ਸਰੈਂਡਰ' (ਹੱਥ ਖੜ੍ਹੇ) ਕਰਵਾਉਂਦੈ...।"

ਆਪ ਨੇ 'ਮਨੁੱਖੀ ਬੰਬ' ਤਿਆਰ ਕਰਨ ਦੀ ਗੱਲ ਵੀ ਕੀਤੀ। ਆਪ ਮਨੋਵਿਗਿਆਨਕ ਢੰਗ ਨਾਲ ਆਪਣੇ ਸਹਿਯੋਗੀਆਂ ਨੂੰ ਚੜ੍ਹਦੀ ਕਲਾ ਵਿੱਚ ਰੱਖਣ ਲਈ ਆਪਣੇ ਹਰ ਉਸ ਸਹਿਯੋਗੀ ਦੇ ਘਰ ਤਕ ਸੰਪਰਕ ਕਰ ਕੇ ਸਾਰੀ ਜਾਣਕਾਰੀ ਲੈਂਦੇ ਰਹੇ, ਜਿਸ 'ਤੇ ਆਪ ਦੇ ਸਹਿਯੋਗੀ ਹੋਣ ਕਾਰਨ ਪੁਲੀਸ ਦਾ ਕਹਿਰ ਟੁੱਟ ਪਿਆ ਸੀ। ਉਧਰੋਂ ਆਪ ਉੱਪਰ ਮਨੋਵਿਗਿਆਨਕ ਦਬਾਅ ਬਣਾਉਣ ਲਈ ਪੰਜਾਬ ਪੁਲੀਸ ਨੇ ਕਨੂੰਨ ਦੇ ਸਾਰੇ ਹੱਦ-ਬੰਨੇ ਟੱਪਦਿਆਂ ਆਪ ਦੇ

ਪਰਿਵਾਰ ਉੱਪਰ ਕਹਿਰ ਵਰਤਾ ਦਿੱਤਾ। ਆਪ ਦਾ ਪਰਿਵਾਰ ਭਾਵੇਂ ਪੁਲੀਸ ਜਬਰ ਕਾਰਨ ਘਰ ਛੱਡ ਕੇ ਆਸੇ ਪਾਸੇ ਰਹਿ ਰਿਹਾ ਸੀ, ਪਰ ਪੰਜਾਬ ਪੁਲੀਸ ਦੇ ਹੱਥ ਆਪ ਦੇ ਪਰਿਵਾਰ ਦਾ ਜਿਹੜਾ ਵੀ ਜੀਅ ਆ ਗਿਆ, ਉਸ ਨੂੰ ਮਾਰ ਕੇ ਖਪਾ ਦਿੱਤਾ ਗਿਆ। ਆਪ ਦੇ ਭਰਾ ਨਿਰਵੈਰ ਸਿੰਘ 'ਤੇ ਅਥਾਹ ਤਸ਼ੱਦਦ ਕਰ ਕੇ ਫਿਰ ਝੂਠਾ ਪੁਲੀਸ ਮੁਕਾਬਲਾ ਬਣਾ ਕੇ ਮਾਰ ਦਿੱਤਾ ਗਿਆ। ਆਪ ਦੇ ਬਾਪੂ ਆਤਮਾ ਸਿੰਘ ਨੂੰ ਚੁੱਕ ਕੇ ਲਾਪਤਾ ਕਰ ਦਿੱਤਾ ਗਿਆ। ਆਪ ਦੀ ਮਾਤਾ ਨੂੰ ਆਪ ਦੀ ਧਰਮ ਭੈਣ ਦੇ ਘਰੋਂ ਅੰਮ੍ਰਿਤਸਰ ਗ੍ਰਿਫ਼ਤਾਰ ਕਰ ਕੇ ਲਾਪਤਾ ਕਰ ਦਿੱਤਾ ਗਿਆ। ਇਹਨਾਂ ਦੋਹਾਂ ਦੀ ਅਜੇ ਤਕ ਉਘ-ਸੁੱਘ ਨਹੀਂ ਨਿਕਲ਼ੀ। ਆਪ ਦਾ ਲੜਕਾ ਹਰਬਰਿੰਦਰ ਸਿੰਘ ਵੀ ਉਸੇ ਧਰਮ ਭੈਣ ਦੇ ਘਰ ਰਹਿੰਦਾ ਸੀ ਤੇ ਪੁਲੀਸ ਦਾ ਛਾਪਾ ਪੈਣ ਸਮੇਂ ਸਕੂਲ ਗਿਆ ਹੋਣ ਕਰ ਕੇ ਬਚ ਗਿਆ। ਉਸ ਬੱਚੇ ਨੂੰ ਕਾਬੂ ਕਰਨ ਲਈ ਪੁਲੀਸ ਨੇ ਆਪ ਦੀ ਧਰਮ ਭੈਣ ਨੂੰ ਕਰੰਟ ਲਾ ਲਾ ਕੇ ਅਧਮਰੀ ਕਰ ਦਿੱਤਾ। ਹਰਬਰਿੰਦਰ ਨੂੰ ਨਾ ਫੜਾਉਣ ਦੀ ਸੂਰਤ ਵਿੱਚ ਉਸ ਦੇ ਲੜਕੇ ਨੂੰ ਮਾਰ ਦੇਣ ਦੀ ਧਮਕੀ ਦਿੱਤੀ ਗਈ ਤੇ ਹਰਬਰਿੰਦਰ ਨੂੰ ਫੜਾ ਦੇਣ ਦੀ ਸੂਰਤ ਵਿੱਚ ਉਸ ਦੇ ਲੜਕੇ ਨੂੰ ਨੌਕਰੀ ਦੇਣ ਦਾ ਲਾਲਚ ਦਿੱਤਾ ਗਿਆ, ਪਰ ਪੁਰਾਤਨ ਸਿੰਘਣੀਆਂ ਦੀ ਮਿਸਾਲ ਕਾਇਮ ਕਰਦਿਆਂ ਆਪ ਦੀ ਧਰਮ ਭੈਣ ਪਰਮਜੀਤ ਕੌਰ ਨੇ 12 ਸਾਲ ਦੇ ਮਸੂਮ ਹਰਬਰਿੰਦਰ ਨੂੰ ਇਹਨਾਂ ਕਸਾਈਆਂ ਦੇ ਹਵਾਲੇ ਨਾ ਕੀਤਾ, ਨਹੀਂ ਤਾਂ ਉਸ ਨੂੰ ਵੀ ਬਾਬਾ ਮਾਨੋਚਾਹਲ ਦੇ ਮਾਤਾ ਪਿਤਾ ਵਾਂਗ ਹੀ ਕਿਤੇ ਖਪਾ ਦਿੱਤਾ ਜਾਂਦਾ।

ਇਸ ਕਹਿਰ ਭਰੇ ਦੌਰ ਵਿੱਚ ਕਈ ਸੁਹਿਰਦ ਸਾਥੀਆਂ ਨੇ ਬਾਬਾ ਮਾਨੋਚਾਹਲ ਨੂੰ ਕੁਝ ਸਮੇਂ ਲਈ ਇਲਾਕਾ ਛੱਡ ਜਾਣ ਦੀ ਬੇਨਤੀ ਕੀਤੀ। ਉਸ ਵੇਲ਼ੇ ਬਾਬੇ ਲਈ ਇਲਾਕਾ ਛੱਡ ਕੇ ਸੁਰੱਖਿਅਤ ਥਾਂ 'ਤੇ ਚਲੇ ਜਾਣਾ ਕੋਈ ਮੁਸ਼ਕਲ ਨਹੀਂ ਸੀ, ਪਰ ਬਾਬਾ ਮਾਨੋਚਾਹਲ ਨੇ ਕਿਹਾ:

"ਇਸ ਵੇਲ਼ੇ ਇਲਾਕਾ ਛੱਡ ਕੇ ਜਾਵਾਂਗੇ ਤਾਂ ਜਾਂ ਬੁਜ਼ਦਿਲ ਅਖਵਾਵਾਂਗੇ ਤੇ ਜਾਂ ਗ਼ੱਦਾਰ...ਸੋ ਮੈਂ ਹੁਣ ਮੈਦਾਨ 'ਚ ਰਹਿਣੈ...।"

ਫਿਰ ਇੱਕ ਦਿਨ ਆਪ ਦਾ ਨਜ਼ਦੀਕੀ ਸਾਥੀ ਪੁਲੀਸ ਦੇ ਟੇਟੇ ਚੜ੍ਹ ਗਿਆ। ਜਦੋਂ ਮਿਤੀ 27 ਫ਼ਰਵਰੀ 1993 ਵਾਲ਼ੇ ਦਿਨ ਬਾਬਾ ਮਾਨੋਚਾਹਲ ਪਿੰਡ ਬਾਗੜੀਆਂ ਵਿਖੇ ਇੱਕ ਬਹਿਕ ਵਿਚਲੀ ਪੱਠਿਆਂ ਵਾਲ਼ੀ ਖੁਰਲੀ ਹੇਠ ਬਣੇ ਇੱਕ ਬੰਕਰ ਵਿੱਚ ਰਹਿ ਰਿਹਾ ਸੀ ਤਾਂ ਓਥੇ ਪੁਲੀਸ ਦਾ ਛਾਪਾ ਪਿਆ। ਪੁਲੀਸ ਦੇ ਬੰਕਰ ਵੱਲ ਵਧਣ ਦਾ ਅੰਦਾਜ਼ਾ ਲਾ ਕੇ ਬਾਬਾ ਮਾਨੋਚਾਹਲ ਨੇ ਇਕਦਮ ਬੰਕਰ 'ਚੋਂ ਬਾਹਰ ਨਿਕਲ਼ ਕੇ ਫ਼ਾਇਰ ਖੋਲ੍ਹ ਦਿੱਤਾ ਤੇ ਪੁਲੀਸ ਵਿੱਚ ਭਾਜੜ ਪੈ ਗਈ। ਬਾਬੇ ਨੇ ਲਲਕਾਰ ਕੇ ਕਿਹਾ ਕਿ ਜੇਕਰ ਮੈਂ ਚਾਹੁੰਦਾ ਤਾਂ ਤੁਹਾਡੇ ਏਥੇ ਹੀ ਘਾਣ ਲਾਹ ਸਕਦਾ ਸੀ...ਪਰ ਮੈਂ ਪਰਿਵਾਰ ਨੂੰ ਬਚਾਇਐ....।"

ਵਿਸਾਹਘਾਤ

ਬਾਬਾ ਮਾਨੋਚਾਹਲ ਓਥੋਂ ਬਚ ਨਿਕਲ਼ਿਆ, ਤੇ ਸਾਰੇ ਤਰਨ ਤਾਰਨ ਜ਼ਿਲ੍ਹੇ ਦੀ ਪੁਲੀਸ ਬਾਬੇ ਦਾ ਪਿੱਛਾ ਕਰਨ 'ਤੇ ਰਾਹ ਰੋਕਣ ਲਈ ਹਰਕਤ ਵਿੱਚ ਆ ਗਈ। ਬਾਬਾ ਅਗਲੇ ਦਿਨ ਹੱਥ ਵਿੱਚ ਇੱਕ ਏ.ਕੇ. ਸੰਤਾਲੀ ਲੈ ਕੇ ਰਟੌਲ ਪਿੰਡ ਆਪਣੇ ਉਸੇ ਹੀ ਸਾਥੀ ਦੇ ਸਹੁਰੇ ਘਰ

ਪਹੁੰਚਿਆ, ਜੋ ਪੁਲੀਸ ਦੇ ਟੋਟੇ ਚੜ੍ਹ ਚੁੱਕਾ ਸੀ। ਉਸ ਪਰਿਵਾਰ ਨੂੰ ਪੁਲੀਸ ਨੇ ਇੱਕ ਚਿੱਟੇ ਰੰਗ ਦਾ ਪਾਊਡਰ ਦਿੱਤਾ ਸੀ ਤੇ ਹਦਾਇਤ ਕੀਤੀ ਸੀ ਕਿ ਬਾਬਾ ਮਾਨੋਚਾਹਲ ਦੇ ਆਉਣ ਦੀ ਸੂਰਤ ਵਿੱਚ ਇਹ ਚਿੱਟੇ ਰੰਗ ਦਾ ਪਾਊਡਰ ਉਸ ਨੂੰ ਦੁੱਧ ਵਿੱਚ ਮਿਲਾ ਕੇ ਦੇਣਾ ਹੈ ਤੇ ਉਸ ਦੇ ਬੇਹੋਸ਼ ਹੋ ਜਾਣ ਤੇ ਪੁਲੀਸ ਨੂੰ ਖ਼ਬਰ ਕਰ ਦੇਣੀ ਹੈ। ਅਜਿਹਾ ਨਾ ਕਰਨ ਦੀ ਸੂਰਤ ਵਿੱਚ ਉਹਨਾਂ ਦੇ ਜਵਾਈ ਤੇ ਉਹਨਾਂ ਦੇ ਸਾਰੇ ਪਰਿਵਾਰ ਨੂੰ ਮਾਰ ਦੇਣ ਦੀ ਧਮਕੀ ਦਿੱਤੀ ਗਈ ਸੀ। ਉਸ ਪਰਿਵਾਰ ਨੇ ਵਿਸ਼ਵਾਸਘਾਤ ਕਰ ਕੇ ਬਾਬਾ ਮਾਨੋਚਾਹਲ ਨੂੰ ਦੁੱਧ ਵਿੱਚ ਉਹ ਪਾਊਡਰ ਘੋਲ ਕੇ ਪਿਆ ਦਿੱਤਾ ਤੇ ਫਿਰ ਥਾਣੇ ਖ਼ਬਰ ਕਰ ਦਿੱਤੀ।

ਬਾਬਾ ਮਾਨੋਚਾਹਲ 'ਤੇ ਜਦੋਂ ਬੇਸੁਰਤੀ ਹਾਵੀ ਹੋਣ ਲੱਗੀ ਤਾਂ ਉਹ ਹਥਿਆਰ ਸੰਭਾਲ ਕੇ ਘਰੋਂ ਨਿਕਲ ਤੁਰਿਆ। ਪਰ ਹੁਣ ਤਕ ਪੁਲੀਸ ਤੇ ਫ਼ੌਜ ਦੇ ਕਟਕ ਪਿੰਡ ਅੱਪੜ ਚੁੱਕੇ ਸਨ। ਬਾਬਾ ਮਾਨੋਚਾਹਲ ਨੇ ਮੁਕਾਬਲਾ ਕਰਨ ਦਾ ਯਤਨ ਕੀਤਾ, ਪਰ ਅਖੀਰ ਸਰੀਰ 'ਤੇ ਹਾਵੀ ਹੋ ਰਹੀ ਬੇਸੁਰਤੀ ਕਾਰਨ ਜਿਊਂਦੇ ਪੁਲੀਸ ਦੇ ਹੱਥ ਆ ਜਾਣ ਨਾਲੋਂ ਆਪਣੇ ਆਪ ਨੂੰ ਗੋਲੀ ਮਾਰ ਲਈ ਤੇ ਸ਼ਹਾਦਤ ਦਾ ਪਿਰਮ ਪਿਆਲਾ ਪੀ ਲਿਆ'।

ਪੰਜਾਬ ਪੁਲੀਸ ਤੇ ਫ਼ੌਜ ਦੇ ਬੁੱਚੜਾਂ ਦੀ ਬਾਬਾ ਮਾਨੋਚਾਹਲ ਦੇ ਬੇਜਾਨ ਸਰੀਰ ਨੂੰ ਹਿਲਾ ਕੇ ਸ਼ਹਾਦਤ ਦੀ ਪੁਸ਼ਟੀ ਕਰਨ ਦੀ ਹਿੰਮਤ ਨਹੀਂ ਸੀ ਪੈ ਰਹੀ। ਅਖੀਰ ਪਿੰਡ ਦੇ ਵਿੱਚੋਂ ਇੱਕ ਛੋਟੇ ਜਿਹੇ ਬੱਚੇ ਨੂੰ ਭੇਜ ਕੇ ਬਾਬੇ ਦੇ ਹਥਿਆਰ ਚੁਕਾਏ ਗਏ ਤੇ ਹਿਲਾ-ਜੁਲਾ ਕੇ ਤਸੱਲੀ ਕੀਤੀ ਗਈ। ਪੁਸ਼ਟੀ ਹੋ ਜਾਣ ਉਪਰੰਤ ਹਵਾਈ ਫ਼ਾਇਰ ਕਰ ਕੇ ਖ਼ੁਸ਼ੀ ਮਨਾਈ ਗਈ। ਥਾਣਿਆਂ ਵਿੱਚ ਜਸ਼ਨ ਮਨਾਏ ਗਏ ਤੇ ਚਾਂਘੀਆਂ ਪਾਈਆਂ ਗਈਆਂ। ਜੰਗਲ ਦੇ ਸ਼ੇਰਾਂ ਤੋਂ ਖ਼ਾਲੀ ਹੋਣ ਜਾਣ ਦੇ ਭਰਮ ਵਿੱਚ ਚਾਂਘੀਆਂ ਪਾ ਰਹੇ ਬਘਿਆੜ ਨਹੀਂ ਸੀ ਜਾਣਦੇ ਕਿ ਸ਼ਹੀਦ ਹੋ ਕੇ ਬੱਬਰ ਸ਼ੇਰਾਂ ਦੀ ਵਿਚਾਰਧਾਰਾ ਖ਼ਤਮ ਨਹੀਂ ਹੋਈ, ਸਗੋਂ ਖ਼ੁਸ਼ਬੂ ਬਣ ਕੇ ਚਾਰ-ਚੁਫੇਰੇ ਫੈਲ ਗਈ ਹੈ ਜਿਸ ਵਿੱਚ ਹੋਰ ਕਈ ਮਾਨੋਚਾਹਲ ਪੈਦਾ ਕਰਨ ਦੀ ਸਮਰੱਥਾ ਹੈ। ਬਾਬਾ ਮਾਨੋਚਾਹਲ ਦੀ ਲਾਸਾਨੀ ਸ਼ਹਾਦਤ ਨੇ ਗੁਰਬਾਣੀ ਦੀ ਇਸ ਕਸਵੱਟੀ 'ਤੇ ਪੂਰਾ ਉੱਤਰ ਕੇ ਵਿਖਾ ਦਿੱਤਾ ਕਿ:

ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ ॥
ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ ॥

* * * * *

ਮੰਡ ਦਾ ਬਾਦਸ਼ਾਹ

ਸ਼ਹੀਦ ਭਾਈ ਅਵਤਾਰ ਸਿੰਘ ਬ੍ਰਹਮਾ

ਜੂਨ 1984 ਤੋਂ ਬਾਅਦ ਅੱਗ ਦੇ ਭਾਂਬੜ ਵਾਂਗ ਭੜਕੇ ਸਿੱਖ ਸੰਘਰਸ਼ ਵਿੱਚ ਕੁਝ ਸੂਰਬੀਰਾਂ ਦੇ ਨਾਂ ਅਜਿਹੇ ਹਨ, ਜੋ ਦਿੱਲੀ ਤਖਤ ਦੇ ਪੈਰੋਕਾਰਾਂ ਲਈ ਇਸ ਤਰ੍ਹਾਂ ਦਾ ਹਊਆ ਬਣ ਗਏ ਸਨ, ਜਿਸ ਤਰ੍ਹਾਂ ਕਿਸੇ ਵੇਲ਼ੇ ਕਾਬਲ ਦੇ ਪਠਾਣਾਂ ਲਈ 'ਹਰੀ ਸਿੰਘ ਨਲੂਆ' ਤੇ 'ਅਕਾਲੀ ਫੂਲਾ ਸਿੰਘ' ਦੇ ਨਾਂ ਹਊਆ ਬਣ ਗਏ ਸਨ। ਸ਼ਹੀਦ ਭਾਈ 'ਅਵਤਾਰ ਸਿੰਘ ਬ੍ਰਹਮਾ' ਇਹਨਾਂ ਹੀ ਕੁਝ ਨਾਂਵਾਂ ਵਿੱਚੋਂ ਇੱਕ ਨਾਂ ਸੀ, ਜਿਸ ਦੇ ਕਦਮਾਂ ਦੀ ਧਮਕ ਹੀ ਦਿੱਲੀ ਦਰਬਾਰ ਦੇ ਰਾਖਿਆਂ ਦਾ ਸਾਹ ਸੂਤ ਦਿੰਦੀ ਸੀ।

ਭਾਈ ਅਵਤਾਰ ਸਿੰਘ ਬ੍ਰਹਮਾ ਦਾ ਜਨਮ ਪਿਤਾ ਸੋਹਣ ਸਿੰਘ ਦੇ ਘਰ ਮਾਤਾ ਚੰਨਣ ਕੌਰ ਦੀ ਕੁੱਖੋਂ ਪਿੰਡ ਬ੍ਰਹਮਪੁਰਾ ਵਿਖੇ ਸੰਨ 1952 ਨੂੰ ਹੋਇਆ। ਮੁੱਢਲੀ ਵਿੱਦਿਆ ਆਪ ਆਪਣੇ ਪਿੰਡ ਦੇ ਸਰਕਾਰੀ ਪ੍ਰਾਇਮਰੀ ਸਕੂਲ ਤੋਂ ਹੀ ਪ੍ਰਾਪਤ ਕਰਨ ਲੱਗੇ। ਓਦੋਂ ਆਪ ਛੇਵੀਂ ਕਲਾਸ ਵਿੱਚ ਪੜ੍ਹਦੇ ਸਨ, ਜਦੋਂ ਕੋਈ ਅਣੀਆਲਾ ਤੀਰ ਖਾ ਕੇ ਆਪ ਪਰਿਵਾਰ ਤੋਂ ਉਪਰਾਮ ਹੋ ਗਏ ਤੇ ਬਚਪਨ ਵਿੱਚ ਹੀ ਅਕਾਲ ਪੁਰਖ ਦੀ ਫ਼ੌਜ ਦਾ ਸਿਪਾਹੀ ਬਣਨ ਹਿਤ ਬਾਬਾ ਦਯਾ ਸਿੰਘ ਜੀ ਸੁਰ ਸਿੰਘ ਵਾਲਿਆਂ ਦੇ ਨਿਹੰਗ ਸਿੰਘ ਦਲ ਬਿਧੀਚੰਦੀਆਂ ਵਿੱਚ ਜਾ ਰਲੇ। ਉਸ ਤੋਂ ਬਾਅਦ ਜੇਕਰ ਆਪ ਆਪਣੇ ਪਿੰਡ ਵੀ ਗੇੜਾ ਲਾਉਂਦੇ ਤਾਂ ਨਿਹੰਗ ਸਿੰਘਾਂ ਦੇ ਦਲ ਦੇ ਨਾਲ਼ ਹੀ।

ਨਾਮ-ਸਿਮਰਨ ਦੇ ਰਸੀਆ ਹੋਣ ਕਾਰਨ ਆਪ ਸਾਰੇ ਜਥੇ ਵਿੱਚ ਹਰਮਨ ਪਿਆਰੇ ਹੋ ਗਏ। ਆਪ ਵਿਚਲੇ 'ਸੰਤ' ਵਾਲ਼ੇ ਗੁਣਾਂ ਦਾ ਆਪ ਦੇ ਕਈ ਵਾਰ ਦਿਨ 'ਚ ੧੯-੧੯ ਘੰਟੇ ਗੁਰਬਾਣੀ ਪਾਠ ਅਤੇ ਸਿਮਰਨ ਕਰਨ ਤੋਂ ਮਿਲਦਾ ਸੀ। ਦੂਜੇ ਪਾਸੇ ਆਪ 'ਸਿਪਾਹੀ' ਵਾਲ਼ੇ ਗੁਣਾਂ 'ਚ ਵੀ ਪ੍ਰਬੀਨ ਸਨ। ਬਾਬਾ ਦਯਾ ਸਿੰਘ ਜੀ ਆਪ ਨੂੰ 'ਭਾਈ ਬ੍ਰਹਮ ਸਿੰਘ' ਕਹਿ ਕੇ ਬੁਲਾਇਆ ਕਰਦੇ ਸਨ। ਜਥੇ ਵਿੱਚ ਰਹਿੰਦਿਆਂ ਹੀ ਆਪ ਖ਼ਾਲਸੇ ਦੀ ਰਵਾਇਤੀ ਸ਼ਸਤਰ ਵਿੱਦਿਆ ਵਿੱਚ ਵੀ ਪ੍ਰਬੀਨ ਹੋ ਗਏ ਅਤੇ ਘੋੜ ਸਵਾਰੀ ਵਿੱਚ ਵੀ। ਆਪ ਦੋ ਘੋੜਿਆਂ ਦੀ ਸਵਾਰੀ ਬੜੀ ਪ੍ਰਬੀਨਤਾ ਨਾਲ਼ ਕਰ ਕੇ ਉਹਨਾਂ ਨੂੰ ਦੌੜਾਉਣ ਲੱਗ ਪਏ ਸਨ।

ਜੂਨ 1984 ਵਿੱਚ ਜਦੋਂ ਇੰਦਰਾ ਨੇ ਸ੍ਰੀ ਦਰਬਾਰ ਸਾਹਿਬ ਦੀ ਹਿੱਕ ਨੂੰ ਟੈਂਕਾਂ ਨਾਲ਼ ਮਿੱਧਿਆ ਤਾਂ ਸਿੱਖ ਗੱਭਰੂ ਦਿੱਲੀ ਦੀ ਇਹ ਭਾਜੀ ਮੋੜਨ ਲਈ ਬੇਤਾਬ ਹੋ ਗਏ। ਅਵਤਾਰ ਸਿੰਘ ਨੇ ਵੀ ਇਹ ਭਾਜੀ ਮੋੜਨ ਤੁਰੇ ਪਤੰਗਿਆਂ ਦੇ ਕਾਫ਼ਲੇ ਸੰਗ ਰਲਣ ਦਾ ਫ਼ੈਸਲਾ ਕੀਤਾ।

ਇਸ ਤਰ੍ਹਾਂ ਆਪ ਜਥੇ ਨੂੰ ਅਲਵਿਦਾ ਕਹਿ ਕੇ ਜੁਝਾਰੂ ਕਾਫ਼ਲੇ ਵਿੱਚ ਜਾ ਰਲੇ। ਪਹਿਲਾਂ ਆਪ ਨੇ 'ਤੱਤ ਖ਼ਾਲਸਾ' ਜਥੇਬੰਦੀ ਬਣਾਈ, ਫਿਰ ਭਾਈ ਅਰੂੜ ਸਿੰਘ ਹੋਰਾਂ ਨਾਲ 'ਖ਼ਾਲਿਸਤਾਨ ਆਰਮਡ ਫ਼ੋਰਸ' ਵਿੱਚ ਸੇਵਾ ਕਰਦੇ ਰਹੇ, ਜੋ ਕਿ ਭਾਈ ਅਰੂੜ ਸਿੰਘ ਜੀ ਦੀ ਗ੍ਰਿਫ਼ਤਾਰੀ ਤੋਂ ਬਾਅਦ ਆਪ ਦੀ ਕਮਾਂਡ ਹੇਠ ਆ ਕੇ ਕੁਝ ਹੋਰ ਗਰੁੱਪਾਂ ਨਾਲ ਏਕਾ ਕਰ ਕੇ 'ਖ਼ਾਲਿਸਤਾਨ ਲਿਬਰੇਸ਼ਨ ਫ਼ੋਰਸ' ਦੇ ਰੂਪ ਵਿੱਚ ਸੰਗਠਿਤ ਹੋ ਗਈ। ਆਪ 'ਖ਼ਾਲਿਸਤਾਨ ਲਿਬਰੇਸ਼ਨ ਫ਼ੋਰਸ' ਦੇ ਪਹਿਲੇ ਚੀਫ਼ ਜਨਰਲ ਚੁਣੇ ਗਏ ਤੇ ਅਵਤਾਰ ਸਿੰਘ ਬ੍ਰਹਮਾ ਦੇ ਨਾਂ ਨਾਲ ਛੇਤੀ ਹੀ ਹਰਮਨ ਪਿਆਰੇ ਹੋ ਗਏ। ਆਪ ਸਟੇਨਗੰਨ ਤੋਂ ਲੈ ਕੇ ਰਾਕੇਟ ਲਾਂਚਰ ਤਕ ਚਲਾਉਣ ਵਿੱਚ ਬਹੁਤ ਮਾਹਰ ਸਨ।

ਭੂਸਰੇ ਥਾਣੇਦਾਰ ਦੀ ਸੁਧਾਈ

ਇਲਾਕੇ ਅੰਦਰ ਆਪ ਦੀ ਪ੍ਰਸਿੱਧੀ ਜਿੱਥੇ ਮਜ਼ਲੂਮ ਤੇ ਨਿਆਸਰੇ ਲੋਕਾਂ ਲਈ ਤਸੱਲੀ ਦਾ ਕਾਰਨ ਬਣੀ, ਓਥੇ ਹੀ ਦੁਸ਼ਟ ਤਾਕਤਾਂ ਲਈ ਭੈਅ ਅਤੇ ਬੁਖਲਾਹਟ ਦਾ ਕਾਰਨ ਬਣ ਗਈ। ਕੁਝ ਦੁਸ਼ਟ ਤਾਕਤਾਂ ਅਜਿਹੀਆਂ ਵੀ ਸਨ, ਜੋ ਕਿ ਮਜ਼ਲੂਮ ਲੋਕਾਂ 'ਤੇ ਜ਼ੁਲਮ ਕਰ ਕੇ ਆਪਣੇ ਆਪ ਨੂੰ ਖੱਬੀ ਖਾਂ ਸਮਝਣ ਲੱਗ ਪਏ ਸਨ, ਉਹ ਭਾਈ ਬ੍ਰਹਮਾ ਨਾਲ ਪੰਜਾ ਪਾਉਣ ਦਾ ਸ਼ੌਕ ਰੱਖਣ ਲੱਗੇ। ਚੋਹਲਾ ਸਾਹਿਬ ਥਾਣੇ ਦਾ ਇੰਚਾਰਜ ਥਾਣੇਦਾਰ ਸ਼ਿਵਦੇਵ ਸਿੰਘ ਜੋ ਕਿ ਇਲਾਕੇ ਅੰਦਰ ਕਰੂਰ ਸੁਭਾਅ ਕਾਰਨ 'ਸ਼ਿੱਬੂ' ਕਰਕੇ ਪ੍ਰਸਿੱਧ ਸੀ, ਐਸੇ ਹੀ ਲੋਕਾਂ ਦੀ ਸ਼੍ਰੇਣੀ ਵਿੱਚ ਆਉਂਦਾ ਸੀ। ਉਸ ਨੇ ਇਲਾਕੇ ਦੇ ਸਿੱਖ ਲਹਿਰ ਦੇ ਹਮਦਰਦ ਸਮਝੇ ਜਾਣ ਵਾਲੇ ਸਿੱਖਾਂ ਨੂੰ ਆਪਣੇ ਜ਼ੁਲਮ ਦਾ ਨਿਸ਼ਾਨਾ ਬਣਾਉਂਦੇ ਹੋਏ ਇੱਕ ਗੱਲ ਕਹਿਣੀ ਅਰੰਭ ਕਰ ਦਿੱਤੀ ਕਿ "ਮੈਂ ਤੁਹਾਡੀ 'ਬ੍ਰਹਮੀ' ਵੇਖਣੀ ਐ....ਲਿਆਓ ਸਾਮ੍ਹਣੇ ਜੇ ਓਹਦੇ 'ਚ ਹਿੰਮਤ ਐ ਤੇ....।"

ਸ਼ਿੱਬੂ ਦਾ ਇਹ ਤਕੀਆ ਕਲਾਮ ਹਵਾਵਾਂ ਵਿੱਚ ਘੁਲ ਕੇ ਇਲਾਕੇ ਅੰਦਰ ਫੈਲ ਗਿਆ ਤੇ ਇੱਕ ਦਿਨ ਭਾਈ ਅਵਤਾਰ ਸਿੰਘ ਬ੍ਰਹਮਾ ਦੇ ਕੰਨਾਂ ਤਕ ਵੀ ਜਾ ਪੁੱਜਾ। ਭਾਈ ਬ੍ਰਹਮਾ ਨੇ ਸ਼ਿੱਬੂ ਨੂੰ ਸਿੱਧੇ ਹੋ ਕੇ ਮਿਲਣ ਦਾ ਫ਼ੈਸਲਾ ਕਰ ਲਿਆ। ਫਿਰ ਇੱਕ ਵਾਰ ਆਪ ਨੇ ਨਾਕਾ ਲਾ ਕੇ ਸ਼ਿੱਬੂ ਦੀ ਅਗਵਾਈ ਹੇਠਲੀ ਪੂਰੀ ਪੁਲੀਸ ਦੀ ਟੁਕੜੀ ਨੂੰ ਸਰਹਾਲੀ ਕੋਲ ਇੱਕ ਪੁਲੀ 'ਤੇ ਘੇਰ ਲਿਆ। ਮੌਤ ਸਾਮ੍ਹਣੇ ਵੇਖ ਸ਼ਿੱਬੂ ਦੀ ਸਾਰੀ ਹੈਂਕੜ ਕੂਚ ਕਰ ਗਈ ਤੇ ਉਹ ਜੀਪ ਹੇਠਾਂ ਵੜ ਕੇ ਟਾਇਰ ਦੇ ਓਹਲੇ ਲੁਕਣ ਦਾ ਯਤਨ ਕਰਨ ਲੱਗਾ। ਭਾਈ ਬ੍ਰਹਮਾ ਨੇ ਅੱਗੇ ਵਧ ਕੇ ਕਾਲਰ ਤੋਂ ਫੜ ਕੇ ਉਸ ਨੂੰ ਉੱਪਰ ਉਠਾਇਆ। ਫਿਰ ਕੰਬਦੇ ਹੋਏ ਸ਼ਿੱਬੂ ਦੇ ਜ਼ੁਲਮਾਂ ਦਾ ਵਿਸਥਾਰ ਹਾਸਲ ਕਰ ਕੇ ਆਪਣੇ ਹੱਥੀਂ ਇਹਨਾਂ ਜ਼ੁਲਮਾਂ ਦੀ ਸਜਾ ਦਿੰਦਿਆਂ ਅਗਲੇ ਜਹਾਨ ਵਿੱਚ ਇਹਨਾਂ ਜ਼ੁਲਮਾਂ ਦੇ ਹਿਸਾਬ ਕਿਤਾਬ ਲਈ ਜਮਲੋਕ ਨੂੰ ਰਵਾਨਾ ਕਰ ਦਿੱਤਾ। ਇਸ ਤੋਂ ਬਾਅਦ ਜੈਕਾਰੇ ਛੱਡਦਾ ਜੁਝਾਰੂ ਸਿੰਘਾਂ ਦਾ ਜਥਾ ਭਾਈ ਬ੍ਰਹਮਾ ਦੀ ਅਗਵਾਈ ਵਿੱਚ ਆਪਣੇ ਰਾਹ ਪੈ ਗਿਆ।

ਇਹ ਘਟਨਾ ਜੰਗਲ ਦੀ ਅੱਗ ਵਾਂਗ ਇਲਾਕੇ ਵਿੱਚ ਘੁੰਮੀ ਤੇ ਇਸ ਘਟਨਾ ਤੇ ਵਾਰਾਂ ਗਾ ਕੇ ਕਵੀਸ਼ਰਾਂ ਨੇ ਇਸ ਨੂੰ ਪੂਰੇ ਪੰਜਾਬ ਵਿੱਚ ਫੈਲਾ ਦਿੱਤਾ। ਖ਼ਾਸ ਕਰ:

...ਸ਼ਿੱਬੂ ਕਹਿੰਦਾ ਵੇਖਣੀ ਬ੍ਰਹਮੀ

ਵਾਲੀ ਵਾਰ ਸਿੱਖਾਂ ਦੇ ਬੱਚੇ-ਬੱਚੇ ਦੇ ਮੂੰਹ 'ਤੇ ਚੜ੍ਹ ਗਈ। ਇਸ ਪਿੱਛੋਂ ਭਾਈ ਬ੍ਰਹਮਾ ਦਾ ਦਬਦਬਾ ਬਹੁਤ ਵਧ ਗਿਆ। ਇੱਥੋਂ ਤਕ ਕਿ ਆਪ ਦਾ ਖੁੱਲ੍ਹਾ ਚਰ ਰਿਹਾ ਘੋੜਾ ਇੱਕ ਵਾਰ ਇਲਾਕੇ ਦੀ ਪੁਲੀਸ ਫੜ ਕੇ ਥਾਣੇ ਲੈ ਗਈ। ਜਦੋਂ ਪਿੰਡ ਗੇੜਾ ਮਾਰਨ ਆਏ ਭਾਈ ਬ੍ਰਹਮਾ ਨੂੰ ਇਸ ਦੀ ਖ਼ਬਰ ਮਿਲੀ ਤਾਂ ਉਹਨਾਂ ਪਿੰਡ ਦੇ ਇੱਕ ਮੋਹਤਬਰ ਦੇ ਹੱਥ ਇੱਕ ਚਿੱਠੀ ਥਾਣੇ ਭੇਜੀ ਕਿ ਮੇਰਾ ਘੋੜਾ ਵਾਪਸ ਪਿੰਡ ਛੱਡ ਜਾਓ, ...।

ਇਹ ਚਿੱਠੀ ਥਾਣੇ ਅੱਪੜਨ ਦੀ ਦੇਰ ਸੀ ਕਿ ਪੁਲੀਸ ਵਾਲੇ ਘੋੜੇ ਨੂੰ ਜੀਪ ਪਿੱਛੇ ਬੰਨ੍ਹ ਕੇ ਲਿਆਏ ਤੇ ਬ੍ਰਹਮਪੁਰਾ ਪਿੰਡ ਵਿੱਚ ਛੱਡ ਕੇ ਵਾਪਸ ਚਲੇ ਗਏ। ਭਾਈ ਬ੍ਰਹਮਾ ਪੂਰੀ ਸ਼ਾਨ ਨਾਲ ਘੋੜੇ 'ਤੇ ਸਵਾਰ ਹੋਇਆ ਤੇ ਆਪਣੇ ਰਾਹ ਪੈ ਗਿਆ।

ਮੰਡ ਦਾ ਬਾਦਸ਼ਾਹ

ਦਰਿਆ ਦੇ ਕੰਢੇ-ਕੰਢੇ ਫੈਲੇ ਵਿਸ਼ਾਲ ਮੰਡ ਖੇਤਰ ਦੇ ਚੱਪੇ ਚੱਪੇ ਦਾ ਭੇਤੀ ਹੋਣ ਕਾਰਨ ਭਾਈ ਬ੍ਰਹਮਾ ਨੂੰ 'ਮੰਡ ਦਾ ਬਾਦਸ਼ਾਹ' ਕਿਹਾ ਜਾਂਦਾ ਸੀ। ਜਦੋਂ ਰਿਬੈਰੋ ਨੇ ਮੰਡ ਦੇ ਖੇਤਰ ਵਿੱਚੋਂ ਜੁਝਾਰੂ ਸਿੰਘਾਂ ਦੇ ਸਫਾਏ ਲਈ ਹੈਲੀਕਾਪਟਰਾਂ ਦੀ ਮਦਦ ਨਾਲ ਵਿਸ਼ਾਲ ਮੰਡ ਆਪਰੇਸ਼ਨ ਅਰੰਭ ਕੀਤਾ ਤਾਂ ਭਾਈ ਬ੍ਰਹਮਾ ਨੇ ਇਸ ਵੱਡੇ ਹਮਲੇ ਦਾ ਪੂਰੀ ਜਾਂਬਾਜ਼ੀ ਨਾਲ ਟਾਕਰਾ ਕੀਤਾ ਤੇ ਇੱਕ ਹੈਲੀਕਾਪਟਰ ਨੂੰ ਫੁੰਡ ਕੇ ਹੇਠਾਂ ਸੁੱਟ ਲਿਆ। ਇਸ ਤੋਂ ਬਾਅਦ ਪੁਲੀਸ ਫ਼ੋਰਸ ਨੇ ਬੜਾ ਜ਼ੋਰਦਾਰ ਹਮਲਾ ਕੀਤਾ। ਗਹਿਗੱਚ ਮੁਕਾਬਲੇ ਵਿੱਚ ਪੁਲੀਸ ਦਾ ਐਸ.ਐਸ.ਪੀ., ਪੀ.ਐਮ. ਦਾਸ ਸਖ਼ਤ ਜ਼ਖ਼ਮੀ ਹੋ ਗਿਆ ਤੇ ਪੁਲੀਸ ਫ਼ੋਰਸ ਨੂੰ ਉਸ ਨੂੰ ਚੁੱਕ ਕੇ ਵਾਪਸ ਭੱਜਣਾ ਪਿਆ। ਇਸ ਤੋਂ ਬਾਅਦ ਪੁਲੀਸ ਨੇ ਮੰਡ ਵਿੱਚ ਪੈਰ ਧਰਨ ਦੀ ਜੁਰਅਤ ਨਹੀਂ ਕੀਤੀ। ਇਹਨਾਂ ਝੜਪਾਂ ਵਿੱਚ ਹੀ ਭਾਈ ਬ੍ਰਹਮਾ ਦੇ ਹੱਥ 'ਤੇ ਗੋਲੀ ਲੱਗੀ, ਜਿਸ ਨਾਲ ਉਹਨਾਂ ਦੀ ਇੱਕ ਉਂਗਲ ਕੱਟੀ ਗਈ, ਪਰ ਫਿਰ ਵੀ ਆਪ ਓਥੇ ਹੀ ਫੁਰਤੀ ਤੇ ਸ਼ਾਨ ਨਾਲ ਮਾਝੇ ਦੀ ਸਰਜ਼ਮੀਨ 'ਤੇ ਵਿਚਰਦੇ ਦਿੱਲੀ ਦੇ ਰਾਖਿਆਂ ਨਾਲ ਟਕਰਾਉਂਦੇ ਰਹੇ ਤੇ ਉਹਨਾਂ ਲਈ ਇੱਕ ਹਊਆ ਬਣੇ ਰਹੇ। ਕਈ ਜ਼ਬਰਦਸਤ ਘੇਰਿਆਂ ਨੂੰ ਤੋੜ ਕੇ ਨਿਕਲ ਜਾਣ ਕਾਰਨ ਆਪ ਬਾਰੇ ਇਹ ਪ੍ਰਚਲਿਤ ਹੋ ਗਿਆ ਸੀ ਕਿ ਗੁਰਬਾਣੀ ਪੜ੍ਹਦੇ ਰਹਿਣ ਕਾਰਨ ਆਪ ਵਿੱਚ ਕੋਈ ਗੈਬੀ ਸ਼ਕਤੀ ਪ੍ਰਵੇਸ਼ ਕਰ ਗਈ ਹੈ।

ਜਦੋਂ ਦਿੱਲੀ ਦੇ ਤਖ਼ਤ ਨੇ ਸਿੱਖ ਜੁਝਾਰੂਆਂ ਦੇ ਖ਼ਾਤਮੇ ਲਈ ਪੰਜਾਬ ਪੁਲੀਸ ਦਾ ਮਨੋਬਲ ਵਧਾਉਣ ਹਿੱਤ ਸੀ.ਆਰ.ਪੀ. ਫ਼ੋਰਸ ਦੀਆਂ ਧਾੜਾਂ ਪੰਜਾਬ ਵਿੱਚ ਭੇਜ ਦਿੱਤੀਆਂ ਤਾਂ ਭਾਈ ਬ੍ਰਹਮਾ ਦੇ ਪਿੰਡ ਵੀ ਸੀ.ਆਰ.ਪੀ. ਦੀ ਇੱਕ ਛਾਉਣੀ ਪਾ ਦਿੱਤੀ ਗਈ। ਇਹ ਛਾਉਣੀ ਉਸੇ ਹੀ ਸਕੂਲ ਵਿੱਚ ਸੀ, ਜਿੱਥੇ ਨਿੱਕੇ ਹੁੰਦੇ ਬ੍ਰਹਮਾ ਪੜ੍ਹਦਾ ਰਿਹਾ ਸੀ। ਹਕੂਮਤੀ ਤਾਕਤ ਵਿੱਚ ਭੂਤਰੇ ਸੀ.ਆਰ.ਪੀ. ਵਾਲਿਆਂ ਨੇ ਆਪਣੀ ਫ਼ਿਤਰਤ ਅਨੁਸਾਰ ਪਿੰਡ ਦੀਆਂ ਧੀਆਂ-ਭੈਣਾਂ ਨਾਲ ਛੇੜਖਾਨੀਆਂ ਕਰਨੀਆਂ ਅਰੰਭ ਕਰ ਦਿੱਤੀਆਂ। ਇਹ ਖ਼ਬਰਾਂ ਜਦੋਂ ਭਾਈ ਬ੍ਰਹਮਾ ਤਕ ਪੁੱਜੀਆਂ ਤਾਂ ਉਹਨਾਂ ਦਾ ਖ਼ੂਨ ਖ਼ੌਲ ਉਠਿਆ। ਆਪ ਦੋ ਸਿੰਘਾਂ ਸਮੇਤ ਆਪਣੇ ਪਿੰਡ ਵਿੱਚ ਆਏ ਅਤੇ ਗੁਰਦੁਆਰਾ ਸਾਹਿਬ ਦੇ ਲਾਊਡ ਸਪੀਕਰ ਰਾਹੀਂ ਸੀ.ਆਰ.ਪੀ. ਵਾਲਿਆਂ ਨੂੰ ਮੈਦਾਨ ਵਿੱਚ ਆ ਕੇ ਮੁਕਾਬਲਾ ਕਰਨ ਲਈ ਲਲਕਾਰਿਆ। ਸ਼ੇਰ ਦੀ ਲਲਕਾਰ ਸੁਣਦਿਆਂ ਹੀ ਸੀ.ਆਰ.ਪੀ. ਵਾਲੇ

ਸੁਸਰੀ ਵਾਂਗ ਸੌਂ ਗਏ। ਉਹਨਾਂ ਨੂੰ ਆਪਣੇ ਘੁਰਨਿਆਂ ਅੰਦਰ ਮੂੰਹ ਲੁਕਾ ਕੇ ਦੜ ਵੱਟਦਿਆਂ ਵੇਖ ਭਾਈ ਬ੍ਰਹਮਾ ਨੇ ਲਲਕਾਰਦੇ ਹੋਏ ਗੋਲ਼ੀਆਂ ਚਲਾਉਣੀਆਂ ਅਰੰਭ ਕਰ ਦਿੱਤੀਆਂ। ਕਰੀਬ 25 ਮਿੰਟ ਵਿੱਚ ਭਾਈ ਬ੍ਰਹਮਾ ਨੇ 25 ਫ਼ਾਇਰ ਕੀਤੇ ਤੇ ਸੀ.ਆਰ.ਪੀ. ਨੂੰ ਲਲਕਾਰਦੇ ਰਹੇ, ਪਰ ਜਦੋਂ ਉਹ ਘੁਰਨਿਆਂ 'ਚੋਂ ਬਾਹਰ ਨਾ ਨਿਕਲ਼ੇ ਤਾਂ ਆਖਰ ਲਲਕਾਰਦੇ ਤੇ ਗੋਲ਼ੀਆਂ ਚਲਾਉਂਦੇ ਭਾਈ ਅਵਤਾਰ ਸਿੰਘ ਬ੍ਰਹਮਾ ਆਪਣੇ ਰਾਹ ਪੈ ਗਏ।

ਪੰਜਾਬ ਪੁਲੀਸ ਦੀ ਅਸਫਲਤਾ ਨੂੰ ਸਫਲਤਾ ਵਿੱਚ ਬਦਲਣ ਆਈ ਸੀ.ਆਰ.ਪੀ. ਦੀ ਸਮੁੱਚੀ ਫ਼ੋਰਸ ਲਈ ਇਹ ਇੱਕ ਨਮੋਸ਼ੀ ਭਰੀ ਘਟਨਾ ਸੀ, ਜਿਸ ਨੇ ਹਿੰਦ ਸਰਕਾਰ ਨੂੰ ਧੁਰ ਤਕ ਇਹ ਤਾਪ ਚਾੜ੍ਹ ਦਿੱਤਾ ਕਿ ਜੇਕਰ ਇਸ ਘਟਨਾ ਵਿੱਚ ਸੀ.ਆਰ.ਪੀ. ਦੀ ਜ਼ਾਹਰ ਹੋ ਗਈ ਬੁਜ਼ਦਿਲੀ ਤੇ ਬਹਾਦਰੀ ਦਾ ਮੁਲੰਮਾ ਨਾ ਚਾੜ੍ਹਿਆ ਗਿਆ ਤਾਂ ਸਮੂਹ ਹਿੰਦੁਸਤਾਨੀ ਫ਼ੋਰਸਾਂ ਦੇ ਹੌਂਸਲੇ ਪਸਤ ਹੋ ਜਾਣਗੇ। ਫਿਰ ਸੀ.ਆਰ.ਪੀ. ਦੀ ਇਸ ਨਮੋਸ਼ੀ ਨੂੰ ਬਹੁਤ ਹੀ ਭੱਦੇ ਤਰੀਕੇ ਨਾਲ਼ ਧੋਤਾ ਗਿਆ। ਚਾਰ ਚੁਫੇਰਿਓਂ ਆਈਆਂ ਸੀ.ਆਰ.ਪੀ. ਵਾਲ਼ਿਆਂ ਦੀਆਂ ਜਾਬਰ ਧਾੜਾਂ ਬ੍ਰਹਮਪੁਰਾ ਪਿੰਡ 'ਤੇ ਕਹਿਰ ਬਣ ਕੇ ਟੁੱਟ ਪਈਆਂ। ਸ਼ਰਾਬੀ ਹੋਏ ਸੀ.ਆਰ.ਪੀ. ਵਾਲ਼ਿਆਂ ਨੇ ਘਰਾਂ ਦੇ ਵਿੱਚ ਜਾ ਕੇ ਔਰਤਾਂ ਦੀ ਬੇਪਤੀ ਕੀਤੀ, ਬੰਦਿਆਂ ਨੂੰ ਬੁਰੀ ਤਰ੍ਹਾਂ ਕੁੱਟਿਆ ਅਤੇ ਗੁਰਦੁਆਰੇ 'ਤੇ ਹਮਲਾ ਕਰ ਕੇ ਬੜੇ ਹੀ ਘਟੀਆ ਤਰੀਕੇ ਨਾਲ਼ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕਰ ਕੇ ਗੁਰਦੁਆਰੇ ਨੂੰ ਅੱਗ ਲਾ ਦਿੱਤੀ ਗਈ। ਦਿੱਲੀ ਦਾ ਇਹ ਭੱਦਾ ਪ੍ਰਤੀਕਰਮ 'ਬ੍ਰਹਮਪੁਰਾ ਕਾਂਡ' ਨਾਲ਼ ਮਸ਼ਹੂਰ ਹੋਇਆ, ਜਿਸ ਨਾਲ਼ ਸਿੱਖਾਂ ਦੇ ਦਿਲ ਅੰਦਰ ਰੋਹ ਦੇ ਭਾਂਬੜ ਮੱਚ ਉਠੇ ਤੇ ਅਖੀਰ ਕੇਂਦਰ ਨੂੰ ਸਿੱਖ ਰੋਹ ਤੋਂ ਡਰਦਿਆਂ ਸੀ.ਆਰ.ਪੀ. ਦੀ ਛਾਉਣੀ ਓਥੋਂ ਹਟਾਉਣੀ ਪਈ।

ਭਾਈ ਅਵਤਾਰ ਸਿੰਘ ਬ੍ਰਹਮਾ ਦੀ ਅਗਵਾਈ ਵਿੱਚ ਖ਼ਾਲਿਸਤਾਨ ਲਿਬਰੇਸ਼ਨ ਫ਼ੋਰਸ ਦੀ ਬੱਬਰ ਖ਼ਾਲਸਾ ਨਾਲ਼ ਕਾਇਮ ਹੋਈ ਸਿਧਾਂਤਕ ਏਕਤਾ ਤੋੜ ਤਕ ਨਿਭੀ। ਆਮ ਤੌਰ 'ਤੇ ਬੱਬਰਾਂ ਅਤੇ ਉਹਨਾਂ ਦੇ ਸਹਿਯੋਗੀਆਂ ਨੂੰ ਸਰਬੱਤ ਖ਼ਾਲਸਾ ਵੱਲੋਂ ਬਣੀ 'ਪੰਥਕ ਕਮੇਟੀ' ਦੇ ਵਿਰੋਧੀ ਮੰਨਿਆ ਜਾਂਦਾ ਸੀ, ਪਰ ਭਾਈ ਬ੍ਰਹਮਾ ਤੇ ਭਾਈ ਵਧਾਵਾ ਸਿੰਘ ਬੱਬਰ ਦਾ ਸਾਲ 1988 ਵਿੱਚ ਲੰਡਨ ਦੇ ਦੇਸ-ਪ੍ਰਦੇਸ 'ਚ ਛਪੀ ਇੱਕ ਸਾਂਝੀ ਇੰਟਰਵਿਊ ਜਿਥੇ ਉਹਨਾਂ ਦਾ ਪੱਖ ਖ਼ੂਬਸੂਰਤੀ ਨਾਲ਼ ਪੇਸ਼ ਕਰਦੀ ਹੈ, ਓਥੇ ਉਹਨਾਂ ਦੀ ਸਿਆਣਪ ਨੂੰ ਵੀ ਦਰਸਾਉਂਦੀ ਹੈ। ਇਸ ਮੁਲਾਕਾਤ 'ਚ ਉਹਨਾਂ ਨੇ ਪਹਿਲੀ ਗੱਲ ਇਹ ਕੀਤੀ ਕਿ "ਅਸੀਂ ਪੰਥਕ ਕਮੇਟੀ ਨਾਲ਼ ਰਲ਼ਣ ਨੂੰ ਤਿਆਰ ਹਾਂ, ਪਰ ਪੰਥਕ ਕਮੇਟੀ ਸਾਨੂੰ ਆਪਣੇ ਨਾਲ਼ ਨਹੀਂ ਰਲ਼ਾਉਂਦੀ...।"

ਪੰਥਕ ਕਮੇਟੀ ਨਾਲ਼ ਆਪਣੇ ਸਿਧਾਂਤਕ ਮੱਤਭੇਦਾਂ ਦਾ ਜਿਕਰ ਕਰਦਿਆਂ ਇਹਨਾਂ ਦੋਹਾਂ ਜਰਨੈਲਾਂ ਨੇ ਕਿਹਾ- "ਸਰਬੱਤ ਖ਼ਾਲਸਾ 'ਚ ਸਾਰੀਆਂ ਜਥੇਬੰਦੀਆਂ ਨੂੰ ਬੁਲਾਇਆ ਜਾਣਾ ਚਾਹੀਦਾ ਹੈ, ਪਰ ਉਹਨਾਂ ਨੇ ਸਰਬੱਤ ਖ਼ਾਲਸਾ 'ਚ ਦਮਦਮੀ ਟਕਸਾਲ ਨਾਲ਼ ਸੰਬੰਧਿਤ ਗਰੁੱਪ ਹੀ ਬੁਲਾਏ...।"

ਉਹਨਾਂ ਕਿਹਾ- "ਇੱਕ ਪਾਸੇ ਪੰਥਕ ਕਮੇਟੀ ਨੂੰ ਸੁਪਰੀਮ ਕਿਹਾ ਜਾਂਦਾ ਹੈ, ਪਰ ਦੂਜੇ ਪਾਸੇ ਉਹ ਹਰ ਫ਼ੈਸਲਾ ਦਮਦਮੀ ਟਕਸਾਲ ਤੋਂ ਪੁੱਛ ਕੇ ਕਰਦੀ ਹੈ, ਫਿਰ ਉਹ ਸੁਪਰੀਮ ਕਿਵੇਂ

ਹੋਈ...?"

ਇਸ ਤੋਂ ਕੋਈ ਇਹ ਨਾ ਸਮਝ ਬੈਠੇ ਕਿ ਇਹ ਜਰਨੈਲ ਦਮਦਮੀ ਟਕਸਾਲ ਦੇ ਵਿਰੋਧੀ ਹਨ, ਇਸ ਲਈ ਉਕਤ ਮੁਲਾਕਾਤ 'ਚ ਇਹਨਾਂ ਦੋਹਾਂ ਜਰਨੈਲਾਂ ਨੇ ਸਪਸ਼ਟ ਕਰਦਿਆਂ ਕਿਹਾ:

"ਅਸੀਂ ਦਮਦਮੀ ਟਕਸਾਲ ਦਾ ਸੱਚੇ ਦਿਲੋਂ ਸਤਿਕਾਰ ਕਰਦੇ ਹਾਂ। ਟਕਸਾਲ ਵਿਰੁੱਧ ਸਾਡੀ ਜ਼ਬਾਨ 'ਚੋਂ ਕਦੇ ਕੋਈ ਸ਼ਬਦ ਨਹੀਂ ਨਿਕਲੇਗਾ...ਅਸੀਂ ਦਮਦਮੀ ਟਕਸਾਲ ਨੂੰ ਮੱਥਾ ਟੇਕਦੇ ਹਾਂ...।"

ਜੁਝਾਰੂ ਜਥੇਬੰਦੀਆਂ ਦੇ ਕੁਝ ਸਿਧਾਂਤਕ ਮੱਤਭੇਦਾਂ ਦਾ ਫ਼ਾਇਦਾ ਉਠਾ ਕੇ ਭਰਾ-ਮਾਰੂ ਜੰਗ ਅਰੰਭ ਕਰਵਾਉਣ ਦੀ ਕੋਸ਼ਿਸ਼ ਕਰਨ ਵਾਲਿਆਂ ਨੇ ਇੱਕ ਵਾਰ ਇਹਨਾਂ ਜਰਨੈਲਾਂ ਵੱਲੋਂ ਬਾਬਾ ਮਾਨੋਚਾਹਲ ਦੇ ਸਰਕਾਰੀ ਏਜੰਟ ਹੋਣ ਦਾ ਦੋਸ਼ 'ਆਵਾਜ਼ੇ ਕੌਮ' ਦੇ 30 ਜੂਨ 1988 'ਚ ਲਗਵਾ ਦਿੱਤਾ ਤਾਂ ਇਸ ਦਾ ਖੰਡਨ ਕਰਦੇ ਹੋਏ ਭਾਈ ਅਵਤਾਰ ਸਿੰਘ ਬ੍ਰਹਮਾ ਤੇ ਭਾਈ ਵਧਾਵਾ ਸਿੰਘ ਬੱਬਰ ਨੇ 'ਦੇਸ ਪ੍ਰਦੇਸ' ਨੂੰ ਆਖਿਆ:

"ਬਾਬਾ ਮਾਨੋਚਾਹਲ ਨੂੰ ਸਰਕਾਰੀ ਏਜੰਟ ਕਹਿਣ ਵਾਲੇ 'ਰਾਅ' (ਭਾਰਤੀ ਖ਼ੁਫ਼ੀਆ ਏਜੰਸੀ) ਦੇ ਬੰਦੇ ਹਨ....ਲੜਾਈ ਦੇ ਢੰਗ 'ਚ ਮੱਤਭੇਦ ਹੋ ਸਕਦੇ ਹਨ, ਪਰ ਸਿਧਾਂਤਕ ਤੌਰ 'ਤੇ ਸਾਡਾ ਸਾਰਿਆਂ ਦਾ ਨਿਸ਼ਾਨਾ ਇੱਕ ਹੈ...। ਜਿਹੜਾ ਜੁਝਾਰੂ ਵੀ ਖ਼ਾਲਿਸਤਾਨ ਦੀ ਪ੍ਰਾਪਤੀ ਲਈ ਸਿਰ ਤਲੀ 'ਤੇ ਰੱਖੀ ਫਿਰਦਾ ਹੈ, ਉਸ ਵਿਰੁੱਧ ਸਾਡੀ ਆਤਮਾ ਕਦੇ ਕੁਝ ਨਹੀਂ ਕਹਿ ਸਕਦੀ। ਅਸੀਂ ਤਾਂ ਉਸ ਨੂੰ 'ਧੰਨ' ਹੀ ਆਖਾਂਗੇ। ਮੈਦਾਨੇ-ਜੰਗ ਵਿੱਚ ਜੂਝਣ ਵਾਲਾ ਕੋਈ ਜੁਝਾਰੂ 'ਸਰਕਾਰੀਆ' ਨਹੀਂ ਹੋ ਸਕਦਾ। ਅਸੀਂ ਬਾਬਾ ਮਾਨੋਚਾਹਲ ਅਤੇ ਜਨਰਲ ਸੁਖਦੇਵ ਸਿੰਘ ਝਾਮਕੇ ਦਾ ਦਿਲੋਂ ਸਤਿਕਾਰ ਕਰਦੇ ਹਾਂ ਅਤੇ 'ਦੇਸ ਪ੍ਰਦੇਸ' ਰਾਹੀਂ ਸਮੂਹ ਸਿੱਖ ਜਗਤ ਤਕ ਇਹ ਗੱਲ ਪਹੁੰਚਾਉਣੀ ਚਾਹੁੰਦੇ ਹਾਂ ਕਿ ਸਾਡੀ ਹਿੰਦ ਸਰਕਾਰ ਦੇ ਨਾਲ਼ ਟੱਕਰ ਹੈ ਅਤੇ ਸਾਡੀ ਮੰਜ਼ਲ ਇੱਕੋ ਹੈ....ਦੁਸ਼ਮਣ ਅਜਿਹੇ ਬਿਆਨ ਲੁਆ ਕੇ ਹਰ ਚਾਲ ਚੱਲੇਗਾ, ਸਭ ਮਾਈ-ਭਾਈ ਨੂੰ ਸੁਚੇਤ ਰਹਿਣਾ ਚਾਹੀਦਾ ਹੈ...।"

ਇਸ ਮੁਲਾਕਾਤ ਵਿੱਚੋਂ ਭਾਈ ਅਵਤਾਰ ਸਿੰਘ ਬ੍ਰਹਮਾ ਦੀ ਦੂਰ-ਅੰਦੇਸ਼ੀ ਦੇ ਦਰਸ਼ਨ ਹੁੰਦੇ ਹਨ।

ਇਸੇ ਹੀ ਤਰ੍ਹਾਂ ਆਪਣੀ ਹਰ ਇੱਕ ਜਿੱਤ ਨੂੰ ਇਤਿਹਾਸ ਦੀਆਂ ਪੈੜਾਂ 'ਤੇ ਬਿਖੇਰਦਾ ਭਾਈ ਅਵਤਾਰ ਸਿੰਘ ਬ੍ਰਹਮਾ ਪੰਜਾਬ ਦੀ ਪਾਵਨ ਧਰਤੀ 'ਤੇ ਚੜ੍ਹੇ ਦੁਸ਼ਮਣ ਦੇ ਕਟਕਾਂ ਦੇ ਗੜ੍ਹਾਂ ਨਾਲ਼ ਟਕਰਾਉਂਦਾ ਤੇ ਉਹਨਾਂ ਨਾਲ਼ ਲੁਕਣਮੀਚੀ ਖੇਡ ਕੇ ਗੁਰੀਲਾ ਜੰਗ ਲੜਦਾ ਹੋਇਆ ਇੱਕ ਦਿਨ ਦੁਸ਼ਮਣ ਦੀ ਫ਼ੌਜ ਵਿੱਚ 'ਕੱਲਮ 'ਕੱਲਾ ਘਿਰ ਗਿਆ ਤੇ ਮਿਤੀ 26 ਜੁਲਾਈ 1988 ਨੂੰ ਸਿੱਖੀ ਰਵਾਇਤਾਂ ਅਨੁਸਾਰ ਜੂਝਦਾ ਹੋਇਆ ਸ਼ਹੀਦ ਹੋ ਗਿਆ। ਇਹ ਕਿਹਾ ਜਾਂਦਾ ਹੈ ਕਿ ਇਸ ਸੂਰਮੇ ਦੇ ਸਰਹੱਦ ਪਾਰ ਕਰਨ ਬਾਰੇ ਪੂਰੀ-ਪੂਰੀ ਸੂਚਨਾ ਅਗਾਊਂ ਹੀ ਭਾਰਤੀ ਫ਼ੌਜ ਤੇ ਏਜੰਸੀਆਂ ਤਕ ਕਿਸੇ ਗ਼ੱਦਾਰ ਨੇ ਪਹੁੰਚਾ ਦਿੱਤੀ ਸੀ। ਆਪ ਦੀ ਸ਼ਹੀਦੀ ਤੇ ਦੁਸ਼ਮਣ ਨੇ ਅਥਾਹ ਖ਼ੁਸ਼ੀਆਂ ਮਨਾਈਆਂ, ਪਰ ਉਹ ਨਹੀਂ ਸੀ ਜਾਣਦੇ ਕਿ ਇਹ ਸੂਰਮਾ ਦੁੱਲੇ ਭੱਟੀ ਵਾਂਗ ਆਪਣੀ

ਬਹਾਦਰੀ ਦੀਆਂ ਜਿਹੜੀਆਂ ਗਾਥਾਵਾਂ ਖੁਸ਼ਬੂ ਵਾਂਗ ਪੰਜਾਬ ਦੀਆਂ ਪੌਣਾਂ ਵਿੱਚ ਘੋਲ ਗਿਆ ਹੈ, ਉਹਨਾਂ ਵਿੱਚ ਅਜਿਹੇ ਹਜ਼ਾਰਾਂ ਹੀ ਸਿਰਲੱਥ ਸੂਰਮੇ ਪੈਦਾ ਕਰਨ ਦੀ ਸਮਰੱਥਾ ਹੈ।

* * * * *

ਕੋਈ ਦੂਰ ਦੀ ਗੱਲ ਨਹੀ ਜਾਪਦ ਉਹਨੂੰ,
ਕਿਤੇ ਅਜੇ ਹੀ ਹੋਈ ਸੀ ਸ਼ਾਮ ਵਾਂਗੂੰ।
ਸਾਡੇ ਸਿਰਾਂ ਤੇ ਬਦਲੀਆਂ ਮੰਡਲਾਈਆਂ ਸੀ,
ਸਾਨੂੰ ਛੱਡਦੇ ਸੀ ਕਾਇਰ ਦੀਵਾਨ ਵਾਂਗੂੰ।
ਸਾਡੇ ਕੇਸਰੀ ਨਿਸ਼ਾਨ ਸਾਹਿਬ ਅੱਗੇ,
ਕਦੀ ਝੁਕਦੇ ਸੀ ਉਚੇ ਨਿਸ਼ਾਨ ਵਾਂਗੂੰ।
ਜਿਨ੍ਹਾਂ ਪੁੱਛਿਆਂ ਇਧਰ ਨਹੀ ਝਾਕਦੇ ਸੀ,
ਅੱਜ ਆ ਗਏ ਨੇ ਲੈਣੀ ਭੁੱਖੀ ਹੁਕਮ
ਬਜਾਹ ਵਾਂਗੂੰ।

ਕੇ.ਸੀ.ਐਫ਼. ਦੇ ਪਹਿਲੇ ਚੀਫ਼

ਸ਼ਹੀਦ ਭਾਈ ਤਰਸੇਮ ਸਿੰਘ ਕੋਹਾੜ

ਸਿੱਖ ਕੌਮ ਦੇ ਸਿਰੋਂ ਗ਼ੁਲਾਮੀ ਦਾ ਕਾਲ਼ਾ ਹਨੇਰਾ ਹਟਾਉਣ ਲਈ ਅਜ਼ਾਦੀ ਦੀ ਸ਼ਮ੍ਹਾ 'ਤੇ ਸੜਨ ਤੁਰੇ ਸਿੱਖ ਪਤੰਗਿਆਂ ਦੇ ਕਾਫ਼ਲਿਆਂ ਦੇ ਮੋਹਰੀਆਂ ਵਿੱਚ ਭਾਈ ਤਰਸੇਮ ਸਿੰਘ ਕੋਹਾੜ ਉੱਘਾ ਨਾਂ ਰੱਖਦਾ ਹੈ। ਇਹ ਨਾਂ ਉਹਨਾਂ ਕੁਝ ਕੁ ਨਾਂਵਾਂ ਵਿੱਚ ਆਉਂਦਾ ਹੈ, ਜਿਨ੍ਹਾਂ ਨਾਂਵਾਂ ਨੇ ਸਿੱਖ ਪੰਥ ਦੇ ਦੁਸ਼ਮਣਾਂ ਦੀ ਮਾਨਸਿਕਤਾ ਅੰਦਰ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲ਼ਿਆਂ ਤੋਂ ਬਾਅਦ ਖ਼ੌਫ਼ ਪੈਦਾ ਕੀਤਾ ਸੀ। ਆਪ ਜੀ ਦਾ ਜਨਮ ਸੰਨ 1961 ਵਿੱਚ ਮਾਤਾ ਇੰਦਰ ਕੌਰ ਦੀ ਕੁੱਖੋਂ ਪਿਤਾ ਸ. ਕੇਹਰ ਸਿੰਘ ਜੀ ਦੇ ਗ੍ਰਹਿ ਵਿਖੇ ਪਿੰਡ ਕੋਹਾੜ 'ਚ ਹੋਇਆ।

ਪੰਜ ਭਰਾ ਤੇ ਤਿੰਨ ਭੈਣਾਂ ਵਿੱਚ ਆਪ ਪੰਜ ਭਰਾਵਾਂ 'ਚੋਂ ਸਭ ਤੋਂ ਛੋਟੇ ਸਨ, ਜਦਕਿ ਤਿੰਨ ਭੈਣਾਂ ਵਿੱਚੋਂ ਦੋ ਆਪ ਤੋਂ ਵੱਡੀਆਂ ਸਨ ਅਤੇ ਇੱਕ ਛੋਟੀ। ਆਪ ਬਚਪਨ ਤੋਂ ਹੀ ਹੱਸਮੁਖ ਤੇ ਅਜ਼ਾਦ ਤਬੀਅਤ ਦੇ ਮਾਲਕ ਸਨ। ਡੀ.ਏ.ਵੀ. ਸਕੂਲ ਕਾਦੀਆਂ ਵਿੱਚੋਂ ਮੈਟ੍ਰਿਕ ਫਸਟ ਡਵੀਜ਼ਨ ਵਿੱਚੋਂ ਪਾਸ ਕਰਨ ਉੱਪਰੰਤ ਉਹਨਾਂ ਪਟਿਆਲ਼ੇ ਦੇ ਇੱਕ ਪੋਲੀਟੈਕਨੀਕਲ ਕਾਲਜ ਵਿੱਚ ਪ੍ਰੀ-ਇੰਜੀਨੀਅਰਿੰਗ ਵਿੱਚ ਦਾਖ਼ਲਾ ਲਿਆ।

ਪੋਲੀਟੈਕਨੀਕਲ ਕਾਲਜ ਦੇ ਹੋਸਟਲ ਵਿੱਚ ਇੱਕ ਬਦਮਾਸ਼ ਕਿਸਮ ਦਾ ਵਿਦਿਆਰਥੀ ਮਾਨ ਸਿੰਘ ਰਹਿੰਦਾ ਸੀ, ਜੋ ਕਿ ਤਿੰਨ ਸਾਲ ਦਾ ਕੋਰਸ ਹੋਣ ਦੇ ਬਾਵਜੂਦ ਸੱਤ ਸਾਲ ਤੋਂ ਓਥੇ ਹੀ ਟਿਕਿਆ ਹੋਇਆ ਸੀ ਤੇ ਲੜਕੀਆਂ ਨੂੰ ਤੰਗ ਕਰਦਾ ਸੀ। ਫਿਰ ਇੱਕ ਦਿਨ 18 ਅਗਸਤ 1978 ਨੂੰ ਸਖ਼ਤ ਲੜਾਈ ਹੋਈ ਤੇ ਉਸ ਵਿਦਿਆਰਥੀ ਦਾ ਕਤਲ ਹੋ ਗਿਆ। ਉਸ ਕਤਲ ਕੇਸ ਵਿੱਚ ਭਾਈ ਤਰਸੇਮ ਸਿੰਘ ਕੋਹਾੜ ਨੂੰ ਮੁਲਜ਼ਮ ਨਾਮਜ਼ਦ ਕਰ ਕੇ ਗ੍ਰਿਫ਼ਤਾਰ ਕਰ ਲਿਆ ਗਿਆ।

ਇਸ ਕਤਲ ਕੇਸ ਵਿੱਚ ਸੈਸ਼ਨ ਕੋਰਟ ਗੁਰਦਾਸਪੁਰ ਨੇ ਆਪ ਨੂੰ ਵੀਹ ਸਾਲ ਕੈਦ ਦੀ ਸਜ਼ਾ ਸੁਣਾ ਦਿੱਤੀ। ਪਰਿਵਾਰ ਨੇ ਹਾਈਕੋਰਟ ਵਿੱਚ ਰਿੱਟ ਕੀਤੀ, ਜਿੱਥੋਂ ਆਪ ਨੂੰ ਬਰੀ ਕਰ ਦਿੱਤਾ ਗਿਆ। ਦੱਸਿਆ ਜਾਂਦਾ ਹੈ ਕਿ ਜੇਲ੍ਹ ਵਿੱਚ ਭਾਈ ਤਰਸੇਮ ਸਿੰਘ ਦੀ ਮੁਲਾਕਾਤ ਦੋ ਮੁੱਖ ਨਕਸਲਬਾੜੀਆਂ ਗੁਰਮੀਤ ਸਿੰਘ ਅਤੇ ਨਿਰਮਲ ਸਿੰਘ ਨਾਲ ਹੋਈ ਸੀ।

ਜੇਲ੍ਹ 'ਚੋਂ ਬਾਹਰ ਆ ਕੇ ਆਪ ਨੇ ਖੇਤੀ ਕਰਨੀ ਸ਼ੁਰੂ ਕਰ ਦਿੱਤੀ। ਇਸ ਦੌਰਾਨ ਉਹਨਾਂ ਨੇ ਵਿਦੇਸ਼ ਜਾਣ ਲਈ ਪਾਸਪੋਰਟ ਵੀ ਬਣਾਇਆ ਅਤੇ ਫਿਰ ਇਸ ਮਕਸਦ ਲਈ ਉਹ ਬੰਬਈ

ਗਏ, ਪਰ ਆਪ ਨੂੰ 10-11 ਮਹੀਨੇ ਬੰਬਈ ਹੀ ਰਹਿਣਾ ਪਿਆ। ਇੱਥੇ ਉਹ ਕੇ.ਕੇ. ਵੂਲਨ ਮਿਲਜ਼ 'ਚ ਕੰਮ ਕਰਦੇ ਆਪਣੇ ਪਿੰਡ ਦੇ ਦੋਸਤ ਪਾਲ ਸਿੰਘ ਕੋਲ ਰਹਿੰਦੇ ਰਹੇ। ਉਹਨਾਂ ਨੇ ਇਸ ਸਮੇਂ ਦੌਰਾਨ ਗਲੈਕਸੋ ਅਤੇ ਹਿੰਦ ਕੌਂਸਲੈਂਟ ਕੰਪਨੀ 'ਚ ਕੰਮ ਵੀ ਕੀਤਾ। ਫਿਰ ਉਹ ਪਿੰਡ ਪਰਤ ਗਏ। ਇਸੇ ਹੀ ਸਮੇਂ ਦੌਰਾਨ ਸਿੱਖ ਅਜ਼ਾਦੀ ਦੇ ਸੰਘਰਸ਼ ਦਾ ਉਭਾਰ ਹੋਇਆ ਅਤੇ ਆਪ ਦਾ ਅੰਮ੍ਰਿਤਸਰ ਵਿੱਚ ਸਿੱਖ ਕੌਮ ਦੇ ਅਣਖੀਲੇ ਜਰਨੈਲ ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲਿਆਂ ਤੇ ਭਾਈ ਅਮਰੀਕ ਸਿੰਘ ਨਾਲ਼ ਮੇਲ ਹੋ ਗਿਆ। ਇਸ ਤੋਂ ਬਾਅਦ ਆਪ ਦੀ ਸੰਤਾਂ ਨਾਲ ਗੂੜ੍ਹੀ ਸਾਂਝ ਪੈ ਗਈ ਤੇ ਆਪ ਦਾ ਸ੍ਰੀ ਅੰਮ੍ਰਿਤਸਰ ਆਉਣਾ ਜਾਣਾ ਸ਼ੁਰੂ ਹੋ ਗਿਆ। ਆਪ ਨੂੰ ਜਨਰਲ ਸੁਬੇਗ ਸਿੰਘ ਕੋਲੋਂ ਫ਼ੌਜੀ ਟਰੇਨਿੰਗ ਵੀ ਦਿਵਾਈ ਗਈ ਤੇ ਇਸ ਪਿੱਛੋਂ ਆਪ ਦੀ ਬਾਜ਼ ਅੱਖ ਦੀ ਪਰਖ ਕਰਨ ਪਿੱਛੋਂ ਸੰਤਾਂ ਨੇ ਆਪ ਦੀ ਡਿਊਟੀ ਸ੍ਰੀ ਦਰਬਾਰ ਸਾਹਿਬ ਕੰਪਲੈਕਸ 'ਚ ਆਉਣ ਵਾਲ਼ੇ ਸ਼ੱਕੀ ਬੰਦਿਆਂ 'ਤੇ ਨਜ਼ਰ ਰੱਖਣ ਦੀ ਲਾ ਦਿੱਤੀ। ਉਸ ਤੋਂ ਬਾਅਦ ਆਪ ਸੰਤ ਜਰਨੈਲ ਸਿੰਘ ਜੀ ਦੀ ਸੁਰੱਖਿਆ ਦੀ ਜ਼ਿੰਮੇਵਾਰੀ ਵੀ ਨਿਭਾਉਂਦੇ ਰਹੇ।

ਜੂਨ 1984 ਵਿੱਚ ਇੰਦਰਾ ਗਾਂਧੀ ਦੇ ਹੁਕਮ 'ਤੇ ਭਾਰਤੀ ਫ਼ੌਜ ਨੇ ਸਿੱਖ ਜੁਝਾਰੂਆਂ ਦਾ ਖ਼ਾਤਮਾ ਕਰਨ ਲਈ ਪੰਜਾਬ ਵਿੱਚ ਕਰਫ਼ਿਊ ਲਾ ਕੇ ਦਰਬਾਰ ਸਾਹਿਬ 'ਤੇ ਵਹਿਸ਼ੀ ਹਮਲਾ ਕੀਤਾ। ਕੁਦਰਤੀ ਹੀ ਇਸ ਹਮਲੇ ਤੋਂ 10 ਕੁ ਦਿਨ ਪਹਿਲਾਂ ਹੀ ਭਾਈ ਤਰਸੇਮ ਸਿੰਘ ਆਪਣੇ ਪਿੰਡ ਆਏ ਹੋਏ ਸਨ, ਜਿਸ ਕਾਰਨ ਆਪ ਦਾ ਮਨ ਕਾਫ਼ੀ ਉਪਰਾਮ ਹੋ ਗਿਆ ਤੇ ਆਪ ਭਾਜੀ ਮੋੜਨ ਲਈ ਸਰਗਰਮ ਹੋ ਗਏ। ਇੰਦਰਾ ਨੂੰ ਭੁਲੇਖਾ ਸੀ ਕਿ ਦਰਬਾਰ ਸਾਹਿਬ ਦੇ ਅੰਦਰਲੇ ਜੁਝਾਰੂਆਂ ਨੂੰ ਖ਼ਤਮ ਕਰ ਕੇ ਸਿੱਖ ਸੰਘਰਸ਼ ਨੂੰ ਹੀ ਖ਼ਤਮ ਕਰ ਦੇਣ ਵਿੱਚ ਸਫਲਤਾ ਹਾਸਲ ਹੋ ਜਾਵੇਗੀ। ਪਰ ਉਹ ਨਹੀਂ ਸੀ ਜਾਣਦੀ ਕਿ ਪਿੰਡਾਂ ਵਿੱਚ ਬੈਠੇ ਭਾਈ ਤਰਸੇਮ ਸਿੰਘ ਕੋਹਾੜ, ਭਾਈ ਮਨਬੀਰ ਸਿੰਘ ਚਹੇੜੂ, ਬਾਬਾ ਗੁਰਬਚਨ ਸਿੰਘ ਮਾਨੋਚਾਹਲ, ਭਾਈ ਮਥਰਾ ਸਿੰਘ ਤੇ ਜਿੰਦੇ ਸੁੱਖੇ ਵਰਗੇ ਸੂਰਮੇ ਇਸ ਹਮਲੇ ਪਿੱਛੋਂ ਇੱਕ ਅਜਿਹਾ ਤੂਫ਼ਾਨ ਬਣ ਕੇ ਝੁੱਲਣਗੇ ਕਿ ਉਸ ਦੀ ਆਪਣੀ ਹੋਂਦ ਵੀ ਸਿੱਖ ਰੋਹ ਦੇ ਹੜ੍ਹ ਵਿੱਚ ਕੱਖਾਂ-ਕਾਨਿਆਂ ਵਾਂਗ ਰੁੜ੍ਹ ਜਾਵੇਗੀ। ਭਾਈ ਤਰਸੇਮ ਸਿੰਘ ਕੋਹਾੜ ਦੇ ਨਵੇਂ ਸਫਰ ਵਿੱਚ ਉਹਨਾਂ ਦੇ ਨਵੇਂ ਸਾਥੀ ਸਨ ਬਾਬਾ ਰਣਜੀਤ ਸਿੰਘ ਦਿਆਲਗੜ੍ਹ, ਭਾਈ ਮੱਖਣ ਸਿੰਘ ਸ਼ਿਥ, ਬਾਬਾ ਗੁਰਮੇਜ ਸਿੰਘ ਢਿਲਵਾਂ, ਭਾਈ ਮਨਜੀਤ ਸਿੰਘ ਖੁਜਾਲਾ ਆਦਿ ਸਨ। ਵੱਸਣ ਸਿੰਘ ਜ਼ਫ਼ਰਵਾਲ਼ ਇਸੇ ਹੀ ਗਰੁੱਪ ਦਾ ਇੱਕ ਜੂਨੀਅਰ ਵਰਕਰ ਸੀ।

ਸਾਕਾ ਨੀਲਾ ਤਾਰਾ ਪਿੱਛੋਂ ਭਾਈ ਤਰਸੇਮ ਸਿੰਘ ਨੇ ਘਰ-ਬਾਰ ਛੱਡ ਦਿੱਤਾ ਤੇ ਦਿੱਲੀ ਸਰਕਾਰ ਵਿਰੁੱਧ ਹਥਿਆਰਬੰਦ ਸੰਘਰਸ਼ ਅਰੰਭ ਕਰ ਦਿੱਤਾ। ਆਪ ਨੇ ਆਪਣਾ ਹਥਿਆਰਬੰਦ ਗਰੁੱਪ ਖ਼ਾਲਿਸਤਾਨ ਲਿਬਰੇਸ਼ਨ ਆਰਮੀ ਕਾਇਮ ਕਰ ਕੇ ਸੰਘਰਸ਼ ਅਰੰਭ ਕੀਤਾ। ਇਸ ਪਿੱਛੋਂ ਆਪ ਦਾ ਮੇਲ ਭਾਈ ਮਨਬੀਰ ਸਿੰਘ ਚਹੇੜੂ ਗਰੁੱਪ ਨਾਲ਼ ਹੋਇਆ। ਇਹ ਦੋਵੇਂ ਗਰੁੱਪ ਇੱਕ ਹੋ ਗਏ ਤੇ ਇਸ ਦਾ ਨਾਂ 'ਖ਼ਾਲਿਸਤਾਨ ਕਮਾਂਡੋ ਫ਼ੋਰਸ' ਰੱਖਿਆ ਗਿਆ। ਭਾਈ ਤਰਸੇਮ ਸਿੰਘ ਕੋਹਾੜ ਇਸ ਦੇ ਚੀਫ਼ ਜਨਰਲ ਬਣੇ। ਇਸ ਪਿੱਛੋਂ ਭਾਈ ਹਰਜਿੰਦਰ ਸਿੰਘ ਜਿੰਦਾ, ਭਾਈ ਸੁਖਦੇਵ ਸਿੰਘ ਸੁੱਖਾ, ਭਾਈ ਮਥਰਾ ਸਿੰਘ, ਭਾਈ ਚਰਨਜੀਤ ਸਿੰਘ ਚੰਨੀ ਵੀ ਆਪ ਦੇ ਗਰੁੱਪ ਵਿੱਚ ਸ਼ਾਮਲ ਹੋ ਗਏ। ਜਨਰਲ ਲਾਭ ਸਿੰਘ ਤੇ ਭਾਈ ਕੰਵਰਜੀਤ ਸਿੰਘ ਸੁਲਤਾਨਵਿੰਡ ਇਸੇ

ਹੀ ਗਰੁੱਪ ਵਿੱਚ ਸ਼ਾਮਲ ਹੋਏ।

ਪੰਜ ਮੈਂਬਰੀ ਪੰਥਕ ਕਮੇਟੀ ਦੀ ਥਾਪਣਾ ਵਿੱਚ ਆਪ ਜੀ ਦੀ ਮੁੱਖ ਭੂਮਿਕਾ ਸੀ। ਆਪ ਨੇ ਆਪਣੇ ਨਾਂ ਦੀ ਬਜਾਏ ਇੱਕ ਹੋਰ ਸਿੰਘ ਦਾ ਨਾਂ ਤਜਵੀਜ਼ ਕੀਤਾ ਸੀ। ਇਸ ਪਿੱਛੋਂ ਆਪ ਦੀ ਅਗਵਾਈ ਹੇਠ ਇੱਕ ਨਿੱਕਾ ਜਿਹਾ ਜੁਝਾਰੂ ਕਾਫ਼ਲਾ ਸਿਰਾਂ 'ਤੇ ਖੱਫਣ ਬੰਨ੍ਹ, ਪੂਰੀ ਦੀ ਪੂਰੀ ਹਿੰਦੁਸਤਾਨੀ ਹਕੂਮਤ ਨਾਲ ਟਕਰਾ ਗਿਆ। ਸਿੱਖ ਜੁਝਾਰੂ ਅਚਾਨਕ ਬਿਜਲੀ ਬਣ ਕੇ ਡਿੱਗਦੇ ਤੇ ਫਿਰ ਝੱਟ ਅਲੋਪ ਹੋ ਜਾਂਦੇ। ਜੁਝਾਰੂ ਸਿੰਘਾਂ ਦਾ ਖੁਰਾ-ਖੋਜ ਲੱਭ ਕੇ ਮਿਟਾਉਣ ਲਈ ਪੂਰੀ ਹਿੰਦੁਸਤਾਨ ਦੀ ਸਰਕਾਰੀ ਮਸ਼ੀਨਰੀ ਹਰਕਤ ਵਿੱਚ ਆ ਗਈ।

ਭਾਈ ਤਰਸੇਮ ਸਿੰਘ ਕੋਹਾੜ ਜੁਝਾਰੂ ਜੀਵਨ ਵਿੱਚ ਅਨੰਦ ਕਾਰਜ ਨੂੰ ਰੁਕਾਵਟ ਨਹੀਂ, ਸਗੋਂ ਲੋੜ ਮੰਨਦੇ ਸਨ। ਇਸੇ ਹੀ ਕਾਰਨ ਅਕਤੂਬਰ 1984 ਵਿੱਚ ਆਪ ਦਾ ਅਨੰਦ ਕਾਰਜ ਬੀਬੀ ਪਰਮਜੀਤ ਕੌਰ ਸਪੁੱਤਰੀ ਸ. ਹਰਬੰਸ ਸਿੰਘ ਪਿੰਡ ਦਿਆਲਗੜ੍ਹ ਨਾਲ ਹੋਇਆ। ਇਸ ਪਰਿਵਾਰ ਦੀ ਵੱਡੀ ਲੜਕੀ (ਸ਼ਹੀਦ) ਭਾਈ ਜੋਗਾ ਸਿੰਘ ਬਿਸ਼ਨੰਦੀ ਨਾਲ ਵਿਆਹੀ ਹੋਈ ਸੀ। ਆਪ ਦੇ ਘਰ ਤੇ ਸਹੁਰਾ ਪਰਿਵਾਰ ਉੱਤੇ ਪੁਲੀਸ ਦਾ ਇੰਤਹਾ ਤਸ਼ੱਦਦ ਦਾ ਦੌਰ ਅਰੰਭ ਹੋ ਗਿਆ, ਪਰ ਆਪ ਬੇਧੜਕ ਤੇ ਬੇਪਰਵਾਹ ਹੋ ਕੇ ਜਾਬਰ ਸਰਕਾਰ ਵਿਰੁੱਧ ਨਿਰੰਤਰ ਜੂਝਦੇ ਰਹੇ।

ਗ੍ਰਿਫ਼ਤਾਰੀ

4 ਜੁਲਾਈ 1986 ਨੂੰ ਆਪ ਦੇ ਘਰ ਇੱਕ ਭੁਝੰਗੀ ਦਾ ਜਨਮ ਹੋਇਆ, ਜਿਸ ਦਾ ਨਾਂ ਰਣਯੋਧ ਸਿੰਘ ਰੱਖਿਆ ਗਿਆ। ਪਰ ਇਸ ਤੋਂ ਮਹੀਨਾ ਕੁ ਹੀ ਬਾਅਦ ਆਪ 12 ਅਗਸਤ 1986 ਨੂੰ ਹਮੀਰਾ ਪਿੰਡ ਦੇ ਕੋਲ ਆਪਣੇ ਇੱਕ ਸਾਥੀ ਭਾਈ ਸੁਖਦੇਵ ਸਿੰਘ ਕੋਟ ਮੌਲਵੀ ਦੇ ਨਾਲ ਬੱਸ 'ਤੇ ਆ ਰਹੇ ਸਨ ਤਾਂ ਇੱਕ ਮੁਖ਼ਬਰ ਦੀ ਮੁਖ਼ਬਰੀ ਦੇ ਆਧਾਰ 'ਤੇ ਪੁਲੀਸ ਨੇ ਘੇਰਾ ਪਾ ਕੇ ਆਪ ਨੂੰ ਗ੍ਰਿਫ਼ਤਾਰ ਕਰ ਲਿਆ।

ਉਸੇ ਵੇਲੇ ਹੀ ਗ੍ਰਿਫ਼ਤਾਰੀ ਪਾ ਕੇ ਆਪ ਨੂੰ ਜੇਲ੍ਹ ਭੇਜ ਦਿੱਤਾ ਗਿਆ। ਉਸ ਤੋਂ ਬਾਅਦ ਪੁਲੀਸ ਰਿਮਾਂਡ 'ਤੇ ਲਿਆ ਕੇ ਦਸ ਦਿਨ ਕਪੂਰਥਲੇ ਹਵਾਲਾਤ ਤੇ ਉਸ ਤੋਂ ਬਾਅਦ ਦੋ ਮਹੀਨੇ ਅੰਮ੍ਰਿਤਸਰ ਦੀ ਮਾਲ ਮੰਡੀ ਦੇ ਇੰਟੈਰੋਗੇਸ਼ਨ ਸੈਂਟਰ ਵਿੱਚ ਆਪ ਉੱਪਰ ਅਥਾਹ ਤਸ਼ੱਦਦ ਕੀਤਾ ਗਿਆ। ਜਦੋਂ ਆਪ ਜੀ ਦੀ ਮਾਤਾ ਨੇ ਆਪ ਨਾਲ ਮੁਲਾਕਾਤ ਕੀਤੀ ਤਾਂ ਆਪ ਦੀਆਂ ਅੱਖਾਂ ਵੀ ਉਨੀਂਦਰੇ ਨਾਲ ਖ਼ਰਾਬ ਹੋ ਚੁੱਕੀਆਂ ਸਨ।

ਇਸ ਤੋਂ ਬਾਅਦ ਆਪ ਉੱਪਰ ਐਨ.ਐਸ.ਏ. ਲਾ ਕੇ ਜੇਲ੍ਹ ਭੇਜ ਦਿੱਤਾ ਗਿਆ। ਐਨ.ਐਸ.ਏ. (ਨੈਸ਼ਨਲ ਸਕਿਓਰਟੀ ਐਕਟ) ਓਦੋਂ ਇੱਕ ਸਾਲ ਲਈ ਲਾਈ ਜਾਂਦੀ ਸੀ।

ਇਸ ਉਪਰੰਤ ਮਹੀਨਾ ਕੁ ਆਪ ਨੂੰ ਸਕਿਓਰਟੀ ਜੇਲ੍ਹ ਨਾਭਾ ਵਿੱਚ ਰੱਖਿਆ ਗਿਆ। ਫਿਰ ਵੀ ਦਿੱਲੀ ਸਰਕਾਰ ਦਾ ਕਾਲਜਾ ਧੜਕ ਰਿਹਾ ਸੀ ਕਿ ਜੁਝਾਰੂ ਸਿੰਘ ਕਿਤੇ ਆਪ ਨੂੰ ਜੇਲ੍ਹ ਵਿੱਚੋਂ ਛੁਡਾ ਕੇ ਨਾ ਲੈ ਜਾਣ; ਇਸ ਲਈ ਆਪ ਨੂੰ ਮਹੀਨੇ ਬਾਅਦ ਹੀ ਨਾਭੇ ਤੋਂ ਨਾਸਿਕ ਜੇਲ੍ਹ ਮਹਾਰਾਸ਼ਟਰ ਵਿਖੇ ਭੇਜ ਦਿੱਤਾ ਗਿਆ।

ਇੱਥੇ ਆਪ ਨੂੰ ਬੜੇ ਹੀ ਸਖ਼ਤ ਸੁਰੱਖਿਆ ਪ੍ਰਬੰਧਾਂ ਹੇਠ ਰੱਖਿਆ ਗਿਆ। ਪਰਿਵਾਰਕ ਮੈਂਬਰ ਤੇ ਆਪ ਦੀ ਸਿੰਘਣੀ ਮੁਲਾਕਾਤ ਲਈ ਜਾਂਦੇ ਤਾਂ ਉਹਨਾਂ ਦੀ ਮੁਲਾਕਾਤ ਬੜੀ ਦੂਰੋਂ ਕਰਵਾਈ ਜਾਂਦੀ। ਪਰਿਵਾਰਕ ਮੈਂਬਰ ਦੂਰੋਂ ਉੱਚੀ ਅਵਾਜ਼ 'ਚ ਸੁੱਖ-ਸਾਂਦ ਪੁੱਛਣ ਦੱਸਣ ਤੋਂ ਇਲਾਵਾ ਹੋਰ ਕੋਈ ਗੱਲ ਨਾ ਕਰ ਸਕਦੇ।

ਭਾਰਤ ਸਰਕਾਰ ਆਪ ਨੂੰ ਪੰਜਾਬ ਤੋਂ ਏਨੀ ਦੂਰ ਰੱਖ ਕੇ ਵੀ ਥਰ-ਥਰ ਕੰਬ ਰਹੀ ਸੀ। ਆਪ ਦੇ ਪਰਿਵਾਰ ਨੂੰ ਭਿਣਕ ਪਈ ਕਿ ਦਿੱਲੀ ਸਰਕਾਰ ਨੇ ਆਪ ਦੀ ਐਨ.ਐਸ.ਏ. ਖ਼ਤਮ ਹੋਣ ਦੇ ਨਾਲ ਹੀ ਆਪ ਨੂੰ ਖ਼ਤਮ ਕਰ ਦੇਣ ਦਾ ਫ਼ੈਸਲਾ ਕਰ ਲਿਆ ਹੈ। ਆਪ ਦੇ ਭਰਾਵਾਂ ਨੇ ਇਸ ਸਾਜ਼ਸ਼ ਨੂੰ ਰੋਕਣ ਲਈ ਬੜੇ ਯਤਨ ਕੀਤੇ, ਪਰ ਦਿੱਲੀ ਸਰਕਾਰ ਆਪ ਨੂੰ ਸ਼ਹੀਦ ਕਰਨ ਦਾ ਫ਼ੈਸਲਾ ਕਰ ਚੁੱਕੀ ਸੀ।

ਸ਼ਹੀਦੀ

14 ਨਵੰਬਰ 1987 ਨੂੰ ਆਪ ਅਤੇ ਭਾਈ ਸੁਖਦੇਵ ਸਿੰਘ ਸੁੱਖਾ ਕੋਟ ਮੌਲਵੀ ਨੂੰ ਜਹਾਜ਼ ਰਾਹੀਂ ਨਾਸਿਕ ਤੋਂ ਪਠਾਨਕੋਟ ਲਿਆਂਦਾ ਗਿਆ। ਦਿਨੇ ਆਪ ਨੂੰ ਡੇਰਾ ਬਾਬਾ ਨਾਨਕ ਥਾਣੇ ਰੱਖਿਆ ਗਿਆ। ਇਸ ਤੋਂ ਬਾਅਦ ਰੇਡੀਓ ਵਿੱਚ ਖ਼ਬਰ ਆਈ- 'ਭਾਈ ਤਰਸੇਮ ਸਿੰਘ ਕੋਹਾੜ ਤੇ ਭਾਈ ਸੁਖਦੇਵ ਸਿੰਘ ਸੁੱਖੇ ਨੂੰ ਹਥਿਆਰਾਂ ਦੀ ਬਰਾਮਦਗੀ ਲਈ ਲਿਜਾਇਆ ਜਾ ਰਿਹਾ ਸੀ ਕਿ ਖਾੜਕੂਆਂ ਨੇ ਹਮਲਾ ਕਰ ਦਿੱਤਾ....ਕਰਾਸ ਫ਼ਾਇਰਿੰਗ ਵਿੱਚ ਭਾਈ ਕੋਹਾੜ ਅਤੇ ਸੁੱਖਾ ਦੋਵੇਂ ਹੀ ਮਾਰੇ ਗਏ...।'

ਵਾਕੇ ਦੀ ਖ਼ਬਰ ਤੁਰੰਤ ਹੀ ਪਰਿਵਾਰ ਨੂੰ ਮਿਲ ਗਈ ਅਤੇ ਆਪ ਦੇ ਪਰਿਵਾਰ ਨੇ ਸ਼ਹੀਦਾਂ ਦੀਆਂ ਲਾਸ਼ਾਂ ਲੈਣ ਲਈ ਭੱਜ-ਨੱਠ ਅਰੰਭ ਕਰ ਦਿੱਤੀ। ਆਪ ਦੇ ਪਰਿਵਾਰ ਨੂੰ ਫ਼ੋਨ ਤੇ ਕਿਹਾ ਗਿਆ ਕਿ ਕਾਦੀਆਂ ਥਾਣੇ ਵਿੱਚ ਆ ਕੇ ਲਾਸ਼ਾਂ ਲੈ ਜਾਓ। ਆਪ ਦਾ ਪਰਿਵਾਰ ਤੇ ਹੋਰ ਪਤਵੰਤੇ ਲਾਸ਼ਾਂ ਲੈਣ ਲਈ ਕਾਦੀਆਂ ਥਾਣੇ ਗਏ; ਉੱਥੇ ਦੱਸਿਆ ਗਿਆ ਕਿ ਲਾਸ਼ਾਂ ਡੇਰਾ ਬਾਬਾ ਨਾਨਕ ਥਾਣੇ ਵਿੱਚ ਹਨ।

ਸਾਰੇ ਸੰਬੰਧੀ ਤੇ ਸੱਜਣ ਡੇਰਾ ਬਾਬਾ ਨਾਨਕ ਥਾਣੇ ਜਾ ਪਹੁੰਚੇ, ਓਥੇ ਉਹਨਾਂ ਨੂੰ ਦੱਸਿਆ ਗਿਆ ਕਿ ਲਾਸ਼ਾਂ ਗੁਰਦਾਸਪੁਰ ਸਿਵਲ ਹਸਪਤਾਲ ਪੋਸਟ ਮਾਰਟਮ ਲਈ ਭੇਜ ਦਿੱਤੀਆਂ ਗਈਆਂ ਹਨ।

ਅਜੇ ਦਿਨ ਨਹੀਂ ਸੀ ਚੜ੍ਹਿਆ। ਪਰਿਵਾਰ ਨੂੰ ਯਕੀਨ ਸੀ ਕਿ ਲਾਸ਼ਾਂ ਸਿਵਲ ਹਸਪਤਾਲ ਵਿੱਚ ਹੀ ਹੋਣਗੀਆਂ। ਪਰ ਜਦੋਂ ਸਾਰੇ ਗੁਰਦਾਸਪੁਰ ਸਿਵਲ ਹਸਪਤਾਲ ਪਹੁੰਚੇ ਤਾਂ ਓਥੋਂ ਡਾਕਟਰਾਂ ਨੇ ਦੱਸਿਆ ਕਿ ਸਾਨੂੰ ਅੱਧੀ ਰਾਤ ਨੂੰ ਹੀ ਘਰੋਂ ਲਿਆ ਕੇ ਅੱਧੀ ਰਾਤ ਨੂੰ ਹੀ ਲਾਸ਼ਾਂ ਦਾ ਪੋਸਟ ਮਾਰਟਮ ਕਰਵਾ ਲਿਆ ਗਿਆ ਸੀ ਤੇ ਲਾਸ਼ਾਂ ਅੰਤਮ ਸਸਕਾਰ ਲਈ ਕਮੇਟੀ ਘਰ ਲਿਜਾਈਆਂ ਜਾ ਚੁੱਕੀਆਂ ਹਨ।

ਪਰਿਵਾਰ ਵਾਲੇ ਕਾਹਲ਼ੀ ਨਾਲ਼ ਕਮੇਟੀ ਘਰ ਪਹੁੰਚੇ; ਉਮੀਦ ਸੀ ਕਿ ਸੂਰਜ ਚੜ੍ਹਨ 'ਤੇ ਹੀ ਅੰਤਮ ਸਸਕਾਰ ਕੀਤਾ ਜਾਵੇਗਾ ਤੇ ਉਹ ਸ਼ਹੀਦਾਂ ਦੇ ਅੰਤਮ ਦਰਸ਼ਨ ਕਰ ਲੈਣਗੇ। ਪਰ

ਜਦੋਂ ਓਥੇ ਪਹੁੰਚੇ ਤਾਂ ਪਤਾ ਲੱਗਾ ਕਿ ਭਾਰਤੀ ਫ਼ੋਰਸਾਂ ਨੇ ਕਮੇਟੀ ਘਰ ਨੂੰ ਆਉਂਦੀਆਂ ਸੜਕਾਂ ਦੋਹਾਂ ਪਾਸਿਆਂ ਤੋਂ ਰੋਕ ਕੇ ਅੱਧੀ ਰਾਤ ਨੂੰ ਹੀ ਲਾਸ਼ਾਂ ਦਾ ਅੰਤਮ ਸਸਕਾਰ ਕਰ ਦਿੱਤਾ ਹੈ।

ਪਰਿਵਾਰ ਵਾਲ਼ਿਆਂ ਨੂੰ ਡੂੰਘਾ ਧੱਕਾ ਲੱਗਾ, ਪਰ ਜਾਬਰ ਸਰਕਾਰ ਸਾਹਵੇਂ ਕੀਤਾ ਵੀ ਕੀ ਜਾ ਸਕਦਾ ਸੀ। ਅਖੀਰ ਹਾਰ ਕੇ ਉਹਨਾਂ ਦੀਆਂ ਨਿਸ਼ਾਨੀਆਂ ਮੰਗੀਆਂ ਗਈਆਂ, ਪਰ ਸ਼ਹੀਦਾਂ ਦੀਆਂ ਨਿਸ਼ਾਨੀਆਂ ਦੇਣ ਤੋਂ ਵੀ ਜਾਬਰ ਦਿੱਲੀ ਸਰਕਾਰ ਦੇ ਕਰਿੰਦਿਆਂ ਨੇ ਕੋਰੀ ਨਾਂਹ ਕਰ ਦਿੱਤੀ।

ਭਰੇ ਮਨ ਨਾਲ਼ ਜਦੋਂ ਸਾਰੇ ਸੰਬੰਧੀ ਵਾਪਸ ਤੁਰਨ ਲੱਗੇ ਤਾਂ ਉਹਨਾਂ ਨੂੰ ਸ਼ਹੀਦਾਂ ਦੇ ਲਹੂ ਦੇ ਉਹ ਨਿਸ਼ਾਨ ਦਿੱਸੇ, ਜੋ ਕਿ ਲਾਸ਼ਾਂ ਗੱਡੀ ਵਿੱਚੋਂ ਧੂਹ ਕੇ ਲਾਹੁਣ ਸਮੇਂ ਸੜਕ 'ਤੇ ਲੱਗ ਗਏ ਸਨ, ਜਿਵੇਂ ਸ਼ਹੀਦਾਂ ਦਾ ਲਹੂ ਹੱਸ ਕੇ ਪਰਿਵਾਰ ਨੂੰ ਅਲਵਿਦਾ ਕਹਿੰਦਾ ਹੋਇਆ ਹੌਸਲਾ ਦੇ ਰਿਹਾ ਹੋਵੇ, "ਦੋਸਤੋ ਘਬਰਾਉਣਾ ਨਾ, ਪੰਜਾਬ ਦੀ ਧਰਤੀ 'ਤੇ ਸਿੱਖ ਕੌਮ ਦੀ ਅਜ਼ਾਦੀ ਦੇ ਪ੍ਰਗਟਾਵੇ ਦੇ ਹਰਫ਼ ਲਿਖਣ ਲਈ ਇਹ ਲਹੂ ਡੁੱਲ੍ਹਣਾ ਜ਼ਰੂਰੀ ਸੀ।"

ਪਰਿਵਾਰ ਵਾਪਸ ਪਰਤ ਆਇਆ। ਪਰ ਪੁਲੀਸ ਇਸ ਪਰਿਵਾਰ ਨੂੰ 1994 ਤਕ ਤੰਗ ਕਰਦੀ ਰਹੀ, ਜਿਵੇਂ ਕਿ ਉਸ ਨੂੰ ਚੱਲਦੇ ਸਿੱਖ ਸੰਘਰਸ਼ ਵਿੱਚ ਭਾਈ ਕੋਹਾੜ ਦੀ ਰੂਹ ਦੀ ਸ਼ਮੂਲੀਅਤ ਦਿੱਸ ਰਹੀ ਹੋਵੇ। ਭਾਈ ਤਰਸੇਮ ਸਿੰਘ ਕੋਹਾੜ ਬੇਸ਼ੱਕ ਸਿੱਖ ਸੰਘਰਸ਼ ਦੇ ਪੈਂਡੇ 'ਤੇ ਲੰਮਾ ਸਮਾਂ ਨਾ ਤੁਰ ਸਕੇ, ਪਰ ਉਹ ਖੁਸ਼ਬੂ ਬਣ ਕੇ ਹਮੇਸ਼ਾ ਇਸ ਸੰਘਰਸ਼ ਦੇ ਰੂ-ਬ-ਰੂ ਰਹੇ ਤੇ ਰਹਿਣਗੇ, ਜਦ ਤਕ ਕੌਮ ਅਜ਼ਾਦ ਨਹੀਂ ਹੋ ਜਾਂਦੀ।

* * * * *

ਗੁਰੀਲਾ ਸੰਘਰਸ਼ ਦੇ ਉੱਘੇ ਨੀਤੀਵਾਨ

ਸ਼ਹੀਦ ਮਾਸਟਰ ਸੁਖਵਿੰਦਰ ਸਿੰਘ ਦਾਬਾਂਵਾਲ

ਕੌਮੀ ਅਜ਼ਾਦੀ ਦੀ ਜੰਗ ਵਿੱਚ ਮਰ-ਮਿਟੇ ਪਤੰਗਿਆਂ ਦੀ ਲੜੀ ਵਿੱਚ ਮਾਸਟਰ ਸੁਖਵਿੰਦਰ ਸਿੰਘ ਦਾਬਾਂਵਾਲ ਦਾ ਨਾਂ ਵੀ ਮੁੱਢਲੀਆਂ ਸਫ਼ਾਂ ਵਿੱਚ ਆਉਂਦਾ ਹੈ। 1978 ਦੇ ਖ਼ੂਨੀ ਸਾਕੇ ਪਿੱਛੋਂ ਪਿੰਡਾਂ ਅੰਦਰੋਂ ਸਿੱਖ ਗੱਭਰੂਆਂ ਨੂੰ ਜਥੇਬੰਦ ਕਰਨ ਵਿੱਚ ਉਹਨਾਂ ਨੇ ਵਿਸ਼ੇਸ਼ ਭੂਮਿਕਾ ਨਿਭਾਈ ਸੀ।

ਸ. ਬਖਸ਼ੀਸ਼ ਸਿੰਘ ਦੇ ਘਰ ਮਾਤਾ ਜਗੀਰ ਕੌਰ ਦੀ ਕੁੱਖੋਂ ਆਪ ਦਾ ਜਨਮ ਮਿਤੀ 8 ਅਪ੍ਰੈਲ 1955 ਨੂੰ ਹੋਇਆ। ਛੇ ਭੈਣ ਭਰਾਵਾਂ ਵਿੱਚ ਆਪ ਤੀਜੇ ਨੰਬਰ 'ਤੇ ਸਨ। ਆਪ ਛੇਆਂ ਹੀ ਭੈਣ-ਭਰਾਵਾਂ ਦੇ ਨਾਂ ਹਨ:

ਜਸਵੰਤ ਸਿੰਘ, ਲਖਵੰਤ ਸਿੰਘ, ਮਾਸਟਰ ਸੁਖਵਿੰਦਰ ਸਿੰਘ, ਪਲਵਿੰਦਰ ਸਿੰਘ, ਸੁਭਾਸ਼ ਕੌਰ, ਰਾਜਿੰਦਰ ਸਿੰਘ।

1978 ਦੀ ਵਿਸਾਖੀ ਦੇ ਸਾਕੇ ਸਮੇਂ ਮਾਸਟਰ ਸੁਖਵਿੰਦਰ ਸਿੰਘ ਜੀ ਕਾਦੀਆਂ ਵਿਖੇ ਪ੍ਰਾਈਵੇਟ ਟੀਚਰ ਦੀ ਨੌਕਰੀ ਕਰ ਰਹੇ ਸਨ ਤੇ ਉਹਨਾਂ ਦੀ ਉਮਰ 23 ਸਾਲ ਦੀ ਸੀ। ਆਪ ਨੇ ਸਿੱਖ ਨੌਜਵਾਨਾਂ ਨੂੰ ਜਥੇਬੰਦ ਕਰ ਕੇ ਯੂਥ ਵਿੰਗ ਕਾਇਮ ਕੀਤੇ ਅਤੇ ਧਰਮ ਯੁੱਧ ਦੀ ਤਿਆਰੀ ਅਰੰਭ ਦਿੱਤੀ।

ਜਦੋਂ ਧਰਮ ਯੁੱਧ ਮੋਰਚਾ ਅਰੰਭ ਹੋਇਆ ਤਾਂ ਆਪ ਗ੍ਰਿਫ਼ਤਾਰੀਆਂ ਲਈ ਜਥੇ ਲੈ ਕੇ ਜਾਂਦੇ ਰਹੇ, ਪਰ ਸਰਕਾਰ ਦੇ ਹੈਂਕੜ ਭਰੇ ਵਤੀਰੇ ਅਤੇ ਨਿੱਤ ਦਿਨ ਦੀਆਂ ਜ਼ਿਆਦਤੀਆਂ ਕਾਰਨ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲ਼ਿਆਂ ਨੂੰ ਇਹ ਧਰਮ ਯੁੱਧ ਹਿੰਸਕ ਰਾਹਾਂ 'ਤੇ ਤੋਰਨ ਲਈ ਮਜਬੂਰ ਹੋਣਾ ਪਿਆ। ਸਰਕਾਰ ਨੇ ਪੂਰੇ ਪੰਜਾਬ ਵਿੱਚ ਕਰਫ਼ਿਊ ਲਾ ਕੇ ਸ੍ਰੀ ਦਰਬਾਰ ਸਾਹਿਬ 'ਤੇ ਹਮਲਾ ਕਰ ਦਿੱਤਾ। ਇਸ ਵਹਿਸ਼ੀ ਹਮਲੇ ਨੇ ਪੂਰੀ ਸਿੱਖ ਕੌਮ ਨੂੰ ਝੰਜੋੜ ਕੇ ਰੱਖ ਦਿੱਤਾ।

ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਢਹਿ-ਢੇਰੀ ਕਰਨ ਪਿੱਛੋਂ ਭਾਰਤੀ ਫ਼ੌਜ ਨੇ ਪੰਜਾਬ ਦੇ ਪਿੰਡਾਂ ਵੱਲ ਮੂੰਹ ਕੀਤਾ। ਫ਼ੌਜ ਕੋਲ ਹਰ ਇੱਕ ਪਿੰਡ ਦੇ ਉਹਨਾਂ ਸਿੱਖ ਨੌਜਵਾਨਾਂ ਦੀਆਂ ਲਿਸਟਾਂ ਸਨ, ਜਿਹੜੇ ਧਰਮ ਯੁੱਧ ਮੋਰਚੇ ਵਿੱਚ ਕਿਸੇ ਤਰੀਕੇ ਸਰਗਰਮ ਸਨ। ਦਾਬਾਂਵਾਲ ਪਿੰਡ ਦੇ

ਮਾਸਟਰ ਸੁਖਵਿੰਦਰ ਸਿੰਘ ਤੇ ਭਾਈ ਗੁਰਨਾਮ ਸਿੰਘ ਭਲਵਾਨ ਦੇ ਨਾਂ ਫ਼ੌਜ ਕੋਲ ਸਨ। ਇਹਨਾਂ ਦੋਹਾਂ ਦੇ ਘਰਾਂ 'ਤੇ ਛਾਪੇ ਪਏ। ਭਾਈ ਗੁਰਨਾਮ ਸਿੰਘ ਨੂੰ ਫ਼ੌਜ ਨੇ ਗ੍ਰਿਫ਼ਤਾਰ ਕਰ ਲਿਆ, ਪਰ ਮਾਸਟਰ ਸੁਖਵਿੰਦਰ ਸਿੰਘ ਨੇ ਗ੍ਰਿਫ਼ਤਾਰ ਹੋਣ ਦੀ ਬਜਾਏ ਰੂਪੋਸ਼ ਹੋ ਜਾਣਾ ਬਿਹਤਰ ਸਮਝਿਆ। ਆਪ ਅਗਲੇ ਲੜੇ ਜਾਣ ਵਾਲ਼ੇ ਲੰਮੇ ਸੰਘਰਸ਼ ਲਈ ਸਿਖਲਾਈ ਹਾਸਲ ਕਰਨ ਕਿਸੇ ਗੁਪਤ ਥਾਂ 'ਤੇ ਚਲੇ ਗਏ।

ਫ਼ੌਜ ਤੇ ਪੁਲੀਸ ਆਪ ਦੇ ਪਰਿਵਾਰ ਤੋਂ ਪੁੱਛਗਿੱਛ ਕਰਨ ਲੱਗੀ। ਪਰਿਵਾਰ ਦੇ ਸਾਰੇ ਮੈਂਬਰਾਂ ਨੇ ਇੱਕੋ ਹੀ ਜਵਾਬ ਦਿੱਤਾ ਕਿ ਉਹ ਦਰਬਾਰ ਸਾਹਿਬ 'ਤੇ ਹਮਲੇ ਤੋਂ ਪਹਿਲਾਂ ਕਣਕ ਦੀ ਟਰਾਲੀ ਲੈ ਕੇ ਦਰਬਾਰ ਸਾਹਿਬ ਗਿਆ ਸੀ, ਪਤਾ ਨਹੀਂ ਓਥੇ ਕੀ ਬਣਿਆ, ਉਸ ਤੋਂ ਬਾਅਦ ਉਹ ਵਾਪਸ ਨਹੀਂ ਆਇਆ। ਆਪ ਦੇ ਸਾਰੇ ਭਰਾਵਾਂ 'ਤੇ ਤਸ਼ੱਦਦ ਕੀਤਾ ਗਿਆ, ਪਰ ਉਹਨਾਂ ਨੇ ਆਪਣਾ ਬਿਆਨ ਨਾ ਬਦਲਿਆ।

ਫਿਰ ਜਦੋਂ ਭਾਈ ਸੁਖਵਿੰਦਰ ਸਿੰਘ ਦੇ ਇਲਾਕੇ ਵਿੱਚ ਪਰਤ ਆਉਣ ਦੀ ਚਰਚਾ ਅਰੰਭ ਹੋਈ ਤਾਂ ਪੁਲੀਸ ਫ਼ੋਰਸਾਂ ਆਪ ਦੀ ਪੈੜ ਲੱਭਣ ਲਈ ਸਰਗਰਮ ਹੋ ਗਈਆਂ। ਇੱਕ ਦਿਨ ਆਪ ਦੇ ਛੋਟੇ ਭਰਾ ਰਾਜਿੰਦਰ ਸਿੰਘ ਨੂੰ ਕਿਸੇ ਨੇ ਕਿਹਾ ਕਿ ਤੁਹਾਡੇ ਘਰ ਕੁਝ ਪ੍ਰਾਹੁਣੇ ਆਏ ਹਨ। ਰਾਜਿੰਦਰ ਸਿੰਘ, ਜੋ ਓਦੋਂ ਬੱਚਾ ਹੀ ਸੀ, ਨੇ ਜਦੋਂ ਬਾਹਰ ਨਿਕਲ ਕੇ ਵੇਖਿਆ ਤਾਂ ਦੋ ਤਿੰਨ ਟੋਲੀਆਂ ਵਿੱਚ ਖਲੋਤੇ ਪ੍ਰਾਹੁਣੇ ਉਸ ਨੇ ਬਿਨਾਂ ਵਰਦੀਆਂ ਤੋਂ ਹੀ ਪਛਾਣ ਲਏ। ਸਿਵਲ ਕੱਪੜਿਆਂ ਵਿੱਚ ਇਹਨਾਂ ਪੁਲੀਸ ਵਾਲ਼ਿਆਂ 'ਚੋਂ ਦੋ ਤਿੰਨ ਆਪ ਦੇ ਘਰ ਵੀ ਜਾ ਵੜੇ ਅਤੇ ਮਾਤਾ ਨੂੰ ਆਪਣੀ ਪਛਾਣ ਮਾਸਟਰ ਸੁਖਵਿੰਦਰ ਸਿੰਘ ਦੇ ਸਾਥੀ ਵਜੋਂ ਦੱਸ ਕੇ ਕਹਿਣ ਲੱਗੇ:

"ਮਾਤਾ! ਸੁਣਿਐ ਮਾਸਟਰ ਆ ਗਿਐ....ਓਹਨੂੰ ਕਿਹੋ ਕਿ ਬਹੁਤਾ ਘਰ ਨਾ ਆਇਆ ਕਰੇ....ਪੁਲਸ ਦਾ ਡੰਗ ਬੜਾ ਤੇਜ਼ ਐ....।"

ਭੋਲ਼ੀ ਮਾਤਾ ਉਹਨਾਂ ਦੀਆਂ ਗੱਲਾਂ ਵਿੱਚ ਆ ਹੀ ਗਈ ਸੀ, ਪਰ ਮਾਤਾ ਦੇ ਕੁਝ ਬੋਲਣ ਤੋਂ ਪਹਿਲਾਂ ਹੀ ਨਿੱਕਾ ਰਾਜਿੰਦਰ ਸਿੰਘ ਆ ਪਹੁੰਚਿਆ ਤੇ ਉਹ ਕਾਹਲ਼ੀ ਨਾਲ਼ ਬੋਲ ਪਿਆ:

"ਭਾਅ ਜੀ, ਸਾਨੂੰ ਪਤਾ ਈ ਨ੍ਹੀਂ....ਉਹ ਕਿੱਥੇ ਆ....ਜੇ ਤੁਹਾਨੂੰ ਕੁਝ ਪਤੈ ਤਾਂ ਸਾਨੂੰ ਦੱਸ ਦੋ....।"

ਇਹ ਸੁਣ ਕੇ ਮਾਤਾ ਵੀ ਸੰਭਲ਼ ਗਈ। ਉਸ ਨੂੰ ਪਤਾ ਲੱਗ ਗਿਆ ਕਿ ਇਹ ਸਿਵਲ ਕੱਪੜਿਆਂ 'ਚ ਪੁਲੀਸ ਹੈ। ਪੁਲੀਸ ਵਾਲ਼ਿਆਂ ਦੀ ਨਿਗ੍ਹਾ 'ਚ ਨਿੱਕੀ ਉਮਰ ਦਾ ਰਾਜਿੰਦਰ ਰੜਕਿਆ। ਉਹ ਪਿਆਰ ਨਾਲ਼ ਉਸ ਨੂੰ ਕਹਿਣ ਲੱਗੇ:

'ਜੇ ਵੱਡਾ ਭਰਾ ਅਮਰੀਕਾ ਗਿਆ ਹੋਵੇ ਤਾਂ ਟੌਹਰ ਨਾਲ਼ ਦੱਸੀਦੈ, ਜੇ ਤੇਰਾ ਭਰਾ ਕਿਤੇ ਗਿਆ ਵੀ ਹੈ ਤਾਂ ਕਿਉਂ ਨ੍ਹੀਂ ਦੱਸਦਾ....?"

ਰਾਜਿੰਦਰ ਸਿੰਘ ਦਾ ਜਵਾਬ ਓਹੀ ਸੀ। ਅਖੀਰ ਪੁਲੀਸ ਵਾਲ਼ੇ ਅਸਲੀ ਰੂਪ 'ਚ ਆ ਗਏ ਤੇ ਰਾਜਿੰਦਰ ਸਿੰਘ ਨੂੰ ਫੜ ਕੇ ਥਾਣੇ ਲੈ ਗਏ।

ਓਥੇ ਰਾਜਿੰਦਰ ਤੋਂ ਇੰਸਪੈਕਟਰ ਅਨੰਤ ਰਾਮ ਨੇ ਪੁੱਛਗਿੱਛ ਕੀਤੀ। ਨਿੱਕੇ ਰਾਜਿੰਦਰ ਨੇ ਤਪਾਕ ਨਾਲ਼ ਕਿਹਾ:

"ਇੰਸਪੈਕਟਰ ਸਾਹਬ! ਜੇ ਤੁਹਾਡਾ ਪੁੱਤ ਤੁਹਾਨੂੰ ਦੱਸੇ ਬਿਨਾਂ ਕਿਤੇ ਚਲਿਆ ਜਾਵੇ ਫਿਰ ਤੁਹਾਨੂੰ ਕੋਈ ਪੁੱਛੇ ਕਿ ਦੱਸੋ ਉਹ ਕਿੱਥੇ ਆ, ਜੋ ਤੁਹਾਡਾ ਜਵਾਬ ਹੋਊ ਓਹੋ ਜਵਾਬ ਮੇਰਾ ਐ....।"

ਇੰਸਪੈਕਟਰ ਅਨੰਤ ਰਾਮ ਨੇ ਨਿੱਕੇ ਜਿਹੇ ਰਾਜਿੰਦਰ ਨੂੰ ਸਿਰ ਤੋਂ ਲੈ ਕੇ ਪੈਰਾਂ ਤਕ ਵੇਖਿਆ; ਫਿਰ ਉਹ ਸਿਪਾਹੀਆਂ ਨੂੰ ਕਹਿਣ ਲੱਗਾ:

"ਐਹਨੂੰ ਟੈਣੇ ਜੇ ਨੂੰ ਮਾਸਟਰ ਨੇ ਚੰਗਾ ਪੜ੍ਹਾਇਆ ਲੱਗਦੈ....ਇੰਟੈਰੋਗੇਟ ਕਰੋ...।"

ਸਿਪਾਹੀ ਰਾਜਿੰਦਰ ਨੂੰ ਫੜ ਕੇ ਕਮਰੇ 'ਚ ਲੈ ਗਏ। ਉਹਨਾਂ ਨੇ ਪਰਦੇ ਨਾਲ਼ ਪੁੱਛਿਆ:

"ਕੀ ਕੀਤੈ ਤੂੰ....?"

ਰਾਜਿੰਦਰ ਨੇ ਸਾਰੀ ਗੱਲ ਦੱਸ ਦਿੱਤੀ। ਇਹ ਸੁਣ ਕੇ ਇੱਕ ਪੱਗ ਵਾਲ਼ਾ ਸਿਪਾਹੀ ਕਹਿਣ ਲੱਗਾ:

"ਲੈ ਕੁੱਤਾ ਬਾਹਮਣ (ਅਨੰਤ ਰਾਮ)! ਐਨੀ ਕੁ ਗੱਲ 'ਤੇ ਇੰਟੈਰੋਗੇਟ....? ਭਰਾ ਤਾਂ ਸਾਡੇ ਵੀ ਰੂਪੋਸ਼ ਆ, ਅਸੀਂ ਕਿਉਂ ਦੱਸੀਏ...?"

ਇਸ ਮਿੱਠੀ ਭਾਸ਼ਾ ਵਿੱਚ ਲੁਕੀ ਚਲਾਕੀ ਨੂੰ ਵੀ ਰਾਜਿੰਦਰ ਤਾੜ ਗਿਆ। ਉਸ ਨੇ ਫੱਟ ਜੁਆਬ ਦਿੱਤਾ:

"ਮੈਨੂੰ ਪਤਾ ਈ ਨੀਂ ਭਰਾ ਹੈ ਕਿੱਥੇ ਤੇ ਮੈਂ ਦੱਸਾਂ ਕੀ ...?"

ਇਹ ਸੁਣ ਕੇ ਪੁਲਸੀਏ ਅਸਲ ਰੂਪ 'ਚ ਆ ਗਏ। ਉਹੀ ਪੱਗ ਵਾਲ਼ਾ ਮੁਲਾਜ਼ਮ ਛਿੱਥਾ ਜਿਹਾ ਪੈ ਕੇ ਕਹਿੰਦਾ:

"ਇਹ ਪੂਰਾ ਚੰਡਿਆ ਹੋਇਐ.....ਲੰਮੇ ਪਾਓ ਤਾਂ ਈ ਕੁਝ ਦੱਸੂ....।"

ਇੱਥੇ ਦੋ ਘੰਟੇ ਟਾਰਚਰ ਵਿੱਚ ਵੀ ਰਾਜਿੰਦਰ ਆਪਣੇ ਬਿਆਨ 'ਤੇ ਅੜਿਆ ਰਿਹਾ, ਪਰ ਇਸ ਨਾਲ਼ ਸਾਰੇ ਪਰਿਵਾਰ 'ਤੇ ਪੁਲੀਸ ਦੇ ਤਸ਼ੱਦਦ ਦਾ ਲੰਮਾ ਦੌਰ ਅਰੰਭ ਹੋ ਗਿਆ। ਆਪ ਦੇ ਭਰਾਵਾਂ ਨੂੰ ਟਾਰਚਰ ਕਰਦਿਆਂ ਕਰੰਟ ਲਾਉਣੇ ਤੇ ਕੰਨ ਕੋਲੋਂ ਗੋਲੀਆਂ ਲੰਘਾਉਣੀਆਂ ਆਮ ਗੱਲ ਸੀ। ਕਈ ਵਾਰ ਸਾਰਾ ਪਿੰਡ ਮੈਦਾਨ ਵਿੱਚ ਇਕੱਠਾ ਕਰਕੇ ਪੁੱਛਗਿੱਛ ਅਤੇ ਬੇਇੱਜ਼ਤੀ ਕਰਨੀ ਵੀ ਆਮ ਗੱਲ ਹੋ ਗਈ ਸੀ।

ਓਧਰੋਂ ਮਾਸਟਰ ਸੁਖਵਿੰਦਰ ਸਿੰਘ ਤੇ ਇਲਾਕੇ ਦੇ ਹੋਰ ਸਿਰਕੱਢ ਗੱਭਰੂਆਂ ਨੇ ਬਟਾਲ਼ਾ ਇਲਾਕੇ ਵਿੱਚ 'ਬੱਬਰ ਖ਼ਾਲਸਾ' ਨੂੰ ਜਥੇਬੰਦ ਅਤੇ ਕਾਰਜਸ਼ੀਲ ਕਰ ਦਿੱਤਾ। ਮਾਸਟਰ ਸੁਖਵਿੰਦਰ ਸਿੰਘ ਤੋਂ ਇਲਾਵਾ, ਬਟਾਲ਼ੇ 'ਚ ਭਾਈ ਸੁਖਦੇਵ ਸਿੰਘ ਚੱਬਾ, ਭਾਈ ਗੁਰਿੰਦਰ ਸਿੰਘ ਗਿੰਦਾ ਭਾਗੋਵਾਲ਼, ਭਾਈ ਗੁਰਨਾਮ ਸਿੰਘ ਪਹਿਲਵਾਨ, ਭਾਈ ਧਰਮ ਸਿੰਘ ਕਾਸ਼ਤੀਵਾਲ਼, ਭਾਈ

ਬਲਦੇਵ ਸਿੰਘ ਦੋਰਾਂਗਲਾ ਆਦਿ ਸਿੰਘ ਪ੍ਰਮੁੱਖ ਸਨ। ਭਾਈ ਸੁਖਦੇਵ ਸਿੰਘ ਬੱਬਰ ਦਾ ਵੀ ਇਲਾਕੇ 'ਚ ਆਮ ਆਉਣ-ਜਾਣ ਸੀ।

ਸਿਦਕਦਿਲੀ

ਇਹਨਾਂ ਸਾਰੇ ਮੋਢੀ ਸਿੰਘਾਂ ਦੀਆਂ ਮੀਟਿੰਗਾਂ ਵਿੱਚ ਇੱਕ ਵਾਰ 'ਸਾਇਆਨਾਈਡ' ਰੱਖਣ ਜਾਂ ਨਾ ਰੱਖਣ ਦਾ ਪ੍ਰਸ਼ਨ ਗੰਭੀਰ ਰੂਪ ਵਿੱਚ ਉੱਠ ਖਲੋਤਾ। ਮਾਸਟਰ ਸੁਖਵਿੰਦਰ ਸਿੰਘ ਦਾ ਕਹਿਣਾ ਸੀ ਕਿ ਸਾਇਆਨਾਈਡ ਖਾਣਾ ਆਤਮ-ਹੱਤਿਆ ਹੈ ਤੇ ਇਹ ਗੁਰਮਤਿ ਅਸੂਲਾਂ ਦੇ ਉਲਟ ਹੈ। ਬਾਕੀ ਸਿੰਘਾਂ ਦਾ ਪੱਖ ਸੀ ਕਿ ਪੁਲੀਸ ਦਾ ਟਾਰਚਰ ਬਰਦਾਸ਼ਤ ਕਰਨਾ ਬਹੁਤ ਮੁਸ਼ਕਲ ਹੈ, ਜਥੇਬੰਦੀ ਦਾ ਨੁਕਸਾਨ ਹੋ ਸਕਦਾ ਹੈ। ਮਾਸਟਰ ਸੁਖਵਿੰਦਰ ਸਿੰਘ ਇਹ ਸੁਣ ਕੇ ਰੋਹ ਵਿੱਚ ਆ ਗਏ।

"ਕਿੰਨਾ ਕੁ ਟਾਰਚਰ ਕਰਦੀ ਆ ਪੁਲੀਸ....?" ਇਹ ਕਹਿ ਕੇ ਮਾਸਟਰ ਸੁਖਵਿੰਦਰ ਸਿੰਘ ਨੇ ਇੱਕ ਮੋਮਬੱਤੀ ਬਾਲ਼ੀ ਤੇ ਆਪਣਾ ਸੱਜਾ ਹੱਥ ਉਸ ਦੀ ਲਾਟ 'ਤੇ ਰੱਖ ਦਿੱਤਾ। ਸਾਰੇ ਸਿੰਘ ਇੱਕ ਦੂਜੇ ਵੱਲ ਵੇਖਣ ਲੱਗੇ। ਹੱਥ ਪੂਰਾ ਲਾਲ ਹੋ ਗਿਆ ਪਰ ਮਾਸਟਰ ਸੁਖਵਿੰਦਰ ਸਿੰਘ ਨੇ ਨਾ 'ਸੀਅ' ਕੀਤੀ ਤੇ ਨਾ ਹੀ ਹੱਥ ਪਿੱਛੇ ਕੀਤਾ। ਅਖੀਰ ਵਿੱਚ ਇੱਕ ਸਿੰਘ ਨੇ ਉੱਠ ਕੇ ਮੋਮਬੱਤੀ ਚੁੱਕ ਲਈ। ਅਖੀਰ ਸਾਇਆਨਾਈਡ ਨਾ ਰੱਖਣ ਦਾ ਫ਼ੈਸਲਾ ਪ੍ਰਵਾਣਿਤ ਹੋ ਗਿਆ। (ਇਹ ਫ਼ੈਸਲਾ ਮਗਰੋਂ ਜਾ ਕੇ ਜਦੋਂ ਭਾਈ ਬਲਦੇਵ ਸਿੰਘ ਦੋਰਾਂਗਲਾ ਨੇ ਤਸ਼ੱਦਦ ਨਾ ਸਹਾਰਦੇ ਹੋਏ ਜਥੇਬੰਦੀ ਦਾ ਕਾਫ਼ੀ ਸਮਾਨ ਤੇ ਪੈਸਾ ਪੁਲੀਸ ਨੂੰ ਫੜਵਾ ਦਿੱਤਾ ਤਾਂ ਓਦੋਂ ਬਦਲਿਆ ਗਿਆ।)

ਮਾਸਟਰ ਸੁਖਵਿੰਦਰ ਸਿੰਘ ਜਥੇਬੰਦੀ 'ਚ ਸਭ ਤੋਂ ਵੱਧ ਨਾਮ-ਰੱਤੜੇ ਵਜੋਂ ਜਾਣੇ ਜਾਂਦੇ ਸਨ। ਆਪ ਬਿਨਾਂ ਵਜ੍ਹਾ ਕਿਸੇ ਨੌਜਵਾਨ ਨੂੰ ਘਰ ਛੱਡ ਕੇ ਰੂਪੋਸ਼ ਹੋਣੋਂ ਰੋਕਦੇ ਸਨ ਤੇ ਘਰ ਰਹਿ ਕੇ ਸੇਵਾ ਕਰਨ ਨੂੰ ਤਰਜੀਹ ਦਿੰਦੇ ਸਨ। ਆਪਣੇ ਪਰਿਵਾਰ ਤੋਂ ਵੀ ਦਸਵੰਧ ਲੈ ਕੇ ਸੰਘਰਸ਼ ਵਿੱਚ ਪਾਉਂਦੇ ਸਨ। ਸਭ ਤੋਂ ਜ਼ਰੂਰੀ ਗੱਲ ਕਿ ਉਹ ਆਪਣਾ ਪਤਾ-ਟਿਕਾਣਾ ਆਪਣੇ ਪਰਿਵਾਰ ਨੂੰ ਨਹੀਂ ਸੀ ਦੱਸਦੇ। ਜੇਕਰ ਰਾਤ-ਬਰਾਤੇ ਲੰਘਦਿਆਂ ਕੁਝ ਚਿਰ ਲਈ ਘਰ ਆਉਂਦੇ ਤਾਂ ਕਿਸੇ ਪਰਿਵਾਰਕ ਮੈਂਬਰ ਦੇ "ਕਿੱਥੋਂ ਆਏ ਓ..." ਸਵਾਲ ਦਾ ਜਵਾਬ ਦਿੰਦੇ ਹੋਏ ਏਨਾ ਹੀ ਕਹਿੰਦੇ- "ਬੱਸ ਏਥੋਂ ਈ...।" ਇਸੇ ਤਰ੍ਹਾਂ "ਕਿੱਥੇ ਚੱਲੇ ਓ..." ਦਾ ਜਵਾਬ ਵੀ ਇਹੋ ਹੁੰਦਾ - "ਬੱਸ ਏਥੇ ਈ...।"

ਇੱਕ ਵਾਰ ਆਪ ਦਾ ਕੋਈ ਸਾਥੀ ਆਪ ਦੇ ਪਿਤਾ ਜੀ ਨੂੰ ਆਪ ਨਾਲ ਮਿਲ਼ਾਉਣ ਆਪ ਦੀ ਕਿਸੇ ਠਾਹਰ 'ਤੇ ਲੈ ਗਿਆ। ਆਪ ਨੇ ਉਸ ਸਾਥੀ ਦੀ ਕਾਫ਼ੀ ਲਾਹ-ਪਾਹ ਕੀਤੀ ਤੇ ਅੱਗੇ ਤੋਂ ਅਜਿਹੀ ਗ਼ਲਤੀ ਨਾ ਕਰਨ ਦੀ ਤਾਕੀਦ ਕੀਤੀ। ਆਪਣੇ ਪਿਤਾ ਜੀ ਨੂੰ ਇਹ ਸਜ਼ਾ ਲਾਈ ਕਿ ਜੇਬ 'ਚ ਜਿੰਨੇ ਪੈਸੇ ਸੀ, ਦਸਵੰਧ ਵਜੋਂ ਲੈ ਲਏ।

ਕੌਮ ਦਾ ਪੈਸਾ

ਕੌਮ ਦੇ ਪੈਸੇ ਦੀ ਵਰਤੋਂ ਆਪ ਕਿਵੇਂ ਜ਼ਿੰਮੇਵਾਰੀ ਨਾਲ ਕਰਦੇ ਸਨ, ਇਸ ਬਾਰੇ ਮਿਸਾਲ

ਇੱਕ ਘਟਨਾ 'ਚੋਂ ਮਿਲਦੀ ਹੈ। ਆਪ ਇੱਕ ਵਾਰ ਘਰ ਆ ਕੇ ਕੱਪੜੇ ਬਦਲ ਰਹੇ ਸਨ ਕਿ ਜੇਬ 'ਚੋਂ ਇੱਕ ਚਵਾਨੀ ਨਿਕਲ ਕੇ ਫਰਸ਼ 'ਤੇ ਡਿੱਗ ਪਈ ਤੇ ਉਹ ਓਥੇ ਖੇਡ ਰਹੇ ਆਪ ਦੇ ਭਾਣਜੇ ਨੇ ਫੜ ਲਈ। ਆਪ ਨੇ ਕੱਪੜੇ ਓਥੇ ਹੀ ਛੱਡ ਕੇ ਕਾਹਲੀ ਨਾਲ਼ ਅੱਗੇ ਵਧ ਕੇ ਬੱਚੇ ਤੋਂ ਚਵਾਨੀ ਵਾਪਸ ਲੈ ਲਈ। ਹੈਰਾਨ ਹੋਏ ਛੋਟੇ ਭਰਾ ਨੇ ਕਿਹਾ:

"ਵੀਰ ਜੀ, ਇੱਕ ਚਵਾਨੀ ਈ ਆ, ਜੇ ਉਹ ਰੱਖ ਲੈਂਦਾ ਫਿਰ ਕੀ ਸੀ.....?"

ਮਾਸਟਰ ਸੁਖਵਿੰਦਰ ਸਿੰਘ ਦਾ ਜਵਾਬ ਸੀ:

"ਨਹੀਂ, ਇਹ ਉਹਨਾਂ ਸਿੰਘਾਂ ਦਾ ਸਰਮਾਇਆ ਵਾ, ਜਿਹੜੇ ਖ਼ੁਦ ਲੋਕਾਂ ਦੇ ਲੱਥੇ ਕੱਪੜੇ ਪਾ ਕੇ ਸਾਨੂੰ ਦਸਵੰਧ ਦਿੰਦੇ ਆ...ਇਹਦਾ ਅਸੀਂ ਲੇਖਾ ਦੇਣੈ....।"

ਫਿਰ ਉਹਨਾਂ ਨੇ ਘਰ 'ਚੋਂ ਪੰਜਾਹ ਰੁਪਏ ਲਏ ਤੇ ਉਸ ਬੱਚੇ ਨੂੰ ਦਿੱਤੇ।

ਆਪ ਦਾ ਦਸਵੰਧ ਇਕੱਠਾ ਕਰਨ ਦਾ ਤਰੀਕਾ ਵੀ ਬਹੁਤ ਮਿਹਨਤ ਭਰਿਆ ਸੀ। ਭਾਵੇਂ ਕਈ ਕਿੱਲੋਮੀਟਰ ਦੂਰੋਂ ਇੱਕ ਸੌ ਰੁਪਏ ਦਸਵੰਧ ਲਿਆਉਣਾ ਹੁੰਦਾ, ਆਪ ਸਾਈਕਲ 'ਤੇ ਜਾਂਦੇ ਸਨ। ਇੱਕ ਵਾਰ ਕਿਸੇ ਨੇ ਕਿਹਾ, "ਸੌ ਰੁਪਈਏ ਪਿੱਛੇ ਇੰਨੀ ਦੂਰ....?"

ਮਾਸਟਰ ਸੁਖਵਿੰਦਰ ਸਿੰਘ ਦਾ ਜਵਾਬ ਸੀ- "ਗੱਲ ਦੂਰੀ ਜਾਂ ਸੌ ਰੁਪਏ ਦੀ ਨੀਂ, ਇੱਕ ਸਿੰਘ ਨਾਲ ਜੁੜਦੈ...ਇਹ ਸੌ ਰੁਪਈਆ ਇੱਕ ਲੱਖ ਵਰਗੈ....।"

ਦੂਰਅੰਦੇਸ਼ੀ

ਮਾਸਟਰ ਸੁਖਵਿੰਦਰ ਸਿੰਘ ਵਰਕਰਾਂ 'ਚ ਅੰਨ੍ਹੇਵਾਹ ਹਥਿਆਰ ਵੰਡਣ ਦੇ ਹੱਕ ਵਿੱਚ ਨਹੀਂ ਸਨ। ਜੇ ਕਿਤੇ ਕੋਈ 'ਕੰਮ' ਕਰਨਾ ਹੁੰਦਾ ਤਾਂ ਵਰਕਰਾਂ ਨੂੰ ਲੋੜੀਂਦੇ ਹਥਿਆਰ ਦਿੰਦੇ, 'ਕੰਮ' ਹੋ ਜਾਣ ਤੋਂ ਬਾਅਦ ਹਥਿਆਰ ਵਾਪਸ ਲੈ ਕੇ ਰੱਖ ਲੈਂਦੇ। ਇੱਕ ਵਰਕਰ ਨੇ ਇੱਕ ਪਤੰਵਤੇ ਗੁਰਮੁਖ ਸੱਜਣ ਕੋਲ ਰੋਣਾ ਰੋਇਆ:

"ਭਾਈ ਸਾਹਿਬ! ਮੈਨੂੰ ਕਈ ਬਾਣੀਆਂ ਵੀ ਕੰਠ ਨੇ, ਨਾਮ ਦਾ ਅਭਿਆਸ ਵੀ ਕਰਦੈਂ...ਜੇ ਜਥੇਬੰਦੀ ਨੂੰ ਮੇਰੇ 'ਤੇ ਯਕੀਨ ਨੀਂ ਆਇਆ ਤੇ ਫਿਰ ਕੀਹਦੇ 'ਤੇ....?"

ਉਹ ਪਤਵੰਤਾ ਸੱਜਣ ਉਸ ਸਿੰਘ ਨੂੰ ਨਾਲ਼ ਲੈ ਕੇ ਉਹਦੀ ਸਿਫ਼ਾਰਸ਼ ਕਰਨ ਲਈ ਮਾਸਟਰ ਸੁਖਵਿੰਦਰ ਸਿੰਘ ਕੋਲ ਆਇਆ। ਸਰਸਰੀ ਗੱਲਬਾਤ ਤੋਂ ਬਾਅਦ ਉਸ ਨੇ ਉਸ ਸਿੰਘ ਵੱਲ ਇਸ਼ਾਰਾ ਕਰ ਕੇ ਪੁੱਛਿਆ:

"ਮਾਸਟਰ ਜੀ, ਕੀ ਗੱਲ ਇਸ ਸਿੰਘ 'ਤੇ ਯਕੀਨ ਨੀਂ...?"

ਮਾਸਟਰ ਸੁਖਵਿੰਦਰ ਸਿੰਘ ਨੇ ਹੈਰਾਨੀ ਨਾਲ਼ ਉਸ ਸਿੰਘ ਵੱਲ ਵੇਖਿਆ, ਫਿਰ ਕਹਿਣ ਲੱਗੇ:

"ਯਕੀਨ ਹੈ.....ਯਕੀਨ ਕਿਉਂ ਨੀਂ....?"

"ਫਿਰ ਕੀ ਗੱਲ, ਇਹ ਚੰਗਾ ਨੀਂ....?"

"ਚੰਗਾ ਵੀ ਐ.....।" ਮਾਸਟਰ ਜੀ ਨੇ ਜਵਾਬ ਦਿੱਤਾ।

"ਫਿਰ ਏਹਨੂੰ ਘੱਟੋ-ਘੱਟ ਇੱਕ ਪਿਸਟਲ ਤਾਂ ਦੇ ਛੱਡੋ...।" ਉਹ ਪਤਵੰਤਾ ਅਸਲ ਮੁੱਦੇ 'ਤੇ ਆਇਆ।

ਮਾਸਟਰ ਜੀ ਥੋੜ੍ਹਾ ਹੱਸੇ ਤੇ ਫਿਰ ਗੰਭੀਰ ਹੋ ਕੇ ਕਹਿਣ ਲੱਗੇ:

"ਪਿਸਟਲ ਤਾਂ ਦੇ ਦਿਆਂਗੇ....ਆਹ ਭਾਵੇਂ ਸਾਰੇ ਈ ਲੈ ਲਓ... ਪਰ ਬਾਅਦ 'ਚ ਇਹ ਹਥਿਆਰ ਤੰਗ ਕਰਨਗੇ.....ਚੌਵੀ ਘੰਟੇ ਵਰਕਰਾਂ ਕੋਲ਼ ਰੱਖੇ ਸ਼ਸਤਰ ਬਾਅਦ 'ਚ ਨੁਕਸਾਨ ਕਰਨਗੇ...।"

ਇਸ ਤਰ੍ਹਾਂ ਸਮਝਾ ਕੇ ਆਪ ਨੇ ਉਹਨਾਂ ਦੀ ਤਸੱਲੀ ਕਰਵਾ ਦਿੱਤੀ। (ਬਾਅਦ 'ਚ ਸੰਘਰਸ਼ ਇਸ ਨੀਤੀ ਤੋਂ ਉੱਖੜ ਗਿਆ ਪਰ ਮਾਸਟਰ ਸੁਖਵਿੰਦਰ ਸਿੰਘ ਦੇ ਇਹ ਬੋਲ ਅੱਖਰ-ਅੱਖਰ ਸੱਚ ਸਿੱਧ ਹੋਏ।)

ਕਿਸੇ ਕੇਸ ਵਿੱਚ ਹਾਪੜ ਦੀ ਪੁਲੀਸ ਆਪ ਦੀ ਜ਼ਾਇਦਾਦ ਕੁਰਕ ਕਰਨ ਆਈ, ਪਰ ਪੰਜਾਬ ਪੁਲੀਸ ਦੇ ਕੁਝ ਅਫ਼ਸਰਾਂ ਨੇ ਆਪਣੀਆਂ ਜਾਨਾਂ ਦੇ ਵਾਸਤੇ ਪਾ ਕੇ ਉਸ ਨੂੰ ਵਾਪਸ ਭੇਜ ਦਿੱਤਾ।

ਆਪ ਦੇ ਨਾਮ ਬਾਣੀ ਦੇ ਅਭਿਆਸੀ ਹੋਣ ਕਾਰਨ ਸਿੰਘਾਂ 'ਚ ਪ੍ਰਚਲਿਤ ਸੀ ਕਿ ਆਪ ਨੂੰ ਭਵਿੱਖ ਵਿੱਚ ਵਾਪਰਨ ਵਾਲ਼ੀਆਂ ਘਟਨਾਵਾਂ ਦਾ ਅਗਾਊਂ ਹੀ ਆਭਾਸ ਹੋ ਜਾਂਦਾ ਹੈ। ਇਸ ਤੱਥ 'ਤੇ ਪ੍ਰਵਾਨਗੀ ਦੀ ਮੋਹਰ ਲਾਉਂਦੇ ਆਪ ਦੇ ਪਰਿਵਾਰਕ ਮੈਂਬਰ ਦੱਸਦੇ ਹਨ ਕਿ ਆਪ ਜਦੋਂ ਵੀ ਘਰ ਆਉਂਦੇ ਸਨ, ਪੰਦਰਾਂ ਮਿੰਟ ਤੋਂ ਵੱਧ ਨਹੀਂ ਸੀ ਰੁਕਦੇ, ਪਰ ਮਿਤੀ 21 ਮਾਰਚ 1987 ਦੀ ਰਾਤ ਨੂੰ 12 ਵਜੇ ਆਪ ਆਪਣੇ ਘਰ ਆਏ। ਓਦੋਂ ਆਪ ਦੀ ਭੈਣ ਦਾ ਵਿਆਹ ਰੱਖਿਆ ਹੋਇਆ ਸੀ। ਬਿਬੇਕੀ ਸਿੰਘ ਹੋਣ ਕਾਰਨ ਆਪ ਘਰ 'ਚੋਂ ਪ੍ਰਸ਼ਾਦਾ ਨਹੀਂ ਸੀ ਛਕਦੇ, ਇਸ ਲਈ ਪਰਿਵਾਰ ਆਪ ਨੂੰ ਫਲ਼ ਆਦਿ ਹੀ ਖਵਾਉਂਦਾ ਸੀ। ਪਰਿਵਾਰ ਨੇ ਫਲ਼ ਵਗੈਰਾ ਛਿੱਲ ਕੇ ਰੱਖੇ ਪਰ ਆਪ ਗੱਲਾਂ ਕਰਦੇ ਰਹੇ। ਗੱਲਾਂ ਕਰਦਿਆਂ ਹੀ ਅੰਮ੍ਰਿਤ ਵੇਲਾ ਹੋ ਗਿਆ। ਆਪ ਅਚਾਨਕ ਉੱਠੇ ਤੇ ਕਹਿਣ ਲੱਗੇ:

"ਅੱਜ ਮੈਂ ਤੁਹਾਡੇ ਨਾਲ਼ ਜ਼ਰੂਰੀ ਗੱਲ ਕਰਨੀ ਐ....ਧਿਆਨ ਨਾਲ਼ ਸੁਣੋ.....।"

ਸਾਰਾ ਪਰਿਵਾਰ ਸਾਹ ਰੋਕ ਕੇ ਸੁਣਨ ਲੱਗਾ। ਆਪ ਗੰਭੀਰ ਹੋ ਕੇ ਕਹਿਣ ਲੱਗੇ:

"ਕੌਮੀ ਸੰਘਰਸ਼ ਬੜਾ ਲੰਮੈ....ਇਹ ਆਪਣੇ ਲਈ ਨੀਂ, ਪੰਥ ਲਈ ਐ....ਇਸ ਸੰਘਰਸ਼ 'ਚ ਸਿੰਘ ਫੜੇ ਵੀ ਜਾਂਦੇ ਆ....ਸ਼ਹੀਦ ਵੀ ਹੁੰਦੇ ਆ.....ਜੇ ਫੜੇ ਗਏ ਤਾਂ ਤੁਸੀਂ ਪਿੱਛੇ ਨੀਂ ਆਉਣਾ....ਜੇ ਸ਼ਹੀਦ ਹੋ ਗਏ ਤਾਂ ਰੋਣਾ ਨਹੀਂ ਐ.....ਸ਼ਹੀਦ ਹੋਣ ਪਿੱਛੋਂ ਕੌਮ ਮਾਣ-ਸਤਿਕਾਰ ਦਿੰਦੀ ਐ.....ਕੋਈ ਪੈਸਾ ਨੀਂ ਲੈਣਾ....। ਵਾਹਿਗੁਰੂ ਜੀ ਕਾ ਖ਼ਾਲਸਾ, ਵਾਹਿਗੁਰੂ ਜੀ ਕੀ ਫ਼ਤਹਿ।"

ਫ਼ਤਹਿ ਬੁਲਾਉਣ ਤੋਂ ਬਾਅਦ ਆਪ ਇਕਦਮ ਤੁਰ ਪਏ ਤੇ ਘਰੋਂ ਬਾਹਰ ਹੋ ਗਏ।

ਪਰਿਵਾਰ ਦੇ ਸਾਰੇ ਮੈਂਬਰ ਪੱਥਰ ਦੇ ਬੁੱਤ ਬਣੇ ਓਥੇ ਦੇ ਓਥੇ ਹੀ ਖਲੋਤੇ ਰਹਿ ਗਏ। ਸਾਰਾ ਹੀ ਟੱਬਰ ਭਾਈ ਸਾਹਿਬ ਦੇ ਕਹੇ ਇਹਨਾਂ ਸ਼ਬਦਾਂ ਦੇ ਗੁੱਝੇ ਭੇਤ ਦੀਆਂ ਪਰਤਾਂ ਖੋਲ੍ਹਣ ਵਿੱਚ ਰੁੱਝ ਗਿਆ।

ਠੀਕ ਇਸ ਤੋਂ ਦੋ ਦਿਨ ਬਾਅਦ ਪਰਿਵਾਰ ਨੂੰ ਖ਼ਬਰ ਮਿਲੀ ਕਿ ਮਾਸਟਰ ਸੁਖਵਿੰਦਰ ਸਿੰਘ ਨੂੰ ਅੰਮ੍ਰਿਤਸਰ ਜ਼ਿਲ੍ਹੇ ਦੇ ਸੁਲਤਾਨਵਿੰਡ ਪਿੰਡ 'ਚੋਂ ਪੁਲੀਸ ਨੇ ਗ੍ਰਿਫ਼ਤਾਰ ਕਰ ਲਿਆ ਹੈ।

ਪਰਿਵਾਰ ਨੇ ਮਾਸਟਰ ਸੁਖਵਿੰਦਰ ਸਿੰਘ ਦੀ ਆਖਰੀ ਹਦਾਇਤ ਨੂੰ ਭੁੱਲ ਕੇ ਆਪ ਦੇ ਪਿੱਛੇ ਪੈਰਵੀ ਅਰੰਭ ਕਰ ਦਿੱਤੀ। ਕਈ ਅਫ਼ਸਰਾਂ ਤਕ ਪਹੁੰਚ ਕੀਤੀ ਗਈ ਪਰ ਮਾਸਟਰ ਸੁਖਵਿੰਦਰ ਸਿੰਘ ਨੂੰ ਵੱਖ-ਵੱਖ ਥਾਂਵਾਂ 'ਤੇ ਰੱਖ ਕੇ ਬੇਤਹਾਸ਼ਾ ਤਸੀਹੇ ਦਿੱਤੇ ਜਾ ਰਹੇ ਸਨ। ਕਾਦੀਆਂ ਦੇ ਥਾਣੇ ਦੇ ਅੰਦਰੋਂ ਪਰਿਵਾਰ ਨੂੰ ਇਹ ਵੀ ਪਤਾ ਲੱਗਾ ਕਿ ਆਪ ਦੀਆਂ ਲੱਤਾਂ ਨਕਾਰਾ ਹੋ ਗਈਆਂ ਹਨ, ਪਰ ਫਿਰ ਵੀ ਨਾਮ ਬਾਣੀ ਵਿੱਚ ਜੁੜੇ ਹੋਏ ਹਨ। ਭਾਈ ਸਾਹਿਬ ਦਾ ਪਤਾ ਲਾਉਣ ਲਈ ਪਰਿਵਾਰ ਨੇ ਇੱਕ ਖੇਡ ਹੋਰ ਖੇਡੀ। ਡੀ.ਆਈ.ਜੀ. ਵਿਰਕ ਨੂੰ ਉਸ ਦੇ ਕਿਸੇ ਜਾਣਕਾਰ ਦੇ ਰਾਹੀਂ ਮਿਲ ਕੇ ਕਿਹਾ ਕਿ ਸਾਡਾ ਲੜਕਾ ਸੁਖਵਿੰਦਰ ਸਿੰਘ ਪਿੰਡ ਦਾਬਾਂਵਾਲ, ਕਿਸੇ ਘਰ ਦੇ ਕੰਮ ਸ਼ਹਿਰ ਗਿਆ ਸੀ, ਪੁਲੀਸ ਨੇ ਚੁੱਕ ਲਿਐ....ਓਹਦੀ ਬੰਦ-ਖਲਾਸੀ ਕਰਾਉਣੀ ਐ...।

ਡੀ.ਆਈ.ਜੀ. ਵਿਰਕ ਨੇ ਬੰਦ-ਖਲਾਸੀ ਕਰਾਉਣ ਦਾ ਭਰੋਸਾ ਦਿੱਤਾ। ਅਗਲੇ ਦਿਨ ਜਦੋਂ ਪਰਿਵਾਰ ਡੀ.ਆਈ.ਜੀ. ਵਿਰਕ ਨੂੰ ਮਿਲਿਆ ਤਾਂ ਉਸ ਨੇ ਸਾਰੇ ਪਰਿਵਾਰ ਦੀ ਕਾਫ਼ੀ ਲਾਹ-ਪਾਹ ਕੀਤੀ। ਉਸ ਨੇ ਕਿਹਾ, "ਤੁਸੀਂ ਮੈਨੂੰ ਮਰਵਾ ਦੇਣ ਲੱਗੇ ਸੀ....ਤੁਹਾਡਾ ਮੁੰਡਾ ਬੱਬਰ ਖ਼ਾਲਸਾ ਦੀ ਨੌਂ-ਮੈਂਬਰੀ ਕਮੇਟੀ ਦਾ ਮੋਢੀ ਮੈਂਬਰ ਆ....।"

ਹੁਣ ਪਰਿਵਾਰ ਨੂੰ ਯਕੀਨ ਹੋਇਆ ਕਿ ਆਪ ਅਜੇ ਪੁਲੀਸ ਹਿਰਾਸਤ ਵਿੱਚ ਹੀ ਹਨ, ਫਿਰ ਆਪ ਦੇ ਪਰਿਵਾਰ ਨੂੰ ਆਪ ਦੇ ਕਾਦੀਆਂ ਵਿਚਲੇ ਭਾਰਤੀ ਫ਼ੋਰਸਾਂ ਦੇ ਕੈਂਪ 'ਚ ਰੱਖੇ ਹੋਣ ਦਾ ਪਤਾ ਲੱਗਾ।

ਇਸ ਤੋਂ ਛੇਤੀ ਹੀ ਬਾਅਦ ਮਾਸਟਰ ਸੁਖਵਿੰਦਰ ਸਿੰਘ ਨੂੰ ਭਾਰਤੀ ਫ਼ੋਰਸਾਂ ਕਾਦੀਆਂ ਤੋਂ ਕਿਤੇ ਹੋਰ ਲੈ ਗਈਆਂ। ਉਸ ਪਿੱਛੋਂ ਆਪ ਦੀ ਕੋਈ ਉੱਘ-ਸੁੱਘ ਹੀ ਨਹੀਂ ਨਿਕਲੀ। ਪਰਿਵਾਰ ਨੂੰ ਬਾਅਦ ਵਿੱਚ ਪਤਾ ਲੱਗਾ ਕਿ ਪੁਲੀਸ ਦੇ ਵਹਿਸ਼ੀ ਤਸ਼ੱਦਦ ਦੇ ਬਾਵਜੂਦ ਨਾਮ ਬਾਣੀ ਵਿੱਚ ਜੁੜੇ ਮਾਸਟਰ ਸੁਖਵਿੰਦਰ ਸਿੰਘ ਨੇ ਉਹਨਾਂ ਨੂੰ ਆਪਣੇ ਨਾਂ ਤੇ ਰੁਤਬੇ ਬਾਰੇ ਕੁਝ ਨਹੀਂ ਸੀ ਦੱਸਿਆ। ਪਿੱਛੇ ਪੈਰਵੀ ਕਰਦਿਆਂ ਪਰਿਵਾਰ ਅਤੇ ਹੋਰ ਸਾਥੀਆਂ ਨੇ ਹੀ ਉਹਨਾਂ ਦੀ ਪਛਾਣ ਸਪਸ਼ਟ ਕਰ ਦਿੱਤੀ ਸੀ। ਇਸ ਤੋਂ ਬਾਅਦ ਪਰਿਵਾਰ ਨੂੰ ਮਾਸਟਰ ਸੁਖਵਿੰਦਰ ਸਿੰਘ ਦੀ ਆਖਰੀ ਹਦਾਇਤ ਦੇ ਗੁੱਝੇ ਭੇਤਾਂ ਦੀ ਸਮਝ ਆਈ ਤੇ ਉਹਨਾਂ ਦੀ ਪਾਲਣਾ ਨਾ ਕਰਨ ਦਾ ਪਛਤਾਵਾ ਵੀ ਹੋਇਆ।

* * * * *

ਵਡੇਰੀ ਉਮਰ 'ਚ ਵੀ ਵੱਡੇ ਘੇਰੇ ਤੋੜਨ ਵਾਲਾ ਸੂਰਮਾ

ਸ਼ਹੀਦ ਭਾਈ ਸੁਖਦੇਵ ਸਿੰਘ ਚੱਬਾ

ਬੱਬਰ ਖ਼ਾਲਸਾ ਦੇ ਮਾਝਾ ਜ਼ੋਨ ਦੇ ਪ੍ਰਮੁੱਖ ਮੋਢੀ ਜਰਨੈਲਾਂ 'ਚੋਂ ਭਾਈ ਸੁਖਦੇਵ ਸਿੰਘ ਚੱਬਾ ਦਾ ਜਨਮ ਮਾਤਾ ਗੁਰਨਾਮ ਕੌਰ ਦੀ ਕੁੱਖੋਂ ਸ. ਹਰਬੰਸ ਸਿੰਘ ਜੀ ਦੇ ਗ੍ਰਹਿ ਵਿਖੇ 1950-60 ਦੇ ਦਹਾਕੇ 'ਚ ਪਿੰਡ ਚੱਬਾ ਵਿਖੇ ਹੋਇਆ। ਆਪ ਜੀ ਭੈਣ ਭਰਾਵਾਂ 'ਚ ਸਭ ਤੋਂ ਵੱਡੇ ਸਨ। ਆਪ ਸਭ ਭੈਣ ਭਰਾਵਾਂ ਦਾ ਵੇਰਵਾ ਇਸ ਤਰ੍ਹਾਂ ਹੈ:

ਸੁਖਦੇਵ ਸਿੰਘ, ਅਜਮੇਰ ਸਿੰਘ, ਬਲਦੇਵ ਸਿੰਘ, ਅੰਗਰੇਜ ਸਿੰਘ, ਅਮਰਜੀਤ ਕੌਰ, ਦਿਲਬਾਗ ਸਿੰਘ।

ਅਠਵੀਂ ਕਲਾਸ ਤਕ ਪੜ੍ਹਾਈ ਆਪ ਨੇ ਸਰਕਾਰੀ ਹਾਈ ਸਕੂਲ ਚੱਬਾ ਤੋਂ ਪ੍ਰਾਪਤ ਕੀਤੀ, ਜਦਕਿ ਦਸਵੀਂ ਕਲਾਸ ਗਿਆਨ ਆਸ਼ਰਮ ਸਕੂਲ ਅੰਮ੍ਰਿਤਸਰ ਤੋਂ ਕੀਤੀ। ਇਸ ਪਿੱਛੋਂ ਆਪ ਖੇਤੀਬਾੜੀ ਵਿੱਚ ਆਪਣੇ ਪਿਤਾ ਦਾ ਹੱਥ ਵੰਡਾਉਣ ਲੱਗ ਪਏ।

ਸੰਨ 1972 ਵਿੱਚ ਆਪ ਦਾ ਵਿਆਹ ਬੀਬੀ ਕਸ਼ਮੀਰ ਕੌਰ ਸਪੁੱਤਰੀ ਸ. ਦੇਵਾ ਸਿੰਘ ਪਿੰਡਰ ਦੁਰਗਾਪੁਰ ਜ਼ਿਲ੍ਹਾ ਅੰਮ੍ਰਿਤਸਰ ਨਾਲ ਹੋਈ। ਆਪ ਦੇ ਘਰ ਸਭ ਤੋਂ ਪਹਿਲਾਂ ਬੱਚੀ ਰਾਜਵਿੰਦਰ ਕੌਰ ਦਾ ਜਨਮ ਹੋਇਆ। ਇਸੇ ਹੀ ਦੌਰਾਨ ਆਪ ਕੰਮ-ਕਾਰ ਦੇ ਸਿਲਸਿਲੇ ਵਿੱਚ ਸੰਨ 1975 'ਚ ਈਰਾਨ ਚਲੇ ਗਏ। ਦੋ ਸਾਲ ਓਧਰ ਲਾ ਕੇ ਫਿਰ ਵਾਪਸ ਪਰਤ ਆਏ ਤੇ ਖੇਤੀਬਾੜੀ ਕਰਨ ਲੱਗੇ। ਆਪ ਦੇ ਘਰ ਦੋ ਹੋਰ ਬੱਚਿਆਂ ਬਲਵਿੰਦਰ ਸਿੰਘ ਅਤੇ ਹਰਜੀਤ ਸਿੰਘ ਦਾ ਜਨਮ ਹੋਇਆ।

ਬਚਪਨ ਤੋਂ ਹੀ ਧਾਰਮਿਕ ਖ਼ਿਆਲਾਂ ਦੇ ਹੋਣ ਕਾਰਨ ਭਾਈ ਸੁਖਦੇਵ ਸਿੰਘ ਸੱਥ ਵਿੱਚ ਬੈਠੇ ਪਿੰਡ ਵਾਸੀਆਂ ਨੂੰ ਸਿੱਖ ਇਤਿਹਾਸ ਦੀਆਂ ਕਿਤਾਬਾਂ ਪੜ੍ਹ ਕੇ ਸੁਣਾਇਆ ਕਰਦੇ ਸਨ। ਇਸ ਤੋਂ ਇਲਾਵਾ ਆਪ ਪਿੰਡ ਦੀ ਤਰੱਕੀ ਲਈ ਇੱਕ ਮੋਢੀ ਵਜੋਂ ਸਰਗਰਮ ਰਹਿੰਦੇ।

ਆਪ ਦੇ ਇਸੇ ਹੀ ਤਰ੍ਹਾਂ ਜ਼ਿੰਦਗੀ ਬਤੀਤ ਕਰਦਿਆਂ ਸੰਨ 1978 ਦਾ ਵਹਿਸ਼ੀ ਸਾਕਾ ਵਰਤ ਗਿਆ, ਜਿਸ ਨੇ ਹਰ ਸਿੱਖ ਵਾਂਗ ਆਪ ਦੇ ਦਿਲ 'ਤੇ ਵੀ ਡੂੰਘਾ ਅਸਰ ਕੀਤਾ ਅਤੇ ਆਪ ਸਿੱਖ ਪੰਥ ਦੇ ਗਲ਼ ਪਈ ਇਸ ਲੜਾਈ ਨੂੰ ਲੜਨ ਦੇ ਢੰਗ-ਤਰੀਕੇ ਸੋਚਣ ਲੱਗੇ।

ਸੰਨ 1980 ਵਿੱਚ ਆਪ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਦੇ ਸੰਪਰਕ ਵਿੱਚ ਆਏ। ਸੰਤਾਂ ਨੇ ਆਪ ਨੂੰ ਮਰਜੀਵੜਿਆਂ ਵਿੱਚ ਭਰਤੀ ਕਰ ਲਿਆ। ਆਪ ਦਾ ਕੁਝ ਚਿਰ

ਸ੍ਰੀ ਦਰਬਾਰ ਸਾਹਿਬ ਆਉਣ ਜਾਣ ਰਿਹਾ ਤੇ ਆਪ ਨੇ ਧਰਮ ਯੁੱਧ ਮੋਰਚੇ ਵਿੱਚ ਪੂਰੀ ਸਰਗਰਮੀ ਨਾਲ਼ ਹਿੱਸਾ ਲਿਆ।

ਸੰਨ 1982 ਵਿੱਚ 'ਰਸਤਾ ਰੋਕੋ ਅੰਦੋਲਨ' ਦੌਰਾਨ ਆਪ ਦੇ ਪਿੰਡ ਕੋਲ਼ ਇੱਕ ਸਰਕਾਰੀ ਬੱਸ ਅਤੇ ਬੀੜੀ ਸਿਗਰਟਾਂ ਦਾ ਇੱਕ ਖੋਖਾ ਸਾੜਨ ਦੇ ਦੋਸ਼ ਵਿੱਚ ਪੁਲੀਸ ਨੇ ਆਪ ਨੂੰ ਨਾਮਜ਼ਦ ਕੀਤਾ ਅਤੇ ਘਰ ਛਾਪਾ ਮਾਰਿਆ। ਆਪ ਉਸ ਸਮੇਂ ਘਰ ਵਿੱਚ ਨਹੀਂ ਸਨ। ਆਪ ਦਾ ਛੋਟਾ ਭਰਾ ਦਿਲਬਾਗ ਸਿੰਘ ਜੋ ਕਿ ਸਕੂਲ ਵਿੱਚ ਪੜ੍ਹਦਾ ਸੀ, ਨੂੰ ਪੁਲੀਸ ਫੜ ਕੇ ਲੈ ਗਈ। ਦਿਲਬਾਗ ਸਿੰਘ ਨੂੰ ਉਸ ਦੇ ਸਕੂਲ ਦੇ ਵਿਦਿਆਰਥੀ ਸਾਥੀਆਂ, ਜਿਹੜੇ ਕਿ ਸਿੱਖ ਸਟੂਡੈਂਟਸ ਫ਼ੈਡਰੇਸ਼ਨ ਨਾਲ਼ ਜੁੜ ਚੁੱਕੇ ਸਨ, ਨੇ ਹੜਤਾਲ ਕਰ ਕੇ ਛੁਡਵਾ ਲਿਆ।

ਦਰਬਾਰ ਸਾਹਿਬ 'ਤੇ ਹਮਲੇ ਸਮੇਂ

ਇਸ ਪਿੱਛੋਂ ਆਪ ਪੱਕੇ ਤੌਰ 'ਤੇ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲ਼ਿਆਂ ਕੋਲ ਚਲੇ ਗਏ। ਆਪ ਦੇ ਨਾਲ਼ ਪਿੰਡ ਦੇ ਹੋਰ ਗਿਆਰਾਂ ਨੌਜਵਾਨ ਸੰਤਾਂ ਦੇ ਮਰਜੀਵੜਾ ਦਲ ਵਿੱਚ ਸ਼ਾਮਲ ਹੋਏ ਤੇ ਇਹਨਾਂ ਦੇ ਨਾਲ਼ ਹੀ ਸ੍ਰੀ ਦਰਬਾਰ ਸਾਹਿਬ ਰਹਿਣ ਲੱਗੇ।

ਜਦੋਂ ਜੂਨ 1984 ਵਿੱਚ ਸ੍ਰੀ ਦਰਬਾਰ ਸਾਹਿਬ 'ਤੇ ਭਾਰਤੀ ਫ਼ੌਜ ਦਾ ਹਮਲਾ ਹੋਇਆ ਤਾਂ ਆਪ ਘੰਟਾ ਘਰ ਵਾਲ਼ੇ ਮੋਰਚੇ ਤੋਂ ਜੂਝਦੇ ਹੋਏ ਦੁਸ਼ਮਣ ਦੇ ਦੰਦ ਖੱਟੇ ਕਰਦੇ ਰਹੇ। ਕਾਫ਼ੀ ਜੱਦੋ-ਜਹਿਦ ਤੋਂ ਬਾਅਦ ਹਿੰਦੁਸਤਾਨੀ ਫ਼ੌਜ ਨੇ ਟੈਂਕਾਂ ਦੀ ਵਰਤੋਂ ਕਰ ਕੇ ਜਦੋਂ ਅਗਲੇ ਮੋਰਚੇ ਤਬਾਹ ਕਰ ਦਿੱਤੇ ਤਾਂ ਕਈ ਸਾਥੀਆਂ ਦੇ ਸ਼ਹੀਦ ਹੋ ਜਾਣ ਪਿੱਛੋਂ ਆਪ ਘੰਟਾ ਘਰ ਦਾ ਮੋਰਚਾ ਛੱਡ ਕੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਨੇੜੇ ਕੜਾਹ ਪ੍ਰਸ਼ਾਦ ਦੇ ਕਮਰੇ ਵਾਲ਼ੇ ਮੋਰਚੇ ਵਿੱਚ ਆ ਗਏ। ਇੱਥੋਂ ਆਪ ਇੱਕ ਜ਼ਖ਼ਮੀ ਸਿੰਘ, ਜਿਸ ਨੂੰ ਵਰ੍ਹਦੀਆਂ ਗੋਲ਼ੀਆਂ 'ਚ ਚੁੱਕਣ ਦੀ ਕੋਈ ਜੁਰਅਤ ਨਹੀਂ ਸੀ ਕਰ ਰਿਹਾ, ਚੁੱਕ ਕੇ ਲਿਆਏ।

ਉਹਨਾਂ ਵੱਲੋਂ ਆਪਣੇ ਦੱਸੇ ਮੁਤਾਬਿਕ 6 ਜੂਨ ਨੂੰ ਓਥੇ ਗਹਿਗੱਚ ਲੜਾਈ ਹੋਈ। ਇਸੇ ਹੀ ਗਹਿਗੱਚ ਲੜਾਈ ਵਿੱਚ ਜ਼ਖ਼ਮੀ ਹੋਏ ਭਾਈ ਅਮਰੀਕ ਸਿੰਘ ਜੀ ਨੇ ਆਪ ਜੀ ਤੋਂ ਪਾਣੀ ਦੀ ਮੰਗ ਕੀਤੀ। ਆਪ ਨੇ ਸਰੋਵਰ 'ਚੋਂ ਪਾਣੀ ਭਰਿਆ ਤਾਂ ਵੇਖਿਆ ਕਿ ਉਹ ਸਾਰਾ ਪਾਣੀ ਲਹੂ ਨਾਲ਼ ਲਾਲ ਹੋ ਚੁੱਕਾ ਸੀ। ਓਹੀ ਪਾਣੀ ਲੈ ਕੇ ਜਦੋਂ ਆਪ ਭਾਈ ਅਮਰੀਕ ਸਿੰਘ ਜੀ ਦੇ ਕੋਲ਼ ਆਏ ਤਾਂ ਭਾਈ ਸਾਹਿਬ ਸ਼ਹਾਦਤ ਪ੍ਰਾਪਤ ਕਰ ਗਏ ਸਨ। ਆਪ ਦੇ ਦੱਸਣ ਮੁਤਾਬਿਕ ਇਸ ਵੇਲ਼ੇ ਆਪ ਨੇ ਨਿਸ਼ਾਨ ਸਾਹਿਬਾਂ ਕੋਲ ਲਾਸ਼ਾਂ ਦੇ ਦੋ ਵੱਡੇ ਢੇਰ ਵੇਖੇ, ਜਿਨ੍ਹਾਂ ਦੇ ਵਿਚਕਾਰ, ਜਿਹੜੀ ਅਜ਼ੀਮ ਸ਼ਖ਼ਸੀਅਤ ਸ਼ਹੀਦ ਹੋਏ ਜਿਸ ਜਰਨੈਲ ਦੀ ਲੋਥ ਪਈ ਸੀ, ਉਹ ਕੋਈ ਹੋਰ ਨਹੀਂ, ਸੰਤ ਜਰਨੈਲ ਸਿੰਘ ਜੀ ਹੀ ਸਨ।

7 ਜੂਨ ਨੂੰ ਤੜਕੇ ਤਿੰਨ ਕੁ ਵਜੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਪਿਛਵਾੜੇ ਤੋਂ ਬੰਦ ਦਰਵਾਜ਼ਾ ਭੰਨ ਕੇ ਆਪ ਕੁੱਲ ਸੱਤ ਸਿੰਘ ਬਾਹਰ ਨਿਕਲ਼ੇ ਅਤੇ ਇੱਕ ਮਕਾਨ ਵਿੱਚ ਵੜ ਗਏ। ਉਸ ਮਕਾਨ ਵਿੱਚ ਵੜਦਿਆਂ ਇੱਕ ਬ੍ਰਾਹਮਣ ਨੇ ਆਪ ਨੂੰ ਵੇਖ ਲਿਆ ਤੇ ਫ਼ੌਜ ਨੂੰ ਦੱਸ ਦਿੱਤਾ। ਆਪ ਨੂੰ 8 ਜੂਨ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ।

ਆਪ ਨੂੰ ਮਿਲਟਰੀ ਦੀ ਜਿਸ ਟੁਕੜੀ ਨੇ ਗ੍ਰਿਫ਼ਤਾਰ ਕੀਤਾ, ਸੰਜੋਗਵਸ ਉਸ ਦਾ ਬ੍ਰਿਗੇਡੀਅਰ ਓਹੀ ਮੁਸਲਮਾਨ ਅਫ਼ਸਰ ਸੀ, ਜਿਸ ਨੇ ਫੜੇ ਗਏ ਕਈ ਸਿੱਖ ਨੌਜਵਾਨਾਂ ਦੀਆਂ ਜਾਨਾਂ ਬਚਾਈਆਂ ਸਨ। ਆਪ ਨੂੰ ਵੀ ਕਈ ਹੋਰ ਨੌਜਵਾਨਾਂ ਸਮੇਤ ਘੰਟਾ ਘਰ ਵਾਲ਼ੇ ਪਾਸੇ ਲਿਜਾ ਕੇ ਹੱਥ ਬੰਨ੍ਹ ਕੇ ਗੋਲ਼ੀ ਮਾਰਨ ਦਾ ਯਤਨ ਕੀਤਾ ਗਿਆ, ਪਰ ਉਕਤ ਬ੍ਰਿਗੇਡੀਅਰ ਇਹ ਕਹਿ ਕੇ ਅੱਗੇ ਆ ਜਾਂਦਾ ਰਿਹਾ ਕਿ ਜੇਕਰ ਮਾਰਨਾ ਹੈ ਤਾਂ ਪਹਿਲਾਂ ਮੈਨੂੰ ਮਾਰੋ। ਇਸੇ ਹੀ ਕਾਰਨ ਆਪ ਬਚ ਗਏ।

ਪੰਦਰਾਂ ਦਿਨ ਮਿਲਟਰੀ ਕੈਂਪ ਵਿੱਚ ਕੈਦ ਰੱਖਣ ਤੋਂ ਬਾਅਦ ਆਪ ਨੂੰ ਕੇਸ ਪਾ ਕੇ ਅੰਮ੍ਰਿਤਸਰ ਸੈਂਟਰਲ ਜੇਲ੍ਹ ਵਿੱਚ ਭੇਜ ਦਿੱਤਾ ਗਿਆ। ਆਪ ਦੇ ਪਿੰਡ ਦੇ ਸਾਥੀ ਨੌਜਵਾਨਾਂ 'ਚੋਂ ਭਾਈ ਦਲਵਿੰਦਰ ਸਿੰਘ, ਗੁਰਮੁਖ ਸਿੰਘ, ਭਗਵਾਨ ਸਿੰਘ, ਪਰਮਜੀਤ ਸਿੰਘ ਸ਼ਹੀਦ ਹੋ ਚੁੱਕੇ ਸਨ ਅਤੇ ਕਸ਼ਮੀਰ ਸਿੰਘ ਅਤੇ ਕਾਬਲ ਸਿੰਘ ਜੋਧਪੁਰ ਜੇਲ੍ਹ ਭੇਜ ਦਿੱਤੇ ਗਏ ਸਨ; ਜਦਕਿ ਹੋਰ ਤਿੰਨ ਸਾਥੀ ਇਸ ਘੇਰੇ 'ਚੋਂ ਸਹੀ ਸਲਾਮਤ ਨਿਕਲ਼ਣ ਵਿੱਚ ਸਫਲ ਹੋ ਗਏ ਸੀ। ਅੰਮ੍ਰਿਤਸਰ ਜੇਲ੍ਹ 'ਚੋਂ ਆਪ ਦੇ ਪਰਿਵਾਰ ਨੇ ਇੱਕ ਮਹੀਨੇ ਵਿੱਚ ਆਪ ਦੀ ਜ਼ਮਾਨਤ ਕਰਵਾ ਕੇ ਆਪ ਨੂੰ ਘਰ ਲੈ ਆਂਦਾ।

ਆਪ ਦਾ ਪਰਿਵਾਰ ਆਪ ਨੂੰ ਘਰ ਵਿੱਚ ਹੀ ਰੱਖਣਾ ਚਾਹੁੰਦਾ ਸੀ, ਪਰ ਆਪ ਦੇ ਮਨ ਦੀ ਇਸ ਵੇਦਨਾ ਨੂੰ ਬਾਕੀ ਪਰਿਵਾਰਕ ਮੈਂਬਰ ਨਹੀਂ ਸੀ ਸਮਝ ਸਕਦੇ ਕਿ ਆਪ ਦੇ ਪਿੰਡ 'ਚੋਂ ਆਪ ਨਾਲ ਸੰਤ ਜਰਨੈਲ ਸਿੰਘ ਜੀ ਕੋਲ ਅੱਪੜੇ ਤੇ ਜੂਨ 1984 ਨੂੰ ਦਰਬਾਰ ਸਾਹਿਬ 'ਚ ਸ਼ਹੀਦ ਹੋਏ ਪਿੰਡ ਦੇ ਨੌਜਵਾਨਾਂ ਦੇ ਮਾਪਿਆਂ ਦੀਆਂ ਅੱਖਾਂ 'ਚ ਅੱਖਾਂ ਮਿਲ਼ਾਉਣ ਦੀ ਜੁਰਅਤ ਭਾਈ ਸੁਖਦੇਵ ਸਿੰਘ ਫਿਰ ਸ਼ਹਾਦਤ ਦੇ ਰਾਹ 'ਤੇ ਤੁਰੇ ਬਿਨਾਂ ਨਹੀਂ ਸੀ ਕਰ ਸਕਦੇ। ਇਸ ਲਈ ਫ਼ਰਵਰੀ 1985 ਵਿੱਚ ਭਾਈ ਸੁਖਦੇਵ ਸਿੰਘ ਚੱਬਾ ਨੇ ਘਰ ਪਰਿਵਾਰ ਨੂੰ ਅਲਵਿਦਾ ਕਹਿ ਦਿੱਤੀ ਅਤੇ ਭਾਈ ਮਹਿੰਦਰ ਸਿੰਘ ਮਹਿਤਾ, ਭਾਈ ਸੁਖਦੇਵ ਸਿੰਘ ਸਖੀਰਾ ਤੇ ਬਾਬਾ ਗੁਰਬਚਨ ਸਿੰਘ ਮਾਨੋਚਾਹਲ ਆਦਿ ਸਿੰਘਾਂ ਨਾਲ ਮਿਲ ਕੇ ਪੰਥਕ ਸੰਘਰਸ਼ ਵਿੱਚ ਹਿੱਸਾ ਲੈਣਾ ਅਰੰਭ ਕਰ ਦਿੱਤਾ। ਇਸ ਦੌਰਾਨ ਪਿੰਡ ਸਖੀਰਾ ਅਤੇ ਸਾਰਚੂਰ ਵਿੱਚ ਆਪ ਨੂੰ ਪੁਲੀਸ ਫ਼ੋਰਸਾਂ ਦੇ ਮਜ਼ਬੂਤ ਘੇਰੇ ਵੀ ਪਏ, ਜਿਨ੍ਹਾਂ 'ਚੋਂ ਆਪ ਮੁਕਾਬਲਾ ਕਰਦੇ ਹੋਏ ਨਿਕਲ਼ ਗਏ।

ਬੱਬਰਾਂ ਵਿੱਚ

ਸੰਨ 1986 ਵਿੱਚ ਆਪ ਦਾ ਮੇਲ਼ ਭਾਈ ਗੁਰਿੰਦਰ ਸਿੰਘ ਭਾਗੋਵਾਲ਼ ਤੇ ਭਾਈ ਗੁਰਨਾਮ ਸਿੰਘ ਪਹਿਲਵਾਨ ਦਾਬਾਂਵਾਲ਼ ਆਦਿ ਨਾਲ ਹੋਇਆ ਤੇ ਆਪ 'ਬੱਬਰ ਖ਼ਾਲਸਾ' ਜਥੇਬੰਦੀ ਵਿੱਚ ਸ਼ਾਮਲ ਹੋ ਗਏ। ਇਸ ਪਿੱਛੋਂ ਆਪ ਦੀਆਂ ਕਾਰਵਾਈਆਂ ਵਿੱਚ ਤੇਜ਼ੀ ਆਈ। ਆਪ ਨੂੰ ਚਾਚੋਵਾਲ਼ੀ ਪਿੰਡ 'ਚ ਵੀ ਘੇਰਾ ਪਿਆ, ਜਿਸ 'ਚੋਂ ਆਪ ਨਿਕਲ਼ ਗਏ। ਘਸੀਟਪੁਰੇ ਵੀ ਘੇਰਾ ਪਿਆ ਤੇ ਮੁਕਾਬਲੇ ਦੌਰਾਨ ਇੱਕ ਸਿੰਘ ਸ਼ਹੀਦ ਹੋ ਗਿਆ, ਪਰ ਆਪ ਉਹ ਘੇਰਾ ਵੀ ਤੋੜ ਕੇ ਨਿਕਲ਼ ਗਏ। ਆਪ ਦੀ ਨਿਰਭੈਤਾ ਦੀਆਂ ਕਈ ਕਹਾਣੀਆਂ ਪ੍ਰਸਿੱਧ ਹੋ ਗਈਆਂ।

ਇੱਕ ਵਾਰ ਦਾਬਾਂਵਾਲ ਪਿੰਡ 'ਚ ਇੱਕ ਘਰ 'ਚੋਂ ਆਪ ਅਤੇ ਭਾਈ ਬਲਜੀਤ ਸਿੰਘ ਬੱਬ ਨਾਂ ਦੇ ਇੱਕ ਨੌਜਵਾਨ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਪੁਲੀਸ ਦੀ ਅਗਵਾਈ ਬਟਾਲ਼ੇ ਦਾ

ਐਸ.ਐਸ.ਪੀ. ਗੋਬਿੰਦ ਰਾਮ ਖੁਦ ਕਰ ਰਿਹਾ ਸੀ। ਪੁਲੀਸ ਨੂੰ ਨਹੀਂ ਸੀ ਪਤਾ ਕਿ ਆਪ ਕੌਣ ਹਨ। ਪਰ ਜਦੋਂ ਰਾਹ ਵਿੱਚ ਹੀ ਭਾਈ ਬਲਜੀਤ ਸਿੰਘ ਬੱਬ ਨੇ ਸਾਇਆਨਾਈਡ ਖਾ ਕੇ ਆਪਣੇ ਪ੍ਰਾਣ ਤਿਆਗ ਦਿੱਤੇ ਤਾਂ ਮਾਮਲੇ ਦੀ ਗੰਭੀਰਤਾ ਨੂੰ ਸਮਝ ਕੇ ਆਪ ਗੋਬਿੰਦ ਰਾਮ ਨੂੰ ਧੱਕਾ ਮਾਰ ਕੇ ਭੱਜ ਨਿਕਲੇ।

ਆਪ ਦੀ ਵਡੇਰੀ ਉਮਰ ਕਾਰਨ ਪੁਲੀਸ ਫ਼ੋਰਸਾਂ ਆਪ 'ਤੇ ਸ਼ੱਕ ਨਹੀਂ ਸਨ ਕਰਦੀਆਂ। ਸਾਰੇ ਸਿੰਘ ਸਤਿਕਾਰ ਨਾਲ ਆਪ ਨੂੰ 'ਚਾਚਾ ਚੱਬਾ' ਕਹਿੰਦੇ।

ਇੱਕ ਵਾਰ ਸ਼ੱਕ ਦੇ ਆਧਾਰ 'ਤੇ ਆਪ ਨੂੰ ਅਤੇ ਗੁਰਿੰਦਰ ਸਿੰਘ ਭਾਗੋਵਾਲ਼ੀਏ ਨੂੰ ਸ੍ਰੀ ਹਰਿਗੋਬਿੰਦਪੁਰ ਨੇੜੇ ਗ੍ਰਿਫ਼ਤਾਰ ਕਰ ਕੇ ਇੱਕ ਚੌਂਕੀ ਵਿੱਚ ਬੰਦ ਕਰ ਦਿੱਤਾ ਗਿਆ। ਆਪ ਦੋਹਾਂ ਨੇ ਆਪਣੇ ਨਾਂ ਕੋਈ ਹੋਰ ਦੱਸੇ। ਅਚਾਨਕ ਵਾਇਰਲੈੱਸ ਆਉਣ 'ਤੇ ਸਾਰੇ ਸਿਪਾਹੀ ਕਿਸੇ ਹੋਰ ਪਾਸੇ ਚਲੇ ਗਏ ਤੇ ਚੌਂਕੀ ਵਿੱਚ ਮੁਨਸ਼ੀ ਤੇ ਦੋ ਕੁ ਸਿਪਾਹੀ ਹੀ ਰਹਿ ਗਏ। ਆਪ ਦੋਹਾਂ ਨੇ ਤੁਰੰਤ ਉੱਦਮ ਅਤੇ ਹਿੰਮਤ ਕੀਤੀ। ਆਪ ਨੇ ਉਹਨਾਂ ਸਿਪਾਹੀਆਂ ਨੂੰ ਕਾਬੂ ਕਰ ਕੇ ਕਮਰੇ 'ਚ ਬੰਦ ਕੀਤਾ ਤੇ ਕੁਝ ਗੋਲੀ ਸਿੱਕਾ ਲੈ ਕੇ ਉੱਥੋਂ ਹਰਨ ਹੋ ਗਏ।

ਇੱਕ ਵਾਰ (ਸੰਨ 1989 ਵਿੱਚ) ਸਾਰਚੂਰ ਪਿੰਡ ਵਿੱਚ ਆਪ ਤੇ ਕੁਝ ਸਾਥੀ ਸਿੰਘਾਂ ਨੂੰ ਬੜਾ ਜ਼ਬਰਦਸਤ ਘੇਰਾ ਪੈ ਗਿਆ। ਸਿੰਘਾਂ ਨੇ ਘੇਰਾ ਤੋੜ ਕੇ ਨਿਕਲ਼ਣ ਦੇ ਸਿਰਤੋੜ ਯਤਨ ਕੀਤੇ। ਇਸ ਗਹਿਗੱਚ ਮੁਕਾਬਲੇ 'ਚ ਕਈ ਸਿੰਘ ਸ਼ਹੀਦ ਹੋ ਗਏ। ਭਾਈ ਬਘੇਲ ਸਿੰਘ (ਭਈਆ ਸਿੰਘ) ਇਸੇ ਹੀ ਮੁਕਾਬਲੇ 'ਚ ਸ਼ਹੀਦ ਹੋਏ। ਇਸੇ ਹੀ ਮੁਕਾਬਲੇ 'ਚ ਭਾਈ ਪੂਰਨ ਸਿੰਘ ਚਾਚੋਵਾਲ਼ੀ ਜ਼ਖ਼ਮੀ ਹੋ ਕੇ ਪੁਲੀਸ ਦੇ ਕਾਬੂ ਆ ਗਏ ਤੇ ਬਾਅਦ 'ਚ ਅਥਾਹ ਤਸ਼ੱਦਦ ਝੱਲਦੇ ਹੋਏ ਸ਼ਹੀਦ ਹੋ ਗਏ। ਪੁਲੀਸ ਸਿੰਘਾਂ ਦਾ ਪਿੱਛਾ ਬੜੀ ਤੇਜ਼ੀ ਨਾਲ ਕਰ ਰਹੀ ਸੀ। ਆਪ ਬੜੇ ਅਰਾਮ ਨਾਲ਼ ਸ਼ਹੀਦ ਹੋਏ ਦੋ ਸਿੰਘਾਂ ਦੀਆਂ ਲਾਸ਼ਾਂ ਦੇ ਕੋਲ਼ ਹੀ ਲਾਸ਼ ਬਣ ਕੇ ਲੇਟ ਗਏ। ਆਪ ਨੂੰ ਵੀ ਸ਼ਹੀਦ ਹੋਇਆ ਸਮਝ ਕੇ ਪੁਲੀਸ ਬਾਕੀ ਸਿੰਘਾਂ ਦੇ ਮਗਰ ਅੱਗੇ ਵਧ ਗਈ ਤੇ ਆਪ ਅਰਾਮ ਨਾਲ਼ ਉੱਠ ਕੇ ਹਰਨ ਹੋ ਗਏ। ਪੁਲੀਸ ਨੂੰ ਓਦੋਂ ਹੀ ਪਤਾ ਲੱਗਾ, ਜਦੋਂ ਇੱਕ ਲਾਸ਼ ਲਾਪਤਾ ਹੋ ਜਾਣ ਦੀ ਕਹਾਣੀ ਸਮਝ ਵਿੱਚ ਆਈ।

ਇੱਕ ਵਾਰ ਆਪ ਅਤੇ ਇੱਕ ਹੋਰ ਸਿੰਘ ਇੱਕ ਗੱਡੀ ਵਿੱਚ ਹਥਿਆਰ ਲੱਦ ਕੇ ਮੋਗੇ ਵੱਲ ਜਾ ਰਹੇ ਸਨ। ਹਰੀਕੇ ਦਰਿਆ ਦੇ ਪੁਲ 'ਤੇ ਸੀ.ਆਰ.ਪੀ. ਦਾ ਜ਼ਬਰਦਸਤ ਨਾਕਾ ਲੱਗਾ ਵੇਖ ਕੇ ਆਪ ਦੇ ਸਾਥੀ ਡਰਾਈਵਰ ਸਿੰਘ ਨੇ ਗੱਡੀ ਇੱਕ ਕਿੱਲਾ ਕੁ ਹਟਵੀਂ ਹੀ ਰੋਕ ਲਈ ਤੇ ਉਸ ਦਾ ਇੰਜਣ ਚੈੱਕ ਕਰਨ ਲੱਗ ਪਿਆ। ਸੀ.ਆਰ.ਪੀ. ਵਾਲ਼ਿਆਂ ਨੂੰ ਸ਼ੱਕ ਪੈ ਗਿਆ ਤੇ ਉਹਨਾਂ ਦੀ ਇੱਕ ਟੋਲੀ ਹਥਿਆਰ ਸੰਭਾਲ਼ ਕੇ ਇਹਨਾਂ ਵੱਲ ਵਧੀ। ਇਹ ਵੇਖ ਕੇ ਨਾਲ਼ ਵਾਲ਼ਾ ਡਰਾਈਵਰ ਸਾਥੀ ਘਬਰਾ ਗਿਆ ਅਤੇ ਕਹਿਣ ਲੱਗਾ- "ਹਥਿਆਰ ਏਦਾਂ ਹੀ ਛੱਡ ਕੇ ਖੇਤਾਂ ਵਿੱਚ ਦੀ ਨਿਕਲ ਜਾਈਏ।"

ਪਰ ਆਪ ਪੂਰੀ ਨਿਰਭੈਤਾ ਵਿੱਚ ਰਹੇ। ਆਪ ਨੇ ਉਸ ਸਾਥੀ ਨੂੰ ਵੀ ਹੌਸਲਾ ਦਿੱਤਾ ਤੇ ਪੂਰੀ ਨਿਰਭੈਤਾ ਨਾਲ਼ ਅੱਗੇ ਨੂੰ ਭਾਵ ਸੀ.ਆਰ.ਪੀ. ਵਾਲ਼ਿਆਂ ਵੱਲ ਤੁਰ ਪਏ। ਉਹਨਾਂ ਦੇ ਕੋਲ਼ ਜਾ ਕੇ ਕਹਿਣ ਲੱਗੇ:

"ਯਾਰ, ਸਾਡੀ ਗੱਡੀ ਖ਼ਰਾਬੀ ਕਰਦੀ ਆ, ਮਾੜਾ ਜਿਹਾ ਧੱਕਾ ਲਆ ਦਿਓ....।"

ਸੀ.ਆਰ.ਪੀ. ਵਾਲਿਆਂ ਦਾ ਸ਼ੱਕ ਦੂਰ ਹੋ ਗਿਆ। ਉਹਨਾਂ ਨੇ ਗੱਡੀ ਨੂੰ ਧੱਕਾ ਲੁਆਇਆ ਤੇ ਸਿੰਘ ਗੱਡੀ ਸ਼ਟਾਰਟ ਕਰ ਕੇ ਸੀ.ਆਰ.ਪੀ. ਵਾਲਿਆਂ ਨੂੰ 'ਟਾ-ਟਾ' ਕਰਦੇ ਹੋਏ, ਉਹਨਾਂ ਦੇ ਨਾਕੇ 'ਚੋਂ ਹਥਿਆਰਾਂ ਦਾ ਭਰਿਆ ਟਰੱਕ ਕੱਢ ਕੇ ਘੂਕਰ ਪਾਉਂਦੇ ਹੋਏ ਹਰਨ ਹੋ ਗਏ।

ਇੱਕ ਵਾਰ ਪਿੰਡ ਲਾਲੀ ਘੁੰਮਣਾਂ 'ਚ ਆਪ ਦੇ ਸਾਥੀ ਸਿੰਘਾਂ ਨੂੰ ਪੁਲੀਸ ਦਾ ਘੇਰਾ ਪੈ ਗਿਆ। ਜਸਵਿੰਦਰ ਸਿੰਘ ਜੱਜ ਤੇ ਹਰਦੇਵ ਸਿੰਘ ਜੌਤ ਸਿੰਘ ਵਾਲਾ ਇਹਨਾਂ ਸਿੰਘਾਂ 'ਚ ਪ੍ਰਮੁੱਖ ਸਨ। ਏਨਾ ਗਹਿਗੱਚ ਮੁਕਾਬਲਾ ਹੋਇਆ ਕਿ ਪੁਲੀਸ ਮੁਖੀ ਕੇ.ਪੀ.ਐਸ. ਗਿੱਲ ਮੌਕੇ 'ਤੇ ਪਹੁੰਚ ਗਿਆ। ਇਹ ਪਤਾ ਲੱਗਣ 'ਤੇ ਸਿੰਘਾਂ ਨੇ ਸਲਾਹ ਕਰ ਕੇ ਮੁਕਾਬਲਾ ਖ਼ਤਮ ਹੋ ਜਾਣ ਦਾ ਢੌਂਗ ਰਚਦਿਆਂ ਗੋਲ਼ੀ ਚਲਾਉਣੀ ਬੰਦ ਕਰ ਦਿੱਤੀ। ਸਭ ਨੂੰ ਹਦਾਇਤ ਦਿੱਤੀ ਗਈ ਕਿ ਕੇ.ਪੀ.ਐਸ. ਗਿੱਲ ਦੇ ਗੋਲ਼ੀ ਦੀ ਰੇਂਜ ਵਿੱਚ ਆਉਣ ਪਿੱਛੋਂ ਹੀ ਫ਼ਾਇਰ ਕਰਨਾ ਹੈ। ਪਰ ਇੱਕ ਸਿੰਘ ਕਾਹਲ਼ੀ ਕਰ ਗਿਆ ਤੇ ਉਸ ਨੇ ਗਿੱਲ ਦੇ ਰੇਂਜ ਤੋਂ ਬਾਹਰ ਹੋਣ ਦੌਰਾਨ ਹੀ ਓਹਦੇ ਵੱਲ ਗੋਲ਼ੀ ਚਲਾ ਦਿੱਤੀ। ਗੋਲ਼ੀ ਚੱਲਣ 'ਤੇ ਗਿੱਲ ਓਥੇ ਲੰਮਾ ਪੈ ਗਿਆ ਤੇ ਬਚ ਗਿਆ।

ਇਸ ਮੁਕਾਬਲੇ ਵਿੱਚ ਪੁਲੀਸ ਦੀਆਂ ਜਿਪਸੀਆਂ ਖੇਤਾਂ ਵਿੱਚ ਫਸ ਜਾਣ ਪਿੱਛੋਂ ਗਿੱਲ ਦੇ ਕਹਿਣ 'ਤੇ ਇੱਕ ਟਰੈਕਟਰ 'ਤੇ ਆਰਜ਼ੀ ਮੋਰਚਾ ਬਣਾ ਕੇ ਉਸ ਨੂੰ ਖੇਤ ਵਿੱਚ ਵਾੜਿਆ ਗਿਆ ਤੇ ਉਸ ਦੇ ਨਾਲ਼ ਬੰਨ੍ਹ ਕੇ ਪਹਿਲੀ ਜਿਪਸੀ ਖੇਤ ਵਿੱਚ ਵਾੜੀ ਗਈ। (ਇਹ ਤਰੀਕਾ ਸਫਲ ਹੋਣ ਪਿੱਛੋਂ ਗਿੱਲ ਦੇ ਸ਼ੈਤਾਨੀ ਦਿਮਾਗ ਨੇ ਬੁਲੇਟ ਪਰੂਫ਼ ਟਰੈਕਟਰ ਲਿਆਉਣ ਦੀ ਸਕੀਮ ਸੋਚੀ, ਜੋ ਬਾਅਦ 'ਚ ਵੱਡੀ ਪੱਧਰ 'ਤੇ ਅਮਲ ਵਿੱਚ ਲਿਆਂਦੀ ਗਈ।) ਇਸ ਮੁਕਾਬਲੇ 'ਚੋਂ ਭਾਈ ਜਸਵਿੰਦਰ ਸਿੰਘ ਜੱਜ ਤਾਂ ਬਚ ਕੇ ਨਿਕਲ ਗਿਆ, ਪਰ ਭਾਈ ਹਰਦੇਵ ਸਿੰਘ ਜੌਤ ਸਿੰਘ ਵਾਲਾ ਜ਼ਖ਼ਮੀ ਹਾਲਤ 'ਚ ਪੁਲੀਸ ਦੇ ਕਾਬੂ ਆ ਗਿਆ। ਰਾਤ ਭਰ ਉਸ 'ਤੇ ਤਸ਼ੱਦਦ ਕੀਤਾ ਗਿਆ, ਜਦੋਂ ਉਸ ਨੇ ਕੁਝ ਨਾ ਦੱਸਿਆ ਤਾਂ ਸਵੇਰੇ ਦੋ ਜਿਪਸੀਆਂ ਨਾਲ਼ ਉਸ ਦੀਆਂ ਲੱਤਾਂ ਬੰਨ੍ਹ ਕੇ ਜਿਪਸੀਆਂ ਨੂੰ ਉਲਟ ਦਿਸ਼ਾ ਵੱਲ ਭਜਾ ਕੇ ਉਸ ਨੂੰ ਵਿਚਾਲਿਓਂ ਚੀਰ ਕੇ ਦੋਫਾੜ ਕਰ ਦਿੱਤਾ ਗਿਆ। ਪਰ ਮਰਦੇ ਦਮ ਤਕ ਉਸ ਸੂਰਮੇ ਨੇ ਜਥੇਬੰਦੀ ਦਾ ਕੋਈ ਭੇਤ ਦੇਣਾ ਪ੍ਰਵਾਨ ਨਾ ਕੀਤਾ।

ਅਜਿਹੇ ਕਠਿਨ ਸਮੇਂ ਵਿੱਚ ਆਪ ਪੂਰੀ ਤਰ੍ਹਾਂ ਬੇਖ਼ੌਫ਼ ਹੋ ਕੇ ਸੇਵਾ ਕਰ ਰਹੇ ਸਨ। ਜੇ ਕੋਈ ਸਿੰਘ ਪੁਲੀਸ ਫ਼ੋਰਸਾਂ ਦੇ ਕਾਬੂ ਆ ਜਾਂਦਾ ਤਾਂ ਮਹੱਤਵਪੂਰਨ ਵਿਅਕਤੀਆਂ ਨੂੰ ਚੁੱਕ ਕੇ ਉਹਨਾਂ ਨੂੰ ਛੁਡਾਉਣ ਲਈ ਆਪ ਹਰ ਵੇਲੇ ਤਿਆਰ ਰਹਿੰਦੇ ਸਨ। ਲੰਮਾ ਸਮਾਂ ਆਪ ਨੇ ਨਿਰਭੈਤਾ ਨਾਲ਼ ਸੇਵਾ ਕੀਤੀ।

ਗ੍ਰਿਫ਼ਤਾਰੀ

ਫ਼ਰਵਰੀ 1992 ਵਿੱਚ ਪਿੰਡ ਦੀਨਪੁਰ ਤੇ ਆਪ ਦੇ ਪਿੰਡ ਦੇ ਜਥੇਬੰਦੀ ਦੇ ਦੋ ਕਾਰਕੁੰਨ ਪੁਲੀਸ ਨੇ ਚੁੱਕ ਲਏ, ਜਿਨ੍ਹਾਂ ਨੂੰ ਛੁਡਾਉਣ ਲਈ ਰਣਨੀਤੀ ਤਿਆਰ ਕਰਨ ਹਿੱਤ ਲੁਧਿਆਣੇ ਜਥੇਬੰਦੀ ਦੀ ਮੀਟਿੰਗ ਰੱਖੀ ਗਈ। 26 ਫ਼ਰਵਰੀ 1992 ਨੂੰ ਆਪ ਲੁਧਿਆਣੇ ਪਹੁੰਚੇ। ਰੇਲਵੇ ਸਟੇਸ਼ਨ ਤੋਂ ਬੱਸ ਅੱਡੇ ਵੱਲ ਜਾਂਦਿਆਂ ਤਕਰੀਬਨ ਦੁਪਹਿਰ ਦੇ ਚਾਰ ਕੁ ਵਜੇ ਪੱਕੀ ਮੁਖ਼ਬਰੀ ਦੇ

ਆਧਾਰ 'ਤੇ ਪੁਲੀਸ ਨੇ ਆਪ ਨੂੰ ਚੁੱਕ ਲਿਆ।

ਲੁਧਿਆਣੇ ਕਿਸੇ ਥਾਂ 'ਤੇ ਆਪ 'ਤੇ ਤਸ਼ੱਦਦ ਕਰਦੇ ਹੋਏ ਆਪ ਦਾ ਨਾਂ ਪੁੱਛਿਆ ਜਾਣ ਲੱਗਾ ਤਾਂ ਆਪ ਦਾ ਜਵਾਬ ਸੀ:

"ਜੀਹਨੇ ਮੈਨੂੰ ਫੜਾਇਐ, ਓਹਨੇ ਨਾਂ ਨ੍ਹੀਂ ਦੱਸਿਆ....?"

ਇਸ ਤਰ੍ਹਾਂ ਆਪ ਨੇ ਆਪਣੇ ਮੂੰਹੋਂ ਆਪਣਾ ਨਾਂ ਤਕ ਵੀ ਨਹੀਂ ਦੱਸਿਆ। ਜੇਕਰ ਆਪ ਉਸ ਵੇਲੇ ਜ਼ੁਬਾਨ ਖੋਲ੍ਹ ਦਿੰਦੇ ਤਾਂ ਲੁਧਿਆਣੇ ਮੀਟਿੰਗ ਵਿੱਚ ਪਹੁੰਚੇ ਬੱਬਰ ਖ਼ਾਲਸਾ ਦੇ ਚੋਟੀ ਦੇ ਸਾਰੇ ਲੀਡਰ ਪੁਲੀਸ ਦੇ ਕਾਬੂ ਆ ਸਕਦੇ ਸਨ, ਪਰ ਆਪ ਨੇ ਦੁਸ਼ਟਾਂ ਦਾ ਅੰਨ੍ਹਾ ਤਸ਼ੱਦਦ ਪੂਰੀ ਸਿਦਕਦਿਲੀ ਨਾਲ ਝੱਲਿਆ। ਬੁੱਚੜ ਪੁਲਸੀਏ ਆਪ 'ਤੇ ਤਸ਼ੱਦਦ ਕਰਦੇ-ਕਰਦੇ ਮਾਨਸਿਕ ਤੌਰ 'ਤੇ ਟੁੱਟ ਗਏ ਪਰ ਉਹ ਆਪ ਦਾ ਸਿਰੜ ਨਾ ਤੋੜ ਸਕੇ।

ਸ਼ਹੀਦੀ

ਆਪ ਦੇ ਚੁੱਕੇ ਜਾਣ ਦੀ ਸੂਹ ਮਿਲਣ 'ਤੇ ਭਾਈ ਧਰਮ ਸਿੰਘ ਕਾਸ਼ਤੀਵਾਲ ਸ੍ਰੀ ਅੰਮ੍ਰਿਤਸਰ ਪਹੁੰਚੇ ਤੇ ਆਪ ਨੂੰ ਛੁਡਾਉਣ ਹਿੱਤ ਹਥਿਆਰਾਂ ਦਾ ਪ੍ਰਬੰਧ ਕਰਨ ਅਤੇ ਕੋਈ ਕਾਰਵਾਈ ਕਰਨ ਲਈ ਵਿਓਂਤ ਬਣਾਉਣ ਲੱਗੇ, ਪਰ ਪੁਲੀਸ ਨੇ ਏਨਾ ਸਮਾਂ ਨਾ ਦਿੱਤਾ।

28 ਫ਼ਰਵਰੀ 1992 ਨੂੰ ਆਪ ਨੂੰ ਇੱਕ ਮੁਕਾਬਲੇ ਵਿੱਚ ਸ਼ਹੀਦ ਹੋਏ ਦਰਸਾ ਦਿੱਤਾ ਗਿਆ। ਇਹ ਵੀ ਕਨਸੋਆਂ ਮਿਲਦੀਆਂ ਰਹੀਆਂ ਕਿ 28 ਫ਼ਰਵਰੀ ਨੂੰ ਆਪ ਨੂੰ ਮੁਕਾਬਲੇ ਵਿੱਚ ਸ਼ਹੀਦ ਹੋ ਗਏ ਦਰਸਾ ਕੇ ਲੰਮਾ ਸਮਾਂ ਆਪ 'ਤੇ ਤਸ਼ੱਦਦ ਕੀਤਾ ਜਾਂਦਾ ਰਿਹਾ।

ਇੱਕ ਹੋਰ ਸੂਤਰ ਅਨੁਸਾਰ ਆਪ ਦੀ ਗ੍ਰਿਫ਼ਤਾਰੀ ਤੋਂ ਬਾਅਦ ਬੱਬਰ ਖ਼ਾਲਸਾ ਦੇ ਇੱਕ ਜਰਨੈਲ ਭਾਈ ਹਰਭਜਨ ਸਿੰਘ ਮੰਡ ਨੇ ਲੁਧਿਆਣੇ ਤੋਂ ਇੱਕ ਹਕੂਮਤ ਨਾਲ ਸੰਬੰਧਿਤ ਬੰਦਾ ਚੁੱਕ ਲਿਆ ਤੇ ਲੁਧਿਆਣੇ ਦੇ ਐਸ.ਐਸ.ਪੀ. ਨੂੰ ਫ਼ੋਨ ਕਰ ਕੇ ਉਸ ਦੇ ਬਦਲੇ ਭਾਈ ਸੁਖਦੇਵ ਸਿੰਘ ਚੱਬਾ ਨੂੰ ਛੱਡਣ ਲਈ ਕਿਹਾ। ਐਸ.ਐਸ.ਪੀ. ਦਾ ਜਵਾਬ ਸੀ:

"ਸਤਲੁਜ ਦਰਿਆ 'ਚੋਂ ਉਹਦੇ ਟੋਟੇ ਕੱਢ ਲਓ....।"

ਇਹ ਸੁਣ ਕੇ ਭਾਈ ਮੰਡ ਨੇ ਫ਼ੋਨ ਬੰਦ ਕਰ ਦਿੱਤਾ। ਉਹਨਾਂ ਨੇ ਉਸ ਹਕੂਮਤੀ ਬੰਦੇ ਨੂੰ ਮਾਰ ਕੇ ਓਸੇ ਹੀ ਦਰਿਆ ਵਿੱਚ ਸੁੱਟ ਦਿੱਤਾ ਤੇ ਫਿਰ ਐਸ.ਐਸ.ਪੀ. ਨੂੰ ਫ਼ੋਨ ਕਰ ਕੇ ਕਿਹਾ-
"ਤੂੰ ਵੀ ਆਪਣੇ ਬੰਦੇ ਦੇ ਟੋਟੇ ਓਸੇ ਹੀ ਦਰਿਆ 'ਚ ਕੱਢ ਲੈ....।"

ਭਾਈ ਸੁਖਦੇਵ ਸਿੰਘ ਚੱਬਾ ਦੀ ਹਿੰਦੁਸਤਾਨੀ ਹਕੂਮਤ ਸਾਮ੍ਹਣੇ ਤਣੀ ਧੌਣ ਕੱਟੀ ਗਈ, ਪਰ ਇਸ ਨੂੰ ਉਹਨਾਂ ਨੇ ਝੁਕਣ ਨਾ ਦਿੱਤਾ। ਆਪ ਦੀ ਲਾਸਾਨੀ ਸ਼ਹਾਦਤ ਨੇ ਵੀ ਹਿੰਦੁਸਤਾਨੀ ਪੁਲੀਸ ਵਿਚਲੇ ਬੁੱਚੜ ਅਫ਼ਸਰਾਂ ਦੇ ਪੱਥਰਾਂ ਨੂੰ ਵੀ ਬੁਲਵਾ ਲੈਣ ਦੇ ਸਾਰੇ ਦਾਅਵੇ ਚਕਨਾਚੂਰ ਕਰ ਦਿੱਤੇ।

* * * * *

ਨਿਰਭੈ ਤੇ ਜਿੰਦਾ-ਦਿਲ ਸੂਰਮਾ

ਸ਼ਹੀਦ ਭਾਈ ਗੁਰਨਾਮ ਸਿੰਘ ਪਹਿਲਵਾਨ ਦਾਬਾਂਵਾਲ਼

ਆਮ ਤੌਰ 'ਤੇ ਪੁਲੀਸ ਅਤੇ ਹੋਰ ਫ਼ੋਰਸਾਂ ਵਿੱਚ ਭਰਤੀ ਲਈ ਚੋਟੀ ਦੇ ਖਿਡਾਰੀਆਂ ਨੂੰ ਪਹਿਲ ਦਿੱਤੀ ਜਾਂਦੀ ਹੈ; ਪਰ ਜਦੋਂ ਪੰਜਾਬ ਵਿੱਚ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਦੀ ਇਤਿਹਾਸਕ ਸੇਧ ਨਾਲ਼ ਪੰਜਾਬ ਅੰਦਰ ਸਿੱਖ ਕੌਮ ਦੀ ਪੱਗ ਦੀ ਅਜ਼ਾਦੀ ਤੇ ਪੱਤ ਦੀ ਬਹਾਲੀ ਲਈ ਸਿੱਖ ਸੰਘਰਸ਼ ਅਰੰਭ ਹੋਇਆ ਤਾਂ ਕਈ ਚੋਟੀ ਦੇ ਖਿਡਾਰੀ ਸਿੱਖ ਗੱਭਰੂ ਇਸ ਲਹਿਰ ਵੱਲ ਖਿੱਚੇ ਆਏ। ਉਹਨਾਂ ਨੇ ਆਪਣੀਆਂ ਕਾਰਵਾਈਆਂ ਨਾਲ਼ ਦਿੱਲੀ ਤਖ਼ਤ ਦੇ ਨੱਕ ਵਿੱਚ ਦਮ ਕੀਤਾ ਤੇ ਅੰਤ ਸ਼ਹਾਦਤ ਪ੍ਰਾਪਤ ਕਰ ਗਏ। ਸ਼ਹੀਦ ਭਾਈ ਗੁਰਨਾਮ ਸਿੰਘ ਪਹਿਲਵਾਨ ਦਾਬਾਂਵਾਲ਼ ਦਾ ਨਾਂ ਇਹਨਾਂ ਸ਼ਹੀਦਾਂ ਦੀ ਲੜੀ ਵਿੱਚ ਬਹੁਤ ਉੱਘਾ ਹੈ।

ਭਾਈ ਗੁਰਨਾਮ ਸਿੰਘ ਦਾ ਜਨਮ ਮਿਤੀ 20 ਸਤੰਬਰ 1961 ਨੂੰ ਸ. ਸ਼ਿੰਗਾਰਾ ਸਿੰਘ ਦੇ ਘਰ ਮਾਤਾ ਮਹਿੰਦਰ ਕੌਰ ਦੀ ਕੁੱਖੋਂ ਹੋਇਆ। ਭਾਈ ਗੁਰਨਾਮ ਸਿੰਘ ਤਿੰਨ ਭਰਾਵਾਂ, ਰਛਪਾਲ ਸਿੰਘ, ਅਵਤਾਰ ਸਿੰਘ ਅਤੇ ਹਰਦਿਆਲ਼ ਸਿੰਘ ਤੋਂ ਛੋਟੇ ਸਨ। ਆਪ ਕੁੱਲ ਚਾਰ ਭਰਾ ਸਨ। ਨਿੱਕੇ ਹੁੰਦੇ ਹੀ ਖੇਡਾਂ ਵੱਲ ਆਪ ਦੀ ਵਾਹਵਾ ਰੁਚੀ ਸੀ।

ਚੌਥੀ ਕਲਾਸ ਵਿੱਚ ਪੜ੍ਹਦਿਆਂ ਹੀ ਭਾਈ ਗੁਰਨਾਮ ਸਿੰਘ ਨੇ ਅੰਮ੍ਰਿਤ ਛਕ ਲਿਆ। ਆਪ ਨੇ ਮੈਟ੍ਰਿਕ ਤਕ ਹੀ ਪੜ੍ਹਾਈ ਕੀਤੀ ਤੇ ਉਹ ਵੀ ਆਪਣੇ ਪਿੰਡ ਦਾਬਾਂਵਾਲ਼ ਤੋਂ ਹੀ, ਪਰ ਇਸ ਦੌਰਾਨ ਆਪ ਕਬੱਡੀ ਦੇ ਨੈਸ਼ਨਲ ਪੱਧਰ ਦੇ ਖਿਡਾਰੀ ਬਣ ਗਏ।

ਸੰਨ 1978 ਵਿੱਚ ਦਿੱਲੀ ਤਖ਼ਤ ਦੀ ਸ਼ਹਿ ਨਾਲ਼ ਜਦ ਭੂਤਰੇ ਹੋਏ ਨਰਕਧਾਰੀ ਗੁੰਡਿਆਂ ਨੇ ਸ੍ਰੀ ਗੁਰੂ ਗਰੰਥ ਸਾਹਿਬ ਦੀ ਬੇਅਦਬੀ ਵਿਰੁੱਧ ਰੋਸ ਪ੍ਰਗਟ ਕਰ ਰਹੇ ਸਿੰਘਾਂ 'ਤੇ ਗੋਲ਼ੀਆਂ ਦਾ ਮੀਂਹ ਵਰ੍ਹਾ ਕੇ ਤੇਰਾਂ ਸਿੰਘ ਸ਼ਹੀਦ ਕਰ ਦਿੱਤੇ ਤਾਂ ਸਿੱਖ ਜਵਾਨੀ ਜ਼ੁਲਮ ਵਿਰੁੱਧ ਥਾਂ-ਥਾਂ 'ਤੇ ਸੰਗਠਿਤ ਹੋਣ ਲੱਗੀ। ਗੁਰਨਾਮ ਸਿੰਘ ਦੀ ਉਮਰ ਓਦੋਂ ਭਾਵੇਂ ਸਤਾਰਾਂ ਕੁ ਸਾਲ ਦੀ ਹੀ ਸੀ, ਪਰ ਪੰਜਾਬ ਪੱਧਰ ਤੇ ਸੰਗਠਿਤ ਅਕਾਲੀ ਦਲ ਦੇ ਯੂਥ ਵਿੰਗ ਵਿੱਚ ਗੁਰਨਾਮ ਸਿੰਘ ਵੀ ਆਪਣੇ ਪਿੰਡ ਦੇ ਮਾਸਟਰ ਸੁਖਵਿੰਦਰ ਸਿੰਘ ਜੀ ਦੇ ਨਾਲ਼ ਹੀ ਭਰਤੀ ਹੋ ਗਿਆ। ਕੁਝ ਚਿਰ ਪਿੱਛੋਂ ਆਪ ਦਾ ਸਾਰਾ ਗਰੁੱਪ ਸਿੱਖ ਸਟੂਡੈਂਟਸ ਫ਼ੈਡਰੇਸ਼ਨ ਵਿੱਚ ਸ਼ਾਮਲ ਹੋ ਗਿਆ ਤੇ ਧਰਮ ਯੁੱਧ ਮੋਰਚੇ ਵਿੱਚ ਪੂਰੀ ਸਰਗਰਮੀ ਨਾਲ਼ ਹਿੱਸਾ ਲੈਣ ਲੱਗ ਪਿਆ।

ਸੰਤ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਦੀ ਸੁਚੱਜੀ ਅਗਵਾਈ ਵਿੱਚ ਦਿਨੋਂ-ਦਿਨ ਅੱਗੇ ਵਧ ਰਹੇ ਧਰਮ ਯੁੱਧ ਤੋਂ ਘਬਰਾ ਕੇ ਹਿੰਦੁਸਤਾਨੀ ਸਰਕਾਰ ਨੇ ਸ੍ਰੀ ਦਰਬਾਰ ਸਾਹਿਬ 'ਤੇ ਹਮਲਾ ਕਰ ਦਿੱਤਾ ਤੇ ਹਰ ਇੱਕ ਸਿੱਖ ਦਾ ਹਿਰਦਾ ਛਲਣੀ ਕਰ ਸੁੱਟਿਆ। ਇਸ ਤੋਂ ਬਾਅਦ ਮਰਜੀਵੜਿਆਂ ਦੀਆਂ ਲਿਸਟਾਂ ਲੈ ਕੇ ਪਿੰਡਾਂ ਵਿੱਚ ਛਾਪੇ ਮਾਰੇ ਜਾਣ ਲੱਗੇ। ਦਾਬਾਂਵਾਲ ਪਿੰਡ ਦੇ ਮਾਸਟਰ ਸੁਖਵਿੰਦਰ ਸਿੰਘ ਤੇ ਭਾਈ ਗੁਰਨਾਮ ਸਿੰਘ ਦਾ ਨਾਂ ਇਹਨਾਂ ਲਿਸਟਾਂ ਵਿੱਚ ਸ਼ਾਮਲ ਸੀ। 18-19 ਜੂਨ 1984 ਦੀ ਰਾਤ ਨੂੰ ਦਾਬਾਂਵਾਲ ਪਿੰਡ ਵਿੱਚ ਪੁਲੀਸ ਤੇ ਫ਼ੌਜ ਦਾ ਛਾਪਾ ਪਿਆ। ਮਾਸਟਰ ਸੁਖਵਿੰਦਰ ਸਿੰਘ ਤਾਂ ਬਚ ਨਿਕਲੇ ਪਰ ਭਾਈ ਗੁਰਨਾਮ ਸਿੰਘ ਨੂੰ ਪੁਲੀਸ ਨੇ ਗ੍ਰਿਫ਼ਤਾਰ ਕਰ ਲਿਆ।

ਬਟਾਲੇ ਦੇ ਸਦਰ ਥਾਣੇ ਵਿੱਚ ਆਪ ਉੱਤੇ ਅਥਾਹ ਤਸ਼ੱਦਦ ਕੀਤਾ ਗਿਆ। ਆਪ ਨੂੰ ਆਪਣੇ ਬਾਕੀ ਸਾਥੀ ਫੜਾ ਦੇਣ ਲਈ ਕਿਹਾ ਜਾਂਦਾ ਰਿਹਾ, ਪਰ ਆਪ ਨੇ ਨਾ ਹੀ ਕੁਝ ਮੰਨਿਆ ਤੇ ਨਾ ਹੀ ਕਿਸੇ ਨੂੰ ਗ੍ਰਿਫ਼ਤਾਰ ਕਰਵਾਇਆ। ਇੱਕ ਹਫ਼ਤਾ ਥਾਣੇ ਵਿੱਚ ਰੱਖ ਕੇ ਆਪ ਨੂੰ ਛੱਡ ਦਿੱਤਾ ਗਿਆ।

ਥਾਣੇ ਵਿੱਚੋਂ ਛੁੱਟਣ ਪਿੱਛੋਂ ਆਪ ਡੇਢ ਕੁ ਮਹੀਨਾ ਘਰ ਰਹੇ, ਤੇ ਫਿਰ ਕੌਮੀ ਸੰਘਰਸ਼ ਹਿਤ ਲੋੜ ਮਹਿਸੂਸ ਕਰਦੇ ਹੋਏ ਰੂਪੋਸ਼ ਹੋ ਗਏ। ਰੂਪੋਸ਼ ਹੋਣ ਤੋਂ ਬਾਅਦ ਡੇਢ ਸਾਲ ਆਪ ਦਾ ਕੁਝ ਪਤਾ ਨਾ ਲੱਗਾ ਕਿ ਆਪ ਕਿੱਥੇ ਹਨ। ਅਪ੍ਰੈਲ 1986 ਵਿੱਚ ਆਪ ਨੇ ਇਲਾਕੇ ਅੰਦਰ ਪ੍ਰਗਟ ਹੋ ਕੇ ਖੁੱਲ੍ਹੇਆਮ 'ਬੱਬਰ ਖ਼ਾਲਸਾ' ਜਥੇਬੰਦੀ ਵੱਲੋਂ ਸੰਘਰਸ਼ ਦਾ ਬਿਗਲ ਵਜਾ ਦਿੱਤਾ। ਇਸ ਦੇ ਨਾਲ ਹੀ ਆਪ ਦੇ ਪਰਿਵਾਰ ਉੱਪਰ ਪੁਲੀਸ ਦਾ ਕਹਿਰ ਟੁੱਟਣਾ ਅਰੰਭ ਹੋ ਗਿਆ, ਪਰ ਪੁਲੀਸ ਆਪ ਤਕ ਪਹੁੰਚਣ ਵਿੱਚ ਨਾਕਾਮ ਰਹੀ।

30 ਜਨਵਰੀ 1988 ਨੂੰ ਆਪ ਦੀ ਪੁਲੀਸ ਫ਼ੋਰਸਾਂ ਨਾਲ ਪਹਿਲੀ ਝੜਪ 'ਧੀਰ' ਪਿੰਡ ਵਿੱਚ ਹੋਈ। ਆਪ ਅਤੇ ਭਾਈ ਧਰਮ ਸਿੰਘ ਕਾਸ਼ਤੀਵਾਲ ਧੀਰ ਪਿੰਡ ਦੀ ਇੱਕ ਬਹਿਕ 'ਤੇ ਰੁਕੇ ਹੋਏ ਸਨ। ਸਵੇਰੇ 6 ਵੱਜ ਕੇ 40 ਮਿੰਟ 'ਤੇ ਪੁਲੀਸ ਅਤੇ ਬੀ.ਐਸ.ਐਫ. ਨੇ ਘੇਰਾ ਪਾ ਲਿਆ। ਇਸ ਸਮੇਂ ਭਾਈ ਧਰਮ ਸਿੰਘ ਕਾਸ਼ਤੀਵਾਲ ਖੇਤਾਂ ਵਿੱਚ ਸਨ। ਭਾਈ ਗੁਰਨਾਮ ਸਿੰਘ ਨੇ ਆਪਣੀ ਥਾਮਸਨ ਗੰਨ ਨਾਲ ਫ਼ਾਇਰਿੰਗ ਕੀਤੀ। ਚਾਰ ਬੀ.ਐਸ.ਐਫ. ਵਾਲੇ ਮਾਰੇ ਗਏ। ਇਸ ਪਿੱਛੋਂ ਭਾਈ ਕਾਸ਼ਤੀਵਾਲ ਦੂਜੇ ਪਾਸੇ ਵੱਲ ਦੀ ਨਿਕਲ ਗਏ ਤੇ ਭਾਈ ਗੁਰਨਾਮ ਸਿੰਘ ਘੇਰਾ ਤੋੜ ਕੇ ਦਾਬਾਂਵਾਲ ਨੂੰ ਆ ਗਏ ਤੇ ਇੱਥੋਂ ਕੱਪੜੇ ਬਦਲ ਕੇ ਕਿਸੇ ਹੋਰ ਪਾਸੇ ਨਿਕਲ ਗਏ।

ਆਪ ਸੰਘਰਸ਼ ਪੂਰੀ ਤਰ੍ਹਾਂ ਸੋਚ ਸਮਝ ਕੇ ਚਲਾਉਣ ਦੇ ਵਿਚਾਰਾਂ ਵਾਲੇ ਸਨ। ਅੰਨ੍ਹੇਵਾਹ ਭਰਤੀ ਤੇ ਅੰਨ੍ਹੇਵਾਹ ਕਤਲਾਂ ਦੀ ਨੀਤੀ ਨੂੰ ਆਪ ਪਸੰਦ ਨਹੀਂ ਸੀ ਕਰਦੇ, ਪਰ ਫਿਰ ਵੀ ਭਾਰਤੀ ਸੁਰੱਖਿਆ ਫ਼ੋਰਸਾਂ ਦੇ ਪੰਜਾਬ ਦੇ ਪਿੰਡਾਂ ਵੱਲ ਵਧਦੇ ਕਦਮਾਂ ਨੂੰ ਰੋਕ ਪਾਉਣ ਲਈ ਆਪ ਆਪਣੇ ਸਾਥੀਆਂ ਨਾਲ ਨਿਰੰਤਰ ਤੇ ਤਨਦੇਹੀ ਨਾਲ ਯਤਨਸ਼ੀਲ ਸਨ।

ਇੱਕ ਵਾਰ ਆਪ ਬਿਮਾਰ ਸਨ ਤੇ ਆਪ ਨੂੰ ਗੁਲੂਕੋਜ਼ ਲੱਗਿਆ ਹੋਇਆ ਸੀ। ਆਪ ਦੇ ਸਾਰੇ ਗਰੁੱਪ ਨੇ ਇੱਕ ਐਕਸ਼ਨ ਕਰਨਾ ਸੀ। ਓਧਰੋਂ ਐਕਸ਼ਨ ਦਾ ਟਾਈਮ ਹੁੰਦਾ ਜਾ ਰਿਹਾ ਸੀ ਤੇ ਆਪ ਦੀ ਬੇਤਾਬੀ ਵਧਦੀ ਜਾ ਰਹੀ ਸੀ। ਆਪ ਉਸ ਐਕਸ਼ਨ ਵਿੱਚ ਖ਼ੁਦ ਵੀ ਹਿੱਸਾ ਲੈਣਾ

ਚਾਹੁੰਦੇ ਸਨ। ਆਪ ਨੇ ਡਾਕਟਰ ਤੋਂ ਕੁਝ ਸਮਾਂ ਬਾਹਰ ਜਾਣ ਦੀ ਇਜਾਜ਼ਤ ਮੰਗੀ, ਪਰ ਡਾਕਟਰ ਨੇ ਨਾਂਹ ਕਰ ਦਿੱਤੀ। ਆਪ ਘੜੀ ਤੋਂ ਸਮੇਂ ਦਾ ਅੰਦਾਜ਼ਾ ਲਾ ਕੇ ਖ਼ੁਦ ਹੀ ਗੁਲੂਕੋਜ਼ ਲਾਹ ਕੇ ਖਿਸਕ ਗਏ ਤੇ ਐਕਸ਼ਨ ਵਿੱਚ ਹਿੱਸਾ ਲਿਆ। ਇਸ ਕਾਂਡ (ਘੋਗਾ ਪਿੰਡ) ਦੀਆਂ ਕਈ ਵਾਰਾਂ ਇਲਾਕੇ ਵਿੱਚ ਪ੍ਰਚਲਿਤ ਹੋਈਆਂ।

ਬਟਾਲਾ ਦੇ ਚੱਕਰੀ ਬਜ਼ਾਰ ਦੇ ਸ਼ਿਵ-ਸੈਨੀਆਂ ਨੇ ਜਦੋਂ ਐਲਾਨ ਕੀਤਾ ਕਿ ਗੁਰੂ ਨਾਨਕ ਸਾਹਿਬ ਦੇ ਵਿਆਹ ਪੁਰਬ ਦਾ ਨਗਰ ਕੀਰਤਨ ਚੱਕਰੀ ਬਜ਼ਾਰ 'ਚੋਂ ਨਹੀਂ ਲੰਘਣ ਦਿੱਤਾ ਜਾਵੇਗਾ ਤਾਂ ਬੱਬਰਾਂ ਨੇ ਉਹਨਾਂ ਨੂੰ ਜੋ ਸਬਕ ਸਿਖਾਇਆ, ਉਸ ਵਿੱਚ ਆਪ ਜੀ ਦੀ ਉੱਘੀ ਭੂਮਿਕਾ ਸੀ।

ਇੱਕ ਵਾਰ ਆਪ ਆਪਣੇ ਇੱਕ ਸਾਥੀ ਭਾਈ ਦਵਿੰਦਰ ਸਿੰਘ ਜਾਗੋ ਪਿੰਡ ਨਠਵਾਲ ਨਾਲ ਇੱਕ ਪੰਥ ਦੋਖੀ ਦਾ ਸਕੂਟਰ 'ਤੇ ਪਿੱਛਾ ਕਰ ਰਹੇ ਸਨ। ਉਹ ਟਾਊਟ ਕੁਦਰਤੀ ਹੀ ਆਈ.ਟੀ.ਆਈ. ਕਾਲਜ ਵਿੱਚ ਵੜ ਗਿਆ। ਆਪ ਵੀ ਉਸ ਦੇ ਪਿੱਛੇ ਹੀ ਕਾਲਜ ਵਿੱਚ ਜਾ ਵੜੇ। ਆਪ ਨੂੰ ਪਤਾ ਨਹੀਂ ਸੀ ਕਿ ਓਥੇ ਸੀ.ਆਰ.ਪੀ. ਦਾ ਕੈਂਪ ਹੈ। ਟਾਊਟ ਤਾਂ ਉੱਧਰ ਦੀ ਰੋਜ਼ਾਨਾ ਲੰਘਦਾ ਸੀ, ਪਰ ਆਪ ਨੂੰ ਸੀ.ਆਰ.ਪੀ. ਨੇ ਰੋਕ ਲਿਆ। ਆਪ ਦੀ ਤਲਾਸ਼ੀ ਹੋਣ ਲੱਗੀ। ਇਸ ਵੇਲੇ ਆਪ ਕੋਲ ਡੱਬ ਦੇ ਹਥਿਆਰਾਂ ਤੋਂ ਇਲਾਵਾ ਇੱਕ ਝੋਲੇ ਵਿੱਚ ਖੁੱਲ੍ਹੀ ਹੋਈ ਥਾਮਸਨ ਗੰਨ ਸੀ। ਸੀ.ਆਰ.ਪੀ. ਵਾਲਿਆਂ ਨੇ ਝੋਲੇ ਨੂੰ ਹੱਥ ਲਾ ਕੇ ਪੁੱਛਿਆ:

"ਯੇ ਕਿਆ ਹੈ....?"

ਭਾਈ ਪਹਿਲਵਾਨ ਨੇ ਬੇਖ਼ੌਫ਼ ਹੋ ਕੇ ਬੇਪਰਵਾਹੀ 'ਚ ਜਵਾਬ ਦਿੱਤਾ:

"ਆਪੇ ਹੀ ਵੇਖ ਲਓ...।"

ਸੀ.ਆਰ.ਪੀ. ਵਾਲਿਆਂ ਨੂੰ ਸ਼ੱਕ ਤਾਂ ਨਾ ਪਿਆ, ਪਰ ਫਿਰ ਵੀ ਚੈਕਿੰਗ ਲਈ ਉਹਨਾਂ ਝੋਲਾ ਫੜ ਲਿਆ। ਉੱਧਰੋਂ ਉਹਨਾਂ ਨੇ ਝੋਲੇ ਵਿੱਚ ਹੱਥ ਪਾਇਆ ਤੇ ਇੱਧਰੋਂ ਇਸ਼ਾਰਿਆਂ ਵਿੱਚ ਹੀ ਮਤਾ ਪਕਾ ਚੁੱਕੇ ਭਾਈ ਪਹਿਲਵਾਨ ਤੇ ਜਾਗੋ ਛਾਲਾਂ ਮਾਰ ਕੇ ਕੰਧ ਟੱਪ ਗਏ। ਕੰਧਾਂ ਉੱਪਰ ਲੱਗੀਆਂ ਕੰਡਿਆਲੀਆਂ ਤਾਰਾਂ ਨਾਲ ਦੋਹਾਂ ਦੇ ਹੱਥ ਲਹੂ-ਲੁਹਾਨ ਹੋ ਗਏ। ਇਸੇ ਹੀ ਹਾਲਤ ਵਿੱਚ ਸੀ.ਆਰ.ਪੀ. ਆਪ ਦੇ ਪਿੱਛੇ ਲੱਗ ਗਈ। ਆਪ ਦੋਵੇਂ ਜਣੇ ਇਕੱਠੇ ਭੱਜਦੇ ਹੋਏ ਇੱਕ ਪਿੰਡ ਵਿੱਚ ਵੜ ਕੇ ਨਿੱਖੜ ਗਏ ਅਤੇ ਦੋ ਅੱਡੋ-ਅੱਡ ਘਰਾਂ ਅੰਦਰ ਜਾ ਵੜੇ। ਜਾਗੋ ਜਿਸ ਘਰ ਵੜਿਆ, ਓਥੇ ਲੋਹੇ ਦਾ ਗੇਟ ਸੀ। ਉਹ ਗੇਟ ਖੜਕਣ ਕਾਰਨ ਉਸ ਘਰ ਦੀ ਨਿਸ਼ਾਨਦੇਹੀ ਕਰਕੇ ਸੀ.ਆਰ.ਪੀ. ਉਸ ਘਰ ਜਾ ਵੜੀ ਤੇ ਜਾਗੋ ਉਹਨਾਂ ਦੇ ਕਾਬੂ ਆ ਗਿਆ। ਭਾਈ ਗੁਰਨਾਮ ਸਿੰਘ ਬਚ ਨਿਕਲੇ।

ਭਾਈ ਦਵਿੰਦਰ ਸਿੰਘ ਜਾਗੋ ਨੂੰ ਬਹੁਤ ਟਾਰਚਰ ਕੀਤਾ ਗਿਆ ਤੇ ਬਚ ਨਿਕਲੇ ਨਾਲ ਦੇ ਸਾਥੀ ਦਾ ਨਾਂ-ਪਤਾ ਪੁੱਛਿਆ ਜਾਂਦਾ ਰਿਹਾ, ਪਰ ਉਸ ਨੇ ਇਹ ਦੱਸਿਆ ਕਿ ਮੇਰੇ ਨਾਲ ਅਵਤਾਰ ਸਿੰਘ ਰੂਪੋਵਾਲ ਸੀ, ਉਸ ਤੋਂ ਮੈਂ ਪੈਸੇ ਲੈਣੇ ਸੀ, ਇਸ ਲਈ ਉਸ ਨੇ ਮੈਨੂੰ ਨਾਲ ਸਕੂਟਰ 'ਤੇ ਬਿਠਾਇਆ ਸੀ। ਜਾਗੋ 'ਤੇ ਕਾਫ਼ੀ ਤਸ਼ੱਦਦ ਮਗਰੋਂ ਕੇਸ ਪਾ ਕੇ ਜੇਲ੍ਹ ਭੇਜ ਦਿੱਤਾ ਗਿਆ।

ਇਲਾਕੇ ਦੇ ਲੋਕਾਂ ਅਨੁਸਾਰ ਜੇ ਉਹ ਦੱਸ ਦਿੰਦਾ ਕਿ ਨਾਲ ਦਾ ਸਾਥੀ ਭਾਈ ਗੁਰਨਾਮ ਸਿੰਘ ਪਹਿਲਵਾਨ ਸੀ ਤਾਂ ਉਸ ਦਾ ਬਚਣਾ ਮੁਸ਼ਕਲ ਹੋ ਜਾਂਦਾ।

ਆਪ ਦੇ ਪਰਿਵਾਰ ਦਾ ਹੌਸਲਾ

ਪੁਲੀਸ ਆਪ ਦੇ ਪਰਿਵਾਰ 'ਤੇ ਵੀ ਕਹਿਰਾਂ ਦਾ ਤਸ਼ੱਦਦ ਕਰ ਰਹੀ ਸੀ। ਆਪ ਦੇ ਘਰ ਜਾਬਰ ਫ਼ੋਰਸਾਂ ਨਿੱਤ ਦਿਨ ਹੀ ਆ ਕੇ ਖੌਰੂ ਪਾਉਂਦੀਆਂ ਰਹਿੰਦੀਆਂ। ਆਪ ਦੀ ਬਿਰਧ ਮਾਤਾ ਜਿਸ ਦੀਆਂ ਅੱਖਾਂ ਦੀ ਜੋਤ ਘਟ ਚੁੱਕੀ ਸੀ, ਨੂੰ ਘਰ ਵਿੱਚ ਛੱਡ ਕੇ ਬਾਕੀ ਸਾਰਾ ਪਰਿਵਾਰ ਆਸੇ-ਪਾਸੇ ਰਹਿਣ ਲੱਗਾ। ਆਪ ਦੇ ਮਾਤਾ-ਪਿਤਾ ਬਹੁਤ ਦਲੇਰ ਸਨ। ਇੱਕ ਵਾਰ ਖੌਰੂ ਪਾਉਂਦੀ ਇੱਕ ਪੁਲੀਸ ਪਾਰਟੀ ਆਪ ਦੇ ਘਰ ਆਈ। ਥਾਣੇਦਾਰ ਨੇ ਆਉਂਦਿਆਂ ਹੀ ਪੁਲਸੀਆ ਸਟਾਈਲ ਵਿੱਚ ਘਰ ਬੈਠੀ ਬਿਰਧ ਮਾਤਾ ਨੂੰ ਦਬਕਾ ਮਾਰਿਆ:

"ਕਿਉਂ ਬੁੜ੍ਹੀਏ! ਕਿੱਥੇ ਆ ਗੁਰਨਾਮ....?"

"ਉਹ ਤੁਹਾਨੂੰ ਪਤਾ ਹੋਊ...।" ਦਲੇਰ ਮਾਤਾ ਨੇ ਅੱਗੋਂ ਬੇਪਰਵਾਹੀ ਵਿੱਚ ਜਵਾਬ ਦਿੱਤਾ।

"....ਕਿਉਂ, ਨੋਟ ਤੈਨੂੰ ਲਿਆ ਕੇ ਦੇਂਦੈ ਕਿ ਮੈਨੂੰ...?" ਥਾਣੇਦਾਰ ਕਲਪ ਕੇ ਬੋਲਿਆ।

ਮਾਤਾ ਦਾ ਜਵਾਬ ਸੀ: "ਜੇ ਉਹ ਘਰ ਮੈਨੂੰ ਪੈਸੇ ਲਿਆ ਕੇ ਦੇਂਦਾ ਹੁੰਦਾ ਤਾਂ ਘਰ ਨੂੰ ਵੱਡਾ ਲੋਹੇ ਦਾ ਦਰਵਾਜ਼ਾ ਲੱਗਾ ਹੁੰਦਾ ਤੇ ਤੂੰ ਖੜਕਾ ਕੇ ਅੰਦਰ ਆਉਂਦੋਂ...।"

(ਭਾਈ ਗੁਰਨਾਮ ਸਿੰਘ ਦੇ ਘਰ ਦੇ ਬਾਹਰ ਕੋਈ ਦਰਵਾਜ਼ਾ ਨਹੀਂ ਸੀ।)

ਮਾਤਾ ਦੇ ਮੂੰਹੋਂ ਨਿਕਲੇ ਕੌੜੇ ਸੱਚ ਦੀ ਚਪੇੜ ਨੂੰ ਨਾ ਸਹਾਰਦਾ ਥਾਣੇਦਾਰ ਕਲਪ ਕੇ ਬੋਲਿਆ:

"ਚੰਗਾ ਬੁੜ੍ਹੀਏ, ਹੁਣ ਤਾਂ ਬੜਾ ਚਪੜ-ਚਪੜ ਜ਼ਬਾਨ ਚੱਲਦੀ ਆ ਨਾ !....ਪਤਾ ਲੱਗੂ ਜਦੋਂ ਉਹਦੀ (ਗੁਰਨਾਮ ਸਿੰਘ ਦੀ) ਲਾਸ਼ ਇਸੇ ਰਾਹ ਥਾਣੀਂ ਵਿਹੜੇ 'ਚ ਆਈ...।"

ਇਹ ਸੁਣ ਕੇ ਮਾਤਾ ਰੋਹ ਵਿੱਚ ਆ ਗਈ, ਫਿਰ ਸ਼ੀਹਣੀ ਵਾਂਗ ਗਰਜ ਕੇ ਕਹਿਣ ਲੱਗੀ: "ਪੁੱਤ ਜੇ ਆਹ ਗੱਲ ਆਖੀ ਊ ਤਾਂ ਹੁਣ ਕਿਤੇ ਮੁੱਕਰ ਨਾ ਜਾਈਂ.....ਮੇਰੇ ਇੱਕ ਪੁੱਤ ਦੀ ਤੁਸਾਂ ਲਾਸ਼ ਨਹੀਂ ਸੀ ਦਿੱਤੀ...।"

(ਮਾਤਾ ਦੀ ਰਿਸ਼ਤੇਦਾਰੀ 'ਚੋਂ ਇੱਕ ਹੋਰ ਗੱਭਰੂ ਸ਼ਹੀਦ ਹੋਇਆ ਸੀ, ਜਿਸ ਦੀ ਪੁਲੀਸ ਨੇ ਲਾਸ਼ ਨਹੀਂ ਸੀ ਦਿੱਤੀ।)

ਇਹ ਕੌੜਾ ਸੱਚ ਪੁਲਸੀਆਂ ਨੂੰ ਬੜਾ ਚੁਭਿਆ। ਉਹ ਮਾਤਾ ਨਾਲ ਹੋਰ ਸੰਵਾਦ ਨਾ ਰਚਾ ਸਕੇ ਤੇ ਖਿਝਦੇ ਕਲਪਦੇ, ਗਾਲ੍ਹਾਂ ਕੱਢਦੇ ਤੇ ਘਰ ਦੇ ਸਮਾਨ ਦੀ ਭੰਨ-ਤੋੜ ਕਰਦੇ ਵਾਪਸ ਚਲੇ ਗਏ।

ਇਸੇ ਹੀ ਤਰ੍ਹਾਂ ਇੱਕ ਵਾਰ ਭਾਈ ਗੁਰਨਾਮ ਸਿੰਘ ਦੇ ਪਿਤਾ ਜੀ ਨੂੰ ਟਾਰਚਰ ਕਰ ਰਹੇ ਥਾਣੇਦਾਰ ਨੇ ਕਿਹਾ:

"ਬਾਪੂ! ਜਦੋਂ ਕਾਬੂ ਆ ਗਿਆ ਨਾ ਗੁਰਨਾਮ, ਮੈਂ ਪੰਜਾਹ ਗੋਲ਼ੀਆਂ ਮਾਰੂੰ...ਘੱਟ ਨ੍ਹੀਂ...।"

ਬਾਪੂ ਦਾ ਜਵਾਬ ਸੀ, "ਕੀ ਪਤੈ ਤੁਸੀਂ ਓਹਨੂੰ ਮਾਰਨੀਐਂ ਕਿ ਓਹਨੇ ਤੁਹਾਨੂੰ...।"

ਇਹ ਸੁਣ ਕੇ ਥਾਣੇਦਾਰ ਏਨਾ ਕਲਪਿਆ ਕਿ ਉਸ ਨੇ ਪੇਚਕਸ ਸਿੱਧਾ ਹੀ ਮਾਰ ਕੇ ਬਾਪੂ ਦਾ ਸਿਰ ਪਾੜ ਦਿੱਤਾ।

ਚੜ੍ਹਦੀ ਕਲਾ

ਪਰਿਵਾਰ ਉੱਪਰ ਕਹਿਰੀ ਤਸ਼ੱਦਦ ਭਾਈ ਗੁਰਨਾਮ ਸਿੰਘ ਦਾ ਰਾਹ ਨਾ ਰੋਕ ਸਕਿਆ। ਉਹ ਅਜਿਹੇ ਬੁੱਚੜਾਂ ਨੂੰ ਚੁਣ-ਚੁਣ ਕੇ ਸੋਧਦੇ ਰਹੇ।

ਬਟਾਲ਼ੇ ਦੇ ਸਦਰ ਥਾਣੇ ਦਾ ਇੱਕ ਹੌਲਦਾਰ ਜੋ ਸਿੱਖ ਨੌਜੁਆਨਾਂ 'ਤੇ ਵਹਿਸ਼ੀ ਤਸ਼ੱਦਦ ਕਰਨ ਵਜੋਂ ਮਸ਼ਹੂਰ ਸੀ, ਉਸ ਨੂੰ ਸੋਧਣ ਲਈ ਭਾਈ ਗੁਰਨਾਮ ਸਿੰਘ ਇੱਕ ਦਿਨ ਬਟਾਲ਼ੇ ਦੀਆਂ ਸੜਕਾਂ 'ਤੇ ਨਿਕਲ਼ੇ। ਥਾਣਾ ਸਦਰ ਬਟਾਲ਼ਾ ਦੇ ਐਨ ਸਾਮ੍ਹਣੇ ਉਸ ਹੌਲਦਾਰ ਉੱਪਰ ਆਪ ਦੇ ਸਾਥੀ ਨੇ ਗੋਲ਼ੀ ਚਲਾਈ ਤਾਂ ਨਿਸ਼ਾਨਾ ਖੁੰਝ ਗਿਆ। ਇਹ ਵੇਖ ਕੇ ਭਾਈ ਗੁਰਨਾਮ ਸਿੰਘ ਨੇ ਆਪਣੇ ਮਾਊਜ਼ਰ ਨੂੰ ਡੱਬ 'ਚੋਂ ਕੱਢਿਆ ਤੇ ਪਿੱਛੇ ਭੱਜ ਕੇ ਥਾਣੇ ਦੇ ਐਨ ਬੂਹੇ ਸਾਮ੍ਹਣੇ ਗੋਲ਼ੀ ਮਾਰ ਕੇ ਹੌਲਦਾਰ ਨੂੰ ਢੇਰੀ ਕਰ ਦਿੱਤਾ। ਫਿਰ ਆਪ ਉੱਥੋਂ ਸਹੀ ਸਲਾਮਤ ਬਚ ਨਿਕਲ਼ੇ।

ਬੱਬਰ ਖ਼ਾਲਸਾ ਜਥੇਬੰਦੀ ਜਦੋਂ ਪੰਜਾਬ ਦੇ ਤਿੰਨ ਜ਼ੋਨਾਂ ਵਿੱਚ ਵੰਡੀ ਗਈ ਤਾਂ ਆਪ ਨੂੰ ਮਾਝਾ ਜ਼ੋਨ ਦਾ ਮੁਖੀ ਬਣਾਇਆ ਗਿਆ। ਇਸ ਦੇ ਬਾਵਜੂਦ ਆਪ ਹਰ ਕੰਮ ਹੱਥੀਂ ਕਰਨ ਨੂੰ ਹੀ ਤਰਜੀਹ ਦਿੰਦੇ ਸਨ। ਆਪ ਦਲੇਰ ਤੇ ਨਿਰਭੈ ਏਨੇ ਸਨ ਕਿ ਨਾਕਿਆਂ 'ਤੇ ਚੈਕਿੰਗ ਪਿੱਛੋਂ ਅਰਾਮ ਨਾਲ਼ ਲੰਘ ਜਾਂਦੇ ਸਨ ਤੇ ਕਿਸੇ ਨੂੰ ਸ਼ੱਕ ਹੀ ਨਹੀਂ ਸੀ ਪੈਂਦਾ। ਕਈ ਵਾਰ ਨਾਕੇ 'ਤੇ ਜਾਣ-ਬੁੱਝ ਕੇ ਕਾਰ ਰੋਕ ਲੈਂਦੇ ਤੇ ਨਾਲ਼ ਦੇ ਸਾਥੀ ਨੂੰ ਕਹਿੰਦੇ, 'ਲੈ ਤੂੰ ਚਲਾ ਲਾ, ਬਹੁਤਾ ਚਾਅ ਈ ਤੇ...।' ਪੁਲੀਸ ਨੂੰ ਸ਼ੱਕ ਵੀ ਨਾ ਪੈਂਦਾ ਤੇ ਉਹ ਨਿਕਲ਼ ਜਾਂਦੇ।

ਬਟਾਲ਼ੇ ਦੇ ਬੱਬਰਾਂ ਨੇ ਇੱਕ ਲੰਮੀ ਸੋਚ ਵਿਚਾਰ ਪਿੱਛੋਂ ਭਾਈ ਅਨੋਖ ਸਿੰਘ ਬੱਬਰ ਦੀ ਅਗਵਾਈ ਵਿੱਚ ਸ਼ਹੀਦਾਂ ਦੇ ਬੱਚਿਆਂ ਦੀ ਪੜ੍ਹਾਈ ਲਈ ਜਲੰਧਰ ਰੋਡ ਬਟਾਲ਼ਾ ਵਿਖੇ ਗੁਰੂ ਨਾਨਕ ਅਕੈਡਮੀ ਦੀ ਨੀਂਹ ਰੱਖੀ ਤੇ ਸੇਵਾ ਬਾਬਾ ਬਲਕਾਰ ਸਿੰਘ ਨੂੰ ਸੰਭਾਲ ਦਿੱਤੀ। ਓਥੇ ਹੀ ਇੱਕ ਪਰਿਵਾਰ ਨੇ ਆਪ ਲਈ ਲੜਕੀ ਦਾ ਰਿਸ਼ਤਾ ਪੇਸ਼ ਕੀਤਾ। ਸਾਥੀਆਂ ਨੇ ਵੀ ਜ਼ੋਰ ਪਾਇਆ, ਪਰ ਭਾਈ ਗੁਰਨਾਮ ਸਿੰਘ ਨੇ ਨਾਂਹ ਕਰ ਦਿੱਤੀ। ਜਦੋਂ ਸਾਰਿਆਂ ਨੇ ਮਿਲ਼ ਕੇ ਵਧੇਰੇ ਜ਼ੋਰ ਪਾਇਆ ਤਾਂ ਭਾਈ ਗੁਰਨਾਮ ਸਿੰਘ ਗੰਭੀਰ ਹੋ ਕੇ ਕਹਿਣ ਲੱਗੇ:

"ਬਾਗ਼ੀ ਦੀ ਜ਼ਿੰਦਗੀ ਬਹੁਤ ਘੱਟ ਹੁੰਦੀ ਆ....ਮੈਂ ਵਿਆਹ ਕਰਵਾ ਕੇ ਕੱਲ੍ਹ ਨੂੰ ਸ਼ਹੀਦ ਹੋ ਜਾਵਾਂ ਤੇ ਕੋਈ ਬੇਗਾਨੀ ਧੀ ਏਨਾ ਲੰਮਾ ਇਕਲਾਪਾ ਕਿਵੇਂ ਕੱਟੂ? ਜੇ ਕੱਟੇ ਵੀ ਤਾਂ ਵੀ ਲੋਕੀਂ ਐਵੇਂ ਊਜਾਂ ਲਾਉਣੋਂ ਨ੍ਹੀਂ ਹਟਦੇ.... ਕੋਈ ਉਂਗਲ਼ ਚੁੱਕੂ...ਜਰ ਲਓਗੇ..?"

ਇਹ ਭਾਈ ਗੁਰਨਾਮ ਸਿੰਘ ਜੀ ਦੀ ਸੋਚ ਸੀ, ਪਰ ਕਿਸੇ ਕੋਲ਼ ਇਸ ਸਵਾਲ ਦਾ ਜਵਾਬ ਨਹੀਂ ਸੀ। ਸੋ ਭਾਈ ਗੁਰਨਾਮ ਸਿੰਘ ਨੇ ਵਿਆਹ ਨਾ ਕਰਵਾਇਆ।

ਆਪ ਦਾ ਇੱਕ ਸਾਥੀ ਪੁਲੀਸ ਦੇ ਕਾਬੂ ਆਉਣ ਤੋਂ ਬਾਅਦ ਵਹਿਸ਼ੀ ਤਸ਼ੱਦਦ ਨਾ ਸਹਾਰਦਾ ਹੋਇਆ ਚਾਲੂ ਹੋ ਗਿਆ ਤੇ ਉਸ ਨੇ ਜਥੇਬੰਦੀ ਦਾ ਨੁਕਸਾਨ ਕਰਵਾਉਣਾ ਅਰੰਭ ਕਰ ਦਿੱਤਾ। ਕਾਫ਼ੀ ਅਸਲਾ, ਪੈਸਾ ਤੇ ਕਈ ਟਿਕਾਣੇ ਫੜੇ ਗਏ, ਪਰ ਇਸ ਹਾਲਤ ਵਿੱਚ ਵੀ ਇਹਨਾਂ ਨੇ ਹੌਸਲਾ ਨਾ ਹਾਰਿਆ ਤੇ ਸੰਘਰਸ਼ ਜਾਰੀ ਰੱਖਿਆ।

ਗ੍ਰਿਫ਼ਤਾਰੀ

10 ਦਸੰਬਰ 1988 ਨੂੰ ਭਾਈ ਗੁਰਨਾਮ ਸਿੰਘ ਪਹਿਲਵਾਨ ਇਕੱਲੇ ਹੀ ਬਟਾਲੇ ਦੇ ਸ੍ਰੀ ਹਰਿਗੋਬਿੰਦਪੁਰ ਰੋਡ ਵਿਖੇ ਇੱਕ ਬਹਿਕ 'ਤੇ ਠਹਿਰੇ ਹੋਏ ਸਨ। ਰਾਤ ਉਹਨਾਂ ਨੇ ਬੰਬੀ 'ਤੇ ਸੌਂ ਕੇ ਹੀ ਗੁਜ਼ਾਰੀ। ਸਵੇਰੇ ਉੱਠ ਕੇ ਉਹ ਬੰਬੀ 'ਤੇ ਦਾਤਣ ਕਰ ਰਹੇ ਸਨ, ਜਦੋਂ ਪੁਲੀਸ ਨੇ ਘਰ ਨੂੰ ਚਾਰ-ਚੁਫੇਰੇ ਘੇਰਾ ਪਾ ਲਿਆ।

ਘਰ ਵਿੱਚ ਇਸ ਵੇਲ਼ੇ ਸਾਰੀਆਂ ਬੀਬੀਆਂ ਹੀ ਸਨ, ਇਸ ਲਈ ਪੁਲੀਸ ਨੇ ਆਉਂਦਿਆਂ ਹੀ ਬੰਬੀ ਤੋਂ ਭਾਈ ਗੁਰਨਾਮ ਸਿੰਘ ਨੂੰ ਕਾਬੂ ਕਰ ਲਿਆ। ਆਪ ਦੇ ਗਲ਼ ਇਸ ਵੇਲ਼ੇ ਬਨੈਣ, ਕਛਹਿਰਾ, ਗਾਤਰਾ ਤੇ ਸਿਰ 'ਤੇ ਪਰਨਾ ਸੀ। ਪੁਲੀਸ ਨੇ ਆਪ ਦਾ ਨਾਂ ਪੁੱਛਿਆ। ਆਪ ਸਮਝ ਗਏ ਕਿ ਭਾਣਾ ਵਰਤ ਗਿਆ ਹੈ। ਇਸ ਹਾਲਤ ਵਿੱਚ ਵੀ ਮੂੰਹ 'ਤੇ ਸ਼ਿਕਨ ਦਾ ਕੋਈ ਨਿਸ਼ਾਨ ਲਿਆਏ ਬਿਨਾਂ ਆਪ ਨੇ ਪੂਰੀ ਜ਼ਿੰਦਾ-ਦਿਲੀ ਨਾਲ਼ ਮੁਸਕਰਾ ਕੇ ਇਹ ਸ਼ਬਦ ਕਹੇ:

"ਤੁਹਾਡੇ ਪੈਰ ਹੇਠ ਬਟੇਰਾ ਆ ਗਿਐ....ਮੈਂ ਭਲਵਾਨ ਆਂ...।"

ਆਪ ਨੂੰ ਬਟਾਲ਼ੇ ਦੇ ਬਦਨਾਮ ਇੰਟੈਰੋਗੇਸ਼ਨ ਸੈਂਟਰ ਬੀਕੋ ਵਿੱਚ ਲਿਜਾਇਆ ਗਿਆ। ਆਪ 'ਤੇ ਅਥਾਹ ਤਸ਼ੱਦਦ ਕੀਤਾ ਗਿਆ, ਪਰ ਆਪ ਨੇ ਆਪਣੀ ਜਥੇਬੰਦੀ ਦਾ ਕੋਈ ਭੇਤ ਨਾ ਦਿੱਤਾ। ਆਪ ਦੀ ਹੀ ਜਥੇਬੰਦੀ ਦਾ ਤਸ਼ੱਦਦ ਕਾਰਨ ਚਾਲੂ ਹੋਇਆ ਸਾਥੀ ਆਪ ਦੇ ਸਾਮ੍ਹਣੇ ਹੀ ਸਭ ਕੁਝ ਦੱਸੀ ਜਾਂਦਾ, ਪਰ ਆਪ ਨੇ ਜ਼ੁਬਾਨ ਨਾ ਖੋਲ੍ਹੀ, ਸਗੋਂ ਕਈ ਵਾਰ ਓਥੇ ਹੀ ਉਸ ਦਾ ਘੋਗਾ ਚਿੱਤ ਕਰਨ ਦਾ ਯਤਨ ਵੀ ਕੀਤਾ, ਪਰ ਸਫਲ ਨਾ ਹੋਏ।

ਆਪ ਦੇ ਕਈ ਸਾਥੀ ਵੀ ਆਪ ਦੇ ਨਾਲ਼ ਹੀ ਓਥੇ ਬੰਦ ਸਨ। ਆਪ ਰੋਜ਼ਾਨਾ ਖ਼ੁਦ ਨਿੱਤਨੇਮ ਕਰਦੇ ਸਨ ਤੇ ਆਪ ਦੇ ਸਾਥੀ ਸੁਣਦੇ ਸਨ। ਜਦੋਂ ਵੀ ਆਪ ਦੀ ਜਥੇਬੰਦੀ ਦਾ ਕੋਈ ਸਿੰਘ ਜਾਂ ਠਾਹਰ ਵਾਲ਼ਾ ਸਹਿਯੋਗੀ ਫੜ ਕੇ ਲਿਆਂਦਾ ਜਾਂਦਾ ਤਾਂ ਭਾਈ ਪਹਿਲਵਾਨ ਨੂੰ ਵੀ ਬਰਾਬਰ ਟਾਰਚਰ ਕੀਤਾ ਜਾਂਦਾ ਸੀ।

ਸ਼ਹੀਦੀ

21 ਜਨਵਰੀ 1989 ਦੀ ਰਾਤ ਨੂੰ ਇੱਕ ਕਾਰ ਸੇਵਾ ਵਾਲੇ ਬਾਬਿਆਂ ਦਾ ਚੇਲਾ ਫੜ ਕੇ ਲਿਆਂਦਾ ਗਿਆ, ਜਿਸ ਨੂੰ ਟਾਰਚਰ ਕੀਤਾ ਜਾ ਰਿਹਾ ਸੀ। ਉਸ ਦਿਨ ਸਾਰੇ ਹਵਾਲ਼ਾਤੀਆਂ ਨੂੰ ਸਮੇਂ ਤੋਂ ਪਹਿਲਾਂ ਹੀ ਰੋਟੀ ਖੁਆ ਦਿੱਤੀ ਗਈ ਸੀ। ਰਹਰਾਸਿ ਦਾ ਸਮਾਂ ਹੋਇਆ ਤਾਂ ਭਾਈ ਗੁਰਨਾਮ ਸਿੰਘ ਪਹਿਲਵਾਨ ਕਹਿਣ ਲੱਗੇ- "ਅੱਜ ਸਾਰੇ ਆਪੋ-ਆਪਣਾ ਨਿੱਤਨੇਮ ਖ਼ੁਦ ਕਰ ਲਓ, ਕਿਉਂਕਿ ਪਤਾ ਨਹੀਂ ਮੈਨੂੰ ਕਿਹੜੇ ਵੇਲ਼ੇ ਕੱਢ ਲੈਣ...।"

ਸਾਰਿਆਂ ਨੇ ਆਪੋ-ਆਪਣੀ ਰਹਰਾਸਿ ਕੀਤੀ। ਅਰਦਾਸ ਕਰਨ ਲੱਗੇ ਤਾਂ ਬੁੱਚੜਾਂ ਦੇ ਦੂਤ ਆ ਪਹੁੰਚੇ। ਭਾਈ ਗੁਰਨਾਮ ਸਿੰਘ ਨੂੰ ਹਵਾਲਾਤ 'ਚੋਂ ਬਾਹਰ ਕੱਢ ਲਿਆ ਗਿਆ।

ਸਾਥੀਆਂ ਨੇ ਆਪ ਨੂੰ ਇੱਕ ਕੰਬਲ ਅਤੇ ਇੱਕ ਕਾਲੇ ਰੰਗ ਦੀ ਕੋਸਕੀ ਦਿੱਤੀ, ਕਿਉਂਕਿ ਇੰਟੈਰੋਗੇਸ਼ਨ ਵੇਲੇ ਹੇਠਾਂ ਫ਼ਰਸ਼ ਠਰੀ ਹੋਈ ਹੁੰਦੀ ਸੀ, ਪਰ ਅੱਜ ਭਾਈ ਗੁਰਨਾਮ ਸਿੰਘ ਦੇ ਦੋਹਾਂ ਹੱਥਾਂ ਨੂੰ ਹਥਕੜੀ ਲਾ ਦਿੱਤੀ ਗਈ, ਪੂਰਾ ਮੂੰਹ ਵੀ ਢੱਕ ਦਿੱਤਾ ਗਿਆ ਤੇ ਥਾਣੇਦਾਰ ਹਰਭਜਨ ਸਿਹੁੰ ਦੀ ਅਗਵਾਈ 'ਚ ਪੁਲੀਸ ਪਾਰਟੀ ਇਸ ਸਿਰੜੀ ਜੋਧੇ ਭਾਈ ਗੁਰਨਾਮ ਸਿੰਘ ਪਹਿਲਵਾਨ ਨੂੰ ਅਣਦੱਸੀ ਥਾਂ ਵੱਲ ਲੈ ਤੁਰੀ।

ਹਵਾਲਾਤ ਵਿਚਲੇ ਸਾਥੀ ਬੇਚੈਨ ਹੋ ਗਏ। ਹਵਾਲਾਤ ਦੇ ਐਨ ਨਾਲ ਦਾ ਕਮਰਾ ਵਾਇਰਲੈੱਸ ਵਾਲਾ ਸੀ, ਜਿੱਥੇ ਮਿੰਟ-ਮਿੰਟ ਬਾਅਦ ਜਾਂਗਲੇ ਦੇ ਪੁਲ 'ਤੇ ਹੋ ਰਹੇ ਮੁਕਾਬਲੇ ਦਾ ਵੇਰਵਾ ਆ ਰਿਹਾ ਸੀ। ਸਵੇਰੇ ਤੜਕੇ ਇੱਕ ਸਿੱਖ ਪੁਲੀਸ ਮੁਲਾਜ਼ਮ ਨੇ ਆ ਕੇ ਖ਼ਬਰ ਦਿੱਤੀ:

"ਜਵਾਨੋਂ ਰਾਤੀਂ ਤੁਹਾਡਾ ਪਹਿਲਵਾਨ ਸ਼ਹੀਦ ਹੋ ਗਿਐ ਬਈ...।"

ਸਾਥੀਆਂ 'ਤੇ ਇਹ ਖ਼ਬਰ ਬਿਜਲੀ ਵਾਂਗ ਡਿੱਗੀ। ਆਪ ਦੇ ਸਾਥੀ ਬਾਬਾ ਗੁਰਮੇਜ ਸਿੰਘ (ਸਿਪਾਹੀ) ਨੇ ਹੌਸਲਾ ਕਰ ਕੇ ਪੁੱਛਿਆ:

"ਸ਼ਹੀਦ ਹੋਣ ਵੇਲੇ ਉਹ ਕੁਝ ਬੋਲਿਆ ਵੀ ਸੀ...?"

ਉਸ ਮੁਲਾਜ਼ਮ ਨੇ ਦੱਸਿਆ:

"ਉਹਨੂੰ ਤੇ ਸੁੱਖੇ (ਸੁਖਦੇਵ ਸਿੰਘ ਸੁੱਖਾ ਪਿੰਡ ਮੰਗੀਆਂ) ਦੋਹਾਂ ਨੂੰ ਮਾਰਿਐ....ਜਦੋਂ ਗੋਲ਼ੀ ਮਾਰੀ ਤਾਂ ਓਹਦੀ ਛਾਤੀ 'ਚ ਪਾਸੇ 'ਤੇ ਵੱਜੀ....ਪਹਿਲਵਾਨ ਡਰਿਆ ਨ੍ਹੀਂ, ਸਗੋਂ ਅੱਗੋਂ ਆਂਹਦਾ.... 'ਓਏ ਸਿਰ 'ਚ ਮਾਰੋ ਸਿਰ 'ਚ'....ਫਿਰ ਸਿਰ 'ਚ ਗੋਲ਼ੀ ਮਾਰੀ ਗਈ....।"

ਹਵਾਲਾਤ ਵਿੱਚ ਇਹ ਸ਼ਹੀਦੀ ਦੀ ਖ਼ਬਰ ਸੁਣ ਕੇ ਚੁੱਪ ਵਰਤ ਗਈ। ਪੁਲੀਸ ਵੱਲੋਂ ਭਾਈ ਗੁਰਨਾਮ ਸਿੰਘ ਪਹਿਲਵਾਨ ਦੀ ਮਾਂ ਨਾਲ ਕੀਤਾ ਵਾਅਦਾ ਫਿਰ ਨਾ ਨਿਭਾਇਆ ਗਿਆ। ਭਾਈ ਸੁੱਖਾ ਦਾ ਤਾਂ ਮੁਕਾਬਲਾ ਵੀ ਸ਼ੋਅ ਕਰ ਦਿੱਤਾ ਗਿਆ, ਪਰ ਭਾਈ ਗੁਰਨਾਮ ਸਿੰਘ ਪਹਿਲਵਾਨ ਦਾ ਮੁਕਾਬਲਾ ਵੀ ਸ਼ੋਅ ਨਾ ਕੀਤਾ ਗਿਆ।

ਭਾਈ ਗੁਰਨਾਮ ਸਿੰਘ ਪਹਿਲਵਾਨ ਨੇ ਤਾਂ ਪਹਿਲਾਂ ਹੀ ਪਰਿਵਾਰ ਨੂੰ ਇਹ ਕੌੜਾ ਸੱਚ ਆਉਣ ਵਾਲੇ ਸਮੇਂ ਲਈ ਸਮਝਾ ਛੱਡਿਆ ਸੀ। ਸੰਤ ਰਾਮ ਉਦਾਸੀ ਦੀਆਂ ਲਿਖੀਆਂ ਸਤਰਾਂ ਇਸ ਸ਼ਹਾਦਤ 'ਤੇ ਪੂਰੀ ਤਰ੍ਹਾਂ ਢੁਕਦੀਆਂ ਹਨ:

ਮਾਂਏ ਮੇਰਿਆਂ ਸਵਾਸਾਂ ਦਾ ਅੰਤ ਹੋਣੈਂ, ਕਿਸੇ ਨਹਿਰ ਜਾਂ ਕਿਸੇ ਡਰੇਨ ਦਾ ਪੁਲ਼
ਮਾਂਏ ਮੇਰੀਏ ਕੀ ਮੁਕਾਬਲਾ ਸੀ, ਸੱਤ੍ਹਰ ਬੋਕ ਤੇ 'ਕੱਲਾ ਸਰ੍ਹੋਂ ਦਾ ਫੁੱਲ।

* * * * *

ਇੱਕ ਵਿਸ਼ਾਲ ਜੁਝਾਰੂ ਗਰੁੱਪ ਦਾ ਜਰਨੈਲ

ਸ਼ਹੀਦ ਭਾਈ ਧਰਮ ਸਿੰਘ ਬੱਬਰ ਕਾਸ਼ਤੀਵਾਲ

ਪਿਛਲੇ ਦਹਾਕਿਆਂ ਵਿੱਚ ਸਿੱਖ ਕੌਮ ਸਿਰ ਚੜ੍ਹੀ ਦਿੱਲੀ ਦੇ ਜ਼ੁਲਮ-ਜਬਰ ਦੀ ਹਨੇਰੀ ਨੂੰ ਠੱਲ੍ਹਣ ਲਈ ਹਜ਼ਾਰਾਂ ਲੱਖਾਂ ਗੁਰੂ ਕੇ ਲਾਲਾਂ ਨੇ ਆਪਣੇ ਸਿਰ ਅਰਪਣ ਕੀਤੇ ਹਨ। ਭਾਈ ਧਰਮ ਸਿੰਘ ਕਾਸ਼ਤੀਵਾਲ ਵੀ ਚੜ੍ਹਦੀ ਉਮਰੇ ਹੀ ਪਤੰਗੇ ਵਾਂਗ ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਦੀ ਸਖਸ਼ੀਅਤ ਅਤੇ ਵਿਚਾਰਾਂ ਵੱਲ ਖਿੱਚੇ ਗਏ ਸਨ। ਉਹ ਤਨੋਂ ਮਨੋਂ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਵੱਲੋਂ ਅਰੰਭੀ ਸਿੱਖ ਹੱਕਾਂ ਦੀ ਜੱਦੋ-ਜਹਿਦ ਨੂੰ ਸਮਰਪਿਤ ਹੋ ਗਏ। ਆਪ ਦੇ ਪਰਿਵਾਰਕ ਮੈਂਬਰਾਂ ਦੇ ਦੱਸਣ ਮੁਤਾਬਿਕ ਆਪ ਬਚਪਨ ਵਿੱਚ ਹੀ ਅਰਦਾਸ ਕਰਿਆ ਕਰਦੇ ਸਨ ਕਿ ਮੈਨੂੰ ਕਿਤੋਂ ਪਿਸਤੌਲ ਲੱਭ ਜਾਵੇ।

ਸੰਨ 1980 ਵਿੱਚ ਹੀ ਗਿਆਰਵੀਂ ਕਲਾਸ ਕਰ ਕੇ ਆਪ ਮਾਰਕਫੈਡ ਵਿੱਚ ਨੌਕਰੀ ਕਰ ਰਹੇ ਸਨ ਕਿ ਆਪ ਸੰਤ ਜਰਨੈਲ ਸਿੰਘ ਜੀ ਭਿੰਡਰਾਂਵਾਲਿਆਂ ਦੇ ਸੰਪਰਕ ਵਿੱਚ ਆ ਗਏ। ਆਪਣੇ ਬਚਪਨ ਦੇ ਦੋਸਤਾਂ ਜਸਬੀਰ ਸਿੰਘ ਬਿੱਟੂ ਅਤੇ ਅਜੀਤ ਸਿੰਘ ਪ੍ਰਧਾਨ ਦੇ ਨਾਲ਼ ਆਪ ਦਾ ਸੰਤਾਂ ਕੋਲ ਆਉਣ ਜਾਣ ਸ਼ੁਰੂ ਹੋ ਗਿਆ। ਇਸ ਤੋਂ ਪਹਿਲਾਂ ਆਪ ਮੋਨੇ ਸਨ, ਪਰ ਸੰਤਾਂ ਨਾਲ਼ ਮੇਲ ਹੁੰਦੇ ਹੀ ਅੰਮ੍ਰਿਤਧਾਰੀ ਹੋ ਗਏ। ਜਦੋਂ ਆਪ ਅਤੇ ਆਪ ਦਾ ਦੋਸਤ ਜਸਬੀਰ ਸਿੰਘ ਬਿੱਟੂ ਚੋਲੇ ਪਾ ਕੇ ਪਿੰਡ ਆਏ ਤਾਂ ਕਈਆਂ ਨੇ ਮਖੌਲ ਸਮਝਿਆ, ਪਰ ਯਕੀਨ ਹੋ ਜਾਣ ਪਿੱਛੋਂ ਪਿੰਡ ਵਿੱਚ ਸਾਰੇ ਆਪ ਨੂੰ 'ਬਾਬਾ' ਕਹਿਣ ਲੱਗ ਪਏ। ਆਪ ਨੇ ਕੁੱਲ ਛੇ ਮਹੀਨੇ ਹੀ ਮਾਰਕਫੈਡ ਵਿੱਚ ਡਿਊਟੀ ਕੀਤੀ। ਓਥੋਂ ਹੀ ਆਪ ਸ੍ਰੀ ਦਰਬਾਰ ਸਾਹਿਬ ਚਲੇ ਜਾਂਦੇ ਸਨ।

ਅਰੰਭਲੇ ਦਿਨਾਂ ਵਿੱਚ ਆਪ ਨੇ ਕਾਦੀਆਂ ਵਿਖੇ ਇੱਕ ਬੱਸ ਵਿੱਚ ਸਫ਼ਰ ਕਰ ਰਹੇ ਥਾਣੇਦਾਰ ਤੋਂ ਉਸ ਦਾ ਸਰਵਿਸ ਰਿਵਾਲਵਰ ਖੋਹ ਲਿਆ। ਇਸ ਦੀ ਇਲਾਕੇ ਵਿੱਚ ਕਾਫ਼ੀ ਚਰਚਾ ਹੋਈ। ਉਸ ਵੇਲੇ ਗੁਰਦਾਸਪੁਰ ਦੇ ਇਲਾਕੇ ਵਿੱਚ ਬਾਬਾ ਰਣਜੀਤ ਸਿੰਘ ਦਿਆਲਗੜ੍ਹ, ਬਾਬਾ ਗੁਰਮੇਜ ਸਿੰਘ ਢਿਲਵਾਂ ਤੇ ਭਾਈ ਮੱਖਣ ਸਿੰਘ ਸ਼ਿਥ ਆਦਿ ਸਿੰਘ ਹੀ ਪ੍ਰਸਿੱਧ ਹੁੰਦੇ ਸਨ। ਬਾਅਦ ਵਿੱਚ ਇਹ ਤਿੰਨੇ ਹੀ ਸਿੰਘ ਇਕੱਠੇ ਹੀ ਇੱਕ ਮੁਕਾਬਲੇ ਵਿੱਚ ਸ਼ਹੀਦ ਹੋ ਗਏ।

ਜੂਨ 1984 ਘਲੂਘਾਰੇ ਨਾਲ਼ ਭਾਈ ਧਰਮ ਸਿੰਘ ਦਾ ਆਪਾ ਝੰਜੋੜਿਆ ਗਿਆ। ਉਸ ਪਿੱਛੋਂ ਉਹ ਨਿੱਠ ਕੇ ਸਿੱਖ ਸੰਘਰਸ਼ ਵਿੱਚ ਹਿੱਸਾ ਲੈਣ ਲੱਗ ਗਏ। ਚਾਰ ਭਰਾਵਾਂ ਤੇ ਇੱਕ ਭੈਣ

ਵਿੱਚੋਂ ਸਭ ਤੋਂ ਵੱਡੇ ਭਾਈ ਧਰਮ ਸਿੰਘ ਕਾਸ਼ਤੀਵਾਲ, ਜਿਨ੍ਹਾਂ ਦੇ ਸਿਰ ਆਪਣੇ ਪਰਿਵਾਰ ਨੂੰ ਸੰਭਾਲਣ ਦੀ ਜ਼ਿੰਮੇਵਾਰੀ ਸੀ, ਉਹ ਪੰਥਕ ਪਰਿਵਾਰ ਦੀ ਸਲਾਮਤੀ ਨੂੰ ਮੁੱਖ ਰੱਖ ਕੇ ਆਪਣੇ ਨਿੱਜੀ ਪਰਿਵਾਰ ਨੂੰ ਅਲਵਿਦਾ ਕਹਿ ਕੇ ਸਿੱਖ ਸੰਘਰਸ਼ ਵਿੱਚ ਕੁੱਦ ਪਏ।

ਗੋਬਿੰਦ ਰਾਮ ਨੂੰ ਚੈਲਿੰਜ

ਬਟਾਲਾ ਖੇਤਰ, ਜੋ ਪਹਿਲਾਂ ਹਿੰਦੂ ਸ਼ਿਵ ਸੈਨਾ ਦਾ ਕੇਂਦਰ ਬਣ ਕੇ ਉੱਭਰਨ ਪਿੱਛੋਂ ਜੁਝਾਰੂ ਸਿੰਘਾਂ ਦੀਆਂ ਸਰਗਰਮੀਆਂ ਦਾ ਕੇਂਦਰ ਬਣ ਗਿਆ ਸੀ, ਹੁਣ ਉਹ ਪੁਲੀਸ ਦੇ ਦਮਨ ਚੱਕਰ ਦਾ ਵੀ ਪੂਰੇ ਪੰਜਾਬ 'ਚ ਇੱਕ ਕੇਂਦਰ ਬਣ ਕੇ ਉੱਭਰਨ ਲੱਗਾ। ਖ਼ਾਸ ਤੌਰ 'ਤੇ ਜਦੋਂ ਗੋਬਿੰਦ ਰਾਮ ਬਟਾਲੇ ਦਾ ਐਸ. ਐਸ. ਪੀ. ਲੱਗਾ ਤਾਂ ਉਸ ਨੇ ਹਿਟਲਰਸ਼ਾਹੀ ਢੰਗ ਨਾਲ ਆਲੇ ਦੁਆਲੇ ਦੇ ਪਿੰਡਾਂ ਵਿੱਚ ਖੌਰੂ ਪਾਉਣਾ ਅਰੰਭ ਦਿੱਤਾ। ਭਾਈ ਧਰਮ ਸਿੰਘ ਕਾਸ਼ਤੀਵਾਲ ਦੀਆਂ ਸਰਗਰਮੀਆਂ ਤੋਂ ਦੁਖੀ ਉਸ ਨੇ ਕਾਸ਼ਤੀਵਾਲ ਪਿੰਡ ਦੇ ਵਿੱਚ ਬਹੁਤ ਜ਼ੁਲਮ ਢਾਹੁਣਾ ਅਰੰਭ ਕਰ ਦਿੱਤਾ। ਉਹ ਪਿੰਡ ਨੂੰ ਘੇਰਾ ਪਾ ਕੇ ਸਭ ਨੂੰ ਇੱਕ ਥਾਂ ਇਕੱਠਾ ਕਰ ਲੈਂਦਾ, ਭਾਈ ਕਾਸ਼ਤੀਵਾਲ ਨੂੰ ਪੇਸ਼ ਕਰਵਾਉਣ ਦੇ ਦਬਕੇ ਮਾਰਦਾ ਪਿੰਡ ਦੇ 'ਕੱਲੇ-ਕੱਲੇ ਸ਼ਖ਼ਸ ਨੂੰ ਕੁਟਾਪਾ ਚਾੜ੍ਹਦਾ। ਇੱਕ ਵਾਰ ਉਸ ਨੇ ਭਾਈ ਧਰਮ ਸਿੰਘ ਕਾਸ਼ਤੀਵਾਲ ਦੇ ਘਰ ਨੂੰ ਢਹਿ-ਢੇਰੀ ਕਰ ਕੇ ਅੱਗ ਲਾ ਦਿੱਤੀ।

ਇੱਕ ਦਿਨ ਜਦੋਂ ਅਚਨਚੇਤ ਹੀ ਭਾਈ ਧਰਮ ਸਿੰਘ ਕਾਸ਼ਤੀਵਾਲ ਆਪਣੇ ਪਿੰਡ ਆਏ ਤਾਂ ਪਿੰਡ ਦੇ ਬਜ਼ੁਰਗਾਂ ਨੇ ਉਹਨਾਂ ਨੂੰ ਆਪਣੀ ਵਿਥਿਆ ਸੁਣਾਈ। ਇਹ ਸੁਣ ਕੇ ਭਾਈ ਸਾਹਿਬ ਨੇ ਗੋਬਿੰਦ ਰਾਮ ਦੀ ਉਹਨਾਂ ਨੂੰ ਮਿਲਣ ਦੀ ਚਿਰੋਕਣੀ ਰੀਝ ਨੂੰ ਪੂਰਾ ਕਰਨ ਦਾ ਫ਼ੈਸਲਾ ਲਿਆ। ਜਥੇਬੰਦੀ ਦੇ ਸਿੰਘਾਂ ਨਾਲ ਰਣਨੀਤੀ ਤਿਆਰ ਕਰਕੇ ਭਾਈ ਧਰਮ ਸਿੰਘ ਨੇ ਅਖ਼ਬਾਰਾਂ ਰਾਹੀਂ ਗੋਬਿੰਦ ਰਾਮ ਨੂੰ ਸ਼ਰੇਆਮ ਤਰੀਕ ਮਿਥ ਕੇ ਚੈਲੰਜ ਕਰ ਦਿੱਤਾ ਕਿ ਸਾਰਾ ਦਿਨ ਮੈਂ ਕਾਸ਼ਤੀਵਾਲ ਪਿੰਡ ਆਪਣੇ ਘਰ ਵਿੱਚ ਹੀ ਹੋਵਾਂਗਾ, ਜੇ ਤੇਰੇ ਵਿੱਚ ਮੈਨੂੰ ਮਿਲਣ ਦੀ ਤਾਂਘ ਅਤੇ ਹਿੰਮਤ ਹੈ ਤਾਂ ਆ ਕੇ ਮਿਲ ਲਈਂ।'

ਮਿਥੇ ਹੋਏ ਦਿਨ ਆਪ ਪੂਰੀ ਤਿਆਰੀ ਨਾਲ ਆਪਣੇ ਘਰ ਵਿੱਚ ਗੋਬਿੰਦ ਰਾਮ ਦੀ ਉਡੀਕ ਕਰਦੇ ਰਹੇ। ਜਦੋਂ ਉਹ ਆਉਂਦਾ ਨਾ ਦਿਸਿਆ ਤਾਂ ਆਪ ਨੇ ਲਾਊਡ ਸਪੀਕਰ ਰਾਹੀਂ ਗੋਬਿੰਦ ਰਾਮ ਨੂੰ ਲਲਕਾਰਨਾ ਅਤੇ ਭਾੜਾਂ ਪਾਉਣੀਆਂ ਅਰੰਭ ਕਰ ਦਿੱਤੀਆਂ। ਜਿਸ ਪਿੰਡ ਦੀ ਜੂਹ ਵਿੱਚ ਕਦੇ ਗੋਬਿੰਦ ਰਾਮ ਪੁਲਸੀਆ ਧਾੜਾਂ ਦੀ ਛਾਂ ਹੇਠ ਗਿੱਦੜ ਭਬਕੀਆਂ ਮਾਰਦਾ ਭਾਈ ਧਰਮ ਸਿੰਘ ਕਾਸ਼ਤੀਵਾਲ ਬਾਰੇ ਪੁੱਛਿਆ ਕਰਦਾ ਸੀ, ਉਸ ਜੂਹ ਵਿੱਚ ਅੱਜ ਸਿੰਘਾਂ ਦੇ ਲਲਕਾਰੇ ਗੂੰਜਦੇ ਹੋਏ ਬੜੀ ਬੇਸਬਰੀ ਨਾਲ ਗੋਬਿੰਦ ਰਾਮ ਅਤੇ ਉਸ ਦੇ 'ਬਹਾਦਰ' ਸਿਪਾਹੀਆਂ ਨੂੰ ਉਡੀਕ ਰਹੇ ਸਨ, ਪਰ ਨਿਹੱਥੇ ਲੋਕਾਂ ਅਤੇ ਬੀਬੀਆਂ 'ਤੇ ਅੱਤਿਆਚਾਰ ਕਰਕੇ 'ਬਹਾਦਰ' ਅਖਵਾਉਣ ਵਾਲੇ ਇਹ ਦਿੱਲੀ ਦੇ ਸੂਰਮੇ ਆਪਣੇ ਘੁਰਨਿਆਂ ਵਿੱਚ ਦੁਬਕੇ ਬੈਠੇ ਰਹੇ। ਸਿੰਘਾਂ ਦਾ ਇਹ ਜਥਾ ਮਿਥੇ ਹੋਏ ਦਿਨ ਤੋਂ ਇਲਾਵਾ ਸਾਰੀ ਰਾਤ ਵੀ ਗੋਬਿੰਦ ਰਾਮ ਤੇ ਉਸ ਦੀ ਫ਼ੋਰਸ ਨੂੰ ਉਡੀਕਦਾ ਰਿਹਾ, ਤੇ ਫਿਰ ਚਲਾ ਗਿਆ। ਪਰ ਡਰਦੇ ਹੋਏ ਗੋਬਿੰਦ ਰਾਮ ਨੇ ਇਸ ਤੋਂ ਪੰਦਰਾਂ ਦਿਨ ਬਾਅਦ ਤਕ ਵੀ ਕਾਸ਼ਤੀਵਾਲ ਪਿੰਡ ਦੀ ਹੱਦ ਅੰਦਰ ਦਾਖ਼ਲ ਹੋਣ ਦੀ ਹਿੰਮਤ ਨਾ ਕੀਤੀ।

15 ਦਿਨਾਂ ਬਾਅਦ ਗੋਬਿੰਦ ਰਾਮ ਫਿਰ ਇੱਕ ਵੱਡੀ ਫ਼ੋਰਸ ਲੈ ਕੇ ਪਿੰਡ ਵਿੱਚ ਵੜਿਆ ਤੇ

ਭਾਈ ਕਾਸ਼ਤੀਵਾਲ ਦੇ ਜੱਦੀ ਘਰ 'ਤੇ ਧਾਵਾ ਬੋਲ ਦਿੱਤਾ। ਭਾਈ ਕਾਸ਼ਤੀਵਾਲ ਦੇ ਘਰ ਇਸ ਵੇਲੇ ਉਹਨਾਂ ਦੀ ਬਿਰਧ ਨਾਨੀ ਹੀ ਸੀ। ਗੋਬਿੰਦ ਰਾਮ ਨੇ ਆਉਂਦਿਆਂ ਹੀ ਗਿੱਦੜ ਭਬਕੀ ਮਾਰੀ:- "ਬੁੜ੍ਹੀਏ, ਕਿੱਥੇ ਆ ਧਰਮਾ?"

ਭਾਈ ਕਾਸ਼ਤੀਵਾਲ ਦੀ ਨਿਡਰ ਨਾਨੀ ਨੇ ਅੱਗੋਂ ਜਵਾਬ ਦਿੱਤਾ:- "ਜਦੋਂ ਉਹ ਸਾਰਾ ਦਿਨ ਉਡੀਕਦਾ ਤੇ ਲਲਕਾਰੇ ਮਾਰਦਾ ਰਿਹਾ ਸੀ, ਓਦੋਂ ਤੁਸੀਂ ਕਿੱਥੇ ਗਏ ਸੀ?"

ਇਹ ਸੁਣ ਕੇ ਗੋਬਿੰਦ ਰਾਮ ਝੁੰਜਲਾ ਉੱਠਿਆ। ਉਸ ਨੇ ਆਪਣੀ ਬੁਜ਼ਦਿਲੀ ਨੂੰ ਜਬਰ-ਜ਼ੁਲਮ ਦੇ ਹੇਠ ਲੁਕਾਉਣ ਦੀ ਨੀਤੀ ਅਖ਼ਤਿਆਰ ਕੀਤੀ।

ਪੁਲੀਸ ਦੇ ਨਿੱਤ ਦੇ ਜਬਰ ਕਾਰਨ ਭਾਈ ਧਰਮ ਸਿੰਘ ਜੀ ਦਾ ਪੂਰਾ ਪਰਿਵਾਰ ਖਿੰਡ-ਪੁੰਡ ਗਿਆ। ਆਪ ਦੀ ਛੋਟੀ ਭੈਣ ਦਾ ਵਿਆਹ ਇਸੇ ਕਾਰਨ 16 ਸਾਲ ਦੀ ਉਮਰ ਵਿੱਚ ਹੀ ਕਰਨਾ ਪਿਆ। ਆਪ ਦੇ ਛੋਟੇ ਭਰਾਵਾਂ ਤੇ ਮਾਤਾ ਪਿਤਾ ਨੂੰ ਆਮ ਹੀ ਪੁਲੀਸ ਚੁੱਕ ਕੇ ਲੈ ਜਾਂਦੀ ਤੇ ਕਈ-ਕਈ ਮਹੀਨੇ ਉਹਨਾਂ ਉੱਪਰ ਥਾਣਿਆਂ ਅੰਦਰ ਤਸ਼ੱਦਦ ਕੀਤਾ ਜਾਂਦਾ, ਪਰ ਭਾਈ ਧਰਮ ਸਿੰਘ ਕਾਸ਼ਤੀਵਾਲ ਲੋਕਾਂ ਦੇ ਸਮੂਹਿਕ ਜੰਗਲ ਵਿੱਚ ਵਿਚਰਦੇ ਹੋਏ ਜ਼ਾਲਮਾਂ ਦੇ ਗੜ੍ਹਾਂ ਨਾਲ ਜਾ-ਜਾ ਕੇ ਟਕਰਾਉਂਦੇ ਰਹੇ।

ਸੁਧਾਈ ਲਹਿਰ

ਬਟਾਲਾ ਦੇ ਚੱਕਰੀ ਬਜ਼ਾਰ ਵਿੱਚ ਸ਼ਿਵ ਸੈਨੀਆਂ ਨੇ ਜਦੋਂ ਅੱਤ ਚੁੱਕ ਲਈ ਤਾਂ ਉਹਨਾਂ ਨੂੰ ਆਪ ਨੇ ਹੀ ਨਕੇਲ ਪਾਈ। ਜਿਸ ਚੱਕਰੀ ਬਜ਼ਾਰ ਵਿੱਚ ਸਿੱਖਾਂ ਦਾ ਨਗਰ ਕੀਰਤਨ ਲੰਘਣਾ ਬੰਦ ਕਰ ਦਿੱਤਾ ਗਿਆ ਸੀ, ਕੁਝ ਕੁ ਕਾਰਵਾਈਆਂ ਪਿੱਛੋਂ ਹੀ ਉਹ ਚੱਕਰੀ ਬਜ਼ਾਰ ਪੰਜਾਬ ਬੰਦ ਦੇ ਜੁਝਾਰੂਆਂ ਦੇ ਸੱਦੇ ਨਾਲ ਬੰਦ ਵੀ ਹੋਣ ਲੱਗ ਪਿਆ।

ਆਪ ਬੰਬ ਬਣਾਉਣ ਵਿੱਚ ਬਹੁਤ ਹੀ ਮਾਹਰ ਸਨ। ਚੂਹਿਆਂ ਵਾਲੀ ਕੁੜਿੱਕੀ ਵਾਲੇ ਬੰਬ ਬਣਾਉਣ ਦੀ ਆਪ ਦੀ ਕੱਢੀ ਕਾਢ ਤਾਂ ਇੰਨੀ ਪ੍ਰਸਿੱਧ ਹੋਈ ਕਿ ਪੁਲੀਸ ਨੇ ਘਰਾਂ ਵਿੱਚੋਂ ਚੂਹੇ ਫੜਨ ਵਾਲੀਆਂ ਕੁੜਿੱਕੀਆਂ ਹੀ ਫੜਨੀਆਂ ਸ਼ੁਰੂ ਕਰ ਦਿੱਤੀਆਂ। ਅਖ਼ਬਾਰ ਵਿੱਚ ਵੀ ਚੂਹਿਆਂ ਵਾਲੀ ਕੁੜਿੱਕੀ ਵੇਖਦੇ ਹੀ 'ਪੁਲੀਸ ਨੂੰ ਖ਼ਬਰ ਕਰਨ ਦੀ ਅਪੀਲ ਛਾਪੀ ਗਈ। ਇੱਕ ਵਾਰ ਬੀ.ਐਸ.ਐਫ. ਦੀ ਚੋਰਾਂਵਾਲੀ ਪਿੰਡ ਦੀ ਚੌਂਕੀ ਦਾ ਇੰਚਾਰਜ ਆਪ ਦੇ ਪਿਤਾ ਜੀ ਨੂੰ ਉਚੇਚਾ ਆ ਕੇ ਮਿਲਿਆ ਕਿ 'ਧਰਮ ਸਿੰਘ ਸਾਨੂੰ ਕੁਝ ਨਾ ਕਹੇ ਤੇ ਅਸੀਂ ਉਸ ਨੂੰ ਕੁਝ ਨਹੀਂ ਕਹਿੰਦੇ।'

ਨਵੀਂ ਨਵੀਂ ਆਈ ਸੀ.ਆਰ.ਪੀ. ਨੇ ਜਦੋਂ ਪਿੰਡਾਂ ਵਿੱਚ ਆਪਣੀ ਹੋਂਦ ਵਿਖਾਉਣ ਲਈ ਜ਼ੁਲਮ ਕਰਨਾ ਅਰੰਭਿਆ ਤਾਂ ਆਪ ਨੇ ਇੱਕ ਵਾਰ ਤਿਆਰੀ ਕਰ ਕੇ ਸੀ.ਆਰ.ਪੀ. ਦੀਆਂ ਸਾਰੀਆਂ ਚੈਕ-ਪੋਸਟਾਂ ਤੇ ਸੁਨੇਹੇ ਭੇਜ ਦਿੱਤੇ ਕਿ ਜੇਕਰ ਤਮੰਨਾ ਹੈ ਤਾਂ ਮੈਦਾਨ ਵਿੱਚ ਆ ਜਾਓ। ਇਸ ਤੋਂ ਬਾਅਦ ਸੀ.ਆਰ.ਪੀ. ਵਾਲਿਆਂ ਵਿੱਚ ਆਪ ਦੇ ਨਾਂ ਦੀ ਦਹਿਸ਼ਤ ਫੈਲ ਗਈ ਤੇ ਉਹ ਮੁਕਾਬਲਾ ਕਰਨ ਦੀ ਹਿੰਮਤ ਨਾ ਜੁਟਾ ਸਕੇ। ਇਲਾਕੇ ਦੇ ਲੋਕ ਦੱਸਦੇ ਹਨ ਕਿ ਸੀ.ਆਰ.ਪੀ. ਦੇ ਕਿਸੇ ਵੀ ਗਸ਼ਤੀ ਦਲ ਤੇ ਜੇਕਰ ਸਿੰਘਾਂ ਦਾ ਹਮਲਾ ਹੋ ਜਾਂਦਾ ਤਾਂ ਸੀ.ਆਰ.ਪੀ. ਜਵਾਨ ਡਾਡਾਂ ਮਾਰਦੇ ਹੋਏ ਆਪ ਮੁਹਾਰੇ ਹੀ ਪੁਕਾਰ ਉੱਠਦੇ:

"ਅਰੇ ਧਰਮ ਸਿੰਘ ਹਮਾਰੇ ਛੋਟੇ ਛੋਟੇ ਬੱਚੇ ਹੈਂ...।"

ਅਨੰਦ ਕਾਰਜ

ਮਿਤੀ 16-3-1989 ਨੂੰ ਭਾਈ ਧਰਮ ਸਿੰਘ ਦਾ ਅਨੰਦ ਕਾਰਜ ਸਾਰਚੂਰ ਪਿੰਡ ਦੇ ਸੰਘਰਸ਼ਸ਼ੀਲ ਕਿਸਾਨ ਸ. ਕੁਲਵੰਤ ਸਿੰਘ ਜੀ ਦੀ ਸਪੁੱਤਰੀ ਬੀਬੀ ਸੰਦੀਪ ਕੌਰ ਨਾਲ਼ ਹੋਇਆ। ਸੰਦੀਪ ਕੌਰ ਨੇ ਸਿੱਖ ਸੰਘਰਸ਼ ਵਿੱਚ ਜੂਝਣ ਹਿੱਤ ਹੀ ਇੱਕ ਜੁਝਾਰੂ (ਭਾਈ ਧਰਮ ਸਿੰਘ) ਨਾਲ਼ ਅਨੰਦ ਕਾਰਜ ਕਰਵਾਇਆ ਸੀ ਤੇ ਸਿੱਖੀ ਰਵਾਇਤਾਂ ਅਨੁਸਾਰ ਉਹ ਉਹਨਾਂ ਦੇ ਮੋਢੇ ਨਾਲ ਮੋਢਾ ਜੋੜ ਕੇ ਸੰਘਰਸ਼ ਵਿੱਚ ਸੇਵਾ ਕਰਦੀ ਰਹੀ।

ਅਜੇ ਆਪ ਦੇ ਅਨੰਦ ਕਾਰਜ ਨੂੰ ਥੋੜ੍ਹਾ ਚਿਰ ਹੀ ਹੋਇਆ ਸੀ ਕਿ ਆਪ ਅਤੇ ਸੰਦੀਪ ਕੌਰ ਨੂੰ ਯੂ.ਪੀ. ਵਿੱਚ ਸ਼ਾਹਜਹਾਨਪੁਰ ਜ਼ਿਲ੍ਹੇ ਦੇ ਪਿੰਡ ਸੁਭਾਸ਼ ਨਗਰ ਵਿਖੇ ਪੰਜ ਮਈ 1989 ਨੂੰ ਤਿੰਨ ਜ਼ਿਲ੍ਹਿਆਂ ਦੀ ਪੁਲੀਸ ਨੇ ਘੇਰਾ ਪਾ ਲਿਆ। ਇਸ ਵੇਲ਼ੇ ਆਪ ਕੋਲ਼ ਕੇਵਲ ਇੱਕ 455 ਬੋਰ ਦਾ ਰਿਵਾਲਵਰ ਤੇ 25 ਕਾਰਤੂਸ ਸਨ, ਪਰ ਇਸ ਮਾਮੂਲੀ ਜਿਹੇ ਸ਼ਸਤਰ ਨਾਲ ਇਹਨਾਂ ਦੋਹਾਂ ਨੇ ਇਸ ਤਰਕੀਬ ਅਤੇ ਦਲੇਰੀ ਨਾਲ਼ ਮੁਕਾਬਲਾ ਕੀਤਾ ਕਿ ਸਵੇਰੇ ਚਾਰ ਵਜੇ ਤੋਂ ਦੁਪਹਿਰੇ ਤਿੰਨ ਵਜੇ ਤਕ ਲਗਾਤਾਰ ਜੂਝਦੇ, ਪਿੱਛੇ ਹਟਦੇ ਤੇ ਪੁਲੀਸ ਨਾਲ਼ ਲੋਹਾ ਲੈਂਦੇ 11 ਘੰਟਿਆਂ ਬਾਅਦ ਆਖਰ ਇਹ ਵਿਸ਼ਾਲ ਘੇਰਾ ਤੋੜ ਕੇ ਬਚ ਨਿਕਲਣ ਵਿੱਚ ਸਫਲ ਹੋ ਗਏ। ਇਸ ਪਿੱਛੋਂ ਆਪ ਫਿਰ ਪੰਜਾਬ ਆ ਗਏ। ਇਹੀ ਮੁਕਾਬਲਾ ਸੀ ਜਿਸ ਵਿੱਚ ਆਪ ਦਾ ਸੰਦੀਪ ਕੌਰ ਉੱਪਰ ਇਹ ਯਕੀਨ ਬੱਝ ਗਿਆ ਕਿ ਕਿਸੇ ਵੀ ਮੁਕਾਬਲੇ ਵਿੱਚ ਇਹ ਆਪਣੀ ਹਿਫ਼ਾਜ਼ਤ ਖ਼ੁਦ ਕਰਨ ਦੇ ਸਮਰੱਥ ਹੈ।

ਸੰਘਰਸ਼ ਵਿੱਚ ਜੂਝਦੇ ਸਮੇਂ ਸਿੱਖ ਸੰਘਰਸ਼ ਦੇ ਇਸ ਅਹਿਮ ਦੌਰ ਵਿੱਚ ਕਈ ਮੌਕੇ ਅਜਿਹੇ ਵੀ ਆਏ ਜਦੋਂ ਆਗੂਆਂ ਦੀਆਂ ਕੁਝ ਗ਼ਲਤੀਆਂ ਨਾਲ਼ ਲਹਿਰ ਕੁਰਾਹੇ ਵੀ ਪੈਣ ਲੱਗੀ, ਪਰ ਆਪ ਨੇ ਆਪਣੀ ਸੂਝ-ਬੂਝ ਦੇ ਨਾਲ ਆਪਣੇ ਇਲਾਕੇ ਅੰਦਰ ਲੋਕ ਮਾਨਸਿਕਤਾ ਵਿੱਚੋਂ ਇਸ ਲਹਿਰ ਦਾ ਪ੍ਰਭਾਵ ਫਿੱਕਾ ਨਹੀਂ ਪੈਣ ਦਿੱਤਾ। ਉਹ ਜਦੋਂ ਤਕ ਆਪਣੇ ਇਲਾਕੇ ਅੰਦਰ ਰਹੇ, ਲੋਕਾਂ ਨੇ ਉਹਨਾਂ ਨੂੰ ਆਪਣੇ ਸੰਘਣੇ ਜੰਗਲ਼ ਵਿੱਚ ਜਜ਼ਬ ਕਰੀ ਰੱਖਿਆ ਤੇ ਦੁਸ਼ਮਣ ਤਾਕਤਾਂ ਉੱਥੇ ਉਹਨਾਂ ਦੀ ਕਨਸੋਅ ਤਕ ਵੀ ਲੈਣੋਂ ਅਸਫਲ ਰਹੀਆਂ।

ਆਪ ਦੀ ਮੁੱਢ ਤੋਂ ਹੀ ਇਹ ਨੀਤੀ ਸੀ ਕਿ ਸੇਵਾ ਕਰਨ ਲਈ ਆਏ ਨੌਜੁਆਨਾਂ ਨੂੰ ਆਪ ਰੂਪੋਸ਼ ਹੋਣ ਤੋਂ ਬਿਨਾਂ ਹੀ ਸੇਵਾ ਕਰਨ ਲਈ ਕਹਿੰਦੇ ਸਨ। ਇਹੀ ਕਾਰਨ ਸੀ ਕਿ ਆਪ ਦੇ ਜ਼ਿਆਦਾਤਰ ਸਾਥੀ ਕਾਲਜਾਂ ਤੇ ਯੂਨੀਵਰਸਿਟੀਆਂ ਦੇ ਵਿਦਿਆਰਥੀ ਸਨ। ਵੈਸੇ ਆਪ ਦਾ ਗਰੁੱਪ ਪੂਰੇ ਪੰਜਾਬ ਭਰ ਵਿੱਚ ਹੀ ਨਹੀਂ, ਬਲਕਿ ਪੂਰੇ ਦੇਸ਼ ਵਿੱਚ ਫੈਲਿਆ ਹੋਇਆ ਸੀ।

ਪੁਲੀਸ ਦੇ ਘੇਰਿਆਂ ਵਿੱਚ ਭਾਈ ਕਾਸ਼ਤੀਵਾਲ਼ ਦੀ ਯੁੱਧ-ਕਲਾ

ਇੱਕ ਵਾਰ ਭਾਈ ਧਰਮ ਸਿੰਘ ਕਾਸ਼ਤੀਵਾਲ਼ ਲੁਧਿਆਣੇ ਤੋਂ ਅੰਮ੍ਰਿਤਸਰ ਕਾਰ ਵਿੱਚ ਕੁਝ ਸਿੰਘਾਂ ਸਮੇਤ ਆ ਰਹੇ ਸਨ ਕਿ ਲਾਡੋਵਾਲ ਨੇੜੇ ਪੁਲੀਸ ਨਾਕੇ ਤੇ ਆਪ ਦੀ ਗੱਡੀ ਰੋਕ ਲਈ ਗਈ। ਸ਼ੱਕ ਦੇ ਆਧਾਰ 'ਤੇ ਆਪ ਨੂੰ ਗੱਡੀ ਸਮੇਤ ਲਾਡੋਵਾਲ ਪੁਲੀਸ ਚੌਕੀ ਲੈ ਗਏ। ਆਪ ਨੇ

ਆਪਣੇ ਆਪ ਨੂੰ ਉਸ ਰਿਟਾਇਰ ਪੁਲੀਸ ਇੰਸਪੈਕਟਰ ਦਾ ਲੜਕਾ ਦੱਸਿਆ, ਜਿਸ ਦੇ ਘਰ ਆਪ ਦੀ ਠਾਹਰ ਹੋਇਆ ਕਰਦੀ ਸੀ। ਚੌਂਕੀ ਵਿੱਚੋਂ ਹੀ ਆਪ ਨੇ ਇਜਾਜ਼ਤ ਲੈ ਕੇ ਉਸ ਇੰਸਪੈਕਟਰ ਨਾਲ਼ ਉਸ ਨੂੰ 'ਡੈਡੀ' ਕਹਿ ਕੇ ਗੱਲ ਕੀਤੀ ਤੇ ਕੋਡ ਵਿੱਚ ਸਾਰੀ ਗੱਲ ਸਮਝਾ ਦਿੱਤੀ। ਉਹ ਇੰਸਪੈਕਟਰ ਆਇਆ ਤੇ ਚੌਂਕੀ ਵਿੱਚੋਂ ਪਹਿਲਾਂ ਆਪ ਨੂੰ ਛੁਡਾ ਕੇ ਲੈ ਗਿਆ ਤੇ ਫਿਰ ਕੁਝ ਸਮੇਂ ਬਾਅਦ ਆਪ ਦੇ ਸਾਥੀਆਂ ਨੂੰ। ਪੁਲੀਸ ਨੂੰ ਪਤਾ ਹੀ ਨਾ ਲੱਗਾ ਕਿ ਰਿਟਾਇਰ ਇੰਸਪੈਕਟਰ ਦਾ ਲੜਕਾ ਬਣਿਆ ਇਹ ਸੱਜਣ ਅਸਲ ਵਿੱਚ ਭਾਈ ਧਰਮ ਸਿੰਘ ਕਾਸ਼ਤੀਵਾਲ਼ ਸੀ।

ਆਪ ਦੇ ਇੱਕ ਸਾਥੀ ਭਾਈ ਸਤਨਾਮ ਸਿੰਘ ਸੱਤਾ ਨੂੰ ਪਟਿਆਲ਼ਾ ਪੁਲੀਸ ਨੇ ਚੁੱਕ ਲਿਆ। ਉਸ ਨੂੰ ਛੁਡਾਉਣ ਲਈ ਆਪ ਨੇ ਸੰਗਰੂਰ ਦੇ ਐਸ.ਪੀ. (ਡੀ) ਦਾ ਇੱਕ ਲੜਕਾ ਅਤੇ ਲੜਕੀ ਨੂੰ ਅਗਵਾ ਕਰ ਲਿਆ। ਉਹ ਗੱਲਬਾਤ ਚੱਲ ਹੀ ਰਹੀ ਸੀ ਕਿ ਆਪ ਨੂੰ ਪਤਾ ਲੱਗਾ ਕਿ ਭਾਈ ਸੱਤਾ ਨੂੰ ਸ਼ਹੀਦ ਕਰ ਦਿੱਤਾ ਗਿਆ ਹੈ। ਇਹ ਫ਼ੈਸਲਾ ਕਰਨ ਲਈ ਕਿ ਹੁਣ ਐਸ.ਪੀ. ਦੇ ਬੱਚਿਆਂ ਨੂੰ ਕਿਵੇਂ ਛੱਡਿਆ ਜਾਵੇ, ਆਪ ਸੰਗਰੂਰ ਗਏ। ਓਥੇ ਇੱਕ ਵਾਰ ਪਿੰਡ ਵਿੱਚੋਂ ਸੰਗਰੂਰ ਦੇ ਇੱਕ ਗੁਰਦੁਆਰਾ ਸਾਹਿਬ ਵਿਖੇ ਮੱਥਾ ਟੇਕਣ ਗਏ, ਆਪ ਦੀ ਕਾਰ ਪੁਲੀਸ ਨੇ ਰੋਕ ਲਈ ਤੇ ਸ਼ੱਕ ਦੇ ਆਧਾਰ 'ਤੇ ਥਾਣੇ ਲਿਜਾਣ ਲਈ ਕਾਰ ਬੈਕ ਕਰਨ ਲਈ ਕਿਹਾ। ਬੈਕ ਕਰਦੇ ਸਮੇਂ ਆਪ ਨੇ ਕਾਰ ਜਾਣ ਬੁੱਝ ਕੇ ਕਣਕ ਦੇ ਪਾਣੀ ਲੱਗੇ ਖੇਤ ਵਿੱਚ ਫਸਾ ਦਿੱਤੀ। ਪੁਲੀਸ ਵਾਲ਼ਿਆਂ ਨੇ ਇੱਕ ਬੱਸ ਰੋਕ ਕੇ ਕੁਝ ਸਵਾਰੀਆਂ ਨੂੰ ਕਾਰ ਬਾਹਰ ਕਢਵਾਉਣ ਲਈ ਕਿਹਾ। ਆਪ ਨੇ ਕੁਝ ਸਿੱਖ ਸਵਾਰੀਆਂ ਦੇ ਹੱਥ ਪਿੰਡ ਦਾ ਨਾਂ ਤੇ ਘਰ ਦੱਸ ਕੇ ਸੁਨੇਹਾ ਭੇਜ ਦਿੱਤਾ ਕਿ ਜਿਹੜੇ ਦੋ ਸਿੰਘ ਅੱਜ ਸਵੇਰੇ ਕਾਰ ਤੇ ਨਿਕਲ਼ੇ ਸੀ ਉਹ ਪੁਲੀਸ ਨੇ ਕਾਬੂ ਕਰ ਲਏ ਹਨ। ਸਿੱਖ ਸਵਾਰੀਆਂ ਨੇ ਇਹ ਸੁਨੇਹਾ ਤੁਰੰਤ ਹੀ ਸੰਬੰਧਿਤ ਪਿੰਡ ਪਹੁੰਚਾ ਦਿੱਤਾ।

ਆਪ ਦੇ ਕੋਲ਼ ਇਸ ਵੇਲੇ ਐਸ.ਡੀ.ਓ. ਦਾ ਪਛਾਣ ਪੱਤਰ ਸੀ। ਆਪ ਨੇ ਪੁਲੀਸ ਵਾਲ਼ਿਆਂ ਨੂੰ ਪੂਰਾ ਯਕੀਨ ਦਿਵਾ ਦਿੱਤਾ ਕਿ ਆਪ ਇੱਕ ਗਜ਼ਟਿਡ ਅਫ਼ਸਰ ਹਨ, ਪਰ ਆਪ ਦੇ ਸਾਥੀ ਅਤੇ ਆਪ ਦੇ ਬਿਆਨ ਨਾ ਮਿਲਣ ਕਾਰਨ ਪੁਲੀਸ ਵਾਲ਼ੇ ਆਪ 'ਤੇ ਸ਼ੱਕ ਕਰਨ ਲੱਗੇ। ਏਨੇ ਚਿਰ ਨੂੰ ਸੁਨੇਹਾ ਮਿਲਣ ਤੋਂ ਬਾਅਦ ਆਪ ਦੇ ਸਾਥੀ ਭਾਈ ਮਾਧਾ ਸਿੰਘ ਬੱਬਰ ਨੇ ਐਸ.ਪੀ. ਨੂੰ ਸੁਨੇਹਾ ਭੇਜ ਦਿੱਤਾ ਕਿ ਆਪਣੇ ਲੜਕੇ ਤੇ ਲੜਕੀ ਲਈ ਅੱਜ ਕਾਰ 'ਚੋਂ ਫੜੇ ਗਏ ਦੋ ਸਿੰਘ ਹੀ ਛੱਡ ਦੇਵੇ, ਹੋਰ ਅਸੀਂ ਕੁਝ ਨਹੀਂ ਮੰਗਦੇ। ਐਸ.ਪੀ. ਹੈਰਾਨ ਹੋਇਆ ਕਿ ਪਹਿਲਾਂ ਤਾਂ ਅਸੀਂ ਵੱਡੀ ਤੋਂ ਵੱਡੀ ਮੰਗ ਮੰਨਣ ਲਈ ਵੀ ਤਿਆਰ ਸਾਂ, ਪਰ ਫਿਰ ਵੀ ਹੋਰ ਵਧੇਰੇ ਮੰਗਾਂ ਰੱਖ ਰਹੇ ਸਨ, ਹੁਣ ਇਹਨਾਂ ਦੋਹਾਂ ਸਿੰਘਾਂ ਦੀ ਰਿਹਾਈ 'ਤੇ ਹੀ ਫ਼ੈਸਲਾ ਕਰਨ ਲਈ ਕਿਉਂ ਤਿਆਰ ਹਨ? ਉਹ ਸਮਝ ਗਏ ਕਿ ਇਹ ਸਿੰਘ ਜ਼ਰੂਰ ਹੀ ਕੋਈ ਮਹੱਤਵਪੂਰਨ ਹੈ। ਅਖੀਰ ਆਪ ਨੂੰ ਟਾਰਚਰ ਵੀ ਕੀਤਾ ਗਿਆ, ਪਰ ਆਪ ਨੇ ਕੁਝ ਨਾ ਦੱਸਿਆ। ਪਰ ਭਾਈ ਮਾਧਾ ਸਿੰਘ ਹੋਰਾਂ ਦਾ ਸੁਨੇਹਾ ਮਿਲਣ ਤੋਂ ਬਾਅਦ ਆਪ ਨੇ ਖ਼ੁਦ ਹੀ ਦੱਸ ਦਿੱਤਾ ਕਿ ਮੈਂ ਧਰਮ ਸਿੰਘ ਕਾਸ਼ਤੀਵਾਲ਼ ਹਾਂ।

ਐਸ.ਪੀ. ਬੜੀ ਕਸੂਤੀ ਸਥਿਤੀ ਵਿੱਚ ਫਸਿਆ। ਏਨਾ ਮਹੱਤਵਪੂਰਨ ਸਿੰਘ ਹੱਥ ਆਇਆ ਵੀ ਤਾਂ ਉਸ ਵੇਲੇ ਜਦੋਂ ਉਸ ਨੂੰ ਛੱਡਣ ਤੋਂ ਇਲਾਵਾ ਹੋਰ ਕੋਈ ਚਾਰਾ ਨਹੀਂ ਸੀ।

ਕਹਿਣ ਲੱਗਾ, "ਕਲੇਜਾ ਫਟਦੈ ਤੈਨੂੰ ਛੱਡਣ ਲੱਗੇ, ਤੂੰ ਪੰਜਾਹ ਲੱਖ ਦਾ ਇਨਾਮੀ ਐਂ।"

ਐਸ.ਐਸ.ਪੀ. ਨੇ ਫਿਰ ਵੀ ਚਲਾਕੀ ਖੇਡੀ ਅਤੇ ਪੇਸ਼ਕਸ਼ ਕੀਤੀ ਕਿ ਓਧਰੋਂ ਬੱਚੇ ਛੁਡਵਾ ਦਿਓ ਇੱਧਰੋਂ ਅਸੀਂ ਤੁਹਾਨੂੰ ਛੱਡ ਦਿੰਦੇ ਆਂ। ਭਾਈ ਧਰਮ ਸਿੰਘ ਉਸ ਐਸ.ਪੀ. ਦੀ ਚਲਾਕੀ ਤਾੜ ਗਏ ਤੇ ਕਹਿਣ ਲੱਗੇ- "ਇਸ ਤਰ੍ਹਾਂ ਫਿਲਮਾਂ ਵਿੱਚ ਹੀ ਹੁੰਦਾ ਐ, ਹਕੀਕੀ ਤੌਰ 'ਤੇ ਤੁਹਾਡੇ ਬੱਚੇ ਮੈਂ ਆਪ ਜਾ ਕੇ ਛੱਡਣੇ ਆਂ।"

ਅਖੀਰ ਫਸੇ ਹੋਏ ਹੋਣ ਕਾਰਨ ਐਸ.ਪੀ. ਮੰਨ ਗਿਆ। ਪਰ ਫਿਰ ਵੀ ਚਲਾਕੀ ਇਹ ਖੇਡੀ ਗਈ ਕਿ ਨਾਲ ਦੀ ਨਾਲ ਹੀ ਬਟਾਲਾ ਪੁਲੀਸ ਨੂੰ ਖਬਰ ਕਰ ਦਿੱਤੀ। ਇਸੇ ਹੀ ਕਾਰਨ ਭਾਈ ਧਰਮ ਸਿੰਘ ਨੂੰ ਛੱਡਣ ਤੋਂ ਤੁਰੰਤ ਬਾਅਦ ਬਟਾਲਾ ਪੁਲੀਸ ਵੱਡੀ ਗਿਣਤੀ ਵਿੱਚ ਸੰਗਰੂਰ ਆ ਗਈ। ਸ਼ਾਇਦ ਉਹਨਾਂ ਦੀ ਸਕੀਮ ਸੀ ਕਿ ਬੱਚੇ ਛੁੱਟ ਜਾਣ ਤੋਂ ਬਾਅਦ ਤੁਰੰਤ ਹੀ ਇਲਾਕੇ ਨੂੰ ਘੇਰਾ ਪਾ ਕੇ ਭਾਈ ਧਰਮ ਸਿੰਘ ਨੂੰ ਫਿਰ ਕਾਬੂ ਕਰ ਲਵਾਂਗੇ, ਪਰ ਭਾਈ ਧਰਮ ਸਿੰਘ ਕਾਸ਼ਤੀਵਾਲ ਨੇ ਸਾਰਾ ਕੰਮ ਇਸ ਢੰਗ ਨਾਲ ਨੇਪਰੇ ਚਾੜ੍ਹਿਆ ਕਿ ਦੋਹਾਂ ਜ਼ਿਲ੍ਹਿਆਂ ਦੀ ਪੁਲੀਸ ਹੱਥ ਮਲਦੀ ਹੀ ਰਹਿ ਗਈ ਤੇ ਆਪ ਐਸ.ਪੀ. ਦੇ ਬੱਚਿਆਂ ਨੂੰ ਛੱਡ ਕੇ ਸਹੀ ਸਲਾਮਤ ਆਪਣੇ ਟਿਕਾਣੇ 'ਤੇ ਪਹੁੰਚ ਗਏ।

ਜਬਰ ਸਾਹਵੇਂ ਸਬਰ

ਅਖੀਰਲੇ ਦਿਨਾਂ ਵਿੱਚ ਆਪ ਨੂੰ ਕਈ ਜ਼ਬਰਦਸਤ ਝਟਕੇ ਲੱਗੇ ਜਿਨ੍ਹਾਂ ਨੂੰ ਉਹ ਬੜੇ ਸਹਿਜ ਭਾਅ ਨਾਲ ਸਹਾਰ ਗਏ। 16 ਮਈ 1992 ਨੂੰ ਆਪ ਦੇ ਛੋਟੇ ਭਰਾ ਭਾਈ ਸਾਹਿਬ ਸਿੰਘ ਕਾਸ਼ਤੀਵਾਲ ਨੂੰ ਪੁਲੀਸ ਨੇ ਚੁੱਕ ਲਿਆ ਤੇ ਅਥਾਹ ਤਸ਼ੱਦਦ ਕਰਦਿਆਂ ਸਿਰ ਵਿੱਚ ਕਿੱਲ ਠੋਕ-ਠੋਕ ਕੇ ਉਸੇ ਦਿਨ ਸ਼ਹੀਦ ਕਰ ਦਿੱਤਾ। ਜ਼ਾਲਮਾਂ ਦਾ ਇਹ ਜ਼ੁਲਮ ਆਪ ਨੂੰ ਨਾ ਹੀ ਆਪਣੇ ਰਸਤੇ ਤੋਂ ਥਿੜਕਾ ਸਕਿਆ ਤੇ ਨਾ ਹੀ ਸੰਜਮ ਤੋਂ। ਆਪ ਨੇ ਬਟਾਲਾ ਦੇ ਸਿਵਲ ਹਸਪਤਾਲ 'ਚ ਆਪਣਾ ਕੋਈ ਬੰਦਾ ਭੇਜ ਕੇ ਸਾਹਿਬ ਸਿੰਘ ਦੀ ਸ਼ਹਾਦਤ ਦੀ ਪੁਸ਼ਟੀ ਕੀਤੀ ਤੇ ਪੂਰੇ ਸੰਜਮ ਵਿੱਚ ਰਹੇ।

ਇਸੇ ਤਰ੍ਹਾਂ ਮਿਤੀ 21 ਜੁਲਾਈ 1992 ਨੂੰ ਆਪ ਦੀ ਪਤਨੀ ਸੰਦੀਪ ਕੌਰ ਜੋ ਕਿ ਅੰਮ੍ਰਿਤਸਰ ਵਿਖੇ ਆਪ ਜੀ ਦੇ ਫੜੇ ਗਏ ਇੱਕ ਨਜ਼ਦੀਕੀ ਸਿੰਘ ਬਾਰੇ ਪਤਾ ਕਰਨ ਅੰਮ੍ਰਿਤਸਰ ਆਈ ਸੀ, ਖ਼ਾਲਸਾ ਕਾਲਜ ਦੇ ਕੋਲੋਂ ਗ੍ਰਿਫਤਾਰ ਕਰ ਲਈ ਗਈ। ਇਹ ਉਹ ਸਮਾਂ ਸੀ ਜਦੋਂ ਪੰਜਾਬ ਦੀ ਧਰਤੀ ਦਾ ਪੱਤਾ-ਪੱਤਾ ਤਾਂ ਕੀ, ਹਰ ਸਿੰਘ ਦਾ ਆਪਣਾ ਪਰਛਾਂਵਾਂ ਤਕ ਸ਼ੱਕੀ ਹੋ ਗਿਆ ਸੀ। ਪੁਲੀਸ ਨੇ ਉੱਪਰੋਂ ਆਈਆਂ ਹਦਾਇਤਾਂ ਮੁਤਾਬਕ ਪੰਜਾਬ ਦੀ ਧਰਤੀ 'ਤੇ ਅਜਿਹਾ ਤਾਂਡਵ ਨਾਚ ਅਰੰਭ ਦਿੱਤਾ ਸੀ ਕਿ ਜਿਸ ਘਰ 'ਤੇ ਸਿੰਘਾਂ ਦਾ ਪਰਛਾਂਵਾਂ ਵੀ ਪੈ ਕੇ ਲੰਘ ਜਾਂਦਾ ਸੀ ਉਸ ਘਰ 'ਤੇ ਕਹਿਰ ਟੁੱਟ ਪੈਂਦਾ ਸੀ। ਇਸ ਬਿਖੜੇ ਸਮੇਂ ਵਿੱਚ ਵੀ ਆਪ ਦਾ ਸਾਥ ਦੇ ਰਹੇ ਲੋਕਾਂ ਨੇ ਆਪ ਨੂੰ ਆਪਣੇ ਦਿਲਾਂ ਦੇ ਮੋਰਚਿਆਂ ਦੀ ਓਟ ਮੁਹੱਈਆ ਕਰਵਾਈ ਰੱਖੀ।

ਸ਼ਹੀਦੀ

ਪਰ ਕਿਸੇ ਚਾਰਦੀਵਾਰੀ ਅੰਦਰ ਬੈਠੇ ਰਹਿਣਾ ਕਿਸੇ ਸੰਘਰਸ਼ਸ਼ੀਲ ਜਰਨੈਲ ਨੂੰ ਗਵਾਰਾ

ਨਹੀਂ ਹੁੰਦਾ। 28 ਦਸੰਬਰ 1992 ਨੂੰ ਆਪ ਨੂੰ ਕਿਸੇ ਕੰਮ ਜਲੰਧਰ ਜਾਣਾ ਪਿਆ।

ਆਪ ਨੇ ਵਾਰੋ-ਵਾਰ ਜਲੰਧਰ 'ਚ ਜਿਨ੍ਹਾਂ ਦੋ ਨਜ਼ਦੀਕੀਆਂ ਨੂੰ ਮਿਲਣਾ ਸੀ, ਉਹ ਪੁਲੀਸ ਨਾਲ ਮਿਲ ਚੁੱਕੇ ਸਨ। ਚਰਚਾ ਹੈ ਕਿ ਉਹਨਾਂ ਦੀ ਗੱਲ ਕੇ.ਪੀ.ਐਸ. ਗਿੱਲ ਨਾਲ ਹੋ ਚੁੱਕੀ ਸੀ। ਇਹ ਵੀ ਕਿਆਸ ਹੈ ਕਿ ਜਲੰਧਰ ਪਹੁੰਚਣ ਤੋਂ ਪਹਿਲਾਂ ਹੀ ਸਿਵਲ ਕੱਪੜਿਆਂ 'ਚ ਪੁਲੀਸ ਆਪ ਦੇ ਪਿੱਛੇ ਲੱਗ ਚੁੱਕੀ ਸੀ। ਕੁਝ ਹੋਰ ਸੂਤਰਾਂ ਅਨੁਸਾਰ ਭਾਈ ਧਰਮ ਸਿੰਘ ਜਦੋਂ ਜਲੰਧਰ 'ਚ ਇੱਕ ਸਹਿਯੋਗੀ ਸ਼ਖ਼ਸ ਨੂੰ ਮਿਲੇ ਤਾਂ ਉਸ ਸ਼ਖ਼ਸ ਦੇ ਕੋਲ ਦੋ ਹੋਰ ਓਪਰੇ ਬੰਦੇ ਵੀ ਕੁਰਸੀਆਂ 'ਤੇ ਬੈਠੇ ਸਨ। ਉਹਨਾਂ ਨੇ ਵੀ ਭਾਈ ਧਰਮ ਸਿੰਘ ਨਾਲ ਹੱਥ ਮਿਲਾਇਆ। ਹੱਥ ਮਿਲਾ ਕੇ ਭਾਈ ਧਰਮ ਸਿੰਘ ਕਾਸ਼ਤੀਵਾਲ ਜਿਉਂ ਹੀ ਕੁਰਸੀ 'ਤੇ ਬੈਠੇ, ਇੱਕ ਕਮਰੇ 'ਚੋਂ ਤੇਜ਼ੀ ਨਾਲ ਨਿਕਲ ਕੇ ਕਈ ਕਮਾਂਡੋ ਚਾਰ ਚੁਫੇਰਿਓਂ ਆਪ ਉੱਪਰ ਟੁੱਟ ਪਏ ਤੇ ਆਪ ਨੂੰ ਕਾਬੂ ਕਰ ਲਿਆ।

ਵੱਡੇ-ਵੱਡੇ ਘੇਰਿਆਂ 'ਚ ਵੀ ਆਪਣੀ ਮਾਨਸਿਕਤਾ ਨੂੰ ਅਡੋਲ ਰੱਖਣ ਵਾਲਾ ਇਹ ਸੰਜਮੀ ਜਰਨੈਲ ਇਸ ਗ਼ੱਦਾਰੀ ਨੂੰ ਵੀ ਇੱਕ ਪੀੜ ਭਰੀ ਮੁਸਕਰਾਹਟ ਨਾਲ ਸਹਾਰ ਗਿਆ। ਇਸ ਮੌਕੇ ਭਾਈ ਧਰਮ ਸਿੰਘ ਨੇ ਪੁਲੀਸ ਫ਼ੋਰਸਾਂ ਨੂੰ ਆਪਣੇ ਜੀਵਨ ਦੀ ਆਖ਼ਰੀ ਮਾਤ ਦੇਣ ਲਈ ਆਪਣੇ ਮੂੰਹ ਵਿੱਚ ਰੱਖਿਆ ਕੱਚ ਵਿੱਚ ਪੈਕ ਕੀਤਾ (ਵਾਟਰ ਪਰੂਫ਼) ਕੈਪਸੂਲ ਜਿਸ ਦੇ ਅੰਦਰ ਸਾਇਆਨਾਈਡ ਹੁੰਦੀ ਸੀ, ਨੂੰ ਦੰਦਾਂ ਨਾਲ ਤੋੜ ਲਿਆ ਤੇ ਸ਼ਹਾਦਤ ਦਾ ਪਿਰਮ-ਪਿਆਲਾ ਪੀ ਲਿਆ।

ਭਾਈ ਧਰਮ ਸਿੰਘ ਕਾਸ਼ਤੀਵਾਲ ਨੂੰ ਜਿਊਂਦਾ ਗ੍ਰਿਫ਼ਤਾਰ ਕਰਨ ਦਾ ਇਰਾਦਾ ਧਾਰ ਕੇ ਆਈ ਜਾਬਰ ਪੰਜਾਬ ਪੁਲੀਸ ਦੇ ਹੱਥ ਭਾਈ ਸਾਹਿਬ ਦਾ ਨਿਰਜਿੰਦ ਸਰੀਰ ਹੀ ਆਇਆ, ਆਪ ਦੀ ਅਜ਼ਾਦ ਆਤਮਾ ਉਸੇ ਹੀ ਤਰ੍ਹਾਂ ਆਪਣੇ ਪਿੱਛੇ ਪੁਲੀਸ ਵਾਲਿਆਂ ਨੂੰ ਸ਼ਰਮਸਾਰ ਛੱਡ ਕੇ ਆਪਣੇ ਰਾਹ ਪੈ ਗਈ, ਜਿਵੇਂ ਕਿ ਪਹਿਲਾਂ ਵੀ ਹਰ ਮੁਕਾਬਲੇ ਪਿੱਛੋਂ ਪੁਲੀਸ ਨੂੰ ਸ਼ਰਮਸਾਰ ਛੱਡ ਜਾਂਦੀ ਸੀ।

ਸੰਦੀਪ ਕੌਰ ਦੇ ਦੱਸਣ ਮੁਤਾਬਕ ਭਾਈ ਧਰਮ ਸਿੰਘ ਕਾਸ਼ਤੀਵਾਲ ਦੀ ਸ਼ਹੀਦੀ ਪਿੱਛੋਂ ਉਹਨਾਂ ਦੇ ਪਿਤਾ ਜੀ ਨੇ ਜੇਲ੍ਹ ਵਿੱਚ ਬੀਬੀ ਸੰਦੀਪ ਕੌਰ ਨੂੰ ਮੁਲਾਕਾਤ ਵਿੱਚ ਦੱਸਿਆ ਸੀ ਕਿ ਇਸ ਸ਼ਹੀਦੀ ਪਿੱਛੋਂ ਇਲਾਕੇ ਦੇ ਲੋਕ ਇੰਨੇ ਗ਼ਮਗੀਨ ਹਨ ਕਿ ਸਾਨੂੰ ਆਪ ਜਾ ਕੇ ਘਰ-ਘਰ ਵਿੱਚ ਲੋਕਾਂ ਨੂੰ ਹੌਸਲਾ ਦੇਣਾ ਪੈ ਰਿਹਾ ਹੈ, ਪਰ ਅੱਗੋਂ ਇਲਾਕੇ ਦੇ ਲੋਕ ਰੋਂਦੇ ਹੋਏ ਕਹਿੰਦੇ ਹਨ ਕਿ ਅੱਜ ਅਸੀਂ ਨਿਆਸਰੇ ਹੋ ਗਏ ਹਾਂ।

ਅਸੀਂ ਅਕਾਲ ਪੁਰਖ ਦੇ ਚਰਨਾਂ ਵਿੱਚ ਅਰਦਾਸ ਕਰਦੇ ਹਾਂ ਕਿ ਇਹੋ ਜਿਹੇ ਲੋਕ ਨਾਇਕਾਂ ਦੀਆਂ ਇਲਾਕੇ ਦੇ ਲੋਕ ਮਨਾਂ ਅੰਦਰ ਸਾਂਭੀਆਂ ਪਈਆਂ ਯਾਦਾਂ ਦਾ ਵਿਸ਼ਾਲ ਖ਼ਜ਼ਾਨਾ ਉਹਨਾਂ ਦੇ ਲਹੂ ਵਿੱਚ ਘੁਲ ਜਾਵੇ ਤੇ ਉਹ ਪੰਥਕ ਅਣਖ ਦਾ ਝੰਡਾ ਉਹਨਾਂ ਯੋਧਿਆਂ ਵਾਂਗ ਹੀ ਬੁਲੰਦੀਆਂ 'ਤੇ ਝੁਲਾਈ ਰੱਖਣ।

* * * * *

ਜੁਝਾਰੂ ਤੇ ਸਿਆਸੀ ਫਰੰਟਾਂ ਦਾ ਸਾਂਝਾ ਜਰਨੈਲ

ਸ਼ਹੀਦ ਭਾਈ ਚਰਨਜੀਤ ਸਿੰਘ ਚੰਨੀ

ਹਿੰਦੁਸਤਾਨ ਦੀ ਅਕ੍ਰਿਤਘਣ ਬਿਪਰ ਹਕੂਮਤ ਦੇ ਜ਼ੁਲਮ ਜਬਰ ਵਿਰੁੱਧ ਜੂਝ ਕੇ ਸ਼ਹੀਦ ਹੋਣ ਵਾਲ਼ੇ ਸੂਰਮਿਆਂ ਵਿੱਚ ਭਾਈ ਚਰਨਜੀਤ ਸਿੰਘ ਚੰਨੀ (ਤਲਵੰਡੀ) ਦਾ ਨਾਂ ਵੀ ਪ੍ਰਮੁੱਖ ਜੁਝਾਰੂ ਜਰਨੈਲਾਂ ਵਿੱਚ ਆਉਂਦਾ ਹੈ। ਮਿਤੀ 1 ਅਕਤੂਬਰ 1958 ਨੂੰ ਪਿੰਡ ਤਲਵੰਡੀ, ਜ਼ਿਲ੍ਹਾ ਲੁਧਿਆਣਾ ਵਿਖੇ ਮਾਸਟਰ ਦੇਵਰਾਜ ਸਿੰਘ (ਸਾਬਕਾ ਐਮ.ਐਲ.ਏ.) ਦੇ ਘਰ, ਮਾਤਾ ਨਸੀਬ ਕੌਰ ਦੀ ਕੁੱਖੋਂ ਜਨਮਿਆਂ ਇਹ ਅਨਮੋਲ ਹੀਰਾ ਤਲਵੰਡੀ ਪਿੰਡ ਨੂੰ ਪੂਰੀ ਦੁਨੀਆਂ ਵਿੱਚ ਪ੍ਰਸਿੱਧ ਕਰ ਗਿਆ।

ਭਾਈ ਚਰਨਜੀਤ ਸਿੰਘ ਆਪਣੇ ਭਰਾ ਲਖਵੀਰ ਸਿੰਘ ਅਤੇ ਭੈਣ ਸਿਮਰਜੀਤ ਕੌਰ ਤੋਂ ਛੋਟੇ ਸਨ। ਇਹਨਾਂ ਦਾ ਪਰਿਵਾਰ ਅਕਾਲੀ ਸਿਆਸਤ ਨਾਲ਼ ਜੁੜਿਆ ਹੋਇਆ ਹੋਣ ਕਰ ਕੇ ਘਰ ਵਿੱਚ ਪੰਥਕ ਮਾਹੌਲ ਸੀ। ਆਪ ਦੇ ਪਿਤਾ ਮਾਸਟਰ ਦੇਵਰਾਜ ਸਿੰਘ ਅਤੇ ਚਾਚਾ ਜਥੇਦਾਰ ਜਗਦੇਵ ਸਿੰਘ ਤਲਵੰਡੀ ਅਕਾਲੀ ਦਲ ਦੇ ਉੱਘੇ ਨੇਤਾ ਰਹੇ ਹਨ।

ਪੰਥਕ ਜੱਦੋ-ਜਹਿਦ ਵਿੱਚ ਕਦਮ ਰੱਖਦੇ ਹੀ ਅਕਾਲੀ ਸਿਆਸਤ ਦੀਆਂ ਪ੍ਰਤੱਖ ਕਮਜ਼ੋਰੀਆਂ ਨੇ ਭਾਈ ਚਰਨਜੀਤ ਸਿੰਘ ਚੰਨੀ ਅੰਦਰਲੇ ਪੰਥਕ ਜਜ਼ਬੇ ਨੂੰ ਸਿਰਦਾਰ ਕਪੂਰ ਸਿੰਘ ਤੇ ਡਾ. ਭਗਤ ਸਿੰਘ ਵਰਗੇ ਨਿਧੜਕ ਅਤੇ ਜੁਝਾਰੂ ਵਿਦਵਾਨਾਂ ਦੇ ਨੇੜੇ ਲੈ ਆਂਦਾ। ਸਿਰਦਾਰ ਕਪੂਰ ਸਿੰਘ ਦੀ ਸੰਗਤ ਕਰ ਕੇ ਭਾਈ ਚਰਨਜੀਤ ਸਿੰਘ ਚੰਨੀ ਨੇ ਅਨੁਭਵ ਕਰ ਲਿਆ ਕਿ ਸ਼੍ਰੋਮਣੀ ਅਕਾਲੀ ਦਲ ਨਾਂ ਦੀ ਜਥੇਬੰਦੀ ਸਿੱਖਾਂ ਦੀ ਬੇੜੀ ਨੂੰ ਭਵਜਲ 'ਚੋਂ ਕੱਢਣ ਦੇ ਸਮਰੱਥ ਨਹੀਂ ਹੈ। ਇਹੀ ਕਾਰਨ ਸੀ ਕਿ ਆਪ ਅਰੰਭ ਤੋਂ ਹੀ ਇੱਕ ਵੱਖਰਾ ਪੰਥਕ ਫਰੰਟ ਉਭਾਰਨ ਲਈ ਯਤਨਸ਼ੀਲ ਰਹੇ।

ਸੰਨ 1981 ਵਿੱਚ ਭਾਈ ਚਰਨਜੀਤ ਸਿੰਘ ਦਾ ਅਨੰਦ ਕਾਰਜ ਗੁਰਦੇਵ ਨਗਰ ਲੁਧਿਆਣਾ ਦੇ ਸ. ਗੁਰਦਿਆਲ ਸਿੰਘ ਦੀ ਸਪੁੱਤਰੀ ਬੀਬੀ ਹਰਬੰਸ ਕੌਰ ਨਾਲ਼ ਹੋਇਆ। ਫਿਰ ਇਹਨਾਂ ਦੇ ਘਰ ਸੰਨ 1982 ਵਿੱਚ ਪੁੱਤਰ ਤਰਨਦੀਪ ਸਿੰਘ ਅਤੇ ਸੰਨ 1984 ਵਿੱਚ ਦੂਜੇ ਪੁੱਤਰ ਮਨੀਕਰਨ ਸਿੰਘ ਨੇ ਜਨਮ ਲਿਆ। ਪਰ ਇਹਨਾਂ ਦੋਹਾਂ ਪੁੱਤਰਾਂ ਦੇ ਜਨਮ ਦੇ ਵਿਚਕਾਰਲੇ ਸਾਲ ਸੰਨ 1983 ਦੇ ਅਖੀਰ ਵਿੱਚ ਹੀ ਭਾਈ ਚਰਨਜੀਤ ਸਿੰਘ ਚੰਨੀ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲ਼ਿਆਂ ਦੇ ਜੁਝਾਰੂ ਕਾਫ਼ਲੇ ਵਿੱਚ ਸ਼ਾਮਲ ਹੋ ਚੁੱਕੇ ਸਨ।

ਜੂਨ 1984 ਵਿੱਚ ਜਦੋਂ ਬਿਪਰ ਸਾਮਰਾਜ ਦੀਆਂ ਫ਼ੌਜਾਂ ਨੇ ਖ਼ਾਲਸਾ ਪੰਥ ਦੀ ਅਜ਼ਾਦ

ਹਸਤੀ ਦੀ ਬੁਲੰਦ ਹੋ ਰਹੀ ਅਵਾਜ਼ ਨੂੰ ਦਬਾਉਣ ਲਈ ਸ੍ਰੀ ਦਰਬਾਰ ਸਾਹਿਬ ਉੱਪਰ ਫ਼ੌਜੀ ਹਮਲਾ ਕੀਤਾ, ਤਾਂ ਓਦੋਂ ਭਾਈ ਚਰਨਜੀਤ ਸਿੰਘ ਚੰਨੀ ਸ੍ਰੀ ਦਰਬਾਰ ਸਾਹਿਬ ਅੰਦਰ, ਦਰਬਾਰ ਸਾਹਿਬ ਦੀ ਪਵਿੱਤਰਤਾ ਲਈ ਜੂਝਣ ਵਾਲ਼ੀ ਖ਼ਾਲਸਾਈ ਫ਼ੌਜ ਵਿੱਚ ਸ਼ਾਮਲ ਸਨ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਨਾਲ਼ ਵਾਲ਼ੇ ਮੋਰਚੇ 'ਤੇ ਭਾਈ ਚਰਨਜੀਤ ਸਿੰਘ ਚੰਨੀ, ਡਾ. ਭਗਵਾਨ ਸਿੰਘ ਅਤੇ ਪ੍ਰਿੰਸੀਪਲ ਮਹਿੰਦਰ ਸਿੰਘ ਧਾਲੀਵਾਲ਼ ਚਾਰ ਜੂਨ ਤੋਂ ਲੈ ਕੇ ਛੇ ਜੂਨ ਤਕ ਮੋਰਚੇ 'ਤੇ ਸੂਰਬੀਰਤਾ ਦੇ ਜੌਹਰ ਵਿਖਾਉਂਦੇ ਰਹੇ। ਅਖੀਰ ਬੁਖ਼ਲਾ ਕੇ ਫ਼ੌਜ ਨੇ ਜੰਗ ਦੇ ਅਸੂਲ ਵੀ ਛਿੱਕੇ ਟੰਗ ਕੇ ਮਨਾਹੀ ਵਾਲੇ ਅਸਤਰ ਤੇ ਟੈਂਕ ਅੰਦਰ ਦਾਖ਼ਲ ਕਰ ਦਿੱਤੇ। ਜਦੋਂ ਟੈਂਕਾਂ ਸਾਹਵੇਂ ਰਾਈਫ਼ਲਾਂ ਦੀ ਕੋਈ ਪੇਸ਼ ਨਾ ਗਈ ਤਾਂ ਆਪ ਤਿੰਨੋਂ ਸੂਰਮੇ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਦਾ ਇਸ ਵੇਲ਼ੇ ਦਰਬਾਰ ਸਾਹਿਬ 'ਚੋਂ ਬਾਹਰ ਨਿਕਲ਼ ਕੇ ਲੜਾਈ ਅੱਗੇ ਤੋਰਨ ਦਾ ਹੁਕਮ ਮੰਨ ਕੇ ਪਿਛਵਾੜੇ ਦੇ ਮਕਾਨਾਂ ਅੰਦਰ ਜਾ ਵੜੇ। ਜਦੋਂ ਕਰਫ਼ਿਊ ਵਿੱਚ ਦੋ ਘੰਟੇ ਦੀ ਢਿੱਲ ਹੋਈ ਤਾਂ ਆਪ ਪੈਂਟਾਂ-ਕਮੀਜ਼ਾਂ ਪਾ ਕੇ ਹਰਨ ਹੋ ਗਏ।

ਓਥੋਂ ਨਿਕਲ਼ ਕੇ ਆਪ ਨੇ ਸੰਘਰਸ਼ ਨੂੰ ਨਵੇਂ ਸਿਰੇ ਤੋਂ ਅਰੰਭਣ ਦੇ ਗੰਭੀਰ ਯਤਨ ਕਰਨੇ ਸ਼ੁਰੂ ਕੀਤੇ। ਆਪ ਨੇ ਸਿੱਖ ਸਟੂਡੈਂਟਸ ਫ਼ੈਡਰੇਸ਼ਨ ਨੂੰ ਦੁਬਾਰਾ ਜਥੇਬੰਦ ਕੀਤਾ। ਸੰਨ 1985 ਵਿੱਚ ਆਪ ਜਥੇ: ਤਲਵੰਡੀ ਤੋਂ ਸਹਿਯੋਗ ਲੈ ਕੇ ਅਕਾਲੀ ਦਲ ਦੇ ਦਫ਼ਤਰ ਦੇ ਨਾਲ਼ ਹੀ ਸਿੱਖ ਸਟੂਡੈਂਟਸ ਫ਼ੈਡਰੇਸ਼ਨ ਦਾ ਦਫ਼ਤਰ ਦਰਬਾਰ ਸਾਹਿਬ ਵਿਖੇ ਖੋਲ੍ਹਣ ਵਿੱਚ ਸਫਲ ਹੋ ਗਏ। ਇਹੀ ਕਾਰਨ ਸੀ ਕਿ ਆਪ ਮੀਡੀਏ ਵਿੱਚ ਸਿੱਖ ਜਵਾਨੀ ਦੇ ਜਜ਼ਬਾਤਾਂ ਨੂੰ ਉਭਾਰਨ ਵਾਲੀ ਧਿਰ ਵਜੋਂ ਕੇਂਦਰ ਬਿੰਦੂ ਬਣੇ। ਉਸ ਵੇਲੇ ਅਖ਼ਬਾਰੀ ਪੱਤਰਕਾਰਾਂ ਨਾਲ਼ ਗੱਲਬਾਤ ਕਰਦਿਆਂ ਆਪ ਨੇ ਬਹੁਤ ਹੀ ਦੂਰ-ਅੰਦੇਸ਼ੀ ਨਾਲ਼ ਸਿੱਖ ਸੰਘਰਸ਼ ਦੀ ਵਿਆਖਿਆ ਕੀਤੀ। ਰੌਸ਼ਨ ਦਿਮਾਗ਼ ਹੋਣ ਕਾਰਨ ਆਪ ਛੇਤੀ ਹੀ ਜ਼ਾਲਮ ਸਰਕਾਰ ਦੀਆਂ ਅੱਖਾਂ ਵਿੱਚ ਰੜਕਣ ਲੱਗ ਪਏ, ਪਰ ਆਪ ਨੇ ਸਿੱਖ ਸਟੂਡੈਂਟਸ ਫ਼ੈਡਰੇਸ਼ਨ ਨੂੰ ਜਥੇਬੰਦ ਕਰਨ ਲਈ ਆਪਣਾ ਮਿਸ਼ਨ ਜਾਰੀ ਰੱਖਿਆ। ਇਸ ਮਕਸਦ ਲਈ ਆਪ ਸਾਰਾ ਸਾਰਾ ਦਿਨ ਸਾਈਕਲ 'ਤੇ ਸਵਾਰ ਹੋ ਕੇ ਇੱਕ ਦਿਨ ਵਿੱਚ ਕਈ ਕਈ ਪਿੰਡਾਂ ਵਿੱਚ ਘੁੰਮਦੇ ਰਹੇ।

ਸੰਤ ਲੌਂਗੋਵਾਲ ਵੱਲੋਂ ਜਦੋਂ ਹਿੰਦੁਸਤਾਨ ਦੇ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਨਾਲ਼ ਸਿੱਖ ਕੌਮ ਦੇ ਪ੍ਰਤੀਨਿਧ ਵਜੋਂ ਇੱਕ ਬੇਗ਼ੈਰਤੀ ਭਰਪੂਰ ਸਮਝੌਤਾ ਕੀਤਾ ਗਿਆ ਤਾਂ ਭਾਈ ਚਰਨਜੀਤ ਸਿੰਘ ਚੰਨੀ ਦੀ ਅਗਵਾਈ ਵਿੱਚ ਸਿੱਖ ਨੌਜੁਆਨਾਂ ਨੇ ਅੰਮ੍ਰਿਤਸਰ ਪੁੱਜਣ 'ਤੇ ਲੌਂਗੋਵਾਲ਼ ਵਿਰੁੱਧ ਰੋਹ ਭਰਪੂਰ ਰੋਸ ਵਿਖਾਵਾ ਕੀਤਾ। ਇਸ ਵਿਖਾਵੇ ਪਿੱਛੋਂ ਆਪ 'ਤੇ ਤਿੱਖੀ ਨਜ਼ਰ ਰੱਖ ਰਹੀਆਂ ਕੇਂਦਰੀ ਖ਼ੁਫ਼ੀਆ ਏਜੰਸੀਆਂ ਦੀਆਂ ਰਿਪੋਰਟਾਂ ਨਾਲ਼ ਦਿੱਲੀ ਦੇ ਹਾਕਮ ਨੂੰ ਆਪ ਨੂੰ ਰਾਹ 'ਚੋਂ ਹਟਾਉਣ ਲਈ ਬੇਚੈਨ ਹੋ ਉੱਠੇ। ਸ਼ਾਇਦ ਇਹੀ ਕਾਰਨ ਸੀ ਕਿ ਲੌਂਗੋਵਾਲ਼ ਦੇ ਕਤਲ ਵਿੱਚ ਆਪ ਨੂੰ ਇਸ ਕਤਲ ਦੀ ਸਾਜ਼ਿਸ਼ ਵਿੱਚ ਨਾਮਜ਼ਦ ਕਰ ਲਿਆ ਗਿਆ।

ਕੇਸ ਦਰਜ ਹੋਣ ਤੋਂ ਬਾਅਦ ਆਪ ਫਿਰ ਰੂਪੋਸ਼ ਹੋ ਗਏ ਤੇ ਹਥਿਆਰਬੰਦ ਸਿੱਖ ਸੰਘਰਸ਼ ਨੂੰ ਦਿਸ਼ਾ-ਨਿਰਦੇਸ਼ ਦੇਣ ਲੱਗੇ। ਆਪ ਦੇ ਸੰਘਰਸ਼ ਵਿਚਲੇ ਨੇੜਲੇ ਸਾਥੀਆਂ ਵਿੱਚੋਂ ਭਾਈ ਹਰਜਿੰਦਰ ਸਿੰਘ ਜਿੰਦਾ, ਭਾਈ ਸੁਖਦੇਵ ਸਿੰਘ ਸੁੱਖਾ, ਜਨਰਲ ਲਾਭ ਸਿੰਘ, ਭਾਈ ਦਲਜੀਤ ਸਿੰਘ ਬਿੱਟੂ, ਭਾਈ ਮਥਰਾ ਸਿੰਘ, ਭਾਈ ਰਣਜੀਤ ਸਿੰਘ ਕੁੱਕੀ, ਭਾਈ ਸੁਖਵਿੰਦਰ ਸਿੰਘ ਸੁੱਖੀ,

ਭਾਈ ਸੁਖਵਿੰਦਰ ਸਿੰਘ ਕੇ.ਸੀ. ਸ਼ਰਮਾ, ਭਾਈ ਹਰਿੰਦਰ ਸਿੰਘ ਬੰਟੀ, ਭਾਈ ਜਰਨੈਲ ਸਿੰਘ ਹਲਵਾਰਾ ਆਦਿ ਪ੍ਰਮੁੱਖ ਸਨ। ਬਾਅਦ ਵਿੱਚ ਆਪ ਨੇ ਸਾਰੀਆਂ ਹੀ ਜੁਝਾਰੂ ਜਥੇਬੰਦੀਆਂ ਨੂੰ ਇੱਕ ਮੰਚ 'ਤੇ ਇਕੱਠੇ ਕਰਨ ਦੇ ਭਰਪੂਰ ਯਤਨ ਕੀਤੇ, ਜੋ ਭਾਵੇਂ ਪੂਰੀ ਤਰ੍ਹਾਂ ਸਫਲ ਨਾ ਹੋਏ, ਪਰ ਚਾਰ ਜੁਝਾਰੂ ਜਥੇਬੰਦੀਆਂ ਨੂੰ ਇੱਕ ਪਲੇਟਫਾਰਮ 'ਤੇ ਇਕੱਠੇ ਕਰਨ ਦਾ ਸਬੱਬ ਜ਼ਰੂਰ ਬਣ ਗਏ।

ਆਪ ਸਿੱਖ ਜੁਝਾਰੂ ਲਹਿਰ ਦੇ ਅਹਿਮ ਦਿਮਾਗ ਮੰਨੇ ਜਾਂਦੇ ਸਨ। ਦੂਰਅੰਦੇਸ਼ ਏਨੇ ਸਨ ਕਿ ਭਾਈ ਹਰਜਿੰਦਰ ਸਿੰਘ ਜਿੰਦਾ ਨੇ ਕਈ ਥਾਂਵਾਂ 'ਤੇ ਮੰਨਿਆ ਕਿ ਅਹਿਮ ਮੀਟਿੰਗਾਂ ਵਿੱਚ ਕੁਝ ਪੰਥਕ ਲੀਡਰਾਂ ਬਾਰੇ ਚੰਨੀ ਵੱਲੋਂ ਪ੍ਰਗਟ ਕੀਤੇ ਖਦਸ਼ੇ ਬਾਅਦ ਵਿੱਚ ਅੱਖਰ-ਅੱਖਰ ਸੱਚ ਸਾਬਤ ਹੋਏ। ਆਪ ਦੇ ਸਾਥੀਆਂ ਅਨੁਸਾਰ ਆਪ ਵਿੱਚ ਆਤਮ-ਵਿਸ਼ਵਾਸ ਤੇ ਨਿਡਰਤਾ ਐਨੀ ਸੀ ਕਿ ਪੁਲੀਸ ਦੇ ਨਾਕਿਆਂ ਤੋਂ ਅਤੇ ਪੁਲੀਸ ਅਫ਼ਸਰਾਂ ਨਾਲ਼ ਗੱਲਬਾਤ ਕਰ ਕੇ ਨਿਕਲ਼ ਜਾਂਦੇ ਸਨ ਤੇ ਕੋਈ ਸਮਝ ਹੀ ਨਹੀਂ ਸੀ ਸਕਦਾ ਇਹ ਨੌਜਵਾਨ ਜੁਝਾਰੂ ਲਹਿਰ ਦਾ ਜਰਨੈਲ ਹੈ।

ਆਪ ਦੇ ਨੇੜਲੇ ਸਾਥੀ ਰਹੇ ਕੁਝ ਵੀਰਾਂ ਦੇ ਦੱਸਣ ਅਨੁਸਾਰ ਫਗਵਾੜੇ ਇੱਕ ਜਥੇਦਾਰ ਦੇ ਘਰ ਆਪ ਅਤੇ ਸਾਥੀਆਂ ਦੀ ਠਾਹਰ ਹੁੰਦੀ ਸੀ, ਪਰ ਇੱਕ ਸਮੇਂ ਉਹ ਪਰਿਵਾਰ ਡੋਲ ਗਿਆ ਤੇ ਉਸ ਨੇ ਪੁਲੀਸ ਨੂੰ ਦੱਸ ਦਿੱਤਾ ਕਿ ਫਲਾਣੇ ਦਿਨ ਇੱਥੇ ਚੋਟੀ ਦੇ ਖਾੜਕੂਆਂ ਨੇ ਮੀਟਿੰਗ ਕਰਨ ਆਉਣਾ ਹੈ। ਭਾਈ ਦਰਸ਼ਨ ਸਿੰਘ ਡੱਲਾ ਇਸ ਮੀਟਿੰਗ ਲਈ ਸਵੇਰੇ ਹੀ ਪਹੁੰਚ ਗਏ, ਪਰ ਭਾਈ ਚਰਨਜੀਤ ਸਿੰਘ ਤੇ ਭਾਈ ਅਵਤਾਰ ਸਿੰਘ ਦਾਊਮਾਜ਼ਰਾ ਤੇ ਇੱਕ ਹੋਰ ਸਿੰਘ ਥੋੜ੍ਹਾ ਚਿਰ ਨਾਲ਼ ਪਹੁੰਚੇ। ਪਰ ਭਾਈ ਚਰਨਜੀਤ ਸਿੰਘ ਚੰਨੀ ਪਰਿਵਾਰ ਵਾਲ਼ਿਆਂ ਦੇ ਚਿਹਰੇ ਵੇਖ ਕੇ ਹੀ ਸਮਝ ਗਏ ਕਿ ਕੋਈ ਗੜਬੜ ਹੈ, ਪਰ ਫਿਰ ਵੀ ਉਹਨਾਂ ਨੇ ਆਪਣੇ ਚਿਹਰੇ ਤੋਂ ਪਰਿਵਾਰ ਨੂੰ ਇਹ ਪ੍ਰਗਟ ਨਹੀਂ ਹੋਣ ਦਿੱਤਾ ਕਿ ਅਸੀਂ ਖ਼ਤਰੇ ਬਾਰੇ ਜਾਣ ਗਏ ਹਾਂ।

ਐਨ ਮੌਕੇ ਪੁਲੀਸ ਤੇ ਸੀ.ਆਰ.ਪੀ. ਵੀ ਪਹੁੰਚ ਗਈ। ਇਸ ਵੇਲ਼ੇ ਭਾਈ ਚਰਨਜੀਤ ਸਿੰਘ ਚੰਨੀ ਵੱਲੋਂ ਬੇਖ਼ੌਫ਼ ਹੋ ਕੇ ਕੀਤੇ ਗਏ ਆਤਮ-ਵਿਸ਼ਵਾਸ ਦਾ ਮੁਜ਼ਾਹਰਾ ਕਮਾਲ ਦਾ ਸੀ। ਪੁਲੀਸ ਤੇ ਸੀ.ਆਰ.ਪੀ. ਨੂੰ ਵੇਖ ਕੇ ਹੈਰਾਨੀ ਜਾਂ ਗ਼ੁੱਸੇ ਵਾਲ਼ਾ ਪ੍ਰਤੀਕਰਮ ਪ੍ਰਗਟ ਕਰਨ ਦੀ ਬਜਾਏ ਆਪ ਨੇ ਮੁਸਕਰਾ ਕੇ ਉਹਨਾਂ ਨਾਲ਼ ਹੱਥ ਮਿਲ਼ਾ ਕੇ ਆਪਣੀ ਤੇ ਆਪਣੇ ਸਾਥੀਆਂ ਦੀ ਜਾਣ-ਪਛਾਣ ਕਰਵਾਈ ਤੇ ਪੁਲੀਸ ਵਾਲ਼ਿਆਂ ਨੂੰ ਓਥੇ ਲੁਕਵੀਂ ਥਾਂ 'ਤੇ ਘਾਤ ਲਾ ਕੇ ਬੈਠ ਜਾਣ ਲਈ ਕਿਹਾ। ਪੁਲੀਸ ਵਾਲ਼ੇ ਇਹੀ ਸਮਝੇ ਕਿ ਇਹ ਪਰਿਵਾਰ ਦੇ ਰਿਸ਼ਤੇਦਾਰ ਨੌਜਵਾਨ ਹੀ ਹਨ, ਜੁਝਾਰੂਆਂ ਨੇ ਤਾਂ ਅਜੇ ਆਉਣਾ ਹੈ।

ਇਸ ਤਰ੍ਹਾਂ ਪੁਲਸੀਆਂ ਨੂੰ ਖੂੰਜਿਆਂ 'ਚ ਵਾੜ ਕੇ ਆਪ ਸਾਰੇ ਸਿੰਘਾਂ ਸਮੇਤ ਪੂਰੇ ਆਤਮ-ਵਿਸ਼ਵਾਸ ਨਾਲ਼ ਬਾਹਰ ਨਿਕਲ਼ ਗਏ। ਜਦੋਂ ਤਕ ਪੁਲੀਸ ਨੂੰ ਪਤਾ ਲੱਗਾ ਕਿ ਇਹ ਨੌਜਵਾਨ ਆਪ ਹੀ ਜੁਝਾਰੂ ਸਿੰਘ ਸਨ ਤਾਂ ਓਦੋਂ ਤਕ ਆਪ ਉਹਨਾਂ ਦੀ ਪਕੜ 'ਚੋਂ ਨਿਕਲ਼ ਚੁੱਕੇ ਸਨ।

ਆਪ ਦੀ ਅਜਿਹੀ ਬੇਖ਼ੌਫ਼ ਸ਼ਖ਼ਸੀਅਤ ਅਤੇ ਪੂਰੇ ਆਤਮ-ਵਿਸ਼ਵਾਸ ਨਾਲ਼ ਆਪ ਨੂੰ ਨਾਕੇ ਪਾਰ ਕਰਦਿਆਂ ਵੇਖ ਕੇ ਨਵੇਂ ਰੰਗਰੂਟ ਵੀ ਆਤਮ-ਵਿਸ਼ਵਾਸ, ਦੂਰ-ਅੰਦੇਸ਼ ਤੇ ਠਰ੍ਹੰਮੇ ਵਾਲ਼ੇ ਵਰਕਰ ਬਣ ਕੇ ਉੱਭਰਦੇ ਸਨ।

ਜਥੇ: ਜਗਦੇਵ ਸਿੰਘ ਤਲਵੰਡੀ ਬੇਸ਼ੱਕ ਆਪ ਦੇ ਸਕੇ ਚਾਚਾ ਸਨ, ਪਰ ਉਹਨਾਂ ਉੱਪਰ ਹੋਏ ਕਾਤਲਾਨਾ ਹਮਲੇ ਵਿੱਚ ਵੀ ਪੁਲੀਸ ਨੇ ਆਪ ਦਾ ਨਾਂ ਨਾਮਜਦ ਕਰ ਕੇ ਆਪ ਦੇ ਪਰਿਵਾਰ ਨੂੰ ਤੰਗ-ਪ੍ਰੇਸ਼ਾਨ ਕਰਨ ਦੀ ਇੰਤਹਾ ਕਰ ਦਿੱਤੀ। ਆਪ ਦੀ ਪਤਨੀ ਨੂੰ ਵੀ ਅੰਡਰ-ਗਰਾਊਂਡ ਰਹਿ ਕੇ ਸਰਕਾਰੀ ਕਹਿਰ ਤੋਂ ਆਪਾ ਬਚਾਉਣਾ ਪਿਆ, ਫਿਰ ਵੀ ਆਪ ਠਰ੍ਹੰਮੇ ਵਿੱਚ ਰਹਿ ਕੇ ਪੰਥ ਦੀ ਸੇਵਾ ਕਰਦੇ ਰਹੇ।

ਆਪ ਗੁਰਬਾਣੀ ਬਹੁਤ ਪੜ੍ਹਦੇ ਸਨ ਅਤੇ ਸੁਖਮਨੀ ਸਾਹਿਬ ਸਮੇਤ ਕਈ ਬਾਣੀਆਂ ਆਪ ਨੂੰ ਜ਼ੁਬਾਨੀ ਕੰਠ ਸਨ। ਆਪ ਦੇ ਪਰਿਵਾਰ ਉੱਪਰ ਪੁਲੀਸ ਅਤੇ ਸੀ.ਆਰ.ਪੀ. ਦੇ ਝੁੱਲਦੇ ਕਹਿਰ ਦੇ ਮੱਦੇਨਜ਼ਰ ਆਪ ਦੀ ਸਿੰਘਣੀ ਨੂੰ ਬੱਚੇ ਕਿਤੇ ਹੋਰ ਲੁਕਾ ਕੇ ਆਪ ਕਿਤੇ ਹੋਰ ਰਹਿਣਾ ਪੈ ਰਿਹਾ ਸੀ।

ਅਖੀਰ ਉਹ ਦਿਨ ਆ ਗਿਆ, ਜੋ ਹਰ ਇੱਕ ਜੁਝਾਰੂ ਦੀ ਜ਼ਿੰਦਗੀ ਵਿੱਚ ਆਉਣਾ ਹੀ ਹੁੰਦਾ ਹੈ ਤੇ ਜਿਸ ਬਾਰੇ ਹਰ ਜੁਝਾਰੂ ਪਹਿਲਾਂ ਹੀ ਤਿਆਰ ਹੁੰਦਾ ਹੈ। ਮਿਤੀ 1 ਜੂਨ 1989 ਨੂੰ ਕਿਸੇ ਮੁਖ਼ਬਰ ਦੀ ਸੂਹ 'ਤੇ ਪੰਜਾਬ ਪੁਲੀਸ ਨੇ ਆਪ ਨੂੰ ਮੋਹਾਲੀ ਦੇ ਫੇਜ਼ 7 ਵਿੱਚ ਖ਼ਾਲੀ ਹੱਥ ਇੱਕ ਕਾਰ 'ਤੇ ਜਾਂਦਿਆਂ ਗ੍ਰਿਫ਼ਤਾਰ ਕਰ ਲਿਆ।

ਭਾਈ ਚੰਨੀ ਦੀ ਗ੍ਰਿਫ਼ਤਾਰੀ ਪੁਲਸ ਦੇ ਬੁੱਚੜਾਂ ਲਈ ਇੱਕ ਵੱਡੀ ਪ੍ਰਾਪਤੀ ਮੰਨੀ ਜਾ ਰਹੀ ਸੀ। ਉਹ ਭਾਈ ਚੰਨੀ ਦੀ ਛਾਤੀ ਵਿੱਚੋਂ ਜੁਝਾਰੂ ਲਹਿਰ ਦੇ ਅਹਿਮ ਭੇਤ ਕਢਵਾ ਲੈਣ ਲਈ ਆਸਵੰਦ ਸਨ। ਇਸੇ ਹੀ ਆਸ ਵਿੱਚ ਆਪ ਉੱਪਰ ਖਰੜ ਅਤੇ ਮੁਹਾਲੀ ਦੇ ਕਈ ਥਾਣਿਆਂ ਵਿੱਚ ਲਗਾਤਾਰ ਅੰਨ੍ਹਾ ਤਸ਼ੱਦਦ ਕੀਤਾ ਗਿਆ ਪਰ ਹਿੰਦੁਸਤਾਨੀ ਹਕੂਮਤ ਇਸ ਖ਼ਾਲਸਤਾਨੀ ਸ਼ੇਰ ਦੀ ਛਾਤੀ ਵਿੱਚੋਂ ਇੱਕ ਵੀ ਭੇਤ ਨਾ ਕਢਵਾ ਸਕੀ।

ਅਖੀਰ 2 ਜੂਨ 1989 ਨੂੰ ਇੱਕ ਝੂਠਾ ਪੁਲੀਸ ਮੁਕਾਬਲਾ ਸ਼ੋਅ ਕਰ ਕੇ ਭਾਈ ਚਰਨਜੀਤ ਸਿੰਘ ਚੰਨੀ ਦੇ ਖਰੜ ਵਿਖੇ ਮਾਰੇ ਜਾਣ ਦੀ ਖ਼ਬਰ ਨਸ਼ਰ ਕੀਤੀ ਗਈ। ਆਪ ਦੀ ਮਿਰਤਕ ਦੇਹ ਪਰਿਵਾਰ ਨੂੰ ਸੌਂਪਣ ਦੀ ਬਜਾਏ ਚੋਰੀ ਛਿਪੇ ਖ਼ੁਦ ਹੀ ਪੁਲੀਸ ਨੇ ਸਸਕਾਰ ਕਰ ਦਿੱਤਾ। ਸ਼ਾਇਦ ਉਹ ਡਰਦੇ ਸਨ ਕਿ ਕਿਤੇ ਸ਼ਹੀਦ ਦੇ ਲਹੂ ਦੀ ਲੋਅ ਉਸ ਦੇ ਵਾਰਸਾਂ ਦੇ ਲਹੂ ਵਿੱਚ ਵੀ ਇਨਕਲਾਬੀ ਚਿਣਗ ਨਾ ਮਘਾ ਦੇਵੇ। ਪਰ ਸ਼ੇਰਾਂ ਨੂੰ ਖਤਮ ਕਰ ਕੇ ਆਪਣਾ ਲੁੰਬਤ ਰਾਜ ਸੁਰੱਖਿਅਤ ਕਰਨ ਦੇ ਬਚਕਾਨਾ ਰਾਹ ਤੁਰੇ ਹਾਕਮ ਸ਼ਾਇਦ ਇਹ ਸਮਝਣੋਂ ਅਸਮਰਥ ਹਨ ਕਿ ਸ਼ਹੀਦਾਂ ਦੇ ਲਹੂ ਦੀ ਲੋਅ ਨੂੰ ਸੰਗੀਨਾਂ ਦੇ ਪਹਿਰਿਆਂ ਵਿੱਚ ਕੈਦ ਕਰ ਕੇ ਮਹਿਕ ਬਿਖੇਰਨੋਂ ਨਹੀਂ ਰੋਕਿਆ ਜਾ ਸਕਦਾ। ਜਦੋਂ ਕੋਈ ਜੁਝਾਰੂ ਸ਼ਹੀਦ ਹੁੰਦਾ ਹੈ ਤਾਂ ਉਸ ਦੀ ਵਿਚਾਰਧਾਰਾ ਪ੍ਰਤੀ ਲੋਕਾਂ ਦਾ ਵਿਸ਼ਵਾਸ ਹੋਰ ਪ੍ਰਪੱਕ ਹੋ ਜਾਂਦਾ ਹੈ। ਭਾਈ ਚਰਨਜੀਤ ਸਿੰਘ ਚੰਨੀ ਵਰਗੇ ਸ਼ਹੀਦਾਂ ਦਾ ਡੁੱਲ੍ਹਿਆ ਲਹੂ ਖ਼ਾਲਸੇ ਦੀ ਅਜ਼ਾਦ ਹਸਤੀ ਅਤੇ ਰੁਤਬੇ ਉੱਪਰ ਇਸ ਕਦਰ ਪਹਿਰਾ ਦਿੰਦਾ ਰਹੇਗਾ ਕਿ ਖ਼ਾਲਸੇ ਨੂੰ ਗ਼ੁਲਾਮੀ ਦਾ ਅਹਿਸਾਸ ਕਰਾਉਣ ਤੁਰੀ ਕਿਸੇ ਵੀ ਪਾਪ ਦੀ ਜੰਞ ਦੇ ਨਾਪਾਕ ਪੈਰ ਇਸ ਅਜ਼ਾਦ ਹਸਤੀ ਨੂੰ ਦਬਾਈ ਰੱਖਣ 'ਚ ਸਫਲ ਨਹੀਂ ਹੋ ਸਕਣਗੇ।

* * * * *

ਜਦ ਡੁੱਲ੍ਹਦਾ ਖੂਨ ਸ਼ਹੀਦਾਂ ਦਾ, ਤਕਦੀਰ ਬਦਲਦੀ ਕੌਮਾਂ ਦੀ।
ਰੱਸੀਆਂ ਨਾਲ ਖੇਡਣ ਲੱਗਿੰਦੇ ਜਾਂ,
ਤਸਵੀਰ ਬਦਲਦੀ ਕੌਮਾਂ ਦੀ।

ਨਿਧੜਕ ਤੇ ਜਾਂਬਾਜ਼ ਦਲੇਰੀ ਦਾ ਮੁਜੱਸਮਾ

ਸ਼ਹੀਦ ਭਾਈ ਅਨੋਖ ਸਿੰਘ ਉਬੋਕੇ

"ਓਇ ਨਈਂ ! ਜਦੋਂ ਮੈਂ ਪੁਰਾਣਾ ਇਤਿਹਾਸ ਪੜ੍ਹਦਾ ਸੀ ਤਾਂ ਕਚੀਚੀਆਂ ਆਉਂਦੀਆਂ ਸੀ ਭਈ ਮਨਾਂ ਓਦੋਂ ਮੈਂ ਹੁੰਦਾ, ਪਰ ਹੁਣ ਓਹੀ ਸਮਾਂ ਫੇਰ ਆਇਐ ਤੇ ਹੁਣ ਮੈਂ ਘਰ ਬਹਿ ਜਾਂ ...?"

ਇਹ ਸਨ ਉਹ ਸ਼ਬਦ ਜੋ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਦੇ ਨਜਦੀਕੀ ਸਾਥੀ ਸ਼ਹੀਦ ਭਾਈ ਅਨੋਖ ਸਿੰਘ ਉਬੋਕੇ ਨੇ ਆਪਣੇ ਪਰਿਵਾਰ ਵਿੱਚੋਂ ਕਿਸੇ ਦੇ ਉਸ ਨੂੰ ਸੰਘਰਸ਼ ਦਾ ਰਾਹ ਛੱਡ ਕੇ ਘਰ ਬੈਠ ਜਾਣ ਲਈ ਜ਼ੋਰ ਪਾਏ ਜਾਣ ਉੱਤੇ ਕਹੇ। ਇਹਨਾਂ ਸ਼ਬਦਾਂ ਦੇ ਵਿੱਚੋਂ ਇੱਕ ਜੁਝਾਰੂ ਸਿੰਘ ਦੇ ਆਪਣੀ ਕੌਮ ਲਈ ਕੁਝ ਕਰ ਗੁਜ਼ਰਨ ਦਾ ਜਜ਼ਬਾ ਠਾਠਾਂ ਮਾਰਦਾ ਹੈ। ਇਸ ਜੁਝਾਰੂ ਭਾਈ ਅਨੋਖ ਸਿੰਘ ਦਾ ਸਮੁੱਚਾ ਜੀਵਨ ਹੀ ਬਹਾਦਰੀ ਦੀ ਇੱਕ ਮਿਸਾਲ ਮੰਨਿਆ ਜਾ ਸਕਦਾ ਹੈ।

ਭਾਈ ਅਨੋਖ ਸਿੰਘ ਦਾ ਜਨਮ 18 ਪੋਹ 1952 ਨੂੰ ਪਿੰਡ ਉਬੋਕੇ, ਤਹਿਸੀਲ ਪੱਟੀ, ਅੰਮ੍ਰਿਤਸਰ ਵਿਖੇ ਮਾਤਾ ਬੀਬੀ ਪ੍ਰੀਤਮ ਕੌਰ ਦੀ ਕੁੱਖੋਂ, ਪਿਤਾ ਸ: ਜਸਵਿੰਦਰ ਸਿੰਘ ਫ਼ੌਜੀ ਦੇ ਘਰ ਹੋਇਆ। ਆਪ ਜੀ ਇੱਕ ਭੈਣ ਹਰਦੀਪ ਕੌਰ ਤੇ ਭਰਾ ਹਰਪਾਲ ਸਿੰਘ ਦੋਹਾਂ ਤੋਂ ਵੱਡੇ ਸਨ।

ਆਪ ਨੇ ਪ੍ਰਾਇਮਰੀ ਤਕ ਵਿੱਦਿਆ ਪਿੰਡ ਦੇ ਸਕੂਲ ਵਿੱਚੋਂ ਹੀ ਪ੍ਰਾਪਤ ਕੀਤੀ ਤੇ ਇਸ ਪਿੱਛੋਂ ਬਾਹਮਣੀ ਵਾਲਾ ਦੇ ਸਕੂਲ ਵਿਚ ਦਾਖ਼ਲਾ ਲੈ ਲਿਆ। ਓਥੇ ਅਜੇ ਆਪ ਨੌਂਵੀਂ ਕਲਾਸ ਵਿਚ ਹੀ ਪੜ੍ਹਦੇ ਸਨ ਕਿ ਆਪ ਨੇ ਆਪਣੀ ਨਿਡਰਤਾ ਤੇ ਦਲੇਰੀ ਦੇ ਗੁਣਾਂ ਦਾ ਪਹਿਲਾ ਰੰਗ ਵਿਖਾ ਦਿੱਤਾ। ਆਪ ਦੇ ਪਰਿਵਾਰ ਦੀ ਪਿੰਡ ਵਿਚ ਇੱਕ ਪੁਰਾਣੀ ਦੁਸ਼ਮਣੀ ਸੀ, ਤੇ ਓਹਨਾਂ ਵੱਲੋਂ ਆਪ ਦੇ ਚਾਚੇ ਦਾ ਕਤਲ ਕੀਤਾ ਗਿਆ ਸੀ। ਭਾਵੇਂ ਕਿ ਰਾਜ਼ੀਨਾਮਾ ਵੀ ਹੋ ਚੁੱਕਾ ਸੀ, ਪਰ ਕਿਸੇ ਨੇ ਭਾਈ ਅਨੋਖ ਸਿੰਘ ਨੂੰ ਦੱਸ ਦਿੱਤਾ ਕਿ ਫਲਾਣੇ ਬੰਦੇ ਨੇ ਤੇਰਾ ਚਾਚਾ ਮਾਰਿਆ ਸੀ।

ਏਨੀ ਕੁ ਜਾਣਕਾਰੀ 15 ਕੁ ਸਾਲ ਦੇ ਅਨੋਖ ਸਿੰਘ ਲਈ ਧਮਾਕੇ ਵਰਗੀ ਸੀ ਤੇ ਦੱਸੀ ਗਈ ਗੱਲ ਇੱਕ ਮਿਹਣੇ ਵਰਗੀ। ਅਨੋਖ ਸਿੰਘ ਨੇ ਆਪਣੇ ਕੁਝ ਸਾਥੀਆਂ ਨਾਲ ਕਿਰਪਾਨਾਂ ਗੰਡਾਸੇ ਲੈ ਕੇ ਉਕਤ (ਆਪਣੇ ਚਾਚੇ ਦੇ) ਕਾਤਲ ਨੂੰ ਦਿਨ-ਦਿਹਾੜੇ ਵੱਢ ਸੁੱਟਿਆ।

ਇਸ ਪਿੱਛੋਂ ਆਪ ਗ੍ਰਿਫ਼ਤਾਰ ਕਰ ਲਏ ਗਏ ਤੇ ਅੰਮ੍ਰਿਤਸਰ ਜੇਲ੍ਹ ਵਿੱਚ ਰਹੇ। ਇੱਕ ਸਾਲ ਵਿੱਚ ਹੀ ਆਪ ਦਾ ਕੇਸ ਬਰੀ ਹੋ ਗਿਆ ਤੇ ਆਪ ਘਰ ਆ ਗਏ। ਹੁਣ ਹੋਰ ਪੜ੍ਹਾਈ ਕਰਨ ਦੀ ਬਜਾਏ ਆਪ ਨੇ ਵਾਢੀ ਕਰਨ ਵਿੱਚ ਪਿਤਾ ਦੀ ਮਦਦ ਕਰਨੀ ਅਰੰਭ ਕਰ ਦਿੱਤੀ।

ਅੰਮ੍ਰਿਤਸਰ ਜੇਲ੍ਹ ਵਿੱਚ ਇੱਕ ਸਾਲ ਰਹਿਣ ਦੌਰਾਨ ਆਪ ਨੂੰ ਸਿੱਖ ਇਤਿਹਾਸ ਦੀਆਂ ਕਈ ਕਿਤਾਬਾਂ ਪੜ੍ਹਨ ਦਾ ਸੁਭਾਗ ਪ੍ਰਾਪਤ ਹੋਇਆ। ਆਪ ਦੇ ਕੇਸ ਕੱਟੇ ਹੋਏ ਸਨ। ਸਿੱਖ ਇਤਿਹਾਸ ਨੇ ਆਪ ਨੂੰ ਟੁੰਬਿਆ ਜ਼ਰੂਰ, ਪਰ ਵਰਤਮਾਨ ਵਿੱਚ ਉਸ ਇਤਿਹਾਸ ਦੇ ਮੇਚ ਦੀ ਕੋਈ ਸ਼ਖ਼ਸੀਅਤ ਨਾ ਹੋਣ ਜਾਂ ਕੋਈ ਆਮ ਹਾਲਾਤ ਨਾ ਦਿਸਣ ਕਾਰਨ ਆਪ ਸਿੱਖ ਧਰਮ ਵੱਲ ਨਾ ਮੁੜੇ।

ਬਰੀ ਹੋਣ ਪਿੱਛੋਂ ਆਪ ਲਾਇਸੰਸੀ ਹਥਿਆਰਾਂ ਨਾਲ਼ ਹਰ ਵੇਲੇ ਤਿਆਰ-ਬਰ-ਤਿਆਰ ਤੇ ਚੁਕੰਨੇ ਰਹਿੰਦੇ। ਸੰਨ 1978 ਦੇ ਸਾਕੇ ਤੋਂ ਬਾਅਦ ਦੀ ਘਟਨਾ ਹੈ ਕਿ ਆਪ ਦੀ ਪਿੰਡ ਵਿੱਚ ਕਿਸੇ ਨਾਲ਼ ਲੜਾਈ ਹੋ ਪਈ। ਇਸ ਪਿੱਛੋਂ ਪੁਲੀਸ ਆਪ ਨੂੰ ਫੜਨ ਪਿੰਡ ਆਈ। ਆਪ ਨੇ ਆਪਣੇ ਲਾਇਸੰਸੀ ਹਥਿਆਰਾਂ ਨਾਲ਼ ਹੀ ਪੁਲੀਸ 'ਤੇ ਵੀ ਗੋਲ਼ੀ ਚਲਾ ਦਿੱਤੀ। ਅੱਗੋਂ ਪੁਲੀਸ ਨੇ ਵੀ ਗੋਲ਼ੀ ਚਲਾਈ ਤੇ ਮੁਕਾਬਲਾ ਅਰੰਭ ਹੋ ਗਿਆ। ਤਿੰਨ ਘੰਟੇ ਇਹ ਮੁਕਾਬਲਾ ਚੱਲਿਆ। ਆਪ ਦੇ ਪੈਰ 'ਤੇ ਗੋਲ਼ੀ ਵੱਜੀ ਪਰ ਆਪ ਬਚ ਕੇ ਨਿਕਲ਼ ਗਏ।

ਪਿੰਡ ਦੇ ਅਕਾਲੀ ਲੀਡਰ ਮੇਜਰ ਸਿੰਘ ਉਬੋਕੇ ਨੇ ਕਿਤੇ ਪਾਸੇ ਰਹਿ ਕੇ ਇਲਾਜ ਕਰਵਾਉਣ ਲਈ ਕਿਹਾ ਤੇ ਫਿਰ ਖੁਦ ਹੀ ਇਸ ਮੰਤਵ ਨਾਲ਼ ਆਪ ਨੂੰ ਗੁਰੂ ਨਾਨਕ ਨਿਵਾਸ, ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਭੇਜ ਦਿੱਤਾ। ਓਥੇ ਹੀ ਉਹਨੀਂ ਦਿਨੀਂ ਵੀਹਵੀਂ ਸਦੀ ਦੇ ਮਹਾਨ ਸਿੱਖ ਆਗੂ ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲ਼ੇ ਵੀ ਰਹਿ ਰਹੇ ਸਨ। ਕੁਦਰਤ ਨੇ ਭਾਈ ਅਨੋਖ ਸਿੰਘ ਦੀ ਜਾਂਬਾਜ਼ੀ ਨੂੰ ਸਹੀ ਦਿਸ਼ਾ ਦੇਣ ਲਈ ਉਹਨਾਂ ਨੂੰ ਵੀਹਵੀਂ ਸਦੀ ਦੀ ਸਿੱਖ ਵੀਰਤਾ ਦੇ ਸੁਚੱਜੇ ਨਿਰਦੇਸ਼ਕ ਦੇ ਕੋਲ਼ ਭੇਜ ਦਿੱਤਾ ਸੀ।

ਸੰਤ ਜਰਨੈਲ ਸਿੰਘ ਜੀ ਦੀ ਨਿਗ੍ਹਾ ਆਪ 'ਤੇ ਪਈ ਤਾਂ ਉਹਨਾਂ ਨੇ ਪੁੱਛਿਆ- "ਤੇਰੇ ਪੈਰ 'ਤੇ ਕੀ ਹੋਇਐ?"

ਅਨੋਖ ਸਿੰਘ ਨੇ ਦੱਸਿਆ: "ਗੋਲ਼ੀ ਵੱਜੀ ਐ"।

"ਕਿਵੇਂ...?"

ਇਸ ਦੇ ਜਵਾਬ ਵਿੱਚ ਜਦੋਂ ਅਨੋਖ ਸਿੰਘ ਨੇ ਸਾਰੀ ਕਹਾਣੀ ਸੁਣਾਈ ਤਾਂ ਸੰਤਾਂ ਨੇ ਮੁਸਕਰਾ ਕੇ ਮੋਢਾ ਥਾਪੜਦਿਆਂ ਕਿਹਾ,

"ਫਿਰ ਤਾਂ ਤੂੰ ਸਾਡੇ ਕੰਮ ਦਾਂ......"।

ਇਸ ਪਿੱਛੋਂ ਆਪ ਦਾ ਸੰਤਾਂ ਨਾਲ਼ ਮੇਲ਼-ਮਿਲਾਪ ਅਰੰਭ ਹੋਇਆ। ਆਪ ਕਈ ਕਈ ਘੰਟੇ ਸੰਤਾਂ ਨਾਲ ਬੈਠੇ ਗੱਲਾਂ ਕਰਦੇ ਰਹਿੰਦੇ। ਆਪ ਦੇ ਕੇਸ ਕੱਟੇ ਹੋਏ ਸਨ। ਹੈਰਾਨੀ ਦੀ ਗੱਲ ਸੀ ਕਿ ਸੰਤਾਂ ਨੇ ਆਪ ਨੂੰ ਕੇਸ ਰੱਖਣ ਲਈ ਵੀ ਖ਼ੁਦ ਨਹੀਂ ਕਿਹਾ। ਸੰਤਾਂ ਦੇ ਜਥੇ ਦੇ ਕਈ ਸਿੰਘ ਵੀ ਇਤਰਾਜ਼ ਕਰਦੇ ਸਨ ਕਿ ਇਹ ਘੋਨਾ ਜਿਹਾ ਸੰਤਾਂ ਕੋਲ਼ ਦੋ ਦੋ ਘੰਟੇ ਬੈਠਾ ਰਹਿੰਦਾ ਹੈ, ਪਰ

ਉਹਨਾਂ ਨੂੰ ਨਹੀਂ ਸੀ ਪਤਾ ਕਿ ਸੰਤ ਜਰਨੈਲ ਸਿੰਘ ਨੇ ਇਸ ਘੋਨੇ ਜਿਹੇ ਨੌਜਵਾਨ ਅੰਦਰਲੀ ਦਲੇਰੀ ਤੇ ਜਾਂਬਾਜ਼ੀ ਜਿਹੇ ਗੁਣਾਂ ਰੂਪੀ ਹੀਰੇ ਨੂੰ ਪਛਾਣ ਲਿਆ ਸੀ ਤੇ ਉਸ ਨੂੰ ਤਰਾਸ਼ਣਾ ਅਰੰਭ ਕਰ ਦਿੱਤਾ ਸੀ। ਸੰਤਾਂ ਦੀ ਸੰਗਤ ਨਾਲ਼ ਅਨੋਖ ਸਿੰਘ ਦੀ ਜਾਂਬਾਜ਼ੀ ਨੂੰ ਵੀ ਇੱਕ ਸਹੀ ਸੇਧ ਪ੍ਰਾਪਤ ਹੋਈ। ਉਸ ਨੇ ਕੇਸ ਵੀ ਰੱਖ ਲਏ ਤੇ ਫਿਰ ਅੰਮ੍ਰਿਤ ਵੀ ਛਕ ਲਿਆ। ਹੁਣ ਆਪ ਸੰਤ ਜਰਨੈਲ ਸਿੰਘ ਜੀ ਦੀ ਜੁਝਾਰੂ ਖ਼ਾਲਸਾ ਫੌਜ ਦੇ ਉੱਘੇ ਕਾਰਕੁੰਨ ਬਣ ਗਏ ਸਨ। ਆਪ ਨੇ ਆਪਣੇ ਘਰ ਪਏ ਸਾਰੇ ਲਾਇਸੰਸੀ ਹਥਿਆਰ ਵੀ ਘਰੋਂ ਚੁੱਕ ਲਿਆਂਦੇ, ਇਹ ਕਹਿ ਕੇ :-

"ਇਹਨਾਂ ਦੀ ਲੋੜ ਓਥੇ ਆ... ਐਥੇ ਨੀਂ.."।

ਪਰਿਵਾਰ ਨੇ ਆਪ ਨੂੰ ਇਸ ਸੰਘਰਸ਼ਸ਼ੀਲ ਰਾਹ ਤੋਂ ਰੋਕਣ ਦਾ ਯਤਨ ਕੀਤਾ ਤੇ ਇਸ ਦੇ ਜਵਾਬ ਵਿੱਚ ਹੀ ਆਪ ਨੇ ਉਹ ਸ਼ਬਦ ਆਖੇ ਜੋ ਇਸ ਲਿਖਤ ਦੇ ਅਰੰਭ ਵਿੱਚ ਦਿੱਤੇ ਗਏ ਹਨ।

ਸੰਤਾਂ ਦੀ ਰਹਿਨੁਮਾਈ ਹੇਠ ਆਪ ਨੇ ਸਿੱਖ ਕੌਮ ਦੇ ਕਈ ਦੋਖੀਆਂ ਨੂੰ ਸੋਧਿਆ, ਜਿਵੇਂ ਬੂਆ ਦਾਸ, ਸਾਂਸੀ ਥਾਣੇਦਾਰ, ਆਦਿ। ਪਰ ਆਪ ਦੇ ਕਾਰਨਾਮਿਆਂ ਦੀ ਇੱਕ ਝਲਕ ਜੂਨ 1984 ਦੌਰਾਨ ਇੰਟੈਰੋਗੇਸ਼ਨ ਵੇਲ਼ੇ ਵਿਰਸਾ ਸਿੰਘ ਵਲਟੋਹਾ ਵੱਲੋਂ ਦਿੱਤੀ ਗਈ ਲੰਮੀ ਸਟੇਟਮੈਂਟ, ਜੋ ਕਿ ਇੰਡੀਆ ਟੂਡੇ ਦੇ ਅੰਕ ਵਿੱਚ ਛਪੀ ਸੀ, ਵਿੱਚੋਂ ਵੀ ਮਿਲਦੀ ਹੈ।

ਮਾਨਾਂਵਾਲ਼ਾ ਘਟਨਾ ਆਪ ਦੇ ਜੁਝਾਰੂ ਜੀਵਨ ਦੀ ਪ੍ਰਸਿੱਧ ਘਟਨਾ ਹੈ। ਪੁਲੀਸ ਅਫ਼ਸਰ ਡੀ.ਆਰ.ਭੱਟੀ ਜਿਸ ਨੇ ਚੰਦੋ ਕਲਾਂ ਵਿੱਚ ਗੁਰਬਾਣੀ ਦੇ ਪਾਵਨ ਸਰੂਪਾਂ ਦੀ ਬੇਅਦਬੀ ਕੀਤੀ ਸੀ, ਦੀ ਸੁਧਾਈ ਲਈ ਸਿੰਘਾਂ ਦਾ ਜਥਾ ਅੰਮ੍ਰਿਤਸਰੋਂ ਤੁਰਿਆ। ਭੱਟੀ ਦੀ ਸੁਰੱਖਿਆ ਬਹੁਤ ਪੁਖਤਾ ਸੀ, ਇਸ ਲਈ ਚੰਗੇ ਮਾਰੂ ਹਥਿਆਰਾਂ ਦਾ ਪ੍ਰਬੰਧ ਕੀਤਾ ਗਿਆ ਸੀ। ਸੰਤਾਂ ਨੇ ਵੰਗਾਰ ਪਾਈ ਤੇ ਕਿਹਾ ਸੀ :-

"ਅਰਦਾਸ ਕਰਕੇ ਤੁਰਨਾਂ ਤੇ ਉਹ ਤੁਰੇ ਜੀਹਨੂੰ ਵਾਪਸ ਮੁੜਨ ਦੀ ਝਾਕ ਨਾ ਹੋਵੇ..."।

...ਤੇ ਅਰਦਾਸ ਕਰਕੇ ਭਾਈ ਹਰਦੇਵ ਸਿੰਘ ਰੋਡੇ (ਸੰਤਾਂ ਦਾ ਭਤੀਜਾ) ਭਾਈ ਜੋਗਿੰਦਰ ਸਿੰਘ ਰੋਡੇ, ਕਸ਼ਮੀਰ ਸਿੰਘ ਡਰਾਈਵਰ, ਜਸਬੀਰ ਸਿੰਘ ਕੁੱਕੂ, ਪਰਸਾ ਸਿੰਘ ਅਤੇ ਭਾਈ ਅਨੋਖ ਸਿੰਘ ਉਬੋਕੇ ਇਸ ਮਿਸ਼ਨ ਲਈ ਤੁਰ ਪਏ।

ਪਰ ਕਿਸੇ ਗ਼ੱਦਾਰ ਰਾਹੀਂ ਇਸ ਐਕਸ਼ਨ ਦੇ ਪਲ ਪਲ ਦੀ ਖ਼ਬਰ ਪੁਲੀਸ ਤਕ ਪਹੁੰਚ ਰਹੀ ਸੀ। ਪੁਲੀਸ ਨੇ ਮਾਨਾਂਵਾਲ਼ਾ ਦੇ ਕੋਲ ਸਿੰਘਾਂ ਦੀ ਇਸ ਜੀਪ 'ਤੇ ਘਾਤ ਲਾ ਕੇ ਹਮਲਾ ਕਰਨ ਦੀ ਬੜੀ ਜ਼ਬਰਦਸਤ ਤਿਆਰੀ ਕੀਤੀ ਹੋਈ ਸੀ। ਪੁਲੀਸ ਦੀ ਯੋਜਨਾ ਸੀ ਕਿ ਰੋਡ 'ਤੇ ਟਰੱਕ ਖੜ੍ਹੇ ਕਰ ਕੇ ਜੀਪ ਦੀ ਸਪੀਡ ਹੌਲ਼ੀ ਕੀਤੀ ਜਾਵੇ ਤੇ ਫਿਰ ਧੈਂਦੀ ਸੱਟੇ ਹੀ ਤਾਬੜ-ਤੋੜ ਫ਼ਾਇਰਿੰਗ ਕਰ ਕੇ ਡਰਾਈਵਰ ਨੂੰ ਭੁੰਨ ਕੇ ਜੀਪ ਰੋਕ ਲਈ ਜਾਵੇ। ਇਸ ਤਰ੍ਹਾਂ ਘੇਰੇ ਵਿੱਚ ਆ ਕੇ ਬਾਕੀ ਦੇ ਸਿੰਘ ਹੱਥ ਖੜ੍ਹੇ ਕਰ ਦੇਣਗੇ ਤੇ ਉਹਨਾਂ ਤੋਂ ਪੁੱਛਗਿੱਛ ਰਾਹੀਂ ਸੰਤਾਂ ਨੂੰ ਗ੍ਰਿਫ਼ਤਾਰ ਕਰਨ ਦਾ ਰਾਹ ਪੱਧਰਾ ਕੀਤਾ ਜਾਵੇਗਾ।

ਪੁਲੀਸ ਮਿਥੀ ਯੋਜਨਾ ਅਨੁਸਾਰ ਸੜਕ 'ਤੇ ਟਰੱਕ ਖੜ੍ਹੇ ਕਰਕੇ ਜੀਪ ਦੀ ਸਪੀਡ ਹੌਲ਼ੀ ਕਰਨ ਵਿੱਚ ਸਫਲ ਹੋ ਗਈ। ਜੀਪ ਦੇ ਹੌਲ਼ੀ ਹੁੰਦਿਆਂ ਹੀ ਅਗਲੀ ਸੀਟ 'ਤੇ ਸੱਜੇ ਪਾਸੇ ਬੈਠੇ

ਭਾਈ ਹਰਦੇਵ ਸਿੰਘ ਰੋਡੇ ਉੱਪਰ ਇੱਕ ਲਾਈਟ ਮਸ਼ੀਨਗੰਨ ਨਾਲ ਇਕਦਮ ਹੀ ਤਾਬੜਤੋੜ ਫ਼ਾਇਰਿੰਗ ਕੀਤੀ ਗਈ। ਇਹ ਫ਼ਾਇਰਿੰਗ ਏਨੀ ਜ਼ਬਰਦਸਤ ਸੀ ਕਿ ਭਾਈ ਹਰਦੇਵ ਸਿੰਘ ਰੋਡੇ ਗੋਲ਼ੀਆਂ ਨਾਲ ਛਲਨੀ ਹੋ ਕੇ ਸੜਕ 'ਤੇ ਡਿੱਗ ਪਿਆ। ਪੁਲੀਸ ਵਾਲ਼ਿਆਂ ਨੇ ਆਪਣੇ ਹਿਸਾਬ ਨਾਲ ਤਾਂ ਡਰਾਈਵਰ ਨੂੰ ਨਿਸ਼ਾਨਾ ਬਣਾਇਆ ਸੀ, ਪਰ ਇੱਥੇ ਹੀ ਪੁਲਸੀਆਂ ਦੀ ਧਾੜ ਖ਼ਤਾ ਖਾ ਗਈ। ਸਿੰਘਾਂ ਕੋਲ ਜਿਹੜੀ ਜੀਪ ਸੀ ਉਹ ਬਾਹਰਲੀ ਸੀ ਤੇ ਉਸ ਦਾ ਸਟੇਅਰਿੰਗ ਸੱਜੇ ਪਾਸੇ ਦੀ ਬਜਾਏ ਖੱਬੇ ਪਾਸੇ ਸੀ। ਭਾਵੇਂ ਕਿ ਪੁਲੀਸ ਦੀ ਜ਼ਬਰਦਸਤ ਫ਼ਾਇਰਿੰਗ ਕਾਰਨ ਖੱਬੇ ਪਾਸੇ ਜੀਪ ਚਲਾ ਰਿਹਾ ਡਰਾਈਵਰ ਕਸ਼ਮੀਰ ਸਿੰਘ ਵੀ ਜ਼ਖ਼ਮੀ ਹੋ ਗਿਆ। ਭਾਈ ਅਨੋਖ ਸਿੰਘ ਉਬੋਕੇ ਦੇ ਮੂੰਹ, ਬਾਂਹ, ਅਤੇ ਛਾਤੀ ਦੇ ਸੱਜੇ ਪਾਸੇ ਵੀ ਗੋਲ਼ੀਆਂ ਲੱਗੀਆਂ, ਪਰ ਫਿਰ ਵੀ ਹਿੰਮਤ ਕਰਕੇ ਸਾਰੇ ਸਿੰਘਾਂ ਨੇ ਭਾਈ ਹਰਦੇਵ ਸਿੰਘ ਰੋਡੇ ਨੂੰ ਚੁੱਕ ਕੇ ਗੱਡੀ ਵਿੱਚ ਸੁੱਟ ਲਿਆ। ਇਹ ਵੇਖ ਕੇ ਪੁਲੀਸ ਨੇ ਜੀਪ 'ਤੇ ਹੋਰ ਜ਼ੋਰਦਾਰ ਫ਼ਾਇਰਿੰਗ ਕੀਤੀ। ਜੀਪ ਦੇ ਸਾਰੇ ਟਾਇਰ ਉੱਡ ਗਏ, ਪਰ ਸਿਦਕੀ ਸਿੰਘ ਉਸ ਹਾਲਤ ਵਿੱਚ ਹੀ ਮੁਕਾਬਲਾ ਕਰਦੇ ਪੁਲੀਸ ਦੀ ਨਾਕਾਬੰਦੀ ਚੀਰ ਕੇ ਨਿਕਲ ਗਏ।

ਫਿਰ ਅਗਾਂਹ ਇੱਕ ਠਾਹਰ ਤੇ ਸਿੰਘਾਂ ਨੇ ਜੀਪ ਲੁਕਾ ਦਿੱਤੀ ਤੇ ਵੱਖੋ-ਵੱਖ ਹੋ ਕੇ ਕਿਸੇ ਤਰੀਕੇ ਵਾਪਸ ਸ੍ਰੀ ਅੰਮ੍ਰਿਤਸਰ ਪਹੁੰਚ ਗਏ।

ਭਾਈ ਅਨੋਖ ਸਿੰਘ ਉਬੋਕੇ ਦਾ ਪਰਿਵਾਰ ਓਦੋਂ ਸ੍ਰੀ ਅੰਮ੍ਰਿਤਸਰ ਵਿੱਚ ਹੀ ਸੀ। ਜਦੋਂ ਭਾਈ ਅਨੋਖ ਸਿੰਘ ਨੂੰ ਉਸ ਦੇ ਪਿਤਾ ਨੇ ਮੰਜੇ 'ਤੇ ਜ਼ਖ਼ਮੀ ਹਾਲਤ ਵਿੱਚ ਪਏ ਵੇਖਿਆ ਤਾਂ ਹਿਰਦੇ ਦੀ ਤੜਪ ਅਨੁਸਾਰ ਕਹਿ ਉੱਠੇ- "ਮੇਰਾ ਪੁੱਤ ਮਰਵਾ ਘੱਤਿਆ"......।

ਇਹ ਸ਼ਬਦ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਨੇ ਸੁਣ ਲਏ। ਸੰਤ ਰੁਕ ਗਏ ਤੇ ਭਾਈ ਅਨੋਖ ਸਿੰਘ ਦੇ ਪਿਤਾ ਸ: ਜਸਵਿੰਦਰ ਸਿੰਘ ਨੂੰ ਮੁਖ਼ਾਤਿਬ ਹੋ ਕੇ ਕਹਿਣ ਲੱਗੇ :-

"ਬਜ਼ੁਰਗਾ ਕੀ ਕਿਹਾ-ਮਰਵਾ ਘੱਤਿਆ-?"

ਸ: ਜਸਵਿੰਦਰ ਸਿੰਘ ਚੁੱਪ ਰਹੇ।

ਸੰਤਾਂ ਕਿਹਾ:-"ਚੱਲ ਇਹਨੂੰ (ਭਾਈ ਅਨੋਖ ਸਿੰਘ ਨੂੰ) ਬਾਂਹੋਂ ਫੜ ਕੇ ਉਠਾ ਤੇ ਕਹਿ ਕਿ ਉੱਠ ਕੇ ਮੂੰਹ ਹੱਥ ਧੋ।"

ਸ: ਜਸਵਿੰਦਰ ਸਿੰਘ ਫਿਰ ਵੀ ਚੁੱਪ ਰਹੇ। ਸੰਤਾਂ ਨੇ ਗੱਲ ਦੋ ਵਾਰ ਦੁਹਰਾਈ, ਪਰ ਸ: ਜਸਵਿੰਦਰ ਸਿੰਘ ਫਿਰ ਚੁੱਪ ਰਹੇ।

ਸੰਤ ਕਹਿੰਦੇ :-"ਹੁਣ ਪੰਦਰਾਂ ਦਿਨਾਂ ਤਕ ਇਹ ਆਪੇ ਉੱਠ ਕੇ ਸਾਰੀ ਕਿਰਿਆ ਕਰੂ, ਜੇ ਤੂੰ ਕਹਿ ਦਿੰਦਾ ਤਾਂ ਹੁਣੇ ਹੀ ਉੱਠ ਪੈਣਾ ਸੀ।"

ਹੈਰਾਨੀ ਦੀ ਗੱਲ ਸੀ ਕਿ ਡਾਕਟਰਾਂ ਨੇ ਭਾਈ ਅਨੋਖ ਸਿੰਘ ਦੇ ਇਲਾਜ ਤੋਂ ਸਿਰ ਫੇਰ ਦਿੱਤਾ ਸੀ ਤੇ ਕਿਹਾ ਸੀ ਕਿ ਸਾਨੂੰ ਦੂਜੇ ਜ਼ਖ਼ਮੀ ਵਿਖਾਓ, ਇਸ ਦੇ ਬਚਣ ਦੀ ਉਮੀਦ ਨਹੀਂ; ਪਰ ਸੰਤਾਂ ਕਿਹਾ:-"ਇਸ ਨੂੰ ਕੁਝ ਨੀਂ ਹੁੰਦਾ....।"

ਸੰਤਾਂ ਨੇ ਖੁਦ ਭਾਈ ਅਨੋਖ ਸਿੰਘ ਦੇ ਸਿਰ੍ਹਾਣੇ ਬੈਠ ਕੇ ਕਾਫ਼ੀ ਸਮਾਂ ਗੁਰਬਾਣੀ ਦਾ ਪਾਠ ਕੀਤਾ ਤੇ ਫਿਰ ਲਗਾਤਾਰ ਪਾਠ ਕਰਨ ਦੀ ਡਿਊਟੀ ਸਿੰਘਾਂ ਦੀ ਲਾ ਦਿੱਤੀ।

ਸੰਤਾਂ ਦਾ ਸ੍ਰੀ ਗੁਰੂ ਗ੍ਰੰਥ ਸਾਹਿਬ 'ਤੇ ਅਥਾਹ ਵਿਸ਼ਵਾਸ ਹੀ ਸੀ ਕਿ ਭਾਈ ਅਨੋਖ ਸਿੰਘ 15 ਕੁ ਦਿਨਾਂ ਵਿੱਚ ਹੀ ਨੌ-ਬਰ-ਨੌ ਹੋ ਗਏ, ਭਾਵੇਂ ਕਿ ਉਹਨਾਂ ਦੇ ਚਿਹਰੇ 'ਤੇ ਜ਼ਖ਼ਮ ਦਾ ਨਿਸ਼ਾਨ ਕਾਇਮ ਰਿਹਾ। ਇਸ ਪਿੱਛੋਂ ਆਪ ਫਿਰ ਦੁਸ਼ਟਾਂ ਦੀ ਸੁਧਾਈ ਲਈ ਸਰਗਰਮ ਹੋ ਗਏ।

ਜੂਨ 1984 ਨੂੰ ਜਦੋਂ ਭਾਰਤੀ ਫ਼ੌਜ ਨੇ ਸ੍ਰੀ ਦਰਬਾਰ ਸਾਹਿਬ 'ਤੇ ਹਮਲਾ ਕੀਤਾ ਤਾਂ ਭਾਈ ਅਨੋਖ ਸਿੰਘ ਦਾ ਮੋਰਚਾ ਭੋਰਾ ਸਾਹਿਬ ਦੇ ਕੋਲ ਕਮਰਿਆਂ ਵਿੱਚ ਸੀ। ਆਪ ਨੇ 6 ਜੂਨ ਤਕ ਫ਼ੌਜ ਨਾਲ ਡਟ ਕੇ ਮੁਕਾਬਲਾ ਕੀਤਾ। ਅਖੀਰ ਗੋਲੀ-ਸਿੱਕਾ ਖ਼ਤਮ ਹੋ ਜਾਣ 'ਤੇ ਆਪ ਕੰਪਲੈਕਸ ਵਿੱਚੋਂ ਨਿਕਲ ਤੁਰੇ। ਉਹ ਕਾਠੀਆਂ ਵਾਲੇ ਬਜ਼ਾਰ ਵੱਲ ਦੀ ਨਿਕਲੇ ਤੇ ਫ਼ੌਜ ਦੀਆਂ ਅੱਖਾਂ ਵਿੱਚ ਘੱਟਾ ਪਾ ਕੇ ਕੋਤਵਾਲੀ ਤਕ ਪਹੁੰਚ ਗਏ। ਕੋਤਵਾਲੀ ਨੇੜੇ ਆਪ ਨੂੰ ਫ਼ੌਜ ਨੇ ਰੋਕ ਲਿਆ।

ਆਪ ਤੋਂ ਪੁੱਛਗਿੱਛ ਕੀਤੀ ਗਈ। ਆਪ ਨੇ ਕਿਹਾ- "ਮੈਂ ਤਾਂ ਸ੍ਰੀ ਦਰਬਾਰ ਸਾਹਿਬ ਦੇ ਕੋਲ ਮੂੰਗਫਲੀ ਦੀ ਰੇੜ੍ਹੀ ਲਾਉਂਦਾ ਸੀ, ਮੇਰਾ ਘਰ ਸੜ ਗਿਆ ਐ।"

ਆਪ ਤੋਂ ਆਪ ਦਾ ਪਿੰਡ ਪੁੱਛਿਆ ਗਿਆ।

ਆਪ ਨੇ ਯੂ. ਪੀ. ਦਾ ਕੋਈ ਪਿੰਡ ਦੱਸਿਆ ਅਤੇ ਕਿਹਾ ਕਿ ਮੇਰੇ ਛੋਟੇ ਹੁੰਦੇ ਦੇ ਹੀ ਅਸੀਂ ਇੱਥੇ ਆ ਗਏ ਹਾਂ, ਮੈਨੂੰ ਪੂਰਾ ਪਤਾ ਨਹੀਂ।

ਫਿਰ ਆਪ ਦੇ ਰਿਸ਼ਤੇਦਾਰਾਂ ਬਾਰੇ ਪੁੱਛਿਆ ਗਿਆ।

ਆਪ ਨੇ ਕਿਹਾ ਕਿ ਮਾਤਾ ਪਿਤਾ ਸਨ ਜੋ ਚੱਲ ਵੱਸੇ ਹਨ, ਹੋਰ ਕੋਈ ਨਹੀਂ ਹੈ।

ਫਿਰ ਆਪ ਤੋਂ ਆਪ ਦੇ ਚਿਹਰੇ ਉੱਪਰਲੇ (ਗੋਲੀਆਂ ਨਾਲ ਹੋਏ ਜ਼ਖ਼ਮ ਦੇ) ਨਿਸ਼ਾਨ ਬਾਰੇ ਪੁੱਛਿਆ ਗਿਆ।

ਆਪ ਦਾ ਜਵਾਬ ਸੀ- "ਇਹ ਨਿਸ਼ਾਨ ਮੇਰੇ ਜਮਾਂਦਰੂ ਹੀ ਐ...।"

ਫਿਰ ਆਪ ਦੇ ਹੱਥ 'ਤੇ ਗੋਲੀ ਨਾਲ ਹੋਏ ਜ਼ਖ਼ਮ ਦੇ ਨਿਸ਼ਾਨ ਬਾਰੇ ਪੁੱਛਿਆ ਗਿਆ।

ਆਪ ਦਾ ਜਵਾਬ ਸੀ- "ਪੱਠੇ ਵੱਢਦੇ ਦਾਤਰੀ ਵੱਜ ਗਈ...।"

ਆਪ ਤੋਂ ਲੰਮੀ ਪੁੱਛ-ਗਿੱਛ ਕੀਤੀ ਗਈ ਪਰ ਆਪ ਇਸ ਬਿਆਨ 'ਤੇ ਕਾਇਮ ਰਹੇ।

ਪਰ ਗ੍ਰਿਫ਼ਤਾਰ ਵਿਅਕਤੀਆਂ ਵਿੱਚੋਂ ਕਿਸੇ ਨੇ ਆਪ ਦੀ ਸ਼ਨਾਖ਼ਤ ਕਰ ਦਿੱਤੀ ਸੀ। ਆਪ 'ਤੇ ਅੰਨ੍ਹਾ ਤਸ਼ੱਦਦ ਕੀਤਾ ਗਿਆ, ਪਰ ਆਪ ਨੇ ਕੁਝ ਨਹੀਂ ਦੱਸਿਆ। ਫਿਰ ਹੋਰ ਸਿੰਘਾਂ ਨਾਲ ਆਪ ਨੂੰ ਪਹਿਲਾਂ ਅੰਮ੍ਰਿਤਸਰ ਜੇਲ੍ਹ, ਲੁਧਿਆਣਾ ਜੇਲ੍ਹ, ਫਿਰ ਨਾਭਾ ਜੇਲ੍ਹ ਅਤੇ ਅਤੇ ਫਿਰ ਜੋਧਪੁਰ ਜੇਲ੍ਹ ਵਿੱਚ ਭੇਜ ਦਿੱਤਾ ਗਿਆ।

ਨਾਭੇ ਭੇਜਣ ਤੋਂ ਪਹਿਲਾਂ ਆਪ ਨੂੰ ਜਦੋਂ ਲੁਧਿਆਣੇ ਜੇਲ੍ਹ ਵਿੱਚ ਵੀ ਰੱਖਿਆ ਗਿਆ ਤਾਂ

ਓਥੇ ਕੈਦੀਆਂ ਨਾਲ਼ ਹੁੰਦੇ ਬੁਰੇ ਵਰਤਾਓ ਕਾਰਨ ਆਪ ਦੀ ਇੱਕ ਅਫ਼ਸਰ ਨਾਲ਼ ਤਕਰਾਰ ਹੋ ਗਈ ਤੇ ਫਿਰ ਹੱਥੋ-ਪਾਈ। ਉਸ ਅਫ਼ਸਰ ਦੇ ਨੱਕ ਵਿੱਚੋਂ ਲਹੂ ਵਗ ਤੁਰਿਆ। ਇਸ ਪਿੱਛੋਂ ਆਪ ਨੂੰ ਆਪ ਦੇ ਗੁੱਟ ਵਿਚਲੇ ਕੜੇ ਨੂੰ ਰੱਸੀ ਪਾ ਕੇ ਛੱਤ ਨਾਲ਼ ਬੰਨ੍ਹ ਦਿੱਤਾ ਗਿਆ। ਆਪ ਦੇ ਪੈਰ ਮੁਸ਼ਕਿਲ ਨਾਲ਼ ਹੀ ਧਰਤੀ ਨੂੰ ਛੋਹ ਰਹੇ ਸਨ ਜਿਸ ਦੇ ਸਹਾਰੇ ਆਪ ਖਲੋਤੇ ਰਹੇ। ਇਸ ਤਰ੍ਹਾਂ ਆਪ ਨੂੰ ਸਾਰੀ ਰਾਤ ਰੱਖਿਆ ਗਿਆ। ਆਪ ਦੀ ਬਾਂਹ ਸੁੱਜ ਗਈ। ਬਾਕੀ ਕੈਦੀਆਂ ਨੇ ਸਮਝਿਆ ਕਿ ਆਪ ਨੂੰ ਮਾਰ ਦਿੱਤਾ ਗਿਆ ਹੈ, ਉਹਨਾਂ ਨੇ ਭੁੱਖ ਹੜਤਾਲ ਅਰੰਭ ਕਰ ਦਿੱਤੀ। ਅਖੀਰ ਆਪ ਨੂੰ ਜ਼ਖਮੀ ਹਾਲਤ ਵਿੱਚ ਉਹਨਾਂ ਨੂੰ ਵਿਖਾਇਆ ਗਿਆ ਤਾਂ ਸ਼ਾਂਤੀ ਹੋਈ।

ਜੋਧਪੁਰ ਜੇਲ੍ਹ ਵਿੱਚ ਇੱਕ ਵਾਰ ਇੱਕ ਅਕਾਲੀ ਨੇਤਾ ਆਪ ਲਈ ਦੇਸੀ ਘਿਓ ਲੈ ਕੇ ਗਿਆ ਤਾਂ ਆਪ ਨੇ ਇਹ ਕਹਿ ਕੇ ਵਾਪਸ ਮੋੜ ਦਿੱਤਾ ਕਿ ਜਾਂ ਤਾਂ ਸਾਰੇ ਸਿੰਘਾਂ ਲਈ ਲਿਆਓ ਤੇ ਜਾਂ ਫਿਰ ਰਹਿਣ ਦਿਓ। 5 ਸਾਲ ਜੋਧਪੁਰ ਜੇਲ੍ਹ 'ਚ ਰਹਿਣ ਪਿੱਛੋਂ ਆਪ ਰਿਹਾਅ ਹੋ ਗਏ ਤੇ ਆਪਣੇ ਘਰ ਪਹੁੰਚ ਗਏ।

ਆਪ ਦੇ ਘਰ ਜੁਝਾਰੂ ਸਿੰਘਾਂ ਦਾ ਆਉਣਾ ਜਾਣਾ ਅਰੰਭ ਹੋ ਗਿਆ ਤੇ ਪੁਲੀਸ ਨੇ ਵੀ ਤੰਗ ਕਰਨਾ ਅਰੰਭ ਕਰ ਦਿੱਤਾ। ਅਖੀਰ ਆਪ ਨੇ ਵੀ ਹਥਿਆਰਬੰਦ ਸੰਘਰਸ਼ ਵਿੱਚ ਹਿੱਸਾ ਲੈਣ ਲਈ ਘਰ ਛੱਡ ਦਿੱਤਾ ਅਤੇ 'ਫ਼ੌਜ-ਏ-ਖਾਲਸਾ ਆਫ਼ ਖ਼ਾਲਿਸਤਾਨ' ਨਾਂ ਦੀ ਜਥੇਬੰਦੀ ਸਥਾਪਤ ਕੀਤੀ। ਪੁਲੀਸ ਨਾਲ਼ ਆਪ ਦੀ ਲੁਕਣ-ਮੀਟੀ ਫਿਰ ਅਰੰਭ ਹੋ ਗਈ।

ਇਸ ਸੰਘਰਸ਼ਮਈ ਸਫ਼ਰ ਦੇ ਵਿੱਚ ਆਪ ਨੇ ਕੌਮ ਲਈ ਕਈ ਕੰਮ ਕੀਤੇ। ਪਰਿਵਾਰ ਨਾਲ਼ ਸੰਪਰਕ ਕਦੇ ਕਦਾਈਂ ਹੋ ਜਾਂਦਾ। ਆਪ ਦੇ ਛੋਟੇ ਭਰਾ ਹਰਪਾਲ ਸਿੰਘ ਦੇ ਘਰ ਲੜਕਾ ਹੋਇਆ ਤਾਂ ਆਪ ਗੋਇੰਦਵਾਲ ਦੇ ਕੋਲ਼ ਫ਼ਤਿਆਬਾਦ ਕਸਬੇ ਦੇ ਨੇੜੇ ਪਿੰਡ ਭੈਲ ਦੇ ਇੱਕ ਘਰ ਵਿੱਚ ਬੱਚੇ ਨੂੰ ਵੇਖਣ ਆਏ।

ਪੁਲੀਸ ਨੂੰ ਸੂਹ ਮਿਲ ਗਈ ਤੇ ਪੁਲੀਸ ਨੇ ਚਾਰੇ ਪਾਸਿਓਂ ਘੇਰਾ ਪਾ ਲਿਆ। ਆਪ ਇਸ ਸਮੇਂ ਖ਼ਾਲੀ ਹੱਥ ਹੋਣ ਕਾਰਨ ਗ੍ਰਿਫ਼ਤਾਰ ਕਰ ਲਏ ਗਏ। ਆਪ 'ਤੇ ਅਥਾਹ ਤਸ਼ੱਦਦ ਕੀਤਾ ਗਿਆ, ਪਰ ਆਪ ਨੇ ਆਪਣੀ ਜਥੇਬੰਦੀ ਅਤੇ ਹਥਿਆਰਾਂ ਬਾਰੇ ਕੁਝ ਨਾ ਦੱਸਿਆ। ਅਖ਼ੀਰ ਮਿਤੀ 24 ਦਸੰਬਰ 1992 ਨੂੰ ਆਪ ਨੂੰ ਝੂਠਾ ਪੁਲੀਸ ਮੁਕਾਬਲਾ ਸ਼ੋਅ ਕਰਕੇ ਸ਼ਹੀਦ ਕਰ ਦਿੱਤਾ ਗਿਆ। ਆਪ ਨੇ ਅਰੰਭ ਤੋਂ ਲੈ ਕੇ ਅੰਤ ਤਕ ਕਦੇ ਵੀ ਕਿਸੇ ਵੱਡੇ ਤੋਂ ਵੱਡੇ ਨਾਢੂ ਖ਼ਾਂ ਦੀ ਪ੍ਰਵਾਹ ਨਹੀਂ ਕੀਤੀ ਤੇ ਇਸੇ ਕਾਰਨ ਹੀ ਆਪ ਨੇ ਵੱਡੇ ਵੱਡੇ ਐਕਸ਼ਨ ਪੂਰੀ ਨਿਰਭੈਤਾ ਨਾਲ਼ ਸਿਰੇ ਚਾੜ੍ਹੇ, ਤੇ ਅਖ਼ੀਰ ਕਈ ਦੁਸ਼ਟਾਂ ਦੀ ਸੁਧਾਈ ਪਿੱਛੋਂ ਸਿਦਕਦਿਲੀ ਨਾਲ਼ ਤਸ਼ੱਦਦ ਝੱਲਦੇ ਹੋਏ ਸ਼ਹੀਦ ਹੋ ਗਏ।

* * * * *

ਵਡੱਪਣ ਦਾ ਮੁਜੱਸਮਾ ਜੁਝਾਰੂ

ਸ਼ਹੀਦ ਭਾਈ ਗੁਰਮੇਜ ਸਿੰਘ ਢਿੱਲਵਾਂ

ਮਾਤਾ ਪਿਆਰ ਕੌਰ ਦੀ ਕੁੱਖੋਂ ਸ. ਸੰਤ ਸਿੰਘ ਦੇ ਗ੍ਰਹਿ ਵਿਖੇ 1960-70 ਦੇ ਦਹਾਕੇ ਵਿੱਚ ਡੇਰਾ ਬਾਬਾ ਨਾਨਕ (ਗੁਰਦਾਸਪੁਰ) ਨੇੜੇ ਪਿੰਡ ਢਿੱਲਵਾਂ ਵਿੱਚ ਜਨਮੇ ਭਾਈ ਗੁਰਮੇਜ ਸਿੰਘ ਆਪਣੇ ਮਾਪਿਆਂ ਦੀ ਪਲੇਠੀ ਸੰਤਾਨ ਹੋਣ ਦੇ ਨਾਲ਼ ਨਾਨਕਿਆਂ ਦੇ ਵੀ ਪਲੇਠੇ ਦੋਹਤੇ ਸਨ, ਕਿਉਂਕਿ ਮਾਤਾ ਪਿਆਰ ਕੌਰ ਜੀ ਵੀ ਆਪਣੀਆਂ ਸਾਰੀਆਂ ਭੈਣਾਂ ਤੋਂ ਵੱਡੇ ਸਨ। ਆਪ ਤੋਂ ਛੋਟੇ ਬਲਦੇਵ ਸਿੰਘ, ਦਲਬੀਰ ਸਿੰਘ, ਗੁਰਮੇਜ ਕੌਰ, ਲਖਵਿੰਦਰ ਸਿੰਘ, ਬਲਵਿੰਦਰ ਸਿੰਘ ਤੇ ਗੁਰਨਾਮ ਸਿੰਘ, ਛੇ ਛੋਟੇ ਭੈਣ-ਭਰਾ ਸਨ, ਪਰ ਵੱਡੇ ਤੇ ਪਲੇਠੇ ਹੋਣ ਕਾਰਨ ਆਪ ਸਭ ਤੋਂ ਲਾਡਲੇ ਸਨ।

ਮੁੱਢਲੀ ਪੜ੍ਹਾਈ ਪੰਜਵੀਂ ਕਲਾਸ ਤਕ ਆਪ ਨੇ ਪਿੰਡ ਦੇ ਸਰਕਾਰੀ ਪ੍ਰਾਇਮਰੀ ਸਕੂਲ 'ਚੋਂ ਹੀ ਕੀਤੀ। ਨੌਵੀਂ ਕਲਾਸ ਤਕ ਧਿਆਨਪੁਰ ਬਾਵਾ ਲਾਲ ਹਾਈ ਸਕੂਲ ਵਿੱਚ ਪੜ੍ਹੇ। ਦਸਵੀਂ ਦਾ ਦਾਖ਼ਲਾ ਆਪ ਨੇ ਧਾਰੀਵਾਲ਼ ਦੇ ਇੱਕ ਸਕੂਲ ਵਿੱਚ ਭਰਿਆ, ਪਰ ਆਪ ਦੇ ਅਕਾਲੀ ਪਰਿਵਾਰ ਨਾਲ਼ ਸੰਬੰਧਿਤ ਹੋਣ ਕਾਰਨ ਇਲਾਕੇ ਦੇ ਇੱਕ ਕਾਂਗਰਸੀ ਲੀਡਰ ਨੇ ਆਪ ਨੂੰ ਤੰਗ ਕਰਨਾ ਅਰੰਭ ਕਰ ਦਿੱਤਾ। ਇਸ ਕਾਰਨ ਆਪ ਉੱਥੋਂ ਸਕੂਲ ਛੱਡਕੇ ਗੁਰੂ ਨਾਨਕ ਸਕੂਲ ਬਟਾਲ਼ਾ ਵਿੱਚ ਦਾਖ਼ਲ ਆ ਹੋਏ। ਦਸਵੀਂ ਪਾਸ ਕਰਨ ਤੋਂ ਬਾਅਦ ਆਪ ਬਟਾਲ਼ਾ ਦੇ ਹੀ ਗੁਰੂ ਨਾਨਕ ਕਾਲਜ ਵਿੱਚ ਦਾਖ਼ਲ ਹੋ ਗਏ। ਇੱਥੇ ਹੀ ਸੰਨ 1981 ਵਿੱਚ ਆਪ ਗੁਰੂ ਨਾਨਕ ਕਾਲਜ ਬਟਾਲ਼ਾ ਵਿਚਲੀ ਸਿੱਖ ਸਟੂਡੈਂਟਸ ਫ਼ੈਡਰੇਸ਼ਨ ਦੀ ਯੂਨਿਟ ਦੇ ਪ੍ਰਧਾਨ ਚੁਣੇ ਗਏ।

ਗੁਰੂ ਨਾਨਕ ਕਾਲਜ ਬਟਾਲ਼ਾ ਤੋਂ ਬਾਅਦ ਜਦੋਂ ਆਪ ਖ਼ਾਲਸਾ ਕਾਲਜ ਅੰਮ੍ਰਿਤਸਰ ਵਿੱਚ ਦਾਖ਼ਲ ਹੋਏ ਤਾਂ ਆਪ ਦੀਆਂ ਫ਼ੈਡਰੇਸ਼ਨ ਨੇਤਾ ਦੇ ਤੌਰ 'ਤੇ ਸਰਗਰਮੀਆਂ ਹੋਰ ਵਧੀਆਂ। ਆਪ ਅਕਸਰ ਹੀ ਨਾਲ਼ ਨੌਜਵਾਨਾਂ ਨੂੰ ਲੈ ਕੇ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲ਼ਿਆਂ 'ਤੇ ਭਾਈ ਅਮਰੀਕ ਸਿੰਘ ਜੀ ਨੂੰ ਮਿਲ਼ਦੇ ਰਹਿੰਦੇ। ਆਪ ਨੇ ਉੱਦਮ ਕਰ ਕੇ ਕਈ ਨੌਜਵਾਨਾਂ ਸਮੇਤ ਜਨ: ਸੁਬੇਗ ਸਿੰਘ ਤੋਂ ਹਥਿਆਰ ਚਲਾਉਣ ਦੀ ਸਿਖਲਾਈ ਲਈ। ਆਪਣੀ ਮਾਤਾ ਤੋਂ ਕੋਈ ਮਹਿੰਗੀ ਚੀਜ਼ ਖ਼ਰੀਦਣ ਦੇ ਬਹਾਨੇ ਪੈਸੇ ਲੈ ਕੇ ਉਸ ਦਾ ਇੱਕ ਵਧੀਆ ਪਿਸਟਲ ਖ਼ਰੀਦ ਲਿਆ, ਜਿਸ ਨੂੰ ਆਪ ਹਮੇਸ਼ਾ ਆਪਣੀ ਡੱਬ ਵਿੱਚ ਰੱਖਦੇ।

ਜੂਨ 1984 ਵਿੱਚ ਜਦੋਂ ਹਿੰਦੁਸਤਾਨੀ ਹਕੂਮਤ ਨੇ ਸ੍ਰੀ ਦਰਬਾਰ ਸਾਹਿਬ 'ਤੇ ਹਮਲਾ

ਕੀਤਾ ਤਾਂ ਓਦੋਂ ਸਬੱਬੀ ਹੀ ਆਪ ਸ੍ਰੀ ਦਰਬਾਰ ਸਾਹਿਬ ਦੇ ਅੰਦਰੋਂ ਸੰਤ ਜਰਨੈਲ ਸਿੰਘ ਜੀ ਨੂੰ ਮਿਲ ਕੇ ਵਾਪਸ ਆਏ ਹੀ ਸਨ। ਆਪ ਦੇ ਕਈ ਸਾਥੀ ਅੰਦਰ ਹੀ ਸਨ, ਜੋ ਜੂਝਦੇ ਹੋਏ ਸ਼ਹੀਦ ਹੋ ਗਏ।

1984 ਦਾ ਸੇਕ

ਪੂਰੇ ਪੰਜਾਬ 'ਚੋਂ ਕਰਫ਼ਿਊ ਹਟਣ ਤੋਂ ਤੁਰੰਤ ਬਾਅਦ ਆਪ ਸ੍ਰੀ ਦਰਬਾਰ ਸਾਹਿਬ ਦਾ ਹਾਲ ਵੇਖਣ ਲਈ ਕੁਝ ਸਾਥੀਆਂ ਸਣੇ ਸਾਈਕਲਾਂ 'ਤੇ ਹੀ ਨਿਕਲ ਤੁਰੇ। ਢੱਠੇ ਹੋਏ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਰੂ-ਬਰੂ ਆਪ ਨੇ ਆਪਣੇ ਕੌਮੀ ਘਰ ਦੀ ਪ੍ਰਾਪਤੀ ਦਾ ਸੰਕਲਪ ਲਿਆ ਤੇ ਫਿਰ ਵਾਪਸ ਪਰਤ ਆਏ। ਹਥਿਆਰਾਂ ਦਾ ਪ੍ਰਬੰਧ ਕੀਤਾ ਤੇ ਗੁਪਤ ਤਰੀਕੇ ਨਾਲ ਜੱਦੋ-ਜਹਿਦ ਅਰੰਭ ਦਿੱਤੀ। ਸਭ ਤੋਂ ਪਹਿਲਾਂ ਸ੍ਰੀ ਦਰਬਾਰ ਸਾਹਿਬ 'ਤੇ ਹਮਲੇ ਅਤੇ ਸੰਤ ਜਰਨੈਲ ਸਿੰਘ ਖ਼ਾਲਸਾ ਦੀ ਸ਼ਹਾਦਤ 'ਤੇ ਲੱਡੂ ਵੰਡਣ ਵਾਲਿਆਂ ਦੀ ਸੁਧਾਈ ਕੀਤੀ ਤੇ ਆਪਣੀ ਹੋਂਦ ਜਤਾਉਣ ਲਈ ਕਈ ਕਾਂਡ ਕੀਤੇ, ਜਿਨ੍ਹਾਂ ਵਿੱਚੋਂ 'ਛੀਨਾ ਕਾਂਡ' ਬਹੁਤ ਪ੍ਰਸਿੱਧ ਹੈ।

ਪੁਲੀਸ ਫ਼ੋਰਸਾਂ ਆਪ ਦੇ ਗਰੁੱਪ ਦੀ ਟੋਹ ਲਾਉਣ ਲਈ ਸਰਗਰਮ ਹੋ ਗਈਆਂ। ਆਪ ਦਾ ਮਦਨ ਲਾਲ ਮੋਦੀ ਨਾਂ ਦਾ ਇੱਕ ਸਾਥੀ ਗ੍ਰਿਫ਼ਤਾਰ ਕਰ ਲਿਆ ਗਿਆ, ਜਿਹੜਾ ਪੁਲੀਸ ਦਾ ਤਸ਼ੱਦਦ ਨਾ ਝੱਲ ਸਕਿਆ। ਨਤੀਜੇ ਵਜੋਂ ਅਗਸਤ 84 ਨੂੰ ਆਪ ਆਪਣੇ ਕਈ ਸਾਥੀਆਂ ਸਮੇਤ ਗ੍ਰਿਫ਼ਤਾਰ ਕਰ ਲਏ ਗਏ। ਆਪ ਉੱਪਰ ਬੇਤਹਾਸ਼ਾ ਤਸ਼ੱਦਦ ਕੀਤਾ ਗਿਆ। ਡੇਢ ਮਹੀਨਾ ਆਪ ਤਸ਼ੱਦਦ ਦ੍ਰਿੜ੍ਹਤਾ ਨਾਲ ਸਹਿੰਦੇ ਰਹੇ। ਆਪ ਨੂੰ ਬੰਨ੍ਹ ਕੇ ਸਾਰੀ-ਸਾਰੀ ਰਾਤ ਖੜ੍ਹਾ ਰੱਖਿਆ ਜਾਂਦਾ, ਆਪ ਨੂੰ ਨੀਂਦ ਆ ਜਾਂਦੀ ਤੇ ਠੰਢੇ ਪਾਣੀ ਦਾ ਜੱਗ ਭਰ ਕੇ ਆਪ 'ਤੇ ਮੂੰਹ 'ਤੇ ਮਾਰਿਆ ਜਾਂਦਾ, ਪਰ ਆਪ ਤੋਂ ਪੁਲੀਸ ਆਪ ਦੇ ਕਾਰਨਾਮਿਆਂ ਤੇ ਗਰੁੱਪ ਬਾਰੇ ਕੁਝ ਵੀ ਨਾ ਉਗਲਵਾ ਸਕੀ। ਆਪ 'ਤੇ ਕਈ ਕੇਸ ਦਰਜ ਕਰ ਕੇ ਆਪ ਨੂੰ ਜੇਲ੍ਹ ਭੇਜ ਦਿੱਤਾ ਗਿਆ। ਐਸ.ਐਸ.ਪੀ. ਗੁਰਦਾਸਪੁਰ ਪਾਂਡੇ ਨੇ ਆਪ ਦੇ ਪਰਿਵਾਰ 'ਤੇ ਵੀ ਤਸ਼ੱਦਦ ਕੀਤਾ।

ਜੇਲ੍ਹ 'ਚ ਨਿਡਰਤਾ

31 ਅਕਤੂਬਰ 1984 ਨੂੰ ਜਦੋਂ ਬੇਅੰਤ ਸਿੰਘ ਤੇ ਸਤਵੰਤ ਸਿੰਘ ਨੇ ਇੰਦਰਾ ਨੂੰ ਦਰਬਾਰ ਸਾਹਿਬ 'ਤੇ ਹਮਲੇ ਦੀ ਸਜ਼ਾ ਦਿੱਤੀ ਤਾਂ ਓਦੋਂ ਆਪ ਗੁਰਦਾਸਪੁਰ ਜੇਲ੍ਹ ਵਿਚ ਸਨ। ਆਪ, ਬਾਬਾ ਰਣਜੀਤ ਸਿੰਘ ਦਿਆਲਗੜ੍ਹ, ਭਾਈ ਮੱਖਣ ਸਿੰਘ ਗ਼ਿਥ, ਭਾਈ ਰੌਸ਼ਨ ਲਾਲ ਬੈਰਾਗੀ, ਭਾਈ ਦਲਬੀਰ ਸਿੰਘ ਬਿੱਲਾ ਵਰਪਾਲ ਤੇ ਭਾਈ ਜੋਗਾ ਸਿੰਘ ਬਿਸ਼ਨੰਦੀ ਆਦਿ ਸਿੰਘਾਂ ਨੇ ਸਵਾ ਕੁਇੰਟਲ ਲੱਡੂ ਜੇਲ੍ਹ ਵਿੱਚ ਮੰਗਵਾ ਕੇ ਵੰਡੇ। ਜੇਲ੍ਹ ਅਫ਼ਸਰ ਆਪ ਸਭ ਸਿੰਘਾਂ ਤੋਂ ਤ੍ਰਹਿਕਦੇ ਸਨ। ਆਪ ਗੁਰਪੁਰਬ ਪੂਰੀ ਸ਼ਾਨੋ-ਸ਼ੌਕਤ ਨਾਲ ਮਨਾਉਂਦੇ ਤੇ ਲੱਚਰ ਪ੍ਰੋਗਰਾਮ ਨਾ ਹੋਣ ਦਿੰਦੇ।

26 ਜਨਵਰੀ 1985 ਨੂੰ ਆਪ ਨੇ ਜੇਲ੍ਹ ਦੇ ਅੰਦਰ ਬੈਰਕ ਦੀ ਛੱਤ 'ਤੇ ਚੜ੍ਹ ਕੇ ਕਾਲਾ ਝੰਡਾ ਲਹਿਰਾਇਆ। ਜੇਲ੍ਹ ਸੁਪਰਡੈਂਟ ਹੱਥ ਵਿੱਚ ਪਿਸਟਲ ਫੜੀ ਆਪ ਨੂੰ ਗੋਲੀ ਮਾਰ ਦੇਣ ਦੀਆਂ ਧਮਕੀਆਂ ਦਿੰਦਾ ਰਿਹਾ, ਪਰ ਆਪ ਨੇ ਨਿਧੜਕ ਹੋ ਕੇ ਕਿਹਾ:

"ਜਿਹੜੀ ਸਾਡੀ ਡਿਊਟੀ ਆ, ਉਹ ਅਸੀਂ ਕਰਨੀ ਆ, ਜਿਹੜੀ ਤੇਰੀ ਡਿਊਟੀ ਆ,

ਉਹ ਤੂੰ ਕਰ ਲੈ........।"

ਆਪ ਕਾਲ਼ਾ ਝੰਡਾ ਲਹਿਰਾ ਕੇ ਸ਼ਾਨ ਨਾਲ ਹੇਠਾਂ ਉੱਤਰੇ ਤੇ ਸੁਪਰਡੈਂਟ ਕੰਨ ਵਲੇਟ ਕੇ ਤੁਰ ਗਿਆ। ਆਪ ਨੂੰ ਅੰਮ੍ਰਿਤਸਰ ਤੇ ਫ਼ਿਰੋਜ਼ਪੁਰ ਜੇਲ੍ਹਾਂ ਵਿਚ ਵੀ ਰੱਖਿਆ ਗਿਆ, ਪਰ ਓਥੇ ਵੀ ਆਪ ਪੂਰੀ ਖ਼ਾਲਸਾਈ ਸ਼ਾਨ ਨਾਲ਼ ਰਹੇ। 1985 ਦੇ ਅੱਧ ਵਿੱਚ ਆਪ ਜ਼ਮਾਨਤਾਂ ਕਰਵਾ ਕੇ ਬਾਹਰ ਆ ਗਏ।

ਜੇਲ੍ਹ 'ਚੋਂ ਬਾਹਰ ਆ ਕੇ ਆਪ ਨੇ ਅੰਮ੍ਰਿਤ-ਪ੍ਰਚਾਰ ਦੀ ਜ਼ੋਰਦਾਰ ਲਹਿਰ ਚਲਾਈ ਤੇ ਪੂਰੇ ਇਲਾਕੇ 'ਚ ਬਸੰਤੀ ਫ਼ਸਲ ਲਹਿਲਹਾਉਣ ਲੱਗ ਪਈ। ਵਡਾਲਾ ਗ੍ਰੰਥੀਆਂ, ਵਡਾਲਾ ਬਾਂਗਰ ਤੇ ਕਈ ਹੋਰ ਥਾਂਵਾਂ 'ਤੇ ਗੁਰਮਤਿ ਸਮਾਗਮ ਤੇ ਅਜ਼ਾਦੀ ਲਹਿਰ ਲਈ ਕਾਨਫਰੰਸਾਂ ਕਰਵਾਈਆਂ।

ਆਪ ਨੂੰ ਕਈ ਰਿਸ਼ਤੇ ਆਉਣ ਲੱਗੇ, ਪਰ ਆਪ ਨੇ ਵਿਆਹ ਕਰਾਉਣ ਤੋਂ ਕੋਰੀ ਨਾਂਹ ਕਰ ਦਿੱਤੀ। ਕਈ ਪਰਿਵਾਰਾਂ ਨੇ ਭੁਲੇਖੇ ਵਿੱਚ ਦਾਜ 'ਚ ਕਾਰਾਂ ਆਦਿ ਦੇਣ ਦੇ ਲਾਲਚ ਵੀ ਦਿੱਤੇ, ਪਰ ਆਪ ਦੀ ਤਾਂ ਸੋਚ ਹੀ ਕੋਈ ਹੋਰ ਸੀ। ਜਦੋਂ ਆਪ ਨੇ ਚੰਗੇ-ਚੰਗੇ ਘਰਾਂ ਦੇ ਰਿਸ਼ਤੇ ਠੁਕਰਾ ਦਿੱਤੇ ਤਾਂ ਆਪ ਦੀ ਮਾਤਾ ਨੇ ਕੁਝ ਹੋਰ ਹੀ ਸਮਝ ਕੇ ਪੁੱਛ ਲਿਆ:

"ਗੁਰਮੇਜ! ਕੀ ਗੱਲ ਪੁੱਤ ਜੇ ਕਾਲਜ 'ਚ ਕੋਈ ਕੁੜੀ ਪਸੰਦ ਕੀਤੀ ਊ ਤੇ ਤਾਂ ਵੀ ਦੱਸ ਦੇਹ....ਆਪਾਂ ਵਿਚ ਕੋਈ ਵਿੱਚੋਲਾ ਪਾ ਕੇ ਗੱਲ ਕਰ ਲਾਂਗੇ.....।"

ਮਾਤਾ ਦੀ ਗੱਲ ਸੁਣ ਕੇ ਆਪ ਗੰਭੀਰ ਹੋ ਗਏ। ਕਹਿਣ ਲੱਗੇ:

"ਮਾਤਾ ਜੀ, ਗੱਲ ਉਹ ਨੀਂ ਜਿਹੜੀ ਤੁਸੀਂ ਸਮਝੀ ਜਾਨੇਂ ਓ....ਇਹ ਸਿਰ ਕੌਮ ਦਾ ਐ....ਪਤਾ ਨੀਂ ਕਿੰਨੇ ਦਿਨ ਆ....ਆਪਾਂ ਬਿਗਾਨੀ ਧੀ ਸਿਰੋਂ ਨੰਗੀ ਨੀਂ ਕਰਨੀ.....ਕੱਲ੍ਹ ਨੂੰ ਲੋਕੀਂ ਉਂਗਲਾਂ ਚੁੱਕਣਗੇ ਕਿ ਔਹ ਫਲਾਣੇ ਦੀ ਘਰ ਦੀ.......।"

ਇਹ ਗੱਲ ਸੁਣ ਕੇ ਆਪ ਦੇ ਮਾਤਾ ਜੀ ਕੁਝ ਨਾ ਬੋਲ ਸਕੇ।

ਪੰਜਾਬ ਵਿੱਚ ਜਦੋਂ ਨੀਲੀਆਂ ਪੱਗਾਂ ਵਾਲ਼ਿਆਂ ਦੀ (ਬਰਨਾਲ਼ਾ) ਸਰਕਾਰ ਬਣੀ ਤਾਂ ਉਹਨਾਂ ਨੇ ਵੀ ਦਿੱਲੀ ਤਖ਼ਤ ਦੀਆਂ ਹਦਾਇਤਾਂ ਦੇ ਮੁਤਾਬਿਕ ਜੁਝਾਰੂ ਲੀਹਾਂ 'ਤੇ ਤੁਰੀ ਸਿੱਖ ਜਵਾਨੀ ਨੂੰ ਮੁਕਾਉਣ ਤੇ ਭਟਕਾਉਣ ਲਈ ਕਈ ਪੈਂਤੜੇ ਵਰਤੇ। ਭਾਈ ਗੁਰਮੇਜ ਸਿੰਘ ਨੂੰ ਵੀ ਬਰਨਾਲ਼ੇ ਦੀ ਚਿੱਠੀ ਆਈ ਕਿ ਤੂੰ ਜੇਕਰ ਆਪਣੀ ਇਹ (ਜੁਝਾਰੂ) ਲਾਈਨ ਛੱਡ ਦੇਵੇਂ ਤਾਂ ਤੈਨੂੰ ਸਿੱਧਾ ਹੀ ਪੁਲੀਸ ਵਿੱਚ ਡੀ.ਐਸ.ਪੀ. ਲੈ ਲੈਂਦੇ ਹਾਂ। ਭਾਈ ਗੁਰਮੇਜ ਸਿੰਘ ਨੇ ਜਵਾਬ ਦਿੱਤਾ:

"ਖ਼ਾਲਸਾ ਪੰਥ ਨੇ ਤਾਂ ਸਾਨੂੰ ਜਰਨੈਲੀਆਂ ਬਖ਼ਸ਼ੀਆਂ ਨੇ....ਅਸੀਂ ਤੇਰੀ ਨਿਗੂਣੀ ਡੀ.ਐਸ.ਪੀ. ਦੀ ਪਦਵੀ ਨੂੰ ਕੀ ਕਰਨਾ ਹੈ....?"

ਆਪ ਦੇ ਗਰੁੱਪ ਕੋਲ ਹਥਿਆਰਾਂ ਦੀ ਬਹੁਤ ਹੀ ਘਾਟ ਸੀ, ਪਰ ਇਸ ਘਾਟ ਨੂੰ ਆਪ ਆਮ ਲੋਕਾਂ ਤੋਂ ਪੈਸੇ ਲੈ ਕੇ ਪੂਰਾ ਕਰਨ ਦੇ ਵਿਰੋਧੀ ਸਨ। ਆਪ ਅਕਸਰ ਕਿਹਾ ਕਰਦੇ ਸਨ ਕਿ ਸਾਨੂੰ ਪ੍ਰਸ਼ਾਦਾ ਪਾਣੀ ਛਕਾਉਣ ਵਾਲ਼ਿਆਂ ਦੀ ਘਾਲਣਾ ਸਾਡੇ ਤੋਂ ਵੀ ਕਠਿਨ ਹੈ, ਕਿਉਂਕਿ ਅਸੀਂ ਤਾਂ ਮਰਨਾ ਹੀ ਮਰਨਾ ਹੈ, ਪਰ ਨਾਹਰਾਂ ਵਾਲ਼ਿਆਂ ਦਾ ਪੁਲੀਸ ਨਿਹੱਥਿਆਂ ਦਾ ਹੀ ਨੁਕਸਾਨ ਕਰ

ਦਿੰਦੀ ਹੈ।

16 ਅਪ੍ਰੈਲ 1986 ਨੂੰ ਕੋਟਲੀ ਵਿਖੇ ਕੁਝ ਸ਼ਰਾਰਤੀ ਅਨਸਰਾਂ ਦੀ ਸੁਧਾਈ ਤੋਂ ਬਾਅਦ ਆਪ ਖੁੱਲ੍ਹੇ ਰੂਪ ਵਿੱਚ ਰੂਪੋਸ਼ ਹੋ ਗਏ। ਆਪ ਦੇ ਮਾਮੇ, ਜੋ ਕਿ ਹਰਿਆਣੇ ਅੰਦਰ ਚੰਗਾ ਅਸਰ-ਰਸੂਖ ਰੱਖਦੇ ਸਨ, ਨੇ ਆਪ ਨੂੰ ਸੁਨੇਹਾ ਭੇਜਿਆ:

"ਗੁਰਮੇਜ! ਸਾਡੇ ਕੋਲ ਆ ਜਾਹ, ਤੈਨੂੰ ਅਜਿਹੀ ਥਾਂ 'ਤੇ ਲੁਕਾਵਾਂਗੇ, ਜਿੱਥੋਂ ਤੈਨੂੰ ਕੋਈ ਨੀਂ ਲੱਭ ਸਕੂ.....ਜਦੋਂ ਠੰਢ-ਠੰਢੋਰਾ ਹੋ ਜੂ, ਫਿਰ ਵਾਪਸ ਚਲੇ ਜਾਈਂ.....।"

ਆਪ ਨੇ ਅੱਗੋਂ ਜਵਾਬ ਭੇਜਿਆ:

"ਅਸੀਂ ਤਾਂ ਮਾਹੌਲ ਨੂੰ ਗਰਮ ਕਰਨ 'ਚ ਲੱਗੇ ਆਂ ਤੇ ਤੁਸੀਂ ਠੰਢ-ਠੰਢੋਰੇ ਦੀਆਂ ਗੱਲਾਂ ਕਰਦੇ ਜੇ....ਅਸੀਂ ਕੋਈ ਗਿੱਦੜ ਆਂ, ਜਿਹੜੇ ਚੱਡਿਆਂ 'ਚ ਪੂਛ ਦੇ ਕੇ ਲਾਂਭੇ ਜਾ ਕੇ ਲੁਕ ਜੀਏ....?"

ਭਾਈ ਗੁਰਮੇਜ ਸਿੰਘ ਦਾ ਸੁਧਾਈ ਕਰਨ ਦਾ ਤਰੀਕਾ

ਭਾਈ ਗੁਰਮੇਜ ਸਿੰਘ ਅੰਦਰ ਗ਼ਲਤ ਰਾਹ 'ਤੇ ਪਏ ਇਨਸਾਨ ਨੂੰ ਸਹੀ ਰਾਹ 'ਤੇ ਲਿਆਉਣ ਦੀ ਬਹੁਤ ਹੀ ਉੱਚ ਪਾਏ ਦੀ ਸੂਝ-ਬੂਝ ਅਤੇ ਯੋਗਤਾ ਸੀ। ਘੁੰਮਣਾ ਨੇੜੇ ਬਾਗੋਆਣੀ ਪਿੰਡ ਦੇ ਇੱਕ ਲੁਟੇਰੇ ਦੀਆਂ ਕਈ ਸ਼ਿਕਾਇਤਾਂ ਆਪ ਜੀ ਕੋਲ ਪਹੁੰਚੀਆਂ। ਇੱਕ ਸ਼ਿਕਾਇਤ ਇਹ ਵੀ ਪਹੁੰਚੀ ਕਿ ਉਸ ਨੇ ਇੱਕ ਸਕੂਲ ਦੀ ਲੇਡੀਜ਼ ਟੀਚਰ ਨੂੰ ਰੋਕ ਕੇ ਉਸ ਦੇ ਕੰਨੋਂ ਸੋਨੇ ਦੀਆਂ ਵਾਲੀਆਂ ਉੱਤਰਵਾ ਲਈਆਂ, ਪਰਸ ਵਿਚਲੇ ਡੇਢ ਸੌ ਰੁਪਏ ਵੀ ਖੋਹ ਲਏ ਤੇ ਉਸ ਬੀਬੀ ਨੂੰ ਬੈਠਕਾਂ ਕੱਢਣ 'ਤੇ ਮਜਬੂਰ ਕੀਤਾ ਹੈ। ਇਹ ਸ਼ਿਕਾਇਤ ਮਿਲਣ 'ਤੇ ਭਾਈ ਗੁਰਮੇਜ ਸਿੰਘ ਰੋਹ ਵਿੱਚ ਆ ਗਏ। ਉਹਨਾਂ ਨੇ ਆਪਣੇ ਨਾਲ ਦੇ ਸਾਥੀਆਂ ਨੂੰ ਹੁਕਮ ਕੀਤਾ ਕਿ ਚਾਹੇ ਕਿਰਾਏ 'ਤੇ ਗੱਡੀ ਕਰਨੀ ਪਵੇ, ਉਸ ਲੁਟੇਰੇ ਨੂੰ ਬੰਨ੍ਹ ਕੇ ਮੇਰੇ ਕੋਲ ਲੈ ਕੇ ਆਓ।

ਆਪ ਦੇ ਸਾਥੀ ਥੋੜ੍ਹੇ ਹੀ ਚਿਰ ਬਾਅਦ ਉਸ ਲੁਟੇਰੇ ਨੂੰ ਫੜ ਕੇ ਆਪ ਦੇ ਕੋਲ ਲੈ ਆਏ। ਆਪ ਨੇ ਪਹਿਲਾਂ ਤਾਂ ਉਸ ਲੁਟੇਰੇ ਨੂੰ ਲੰਮਾ ਪਾ ਕੇ ਚੰਗੀ ਤਰ੍ਹਾਂ ਚਾਹਟਾ ਛਕਾਇਆ। ਉਹ ਡਾਡਾਂ ਮਾਰਨ ਲੱਗਾ। ਫਿਰ ਥੋੜ੍ਹੇ ਚਿਰ ਬਾਅਦ ਦੁੱਧ 'ਚ ਘਿਉ ਪਾ ਕੇ ਉਸ ਨੂੰ ਛਕਾਇਆ ਤੇ ਪਿਆਰ ਨਾਲ ਉਸ ਨੂੰ ਪੁੱਛਿਆ ਕਿ ਉਹ ਅਜਿਹੀਆਂ ਗ਼ੈਰ-ਇਖ਼ਲਾਕੀ ਹਰਕਤਾਂ ਕਿਉਂ ਕਰ ਰਿਹਾ ਹੈ। ਕੁੱਟ ਦੇ ਭੰਨੇ ਉਸ ਲੁਟੇਰੇ ਨੇ ਹੱਥ ਜੋੜ ਕੇ ਆਜਜ਼ੀ ਨਾਲ ਕਿਹਾ:

"ਭਾਈ ਸਾਹਬ! ਮੇਰੀ ਭੈਣ ਵਿਆਹੁਣ ਵਾਲੀ ਆ ਤੇ ਮੇਰੇ ਕੋਲ ਪੈਸਾ ਕੋਈ ਨੀਂ....।"

ਭਾਈ ਗੁਰਮੇਜ ਸਿੰਘ ਉਸ ਨੂੰ ਝਿੜਕਦੇ ਹੋਏ ਕਹਿਣ ਲੱਗੇ:

"ਕੰਜਰਾ....! ਕਿਸੇ ਹੋਰ ਦੀ ਧੀ ਭੈਣ ਦੇ ਕੰਨੋਂ ਵਾਲੀਆਂ ਲਾਹ ਕੇ ਆਪਣੀ ਭੈਣ ਦੇ ਕੰਨੀਂ ਪਾਉਣੀਆਂ ਈ....?"

ਉਹ ਲੁਟੇਰਾ ਸ਼ਰਮਸਾਰ ਹੋ ਗਿਆ। ਫਿਰ ਆਪ ਨੇ ਗੰਭੀਰ ਹੋ ਕੇ ਉਸ ਲੁਟੇਰੇ ਨੂੰ ਕਿਹਾ; "ਆਪਣੀ ਭੈਣ ਦਾ ਵਿਆਹ ਰੱਖ ਕੇ ਤਰੀਕ ਸਾਨੂੰ ਦੱਸ ਦੇਹ, ਅਸੀਂ ਵਿਆਹ ਕਰਾਂਗੇ।"

ਇਹ ਸੁਣ ਕੇ ਉਹ ਬਹੁਤ ਖ਼ੁਸ਼ ਹੋਇਆ। ਭਾਈ ਗੁਰਮੇਜ ਸਿੰਘ ਹੋਰਾਂ ਨੇ ਉਸ ਦੀ ਭੈਣ ਦੇ ਵਿਆਹ ਦਾ ਸਾਰਾ ਖ਼ਰਚਾ ਖ਼ੁਦ ਕੀਤਾ ਤੇ ਫਿਰ ਇਹ ਚਿਤਾਵਨੀ ਵੀ ਦਿੱਤੀ ਕਿ ਜੇਕਰ ਅੱਜ ਤੋਂ ਬਾਅਦ ਤੇਰੀ ਕੋਈ ਸ਼ਿਕਾਇਤ ਮਿਲੀ ਤਾਂ ਤੈਨੂੰ ਜਿਊਂਦੇ ਨੂੰ ਸਾੜ ਦਿਆਂਗੇ। ਉਕਤ ਬੰਦੇ ਦੀ ਮੁੜ ਕੋਈ ਸ਼ਿਕਾਇਤ ਨਾ ਆਈ। ਭਾਈ ਗੁਰਮੇਜ ਸਿੰਘ ਨੇ ਆਪਣੇ ਖ਼ਾਲਸਾਈ ਢੰਗ ਨਾਲ਼ ਉਸ ਨੂੰ ਲੋੜ ਅਨੁਸਾਰ ਸੋਧ (ਸੁਧਾਰ) ਦਿੱਤਾ ਸੀ।

ਇਸੇ ਹੀ ਤਰ੍ਹਾਂ ਇੱਕ ਗ੍ਰੰਥੀ ਸਿੰਘ ਜੋ ਸ਼ਰਾਬ ਪੀ ਕੇ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ 'ਚ ਬੈਠਦਾ ਸੀ, ਤੇ ਕਈ-ਕਈ ਦਿਨ ਨਹਾਉਂਦਾ ਨਹੀਂ ਸੀ, ਉਸ ਨੂੰ ਘੇਰ ਕੇ ਆਪ ਨੇ ਸਖ਼ਤ ਤਾੜਨਾ ਕੀਤੀ। ਸ਼ਰਾਬ ਦੇ ਨਸ਼ੇ ਵਿੱਚ ਉਹ ਊਲ-ਜਲੂਲ ਬੋਲਣ ਲੱਗ ਪਿਆ ਤਾਂ ਉਸ ਨੂੰ ਵੀ ਚਾਹਟਾ ਛਕਾਇਆ। ਗ੍ਰੰਥੀ ਨੇ ਮਾਫ਼ੀ ਮੰਗੀ। ਉਹ ਗ੍ਰੰਥੀ ਸਿੰਘ ਅੱਜ ਵੀ ਉਸੇ ਹੀ ਗੁਰਦੁਆਰੇ ਵਿਖੇ ਸਹੀ ਢੰਗ ਨਾਲ਼ ਸੇਵਾ ਨਿਭਾਅ ਰਿਹਾ ਹੈ। ਉਹ ਕਹਿੰਦਾ ਹੈ, "ਜੇਕਰ ਭਾਈ ਗੁਰਮੇਜ ਸਿੰਘ ਦੀ ਬਜਾਏ ਕੋਈ ਹੋਰ ਸਿੰਘ ਹੁੰਦਾ ਤਾਂ ਸ਼ਾਇਦ ਮੈਨੂੰ ਸੁਧਰਨ ਦਾ ਮੌਕਾ ਦਿੱਤੇ ਬਿਨਾਂ ਹੀ ਕਤਲ ਕਰ ਦਿੰਦਾ, (ਜਿਹਾ ਕਿ ਬਾਅਦ ਵਿੱਚ ਆਮ ਹੋ ਗਿਆ ਸੀ।)" ਉਹ ਆਪਣੇ ਜੀਵਨ ਨੂੰ ਸੁਖਾਵੀਂ ਤਬਦੀਲੀ ਸਣੇ ਭਾਈ ਗੁਰਮੇਜ ਸਿੰਘ ਦੀ ਅਮਾਨਤ ਦੱਸਦਾ ਹੈ।

ਭਾਈ ਗੁਰਮੇਜ ਸਿੰਘ ਦਾ ਸਮਾਜ-ਸੁਧਾਰ

ਭਾਈ ਗੁਰਮੇਜ ਸਿੰਘ ਢਿਲਵਾਂ ਨੇ ਰੂਪੋਸ਼ ਹੋ ਕੇ ਕੌਮ ਨੂੰ ਜਾਗ੍ਰਿਤ ਕਰਨ ਦਾ ਮਿਸ਼ਨ ਵੀ ਜਾਰੀ ਰੱਖਿਆ। ਇੱਕ ਵਾਰ ਦੀ ਗੱਲ ਹੈ ਕਿ ਆਪ ਆਪਣੇ ਸਾਥੀਆਂ ਸਮੇਤ ਗਾਦਰੀਆਂ ਪਿੰਡ ਦੇ ਵਿੱਚੋਂ ਲੰਘ ਰਹੇ ਸਨ ਕਿ ਪ੍ਰਸ਼ਾਦਾ-ਪਾਣੀ ਛਕਣ ਲਈ ਇੱਕ ਚਾਰਦੀਵਾਰੀ ਤੋਂ ਸੱਖਣੇ ਘਰ ਵਿੱਚ ਜਾ ਵੜੇ। ਘਰ ਦੀ ਮੁਖੀ ਔਰਤ ਸ਼ਰਾਬ ਕੱਢ ਰਹੀ ਸੀ, ਜੋ ਹਥਿਆਰਬੰਦ ਸਿੰਘਾਂ ਨੂੰ ਵੇਖ ਕੇ ਘਬਰਾ ਗਈ। ਆਪ ਨੇ ਉਸ ਔਰਤ ਤੋਂ ਬੜੇ ਸਤਿਕਾਰ ਨਾਲ਼ ਸ਼ਰਾਬ ਵਰਗੀ ਲਾਹਨਤ ਤਿਆਰ ਕਰਨ ਦਾ ਕਾਰਨ ਪੁੱਛਿਆ। ਉਸ ਔਰਤ ਨੇ ਦੱਸਿਆ ਕਿ ਮੇਰਾ ਪਤੀ ਅਕਾਲ-ਚਲਾਣਾ ਕਰ ਗਿਆ ਹੈ ਤੇ ਘਰ ਵਿੱਚ ਵਿਆਹੁਣ ਵਾਲ਼ੀਆਂ ਦੋ ਧੀਆਂ ਹਨ, ਜਿਨ੍ਹਾਂ ਦੇ ਵਿਆਹ ਦੀ ਜ਼ਿੰਮੇਵਾਰੀ ਮੇਰੀ ਹੈ।

ਆਪ ਨੇ ਉਸ ਘਰ 'ਚੋਂ ਪ੍ਰਸ਼ਾਦਾ ਛਕਿਆ ਤੇ ਫਿਰ ਤੁਰਨ ਲੱਗੇ ਉਕਤ ਬੀਬੀ ਨੂੰ ਕਿਹਾ:

"ਮਾਤਾ ਜੀ! ਤੁਸੀਂ ਆਪਣੀਆਂ ਦੋਹਾਂ ਲੜਕੀਆਂ ਦੇ ਵਿਆਹ ਇੱਕ-ਦੋ ਦਿਨਾਂ ਦੇ ਫ਼ਰਕ ਨਾਲ਼ ਰੱਖ ਲਓ...ਵਿਆਹ ਰੱਖ ਕੇ ਇਸੇ ਪਿੰਡ ਦੇ ....ਸਿੰਘ ਨੂੰ ਤਰੀਕ ਦੱਸ ਦਿਓ, ਸਾਰਾ ਪ੍ਰਬੰਧ ਹੋ ਜਾਏਗਾ, ਪਰ ਸ਼ਰਾਬ ਕੱਢਣ ਦਾ ਕੰਮ ਹੁਣ ਤੋਂ ਹੀ ਬੰਦ ਕਰ ਦਿਓ.....।"

ਇਹ ਗੱਲ ਸੁਣ ਕੇ ਉਕਤ ਔਰਤ ਦਾ ਚਿਹਰਾ ਖਿੜ ਗਿਆ। ਉਸ ਨੇ ਵਾਰ-ਵਾਰ ਸਿੰਘਾਂ ਦਾ ਧੰਨਵਾਦ ਕੀਤਾ ਪਰ ਭਾਈ ਗੁਰਮੇਜ ਸਿੰਘ ਨਿਮਰਤਾ ਨਾਲ਼ ਇਸ ਨੂੰ ਸਿੰਘਾਂ ਦਾ ਫ਼ਰਜ਼ ਦੱਸਦੇ ਹੋਏ ਓਥੋਂ ਵਿਦਾ ਹੋ ਗਏ। ਮਿਥੀ ਹੋਈ ਤਰੀਕ 'ਤੇ ਭਾਈ ਗੁਰਮੇਜ ਸਿੰਘ ਹੋਰਾਂ ਨੇ ਟਰਾਲੀਆਂ ਦੇ ਵਿੱਚ ਵਿਆਹਾਂ ਲਈ ਲੋੜੀਂਦਾ ਸਾਰਾ ਸਮਾਨ ਉਕਤ ਘਰ ਵਿੱਚ ਭੇਜ ਦਿੱਤਾ।

ਭਾਈ ਸਾਹਿਬ ਦੀ ਸ਼ਹਾਦਤ ਤੋਂ ਬਾਅਦ ਉਕਤ ਬੀਬੀ ਰੋਂਦੀ ਹੋਈ ਭਾਈ ਸਾਹਿਬ ਦੇ

ਘਰ ਪਹੁੰਚੀ ਸੀ ਤੇ ਉਹ ਵਾਰ-ਵਾਰ ਕਹਿ ਰਹੀ ਸੀ:

"ਮੈਨੂੰ ਉਸ ਸ਼ੇਰ ਦੀ ਮਾਂ ਦੇ ਦਰਸ਼ਨ ਕਰਵਾਓ.....।" ਉਕਤ ਬੀਬੀ ਨੇ ਇਹ ਘਟਨਾ ਖ਼ੁਦ ਹੀ ਪਰਿਵਾਰ ਨੂੰ ਸੁਣਾਈ ਸੀ।

ਸ਼ਹੀਦੀ

ਤੇ ਫਿਰ ਉਹ ਦਿਨ ਆ ਪਹੁੰਚਿਆ, ਜੋ ਕਿ ਹਰ ਜੁਝਾਰੂ ਦੇ ਜੀਵਨ ਵਿੱਚ ਇੱਕ ਦਿਨ ਆਉਣਾ ਹੀ ਹੁੰਦਾ ਹੈ। 24 ਜੂਨ 1986 ਨੂੰ ਭਾਈ ਗੁਰਮੇਜ ਸਿੰਘ ਢਿੱਲਵਾਂ ਤੇ ਭਾਈ ਮੱਖਣ ਸਿੰਘ ਸ਼ਿਥ,ਇੱਕ ਬੈਂਕ 'ਚੋਂ ਨਕਲੀ ਨਾਂਵਾਂ 'ਤੇ ਐਗਰੀਕਲਚਰ ਲੋਨ ਬਾਰੇ ਪਤਾ ਕਰਨ ਗਏ ਤਾਂ ਕਿ ਵਧੀਆ ਹਥਿਆਰ ਖ਼ਰੀਦੇ ਜਾ ਸਕਣ। ਬਟਾਲੇ ਤੋਂ ਹੋ ਕੇ ਆਪ ਕਾਲ਼ੀ ਬਾਹਮਣੀ ਪਿੰਡ ਵਿੱਚ ਪਹੁੰਚੇ, ਜਿੱਥੇ ਕਿ ਬਾਬਾ ਰਣਜੀਤ ਸਿੰਘ ਦਿਆਲ਼ਗੜ੍ਹ ਆਪ ਦੀ ਉਡੀਕ ਕਰ ਰਹੇ ਸਨ। ਤਾਕ ਵਿੱਚ ਬੈਠੇ ਮੁਖ਼ਬਰ ਨੇ ਤੁਰੰਤ ਹੀ ਫ਼ੋਨ ਕਰ ਕੇ ਸੂਚਨਾ ਦੇ ਦਿੱਤੀ ਕਿ ਹੁਣ ਤਿੰਨੇ ਹੀ ਸਿੰਘ ਇਕੱਠੇ ਹੋ ਗਏ ਹਨ। ਗੁਪਤ ਰੂਪ ਵਿੱਚ ਪਹਿਲਾਂ ਹੀ ਪੈ ਚੁੱਕਾ ਪੁਲੀਸ ਫ਼ੋਰਸਾਂ ਦਾ ਘੇਰਾ ਇਕਦਮ ਪੀਡਾ ਹੋਣ ਲੱਗਾ। ਸਿੰਘਾਂ ਨੂੰ ਓਦੋਂ ਹੀ ਖ਼ਬਰ ਹੋਈ, ਜਦ ਵੈਰੀ ਕਟਕ ਸਿਰ 'ਤੇ ਆ ਚੜ੍ਹੇ।

ਇਹਨਾਂ ਤਿੰਨਾਂ ਹੀ ਚੋਟੀ ਦੇ ਸਿੰਘਾਂ ਕੋਲ਼ ਹਥਿਆਰ ਬਹੁਤ ਹੀ ਘੱਟ ਸਨ। ਬਹਿਕ ਵਾਲ਼ੀ ਬੀਬੀ ਨੇ ਇਕਦਮ ਘਬਰਾ ਕੇ ਆਪ ਨੂੰ ਹਥਿਆਰ ਸੰਭਾਲ਼ ਕੇ ਮੁਕਾਬਲਾ ਕਰਨ ਲਈ ਕਿਹਾ, ਪਰ ਆਪ ਕਹਿਣ ਲੱਗੇ ਕਿ ਜੇਕਰ ਮੁਕਾਬਲਾ ਇਸ ਥਾਂ 'ਤੇ ਕੀਤਾ ਤਾਂ ਪੁਲੀਸ ਤੁਹਾਡੇ ਟੱਬਰ ਦੇ ਸਾਰੇ ਜੀਅ ਮਾਰ ਦੇਵੇਗੀ। ਆਪ ਨੇ ਕਮਾਦਾਂ ਦੇ ਵਿੱਚ ਦੀ ਉਕਤ ਘਰ ਤੋਂ ਦੂਰ ਹੋਣ ਦਾ ਯਤਨ ਕੀਤਾ, ਪਰ ਘੇਰਾ ਚੱਪੇ-ਚੱਪੇ 'ਤੇ ਪੈ ਚੁੱਕਾ ਸੀ।

ਭਾਈ ਰਣਜੀਤ ਸਿੰਘ ਦਿਆਲ਼ਗੜ੍ਹ ਕਾਫ਼ੀ ਦੂਰ ਨਿਕ਼ਲਣ ਦੇ ਬਾਵਜੂਦ ਘੇਰੇ 'ਚੋਂ ਨਿਕ਼ਲ ਨਾ ਸਕੇ ਤੇ ਚਾਰ-ਚੁਫੇਰਿਓਂ ਵਰ੍ਹਦੀਆਂ ਗੋਲ਼ੀਆਂ ਦੀ ਸ਼ਿਸਤ ਵਿੱਚ ਆ ਕੇ ਸ਼ਹਾਦਤ ਪ੍ਰਾਪਤ ਕਰ ਗਏ। ਪਰ ਭਾਈ ਗੁਰਮੇਜ ਸਿੰਘ ਢਿੱਲਵਾਂ ਤੇ ਭਾਈ ਮੱਖਣ ਸਿੰਘ ਸ਼ਿਥ ਇੱਕ ਕਮਾਦ ਦੇ ਖੇਤ 'ਚੋਂ ਨਿਕਲ ਕੇ ਦੂਜੇ ਖੇਤ ਨੂੰ ਜਾਂਦਿਆਂ ਹੀ ਪੁਲੀਸ ਦੀ ਇੱਕ ਧਾੜ ਦੇ ਕਾਬੂ ਆ ਗਏ।

ਨਿਹੱਥੇ ਸੂਰਮਿਆਂ ਦੇ ਕਾਬੂ ਆ ਜਾਣ 'ਤੇ ਡੀ.ਐਸ.ਪੀ. ਸੁਮੇਧ ਸੈਣੀ ਚਾਂਭਲ ਗਿਆ। ਉਸ ਨੂੰ ਆਸ ਜਾਗੀ ਕਿ ਇਹਨਾਂ ਨੂੰ ਡਰਾ ਕੇ ਉਹ ਕਾਫ਼ੀ ਜਾਣਕਾਰੀ ਹਾਸਲ ਕਰ ਸਕਦਾ ਹੈ। ਉਹ ਭਾਈ ਗੁਰਮੇਜ ਸਿੰਘ, ਜਿਨ੍ਹਾਂ ਨੂੰ ਦੋਹਾਂ ਪਾਸਿਆਂ ਤੋਂ ਸਿਪਾਹੀਆਂ ਨੇ ਬਾਹਵਾਂ ਤੋਂ ਫੜਿਆ ਸੀ, ਦੇ ਸਿਰ ਦੇ ਦੋਹਾਂ ਪਾਸਿਆਂ ਤੋਂ ਗੋਲ਼ੀਆਂ ਲੰਘਾ ਕੇ ਉਹਨਾਂ ਨੂੰ ਡਰਾਉਣ ਦੇ ਯਤਨ ਕਰਨ ਲੱਗਾ। ਸੁਮੇਧ ਸੈਣੀ ਦੀ ਇਹ ਹਾਸੋਹੀਣੀ ਹਰਕਤ 'ਤੇ ਭਾਈ ਗੁਰਮੇਜ ਸਿੰਘ ਢਿੱਲਵਾਂ ਰੋਹ ਵਿੱਚ ਆ ਗਏ। ਸੁਮੇਧ ਸੈਣੀ ਨੂੰ ਸਿੱਧੀ ਗਾਲ਼ ਕੱਢ ਕੇ ਆਪ ਨੇ ਲਲਕਾਰਾ ਮਾਰਿਆ:

"ਸਿੱਧੀ ਹਿੱਕ 'ਚ ਮਾਰ ਖਾਂ, ਕੀ ਗੱਲ ਨਿਸ਼ਾਨਾ ਲਾਉਣਾ ਨ੍ਹੀਂ ਆਉਂਦਾ....? ਲਿਆ ਤੈਨੂੰ ਨਿਸ਼ਾਨਾ ਲਾ ਕੇ ਵਿਖਾਵਾਂ....।"

ਏਨੀ ਕਹਿ ਕੇ ਆਪ ਨੇ ਹੁੱਝਕਾ ਮਾਰਿਆ ਤੇ ਜਿਨ੍ਹਾਂ ਸਿਪਾਹੀਆਂ ਨੇ ਆਪ ਦੀਆਂ ਬਾਹਵਾਂ

ਫੜੀਆਂ ਸਨ, ਉਹ ਬੁੜ੍ਹਕ ਕੇ ਪਰ੍ਹਾਂ ਜਾ ਡਿੱਗੇ। ਪਰ ਇਸ ਤੋਂ ਪਹਿਲਾਂ ਕਿ ਆਪ ਸੁਮੇਧ ਸੈਣੀ ਦੇ ਪਿਸਟਲ ਨੂੰ ਹੱਥ ਪਾਉਂਦੇ, ਆਪ 'ਤੇ ਚਾਰ-ਚੁਫੇਰਿਓਂ ਗੋਲੀਆਂ ਦਾ ਮੀਂਹ ਵਰ੍ਹਿਆ ਤੇ ਆਪ ਆਪਣੇ ਅਧੂਰੇ ਕੰਮ ਦੀ ਜ਼ਿੰਮੇਵਾਰੀ ਸਾਥੀਆਂ ਲਈ ਛੱਡ ਕੇ ਸ਼ਹਾਦਤ ਦਾ ਜਾਮ ਪੀ ਗਏ।

ਆਪ ਵੱਲੋਂ ਜੁਝਾਰੂ ਲਹਿਰ ਵਿੱਚ ਪਾਈਆਂ ਅਮਿੱਟ ਪੈੜਾਂ ਲੰਮੇ ਸਮੇਂ ਤਕ ਦੂਰ-ਅੰਦੇਸ਼ ਜੁਝਾਰੂਆਂ ਦਾ ਮਾਰਗ ਦਰਸ਼ਨ ਕਰਦੀਆਂ ਰਹੀਆਂ।

* * * * *

ਗੁਰਮਤਿ ਵਿੱਦਿਆ ਨੂੰ ਕਮਾਉਣ ਵਾਲ਼ਾ ਸੂਰਮਾ

ਸ਼ਹੀਦ ਬਾਬਾ ਰਣਜੀਤ ਸਿੰਘ ਦਿਆਲ਼ਗੜ੍ਹ

ਜੂਨ 1984 ਤੋਂ ਬਾਅਦ ਭਾਰਤੀ ਫ਼ੌਜਾਂ ਦੇ ਕਹਿਰੀ ਹਮਲੇ ਵਿੱਚ ਹੋਏ ਨੁਕਸਾਨ ਦੇ ਰੂ-ਬਰੂ ਸਿੱਖ ਕੌਮ ਦੀ ਅਜ਼ਾਦੀ ਦੇ ਸੰਘਰਸ਼ ਨੂੰ ਮੁੜ ਨਵੇਂ ਸਿਰੇ ਤੋਂ ਅਰੰਭਣ ਵਾਲੇ ਸੂਰਮਿਆਂ ਵਿੱਚ ਬਾਬਾ ਰਣਜੀਤ ਸਿੰਘ ਦਿਆਲ਼ਗੜ੍ਹ ਦਾ ਨਾਂ ਵੀ ਆਉਂਦਾ ਹੈ। ਬਟਾਲ਼ੇ ਦੇ ਕੋਲ਼ ਦਿਆਲ਼ਗੜ੍ਹ ਪਿੰਡ ਦੇ ਕਿਸਾਨ ਸ. ਹਰਭਜਨ ਸਿੰਘ ਤੇ ਬੀਬੀ ਗੁਰਦੀਪ ਕੌਰ ਦੇ ਛੇ ਬੱਚੇ ਸਨ:

1. ਸੁਖਦੇਵ ਸਿੰਘ, 2. ਸੁਰਜੀਤ ਸਿੰਘ, 3. ਰਣਜੀਤ ਸਿੰਘ, 4. ਕੁਲਵੰਤ ਸਿੰਘ, 5. ਸੁਖਵੰਤ ਕੌਰ, 6. ਜਗੀਰ ਸਿੰਘ।

ਇਹ ਸਾਰੇ ਬੱਚੇ ਅਜੇ ਬਾਲਪਨ ਦੀਆਂ ਖੇਡਾਂ ਵਿੱਚ ਹੀ ਸਨ, ਜਦੋਂ ਇਹਨਾਂ ਦੇ ਪਿਤਾ ਸ. ਹਰਭਜਨ ਸਿੰਘ ਜੀ ਚੜ੍ਹਾਈ ਕਰ ਗਏ, ਇਸ ਲਈ ਭਾਈ ਰਣਜੀਤ ਸਿੰਘ ਨੂੰ ਦੁਨਿਆਵੀ ਵਿੱਦਿਆ ਹਾਸਲ ਕਰਨ ਦਾ ਮੌਕਾ ਨਹੀਂ ਮਿਲਿਆ, ਪਰ ਇਸ ਦੇ ਬਾਵਜੂਦ ਆਪ ਏਨੇ ਰੌਸ਼ਨ ਦਿਮਾਗ ਸਨ ਕਿ ਸਿੱਖ ਜੱਦੋ-ਜਹਿਦ ਵਿੱਚ ਅਹਿਮ ਨੇਤਾ ਦਾ ਦਰਜਾ ਪ੍ਰਾਪਤ ਕਰ ਗਏ।

ਧਰਮ-ਯੁੱਧ ਵਿੱਚ ਆਉਣ ਤੋਂ ਪਹਿਲਾਂ ਆਪ ਕਿਸਾਨ ਯੂਨੀਅਨ ਦੇ ਸਰਗਰਮ ਵਰਕਰ ਸਨ। ਕਿਸਾਨ ਅੰਦੋਲਨ ਦੌਰਾਨ ਆਪ ਕਈ ਵਾਰ ਜੇਲ੍ਹ ਗਏ। ਭਾਈ ਰਣਜੀਤ ਸਿੰਘ ਅੰਦਰ ਸੰਘਰਸ਼ ਵਾਲੀ ਯੋਗਤਾ ਵੇਖ ਕੇ ਹੀ ਪਿੰਡ ਵਿੱਚ ਆਪ ਨੂੰ ਪੰਚਾਇਤ ਮੈਂਬਰ ਚੁਣ ਲਿਆ ਗਿਆ। ਪਰ ਮਿਤੀ 21 ਸਤੰਬਰ 1981 ਨੂੰ ਮਹਿਤੇ ਵਿਖੇ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲ਼ਿਆਂ ਵੱਲੋਂ ਲਾਲ਼ਾ ਜਗਤ ਨਰਾਇਣ ਕਤਲ ਕੇਸ ਵਿੱਚ ਦਿੱਤੀ ਗ੍ਰਿਫ਼ਤਾਰੀ ਦੀ ਘਟਨਾ ਨੂੰ ਅੱਖੀਂ ਵੇਖਣ ਪਿੱਛੋਂ ਉਹਨਾਂ ਦੀ ਜ਼ਿੰਦਗੀ 'ਚ ਨਵਾਂ ਮੋੜ ਆਇਆ। ਰੋਸ ਪ੍ਰਗਟ ਕਰ ਰਹੇ ਨਿਹੱਥੇ ਸਿੱਖ ਨੌਜਵਾਨਾਂ 'ਤੇ ਵਰ੍ਹਦੀਆਂ ਗੋਲ਼ੀਆਂ ਭਾਈ ਰਣਜੀਤ ਸਿੰਘ ਨੇ ਆਪਣੀ ਅੱਖੀਂ ਵੇਖੀਆਂ। ਪੁਲੀਸ ਦੀ ਅੰਨ੍ਹੇਵਾਹ ਫ਼ਾਇਰਿੰਗ ਨਾਲ਼ ਸ਼ਹੀਦ ਹੋਏ ਨੌਜਵਾਨਾਂ ਦੀਆਂ ਦੇਹਾਂ ਦੇ ਦਰਸ਼ਨ ਕਰਦਿਆਂ ਭਾਈ ਰਣਜੀਤ ਸਿੰਘ ਨੇ ਮਨ ਹੀ ਮਨ ਵਿੱਚ ਅਗਲੇ ਸੰਘਰਸ਼ ਦਾ ਸੰਕਲਪ ਲੈ ਲਿਆ। ਉਸ ਦਿਨ ਤੋਂ ਹੀ ਆਪ ਦਾ ਕਿਸਾਨ-ਯੁੱਧ, ਧਰਮ-ਯੁੱਧ ਵਿੱਚ ਬਦਲ ਗਿਆ।

ਸੰਤ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲ਼ਿਆਂ ਦੀ ਰਿਹਾਈ ਤੋਂ ਬਾਅਦ ਆਪ ਉਹਨਾਂ ਦੇ ਸੰਪਰਕ ਵਿੱਚ ਆਏ ਤੇ ਫਿਰ ਇਹ ਸੰਪਰਕ ਚੰਗੇ ਨੇੜਲੇ ਸਾਥ ਵਿੱਚ ਬਦਲ ਗਿਆ। ਛੇਤੀ ਹੀ ਭਾਈ ਰਣਜੀਤ ਸਿੰਘ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲ਼ਿਆਂ ਦੀ ਮਰਜੀਵੜਿਆਂ

ਦੀ ਫ਼ੌਜ ਵਿੱਚ ਉੱਥੇ ਸਿਪਾਹੀ ਵਜੋਂ ਜਾਣੇ ਜਾਣ ਲੱਗ ਪਏ। ਗੁਪਤ ਰੂਪ ਵਿੱਚ ਆਪ ਸਿੱਖ ਜੱਦੋ-ਜਹਿਦ ਵਿੱਚ ਤਨਦੇਹੀ ਨਾਲ ਕੰਮ ਕਰਦੇ ਰਹੇ।

ਜੂਨ 1984 ਵਿੱਚ ਜਦੋਂ ਹਕੂਮਤ ਨੇ ਸ੍ਰੀ ਦਰਬਾਰ ਸਾਹਿਬ 'ਤੇ ਹਮਲਾ ਕੀਤਾ ਤਾਂ ਆਪ ਆਪਣੇ ਪਿੰਡ ਵਿੱਚ ਸਨ। ਖ਼ਬਰ ਸੁਣ ਕੇ ਆਪ ਅੰਮ੍ਰਿਤਸਰ ਵੱਲ ਰਵਾਨਾ ਹੋ ਪਏ।

4 ਜੂਨ ਵਾਲੇ ਦਿਨ ਜਦੋਂ ਭਿਆਨਕ ਫ਼ੌਜੀ ਹਮਲੇ ਦੇ ਮੱਦੇਨਜ਼ਰ ਸ੍ਰੀ ਦਰਬਾਰ ਸਾਹਿਬ ਅੰਦਰਲੇ ਸ਼ਰਧਾਲੂ ਬਾਹਰ ਆ ਰਹੇ ਸਨ, ਤਾਂ ਆਪ ਉਸ ਦਿਨ ਬਾਹਰੋਂ ਆ ਕੇ ਸ੍ਰੀ ਦਰਬਾਰ ਸਾਹਿਬ ਦੇ ਅੰਦਰ ਜਾ ਵੜੇ। ਡਿਊਟੀ ਲੁਆ ਕੇ ਇੱਕ ਮੋਰਚਾ ਸੰਭਾਲਿਆ ਤੇ ਹਮਲਾਵਰ ਫ਼ੌਜ ਤੋਂ ਦਰਬਾਰ ਸਾਹਿਬ ਦੀ ਪਵਿੱਤਰਤਾ ਦੀ ਰਾਖੀ ਲਈ ਆਪ ਸਾਥੀ ਸਿੰਘਾਂ ਸਮੇਤ ਜਾਨਾਂ ਹੂਲ ਕੇ ਜੂਝੇ।

7 ਜੂਨ ਵਾਲੇ ਦਿਨ ਜਦੋਂ ਸਰਕਾਰ ਵੱਲੋਂ ਅੰਦਰ ਟੈਂਕ ਦਾਖ਼ਲ ਕਰ ਦਿੱਤੇ ਗਏ ਤਾਂ ਮੁਕਾਬਲੇ ਵਾਲੀ ਕੋਈ ਗੱਲ ਨਾ ਰਹੀ। ਫਿਰ ਸੰਤਾਂ ਦੀਆਂ ਦਿੱਤੀਆਂ ਹੋਈਆਂ ਹਦਾਇਤਾਂ ਦੇ ਮੱਦੇਨਜ਼ਰ ਆਪ ਕੁਝ ਸਾਥੀ ਸਿੰਘਾਂ ਦੇ ਨਾਲ ਘੇਰਾ ਤੋੜ ਕੇ ਬਾਹਰ ਨਿਕਲ ਆਏ ਤੇ ਪਿੰਡ ਪਹੁੰਚ ਗਏ।

ਪਿੰਡ ਆ ਕੇ ਆਪ ਨੇ ਸਾਥੀ ਸਿੰਘਾਂ ਸਮੇਤ ਹਥਿਆਰ ਇੱਕੱਠੇ ਕਰ ਕੇ ਸੰਘਰਸ਼ ਦਾ ਅਗਲਾ ਸਫ਼ਰ ਅਰੰਭ ਕੀਤਾ। ਭਾਈ ਜੋਗਾ ਸਿੰਘ ਬਿਸ਼ਨੰਦੀ, ਭਾਈ ਤਰਸੇਮ ਸਿੰਘ ਕੋਹਾੜ, ਭਾਈ ਗੁਰਮੇਜ ਸਿੰਘ ਢਿੱਲਵਾਂ, ਭਾਈ ਮੱਖਣ ਸਿੰਘ ਸ਼ਿਥ, ਭਾਈ ਪਰਮਜੀਤ ਸਿੰਘ ਤੁਗਲਵਾਲਾ, ਭਾਈ ਜਸਵਿੰਦਰ ਸਿੰਘ ਕਾਕਾ, ਭਾਈ ਦਲਬੀਰ ਸਿੰਘ ਬਿੱਲਾ ਵਰਪਾਲ, ਭਾਈ ਮਨਜੀਤ ਸਿੰਘ ਖੁਜਾਲਾ, ਭਾਈ ਰੋਸ਼ਨ ਲਾਲ ਬੈਰਾਗੀ, ਮਦਨ ਲਾਲ ਮੱਦੀ ਕਾਦੀਆਂ, ਭਾਈ ਵਰਿਆਮ ਸਿੰਘ ਖੱਪਿਆਂਵਾਲੀ, ਭਾਈ ਧਰਮ ਸਿੰਘ ਕਾਸ਼ਤੀਵਾਲ ਆਦਿ ਸਿੰਘਾਂ ਨੇ ਥੋੜ੍ਹੇ ਬਹੁਤੇ ਹਥਿਆਰ ਇੱਕੱਠੇ ਕਰਨੇ ਅਰੰਭ ਕਰ ਦਿੱਤੇ ਤਾਂ ਕਿ ਸੰਘਰਸ਼ ਨੂੰ ਅੱਗੇ ਤੋਰਿਆ ਜਾਵੇ।

ਕਸਬਾ ਦਸੂਹਾ 'ਚ ਸ੍ਰੀ ਦਰਬਾਰ ਸਾਹਿਬ 'ਤੇ ਹਮਲੇ ਦੀ ਖ਼ੁਸ਼ੀ ਵਿੱਚ ਹਿੰਦੂ ਦੁਕਾਨਦਾਰਾਂ ਨੇ ਮਿਲ ਕੇ ਲੱਡੂ ਵੰਡੇ, ਜਿਸ ਦੀ ਖ਼ਬਰ ਆਪ ਨੂੰ ਮਿਲੀ। ਆਪ ਨੇ ਓਥੇ ਪਹੁੰਚ ਕੇ ਉਹਨਾਂ ਦੀ ਸੁਧਾਈ ਕੀਤੀ।

ਹਥਿਆਰਬੰਦ ਸੰਘਰਸ਼ ਤੋਂ ਇਲਾਵਾ ਆਪ ਸਿੱਖ ਪੰਥ ਵਿੱਚ ਸੰਘਰਸ਼ ਬਾਰੇ ਜਾਗਰੂਕਤਾ ਪੈਦਾ ਕਰਨ ਲਈ ਵੀ ਤਨਦੇਹੀ ਨਾਲ ਕੰਮ ਕਰਨ ਲੱਗੇ। ਆਪ ਨੇ ਕਈ ਕਾਨਫ਼ਰੰਸਾਂ ਕੀਤੀਆਂ। ਆਪ ਦੀ ਪੜ੍ਹਾਈ ਬੇਸ਼ੱਕ ਨਹੀਂ ਸੀ ਹੋ ਸਕੀ, ਪਰ ਆਪ ਤਕਰੀਰ ਵਧੀਆ ਢੰਗ ਨਾਲ ਕਰ ਲੈਂਦੇ ਸਨ। ਆਪ ਸਟੇਜ 'ਤੇ ਅਕਸਰ ਤਕਰੀਰ ਕਰਦੇ ਹੋਏ ਵੰਗਾਰ ਪਾਉਂਦੇ ਕਿ ਜਿਨ੍ਹਾਂ ਮਾਂਵਾਂ ਦੇ ਪੰਜ-ਪੰਜ ਪੁੱਤਰ ਹਨ, ਉਹ ਦੋ-ਦੋ ਪੁੱਤਰ ਕੌਮ ਨੂੰ ਦੇਣ ਤੇ ਜਿਨ੍ਹਾਂ ਦੇ ਤਿੰਨ-ਤਿੰਨ ਪੁੱਤਰ ਹਨ, ਉਹ ਘੱਟੋ-ਘੱਟ ਇੱਕ-ਇੱਕ ਪੁੱਤਰ ਕੌਮ ਨੂੰ ਦੇਣ।

ਸੰਨ '84 ਦੇ ਵਿੱਚ ਹੀ ਛੀਨਾ ਕਾਂਡ ਤੋਂ ਬਾਅਦ ਆਪ ਰੂਪੋਸ਼ ਹੋ ਗਏ।

ਇੱਕ ਵਾਰ ਆਪ ਨੇ ਜਸਵਿੰਦਰ ਸਿੰਘ ਕਾਕਾ ਦੀ ਇੱਕੱਤਰ ਕੀਤੀ ਜਾਣਕਾਰੀ ਦੀ ਮਦਦ

ਨਾਲ ਫ਼ਰੀਦਕੋਟ ਦੇ ਇੱਕ ਐਸੇ ਜੱਜ ਨੂੰ ਸੋਧਣ ਦੀ ਤਿਆਰੀ ਕੀਤੀ, ਜੋ ਸਿੰਘਾਂ ਨੂੰ ਬਿਨਾਂ ਕਿਸੇ ਆਧਾਰ 'ਤੇ ਸਜ਼ਾਵਾਂ ਸੁਣਾਉਣ ਵਜੋਂ ਉੱਭਰ ਕੇ ਸਾਮ੍ਹਣੇ ਆਇਆ ਸੀ। ਜਸਵਿੰਦਰ ਸਿੰਘ ਕਾਕਾ ਨੂੰ ਹੱਥਕੜੀ ਲਾ ਕੇ, ਬਾਬਾ ਰਣਜੀਤ ਸਿੰਘ ਦਿਆਲਗੜ੍ਹ, ਭਾਈ ਜੋਗਾ ਸਿੰਘ ਬਿਸ਼ਨੰਦੀ ਤੇ ਭਾਈ ਵਰਿਆਮ ਸਿੰਘ ਖੱਪਿਆਂਵਾਲ਼ੀ ਪੁਲੀਸ ਦੀਆਂ ਵਰਦੀਆਂ ਵਿੱਚ ਨਾਲ਼ ਹੋ ਗਏ। ਇਸ ਤੋਂ ਪਹਿਲਾਂ ਕਿ ਆਪ ਆਪਣੀ ਸਕੀਮ ਵਿੱਚ ਸਫਲ ਹੁੰਦੇ, ਕਿਸੇ ਅੰਦਰਲੇ ਭੇਤੀ ਨੇ ਪੁਲੀਸ ਨੂੰ ਖ਼ਬਰ ਕਰ ਦਿੱਤੀ। ਚਾਰੇ ਸਿੰਘ ਗ੍ਰਿਫ਼ਤਾਰ ਕਰ ਲਏ ਗਏ।

ਸਾਦਿਕ ਥਾਣੇ 'ਚ ਆਪ ਸਭ ਉੱਪਰ ਅਥਾਹ ਤਸ਼ੱਦਦ ਕੀਤਾ ਗਿਆ, ਪਰ ਆਪ ਨੇ ਜਥੇਬੰਦੀ ਦਾ ਕੋਈ ਭੇਤ ਨਾ ਦਿੱਤਾ। ਆਪ ਸਭ ਦਾ ਪੁਲੀਸ ਮੁਕਾਬਲਾ ਬਣਾਉਣ ਲਈ ਸਾਰਿਆਂ ਨੂੰ ਨਹਿਰ 'ਤੇ ਲਿਜਾਇਆ ਗਿਆ। ਇਸ ਮੌਕੇ ਇੱਕ ਥਾਣੇਦਾਰ ਜੋਗਿੰਦਰ ਸਿੰਘ ਜੋ ਕਿ ਕਾਫ਼ੀ ਸਮਾਂ ਬਟਾਲੇ ਵਿੱਚ ਰਿਹਾ ਸੀ ਤੇ ਆਪ ਦੇ ਪਰਿਵਾਰ ਨੂੰ ਚੰਗੀ ਤਰ੍ਹਾਂ ਜਾਣਦਾ ਸੀ, ਨੇ ਆਪ ਨੂੰ ਪਛਾਣ ਲਿਆ। ਉਸ ਦੇ ਵਿਰੋਧ ਕਰਨ ਨਾਲ਼ ਆਪ ਦਾ ਮੁਕਾਬਲਾ ਬਣਾਏ ਜਾਣ ਦੀ ਬਜਾਏ ਕੇਸ ਦਰਜ ਕਰ ਕੇ ਰਿਮਾਂਡ ਹਾਸਲ ਕੀਤਾ ਗਿਆ। ਦੋ ਮਹੀਨੇ ਸੰਗਰੂਰ ਲੱਧਾ ਕੋਠੀ ਵਿੱਚ ਰੱਖ ਕੇ ਆਪ 'ਤੇ ਤਸ਼ੱਦਦ ਕੀਤਾ ਗਿਆ ਤੇ ਫਿਰ ਜੇਲ੍ਹ ਭੇਜ ਦਿੱਤਾ ਗਿਆ। ਆਪ ਨੂੰ ਪਹਿਲਾਂ ਲੁਧਿਆਣਾ ਤੇ ਹੁਸ਼ਿਆਰਪੁਰ ਜੇਲ੍ਹਾਂ ਵਿੱਚ ਰੱਖਿਆ ਗਿਆ ਤੇ ਫਿਰ ਗੁਰਦਾਸਪੁਰ ਜੇਲ੍ਹ ਵਿੱਚ ਭੇਜ ਦਿੱਤਾ ਗਿਆ।

ਗੁਰਦਾਸਪੁਰ ਜੇਲ੍ਹ ਵਿੱਚ ਸਾਰੇ ਸਿੰਘਾਂ ਨੇ ਸੰਘਰਸ਼ ਦੀ ਅਗਲੀ ਰਣਨੀਤੀ ਤਿਆਰ ਕੀਤੀ। ਹੋਰ ਵੀ ਕਈ ਸਿੰਘ ਇਸੇ ਹੀ ਜੇਲ੍ਹ ਵਿੱਚ ਸਨ। ਆਪ ਜੇਲ੍ਹ ਦੇ ਅੰਦਰ ਗੁਰਪੁਰਬ ਪੂਰੀ ਸ਼ਾਨੋ-ਸ਼ੌਕਤ ਨਾਲ ਮਨਾਉਂਦੇ। ਕਿਸੇ ਤਰੀਕੇ ਆਪ ਨੇ ਕਈ ਹਥਿਆਰ ਵੀ ਜੇਲ੍ਹ ਦੇ ਅੰਦਰ ਮੰਗਵਾ ਲਏ। ਆਪ ਤਰੀਕ ਪੇਸ਼ੀ 'ਤੇ ਜਾਣ ਸਮੇਂ ਵੀ ਪੁਲੀਸ ਗਾਰਦ ਨੂੰ ਆਪਣੇ ਨਾਲ਼ ਹੀ ਲੈ ਕੇ ਆਪਣੇ ਪਿੰਡੋਂ ਵੀ ਗੇੜਾ ਮਾਰ ਜਾਂਦੇ। ਆਪ ਤੋਂ ਅਫ਼ਸਰ ਵੀ ਦਹਿਲਦੇ ਸਨ।

ਇੱਕ ਵਾਰ ਆਪ ਬਟਾਲੇ ਵਿੱਚ ਤਰੀਕ ਪੇਸ਼ੀ 'ਤੇ ਲਿਜਾਏ ਜਾ ਰਹੇ ਸਨ ਕਿ ਅਜੀਬ ਹੀ ਘਟਨਾ ਵਾਪਰ ਗਈ। ਹਿੰਦੂ ਸ਼ਿਵ ਸੈਨਾ ਨੇ ਪੰਜਾਬ ਬੰਦ ਦਾ ਸੱਦਾ ਦੇ ਕੇ ਵੱਖ-ਵੱਖ ਸ਼ਹਿਰਾਂ ਵਿੱਚ ਤ੍ਰਿਸ਼ੂਲ ਮਾਰਚ ਕੱਢਣ ਦਾ ਐਲਾਨ ਕੀਤਾ ਹੋਇਆ ਸੀ। ਹਕੂਮਤੀ ਸ਼ਹਿ 'ਤੇ ਇਸ ਦਿਨ ਭੂਸਰੇ ਹੋਏ ਸ਼ਿਵ ਸੈਨੀਆਂ ਨੇ ਕਈ ਥਾਂਵਾਂ 'ਤੇ ਹੁੱਲੜਬਾਜ਼ੀ ਕੀਤੀ ਤੇ ਰਾਹ ਜਾਂਦੇ ਕਈ ਨਿਹੱਥੇ ਸਿੱਖਾਂ ਨੂੰ ਕੋਹ-ਕੋਹ ਕੇ ਕਤਲ ਕੀਤਾ। ਆਪ ਨੂੰ ਜਿਸ ਜੀਪ ਵਿੱਚ ਲਿਜਾਇਆ ਜਾ ਰਿਹਾ ਸੀ, ਉਸ ਨੂੰ ਵੀ ਸ਼ਿਵ-ਸੈਨੀਆਂ ਨੇ ਘੇਰ ਲਿਆ ਤੇ ਜੀਪ 'ਤੇ ਪਥਰਾਅ ਕਰਨਾ ਅਰੰਭ ਕਰ ਦਿੱਤਾ। ਪੁਲੀਸ ਵਾਲ਼ੇ ਆਪਣਾ ਬਚਾਅ ਕਰਨ ਲਈ ਆਸੇ-ਪਾਸੇ ਹੋਣ ਲੱਗੇ ਤਾਂ ਆਪ ਨੇ ਲਲਕਾਰਾ ਮਾਰਿਆ:

"ਕੰਜਰੋ! ਜੇ ਤੁਹਾਡੇ ਤੋਂ ਕੁਝ ਨ੍ਹੀਂ ਹੁੰਦਾ ਤਾਂ ਮੈਨੂੰ ਫੜਾਓ ਸਟੇਨ....ਮੈਂ ਵੇਹਨਾਂ ਇਹਨਾਂ ਨੂੰ....।"

ਆਪ ਦਾ ਇਹ ਲਲਕਾਰਾ ਸੁਣ ਕੇ ਹੀ ਸ਼ਿਵ ਸੈਨਾ ਦੀ ਫ਼ੌਜ ਵਿੱਚ ਭਾਜੜ ਪੈ ਗਈ। ਇਸ ਪਿੱਛੋਂ ਆਪ ਨੇ ਪੁਲੀਸ ਵਾਲ਼ਿਆਂ ਨੂੰ ਕਾਫ਼ੀ ਫਿਟਕਾਰਾਂ ਪਾਈਆਂ।

ਇਸੇ ਹੀ ਤਰ੍ਹਾਂ ਆਪ ਇੱਕ ਵਾਰ ਕਿਸੇ ਕੇਸ ਦੀ ਤਰੀਕ ਪੇਸ਼ੀ 'ਤੇ ਅੰਮ੍ਰਿਤਸਰ ਕਚਹਿਰੀ ਵਿੱਚ ਲਿਆਂਦੇ ਗਏ ਸਨ ਕਿ ਭਾਈ ਸੁਖਦੇਵ ਸਿੰਘ ਸਖੀਰਾ ਕੁਝ ਹੋਰ ਸਿੰਘਾਂ ਸਣੇ ਪੁਲੀਸ ਦੀਆਂ ਵਰਦੀਆਂ ਪਾ ਕੇ ਆਪ ਨੂੰ ਛੁਡਾਉਣ ਲਈ ਪਹੁੰਚ ਗਏ। ਆਪ ਨੇ ਸਿਆਣਪ ਤੋਂ ਕੰਮ ਲੈਂਦਿਆਂ ਕਿਹਾ ਕਿ ਜੇਕਰ ਅਸੀਂ ਦੋ ਜਣੇ ਇਸ ਤਰ੍ਹਾਂ ਛੁਡਾ ਲਏ ਗਏ ਤਾਂ ਸਾਡੇ ਬਾਕੀ ਤਿੰਨ ਸਾਥੀਆਂ ਦਾ ਮੁਕਾਬਲਾ ਬਣਾ ਦਿੱਤਾ ਜਾਵੇਗਾ। ਆਪ ਨੇ ਭਾਈ ਸਖੀਰੇ ਨੂੰ ਤਸੱਲੀ ਦੇ ਕੇ ਭੇਜਿਆ ਕਿ ਛੇਤੀ ਹੀ ਅਸੀਂ ਖੁਦ-ਬਾਖੁਦ ਹਰਨ ਹੋ ਜਾਵਾਂਗੇ।

ਆਪ ਨੇ ਜੇਲ੍ਹ 'ਚੋਂ ਹਰਨ ਹੋਣ ਦੀਆਂ ਤਿਆਰੀਆਂ ਅਰੰਭ ਕਰ ਦਿੱਤੀਆਂ। ਬਾਲਣ ਆਦਿ ਨੂੰ ਹੀ ਰੱਸੀਆਂ ਨਾਲ਼ ਬੰਨ੍ਹ ਕੇ ਇੱਕ ਪੌੜੀ ਤਿਆਰ ਕਰ ਲਈ। ਫਿਰ ਮਿਤੀ 21 ਜਨਵਰੀ 1986 ਦੀ ਰਾਤ ਨੂੰ ਆਪ ਨੇ ਗਾਰਡਾਂ ਦੇ ਹਥਿਆਰ ਕਾਬੂ ਕਰ ਕੇ ਉਹਨਾਂ ਨੂੰ ਮੂਧੇ ਲੰਮੇ ਪਾ ਦਿੱਤਾ ਤੇ ਪੌੜੀ ਲਾ ਕੇ ਬਾਬਾ ਰਣਜੀਤ ਸਿੰਘ ਦਿਆਲ਼ਗੜ੍ਹ, ਭਾਈ ਜੋਗਾ ਸਿੰਘ ਬਿਸ਼ਨੰਦੀ, ਭਾਈ ਜਸਵਿੰਦਰ ਸਿੰਘ ਕਾਕਾ, ਭਾਈ ਦਲਬੀਰ ਸਿੰਘ ਬਿੱਲਾ ਵਰਪਾਲ ਤੇ ਭਾਈ ਰੋਸ਼ਨ ਲਾਲ ਬੈਰਾਗੀ, ਪੰਜ ਸਿੰਘ ਬਾਹਰਲੀ ਕੰਧ 'ਤੇ ਚੜ੍ਹ ਗਏ। ਜਦੋਂ ਆਖਰੀ ਸਿੰਘ ਪੌੜੀ 'ਤੇ ਚੜ੍ਹ ਰਿਹਾ ਸੀ ਤਾਂ ਜੇਲ੍ਹ ਦੇ ਗਾਰਡਾਂ ਨੇ ਹਿੰਮਤ ਕਰ ਕੇ ਹੇਠੋਂ ਪੌੜੀ ਖਿੱਚੀ, ਪਰ ਉਕਤ ਸਿੰਘ ਦੇ ਹੱਥ ਕੰਧ ਦੇ ਜੰਗਲ਼ੇ ਨੂੰ ਪੈ ਗਏ ਸਨ। ਬਾਬਾ ਰਣਜੀਤ ਸਿੰਘ ਨੇ ਉੱਪਰੋਂ ਹੀ ਗਾਰਡਾਂ ਵੱਲ ਇੱਕ ਫ਼ਾਇਰ ਕੀਤਾ, ਉਹ ਸਾਰੇ ਸੁਸਰੀ ਵਾਂਗ ਸੌਂ ਗਏ। ਸਿੰਘਾਂ ਨੇ ਜੈਕਾਰਾ ਛੱਡ ਕੇ ਛਾਲ਼ਾਂ ਮਾਰ ਦਿੱਤੀਆਂ ਤੇ ਹਰਨ ਹੋ ਗਏ।

ਚੋਟੀ ਦੇ ਪੰਜ ਸਿੰਘਾਂ ਦੇ ਜੇਲ੍ਹ 'ਚੋਂ ਹਰਨ ਹੋ ਜਾਣ ਨਾਲ਼ ਹਕੂਮਤ ਦੀਆਂ ਸਫ਼ਾਂ 'ਚ ਤਰਥੱਲੀ ਮੱਚ ਗਈ। ਗੁਰਦਾਸਪੁਰ ਜੇਲ੍ਹ ਦੇ ਅੰਦਰ ਬੰਦ ਬਾਪੂ ਸਵਰਨ ਸਿੰਘ ਜ਼ਫ਼ਰਵਾਲ਼ ਨੂੰ ਬਿਰਧ ਅਵਸਥਾ ਵਿੱਚ ਹੀ ਕਾਫ਼ੀ ਟਾਰਚਰ ਕੀਤਾ ਗਿਆ, ਪਰ ਉਹ ਚੜ੍ਹਦੀ ਕਲਾ ਵਿੱਚ ਰਹੇ।

ਜੇਲ੍ਹ 'ਚੋਂ ਹਰਨ ਹੋਣ ਪਿੱਛੋਂ ਸਾਰੇ ਸਿੰਘਾਂ ਨੇ ਜੱਦੋ-ਜਹਿਦ ਫਿਰ ਤੋਂ ਅਰੰਭ ਕਰ ਦਿੱਤੀ। ਵਧੀਆ ਹਥਿਆਰਾਂ ਦੀ ਘਾਟ ਸੀ, ਰਿਸ਼ਤੇਦਾਰਾਂ ਤੇ ਹੋਰ ਕਈ ਸੁਹਿਰਦ ਸੱਜਣਾਂ ਤੋਂ ਹੀ ਹਥਿਆਰ ਇੱਕੱਠੇ ਕਰ ਕੇ ਜੰਗ ਮੁੜ ਅਰੰਭ ਦਿੱਤੀ। ੩੧੫ ਬੋਰ ਜਾਂ ਪਠਾਣੀ ਰਾਈਫ਼ਲਾਂ ਤੇ ਜਾਂ ਬੜੀ ਹੱਦ ਸਟੇਨਗੰਨ ਹੁੰਦੀ ਸੀ, ਜਿਸ ਨਾਲ਼ ਮੁੱਠੀ ਭਰ ਗੁਰੂ ਕੇ ਸਿੰਘ ਹਿੰਦੁਸਤਾਨ ਦੀ ਵਿਸ਼ਾਲ ਹਕੂਮਤ ਨਾਲ਼ ਟੱਕਰ ਲੈ ਰਹੇ ਸਨ। ਇਹਨਾਂ ਹਥਿਆਰਾਂ ਨਾਲ਼ ਇਹ ਸਾਰੇ ਸਿੰਘ ਪੁਲੀਸ ਫ਼ੋਰਸਾਂ ਨਾਲ਼ ਗਹਿਗੱਚ ਮੁਕਾਬਲੇ ਕਰਦੇ ਰਹੇ। ਇਹਨਾਂ ਸਿੰਘਾਂ ਨੇ ਇਲਾਕੇ ਵਿੱਚ ਇੱਕ ਜਨ: ਸਪੈਰੋ ਦੇ ਨਾਂ 'ਤੇ ਬਣੇ ਗੇਟ 'ਤੇ ਸਪੈਰੋ ਦਾ ਨਾਂ ਮਿਟਾ ਕੇ ਓਥੇ ਸੰਤ ਜਰਨੈਲ ਸਿੰਘ ਜੀ ਦਾ ਨਾਂ ਅਤੇ ਨਾਲ਼ 'ਖ਼ਾਲਿਸਤਾਨ ਜ਼ਿੰਦਾਬਾਦ' ਲਿਖਵਾ ਦਿੱਤਾ, ਜਿਸ ਨੂੰ ਮਿਟਾਉਣ ਦੀ ਕਿਸੇ ਨੇ ਜੁਰਅਤ ਨਾ ਕੀਤੀ।

ਆਪ ਵੱਖ-ਵੱਖ ਥਾਂਵਾਂ 'ਤੇ ਸੰਗਤਾਂ ਵਿੱਚ ਜਾਗ੍ਰਿਤੀ ਪੈਦਾ ਕਰਨ ਲਈ ਕਾਨਫ਼ਰੰਸਾਂ ਵੀ ਕਰਦੇ। ਅਕਸਰ ਹੀ ਸਟੇਜ 'ਤੇ ਕਿਹਾ ਕਰਦੇ:

"ਕੇਸਰੀ ਪੱਗਾਂ ਬੰਨ੍ਹ ਕੇ ਹੀ ਅਜ਼ਾਦੀ ਨੀਂ ਮਿਲ ਜਾਂਦੀ, ਜਵਾਨੀਆਂ ਵਾਰਨ ਦੀ ਲੋੜ ਐ....।"

29 ਅਪ੍ਰੈਲ 1986 ਨੂੰ ਆਪ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਹੀ ਸਨ ਜਦੋਂ ਪੰਥਕ ਕਮੇਟੀ ਵੱਲੋਂ ਅਚਾਨਕ ਹੀ ਖ਼ਾਲਿਸਤਾਨ ਦੀ ਸਥਾਪਨਾ ਦਾ ਐਲਾਨ ਕਰ ਦਿੱਤਾ ਗਿਆ। ਖ਼ਾਲਿਸਤਾਨ ਦੀ ਸਥਾਪਨਾ ਦਾ ਐਲਾਨ ਹੋਣ ਪਿੱਛੋਂ ਪੁਲੀਸ ਦੇ ਦਰਬਾਰ ਸਾਹਿਬ ਦੇ ਅੰਦਰ ਦਾਖ਼ਲ ਹੋਣ ਦੇ ਆਸਾਰ ਬਣ ਗਏ ਤੇ ਆਪ ਨੇ ਓਦੋਂ ਦੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਭਾਈ ਗੁਰਦੇਵ ਸਿੰਘ ਕਾਉਂਕੇ ਤੋਂ ਆਗਿਆ ਮੰਗੀ ਕਿ 'ਜੇਕਰ ਕਹੋ ਤਾਂ ਪੁਲੀਸ ਨੂੰ ਅੰਦਰ ਦਾਖ਼ਲ ਹੋਣ ਤੋਂ ਰੋਕੀਏ?' ਪਰ ਭਾਈ ਕਾਉਂਕੇ ਨੇ ਕਿਹਾ ਕਿ 'ਹੁਣ ਹਥਿਆਰ ਘੱਟ ਹਨ, ਮੁਕਾਬਲਾ ਕਰਨਾ ਮੁਸ਼ਕਲ ਹੈ, ਤੁਸੀਂ ਨਿਕਲ ਜਾਓ।' ਫਿਰ ਆਪ ਜਥੇਦਾਰ ਸਾਹਿਬ ਦਾ ਹੁਕਮ ਮੰਨ ਕੇ ਉੱਥੋਂ ਨਿਕਲ ਗਏ।

ਆਪ ਦੀ ਦੂਰ-ਅੰਦੇਸ਼ੀ ਦਾ ਇਸ ਘਟਨਾ ਤੋਂ ਵੀ ਪਤਾ ਲੱਗਦਾ ਹੈ ਕਿ ਆਪ ਨੇ ਆਪਣੇ ਨਾਲ ਹੀ ਵਿਚਰ ਰਹੇ ਸਿੰਘਾਂ ਭਾਈ ਜੋਗਾ ਸਿੰਘ ਬਿਸ਼ਨੰਦੀ ਤੇ ਭਾਈ ਰੋਸ਼ਨ ਲਾਲ ਬੈਰਾਗੀ ਨੂੰ ਕਿਹਾ:

"ਬਿਹਤਰ ਹੈ ਕਿ ਤੁਸੀਂ ਆਪੋ-ਆਪਣੇ ਇਲਾਕਿਆਂ 'ਚ ਜਾ ਕੇ ਕੰਮ ਕਰੋ.....ਜਦੋਂ ਕੋਈ ਵੱਡਾ ਕੰਮ ਕਰਨਾ ਹੋਊ, ਓਦੋਂ 'ਕੱਠੇ ਹੋ ਜਿਆ ਕਰਾਂਗੇ....'ਕੱਠੇ ਰਹਿੰਦਿਆਂ ਕਿਤੇ ਇੱਕੋ ਵੇਲੇ ਹੀ ਨਾ.....।"

ਇਸ ਤਰ੍ਹਾਂ ਉਹ ਸਿੰਘ ਆਪੋ ਆਪਣੇ ਇਲਾਕਿਆਂ ਨੂੰ ਚਲੇ ਗਏ ਤੇ ਪੁਲੀਸ ਦੀਆਂ ਇਸ ਸਾਰੇ ਗਰੁੱਪ ਨੂੰ ਇੱਕੱਠੇ ਹੀ ਘੇਰਨ ਦੀਆਂ ਸਕੀਮਾਂ ਠੁੱਸ ਹੋ ਗਈਆਂ।

ਭਾਈ ਰਣਜੀਤ ਸਿੰਘ ਦਾ ਸ਼ਹੀਦੀ ਸੰਕਲਪ

ਭਾਈ ਰਣਜੀਤ ਸਿੰਘ ਦਿਆਲਗੜ੍ਹ ਦੀ ਰੂਪੋਸ਼ੀ ਦੌਰਾਨ ਉਹਨਾਂ ਦੇ ਪਰਿਵਾਰ ਉੱਪਰ ਵੀ ਪੁਲੀਸ ਨੇ ਅਥਾਹ ਤਸ਼ੱਦਦ ਕੀਤਾ। ਇਸ ਤਸ਼ੱਦਦ ਤੋਂ ਦੁਖੀ ਹੋ ਕੇ ਆਪ ਦਾ ਸਭ ਤੋਂ ਛੋਟਾ ਭਰਾ ਜਗੀਰ ਸਿੰਘ ਵੀ ਰੂਪੋਸ਼ ਹੋ ਗਿਆ।

ਜਗੀਰ ਸਿੰਘ ਮਿਤੀ 10 ਅਪ੍ਰੈਲ 1986 ਨੂੰ ਆਪਣੇ ਦੋ ਸਾਥੀਆਂ ਭਾਈ ਗੁਰਮੇਜ ਸਿੰਘ ਤੂਤ ਭੰਗਾਲਾ ਤੇ ਜਗਤਾਰ ਸਿੰਘ ਰਟੌਲ ਦੇ ਨਾਲ ਪੱਟੀ ਦੇ ਕੋਲ ਘਰਿਆਲਾ ਪਿੰਡ 'ਚ ਠਹਿਰਿਆ ਹੋਇਆ ਸੀ ਕਿ ਪੁਲੀਸ ਦੀ ਸ਼ਹਿ ਪ੍ਰਾਪਤ ਠਾਹਰ ਵਾਲੇ ਪਰਿਵਾਰ ਨੇ ਹੀ ਆਪ ਤਿੰਨਾਂ ਨੂੰ ਦੁੱਧ ਵਿੱਚ ਘੋਲ ਕੇ ਜ਼ਹਿਰੀਲਾ ਪਦਾਰਥ ਪਿਲਾ ਦਿੱਤਾ। ਬੇਸੁਰਤ ਹੋ ਜਾਣ ਤੋਂ ਬਾਅਦ ਤਿੰਨਾਂ ਸਿੰਘਾਂ ਦੇ ਹਥਿਆਰ ਚੁੱਕ ਕੇ ਵਲਟੋਹੇ ਥਾਣੇ ਖ਼ਬਰ ਕਰ ਦਿੱਤੀ ਗਈ। ਪੁਲੀਸ ਨੇ ਤਿੰਨਾਂ ਹੀ ਸਿੰਘਾਂ ਨੂੰ ਗ੍ਰਿਫ਼ਤਾਰ ਕਰ ਕੇ ਮੁਕਾਬਲਾ ਬਣਾ ਦਿੱਤਾ ਤੇ ਪੱਟੀ ਚੌਕ ਵਿੱਚ ਤਿੰਨਾਂ ਸਿੰਘਾਂ ਦਾ ਸਸਕਾਰ ਕਰ ਦਿੱਤਾ।

ਛੋਟੇ ਪੁੱਤ ਦੀ ਸ਼ਹੀਦੀ 'ਤੇ ਮਾਤਾ ਦਾ ਗ਼ਮਗੀਨ ਹੋਣਾ ਕੁਦਰਤੀ ਸੀ। ਭਾਈ ਰਣਜੀਤ ਸਿੰਘ ਨੇ ਮਾਤਾ ਨੂੰ ਸੁਨੇਹਾ ਭੇਜਿਆ:

"ਮਾਤਾ! ਜਿਸ ਮਾਂ ਦੇ ਦੋ ਪੁੱਤ ਸ਼ਹੀਦ ਹੋਣ, ਉਸ ਦੀ ਕੁੱਖ ਸਫਲੀ ਹੋ ਜਾਂਦੀ ਆ...।"

ਆਪ ਆਪਣੀ ਸ਼ਹਾਦਤ ਬਾਰੇ ਪਹਿਲਾਂ ਹੀ ਕਿੰਨੇ ਸਪਸ਼ਟ ਸਨ, ਇਸ ਕਥਨ ਤੋਂ ਪਤਾ

ਲੱਗਦਾ ਹੈ।

ਫਿਰ ਅਖੀਰ ਉਹ ਦਿਨ ਆ ਗਿਆ, ਜਿਸ ਬਾਰੇ ਆਪ ਪਹਿਲਾਂ ਤੋਂ ਹੀ ਤਿਆਰ ਸਨ। ਕਾਲੀ ਬਾਹਮਣੀ ਪਿੰਡ ਵਿੱਚ ਆਪ, ਭਾਈ ਗੁਰਮੇਜ ਸਿੰਘ ਢਿੱਲਵਾਂ ਤੇ ਭਾਈ ਮੱਖਣ ਸਿੰਘ ਸ਼ਿਬ ਬੈਠੇ ਸਨ ਕਿ ਪੁਲੀਸ ਫ਼ੋਰਸਾਂ ਦਾ ਘੇਰਾ ਪੈ ਗਿਆ। ਥੋੜ੍ਹੇ ਹਥਿਆਰ ਹੋਣ ਦੇ ਬਾਵਜੂਦ ਬਾਬਾ ਰਣਜੀਤ ਸਿੰਘ ਘੇਰੇ ਦੀ ਪਹਿਲੀ ਪਾਲ ਤੋੜ ਕੇ ਦੂਰ ਨਿਕਲ ਗਏ। ਮੁਖ਼ਬਰ ਨੇ ਰੌਲਾ ਪਾਇਆ:

"ਤੁਹਾਡਾ ਪਿਓ ਤਾਂ ਨਿਕਲ ਗਿਐ ਤੇ ਤੁਸੀਂ ਕੀ ਕਰਦੇ ਜੇ....?"

ਫ਼ੋਰਸਾਂ ਦੇ ਅਫ਼ਸਰਾਂ ਨੇ ਵਾਇਰਲੈੱਸ ਰਾਹੀਂ ਪਿਛਲੀ ਫ਼ੋਰਸ ਨੂੰ ਸੂਚਿਤ ਕੀਤਾ। ਆਪ ਚਾਰ-ਚੁਫੇਰਿਓਂ ਘੇਰੇ ਵਿੱਚ ਆ ਗਏ ਤੇ ਚੜ੍ਹਦੀ ਕਲਾ ਨਾਲ ਮੁਕਾਬਲਾ ਕਰਦੇ ਹੋਏ ਮਿਤੀ 24 ਜੂਨ 1986 ਨੂੰ ਜਾਮੇ-ਸ਼ਹਾਦਤ ਪੀ ਗਏ।

* * * * *

ਜਾਨਵਰਾਂ ਦੇ ਸ਼ਿਕਾਰ ਤੋਂ ਜ਼ਾਲਮਾਂ ਦੇ ਸ਼ਿਕਾਰ ਤਕ ਦਾ ਸਫ਼ਰ ਕਰਨ ਵਾਲਾ ਜੁਝਾਰੂ

ਸ਼ਹੀਦ ਭਾਈ ਸੁਖਵਿੰਦਰ ਸਿੰਘ ਸ਼ਿੰਦੂ, ਉਰਫ਼ ਕੇ.ਸੀ. ਸ਼ਰਮਾ

ਸਿੱਖ ਕੌਮ ਦੀ ਅਜ਼ਾਦੀ ਦੇ ਆਸ਼ਕਾਂ ਵਿੱਚ ਇੱਕ ਨਾਂ ਭਾਈ ਸੁਖਵਿੰਦਰ ਸਿੰਘ ਸ਼ਿੰਦੂ ਉਰਫ਼ ਕੇ.ਸੀ. ਸ਼ਰਮਾ ਦਾ ਹੈ, ਜੋ ਭਾਈ ਜਿੰਦੇ-ਸੁੱਖੇ ਹੋਰਾਂ ਵਾਲੇ ਗਰੁੱਪ ਦਾ ਹੀ ਇੱਕ ਅਨਮੋਲ ਹੀਰਾ ਸੀ। ਇਸ ਅਨਮੋਲ ਹੀਰੇ ਦੀ ਕੀਮਤ ਦਾ ਅੰਦਾਜ਼ਾ ਵੀ ਅਜਿਹੇ ਹੀਰਿਆਂ ਦੇ ਜੌਹਰੀ ਸੰਤ ਜਰਨੈਲ ਸਿੰਘ ਖ਼ਾਲਸਾ ਨੇ ਇੱਕ ਵੱਡਾ ਸਿੱਖ ਸੰਘਰਸ਼ ਅਰੰਭਣ ਦੀਆਂ ਤਿਆਰੀਆਂ ਦੇ ਦੌਰਾਨ ਹੀ ਲਾ ਲਿਆ ਸੀ। ਭਾਈ ਸੁਖਵਿੰਦਰ ਸਿੰਘ ਸ਼ਿੰਦੂ ਵੀ ਭਾਈ ਜਿੰਦੇ-ਸੁੱਖੇ, ਰਾਜੂ ਤੇ ਮਥਰਾ ਸਿੰਘ ਆਦਿ ਵਰਗੇ ਪਤੰਗਿਆਂ ਦੇ ਉਸ ਕਾਫ਼ਲੇ ਵਿੱਚ ਸ਼ਾਮਲ ਸੀ, ਜੋ ਸੰਤ ਜਰਨੈਲ ਸਿੰਘ ਖ਼ਾਲਸਾ ਵੱਲੋਂ ਆਪਣਾ ਵਜੂਦ ਝੋਕ ਕੇ ਪ੍ਰਚੰਡ ਕੀਤੀ ਸਿੱਖੀ ਦੀ ਸ਼ਮ੍ਹਾ ਦੇ ਦੁਆਲੇ ਮੰਡਲਾਉਣ ਲੱਗ ਪਿਆ ਸੀ।

ਭਾਈ ਸੁਖਵਿੰਦਰ ਸਿੰਘ ਦਾ ਜਨਮ ਸੰਨ 1964 ਦੇ ਵਿੱਚ ਅਜੋਕੇ ਮੋਗਾ ਜ਼ਿਲ੍ਹੇ ਅਧੀਨ ਪੈਂਦੇ ਪਿੰਡ ਕੋਟ ਮੁਹੰਮਦ ਖਾਂ ਦੇ ਕਿਸਾਨ ਭਾਈ ਹਰਭਜਨ ਸਿੰਘ ਦੇ ਗ੍ਰਹਿ ਵਿਖੇ ਬੀਬੀ ਗੁਰਨਾਮ ਕੌਰ ਦੀ ਕੁੱਖੋਂ ਹੋਇਆ। ਆਪ ਦੇ ਪਰਿਵਾਰ ਵਿੱਚ ਆਪ ਤੋਂ ਵੱਡੇ ਦੋ ਭੈਣ-ਭਰਾ ਪਰਮਜੀਤ ਕੌਰ ਅਤੇ ਤਰਸੇਮ ਸਿੰਘ ਅਤੇ ਆਪ ਤੋਂ ਛੋਟੇ ਚਾਰ ਸੁਖਵਿੰਦਰ ਕੌਰ, ਲਖਵਿੰਦਰ ਕੌਰ, ਗੁਰਪਾਲ ਸਿੰਘ ਤੇ ਰਣਜੀਤ ਕੌਰ ਸਨ। ਆਪ ਸੱਤ ਭੈਣ-ਭਰਾ ਸਨ, ਜਿਨ੍ਹਾਂ ਵਿੱਚੋਂ ਆਪ ਤੀਜੇ ਨੰਬਰ 'ਤੇ ਸਨ।

ਆਪ ਸਾਰੇ ਭਰਾ ਆਮ ਦਿਨਾਂ ਵਿੱਚ ਮੰਡ ਵਿੱਚ ਸ਼ਿਕਾਰ ਖੇਡਦੇ ਰਹਿੰਦੇ ਸਨ, ਜਿਸ ਕਾਰਨ ਆਪ ਦਾ ਨਿਸ਼ਾਨਾ ਬਹੁਤ ਕਮਾਲ ਦਾ ਸੀ। ਦੂਜਾ, ਆਪ ਡਰਾਈਵਿੰਗ ਬਹੁਤ ਤੇਜ਼ ਕਰਦੇ ਸਨ। ਇੱਕ ਵਾਰ ਦੀ ਗੱਲ ਹੈ ਕਿ ਆਪ ਦੀ ਭੂਆ ਦੀ ਨਨਾਣ ਦਾ ਤਰਨ ਤਾਰਨ ਵਿਆਹ ਸੀ ਤੇ ਅਚਾਨਕ ਹੀ ਆਪ ਨੂੰ ਨਾਲ ਭੇਜਣ ਦਾ ਪ੍ਰੋਗਰਾਮ ਬਣ ਗਿਆ। ਆਪ ਇਨਫੀਲਡ (ਬੁਲੇਟ) ਮੋਟਰ-ਸਾਈਕਲ 'ਤੇ ਤਰਨ ਤਾਰਨ ਕੱਪੜੇ ਲੈ ਕੇ ੩੪ ਕਿੱਲੋਮੀਟਰ ਦਾ ਪੰਧ ਤੈਅ ਕਰ ਕੇ ੨੫ ਮਿੰਟ ਵਿੱਚ ਆਪਣੇ ਪਿੰਡ ਕੋਟ ਮੁਹੰਮਦ ਖਾਂ ਤੋਂ ਵਾਪਸ ਆ ਗਏ।

ਤਰਨ ਤਾਰਨ ਦਾ ਗੁਰਿੰਦਰ ਸਿੰਘ ਭੋਲਾ ਨਾਂ ਦਾ ਜੁਝਾਰੂ ਵੀਰ ਜੋ ਕਿ ਦਿੱਲੀ ਵਿਖੇ ਹੋਏ

ਮਨਚੰਦਾ ਕਤਲ ਕਾਂਡ ਵਿੱਚ ਗ੍ਰਿਫ਼ਤਾਰ ਹੋਇਆ ਸੀ, ਦੇ ਨਾਲ ਆਪ ਦੇ ਬਹੁਤ ਨਿੱਘੇ ਸੰਬੰਧ ਸਨ। ਲੁਧਿਆਣੇ ਐਸ.ਐਸ.ਪੀ. ਭੱਟੀ 'ਤੇ ਹੋਏ ਹਮਲੇ ਦੇ ਕੇਸ ਵਿੱਚ ਭਾਈ ਜਿੰਦੇ ਹੋਰਾਂ ਦੇ ਨਾਲ-ਨਾਲ ਆਪ ਦੇ ਘਰ ਵੀ ਪੁਲੀਸ ਦਾ ਛਾਪਾ ਪਿਆ, ਪਰ ਆਪ ਪੁਲੀਸ ਦੇ ਹੱਥ ਨਾ ਆਏ।

ਦਰਬਾਰ ਸਾਹਿਬ 'ਤੇ ਹੋਏ ਹਿੰਦੁਸਤਾਨੀ ਫ਼ੌਜ ਦੇ ਕਹਿਰੀ ਹਮਲੇ ਸਮੇਂ ਆਪ ਸ੍ਰੀ ਦਰਬਾਰ ਸਾਹਿਬ ਦੇ ਅੰਦਰ ਹੀ ਸਨ, ਜਿੱਥੋਂ ਹਥਿਆਰ ਅਤੇ ਗਿਣਤੀ ਪੱਖੋਂ ਬੇਵੱਸ ਹੋਣ ਪਿੱਛੋਂ ਆਪ ਭਾਰਤੀ ਫ਼ੌਜ ਦੀਆਂ ਸਫ਼ਾਂ ਚੀਰ ਕੇ ਬਚ ਨਿਕਲੇ। 5 ਜੂਨ ਨੂੰ ਓਥੋਂ ਨਿਕਲ ਕੇ ਆਪ ਇੱਕ ਘਰ ਵਿੱਚ ਜਾ ਵੜੇ। ਓਥੋਂ ਕੱਪੜੇ ਬਦਲ ਕੇ ਪੈਰੀਂ ਜੋੜਾ ਪਾ ਕੇ ਆਪ ਨੇ ਕਰਫ਼ਿਊ 'ਚ ਢਿੱਲ ਸਮੇਂ ਇੱਕ ਖ਼ਾਲੀ ਗੈਸ ਸੈਲੰਡਰ ਚੁੱਕ ਲਿਆ ਤੇ ਬਜ਼ਾਰ ਵਿੱਚ ਨਿਕਲ ਤੁਰੇ। ਫ਼ੌਜ ਵੱਲੋਂ ਦੋ ਵਾਰ ਰੋਕ ਕੇ ਪੁੱਛਗਿੱਛ ਕੀਤੀ ਗਈ ਤਾਂ ਆਪ ਨੇ ਕਿਹਾ ਕਿ ਸਾਡੇ ਘਰ ਵਿੱਚ ਬਾਲਣ ਵੀ ਖ਼ਤਮ ਹੈ, ਮੈਂ ਸੈਲੰਡਰ ਭਰਵਾਉਣ ਚੱਲਿਆ ਹਾਂ। ਫਿਰ ਅੱਗੇ ਇੱਕ ਹੋਰ ਸਿੱਖ ਘਰ ਵਿੱਚ ਜਾ ਕੇ ਪੈਂਤੜਾ ਬਦਲਿਆ। ਓਥੇ ਸਾਰੀ ਕਹਾਣੀ ਦੱਸਣ ਤੋਂ ਬਾਅਦ ਉਸ ਪਰਿਵਾਰ ਦੀ ਇੱਕ ਬੀਬੀ ਆਪ ਦੇ ਨਾਲ ਤੁਰੀ ਤੇ ਕੁੱਛੜ ਨਿੱਕਾ ਬੱਚਾ ਚੁੱਕ ਲਿਆ। ਰਾਹ 'ਚ ਫ਼ੌਜੀ ਨਾਕਿਆਂ 'ਤੇ ਪੁੱਛਣ 'ਤੇ ਇਹ ਦੱਸਦੇ ਹੋਏ ਕਿ 'ਬੱਚਾ ਬਿਮਾਰ ਹੈ, ਦਵਾਈ ਲੈਣ ਚੱਲੇ ਹਾਂ', ਸਾਰੇ ਨਾਕੇ ਲੰਘ ਕੇ ਨਿਕਲ ਗਏ ਤੇ ਫਿਰ ਉਕਤ ਬੀਬੀ ਦਾ ਧੰਨਵਾਦ ਕਰ ਕੇ ਉਸ ਨੂੰ ਵਾਪਸ ਭੇਜ ਦਿੱਤਾ।

ਇਸ ਪਿੱਛੋਂ ਆਪ ਨੇ ਖ਼ਾਲਸਾਈ ਸੰਘਰਸ਼ ਨੂੰ ਅੱਗੇ ਤੋਰਨ ਲਈ ਸਰਗਰਮੀਆਂ ਅਰੰਭ ਕਰ ਦਿੱਤੀਆਂ। ਆਪ ਸੰਘਰਸ਼ ਵਿੱਚ ਸ਼ਾਮਲ ਹੋਣ ਤੋਂ ਉਪਰੰਤ ਲੌਕ ਗੱਡੀ ਨੂੰ ਸਕਿੰਟਾਂ ਵਿੱਚ ਹੀ ਬਿਨਾਂ ਚਾਬੀ ਤੋਂ ਖੋਲ੍ਹ ਦੇਣ ਵਿੱਚ ਮਾਹਰ ਮੰਨੇ ਜਾਂਦੇ ਸਨ। ਦਰਬਾਰ ਸਾਹਿਬ ਵਿੱਚੋਂ ਨਿਕਲਣ ਪਿੱਛੋਂ ਆਪ ਭਾਈ ਮਥਰਾ ਸਿੰਘ ਨੂੰ ਮਿਲੇ ਤੇ ਫਿਰ ਦੋਵੇਂ ਦਿੱਲੀ ਚਲੇ ਗਏ। ਓਥੇ ਭਾਈ ਸੁਰਜੀਤ ਸਿੰਘ ਪੈਂਟੇ ਦੇ ਘਰ ਆਪ ਕਈ ਹੋਰ ਵੀਰਾਂ ਨਾਲ ਇਕੱਠੇ ਹੋਏ ਤੇ ਸੰਘਰਸ਼ ਅੱਗੇ ਤੋਰਨ ਬਾਰੇ ਵਿਚਾਰਾਂ ਕਰਨ ਲੱਗੇ। ਓਥੇ ਆਪ ਭੇਸ ਬਦਲ ਕੇ ਪਹੁੰਚੇ ਸਨ ਤੇ ਓਥੇ ਹੀ ਆਪ ਦਾ ਨਾਂ 'ਕੇ.ਸੀ. ਸ਼ਰਮਾ' ਰੱਖਿਆ ਗਿਆ।

ਆਪ ਦਿੱਲੀ 'ਚ ਹੀ ਸਨ, ਜਦੋਂ ਇੰਦਰਾ ਗਾਂਧੀ ਦਾ ਕਤਲ ਹੋ ਗਿਆ ਤੇ ਸਿੱਖਾਂ ਦੀ ਕਤਲੇਆਮ ਅਰੰਭ ਹੋ ਗਈ। ਇਸ ਮੌਕੇ ਅਪ ਵੱਲੋਂ ਪਹਿਲਾਂ ਹੀ ਦਿੱਲੀ ਵਿੱਚ ਰੱਖੇ ਹਥਿਆਰ, ਦੋ ਕਾਰਬਾਈਨਾਂ, ਦੋ ਰਿਵਾਲਵਰ 38 ਬੋਰ ਅਤੇ ਸਪੈਸ਼ਲ 38 ਬੋਰ, ਜੋ ਕਿ ਸੰਤਾਂ ਨੇ ਆਪਣੇ ਹੱਥੀਂ ਆਪ ਨੂੰ ਦਿੱਤਾ ਸੀ, ਆਪ ਦੇ ਗਰੁੱਪ ਦੇ ਕੰਮ ਆਏ। ਇਹਨਾਂ ਹਥਿਆਰਾਂ ਨਾਲ ਹੀ ਆਪ ਨੇ ਆਪਣੀ ਤੇ ਕਲੋਨੀ ਦੇ ਹੋਰ ਸਿੱਖਾਂ ਦੀ ਰਾਖੀ ਕੀਤੀ।

ਇਸ ਵਹਿਸ਼ੀ ਕਤਲੇਆਮ ਤੋਂ ਬਾਅਦ ਆਪ ਨੇ ਇਸ ਦੇ ਦੋਸ਼ੀਆਂ ਦੀ ਸੁਧਾਈ ਲਈ ਸਰਗਰਮੀਆਂ ਅਰੰਭ ਦਿੱਤੀਆਂ, ਜੋ ਕਿ ਭਾਈ ਜਿੰਦੇ-ਸੁੱਖੇ ਅਤੇ ਰਾਜੂ ਦੇ ਆ ਜਾਣ ਨਾਲ ਹੋਰ ਜ਼ੋਰ ਫੜ ਗਈਆਂ। ਆਪ ਦੀ ਡਿਊਟੀ ਐਮ.ਪੀ. ਲਲਿਤ ਮਾਕਨ 'ਤੇ ਲੱਗੀ। ਆਪ ਦਿਨ-ਰਾਤ ਉਸ ਦੀ ਟੋਹ ਲੈਣ ਵਿੱਚ ਲੱਗੇ ਰਹਿੰਦੇ। ਇਸੇ ਹੀ ਸਰਗਰਮੀ ਵਿੱਚ ਆਪ ਨੇ ਇੱਕ ਵਾਰ ਰੇੜ੍ਹੀ ਤੋਂ ਅੰਬ ਖ਼ਰੀਦ ਰਹੀ ਲਲਿਤ ਮਾਕਨ ਦੀ ਪਤਨੀ ਗੀਤਾਂਜਲੀ ਨੂੰ ਆਪ ਅੰਬ ਚੁਣ-ਚੁਣ ਕੇ ਲਿਫ਼ਾਫ਼ੇ ਵਿੱਚ ਪਾ ਕੇ ਦਿੱਤੇ ਤੇ ਫਿਰ ਮਾਕਨ ਨੂੰ ਚਣੇ ਚਬਾਉਣ ਦਾ ਦਿਨ ਨੇੜੇ ਆ ਗਿਆ। ਪੂਰੀ

ਤਿਆਰੀ ਪਿੱਛੋਂ ਆਪ ਦੇ ਗਰੁੱਪ ਨੇ ਘਰ 'ਚੋਂ ਬਾਹਰ ਨਿਕਲ ਰਹੇ ਲਲਿਤ ਮਾਕਨ ਨੂੰ ਗੋਲੀਆਂ ਨਾਲ਼ ਭੁੰਨ ਦਿੱਤਾ। ਇਸ ਪਿੱਛੋਂ ਸਕੂਟਰ ਨੂੰ ਆਪ ਨੇ ਬੜੀ ਫੁਰਤੀ ਨਾਲ਼ ਨਾਕਿਆਂ 'ਚੋਂ ਕੱਢਿਆ। ਇੱਕ ਨਾਕਾ ਤੋੜਨ ਲਈ ਆਪ ਨੇ ਆਪਣਾ ਸਕੂਟਰ ਸੜਕ ਨੂੰ ਡਬਲ ਕਰਨ ਲਈ ਬਣੇ ਵਿਚਕਾਰਲੇ ਡੀਵਾਈਡਰ 'ਤੇ ਚੜ੍ਹਾ ਦਿੱਤਾ ਤੇ ਓਥੋਂ ਦੀ ਕੱਢ ਕੇ ਲੈ ਗਏ।

ਫਿਰ ਆਪ ਪੰਜਾਬ ਆ ਗਏ ਤੇ ਜੁਝਾਰੂ ਸਰਗਰਮੀਆਂ ਜਾਰੀ ਰੱਖੀਆਂ। ਪੁਲੀਸ ਆਪ ਦੇ ਪਰਿਵਾਰ ਨੂੰ ਤੰਗ ਕਰਨ ਲੱਗੀ। ਆਪ ਦੇ ਪਿੰਡ ਦੇ ਆਲ਼ੇ-ਦੁਆਲ਼ੇ ਪਿੰਡ ਢੋਟੀਆਂ, ਡੇਹਰਾ ਸਾਹਿਬ, ਖਵਾਸਪੁਰ ਆਦਿ ਵਿੱਚ ਸੀ.ਆਰ.ਪੀ. ਦੇ ਕੈਂਪ ਸਥਾਪਿਤ ਹੋ ਗਏ ਸਨ। ਇੱਕ ਵਾਰ ਆਪ ਆਪਣੇ ਪਿੰਡ ਆਪਣੇ ਨਵਜੰਮੇ ਭਤੀਜੇ ਨੂੰ ਵੇਖਣ ਆਏ ਪਰ ਘਰ ਦੇ ਅੰਦਰ ਨਾ ਵੜੇ। ਪਰਿਵਾਰ ਦੇ ਜ਼ੋਰ ਪਾਉਣ 'ਤੇ ਆਪ ਨੇ ਕਿਹਾ- "ਫਿਰ ਪੁਲੀਸ ਸੌਂਹ ਖਵਾਉਂਦੀ ਹੁੰਦੀ ਆ ਕਿ ਉਹ ਘਰ ਆਇਆ ਕਿ ਨਹੀਂ? ਤੇ ਤੁਹਾਨੂੰ ਫਿਰ ਝੂਠੀ ਸੌਂਹ ਖਾਣੀ ਪਊ, ਇਸ ਲਈ ਮੈਂ ਘਰ ਦੇ ਅੰਦਰ ਨ੍ਹੀਂ ਆਉਣਾ।"

ਇਹ ਆਪ ਦਾ ਆਪਣੇ ਪਿੰਡ ਆਖ਼ਰੀ ਗੇੜਾ ਸੀ, ਪਰ ਪੁਲੀਸ ਆਪ ਦੇ ਪਰਿਵਾਰ ਨੂੰ ਲਗਾਤਾਰ ਤੰਗ ਕਰਦੀ ਰਹੀ। ਸਾਰਾ ਪਰਿਵਾਰ ਘਰੋਂ ਬੇਘਰ ਹੋ ਗਿਆ ਤਾਂ ਪੁਲੀਸ ਘਰ ਦੇ ਦਰਵਾਜ਼ੇ ਤਕ ਪੁੱਟ ਕੇ ਲੈ ਗਈ, ਪਰ ਆਪ ਦਾ ਮਿਸ਼ਨ ਜਾਰੀ ਰਿਹਾ।

ਜਦੋਂ ਭਾਈ ਅਨੋਖ ਸਿੰਘ ਬੱਬਰ ਨੂੰ ਪੁਲੀਸ ਵੱਲੋਂ ਗਰਮ ਸਲਾਖਾਂ ਨਾਲ਼ ਕੋਹ-ਕੋਹ ਕੇ ਅੱਖਾਂ ਤਕ ਕੱਢ ਕੇ ਸ਼ਹੀਦ ਕੀਤਾ ਗਿਆ ਤਾਂ ਆਪ ਦੇ ਗਰੁੱਪ ਨੇ ਇਸ ਲਈ ਦੋਸ਼ੀ ਪੁਲੀਸ ਅਫ਼ਸਰਾਂ ਦੀ ਭਾਲ਼ ਅਰੰਭ ਕਰ ਦਿੱਤੀ। ਇਸ ਵਿੱਚ ਪਟਿਆਲ਼ੇ ਦੇ ਐਸ.ਐਸ.ਪੀ. ਬਰਾੜ ਦਾ ਨਾਂ ਸਭ ਤੋਂ ਉੱਪਰ ਸੀ। ਫਿਰ ਇੱਕ ਦਿਨ ਪਟਿਆਲ਼ੇ ਇੱਕ ਪਾਰਕ ਵਿੱਚ ਟੈਨਿਸ ਖੇਡ ਰਹੇ ਪਟਿਆਲ਼ੇ ਦੇ ਐਸ.ਐਸ.ਪੀ. ਬਰਾੜ ਅਤੇ ਐਸ.ਪੀ. ਗਿੱਲ, ਖਿਡਾਰੀਆਂ ਦੀ ਡਰੈੱਸ ਵਿਚਲੇ ਕੁਝ ਨੌਜਵਾਨਾਂ ਨੇ ਗੋਲ਼ੀਆਂ ਨਾਲ਼ ਭੁੰਨ ਦਿੱਤੇ। ਇਹ ਨੌਜਵਾਨ ਕਾਫ਼ੀ ਦਿਨਾਂ ਤੋਂ ਉਸੇ ਹੀ ਪਾਰਕ ਵਿੱਚ ਕਸਰਤ ਕਰਦੇ ਰਹੇ ਸਨ। ਪਿੱਛੋਂ ਜਦੋਂ ਭਾਈ ਸੁਖਵਿੰਦਰ ਸਿੰਘ ਉਰਫ਼ ਕੇ.ਸੀ. ਸ਼ਰਮਾ ਨੇ ਆਪਣੇ ਕਿਸੇ ਮਿੱਤਰ ਨੂੰ ਦੱਸਿਆ ਕਿ 'ਅਸੀਂ ਐਸ.ਪੀ. ਗਿੱਲ ਨੂੰ ਨਹੀਂ ਸੀ ਮਾਰਨਾ ਚਾਹੁੰਦੇ ਤੇ ਉਸ ਨੂੰ ਅਸੀਂ ਲਾਂਭੇ ਹੋ ਜਾਣ ਲਈ ਵੀ ਕਹਿੰਦੇ ਰਹੇ ਪਰ ਉਹ ਪਾਸੇ ਨਹੀਂ ਹੋਇਆ ਜਿਸ ਕਰ ਕੇ (ਐਸ.ਐਸ.ਪੀ.) ਬਰਾੜ ਦੇ ਨਾਲ ਉਹ ਵੀ ਮਾਰਨਾ ਪਿਆ', ਤਾਂ ਸਪਸ਼ਟ ਹੋ ਗਿਆ ਕਿ ਇਹ ਕਤਲ ਵੀ ਇਸੇ ਹੀ ਗਰੁੱਪ ਵੱਲੋਂ ਹੋਏ ਸਨ।

ਫਿਰ ਆਪ ਦਾ ਗਰੁੱਪ ਬੰਬੇ ਕਿਸੇ ਮਿਸ਼ਨ ਲਈ ਇਕੱਠਾ ਹੋਣਾ ਸੀ ਤਾਂ ਆਪ ਲੁਧਿਆਣੇ ਤੋਂ ਦੋ ਹੋਰ ਵੀਰਾਂ ਸਮੇਤ ਇੱਕ ਫੀਏਟ ਕਾਰ 'ਤੇ ਬੰਬੇ ਲਈ ਰਵਾਨਾ ਹੋਏ। ਰਾਜਸਥਾਨ ਵਿੱਚ ਪੁਲੀਸ ਨੇ ਕੁਝ ਸਮਗਲਰਾਂ ਨੂੰ ਫੜਨ ਲਈ ਨਾਕਾਬੰਦੀ ਕੀਤੀ ਹੋਈ ਸੀ। ਉਦੇਪੁਰ ਇੱਕ ਵੱਡੇ ਨਾਕੇ 'ਤੇ ਆਪ ਦੀ ਕਾਰ ਰੋਕ ਲਈ ਗਈ। ਇਸ ਵੇਲ਼ੇ ਆਪ ਕੋਲ਼ 455 ਬੋਰ ਦੇ ਦੋ ਰਿਵਾਲ਼ਵਰ ਸਨ, ਜਿਨ੍ਹਾਂ ਵਿੱਚੋਂ ਇੱਕ ਆਪ ਦੇ ਸਾਥੀ ਦੀ ਡੱਬ ਵਿੱਚ ਤੇ ਦੂਜਾ ਕਾਰ ਵਿੱਚ ਰੱਖਿਆ ਸੀ। ਪੁਲੀਸ ਤਲਾਸ਼ੀ ਲੈਣ ਲੱਗੀ ਤਾਂ ਆਪ ਦੇ ਸਾਥੀ ਦੀ ਜੇਬ ਵਿੱਚੋਂ ਰੌਂਦ ਨਿਕਲ਼ ਆਏ।

"ਯੇਹ ਕਿਆ ਹੈ...?" ਪੁਲੀਸ ਅਫ਼ਸਰ ਬੁੜ੍ਹਕਿਆ।

"ਯੇਹ ਟੇਬਲੇਟ ਹੈ.....।" ਆਪ ਦੇ ਸਾਥੀ ਨੇ ਬੇਪਰਵਾਹੀ ਵਿੱਚ ਜਵਾਬ ਦਿੱਤਾ।

ਇਹ ਜਵਾਬ ਸੁਣ ਕੇ ਅਫ਼ਸਰ ਖਿਝ ਗਿਆ ਤੇ ਉਸ ਨੇ ਆਪ ਦੇ ਸਾਥੀ ਨੂੰ ਥੱਪੜ ਮਾਰ ਦਿੱਤਾ। ਇਹ ਵੇਖ ਕੇ ਭਾਈ ਸੁਖਵਿੰਦਰ ਸਿੰਘ ਨੇ ਜੋ ਕਿ ਹੁਣ ਤਕ ਕਾਰ ਦੇ ਅੰਦਰ ਦੂਜਾ ਰਿਵਾਲਵਰ ਕੱਢ ਕੇ ਤਿਆਰ-ਬਰ-ਤਿਆਰ ਹੋ ਚੁੱਕੇ ਸਨ, ਉਸ ਅਫ਼ਸਰ ਨੂੰ ਮੌਕੇ 'ਤੇ ਹੀ ਗੋਲ਼ੀਆਂ ਨਾਲ਼ ਭੁੰਨ ਸੁੱਟਿਆ। ਆਪ ਦੇ ਸਾਥੀ ਨੇ ਵੀ ਫ਼ਾਇਰਿੰਗ ਕੀਤੀ ਤੇ ਰਾਜਸਥਾਨੀ ਪੁਲਸੀਏ ਦੁਬਕ ਗਏ। ਆਪ ਦੇ ਸਾਥੀ ਛੇਤੀ ਨਾਲ਼ ਕਾਰ ਵਿੱਚ ਸਵਾਰ ਹੋਏ ਤੇ ਕਾਰ ਪੂਰੀ ਸਪੀਡ ਨਾਲ਼ ਭਜਾ ਲਈ ਗਈ। ਇਸ ਵੇਲੇ ਰਾਤ ਦੇ 12 ਵਜੇ ਦਾ ਸਮਾਂ ਸੀ ਤੇ ਸਾਰੇ ਪਾਸੇ ਹਨੇਰਾ ਹੀ ਹਨੇਰਾ ਸੀ। ਇੱਕ ਮੋੜ 'ਤੇ ਜ਼ੋਰ ਨਾਲ਼ ਬਰੇਕ ਲਾਉਣ ਨਾਲ਼ ਗੱਡੀ ਸਲਿੱਪ ਹੋ ਕੇ ਉਲਟ ਗਈ। ਆਪ ਦਾ ਇੱਕ ਸਾਥੀ ਓਥੇ ਸੜਕ 'ਤੇ ਹੀ ਡਿੱਗ ਪਿਆ ਤੇ ਆਪ ਆਪਣੇ ਦੂਜੇ ਸਾਥੀ ਅਤੇ ਕਾਰ ਸਣੇ ਡੂੰਘੀ ਖੱਡ ਵਿੱਚ ਜਾ ਡਿੱਗੇ। ਭਾਈ ਸੁਖਵਿੰਦਰ ਸਿੰਘ ਦੀ ਰੀੜ੍ਹ ਦੀ ਹੱਡੀ ਪਾਟ ਗਈ ਤੇ ਤੁਰਨ ਤੋਂ ਆਰੀ ਹੋ ਗਏ। ਆਪ ਨੇ ਆਪਣੇ ਸਾਥੀ ਨੂੰ ਕਿਹਾ:- "ਹਥਿਆਰ ਲੱਭ ਕੇ ਮੈਨੂੰ ਗੋਲ਼ੀ ਮਾਰ ਦਿਓ ਤੇ ਤੁਸੀਂ ਨਿਕਲ਼ ਜਾਓ...।" ਪਰ ਆਪ ਦੇ ਸਾਥੀ ਕਹਿਣ ਲੱਗੇ- "ਮਰਾਂਗੇ ਤੇ ਇਕੱਠੇ ਹੀ।" ਹਨੇਰੇ ਵਿੱਚ ਰਿਵਾਲਵਰ ਲੱਭਣ ਦਾ ਬਹੁਤ ਯਤਨ ਕੀਤਾ ਗਿਆ ਪਰ ਨਾ ਲੱਭੇ। ਅਖੀਰ ਆਪ ਦੇ ਸਾਥੀ ਆਪ ਨੂੰ ਮੋਢਿਆਂ 'ਤੇ ਚੁੱਕ ਕੇ ਖੱਡ ਵਿੱਚੋਂ ਨਿਕਲੇ ਤੇ ਏਦਾਂ ਹੀ ਬੰਬੇ ਵਾਲ਼ੇ ਰੋਡ 'ਤੇ ਆ ਗਏ।

ਇੱਥੇ ਆ ਕੇ ਇਹਨਾਂ ਤਿੰਨਾਂ ਸਿੰਘਾਂ ਨੇ ਕਈ ਟਰੱਕਾਂ ਨੂੰ ਹੱਥ ਦਿੱਤੇ ਪਰ ਟਰੱਕ ਲੁੱਟਣ ਵਾਲ਼ੇ ਲੁਟੇਰਿਆਂ ਦੀ ਦਹਿਸ਼ਤ ਹੋਣ ਕਾਰਨ ਕਿਸੇ ਨੇ ਟਰੱਕ ਨਾ ਰੋਕਿਆ। ਅਖੀਰ ਓਥੋਂ ਆਪ ਸਿੱਖਾਂ ਦਾ ਘਰ ਲੱਭ ਕੇ ਓਥੇ ਗਏ ਤੇ ਮਦਦ ਮੰਗੀ। ਉਸ ਘਰ ਵਿੱਚੋਂ ਦੋ ਬੀਬੀਆਂ ਨਾਲ਼ ਆਈਆਂ। ਬੀਬੀਆਂ ਨੇ ਹੱਥ ਦੇ ਕੇ ਇੱਕ ਟਰੱਕ ਰੁਕਵਾਇਆ, ਜਿਸ ਦਾ ਡਰਾਈਵਰ ਕੁਦਰਤੀ ਹੀ ਇੱਕ ਸਿੱਖ ਨੌਜਵਾਨ ਸੀ। ਆਪ ਬੀਬੀਆਂ ਦਾ ਧੰਨਵਾਦ ਕਰ ਕੇ ਟਰੱਕ ਵਿੱਚ ਸਵਾਰ ਹੋ ਗਏ। ਉਸ ਟਰੱਕ ਵਾਲ਼ੇ ਬਾਰੇ ਅੰਦਾਜ਼ਾ ਲਾ ਕੇ ਆਪ ਨੇ ਸਾਰੀ ਗੱਲ ਉਸ ਨੂੰ ਦੱਸ ਦਿੱਤੀ। ਆਪ ਨੂੰ ਉੱਪਰਲੀ ਸੀਟ 'ਤੇ ਲੰਮਾ ਪਾ ਦਿੱਤਾ ਗਿਆ। ਇੱਕ ਸਿੰਘ ਕਲੀਨਰ ਤੇ ਇੱਕ ਸਵਾਰੀ ਬਣ ਗਿਆ। ਸਾਰੇ ਰਾਹਾਂ 'ਤੇ ਹੁਣ ਤਕ ਨਾਕੇਬੰਦੀ ਹੋ ਚੁੱਕੀ ਸੀ। ਆਪ ਦਾ ਟਰੱਕ ਕਈ ਥਾਂਵਾਂ 'ਤੇ ਰੋਕਿਆ ਗਿਆ, ਪਰ ਵਧੇਰੇ ਜ਼ੋਰ ਉਹ ਫ਼ੀਏਟ ਕਾਰ ਲੱਭਣ 'ਤੇ ਹੀ ਲਾ ਰਹੇ ਸਨ। ਕੁਝ ਨਾਕਿਆਂ 'ਤੇ ਪੁਲੀਸ ਵਾਲ਼ਿਆਂ ਨੇ ਆਪਸ ਵਿੱਚ ਕਿਹਾ ਵੀ 'ਕਿਤੇ ਇਹ ਓਹੀ ਤਾਂ ਨਹੀਂ....?'

ਪਰ ਸਿੰਘਾਂ ਨੇ ਆਪਣੇ ਚਿਹਰੇ ਤੋਂ ਅਜਿਹਾ ਕੁਝ ਵੀ ਪ੍ਰਗਟ ਨਾ ਹੋਣ ਦਿੱਤਾ ਕਿ ਉਹਨਾਂ ਨੂੰ ਸ਼ੱਕ ਪੈਂਦਾ। ਰਾਜਸਥਾਨ ਦੀ ਹੱਦ ਪਾਰ ਹੋਣ ਤਕ ਟਰੱਕ ਵਾਲ਼ਾ ਘਬਰਾ ਗਿਆ ਤੇ ਹੱਥ ਜੋੜ ਕੇ ਕਹਿਣ ਲੱਗਾ ਕਿ ਇਸ ਤੋਂ ਅੱਗੇ ਲਿਜਾਣ ਦੀ ਮੇਰੇ ਵਿੱਚ ਹਿੰਮਤ ਨਹੀਂ। ਆਪ ਤਿੰਨੋਂ ਹੀ 'ਧੰਨਵਾਦ' ਕਹਿ ਕੇ ਟਰੱਕ ਵਿੱਚੋਂ ਉੱਤਰ ਖਲੋਤੇ। ਇੱਕ ਸਿੰਘ ਬੰਬੇ ਦੀ ਬੱਸ ਵਿੱਚ ਬੈਠ ਗਿਆ ਤੇ ਦੂਜਾ ਸਿੰਘ ਭਾਈ ਸੁਖਵਿੰਦਰ ਸਿੰਘ ਨੂੰ ਮੋਢਿਆਂ 'ਤੇ ਚੁੱਕ ਕੇ ਤਕਰੀਬਨ ਤਿੰਨ ਕਿੱਲੋਮੀਟਰ ਤੁਰ ਕੇ ਇੱਕ ਲੋਕਲ ਰੇਲਵੇ ਸਟੇਸ਼ਨ 'ਤੇ ਪਹੁੰਚਿਆ ਤੇ ਇਸ ਤਰ੍ਹਾਂ ਆਪ ਤਿੰਨੇ ਹੀ ਬੰਬੇ ਪੁੱਜ

ਗਏ।

ਆਪ ਦੇ ਗਰੁੱਪ ਨੇ ਓਥੇ ਆਪ ਨੂੰ ਹਸਪਤਾਲ ਦਾਖ਼ਲ ਕਰਵਾ ਦਿੱਤਾ। ਇੱਕ ਮਹੀਨਾ ਹਸਪਤਾਲ 'ਚ ਰਹਿਣ ਪਿੱਛੋਂ ਸੁਰੱਖਿਆ ਦੇ ਮੱਦੇਨਜ਼ਰ ਆਪ ਓਥੇ ਆਪਣੇ ਇੱਕ ਰਿਸ਼ਤੇਦਾਰ ਦੇ ਘਰ ਚਲੇ ਗਏ। ਇੱਥੋਂ ਹੀ ਆਪ ਦੇ ਪਰਿਵਾਰ ਨੂੰ ਆਪ ਦੇ ਐਕਸੀਡੈਂਟ ਬਾਰੇ ਪਤਾ ਲੱਗ ਗਿਆ ਤੇ ਆਪ ਦੇ ਮਾਤਾ ਪਿਤਾ ਓਥੇ ਪਤਾ ਲੈਣ ਗਏ। ਓਦੋਂ ਤਕ ਆਪ ਓਥੋਂ ਵੀ ਨਿਕਲ ਚੁੱਕੇ ਸਨ। ਆਪ ਦੇ ਮਾਤਾ ਪਿਤਾ ਜਦੋਂ ਬੰਬੇ ਗਏ ਤਾਂ ਪੁਲੀਸ ਨੇ ਆਪ ਦੇ ਰਿਸ਼ਤੇਦਾਰ ਦੇ ਘਰ ਛਾਪਾ ਮਾਰਿਆ ਤੇ ਸਾਰੇ ਪਰਿਵਾਰ ਸਮੇਤ ਆਪ ਦੇ ਮਾਤਾ ਪਿਤਾ ਨੂੰ ਵੀ ਗ੍ਰਿਫ਼ਤਾਰ ਕਰ ਕੇ ਕੇਸ ਪਾ ਦਿੱਤਾ, ਜਿਸ ਵਿੱਚੋਂ ਬੜੀ ਮੁਸ਼ਕਲ ਜ਼ਮਾਨਤਾਂ ਹੋਈਆਂ ਅਤੇ ਕੇਸ ਕਈ ਸਾਲ ਚੱਲਦਾ ਰਿਹਾ, ਪਰ ਇਹ ਛਾਪਾ ਪੈਣ ਦੇ ਸਮੇਂ ਤਕ ਆਪ ਅੰਮ੍ਰਿਤਸਰ ਪਹੁੰਚ ਚੁੱਕੇ ਸਨ। ਅੰਮ੍ਰਿਤਸਰ ਆ ਕੇ ਕਰੀਬ ਪੰਦਰਾਂ ਦਿਨ ਇੱਕ ਹੋਰ ਹਸਪਤਾਲ ਵਿੱਚ ਰਹੇ ਤੇ ਫਿਰ ਤੁਰਨ-ਫਿਰਨ ਦੇ ਕਾਬਲ ਹੋ ਗਏ।

ਹੁਣ ਭਾਈ ਮਥਰਾ ਸਿੰਘ ਨੇ ਆਪ ਉੱਪਰ ਬਾਹਰ ਨਿਕਲ ਜਾਣ ਲਈ ਦਬਾਅ ਪਾਉਣਾ ਅਰੰਭ ਕੀਤਾ। ਕੇ.ਸੀ. ਸ਼ਰਮਾ ਦੇ ਨਾਂ 'ਤੇ ਆਪ ਦਾ ਪਾਸਪੋਰਟ ਤਾਂ ਬਣਿਆ ਹੀ ਹੋਇਆ ਸੀ। ਸਾਥੀਆਂ ਦੇ ਜ਼ੋਰ ਪਾਉਣ 'ਤੇ ਦੋ ਵਾਰ ਏਅਰਪੋਰਟ 'ਤੇ ਵੀ ਚਲੇ ਗਏ, ਪਰ ਓਥੇ ਜਾ ਕੇ ਮਨ ਨਾ ਮੰਨਿਆ ਤੇ ਆਪ ਜਿਦ ਕਰ ਕੇ ਵਾਪਸ ਆ ਗਏ।

ਆਪ ਦੇ ਪਰਿਵਾਰ ਨੂੰ ਪੰਜਾਬ ਪੁਲੀਸ ਤਾਂ ਤੰਗ ਕਰਦੀ ਹੀ ਰਹੀ, ਬਲਕਿ ਪੂਨੇ, ਰਾਜਸਥਾਨ ਤੇ ਦਿੱਲੀ ਦੀ ਪੁਲੀਸ ਵੀ ਵਰੰਟ ਲੈ ਕੇ ਆਪ ਦੇ ਘਰ ਚੱਕਰ ਮਾਰਦੀ ਰਹੀ। ਆਪ ਦੇ ਛੋਟੇ ਭਰਾ ਗੁਰਪਾਲ ਸਿੰਘ ਨੂੰ ਪੁਲੀਸ ਨੇ ਅੰਮ੍ਰਿਤਸਰ ਮਾਲ ਮੰਡੀ ਵਿੱਚ ਕਰੰਟ ਲਾ-ਲਾ ਕੇ ਸਰੀਰ ਨਕਾਰਾ ਕਰ ਦਿੱਤਾ, ਜੋ ਅੱਜ ਤਕ ਕੰਮ ਕਾਰ ਕਰਨੋਂ ਅਸਮਰੱਥ ਹੈ। ਪਰ ਫਿਰ ਵੀ ਆਪ ਆਪਣੇ ਇਲਾਕੇ ਵਿੱਚ ਇੱਕ ਅਜਿਹੇ ਹੀਰੋ ਸਨ ਕਿ ਕਿਸੇ ਲੁਟੇਰਾ ਅਨਸਰ ਨੇ ਆਪ ਦੇ ਜਿਊਂਦੇ ਜੀਅ ਇਲਾਕੇ 'ਚ ਸਿਰ ਨਹੀਂ ਚੁੱਕਿਆ।

ਹੁਣ ਤਕ ਸਰਕਾਰ ਖਾੜਕੂ ਸਫ਼ਾਂ ਵਿੱਚ ਜਿੱਥੇ ਆਪਣੀਆਂ ਕਾਲੀਆਂ ਭੇਡਾਂ ਵੱਡੀ ਪੱਧਰ 'ਤੇ ਦਾਖ਼ਲ ਕਰਵਾ ਚੁੱਕੀ ਸੀ, ਓਥੇ ਅਰੰਭ ਵਿੱਚ ਲਹਿਰ ਨਾਲ ਤੁਰੇ ਕੁਝ ਕੱਚੇ-ਪਿੱਲੇ ਮੁੰਡਿਆਂ ਨੂੰ ਖ਼ਰੀਦ ਕੇ ਆਪਣੀਆਂ ਕਾਲੀਆਂ ਬਿੱਲੀਆਂ ਵੀ ਬਣਾ ਚੁੱਕੀ ਸੀ। ਇਸ ਦੌਰਾਨ ਭਾਈ ਹਰਜਿੰਦਰ ਸਿੰਘ ਜਿੰਦਾ ਅਤੇ ਭਾਈ ਸਤਨਾਮ ਸਿੰਘ ਬਾਵਾ ਦਿੱਲੀ ਵਿੱਚ ਗ੍ਰਿਫ਼ਤਾਰ ਕਰ ਲਏ ਗਏ। ਇਸ ਪਿੱਛੋਂ ਆਪ ਨੇ ਉਹਨਾਂ ਨੂੰ ਫੜਾਉਣ ਵਾਲ਼ੇ ਟਾਊਟ ਨੂੰ ਚੁੱਕ ਲਿਆ ਤੇ ਫਿਰ ਇਕਬਾਲ ਕਰਵਾ ਕੇ ਉਸ ਨੂੰ ਸੋਧ ਦਿੱਤਾ।

ਦਲਬੀਰਾ ਨਾਂ ਦਾ ਇੱਕ ਸ਼ਖ਼ਸ ਵੀ ਆਪ ਦੇ ਗਰੁੱਪ ਵਿੱਚ ਕੁਝ ਸਮਾਂ ਰਹਿ ਕੇ ਪੁਲੀਸ ਕੋਲ਼ ਵਿਕ ਗਿਆ ਸੀ ਤੇ ਬਲੈਕ ਕੈਟ ਬਣ ਕੇ ਸਿੰਘਾਂ ਨੂੰ ਫੜਾਉਣ ਤੇ ਸ਼ਿਕਾਰ ਖੇਡਣ ਲਈ ਕੰਮ ਕਰ ਰਿਹਾ ਸੀ। ਇੱਕ ਵਾਰ ਆਪ ਪੀ.ਜੀ.ਆਈ. ਚੰਡੀਗੜ੍ਹ ਦੇ ਕੋਲ਼ ਹੋਰ ਸਿੰਘਾਂ ਸਣੇ ਖਲੋਤੇ ਸਨ ਕਿ ਦਲਬੀਰਾ ਦੋ ਵਾਰ ਓਥੋਂ ਦੀ ਲੰਘਿਆ। ਸਿੰਘਾਂ ਨੂੰ ਸ਼ੱਕ ਪਿਆ ਤੇ ਸਿੰਘਾਂ ਨੇ ਸੋਧ ਦੇਣ ਦੀ ਸਲਾਹ ਕੀਤੀ। ਭਾਈ ਸੁਖਵਿੰਦਰ ਸਿੰਘ ਨੇ ਕਿਹਾ ਕਿ ਜੇਕਰ ਹੁਣ ਆਇਆ ਤਾਂ ਸੋਧ ਦੇਣਾ,

ਪਰ ਉਹ ਫਿਰ ਨਾ ਆਇਆ। ਉਸ ਨੇ ਆਪ ਦੇ ਘਰ ਸੁਨੇਹਾ ਭੇਜਿਆ ਕਿ ਮੈਂ ਤੁਹਾਡਾ ਕੋਈ ਨੁਕਸਾਨ ਨਹੀਂ ਕਰਵਾਵਾਂਗਾ, ਬੇਫ਼ਿਕਰ ਰਹੋ। ਪਰ ਦਿੱਲੀ ਦਰਬਾਰ ਦਾ ਲੂਣ ਜ਼ਹਿਰ ਬਣ ਕੇ ਜਿਸ ਦੀਆਂ ਰਗਾਂ ਵਿੱਚ ਵੜ ਚੁੱਕਾ ਹੋਵੇ, ਉਹ ਦਿੱਲੀ ਲਈ ਆਪਣਿਆਂ ਨਾਲ਼ ਗ਼ੱਦਾਰੀ ਤੇ ਯਾਰ-ਮਾਰ ਕਰਨ ਤੋਂ ਕਿਵੇਂ ਟਲ਼ ਸਕਦਾ ਸੀ?

ਮਿਤੀ 27 ਫ਼ਰਵਰੀ 1989 ਨੂੰ ਆਪ ਆਪਣੇ ਇੱਕ ਸਾਥੀ ਭਾਈ ਹਰਿੰਦਰ ਸਿੰਘ ਬੰਟੀ ਨਾਲ਼ ਚੰਡੀਗੜ੍ਹ 22 ਸੈਕਟਰ ਕਾਂਗਰਸ ਭਵਨ ਦੇ ਬਾਹਰ ਪਾਰਕ ਵਿੱਚ ਬੈਠੇ ਗੱਲਾਂ ਕਰ ਰਹੇ ਸਨ ਕਿ ਦਲਬੀਰੇ ਕੈਟ ਦੀ ਨਜ਼ਰ ਆਪ 'ਤੇ ਪੈ ਗਈ। ਪਿੱਛੋਂ ਦੀ ਆ ਕੇ ਦਲਬੀਰੇ ਨੇ ਆਪ ਦੋਹਾਂ 'ਤੇ ਚਾਣਚੱਕ ਗੋਲ਼ੀਆਂ ਚਲਾ ਦਿੱਤੀਆਂ। ਦੋਵੇਂ ਸ਼ੇਰ ਗ਼ੱਦਾਰੀ ਦਾ ਸ਼ਿਕਾਰ ਹੋ ਗਏ। ਦਲਬੀਰੇ ਨੂੰ ਗੋਲ਼ੀਆਂ ਚਲਾਉਂਦੇ ਵੇਖ ਓਥੋਂ ਲੰਘ ਰਹੀ ਪੁਲੀਸ ਨੇ ਸਮਝਿਆ ਕਿ ਕੋਈ ਸਧਾਰਨ ਕਾਤਲ ਕਤਲ ਕਰ ਕੇ ਭੱਜ ਰਿਹਾ ਹੈ। ਚੰਡੀਗੜ੍ਹ ਦੀ ਪੁਲੀਸ ਨੇ ਪਿੱਛਾ ਕਰਨ ਦਾ ਯਤਨ ਕੀਤਾ ਪਰ ਦਲਬੀਰਾ ਭੱਜ ਕੇ ਪੁਲੀਸ ਮੁਖੀ ਜੇ.ਐਫ. ਰਿਬੈਰੋ ਦੀ ਕੋਠੀ ਵਿੱਚ ਜਾ ਵੜਿਆ। ਅਗਲੇ ਦਿਨ ਰਿਬੈਰੋ ਨੇ ਪ੍ਰੈੱਸ ਕਾਨਫ਼ਰੰਸ ਵਿੱਚ ਐਲਾਨ ਕੀਤਾ ਕਿ ਦੋ ਖ਼ਤਰਨਾਕ ਖਾੜਕੂ ਭਾਈ ਸੁਖਵਿੰਦਰ ਸਿੰਘ ਉਰਫ਼ ਕੇ.ਸੀ. ਸ਼ਰਮਾ ਅਤੇ ਭਾਈ ਹਰਿੰਦਰ ਸਿੰਘ ਬੰਟੀ ਪੁਲੀਸ ਨਾਲ ਹੋਏ ਮੁਕਾਬਲੇ ਵਿੱਚ ਮਾਰੇ ਗਏ ਹਨ।

ਦੋਹਾਂ ਸੂਰਮਿਆਂ ਦਾ ਅੰਤਮ ਸਸਕਾਰ ਪੁਲੀਸ ਨੇ ਖ਼ੁਦ ਹੀ ਕੀਤਾ, ਪਰ ਫਿਰ ਵੀ ਭਾਈ ਹਰਿੰਦਰ ਸਿੰਘ ਬੰਟੀ ਦੇ ਪਿਤਾ ਜੀ ਲੁਧਿਆਣੇ ਦੇ ਡੀ.ਸੀ. ਦੇ ਇੱਕ ਮੁਲਾਜ਼ਮ ਦੀ ਮਦਦ ਨਾਲ ਦੋਹਾਂ ਸਿੰਘਾਂ ਦੇ ਅੰਤਮ ਸਸਕਾਰ ਵਿੱਚ ਸ਼ਾਮਲ ਹੋਏ। ਪੁਲੀਸ ਦੇ ਪਹਿਰੇ ਵਿੱਚ ਹੀ ਦੋਹਾਂ ਸਿੰਘਾਂ ਦੇ ਫੁੱਲ ਨੀਲੋਂ ਨਹਿਰ ਵਿੱਚ ਪਾ ਦਿੱਤੇ ਗਏ ਅਤੇ ਸਿੱਖ ਲਹਿਰ ਦੇ ਇਹਨਾਂ ਸੂਰਮਿਆਂ ਦੇ ਫੁੱਲਾਂ ਨੂੰ ਪਾਣੀ ਦੀਆਂ ਲਹਿਰਾਂ ਨੇ ਆਪਣੇ ਗਲ਼ ਲਾ ਲਿਆ।

* * * * *

ਸਿੱਖੀ ਦੇ ਸਕੂਲ ਵਿੱਚ ਪੜ੍ਹਿਆ ਤੇ ਪਰਵਾਨ ਚੜ੍ਹਿਆ ਜਰਨੈਲ

ਸ਼ਹੀਦ ਭਾਈ ਗੁਰਜੰਟ ਸਿੰਘ ਬੁੱਧ ਸਿੰਘ ਵਾਲ਼ਾ

ਜੇਲ੍ਹ ਥਾਣੇ ਕਾਲਜ ਹੁੰਦੇ ਦੇਸ਼ ਸੇਵਕਾਂ ਦੇ
ਦਾਖ਼ਲ ਹੋਇ ਕੇ ਡਿਗਰੀਆਂ ਪਾਇ ਜਾਂਦੇ...

ਗ਼ਦਰ ਲਹਿਰ ਸਮੇਂ ਕਿਸੇ ਇਨਕਲਾਬੀ ਸ਼ਾਇਰ ਦੀਆਂ ਲਿਖੀਆਂ ਇਹਨਾਂ ਸਤਰਾਂ ਵਿਚਲੀ ਹਕੀਕਤ ਨੂੰ ਮੌਜੂਦਾ ਸਿੱਖ ਸੰਘਰਸ਼ ਦੇ ਇੱਕ ਨਾਇਕ ਸ਼ਹੀਦ ਭਾਈ ਗੁਰਜੰਟ ਸਿੰਘ ਬੁੱਧ ਸਿੰਘ ਵਾਲ਼ਾ ਦਾ ਜੀਵਨ ਬਹੁਤ ਸਪਸ਼ਟ ਕਰ ਦਿੰਦਾ ਹੈ।

ਅੱਜ ਦੇ ਮੋਗਾ ਜ਼ਿਲ੍ਹੇ ਦੀ ਬਾਘਾਪੁਰਾਣਾ ਤਹਿਸੀਲ ਦੇ ਪਿੰਡ ਬੁੱਧ ਸਿੰਘ ਵਾਲ਼ਾ ਦੇ ਕਿਸਾਨ ਸ. ਨਛੱਤਰ ਸਿੰਘ ਦੇ ਘਰ, ਮਾਤਾ ਸੁਰਜੀਤ ਕੌਰ ਦੀ ਕੁੱਖੋਂ ਸੰਨ 1960-70 ਦੇ ਦਹਾਕੇ 'ਚ ਜਨਮੇ ਭਾਈ ਗੁਰਜੰਟ ਸਿੰਘ ਨੇ ਦੁਨਿਆਵੀ ਵਿੱਦਿਆ ਵਜੋਂ ਕਿਸੇ ਸਕੂਲ ਦੀਆਂ ਬਰੂਹਾਂ ਵੀ ਨਹੀਂ ਸਨ ਲੰਘੀਆਂ, ਪਰ ਉਹਨਾਂ ਦੀ ਜਰਨੈਲੀ ਵਿੱਚ 'ਖ਼ਾਲਿਸਤਾਨ ਲਿਬਰੇਸ਼ਨ ਫ਼ੋਰਸ' ਨੇ ਇੱਕ ਜ਼ਾਬਤੇ ਅਧੀਨ ਰਹਿ ਕੇ ਜਿਵੇਂ ਵੱਡੀਆਂ-ਵੱਡੀਆਂ ਮੱਲਾਂ ਮਾਰੀਆਂ ਅਤੇ ਡਾਕਟਰੀ ਪੱਧਰ ਦੀ ਵਿੱਦਿਆ ਵਾਲ਼ੇ ਸੂਰਮੇ ਕਿਵੇਂ 'ਗੁਰਜੰਟ' ਦੀ ਸੁਚੱਜੀ ਅਗਵਾਈ ਹੇਠ ਵਿਚਰਦੇ ਰਹੇ, ਉਸ ਤੋਂ ਵੱਡੇ ਵੱਡੇ ਅਫ਼ਸਰ ਸ਼ਾਇਦ ਇਹ ਮੰਨਣ ਲਈ ਤਿਆਰ ਨਾ ਹੋਣ ਕਿ ਭਾਈ ਗੁਰਜੰਟ ਸਿੰਘ ਬੁੱਧ ਸਿੰਘ ਵਾਲ਼ਾ ਦੁਨਿਆਵੀ ਵਿੱਦਿਆ ਦੇ ਪੱਖ ਤੋਂ ਅਨਪੜ੍ਹ ਸਨ।

ਭਾਈ ਗੁਰਜੰਟ ਸਿੰਘ ਹੋਰੀਂ ਪੰਜ ਭੈਣ-ਭਰਾ ਸਨ। ਸਭ ਤੋਂ ਵੱਡੀ ਭੈਣ ਚਰਨਜੀਤ ਕੌਰ, ਉਹਨਾਂ ਤੋਂ ਛੋਟਾ ਭਰਾ ਜਗਰੂਪ ਸਿੰਘ, ਉਸ ਤੋਂ ਛੋਟਾ ਕੁਲਵੰਤ ਸਿੰਘ, ਕੁਲਵੰਤ ਸਿੰਘ ਤੋਂ ਛੋਟੇ ਭਾਈ ਗੁਰਜੰਟ ਸਿੰਘ ਅਤੇ ਗੁਰਜੰਟ ਸਿੰਘ ਤੋਂ ਛੋਟਾ ਜਸਵੰਤ ਸਿੰਘ।

ਨਿੱਕੇ ਹੁੰਦੇ ਹੀ ਭਾਈ ਗੁਰਜੰਟ ਸਿੰਘ ਦੀਆਂ ਆਦਤਾਂ ਵਿਲੱਖਣ ਸਨ। ਪਿੰਡ ਵਿੱਚ ਮੇਲਾ ਲੱਗਦਾ ਤਾਂ ਪਿਤਾ ਵੱਲੋਂ ਸਾਰੇ ਭਰਾਵਾਂ ਨੂੰ ਮੇਲਾ ਵੇਖਣ ਲਈ ਨਿਰਧਾਰਤ ਪੈਸੇ ਮਿਲਦੇ। ਬਾਕੀ ਭਰਾ ਕਈ ਤਰ੍ਹਾਂ ਦੀਆਂ ਚੀਜ਼ਾਂ ਖਾ ਕੇ ਆਪਣੇ ਪੈਸੇ ਖ਼ਰਚ ਕਰਦੇ, ਪਰ 'ਗੁਰਜੰਟ ਸਿੰਘ' ਸਿੱਧਾ ਹੀ ਨਿਸ਼ਾਨੇਬਾਜ਼ੀ ਵਾਲ਼ੀ ਦੁਕਾਨ ਵਿੱਚ ਜਾ ਵੜਦੇ ਤੇ ਗੰਨ ਨਾਲ ਨਿਸ਼ਾਨੇ ਬੰਨ੍ਹ ਬੰਨ੍ਹ ਕੇ ਭੁਕਾਨਿਆਂ

ਦੇ ਪਟਾਕੇ ਪਾਉਂਦੇ ਹੀ ਸਾਰੇ ਪੈਸੇ ਖ਼ਰਚ ਕਰ ਦਿੰਦੇ। ਉਹਨਾਂ ਦੇ ਬਚਪਨ ਦੇ ਦੋਸਤਾਂ ਦਾ ਵੀ ਮੰਨਣਾ ਹੈ ਕਿ ਨਿੱਕੇ ਹੁੰਦੇ ਤੋਂ ਹੀ ਭਾਈ ਗੁਰਜੰਟ ਸਿੰਘ ਦਾ ਨਿਸ਼ਾਨਾ ਬਹੁਤ ਪੱਕਾ ਸੀ ਤੇ ਇਹ ਖ਼ਾਲੀ ਕਦੇ ਹੀ ਜਾਂਦਾ ਸੀ। ਨਿਸ਼ਾਨੇਬਾਜ਼ੀ ਦੇ ਨਾਲ਼-ਨਾਲ਼ ਭਾਈ ਗੁਰਜੰਟ ਸਿੰਘ ਦਾ ਦਿਮਾਗ ਵੀ ਬਹੁਤ ਤੇਜ਼ ਸੀ।

ਥੋੜ੍ਹੇ ਵੱਡੇ ਹੋਣ 'ਤੇ ਭਾਈ ਗੁਰਜੰਟ ਸਿੰਘ ਦਾ ਨਿਸ਼ਾਨੇਬਾਜ਼ੀ ਦਾ ਸ਼ੌਕ ਮੇਲੇ ਦੀਆਂ ਦੁਕਾਨਾਂ ਵਿੱਚੋਂ ਨਿਕਲ ਕੇ ਸ਼ਿਕਾਰ ਖੇਡਣ ਲਈ ਝੱਲਾਂ ਵਿੱਚ ਜਾ ਵੜਿਆ। ਗੁਰਜੰਟ ਸਿੰਘ ਦੇ ਨਾਲ ਸ਼ਿਕਾਰ ਖੇਡਣ ਵਾਲੇ ਕੁਝ ਬੌਰੀਆ ਜਾਤੀ ਦੇ ਲੋਕ ਆਪਸ ਵਿੱਚ ਗੁਪਤ ਗੱਲਬਾਤ ਕਰਨ ਲਈ ਆਪਣੀ ਇੱਕ ਵੱਖਰੀ ਭਾਸ਼ਾ ਦਾ ਇਸਤੇਮਾਲ ਕਰਦੇ ਸਨ, ਜੋ ਕਿਸੇ ਹੋਰ ਨੂੰ ਸਮਝ ਨਹੀਂ ਸੀ ਆਉਂਦੀ। ਇੱਕ ਵਾਰ ਉਹਨਾਂ 'ਚੋਂ ਦੋ ਤਿੰਨ ਜਣੇ ਗੁਰਜੰਟ ਸਿੰਘ ਦੇ ਸਾਮ੍ਹਣੇ ਹੀ ਆਪਣੀ ਭਾਸ਼ਾ ਵਿੱਚ ਇਹ ਸਲਾਹ ਕਰਨ ਲੱਗ ਪਏ ਕਿ ਆਹ ਸਾਮ੍ਹਣੇ ਤੂਤ ਦਾ ਰੁੱਖ ਬੜਾ ਵਧੀਐ, ਅੱਜ ਰਾਤੀਂ ਇਹ ਵੱਢ ਲਈਏ। ਗੁਰਜੰਟ ਸਿੰਘ ਨੇ ਪੈਂਦੀ ਸੱਟੇ ਹੀ ਉਹਨਾਂ ਨੂੰ ਤਾੜਨਾ ਕੀਤੀ ਕਿ ਜੇ ਤੁਸੀਂ ਤੂਤ ਵੱਢਿਆ ਤਾਂ ਤੁਹਾਡੇ ਸਾਰਿਆਂ ਦੇ ਨਾਂ ਮੈਂ ਲਿਖਵਾਊਂ। ਉਹਨਾਂ ਨੇ ਹੈਰਾਨੀ ਨਾਲ਼ ਇੱਕ ਦੂਜੇ ਵੱਲ ਵੇਖਿਆ, ਫਿਰ ਪੁੱਛਣ ਲੱਗੇ:

"ਤੈਨੂੰ ਸਾਡੀ ਭਾਸ਼ਾ ਕਿਵੇਂ ਸਮਝ ਆਗੀ...?"

ਭਾਈ ਗੁਰਜੰਟ ਸਿੰਘ ਦਾ ਜਵਾਬ ਸੀ, "ਐਨੇ ਚਿਰ ਤੋਂ ਤੁਹਾਡੇ 'ਚ ਈ ਰਹਿੰਨੈਂ...।"

ਕੋਈ ਨਹੀਂ ਸੀ ਜਾਣਦਾ ਕਿ ਹੱਥ ਵਿੱਚ ਏਅਰਗੰਨ ਫੜ ਕੇ ਝੱਲ ਵਿੱਚ ਸ਼ਿਕਾਰ ਖੇਡਦਾ ਇਹ ਗੱਭਰੂ, ਸਿੱਖ ਕੌਮ ਦਾ ਸ਼ਿਕਾਰ ਖੇਡਣ ਆਈ ਪਾਪ ਦੀ ਜੰਞ ਲਈ ਵੀ ਇੱਕ ਚੋਟੀ ਦਾ ਸ਼ਿਕਾਰੀ ਬਣ ਕੇ ਅਹਿਮ ਮੱਲਾਂ ਮਾਰੇਗਾ। ਭਾਈ ਗੁਰਜੰਟ ਸਿੰਘ ਵਰਗੇ ਹਜ਼ਾਰਾਂ ਸਿੱਖ ਗੱਭਰੂਆਂ ਦੀ ਪੈਂਤ-ਚਾਲ ਦੇ ਨਾਲ ਚੱਲਦਾ ਸਿੱਖ ਵਰਤਮਾਨ ਇੱਕ ਅਹਿਮ ਸੰਘਰਸ਼ ਵੱਲ ਵਧ ਰਿਹਾ ਸੀ। ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਸਿੱਖ ਕੌਮ ਦੇ ਮਰਦੇ-ਮੁਜਾਹਦ ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲ਼ਿਆਂ ਨੇ ਦਿੱਲੀ ਤਖ਼ਤ ਦੇ ਨਾਪਾਕ ਅਤੇ ਘਿਰਨਿਤ ਮਨਸੂਬਿਆਂ ਵਿਰੁੱਧ ਖ਼ਾਲਸੇ ਦੀ ਅਜ਼ਾਦ ਹਸਤੀ ਦਾ ਝੰਡਾ ਬੁਲੰਦ ਕਰ ਦਿੱਤਾ ਸੀ। ਬ੍ਰਾਹਮਣ ਸਾਮਰਾਜ ਵੀ ਆਪਣੀ ਤਾਕਤ ਵਿਖਾ ਕੇ ਸਿੱਖ ਕੌਮ ਨੂੰ ਡਰਾਉਣ ਲਈ ਯਤਨਸ਼ੀਲ ਸੀ। ਇਸੇ ਹੀ ਲੜੀ ਵਿੱਚ ਜੂਨ 84 ਤੋਂ ਪਹਿਲਾਂ ਪੰਜਾਬ ਭਰ ਵਿੱਚ ਅਹਿਮ ਗੁਰਦੁਆਰਿਆਂ ਦੀ ਘੇਰਾਬੰਦੀ ਅਤੇ ਫ਼ਾਇਰਿੰਗ ਕੀਤੀ ਗਈ। ਮੋਗਾ ਦੇ ਗੁਰਦੁਆਰਾ ਬੀਬੀ ਕਾਹਨ ਕੌਰ ਵਿਖੇ ਵੀ ਅਜਿਹਾ ਹੀ ਹੋਇਆ, ਜਿੱਥੇ ਘੇਰਾਬੰਦੀ ਤੇ ਫ਼ਾਇਰਿੰਗ ਸਮੇਂ ਭਾਈ ਗੁਰਜੰਟ ਸਿੰਘ ਦੇ ਦਾਦੇ ਸ. ਕਿਹਰ ਸਿੰਘ ਦੇ ਭਰਾਤਾ ਸ. ਕਰਨੈਲ ਸਿੰਘ ਸ਼ਹੀਦ ਹੋ ਗਏ।

ਸ. ਕਰਨੈਲ ਸਿੰਘ ਨਾਲ਼ ਭਾਈ ਗੁਰਜੰਟ ਸਿੰਘ ਦਾ ਬਹੁਤ ਪਿਆਰ ਸੀ। ਇਸ ਕਾਂਡ ਨਾਲ਼ ਭਾਈ ਗੁਰਜੰਟ ਸਿੰਘ ਦੀਆਂ ਅੱਖਾਂ ਵਿੱਚ ਲਹੂ ਉੱਤਰ ਆਇਆ ਤੇ ਉਹਨਾਂ ਨੇ ਪਹਿਲੀ ਵਾਰ ਆਪਣੀ ਬਾਜ ਨਜ਼ਰ ਖ਼ਾਕੀ ਵਰਦੀਆਂ ਵਾਲ਼ੀਆਂ ਭਾਰਤੀ ਫ਼ੋਰਸਾਂ 'ਤੇ ਸੁੱਟੀ। ਫਿਰ ਉਹਨਾਂ ਨੇ ਮੋਗੇ ਦੇ ਗੁਰਦੁਆਰਿਆਂ ਵਿੱਚ ਆਉਣਾ-ਜਾਣਾ ਅਰੰਭ ਕਰ ਦਿੱਤਾ, ਜਿੱਥੇ ਉਹਨਾਂ ਦੀ ਕਈ ਫ਼ੈਡਰੇਸ਼ਨ ਵਰਕਰਾਂ ਨਾਲ਼ ਜਾਣ ਪਛਾਣ ਹੋ ਗਈ। ਹੁਣ ਭਾਈ ਗੁਰਜੰਟ ਸਿੰਘ ਦਾ ਜ਼ਿਆਦਾ ਸਮਾਂ

ਮੋਗੇ ਦੇ ਗੁਰਦੁਆਰਿਆਂ ਵਿੱਚ ਹੀ ਬਤੀਤ ਹੋਣ ਲੱਗਾ।

ਮਾਮੂਲੀ ਝਪਟਾਂ ਤੋਂ ਸਿੱਖ ਕੌਮ ਨੂੰ ਨਾ ਡਰਦੀ ਵੇਖ ਕੇ ਹਿੰਦੂ ਸਾਮਰਾਜ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਸਿੱਖ ਕੌਮ 'ਤੇ ਇੱਕ ਮਾਰੂ ਹਮਲਾ ਅਰੰਭ ਦਿੱਤਾ। ਜੂਨ 1984 ਵਿੱਚ ਸ੍ਰੀ ਦਰਬਾਰ ਸਾਹਿਬ ਅਤੇ ਪੰਜਾਬ ਦੇ 38 ਹੋਰ ਗੁਰਦੁਆਰਿਆਂ ਉੱਪਰ ਟੈਂਕਾਂ, ਤੋਪਾਂ, ਮਾਰਟਰ ਗੰਨਾਂ ਨਾਲ਼ ਲੈਸ ਫ਼ੌਜ ਨੇ ਹਮਲਾ ਕਰ ਦਿੱਤਾ। ਹਜ਼ਾਰਾਂ ਸਿੱਖ ਗੱਭਰੂ, ਬਿਰਧ, ਬੱਚੇ ਅਤੇ ਬੀਬੀਆਂ ਹਿੰਦੁਸਤਾਨੀ ਫ਼ੌਜ ਵੱਲੋਂ ਕੀਤੀ ਵਹਿਸ਼ੀਆਨਾ ਕਤਲੇਆਮ ਦਾ ਸ਼ਿਕਾਰ ਹੋ ਗਏ। ਸੈਂਕੜੇ ਹੀ ਸਿੱਖ ਗੱਭਰੂ ਬਹਾਦਰੀ ਨਾਲ਼ ਜੂਝਦੇ ਹੋਏ ਸ਼ਹੀਦ ਹੋ ਗਏ ਤੇ ਕਈ ਗ੍ਰਿਫ਼ਤਾਰ ਕੀਤੇ ਗਏ। ਭਾਈ ਗੁਰਜੰਟ ਸਿੰਘ ਮੋਗੇ ਦੇ ਗੁਰਦੁਆਰਾ ਸਿੰਘ ਸਭਾ ਵਿੱਚੋਂ ਖ਼ਾਲੀ ਹੱਥ ਹੋਣ ਕਾਰਨ ਭਾਰਤੀ ਫ਼ੌਜ ਦੇ ਹੱਥ ਆ ਗਏ।

ਹਿੰਦੁਸਤਾਨੀ ਮਿਲਟਰੀ ਨੇ ਹੋਰ ਕਈ ਸਿੱਖ ਗੱਭਰੂਆਂ ਦੇ ਨਾਲ਼ ਭਾਈ ਗੁਰਜੰਟ ਸਿੰਘ ਦੇ ਵੀ ਲੋਹੇ ਦੀਆਂ ਤਾਰਾਂ ਨਾਲ ਪਿੱਠ ਪਿੱਛੇ ਹੱਥ ਬੰਨ੍ਹ ਦਿੱਤੇ ਅਤੇ ਸਭ ਨੂੰ ਚੁੱਕ ਚੁੱਕ ਕੇ ਜੀਪਾਂ ਵਿੱਚ ਸੁੱਟ ਲਿਆ। ਇਹਨਾਂ ਸਾਰਿਆਂ 'ਤੇ ਅਥਾਹ ਤਸ਼ੱਦਦ ਕੀਤਾ ਗਿਆ। ਪਾਣੀ ਮੰਗੇ ਜਾਣ 'ਤੇ ਹਿੰਦੁਸਤਾਨੀ ਫ਼ੌਜੀ ਮਿੱਟੀ ਤੇ ਗਾਰਾ ਚੁੱਕ ਕੇ ਇਹਨਾਂ ਦੇ ਮੂੰਹ 'ਤੇ ਮਾਰਦੇ।

ਕਾਫ਼ੀ ਤਸ਼ੱਦਦ ਤੋਂ ਬਾਅਦ ਇਹਨਾਂ ਉੱਪਰ ਕਈ ਕੇਸ ਪਾ ਦਿੱਤੇ ਗਏ। ਜਦੋਂ ਇੱਕ ਵਾਰ ਇਹਨਾਂ ਨੂੰ ਜੀਪ ਵਿੱਚ ਬਿਠਾ ਕੇ ਮੋਗੇ ਦੀਆਂ ਕਚਹਿਰੀਆਂ ਵਿੱਚ ਲਿਜਾਇਆ ਜਾ ਰਿਹਾ ਸੀ ਤਾਂ ਭਾਈ ਗੁਰਜੰਟ ਸਿੰਘ ਨੇ ਆਪਣੇ ਪਿੰਡ ਦੇ ਸਬਜ਼ੀ ਵਿਕ੍ਰੇਤਾ ਨੂੰ ਵੇਖ ਕੇ ਹੱਥ ਹਿਲਾਇਆ। ਉਸ ਸਬਜ਼ੀ ਵਾਲ਼ੇ ਨੇ ਆਪ ਦੇ ਘਰ ਆ ਕੇ ਦੱਸਿਆ। ਇਸ ਸਮੇਂ ਤਕ ਆਪ ਦਾ ਪਰਿਵਾਰ ਤਾਂ ਇਹ ਮੰਨ ਰਿਹਾ ਸੀ ਕਿ ਹੋਰ ਸੰਗਤਾਂ ਸਮੇਤ ਗੁਰਜੰਟ ਸਿੰਘ ਵੀ ਸ਼ਹੀਦ ਹੋ ਗਿਆ ਹੋਵੇਗਾ। ਇਹ ਖ਼ਬਰ ਸੁਣ ਕੇ ਭਾਈ ਗੁਰਜੰਟ ਸਿੰਘ ਦੇ ਚਾਚਾ ਚੰਦ ਸਿੰਘ ਉਹਨਾਂ ਨੂੰ ਮੋਗੇ ਦੀ ਸਬ-ਜੇਲ੍ਹ ਵਿੱਚ ਮਿਲੇ ਤੇ ਫਿਰ ਪਰਿਵਾਰ ਨੇ ਮੁਲਾਕਾਤ ਕੀਤੀ। ਫਿਰ ਆਪ ਨੂੰ ਫ਼ਿਰੋਜ਼ਪੁਰ ਜੇਲ੍ਹ ਭੇਜ ਦਿੱਤਾ ਗਿਆ। ਇੱਕ ਸਾਲ ਦੇ ਕਰੀਬ ਫ਼ਿਰੋਜ਼ਪੁਰ ਜੇਲ੍ਹ ਵਿੱਚ ਰੱਖ ਕੇ ਆਪ ਨੂੰ ਫ਼ਰੀਦਕੋਟ ਜੇਲ੍ਹ ਭੇਜ ਦਿੱਤਾ ਗਿਆ।

ਪੌਣੇ ਦੋ ਸਾਲਾਂ ਪਿੱਛੋਂ ਜਦੋਂ ਭਾਈ ਗੁਰਜੰਟ ਸਿੰਘ ਜ਼ਮਾਨਤਾਂ ਕਰਵਾ ਕੇ ਜੇਲ੍ਹ ਵਿੱਚੋਂ ਬਾਹਰ ਆਏ ਤਾਂ ਪੰਜਾਬ ਵਿੱਚ ਬਰਨਾਲ਼ਾ ਸਰਕਾਰ ਕਾਇਮ ਹੋ ਚੁੱਕੀ ਸੀ। ਜੇਲ੍ਹ 'ਚੋਂ ਆਉਣ ਪਿੱਛੋਂ ਘਰ ਵਿੱਚ ਰਹਿ ਕੇ ਆਪ ਨੇ ਗੁਪਤ ਕਾਰਵਾਈਆਂ ਅਰੰਭ ਦਿੱਤੀਆਂ। ਪਿੰਡ ਰੋਡੇ ਇਹਨਾਂ ਸਾਰੇ ਨੌਜੁਆਨਾਂ ਦਾ ਹੈੱਡਕਵਾਰਟਰ ਸੀ ਤੇ ਗੁਰਦੀਪ ਸਿੰਘ ਮੋਗਾ, ਮਿੰਨੀ ਬਾਬਾ, ਮਨਜੀਤ ਸਿੰਘ, ਲਖਬੀਰ ਸਿੰਘ ਲੱਖਾ ਬੱਲੋਕਿਆਂ ਤੇ ਬਿੰਦਰ ਆਦਿ ਨੌਜੁਆਨ ਆਪ ਦੇ ਮੁੱਢਲੇ ਹਮਸਫ਼ਰ ਬਣੇ।

ਇਹਨਾਂ ਮੁੱਢਲੀਆਂ ਸਰਗਰਮੀਆਂ ਵਿੱਚ ਆਪ ਦੇ ਗਰੁੱਪ ਨੇ ਰਾਉਕੇ ਪਿੰਡ ਦੇ ਇੱਕ ਟਾਊਟ, ਜਿਸ ਨੇ ਘੇਰਾ ਪੁਆ ਕੇ ਦੋ ਸਿੰਘ ਸ਼ਹੀਦ ਕਰਵਾਏ ਸਨ, ਨੂੰ ਸੋਧਿਆ। ਇਸ ਵਾਰਦਾਤ ਵਿੱਚ ਆਪ ਦਾ ਵੱਡਾ ਭਰਾ ਕੁਲਵੰਤ ਸਿੰਘ ਵੀ ਸ਼ਾਮਲ ਸੀ, ਜਦਕਿ ਸਕੀਮ ਭਾਈ ਗੁਰਜੰਟ ਸਿੰਘ ਦੀ ਸੀ। ਇਸ ਪਿੱਛੋਂ ਆਪ ਦੀ ਟੋਲੀ ਦਾ ਇੱਕ ਜਾਣਕਾਰ ਸਿੰਘ ਜੱਸਾ ਸਿੰਘ ਸੰਤੂਵਾਲ਼ੀਆ ਪੁਲੀਸ ਦੇ ਹੱਥ ਆ ਗਿਆ। ਪੁੱਛਗਿੱਛ ਵਿੱਚ ਉਸ ਨੇ ਰਾਉਕੇ ਦੇ ਟਾਊਟ ਦੇ ਕਤਲ ਬਾਰੇ ਆਪਣੀ

ਜਾਣਕਾਰੀ ਮੁਤਾਬਕ ਇਹ ਦੱਸ ਦਿੱਤਾ ਕਿ ਬੁੱਧ ਸਿੰਘ ਵਾਲੇ ਦੇ ਗੁਰਜੰਟ ਨੂੰ ਸਾਰਾ ਪਤਾ ਹੈ ਤੇ ਕਤਲ ਵਿੱਚ ਉਸ ਦਾ ਇੱਕ ਵੱਡਾ ਭਰਾ ਵੀ ਸ਼ਾਮਲ ਹੈ, ਜਿਸ ਦਾ ਨਾਂ ਮੈਨੂੰ ਨਹੀਂ ਪਤਾ। ਪੁਲੀਸ ਨੇ ਆਪ ਦੇ ਪਿੰਡ ਵਿੱਚ ਛਾਪਾ ਮਾਰਿਆ ਤੇ ਕਈ ਹੋਰ ਨੌਜੁਆਨਾਂ ਸਮੇਤ ਗੁਰਜੰਟ ਸਿੰਘ ਅਤੇ ਉਹਨਾਂ ਦੇ ਵੱਡੇ ਭਰਾ ਜਗਰੂਪ ਸਿੰਘ ਨੂੰ ਜੈਤੋ ਥਾਣੇ ਲੈ ਗਏ। ਉੱਥੇ ਗੁਰਤੇਜ ਸਿੰਘ ਖੁਸ਼ਕੀ ਥਾਣੇਦਾਰ ਸੀ।

ਥਾਣੇ ਜਾਂਦਿਆਂ ਹੀ ਭਾਈ ਗੁਰਜੰਟ ਸਿੰਘ ਅਤੇ ਉਹਨਾਂ ਦੇ ਭਰਾ ਨੂੰ ਬਾਕੀ ਫੜੇ ਨੌਜੁਆਨਾਂ ਨਾਲੋਂ ਨਿਖੇੜ ਦਿੱਤਾ ਗਿਆ। ਭਾਈ ਗੁਰਜੰਟ ਸਿੰਘ ਦਾ ਤੇਜ਼ ਦਿਮਾਗ ਵਾਪਰੀ ਤੇ ਵਾਪਰਨ ਵਾਲੀ ਘਟਨਾ ਬਾਰੇ ਅੰਦਾਜ਼ਾ ਲਾਉਣੋਂ ਨਾ ਉੱਕਿਆ।

"ਆਪਾਂ ਨੂੰ ਅਲੱਗ ਕਰਨ ਦਾ ਕੋਈ ਖ਼ਾਸ ਈ ਕਾਰਨ ਆ...।" ਉਹਨਾਂ ਨੇ ਵੱਡੇ ਭਰਾ ਨੂੰ ਕਿਹਾ।

"ਹੁਣ ਕੀ ਕਰ ਸਕਦੇ ਹਾਂ...?" ਜਗਰੂਪ ਸਿੰਘ ਨੇ ਪੁੱਛਿਆ।

"ਭੱਜਣ ਨੂੰ ਮੈਂ ਹੁਣ ਭੱਜ ਸਕਦੈਂ....।" ਨੀਝ ਨਾਲ਼ ਗੇਟ 'ਤੇ ਖਲੋਤੇ ਸੰਤਰੀ ਵੱਲ ਵੇਖਦਿਆਂ ਭਾਈ ਗੁਰਜੰਟ ਸਿੰਘ ਨੇ ਕਿਹਾ। ".....ਪਰ ਮੈਂ ਭੱਜ ਗਿਆ ਤਾਂ ਪੁਲਸ ਨੇ ਤੇਰਾ ਬੜਾ ਬੁਰਾ ਹਾਲ ਕਰ ਦੇਣੈ...।"

'...........।'

"ਚਲੋ ਵੇਖੀ ਜਾਊ ਜੋ ਹੋਊ....।" ਸੋਚਾਂ ਵਿੱਚ ਪਏ ਭਰਾ ਵੱਲ ਵੇਖ ਕੇ ਭਾਈ ਗੁਰਜੰਟ ਸਿੰਘ ਨੇ ਬੇਪਰਵਾਹੀ ਵਿੱਚ ਕਿਹਾ।

ਫਿਰ ਭਾਈ ਗੁਰਜੰਟ ਸਿੰਘ ਨੂੰ ਇੰਟੈਰੋਗੇਸ਼ਨ ਰੂਮ ਵਿੱਚ ਲਿਜਾ ਕੇ ਰਾਉਕੇ ਦੇ ਟਾਊਟ ਦੇ ਕਤਲ ਬਾਰੇ ਪੁੱਛਗਿੱਛ ਅਰੰਭੀ ਗਈ।

"ਕਿਉਂ ਓਇ ਤੇਰਾ ਐਹੋ ਭਰਾ ਐ ਜਿਨ੍ਹੇਂ ਰਾਉਕੇ ਦਾ ਸਰਪੰਚ ਮਾਰਿਐ..."? ਥਾਣੇਦਾਰ ਨੇ ਰੋਹਬ ਨਾਲ ਆਪ ਤੋਂ ਬਾਹਰ ਗੱਡੀ ਵਿੱਚ ਬਿਠਾਏ ਜਗਰੂਪ ਬਾਰੇ ਪੁੱਛਿਆ।

ਸਿੱਧਾ 'ਠਾਹ' ਕਰਦਾ ਸਵਾਲ ਸੁਣ ਕੇ ਭਾਈ ਗੁਰਜੰਟ ਸਿੰਘ ਦਾ ਮੱਥਾ ਘੁੰਮਿਆ, ਪਰ ਉਹਨਾਂ ਨੇ ਆਪਣੇ ਚਿਹਰੇ ਤੋਂ ਕੁਝ ਪ੍ਰਗਟ ਨਾ ਹੋਣ ਦਿੱਤਾ।

"ਕਿਹੜਾ ਸਰਪੰਚ...?" ਉਹਨਾਂ ਨੇ ਅਨਜਾਣ ਬਣਦੇ ਹੋਏ ਪੁੱਛਿਆ।

ਹੁਣ ਭਾਈ ਗੁਰਜੰਟ ਸਿੰਘ ਨੂੰ ਟਾਰਚਰ ਕੀਤਾ ਜਾਣ ਲੱਗਾ, ਪਰ ਉਹਨਾਂ ਨੇ ਕੁਝ ਨਾ ਦੱਸਿਆ। ਹਾਰ ਕੇ ਪੁਲੀਸ ਨੇ ਸੰਤੂਵਾਲੀਏ ਜੱਸੇ ਨੂੰ ਆਪ ਦੇ ਸਾਮ੍ਹਣੇ ਲਿਆ ਖਲ੍ਹਾਰਿਆ। ਜਦੋਂ ਉਸ ਨੇ ਮੂੰਹ 'ਤੇ ਸਾਰਾ ਕੁਝ ਦੱਸਣਾ ਅਰੰਭ ਕਰ ਦਿੱਤਾ ਤਾਂ ਭਾਈ ਗੁਰਜੰਟ ਸਿੰਘ ਲਈ ਅੜਨਾ ਔਖਾ ਹੋ ਗਿਆ। ਉਹਨਾਂ ਨੇ ਦੱਸ ਦਿੱਤਾ ਕਿ ਕਤਲ ਵਿੱਚ ਜਗਰੂਪ ਸਿੰਘ ਨਹੀਂ, ਕੁਲਵੰਤ ਸਿੰਘ ਸ਼ਾਮਲ ਸੀ।

ਇਸ ਪਿੱਛੋਂ ਪੁਲੀਸ ਨੇ ਜਗਰੂਪ ਸਿੰਘ ਨੂੰ ਛੱਡ ਦਿੱਤਾ ਅਤੇ ਕੁਲਵੰਤ ਸਿੰਘ ਨੂੰ ਫੜਨ ਲਈ ਛਾਪੇਮਾਰੀ ਅਰੰਭ ਦਿੱਤੀ। ਭਾਈ ਗੁਰਜੰਟ ਸਿੰਘ ਦੇ ਚਾਚੇ ਸ. ਚੰਦ ਸਿੰਘ ਨੇ ਸੰਤ ਭਿੰਡਰਾਂਵਾਲਿਆਂ ਦੇ ਭਰਾਤਾ ਭਾਈ ਜਗਜੀਤ ਸਿੰਘ ਰੋਡੇ ਰਾਹੀਂ ਕੁਲਵੰਤ ਸਿੰਘ ਨੂੰ ਥਾਣੇ ਪੇਸ਼ ਕਰਵਾ ਦਿੱਤਾ। ਕੁਲਵੰਤ ਸਿੰਘ ਨੂੰ ਵੀ ਕਾਫ਼ੀ ਟਾਰਚਰ ਕਰ ਕੇ ਫਿਰ ਕੇਸ ਪਾ ਕੇ ਜੇਲ੍ਹ ਭੇਜ ਦਿੱਤਾ ਗਿਆ ਜਦ ਕਿ ਭਾਈ ਗੁਰਜੰਟ ਸਿੰਘ ਨੂੰ ਜਗਜੀਤ ਸਿੰਘ ਰੋਡੇ ਨੇ ਛੁਡਾ ਲਿਆ।

ਜਦੋਂ ਭਾਈ ਗੁਰਜੰਟ ਸਿੰਘ ਨੂੰ ਛੱਡਿਆ ਗਿਆ ਤਾਂ ਪੁਲੀਸ ਦੇ ਤਸ਼ੱਦਦ ਕਾਰਨ ਉਹਨਾਂ ਤੋਂ ਤੁਰਿਆ ਨਹੀਂ ਸੀ ਜਾ ਰਿਹਾ। ਪਰ ਥਾਣੇ ਵਿੱਚੋਂ ਬਾਹਰ ਆਉਂਦਿਆਂ ਹੀ ਆਪ ਨੂੰ ਪਤਾ ਲੱਗ ਗਿਆ ਕਿ ਉਹਨਾਂ ਦਾ ਇੱਕ ਨੇੜਲਾ ਸਾਥੀ ਦਰਸ਼ਨ ਸਿੰਘ ਰਿਵਾਲਵਰ ਸਮੇਤ ਪੁਲੀਸ ਦੇ ਕਾਬੂ ਆ ਗਿਆ ਹੈ।

"ਅੱਜ ਰਾਤ ਕੋਈ ਵੀ ਘਰ ਨਾ ਸੌਂਇਓ..।" ਪਿੰਡ ਦੇ ਬਾਹਰਵਾਰ ਮਿਲੇ ਵੱਡੇ ਭਰਾ ਜਗਰੂਪ ਸਿੰਘ ਨੂੰ ਭਾਈ ਗੁਰਜੰਟ ਸਿੰਘ ਨੇ ਹਦਾਇਤ ਕੀਤੀ। ਕਾਰਨ ਪੁੱਛਣ 'ਤੇ ਉਹਨਾਂ ਨੇ ਦੱਸਿਆ ਕਿ ਪੁਲੀਸ ਛੇਤੀ ਹੀ ਘਰ ਛਾਪਾ ਮਾਰਨ ਵਾਲ਼ੀ ਹੈ। ਉਹ ਖ਼ੁਦ ਵੀ ਰਾਤ ਆਪਣੇ ਘਰ ਨਾ ਸੁੱਤੇ।

ਭਾਈ ਗੁਰਜੰਟ ਸਿੰਘ ਦਾ ਖ਼ਦਸ਼ਾ ਸਹੀ ਸਾਬਤ ਹੋਇਆ ਤੇ ਫੜੇ ਸਾਥੀ ਨੇ ਪੁੱਛਗਿੱਛ ਵਿੱਚ ਭਾਈ ਗੁਰਜੰਟ ਸਿੰਘ ਦਾ ਨਾਂ ਲੈ ਦਿੱਤਾ। ਪੁਲੀਸ ਪਾਰਟੀ ਨੇ ਅਗਲੇ ਤੜਕੇ ਹੀ ਆਪ ਦੇ ਘਰ ਛਾਪਾ ਮਾਰਿਆ ਤੇ ਆਪ ਦੇ ਪਿਤਾ ਨਛੱਤਰ ਸਿੰਘ ਨੂੰ ਫੜ ਕੇ ਸਿਟੀ ਥਾਣੇ ਮੋਗੇ ਵਿਖੇ ਲਿਜਾਇਆ ਗਿਆ। ਆਪ ਦੇ ਪਿਤਾ ਜੀ ਉੱਪਰ ਵੀ ਕਾਫ਼ੀ ਤਸ਼ੱਦਦ ਕੀਤਾ ਗਿਆ। ਪੰਦਰਾਂ ਦਿਨਾਂ ਬਾਅਦ ਪਿੰਡ ਦੇ ਮੋਹਤਬਰਾਂ ਨੇ ਆਪ ਦੇ ਪਿਤਾ ਨੂੰ ਤਾਂ ਛੁਡਾ ਲਿਆ, ਪਰ ਓਦੋਂ ਤਕ ਭਾਈ ਗੁਰਜੰਟ ਸਿੰਘ ਆਪਣੇ ਪਰਿਵਾਰ ਨੂੰ ਅਲਵਿਦਾ ਕਹਿ ਕੇ ਘਰ ਦੀ ਚਾਰਦੀਵਾਰੀ ਉਲ਼ੰਘ ਖ਼ਾਲਸਾਈ ਜੁਝਾਰੂ ਕਾਫ਼ਲੇ ਵਿੱਚ ਰਲ਼ ਚੁੱਕੇ ਸਨ।

ਭਾਈ ਗੁਰਜੰਟ ਸਿੰਘ ਘਰੋਂ ਇਹ ਕਹਿ ਕੇ ਤੁਰੇ ਸਨ ਕਿ 'ਮੈਂ ਤੁਹਾਡੇ ਲਈ ਮਰ ਗਿਆ ਹਾਂ।' ਉਹ ਪਹਿਲਾਂ ਭਾਈ ਚਮਕੌਰ ਸਿੰਘ ਰੋਡੇ ਨਾਲ ਰਹਿ ਕੇ ਸੇਵਾ ਕਰਦੇ ਰਹੇ ਤੇ ਫਿਰ ਭਾਈ ਅਵਤਾਰ ਸਿੰਘ ਬ੍ਰਹਮਾ ਗਰੁੱਪ ਵਿੱਚ ਸ਼ਾਮਲ ਹੋ ਗਏ। ਭਾਈ ਗੁਰਜੰਟ ਸਿੰਘ ਦਾ ਗਰੁੱਪ ਥਾਣੇਦਾਰ ਗੁਰਤੇਜ ਸਿੰਘ ਖੁਸ਼ਕੀ, ਮਿੱਤ ਸਿੰਘ ਅਤੇ ਸਿੰਘਾਂ ਦਾ ਪੁਲੀਸ ਰਿਮਾਂਡ ਦੇਣ ਵਾਲ਼ੇ ਇੱਕ ਜੱਜ ਦੇ ਕਤਲ ਤੋਂ ਬਾਅਦ ਪ੍ਰਸਿੱਧ ਹੋਣ ਲੱਗਾ। ਇੱਕ ਦਿਨ ਪੁਲੀਸ ਮੁਖੀ ਰਿਬੈਰੋ ਨੇ ਮੰਨਿਆ ਕਿ ਮਾਲਵਾ ਖੇਤਰ ਵਿੱਚ ਗੁਰਜੰਟ ਸਿੰਘ ਬੁੱਧ ਸਿੰਘ ਵਾਲ਼ੇ ਦਾ ਗਰੁੱਪ ਸਭ ਤੋਂ ਵੱਧ ਖ਼ਤਰਨਾਕ ਹੈ।

ਭਾਈ ਗੁਰਜੰਟ ਸਿੰਘ ਦੇ ਚਾਚੇ ਸ. ਮੇਜਰ ਸਿੰਘ ਦਾ ਲੜਕਾ ਜੱਗਾ ਸਿੰਘ ਵੀ ਆਪ ਦੇ ਨਾਲ਼ ਹੀ ਸੰਘਰਸ਼ ਵਿੱਚ ਸ਼ਾਮਲ ਹੋ ਗਿਆ, ਪਰ ਪੁਲੀਸ ਨੇ ਬਾਕੀ ਪਰਿਵਾਰ 'ਤੇ ਕਹਿਰ ਢਾਹੁਣਾ ਅਰੰਭ ਕਰ ਦਿੱਤਾ। ਜਬਰ ਤੋਂ ਤੰਗ ਪਰਿਵਾਰਕ ਮੈਂਬਰ ਘਰ ਛੱਡ ਕੇ ਆਸੇ ਪਾਸੇ ਰਹਿਣ ਲੱਗੇ। ਪੁਲੀਸ ਘਰ ਦਾ ਸਾਰਾ ਸਮਾਨ ਲੁੱਟ ਕੇ ਲੈ ਗਈ। ਜਦੋਂ ਕੋਈ ਸਮਾਨ ਨਾ ਰਿਹਾ ਤਾਂ ਪੁਲੀਸ ਘਰ ਦੇ ਦਰਵਾਜ਼ੇ ਹੀ ਲਾਹ ਕੇ ਲੈ ਗਈ। ਅਖੀਰ 'ਤੇ ਘਰ ਦੇ ਵਿਹੜੇ ਵਿੱਚ ਲੱਗਾ

ਨਲਕਾ ਵੀ ਪੁਲੀਸ ਨੇ ਪੁੱਟ ਕੇ ਥਾਣੇ ਵਿੱਚ ਜਾ ਲਾਇਆ। ਉਹ ਦਰਵਾਜ਼ੇ ਤੇ ਨਲਕਾ ਅੱਜ ਵੀ ਵੱਖ-ਵੱਖ ਥਾਣਿਆਂ ਵਿੱਚ ਲੱਗੇ ਹੋਏ ਹਨ। ਜਦੋਂ ਇਸ ਨਾਲ ਸਬਰ ਨਾ ਆਇਆ ਤਾਂ ਪੁਲੀਸ ਨੇ ਭਾਈ ਗੁਰਜੰਟ ਸਿੰਘ ਦੇ ਪਰਿਵਾਰ ਦੀ ਹਰ ਮਸਲੇ 'ਤੇ ਪੈਰਵੀ ਕਰਨ ਵਾਲੇ ਆਪ ਦੇ ਚਾਚੇ ਸ. ਚੰਦ ਸਿੰਘ ਨੂੰ ਚੁੱਕ ਕੇ ਲਾਪਤਾ ਕਰ ਦਿੱਤਾ, ਜਿਨ੍ਹਾਂ ਦੀ ਅੱਜ ਤਕ ਕੋਈ ਉੱਘ ਸੁੱਘ ਨਹੀਂ ਨਿਕਲੀ।

ਭਾਈ ਅਵਤਾਰ ਸਿੰਘ ਬ੍ਰਹਮਾ ਦੀ ਸ਼ਹਾਦਤ ਤੋਂ ਬਾਅਦ ਭਾਈ ਗੁਰਜੰਟ ਸਿੰਘ ਨੂੰ ਖ਼ਾਲਿਸਤਾਨ ਲਿਬਰੇਸ਼ਨ ਫ਼ੋਰਸ ਦਾ ਚੀਫ਼ ਜਨਰਲ ਚੁਣਿਆ ਗਿਆ। ਆਪ ਦੀ ਅਗਵਾਈ ਵਿੱਚ ਲਿਬਰੇਸ਼ਨ ਫ਼ੋਰਸ ਨੇ ਪੂਰੀ ਹਿੰਦੁਸਤਾਨੀ ਹਕੂਮਤ ਦੇ ਨੱਕ ਵਿੱਚ ਦਮ ਕਰ ਦਿੱਤਾ। ਭਾਈ ਗੁਰਜੰਟ ਸਿੰਘ ਦੀ ਜਰਨੈਲੀ ਹੇਠ ਲਿਬਰੇਸ਼ਨ ਫ਼ੋਰਸ ਦੇ ਕੀਤੇ ਗਏ ਅਹਿਮ ਕਾਰਨਾਮਿਆਂ ਵਿੱਚੋਂ ਸਿੱਖ ਜੁਝਾਰੂ ਲਹਿਰ ਨੂੰ ਅੰਤਰਰਾਸ਼ਟਰੀ ਮੰਚ 'ਤੇ ਉਭਾਰਨ ਵਾਲਾ 'ਰਾਡ੍ਰੂ ਅਗਵਾ ਕਾਂਡ' ਵੀ ਇੱਕ ਸੀ। ਪੰਜਾਬ ਦੀ ਫ਼ਿਜ਼ਾ ਵਿੱਚ:

ਹੁਣ ਤਾਂ ਯਾਰੋ ਗੌਰਮਿੰਟ ਦੇ, ਬੁਰਜ ਕਿਲ੍ਹੇ ਦੇ ਢਹਿ ਗਏ
ਦਿੱਲੀ 'ਚੋਂ ਅਗਵਾ ਕਰ ਕੇ, ਸਿੰਘ ਰਾਜਦੂਤ ਨੂੰ ਲੈ ਗਏ..।

ਦੇ ਤਰਾਨਿਆਂ ਦੀ ਗੁੰਜਾਰ ਨੇ ਲਹਿਰ ਦੀ ਚੜ੍ਹਦੀ ਕਲਾ ਨੂੰ ਤਾਜ਼ਗੀ ਬਖ਼ਸ਼ੀ। ਮਾਲਵਾ ਖੇਤਰ ਦੇ ਵਿੱਚ ਹੋਏ ਅਹਿਮ ਕਾਰਨਾਮਿਆਂ ਲਈ ਭਾਈ ਗੁਰਜੰਟ ਸਿੰਘ ਨੂੰ ਹੀ ਮੁੱਖ ਜ਼ਿੰਮੇਵਾਰ ਸਮਝਿਆ ਜਾਂਦਾ ਸੀ।

ਕੌਮੀ ਲੜਾਈ ਬਨਾਮ ਘਰ ਦੇ ਝਗੜੇ

ਭਾਈ ਗੁਰਜੰਟ ਸਿੰਘ ਦੇ ਬੇਪਰਵਾਹੀ ਵਾਲੇ ਸੁਭਾਅ ਦੀਆਂ ਕਈ ਗੱਲਾਂ ਪ੍ਰਸਿੱਧ ਹਨ। ਇੱਕ ਵਾਰ ਉਹ ਪਿੰਡ ਵਿੱਚ ਆਪਣੇ ਪਰਿਵਾਰ ਕੋਲ ਆਏ। ਜਦੋਂ ਸਵੇਰ ਹੋਈ ਤਾਂ ਆਪ ਦੀ ਦਾਦੀ ਕਹਿਣ ਲੱਗੀ:

"ਗੁਰਜੰਟ ਹੁਣ ਜਾਹ, ਸਵੇਰੇ ਸਵੇਰੇ ਤਾਂ ਪੁਲਸ ਆ ਜਾਂਦੀ ਹੁੰਦੀ ਆ...।"

"ਜਦੋਂ ਪੁਲਸ ਆਉਂਦੀ ਤਾਂ ਫਿਰ ਆਹ (ਭਰਾ) ਕੀ ਕਰਦੇ ਆ..?" ਭਾਈ ਗੁਰਜੰਟ ਸਿੰਘ ਨੇ ਸਵਾਲ ਕੀਤਾ।

"ਇਹ ਤਾਂ ਭੱਜ ਜਾਂਦੇ ਆ....।" ਜਵਾਬ ਮਿਲਿਆ।

"ਫਿਰ ਮੇਰੇ ਤੋਂ ਨਾ ਭੱਜਿਆ ਜਾਊ ?" ਇਹ ਕਹਿ ਕੇ ਉਹ ਹੱਸ ਪਏ।

ਭਾਈ ਗੁਰਜੰਟ ਸਿੰਘ ਦੇ ਪਰਿਵਾਰ ਦਾ ਸ਼ਰੀਕਾਂ ਨਾਲ ਪੁਰਾਣਾ ਜ਼ਮੀਨ ਦਾ ਝਗੜਾ ਚੱਲਦਾ ਸੀ। ਜਦੋਂ ਭਾਈ ਗੁਰਜੰਟ ਸਿੰਘ ਬੁੱਧ ਸਿੰਘ ਵਾਲੇ ਦਾ ਨਾਂ ਬੁਲੰਦੀਆਂ 'ਤੇ ਪਹੁੰਚਿਆ ਤਾਂ ਪਰਿਵਾਰ ਵਿੱਚੋਂ ਕਿਸੇ ਨੇ ਸੋਚਿਆ ਕਿ ਹੁਣ ਜੇ ਗੁਰਜੰਟ ਸਿੰਘ ਚਾਹੇ ਤਾਂ ਉਹਨਾਂ ਦੀ ਜ਼ਮੀਨ ਬਿਨਾਂ ਕਿਸੇ ਲੰਮੇ ਮੁਕਦਮੇ ਦੇ ਸੌਖ ਨਾਲ ਉਹਨਾਂ ਨੂੰ ਮਿਲ ਸਕਦੀ ਹੈ। ਭਾਈ ਗੁਰਜੰਟ ਸਿੰਘ ਨੂੰ ਇੱਕ ਦਿਨ ਖ਼ੁਸ਼ ਵੇਖ ਕੇ ਉਹਨਾਂ ਦੀ ਦਾਦੀ ਨੇ ਇਹ ਸਵਾਲ ਪਾ ਦਿੱਤਾ। ਇਹ ਗੱਲ ਸੁਣ ਕੇ

ਸੂਰਮਾ ਡੂੰਘੀਆਂ ਸੋਚਾਂ ਵਿੱਚ ਉੱਤਰ ਗਿਆ।

"ਪਰਿਵਾਰਾਂ ਦੀ ਇਸ ਤਰ੍ਹਾਂ ਦੀ ਮਾਨਸਿਕਤਾ ਨੇ ਲਹਿਰ ਦੀ ਆੜ ਵਿੱਚ ਪਤਾ ਨਹੀਂ ਕਿੰਨੇ ਨਿੱਜੀ ਰੰਜਿਸ਼ ਵਾਲੇ ਕਤਲ ਕਰਵਾਏ ਹੋਣੇ ਆ...? ਇਸ ਵਰਤਾਰੇ ਨੂੰ ਕਿਵੇਂ ਰੋਕਿਆ ਜਾਵੇ?" ਭਾਈ ਗੁਰਜੰਟ ਸਿੰਘ ਦੀ ਸੋਚ ਦੀ ਡੂੰਘਾਈ ਅਥਾਹ ਸੀ।

ਭਾਈ ਗੁਰਜੰਟ ਸਿੰਘ ਨੂੰ ਸੋਚਾਂ ਵਿੱਚ ਡੁੱਬੇ ਪਏ ਵੇਖ ਕੇ ਦਾਦੀ ਨੇ ਹੋਰ ਪੈਂਤੜਾ ਵਰਤਿਆ। ਕਹਿਣ ਲੱਗੀ: ".....ਨਾਲੇ ਗੁਰਜੰਟ ਸਿਹਾਂ, ਉਸ ਜ਼ਮੀਨ 'ਚ ਤੇਰਾ ਵੀ 'ਹਿੱਸਾ' ਬਣਦੈ....।"

ਭਾਈ ਗੁਰਜੰਟ ਸਿੰਘ 'ਆਹ' ਭਰ ਕੇ ਕਾਹਲੀ ਨਾਲ ਉੱਠ ਖਲੋਤੇ। ਉਹਨਾਂ ਦੇ ਸ਼ਬਦ ਸਨ– "ਹਿੱਸਾ ਤਾਂ ਮਾਤਾ...ਮੇਰਾ ਬੁੱਧ ਸਿੰਘ ਵਾਲਾ ਪਿੰਡ ਦੇ ਸਿਵਿਆਂ 'ਚ ਵੀ ਨ੍ਹੀਂ, ਤੂੰ ਕਿਹੜੇ ਹਿੱਸੇ ਦੀ ਗੱਲ ਕਰਦੀ ਆਂ....?" ਆਪ ਨੇ ਪੱਲਾ ਝਾੜਿਆ। "ਆਪਣੇ ਪਰਿਵਾਰ ਦੇ ਝਗੜੇ ਤੁਸੀਂ ਆਪ ਨਿਬੇੜੋ....ਮੈਨੂੰ ਅੱਜ ਤੋਂ ਬਾਅਦ ਇਸ ਬਾਰੇ ਕੁਝ ਨਾ ਕਿਹੋ....।" ਇਹ ਕਹਿ ਕੇ ਆਪ ਤੁਰ ਪਏ। ਪਰਿਵਾਰ ਵਿੱਚ ਉਹਨਾਂ ਨੂੰ ਰੋਕਣ ਦੀ ਵੀ ਹਿੰਮਤ ਨਹੀਂ ਸੀ ਰਹੀ।

ਸ਼ਹੀਦੀ

ਸਿੱਖ ਕੌਮ ਵਿੱਚ ਜਿੱਥੇ ਯੋਧਿਆਂ ਦੀ ਘਾਟ ਨਹੀਂ, ਉੱਥੇ ਗ਼ੱਦਾਰ ਵੀ ਬਹੁਤ ਜੰਮਦੇ ਹਨ। ਪੰਜਾਬ ਵਿੱਚ 'ਬੇਅੰਤੇ' ਦੀ ਸਰਕਾਰ ਬਣਨ ਪਿੱਛੋਂ ਜਦੋਂ ਸਿੱਖ ਲਹਿਰ ਨੂੰ ਦਬਾਉਣ ਲਈ ਹਿੰਦੁਸਤਾਨ ਦੀ ਸਰਕਾਰੀ ਮਸ਼ੀਨਰੀ ਦੇ ਸਾਰੇ ਸਾਧਨ ਝੋਕ ਦਿੱਤੇ ਗਏ ਅਤੇ ਜ਼ੁਲਮ ਜਬਰ ਵਿੱਚ ਜ਼ਕਰੀਏ ਤੇ ਹਿਟਲਰ ਨੂੰ ਵੀ ਮਾਤ ਪਾ ਦਿੱਤਾ ਗਿਆ ਤਾਂ ਭਾਈ ਗੁਰਜੰਟ ਸਿੰਘ ਦੀ ਜਥੇਬੰਦੀ ਵਿੱਚੋਂ ਵੀ ਪੁਲੀਸ ਨੇ ਕੋਈ 'ਸੂਤਰ' ਪੈਦਾ ਕਰ ਲਿਆ।

ਮਿਤੀ 29 ਜੁਲਾਈ 1992 ਨੂੰ ਕੇ.ਪੀ.ਐਸ. ਗਿੱਲ ਦੇ ਹਵਾਲੇ ਨਾਲ ਰੇਡੀਓ ਤੋਂ ਖਬਰ ਜਾਰੀ ਕੀਤੀ ਗਈ ਕਿ ਚੋਟੀ ਦਾ ਖਾੜਕੂ ਭਾਈ ਗੁਰਜੰਟ ਸਿੰਘ ਬੁੱਧ ਸਿੰਘ ਵਾਲਾ ਲੁਧਿਆਣਾ ਵਿੱਚ ਪੁਲੀਸ ਨਾਲ ਹੋਏ ਇੱਕ ਮੁਕਾਬਲੇ ਵਿੱਚ ਹਲਾਕ ਹੋ ਗਿਆ ਹੈ। ਪੁਲੀਸ ਨੇ ਆਪਣੀ ਪੁਰਾਣੀ ਘੜੀ-ਘੜਾਈ ਕਹਾਣੀ ਹੀ ਬਿਆਨ ਕੀਤੀ ਕਿ ਲੁਧਿਆਣਾ ਪੁਲੀਸ ਨੂੰ ਰਾਤ ਪੱਕੀ ਸੂਚਨਾ ਮਿਲੀ ਸੀ ਕਿ ਗੁਰਜੰਟ ਸਿੰਘ ਬੁੱਧ ਸਿੰਘ ਵਾਲਾ ਆਪਣੇ ਕੁਝ ਸਾਥੀਆਂ ਸਮੇਤ ਲੁਧਿਆਣਾ ਮਾਡਲ ਟਾਊਨ ਐਕਸਟੈਨਸ਼ਨ ਦੇ ਏ ਬਲਾਕ ਵਿੱਚ ਆ ਰਿਹਾ ਹੈ। ਪੁਲੀਸ ਨੇ ਰਾਤ ਕਰੀਬ ਦਸ ਵਜੇ ਇਸ ਬਲਾਕ ਦੀ ਕੋਠੀ ਨੰਬਰ 95 'ਤੇ ਛਾਪਾ ਮਾਰਿਆ ਤੇ ਇਸ ਦੀ ਪੂਰੀ ਤਰ੍ਹਾਂ ਘੇਰਾਬੰਦੀ ਕਰ ਲਈ। ਗਿੱਲ ਅਨੁਸਾਰ ਜਦੋਂ ਅੰਦਰਲੇ ਜੁਝਾਰੂਆਂ ਨੂੰ ਬਾਹਰ ਆਉਣ ਲਈ ਕਿਹਾ ਤਾਂ ਉਹਨਾਂ ਨੇ ਅੱਗੋਂ ਗੋਲੀ ਚਲਾ ਦਿੱਤੀ ਅਤੇ ਹਨੇਰੇ ਦੀ ਆੜ ਵਿੱਚ ਭੱਜਣ ਦਾ ਯਤਨ ਕੀਤਾ। ਪੁਲੀਸ ਨੇ ਵੀ ਜਵਾਬੀ ਗੋਲੀ ਚਲਾਈ। ਕੁਝ ਚਿਰ ਪਿੱਛੋਂ ਜਦੋਂ ਪੁਲੀਸ ਕੋਠੀ ਦੇ ਅੰਦਰ ਦਾਖਲ ਹੋਈ ਤਾਂ ਉੱਥੋਂ ਇੱਕ ਨੌਜੁਆਨ ਦੀ ਲਾਸ਼ ਮਿਲੀ, ਜਿਸ ਦੀ ਸ਼ਨਾਖਤ ਪਿੱਛੋਂ ਗੁਰਜੰਟ ਸਿੰਘ ਬੁੱਧ ਸਿੰਘ ਵਾਲਾ ਵਜੋਂ ਹੋਈ।

ਪੁਲੀਸ ਦੀ ਇਹ ਕਹਾਣੀ ਹਰ ਇੱਕ ਮੁਕਾਬਲੇ ਦੀ ਕਹਾਣੀ ਵਾਂਗ ਹੀ ਸ਼ੱਕੀ ਸੀ। ਸੂਚਨਾ ਦੇਣ ਵਾਲਾ ਕੌਣ ਸੀ? ਭਾਈ ਗੁਰਜੰਟ ਸਿੰਘ ਦੇ ਬਾਕੀ ਸਾਥੀ ਕਿਵੇਂ ਨਿਕਲ ਗਏ? ਸਿਰਫ਼

ਭਾਈ ਗੁਰਜੰਟ ਸਿੰਘ ਨੂੰ ਹੀ ਗੋਲ਼ੀ ਕਿਉਂ ਲੱਗੀ? ਆਦਿ ਕਈ ਸਵਾਲ ਸਨ ਜਿਨ੍ਹਾਂ ਦਾ ਜਵਾਬ ਹਾਸਲ ਕਰਨ ਲਈ ਹੋਰ ਵਧੇਰੇ ਮਿਹਨਤ ਦੀ ਲੋੜ ਹੈ। ਉਕਤ ਕੋਠੀ ਕੌਰ ਸਿੰਘ ਨਾਂ ਦੇ ਫ਼ੌਜ ਦੇ ਸਾਬਕਾ ਹੌਲਦਾਰ ਦੀ ਸੀ, ਜੋ ਕਿ ਇਸ ਘਟਨਾ ਵੇਲ਼ੇ ਘਰ ਨਹੀਂ ਸੀ ਤੇ ਪੁਲੀਸ ਨੇ ਉਸ ਦੀ ਪਤਨੀ ਅਤੇ ਤਿੰਨ ਧੀਆਂ ਕਮਲਜੀਤ ਕੌਰ (ਓਦੋਂ) ਵੀਹ ਸਾਲ, ਰਜਿੰਦਰ ਕੌਰ ਸਤਾਰਾਂ ਸਾਲ ਅਤੇ ਹਰਿੰਦਰ ਕੌਰ ਚੌਦਾਂ ਸਾਲ ਨੂੰ ਹਿਰਾਸਤ ਵਿੱਚ ਲੈ ਕੇ ਕੋਠੀ ਨੂੰ ਸੀਲ ਕਰ ਦਿੱਤਾ।

ਇਹ ਖ਼ਬਰ ਸੁਣ ਕੇ ਸ਼ਹਿਰ ਦੇ ਅਕਾਲੀ ਲੀਡਰਾਂ ਨੇ ਸ਼ਹੀਦ ਜਰਨੈਲ ਦੀ ਮਿਰਤਕ ਦੇਹ ਹਾਸਲ ਕਰਨ ਦੇ ਯਤਨ ਕੀਤੇ, ਪਰ ਪੁਲੀਸ ਨੇ ਉਹਨਾਂ ਨੂੰ ਕੁਝ ਦੇਰ ਉਡੀਕ ਕਰਨ ਲਈ ਕਹਿ ਕੇ ਬਿਠਾ ਲਿਆ ਤੇ ਕਾਹਲ਼ੀ ਨਾਲ਼ ਸ਼ਹੀਦ ਦੀ ਦੇਹ ਦਾ ਪੋਸਟ ਮਾਰਟਮ ਕਰਵਾ ਕੇ ਲੁਧਿਆਣਾ ਦੇ ਗਊ ਘਾਟ ਸ਼ਮਸ਼ਾਨ-ਘਾਟ ਵਿੱਚ ਲਾਸ਼ ਦਾ ਅੰਤਮ ਸਸਕਾਰ ਕਰ ਦਿੱਤਾ। ਉਸ ਤੋਂ ਬਾਅਦ ਇਸ ਦੀ ਜਾਣਕਾਰੀ ਅਕਾਲੀ ਲੀਡਰਾਂ ਨੂੰ ਦਿੱਤੀ ਗਈ। ਪੱਤਰਕਾਰਾਂ ਨੂੰ ਇਹ ਵੀ ਪਤਾ ਲੱਗਾ ਕਿ ਪੋਸਟ ਮਾਰਟਮ ਤਿੰਨ ਲਾਸ਼ਾਂ ਦਾ ਕੀਤਾ ਗਿਆ, ਪਰ ਸ਼ਮਸ਼ਾਨ-ਘਾਟ ਵਿੱਚ ਇੱਕੋ ਹੀ ਲਾਸ਼ ਦਾ ਸਸਕਾਰ ਕੀਤਾ ਗਿਆ ਤੇ ਕੇਵਲ ਭਾਈ ਗੁਰਜੰਟ ਸਿੰਘ ਦੀ ਸ਼ਹੀਦੀ ਬਾਰੇ ਹੀ ਦੱਸਿਆ ਗਿਆ। ਹੋ ਸਕਦਾ ਹੈ ਕਿ ਪੁਲੀਸ ਨੇ ਭਾਈ ਗੁਰਜੰਟ ਸਿੰਘ ਤਕ ਪੁੱਜਣ ਵਾਲ਼ੇ ਸੂਤਰ ਵੀ ਨਾਲ਼ ਹੀ ਮਾਰ ਦਿੱਤੇ ਹੋਣ ਤਾਂ ਕਿ ਸ਼ਹੀਦ ਉੱਪਰ ਰੱਖੇ ਗਏ ਇੱਕ ਕਰੋੜ ਦੇ ਇਨਾਮ ਵਿੱਚ ਜ਼ਿਆਦਾ ਵੰਡੀਆਂ ਨਾ ਪੈ ਜਾਣ।

ਸੱਚ ਤਾਂ ਹੌਲ਼ੀ ਹੌਲ਼ੀ ਸਾਮ੍ਹਣੇ ਆਵੇਗਾ, ਪਰ ਭਾਈ ਗੁਰਜੰਟ ਸਿੰਘ ਜਦੋਂ ਤਕ ਜਿਉਂਦੇ ਰਹੇ, ਲਾਲ ਕਿਲ੍ਹੇ ਦੀਆਂ ਕੰਧਾਂ ਕੰਬਦੀਆਂ ਰਹੀਆਂ। ਮਰਨਾ ਤਾਂ ਹਰ ਜੁਝਾਰੂ ਪਹਿਲਾਂ ਹੀ ਮਿਥ ਕੇ ਤੁਰਦਾ ਹੈ, ਪਰ ਮਰਨ ਤੋਂ ਪਹਿਲਾਂ ਮਾਰੀਆਂ ਮੱਲਾਂ ਅਤੇ ਗੁਜ਼ਾਰਿਆ ਜੀਵਨ ਹੀ ਇਤਿਹਾਸ ਦਾ ਹਿੱਸਾ ਬਣਦਾ ਹੈ। ਭਾਈ ਗੁਰਜੰਟ ਸਿੰਘ ਬੁੱਧ ਸਿੰਘ ਵਾਲਾ ਦਾ ਰੂਪੋਸ਼ ਜੀਵਨ ਏਨਾ ਸੂਝ-ਬੂਝ ਤੇ ਚੇਤੰਨਤਾ ਭਰਿਆ ਸੀ ਕਿ ਹਿੰਦੁਸਤਾਨੀ ਮਸ਼ੀਨਰੀ ਨੂੰ ਭਾਈ ਸਾਹਿਬ ਦੀ ਸ਼ਖ਼ਸੀਅਤ ਉੱਪਰ ਅੰਤ ਤਕ ਚਿੱਕੜ ਉਛਾਲਣ ਦਾ ਵੀ ਇੱਕ ਮੌਕਾ ਤਕ ਨਹੀਂ ਮਿਲ਼ ਸਕਿਆ।

ਭਾਈ ਗੁਰਜੰਟ ਸਿੰਘ ਬੁੱਧ ਸਿੰਘ ਵਾਲ਼ਾ ਦੇ ਚਾਚੇ ਦਾ ਲੜਕਾ ਜੱਗਾ ਸਿੰਘ ਵੀ ਰਣਤੱਤੇ ਵਿੱਚ ਜੂਝਦਾ ਛੱਜਾਵਾਲ਼ੀ ਪਿੰਡ ਵਿੱਚ ਸ਼ਹੀਦ ਹੋਇਆ, ਵੱਡਾ ਭਰਾ ਸ. ਕੁਲਵੰਤ ਸਿੰਘ ਜੇਲ੍ਹ ਵਿੱਚ ਮਾਨਸਿਕ ਤਸੀਹੇ ਸਹਿੰਦਾ ਚੜ੍ਹਾਈ ਕਰ ਗਿਆ। ਪੁਲੀਸ ਨੇ ਭਾਈ ਗੁਰਜੰਟ ਸਿੰਘ ਦੀ ਸ਼ਹੀਦੀ ਤੋਂ ਬਾਅਦ ਵੀ ਆਪ ਦੇ ਪਰਿਵਾਰ ’ਤੇ ਕਹਿਰ ਢਾਹੁਣਾ ਜਾਰੀ ਰੱਖਿਆ। ਆਪ ਦੀ ਸ਼ਹੀਦੀ ਤੋਂ ਲਗਭਗ ਇੱਕ ਸਾਲ ਬਾਅਦ ਆਪ ਜੀ ਦੇ ਛੋਟੇ ਭਰਾ ਜਸਵੰਤ ਸਿੰਘ, ਜਿਸ ਦੀ ਇੱਕ ਢਾਈ ਸਾਲ ਦੀ ਤੇ ਇੱਕ ਦੋ ਮਹੀਨੇ ਦੀ; ਦੋ ਬੱਚੀਆਂ ਸਨ, ਨੂੰ ਪੁਲੀਸ ਚੁੱਕ ਕੇ ਲੈ ਗਈ ਤੇ ਉਸ ਪਿੱਛੋਂ ਉਸ ਦੀ ਕੋਈ ਉੱਘ ਸੁੱਘ ਨਹੀਂ ਨਿਕਲ਼ੀ। ਪਰ ਇਤਿਹਾਸ ਗਵਾਹ ਹੈ ਕਿ ਕਿਸੇ ਵੀ ਜਾਬਰ ਦਾ ਅਜਿਹਾ ਜਬਰ ਅੱਜ ਤਕ ਸ਼ਹੀਦਾਂ ਦੇ ਪਵਿੱਤਰ ਜੀਵਨ ਦੀ ਖ਼ੁਸ਼ਬੋਈ ਨੂੰ ਫੈਲਣ ਤੋਂ ਨਹੀਂ ਰੋਕ ਸਕਿਆ। ਭਾਈ ਗੁਰਜੰਟ ਸਿੰਘ ਬੁੱਧ ਸਿੰਘ ਵਾਲ਼ਾ ਵਰਗੇ ਸੂਰਬੀਰ ਸ਼ਹੀਦਾਂ ਦੀਆਂ ਜੀਵਨ ਕਹਾਣੀਆਂ ਸਿੱਖ ਪਨੀਰੀ ਲਈ ਪ੍ਰੇਰਨਾ-ਸਰੋਤ ਬਣੀਆਂ ਰਹਿਣਗੀਆਂ।

* * * * *

ਪਰਿਵਾਰ ਸਮੇਤ ਸੰਘਰਸ਼ 'ਚ ਕੁੱਦਣ ਵਾਲਾ ਜੁਝਾਰੂ
ਸ਼ਹੀਦ ਭਾਈ ਜੋਗਾ ਸਿੰਘ ਬਿਸ਼ਨੰਦੀ

ਭਾਈ ਜੋਗਾ ਸਿੰਘ ਦਾ ਜਨਮ ਸੱਤਰ ਦੇ ਦਹਾਕੇ ਦੇ ਅਰੰਭਲੇ ਸਾਲਾਂ ਵਿੱਚ ਪਿੰਡ ਬਿਸ਼ਨੰਦੀ ਦੇ ਸ. ਗੁਰਦੇਵ ਸਿੰਘ ਦੇ ਘਰ ਮਾਤਾ ਪ੍ਰੀਤਮ ਕੌਰ ਦੀ ਕੁੱਖੋਂ ਹੋਇਆ। ਆਪ ਦੇ ਪਿਤਾ ਜੀ ਦਾ ਦਮਦਮੀ ਟਕਸਾਲ ਨਾਲ ਬਹੁਤ ਗੂੜ੍ਹਾ ਰਿਸ਼ਤਾ ਸੀ। ਇਹੀ ਕਾਰਨ ਸੀ ਕਿ ਸੰਨ 1978 ਦੇ ਖ਼ੂਨੀ ਸਾਕੇ ਤੋਂ ਬਾਅਦ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਦੀ ਅਗਵਾਈ ਵਿੱਚ ਅਰੰਭ ਹੋਈ ਸਿੱਖ ਜੱਦੋਜਹਿਦ ਨਾਲ ਅਰੰਭ ਤੋਂ ਹੀ ਜੁੜ ਗਏ।

ਆਪ ਵੀਹ ਕੁ ਸਾਲਾਂ ਦੇ ਸਨ, ਜਦੋਂ ਆਪ ਦੇ ਇਲਾਕੇ ਦੇ ਇੱਕ ਹੋਰ ਸਿੰਘ ਭਾਈ ਜੋਗਿੰਦਰ ਸਿੰਘ ਬੱਬਰ ਨੇ ਆਪ ਦਾ ਰਿਸ਼ਤਾ ਆਪਣੇ ਪਿੰਡ ਦੇ ਸ. ਹਰਬੰਸ ਸਿੰਘ ਦੀ ਲੜਕੀ ਬੀਬੀ ਗੁਰਬਿੰਦਰ ਕੌਰ ਨਾਲ ਕਰਵਾ ਦਿੱਤਾ। ਸੰਨ 1984 ਵਿੱਚ ਆਪ ਦਾ ਅਨੰਦ ਕਾਰਜ ਹੋਇਆ। ਆਪ ਦੇ ਵਿਆਹ ਨੂੰ ਅਜੇ ਥੋੜ੍ਹਾ ਚਿਰ ਹੀ ਹੋਇਆ ਸੀ ਕਿ ਹਿੰਦੁਸਤਾਨੀ ਫ਼ੌਜ ਨੇ ਸ੍ਰੀ ਦਰਬਾਰ ਸਾਹਿਬ 'ਤੇ ਹਮਲਾ ਕਰ ਦਿੱਤਾ। ਆਪ ਉਸ ਸਮੇਂ ਸ੍ਰੀ ਦਰਬਾਰ ਸਾਹਿਬ ਦੇ ਅੰਦਰ ਹੀ ਸਨ। ਸੰਤ ਜਰਨੈਲ ਸਿੰਘ ਦੇ ਥਾਪੜੇ ਅਤੇ ਗੁਰੂ ਦੇ ਓਟ ਆਸਰੇ ਨਾਲ ਬਾਕੀ ਸਿੰਘਾਂ ਵਾਂਗ ਆਪ ਵੀ ਮੋਰਚੇ ਵਿੱਚ ਡਟੇ ਅਤੇ ਮਾਮੂਲੀ ਹਥਿਆਰਾਂ ਨਾਲ ਅਥਾਹ ਹਮਲਾਵਰ ਫ਼ੌਜਾਂ ਦਾ ਮੂੰਹ ਮੋੜਦੇ ਰਹੇ। ਅਖੀਰ ਜਦੋਂ ਟੈਂਕਾਂ ਅੱਗੇ ਕੋਈ ਮੁਕਾਬਲੇ ਵਾਲੀ ਗੱਲ ਨਾ ਰਹੀ ਤਾਂ ਆਪ ਕੁਝ ਹੋਰ ਸਿੰਘਾਂ ਸਮੇਤ ਘੇਰਾ ਤੋੜ ਕੇ ਬਚ ਨਿਕਲੇ; ਜਦਕਿ ਆਪ ਦੇ ਪਿਤਾ ਸ. ਗੁਰਦੇਵ ਸਿੰਘ ਉੱਥੇ ਹੀ ਜੂਝਦੇ ਹੋਏ ਸ਼ਹੀਦ ਹੋ ਗਏ।

ਪਰਿਵਾਰ ਨੂੰ ਭਾਈ ਜੋਗਾ ਸਿੰਘ ਦੇ ਚੜ੍ਹਦੀ ਕਲਾ ਵਿੱਚ ਹੋਣ ਬਾਰੇ ਤਿੰਨ ਮਹੀਨੇ ਬਾਅਦ ਪਤਾ ਲੱਗਾ। ਆਪ ਦੀ ਸਿੰਘਣੀ ਵੀ ਆਪ ਦੇ ਨਾਲ ਹੀ ਬਿਖੜੇ ਰਾਹਾਂ ਦੀ ਪਾਂਧੀ ਬਣ ਗਈ। ਆਪ ਭਾਈ ਤਰਸੇਮ ਸਿੰਘ ਕੋਹਾੜ, ਭਾਈ ਮੱਖਣ ਸਿੰਘ ਗਿੱਲ, ਭਾਈ ਰਣਜੀਤ ਸਿੰਘ ਦਿਆਲਗੜ੍ਹ, ਭਾਈ ਰੋਸ਼ਨ ਲਾਲ ਬੈਰਾਗੀ, ਭਾਈ ਦਲਬੀਰ ਸਿੰਘ ਬਿੱਲਾ ਵਰਪਾਲਾਂ ਵਾਲਾ ਆਦਿ ਸਿੰਘਾਂ ਨਾਲ ਮਿਲ ਕੇ ਪੰਥ ਦੀ ਸੇਵਾ ਕਰਨ ਲੱਗੇ।

ਇਸ ਚੱਲਦੇ ਸੰਘਰਸ਼ ਵਿੱਚ ਥੋੜ੍ਹੇ ਕੁ ਵਕਫ਼ੇ ਪਿੱਛੋਂ ਆਪ ਮੁਕਤਸਰ ਦੇ ਕੋਲੋਂ ਗ੍ਰਿਫ਼ਤਾਰ ਕਰ ਲਏ ਗਏ। ਕੇਸ ਪਾ ਕੇ ਆਪ ਨੂੰ ਪਹਿਲਾਂ ਫ਼ਰੀਦਕੋਟ ਜੇਲ੍ਹ, ਫਿਰ ਅੰਮ੍ਰਿਤਸਰ ਜੇਲ੍ਹ ਤੇ ਫਿਰ ਗੁਰਦਾਸਪੁਰ ਜੇਲ੍ਹ ਵਿੱਚ ਭੇਜ ਦਿੱਤਾ ਗਿਆ। ਗੁਰਦਾਸਪੁਰ ਜੇਲ੍ਹ ਵਿੱਚੋਂ ਆਪ ਨੇ ਫ਼ਰਾਰ ਹੋਣ ਦੀ ਯੋਜਨਾ ਤਿਆਰ ਕੀਤੀ। ਆਪ ਦੀ ਤਰੀਕ ਪੇਸ਼ੀ 'ਤੇ ਆਪ ਦੀ ਸਿੰਘਣੀ ਨੇ ਆਪ ਨੂੰ ਘਰੇਲੂ ਤੇ ਲੋੜੀਂਦੇ ਸਮਾਨ ਵਿੱਚ ਹੀ ਕੁਝ ਸ਼ਸਤਰ ਲੁਕਾ ਕੇ ਆਪ ਨੂੰ ਦੇ ਦਿੱਤੇ। ਇਹਨਾਂ

ਸ਼ਸਤਰਾਂ ਦੀ ਮਦਦ ਨਾਲ ਆਪ ਭਾਈ ਦਲਬੀਰ ਸਿੰਘ ਬਿੱਲਾ ਵਰਪਾਲ, ਭਾਈ ਰੌਸ਼ਨ ਲਾਲ ਬੈਰਾਗੀ, ਭਾਈ ਜਸਵਿੰਦਰ ਸਿੰਘ ਕਾਕਾ ਤੇ ਬਾਬਾ ਰਣਜੀਤ ਸਿੰਘ ਦਿਆਲਗੜ੍ਹ, ਗੁਰਦਾਸਪੁਰ ਜੇਲ੍ਹ 'ਚੋਂ ਫ਼ਰਾਰ ਹੋ ਗਏ।

ਇਸ ਤੋਂ ਬਾਅਦ ਪੰਥਕ ਸੰਘਰਸ਼ ਵਿੱਚ ਆਪ ਨੇ ਫਿਰ ਪੂਰੀ ਤਨਦੇਹੀ ਨਾਲ ਹਿੱਸਾ ਲੈਣਾ ਅਰੰਭ ਕਰ ਦਿੱਤਾ। ਫ਼ਰਾਰ ਹੋਣ ਤੋਂ ਪੰਜ ਕੁ ਮਹੀਨੇ ਬਾਅਦ ਹੀ ਕਲਾਨੌਰ ਨੇੜੇ ਪਿੰਡ ਸਰਵਾਲੀ ਦੀ ਪੁਲੀ 'ਤੇ ਗਹਿਗੱਚ ਮੁਕਾਬਲਾ ਹੋਇਆ, ਜਿਸ ਵਿੱਚ ਅਖਾੜਾ ਪਿੰਡ ਦਾ ਕਾਕਾ ਨਾਂ ਦਾ ਨੌਜਵਾਨ ਅਤੇ ਜਸਪਾਲ ਸਿੰਘ ਸ਼ਹੀਦ ਹੋ ਗਏ, ਜਦਕਿ ਭਾਈ ਜੋਗਾ ਸਿੰਘ ਬਿਸ਼ਨੰਦੀ ਅਤੇ ਭਾਈ ਖ਼ਜ਼ਾਨ ਸਿੰਘ ਲੱਧੂਵਾਲ ਦੇ ਜ਼ਖਮੀ ਹੋਣ ਪਿੱਛੋਂ ਹਿੰਦੁਸਤਾਨੀ ਫ਼ੋਰਸਾਂ ਵੱਲੋਂ ਗ੍ਰਿਫ਼ਤਾਰ ਕਰ ਲਏ ਗਏ।

ਗ੍ਰਿਫ਼ਤਾਰ ਕਰਨ ਪਿੱਛੋਂ ਪੁਲੀਸ ਆਪ ਨੂੰ ਧਾਰੀਵਾਲ ਥਾਣੇ ਲੈ ਗਈ, ਇਸ ਪਿੱਛੋਂ ਬਹਾਦਰਗੜ੍ਹ ਲੱਧਾ ਕੋਠੀ ਆਦਿ ਥਾਂਵਾਂ 'ਤੇ ਰੱਖ ਕੇ ਆਪ ਉੱਪਰ ਅਥਾਹ ਤਸ਼ੱਦਦ ਕੀਤਾ ਗਿਆ। ਦੋ ਤਿੰਨ ਮਹੀਨੇ ਥਾਣਿਆਂ ਵਿੱਚ ਘੁਮਾਉਣ ਤੋਂ ਬਾਅਦ ਆਪ ਉੱਪਰ ਕਈ ਕੇਸ ਪਾ ਕੇ ਗੁਰਦਾਸਪੁਰ ਜੇਲ੍ਹ ਭੇਜਿਆ ਗਿਆ, ਪਰ ਗੁਰਦਾਸਪੁਰ ਜੇਲ੍ਹ ਅਫ਼ਸਰਾਂ ਨੇ ਆਪ ਨੂੰ ਗੁਰਦਾਸਪੁਰ ਜੇਲ੍ਹ 'ਚ ਰੱਖਣ ਤੋਂ ਨਾਂਹ ਕਰ ਦਿੱਤੀ, ਜਿਸ ਕਾਰਨ ਆਪ ਨੂੰ ਸੰਗਰੂਰ ਜੇਲ੍ਹ 'ਚ ਭੇਜ ਦਿੱਤਾ ਗਿਆ। ਕੁਝ ਚਿਰ ਸੰਗਰੂਰ ਰੱਖ ਕੇ ਫਿਰ ਆਪ ਨੂੰ ਨਾਭੇ ਜੇਲ੍ਹ ਵਿੱਚ ਭੇਜ ਦਿੱਤਾ ਗਿਆ।

ਆਪ ਦੇ ਜੇਲ੍ਹ ਵਿੱਚ ਹੋਣ ਦੌਰਾਨ ਵੀ ਆਪ ਦੀ ਸਿੰਘਣੀ ਬੀਬੀ ਗੁਰਵਿੰਦਰ ਕੌਰ ਨੇ ਜੁਝਾਰੂ ਸਰਗਰਮੀਆਂ ਜਾਰੀ ਰੱਖੀਆਂ। ਸੰਨ 1985 ਵਿੱਚ ਬੀਬੀ ਬਿਮਲ ਕੌਰ ਖ਼ਾਲਸਾ ਦੇ ਨਾਲ ਸ੍ਰੀ ਦਰਬਾਰ ਸਾਹਿਬ 'ਚ ਰਹਿਣ ਕਾਰਨ ਸ਼੍ਰੋਮਣੀ ਕਮੇਟੀ ਦੀ ਟਾਸਕ ਫ਼ੋਰਸ ਦੇ ਇੱਕ ਜਵਾਨ ਦਾ ਕਤਲ ਕੇਸ ਆਪ ਦੀ ਸਿੰਘਣੀ 'ਤੇ ਪਾ ਦਿੱਤਾ ਗਿਆ।

ਭਾਈ ਬਿਸ਼ਨੰਦੀ ਜੇਲ੍ਹ ਵਿੱਚ ਹੀ ਸਨ, ਜਦੋਂ ਫ਼ੈਡਰੇਸ਼ਨ ਦੀ ਗਰਲਜ਼ ਵਿੰਗ ਕਾਦੀਆਂ ਦੀ ਪ੍ਰਧਾਨ ਪਿੰਕੀ ਦੇ ਘਰ ਪੁਲੀਸ ਨੇ ਛਾਪਾ ਮਾਰਿਆ ਤੇ ਉੱਥੋਂ ਪਿੰਕੀ ਦੇ ਨਾਲ ਆਪ ਦੀ ਸਿੰਘਣੀ ਬੀਬੀ ਗੁਰਵਿੰਦਰ ਕੌਰ ਨੂੰ ਵੀ ਫੜ ਲਿਆ ਗਿਆ। ਫ਼ੈਡਰੇਸ਼ਨ ਵਰਕਰਾਂ ਦੀ ਗ੍ਰਿਫ਼ਤਾਰੀ ਆਮ ਗੱਲ ਸੀ, ਜਿਸ ਦੀ ਇੱਕ ਦਿਨ ਬਾਅਦ ਹੀ ਰਿਹਾਈ ਹੋ ਗਈ। ਬੀਬੀ ਗੁਰਵਿੰਦਰ ਕੌਰ ਦੀ ਰਿਹਾਈ ਤੋਂ ਬਾਅਦ ਪੁਲੀਸ ਨੂੰ ਪਤਾ ਲੱਗ ਗਿਆ ਕਿ ਇਹ ਬੀਬੀ ਰੂਪੋਸ਼ ਹੈ।

ਪੁਲੀਸ ਨੇ ਸਾਰੇ ਇਲਾਕੇ ਦੀ ਨਾਕਾਬੰਦੀ ਕਰ ਦਿੱਤੀ। ਬੀਬੀ ਗੁਰਵਿੰਦਰ ਕੌਰ ਦੇ ਨਾਲ ਇਸ ਵੇਲੇ ਹਰਜਿੰਦਰ ਸਿੰਘ ਜਿੰਦਾ ਅਰਜਨਪੁਰਾ ਅਤੇ ਇੱਕ ਹੋਰ ਨੌਜਵਾਨ ਸੀ। ਇਹਨਾਂ ਤਿੰਨਾਂ ਨੂੰ ਹੀ ਗ੍ਰਿਫ਼ਤਾਰ ਕਰ ਕੇ ਕਾਦੀਆਂ ਥਾਣੇ ਵਿੱਚ ਲਿਜਾਇਆ ਗਿਆ। ਪੁਲੀਸ ਅਫ਼ਸਰ ਪਛਾਣ ਨਹੀਂ ਸਕੇ ਕਿ ਬੀਬੀ ਦੇ ਨਾਲ ਫੜਿਆ ਗਿਆ ਭਾਈ ਹਰਜਿੰਦਰ ਸਿੰਘ ਜਿੰਦਾ ਅਰਜਨਪੁਰਾ ਹੈ, ਜਿਸ ਦੀ ਪੁਲੀਸ ਨੂੰ ਕਈ ਪ੍ਰਸਿੱਧ ਵਾਰਦਾਤਾਂ 'ਚ ਤਲਾਸ਼ ਸੀ। ਪੁਲੀਸ ਦੇ ਇਸ ਅਨਜਾਣਪੁਣੇ ਦਾ ਲਾਭ ਉਠਾ ਕੇ ਜਿੰਦਾ ਅਤੇ ਉਸ ਦਾ ਸਾਥੀ ਨੌਜਵਾਨ ਕਾਦੀਆਂ ਥਾਣੇ 'ਚੋਂ ਭੱਜ ਨਿਕਲੇ।

ਤੁਰੰਤ ਹੀ ਵਾਇਰਲੈੱਸਾਂ ਖੜਕ ਗਈਆਂ। ਆਲੇ-ਦੁਆਲੇ ਦੇ ਸਾਰੇ ਨਾਕੇ ਅਤੇ ਚੌਕੀਆਂ

ਵਿਚਲੀ ਪੁਲੀਸ ਹਰਕਤ ਵਿੱਚ ਆ ਗਈ। ਤੁਰੰਤ ਕਾਰਵਾਈ ਹੋ ਜਾਣ ਕਾਰਨ ਦੋਵੇਂ ਨੌਜਵਾਨ ਝੋਨੇ ਦੇ ਖੇਤ ਵਿੱਚ ਘੇਰੇ ਗਏ ਅਤੇ ਦੁਬਾਰਾ ਗ੍ਰਿਫ਼ਤਾਰ ਕਰ ਕੇ ਥਾਣੇ ਲਿਜਾਏ ਗਏ। ਉੱਥੇ ਆਏ ਵੱਡੇ ਅਫ਼ਸਰਾਂ ਨੇ ਭਾਈ ਜਿੰਦੇ ਨੂੰ ਪਛਾਣ ਲਿਆ। ਮੌਕੇ 'ਤੇ ਬਾਰਡਰ ਰੇਂਜ ਦਾ ਆਈ ਜੀ ਅਤੇ ਉਸ ਪਿੱਛੋਂ ਡੀ.ਜੀ.ਪੀ. ਰਿਬੈਰੋ ਵੀ ਆਇਆ। ਫਿਰ ਸਖ਼ਤੀ ਦਾ ਦੌਰ ਅਰੰਭ ਹੋਇਆ ਤੇ 22 ਦਿਨ ਵੱਖ-ਵੱਖ ਥਾਣਿਆਂ ਵਿੱਚ ਰੱਖ ਕੇ ਤਿੰਨਾਂ ਉੱਪਰ ਅਥਾਹ ਤਸ਼ੱਦਦ ਕੀਤਾ ਗਿਆ। ਇਸ ਪਿੱਛੋਂ ਬੀਬੀ ਗੁਰਵਿੰਦਰ ਕੌਰ 'ਤੇ ਕਈ ਕੇਸਾਂ ਪਾ ਕੇ ਸੰਗਰੂਰ ਜੇਲ੍ਹ ਭੇਜ ਦਿੱਤਾ ਗਿਆ।

ਅੱਠ ਮਹੀਨੇ ਜੇਲ੍ਹ ਵਿੱਚ ਰਹਿ ਕੇ ਬੀਬੀ ਗੁਰਵਿੰਦਰ ਕੌਰ ਜਦੋਂ ਜ਼ਮਾਨਤ ਕਰਵਾ ਕੇ ਬਾਹਰ ਆਈ ਤਾਂ ਉਸ ਨੂੰ ਸੰਗਰੂਰ ਜੇਲ੍ਹ ਦੇ ਗੇਟ ਤੋਂ ਦੁਬਾਰਾ ਚੁੱਕ ਲਿਆ ਗਿਆ। ਆਪ ਨੂੰ ਫ਼ਰੀਦਕੋਟ ਲਿਜਾਇਆ ਗਿਆ, ਜਿੱਥੇ ਐਸ.ਐਸ.ਪੀ. ਗੋਬਿੰਦ ਰਾਮ ਬੀਬੀ 'ਤੇ ਦਬਾਅ ਪਾਉਂਦਾ ਰਿਹਾ ਕਿ ਉਹ ਟੀ.ਵੀ. 'ਤੇ ਪੰਜਾਬ ਅੰਦਰ ਚੱਲ ਰਹੇ ਸਿੱਖ ਸੰਘਰਸ਼ ਦੀ ਨਿੰਦਾ ਕਰੇ, ਪਰ ਬੀਬੀ ਨੇ ਇਸ ਤੋਂ ਨਾਂਹ ਕਰ ਦਿੱਤੀ। ਫਿਰ ਆਪ ਨੂੰ ਮਾਨਸਿਕ ਤੌਰ 'ਤੇ ਤੰਗ ਪ੍ਰੇਸ਼ਾਨ ਕੀਤਾ ਜਾਣ ਲੱਗਾ। ਪਿੰਡ ਦੀ ਪੰਚਾਇਤ ਪੈਰਵੀ ਲਈ ਪਿੱਛੇ ਜਾਂਦੀ ਤਾਂ ਬੀਬੀ ਗੁਰਵਿੰਦਰ ਕੌਰ ਨੂੰ ਕਿਸੇ ਹੋਰ ਥਾਣੇ ਵਿੱਚ ਭੇਜ ਦਿੱਤਾ ਜਾਂਦਾ। ਅਖੀਰ ਪੰਦਰਾਂ ਕੁ ਦਿਨਾਂ ਬਾਅਦ ਸੰਗਤ ਦੇ ਵਿੱਚ ਰੋਸ ਪੈਦਾ ਹੋ ਜਾਣ ਦੇ ਡਰੋਂ ਬੀਬੀ ਗੁਰਵਿੰਦਰ ਕੌਰ ਨੂੰ ਛੱਡ ਦਿੱਤਾ ਗਿਆ।

ਭਾਈ ਜੋਗਾ ਸਿੰਘ ਬਿਸ਼ਨੰਦੀ ਨਾਭੇ ਜੇਲ੍ਹ ਵਿੱਚ ਹੀ ਸੀ, ਜਦੋਂ 22 ਅਗਸਤ 1990 ਨੂੰ ਹਿੰਦੁਸਤਾਨੀ ਫ਼ੋਰਸਾਂ ਦੀਆਂ ਕਾਲੀਆਂ ਬਿੱਲੀਆਂ ਨੇ ਆਪ ਦੀ ਸਿੰਘਣੀ ਗੁਰਵਿੰਦਰ ਕੌਰ ਦੀ ਛੋਟੀ ਭੈਣ ਮਨਜੀਤ ਕੌਰ, ਜੋ +1 ਪਾਸ ਕਰ ਕੇ ਹਟੀ ਸੀ, ਨੂੰ ਘਰ ਵਿੱਚ ਹੀ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ।

ਚਾਰ ਸਾਲ ਜੇਲ੍ਹ ਵਿੱਚ ਰਹਿ ਕੇ ਭਾਈ ਜੋਗਾ ਸਿੰਘ ਬਿਸ਼ਨੰਦੀ ਨਾਭੇ ਜੇਲ੍ਹ 'ਚੋਂ ਜ਼ਮਾਨਤਾਂ 'ਤੇ ਰਿਹਾਅ ਹੋਏ। ਪੁਲੀਸ ਵੱਲੋਂ ਆਪ ਨੂੰ ਜੇਲ੍ਹ ਦੇ ਦਰਵਾਜ਼ੇ ਤੋਂ ਹੀ ਦੁਬਾਰਾ ਚੁੱਕ ਲੈਣ ਦੀ ਤਿਆਰੀ ਸੀ, ਪਰ ਕੁਦਰਤੀ ਹੀ ਉਸੇ ਹੀ ਦਿਨ ਜੇਲ੍ਹ 'ਚੋਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਭਾਈ ਗੁਰਦੇਵ ਸਿੰਘ ਕਾਉਂਕੇ ਦੀ ਰਿਹਾਈ ਹੋਈ। ਆਪ ਭਾਈ ਕਾਉਂਕੇ ਦੇ ਨਾਲ਼ ਹੀ ਬਾਹਰ ਨਿਕਲ਼ੇ, ਜਿਨ੍ਹਾਂ ਦੇ ਸਵਾਗਤ ਲਈ ਜੇਲ੍ਹ ਦੇ ਬਾਹਰ ਹਜ਼ਾਰਾਂ ਸੰਗਤਾਂ ਦਾ ਇਕੱਠ ਸੀ। ਇਸ ਕਾਰਨ ਹਿੰਦੁਸਤਾਨੀ ਪੁਲੀਸ ਆਪ ਨੂੰ ਗ੍ਰਿਫ਼ਤਾਰ ਨਾ ਕਰ ਸਕੀ ਤੇ ਆਪ ਆਪਣੇ ਘਰ ਪਹੁੰਚ ਗਏ।

ਪੁਲੀਸ ਨੇ ਆਪ ਦੀ ਪੈੜ ਨੱਪਣੀ ਜਾਰੀ ਰੱਖੀ, ਜਿਸ ਕਾਰਨ ਆਪ 15 ਦਿਨ ਘਰ ਰਹਿਣ ਪਿੱਛੋਂ ਫਿਰ ਰੂਪੋਸ਼ ਹੋ ਗਏ। ਆਪ ਫਿਰ ਪੂਰੀ ਤਨਦੇਹੀ ਅਤੇ ਚੜ੍ਹਦੀ ਕਲਾ ਨਾਲ਼ ਪੰਥਕ ਸੰਘਰਸ਼ ਵਿੱਚ ਹਿੱਸਾ ਪਾਉਣ ਲੱਗੇ। ਅਖੀਰ ਉਹ ਦਿਨ ਆ ਗਿਆ ਜੋ ਕਿ ਹਰ ਇੱਕ ਜੁਝਾਰੂ ਅਥਵਾ ਇਨਕਲਾਬੀ ਦੇ ਜੀਵਨ ਵਿੱਚ ਆਉਣਾ ਅਟਲ ਹੁੰਦਾ ਹੈ। ਮਿਤੀ 7 ਨਵੰਬਰ 1990 ਨੂੰ ਸ਼ਾਮ 7:30 ਵਜੇ ਬਟਾਲ਼ੇ ਕੋਲ਼ ਆਪ ਦਾ ਹਿੰਦੁਸਤਾਨੀ ਫ਼ੋਰਸਾਂ ਨਾਲ਼ ਮੁਕਾਬਲਾ ਹੋ ਗਿਆ ਤੇ ਆਪ ਸੈਂਕੜੇ ਵੈਰੀਆਂ ਨਾਲ ਸੂਰਮਗਤੀ ਨਾਲ ਜੂਝਦੇ ਹੋਏ ਸ਼ਹਾਦਤ ਪ੍ਰਾਪਤ ਕਰ ਗਏ।

* * * * *

ਬਹਿਲੇ ਭਰਾਵਾਂ ਦੀ ਸ਼ਹੀਦੀ ਦੀ ਗਾਥਾ

ਇਤਿਹਾਸ ਦੀ ਰਚਨਾ ਕਰਨ ਹਿੱਤ ਜਰਨੈਲਾਂ ਦੇ ਯੋਗਦਾਨ ਸੰਬੰਧੀ ਇੱਕ ਗਾਥਾ ਬਹੁਤ ਹੀ ਪ੍ਰਚੱਲਤ ਹੈ। ਇਸ ਗਾਥਾ ਅਨੁਸਾਰ ਏਸ਼ੀਆ ਦੇ ਇੱਕ ਖਿੱਤੇ 'ਤੇ ਚੰਗੇਜ਼ ਖਾਨ ਨਾਂ ਦਾ ਜਰਨੈਲ ਹੋਇਆ, ਜਿਸ ਨੇ ਆਮ ਲੋਕਾਂ ਤੇ ਬਹੁਤ ਜ਼ੁਲਮ ਕੀਤੇ। ਲੰਮਾਂ ਸਮਾਂ ਇਹ ਜ਼ੁਲਮ ਹੁੰਦੇ ਰਹੇ ਤੇ ਅਖੀਰ ਇਹਨਾਂ ਜ਼ੁਲਮਾਂ ਦੇ ਵਿਰੋਧ ਵਿੱਚ ਹਲਾਕੂ ਖਾਨ ਨਾਂ ਦਾ ਜਰਨੈਲ ਉੱਠਿਆ। ਜ਼ੁਲਮ ਦੇ ਸਤਾਏ ਲੋਕਾਂ ਵਿੱਚੋਂ ਹਜ਼ਾਰਾਂ ਗੱਭਰੂ ਹਲਾਕੂ ਖਾਨ ਨਾਲ ਆ ਰਲੇ। ਚੰਗੇਜ਼ ਤੇ ਹਲਾਕੂ ਦੀਆਂ ਫ਼ੌਜਾਂ ਵਿੱਚ ਆਹਮੋ-ਸਾਮ੍ਹਣੇ ਜੰਗਾਂ ਅਰੰਭ ਹੋ ਗਈਆਂ। ਹਲਾਕੂ ਦੀਆਂ ਫ਼ੌਜਾਂ ਨੇ ਚੰਗੇਜ਼ੀ ਫ਼ੌਜਾਂ ਦੇ ਚੰਗੇ ਦੰਦ ਖੱਟੇ ਕੀਤੇ। ਕਿਹਾ ਜਾਂਦਾ ਹੈ ਕਿ ਇੱਕ ਜੰਗ ਵਿੱਚ ਹਲਾਕੂ ਦੀ ਫ਼ੌਜ ਵਿਚਲਾ ਇੱਕ ਨੌਜਵਾਨ ਸਿਪਾਹੀ ਚੰਗੇਜ਼ੀ ਫ਼ੌਜ ਦੀਆਂ ਸਫਾਂ ਵਿੱਚ ਉਹਨਾਂ ਦੇ ਆਹੂ ਲਾਹੁੰਦਾ ਬੜੀ ਬਹਾਦਰੀ ਨਾਲ ਲੜਦਾ ਅੱਗੇ ਵਧ ਰਿਹਾ ਸੀ ਤੇ ਹਲਾਕੂ ਖਾਨ ਆਪਣੇ ਇਸ ਸਿਪਾਹੀ ਦੀ ਜਵਾਂ-ਮਰਦੀ ਨੂੰ ਪ੍ਰਸੰਸਾ ਭਰੀਆਂ ਨਜ਼ਰਾਂ ਨਾਲ ਤੱਕ ਰਿਹਾ ਸੀ। ਜੰਗ ਤੋਂ ਬਾਅਦ ਹਲਾਕੂ ਖਾਨ ਜਰਨੈਲ ਨੇ ਉਸ ਸਿਪਾਹੀ ਨੂੰ ਆਪਣੇ ਕੋਲ ਸੱਦਿਆ ਤੇ ਥਾਪੜਾ ਦੇ ਕੇ ਸਵਾਲ ਪੁੱਛਿਆ:

"ਜਵਾਨਾਂ, ਤੂੰ ਵਾਕਿਆ ਈ ਬਹੁਤ ਬਹਾਦਰ ਐਂ, ਪਰ ਮੈਨੂੰ ਹੈਰਾਨੀ ਐ ਕਿ ਚੰਗੇਜ਼ੀ ਫ਼ੌਜਾਂ ਐਨੇ ਲੰਮੇ ਸਮੇਂ ਤੋਂ ਇਸ ਦੇਸ਼ 'ਤੇ ਜ਼ੁਲਮ ਜਬਰ ਕਰਦੀਆਂ ਆ ਰਹੀਆਂ ਸੀ, ਤੂੰ ਓਦੋਂ ਦਾ ਕਿੱਥੇ ਸੀ?

ਉਸ ਸਿਪਾਹੀ ਨੇ ਹੱਥ ਜੋੜ ਕੇ ਜਵਾਬ ਦਿੱਤਾ:

"ਜਨਾਬ! ਮੈਂ ਤਾਂ ਇੱਥੇ ਹੀ ਸੀ ਪਰ (ਪਹਿਲਾਂ ਇਸ ਲਈ ਸਾਮ੍ਹਣੇ ਨਹੀਂ ਆ ਸਕਿਆ ਕਿ) ਓਦੋਂ ਤੁਸੀਂ (ਜਰਨੈਲ) ਨਹੀਂ ਸੀ।"

ਇਸ ਇਤਿਹਾਸਕ ਹਕੀਕਤ ਦੇ ਮੱਦੇਨਜ਼ਰ ਜੇਕਰ ਸੰਤ ਜਰਨੈਲ ਸਿੰਘ ਖ਼ਾਲਸਾ ਨਾਮੀ ਜਰਨੈਲ ਦੇ ਸਮੁੱਚੇ ਵਰਤਾਰੇ ਨੂੰ ਘੋਖਿਆ ਜਾਵੇ ਤਾਂ ਇਹ ਸਪਸ਼ਟ ਹੋ ਜਾਂਦਾ ਹੈ ਕਿ ਸੰਤ ਜਰਨੈਲ ਸਿੰਘ ਦੀ ਚੁੰਬਕੀ ਖਿੱਚ ਨਾਲ ਜਿਹੜੇ ਹਜ਼ਾਰਾਂ ਜਾਂਬਾਜ਼ ਸਿੱਖ ਗੱਭਰੂ ਯੋਧੇ ਸਾਮ੍ਹਣੇ ਆਏ, ਉਹ ਸ਼ਾਇਦ ਸੰਤ ਜਰਨੈਲ ਸਿੰਘ ਦੀ ਅਣਹੋਂਦ ਵਿੱਚ ਕਦੇ ਵੀ ਸਾਮ੍ਹਣੇ ਨਾ ਆ ਸਕਦੇ। ਹਰ ਇੱਕ ਸਿੱਖ ਜੁਝਾਰੂ ਦੀ ਗਾਥਾ ਵਿੱਚੋਂ ਇਸ ਹਕੀਕਤ ਦੇ ਸਹਿਜੇ ਹੀ ਦਰਸ਼ਨ ਹੋ ਜਾਂਦੇ ਹਨ।

ਤਰਨ ਤਾਰਨ ਇਲਾਕੇ ਦੇ 'ਬਹਿਲਾ' ਪਿੰਡ ਦੇ ਇੱਕ ਪਰਿਵਾਰ ਦੀ ਗਾਥਾ ਵੀ ਅਜਿਹੀ ਹੀ ਹੈ। ਬਹਿਲਾ ਪਿੰਡ ਦੇ ਕਿਸਾਨ ਸ. ਤਰਲੋਕ ਸਿੰਘ ਦੇ ਦੋ ਲੜਕੇ ਸਨ, ਦਿਲਬਾਗ ਸਿੰਘ,

ਸੁਰਜੀਤ ਸਿੰਘ। ਦਿਲਬਾਗ ਸਿੰਘ ਧਾਰਮਿਕ ਖਿਆਲਾਂ ਦਾ ਹੋਣ ਕਾਰਨ 1980 ਵਿੱਚ ਹੀ ਪਰਿਵਾਰ ਨੂੰ ਛੱਡ ਕੇ ਕਾਰ ਸੇਵਾ ਵਾਲੇ ਬਾਬਿਆਂ ਕੋਲ ਚਲਾ ਗਿਆ। ਪਰਿਵਾਰ ਨੇ ਉਸ ਨੂੰ ਵਾਪਸ ਘਰ ਲਿਆਉਣ ਦੇ ਬੜੇ ਯਤਨ ਕੀਤੇ ਪਰ ਉਸ ਨੇ ਵਾਪਸ ਘਰ ਪਰਤਣ ਤੋਂ ਸਾਫ਼ ਨਾਂਹ ਕਰ ਦਿੱਤੀ। ਅਖੀਰ ਹੰਭ ਕੇ ਪਰਿਵਾਰ ਨੇ ਉਸ ਦੇ ਫ਼ੈਸਲੇ ਨੂੰ ਮੰਨ ਲਿਆ।

1981 ਵਿੱਚ ਧਰਮ ਯੁੱਧ ਸਿਖਰ 'ਤੇ ਪੁੱਜਣ ਕਾਰਨ ਸੰਤ ਜਰਨੈਲ ਸਿੰਘ ਦੀ ਮਿਕਨਾਤੀਸੀ ਸਖ਼ਸ਼ੀਅਤ ਜਦੋਂ ਉਭਰ ਕੇ ਸਾਮ੍ਹਣੇ ਆਉਣ ਲੱਗੀ ਤਾਂ ਸਿੱਖ ਗੱਭਰੂ ਆਪ ਮੁਹਾਰੇ ਹੀ ਇਹਨਾਂ ਵੱਲ ਖਿੱਚੇ ਜਾਣ ਲੱਗੇ। ਕਾਰ ਸੇਵਾ ਵਾਲੇ ਬਾਬਿਆਂ ਕੋਲ ਰਹਿੰਦੇ ਦਿਲਬਾਗ ਸਿੰਘ ਅਤੇ ਛੇ ਹੋਰ ਨੌਜਵਾਨ ਕਾਰ ਸੇਵਾ ਵਾਲੇ ਬਾਬਿਆਂ ਨੂੰ ਛੱਡ ਕੇ ਸੰਤ ਜਰਨੈਲ ਸਿੰਘ ਜੀ ਕੋਲ ਆ ਗਏ। ਕਾਰ ਸੇਵਾ ਵਾਲੇ ਬਾਬਿਆਂ ਨੇ ਸੰਤਾਂ ਕੋਲ ਇਤਰਾਜ਼ ਕੀਤਾ ਕਿ ਤੁਸੀਂ ਸਾਡੇ ਸੇਵਾਦਾਰ ਲੈ ਗਏ ਹੋ। ਸੰਤਾਂ ਕਿਹਾ, "ਮੈਂ ਜਾ ਕੇ ਤਾਂ ਲਿਆਇਆ ਨਹੀਂ, ਜੇ ਤੁਹਾਡੇ ਨਾਲ ਜਾਂਦੇ ਆ ਤਾਂ ਲੈ ਜਾਓ।" ਬਾਬਿਆਂ ਨੇ ਉਹਨਾਂ ਨੂੰ ਵਾਪਸ ਲਿਜਾਣ ਲਈ ਪੂਰਾ ਜ਼ੋਰ ਲਾਇਆ, ਪਰ ਜਿਨ੍ਹਾਂ ਪਤੰਗਿਆਂ ਦਾ ਸ਼ਮ੍ਹਾ ਵੱਲ ਮੂੰਹ ਸਿੱਧਾ ਹੋ ਗਿਆ ਹੋਵੇ, ਉਹਨਾਂ ਨੂੰ ਫਿਰ ਕੌਣ ਲਾਂਭੇ ਲਿਜਾ ਸਕਦਾ ਹੈ? ਦਿਲਬਾਗ ਸਿੰਘ ਹੋਰੀਂ ਸੰਤਾਂ ਦੇ ਕੋਲ ਹੀ ਰਹੇ।

ਦਿਲਬਾਗ ਸਿੰਘ ਕਾਰਨ ਸਾਰੇ ਬਹਿਲਾ ਪਰਿਵਾਰ ਦੀ ਸੰਤ ਜਰਨੈਲ ਸਿੰਘ ਜੀ ਨਾਲ ਨੇੜਤਾ ਬਣ ਗਈ। ਪੰਦਰਾਂ ਕੁ ਸਾਲਾਂ ਦਾ ਸੁਰਜੀਤ ਸਿੰਘ (ਬਹਿਲਾ) ਵੀ ਦਰਬਾਰ ਸਾਹਿਬ ਆਉਣ ਜਾਣ ਲੱਗ ਪਿਆ। ਜਦੋਂ ਪੰਦਰਾਂ ਸਾਲ ਦੀ ਉਮਰ ਵਿੱਚ ਸੁਰਜੀਤ ਸਿੰਘ ਬਹਿਲਾ ਧਰਮ ਯੁੱਧ ਮੋਰਚੇ ਵਿਚ ਗ੍ਰਿਫ਼ਤਾਰੀ ਦੇ ਕੇ ਤਿੰਨ ਮਹੀਨੇ ਫਿਰੋਜ਼ਪੁਰ ਜੇਲ੍ਹ ਵਿੱਚ ਰਹਿਣ ਪਿੱਛੋਂ ਸੰਤ ਜਰਨੈਲ ਸਿੰਘ ਨੂੰ ਮਿਲਿਆ ਤਾਂ ਸੰਤ ਜਰਨੈਲ ਸਿੰਘ ਜੀ ਨੇ ਹੱਸ ਕੇ ਥਾਪੜਾ ਦਿੰਦੇ ਨਿੱਕੇ ਬਹਿਲੇ ਨੂੰ ਉਸਦੇ ਵੱਡੇ ਭਰਾ (ਦਿਲਬਾਗ ਸਿੰਘ) ਵੱਲ ਇਸ਼ਾਰਾ ਕਰਦਿਆਂ ਕਿਹਾ:

"ਹਾਂ ਭਈ ਸ਼ੇਰਾ, ਐਹਨੂੰ (ਦਿਲਬਾਗ ਸਿੰਘ) ਤਾਂ ਅਸੀਂ ਬੈਅ ਖਰੀਦਿਐ। ਤੂੰ ਕਿਵੇਂ ਕਰਨੀ ਆਂ?"

ਸੁਰਜੀਤ ਨੇ ਅੱਗੋਂ ਕਿਹਾ, "ਮੈਂ ਵੀ ਹਾਜ਼ਰ ਆਂ ਮਹਾਂਪੁਰਸ਼ੋ, ਜਿੱਥੇ ਮਰਜ਼ੀ ਸੇਵਾ ਲਾ ਦਿਓ।" ਤੇ ਫਿਰ ਸੁਰਜੀਤ ਵੀ ਆਪਣੇ ਭਰਾ ਦਿਲਬਾਗ ਵਾਂਗ ਸੰਤਾਂ ਦੇ ਕੰਮਾਂ ਵਿੱਚ ਹੱਥ ਵਟਾਉਣ ਲੱਗ ਪਿਆ।

1983 ਦੇ ਅੱਧ ਵਿੱਚ ਇੱਕ ਘਟਨਾ ਵਾਪਰ ਗਈ। ਦਿਲਬਾਗ ਸਿੰਘ ਬਹਿਲਾ ਤੇ ਉਸ ਦੇ ਦੋ ਸਾਥੀਆਂ ਸੂਰਤ ਸਿੰਘ ਹਰਚੋਵਾਲ ਤੇ ਰੇਸ਼ਮ ਸਿੰਘ ਬੂਹ, ਤਿੰਨਾਂ ਨੇ ਆਪਸ ਵਿੱਚ ਹੀ ਸਲਾਹ ਕਰਕੇ ਹਰਚੋਵਾਲ ਦੇ ਕਾਂਗਰਸੀ ਲੀਡਰ 'ਕੇਵਲ ਕ੍ਰਿਸ਼ਨ' ਉੱਪਰ ਗੋਲੀ ਚਲਾ ਕੇ ਉਸ ਨੂੰ ਜ਼ਖਮੀ ਕਰ ਦਿੱਤਾ। ਇਸ ਕਾਂਗਰਸੀ ਬਾਰੇ ਇਲਾਕੇ ਵਿੱਚ ਪ੍ਰਸਿੱਧ ਸੀ ਕਿ ਇਹ ਸੰਤ ਜਰਨੈਲ ਸਿੰਘ ਬਾਰੇ ਮੰਦੀ ਭਾਸ਼ਾ ਵਰਤਦਾ ਹੈ। ਸਿੰਘਾਂ ਕੋਲ ਹਥਿਆਰ ਤਾਂ ਨਾ-ਮਾਤਰ ਹੀ ਸਨ, ਪਰ 'ਕੇਵਲ ਕ੍ਰਿਸ਼ਨ' ਸਖ਼ਤ ਜ਼ਖਮੀ ਹੋ ਗਿਆ। ਵਾਰਦਾਤ ਤੋਂ ਤੁਰੰਤ ਪਿੱਛੋਂ ਇਹਨਾਂ ਪਿੱਛੇ ਪੁਲੀਸ ਲੱਗ ਗਈ। ਦਿਲਬਾਗ ਸਿੰਘ ਜ਼ਖਮੀ ਹੋ ਕੇ ਗ੍ਰਿਫ਼ਤਾਰ ਹੋ ਗਿਆ। ਰੇਸ਼ਮ ਸਿੰਘ ਤੇ ਸੂਰਤਾ ਸਿੰਘ ਕਮਾਦ ਵਿੱਚ ਜਾ ਵੜੇ ਜਿਸ ਨੂੰ ਘੇਰ ਕੇ ਪੁਲੀਸ ਵਾਲਿਆਂ ਨੇ ਬਰੱਸਟ ਮਾਰੇ, ਜਿਸ ਨਾਲ ਸੂਰਤਾ

ਸਿੰਘ ਦੀ ਲੱਤ ਵਿੱਚ ਗੋਲੀਆਂ ਵੱਜੀਆਂ ਤੇ ਉਹ ਗ੍ਰਿਫ਼ਤਾਰ ਕਰ ਲਿਆ ਗਿਆ। ਜਦਕਿ ਰੇਸ਼ਮ ਸਿੰਘ ਬੂਹ ਬਚ ਕੇ ਨਿਕਲ ਗਿਆ।

ਭਾਈ ਤਰਲੋਕ ਸਿੰਘ ਬਹਿਲਾ ਨੇ ਜਦੋਂ ਅਖ਼ਬਾਰ ਵਿੱਚੋਂ ਆਪਣੇ ਪੁੱਤਰ ਦਿਲਬਾਗ ਦੀ ਇਸ ਹਾਲ ਵਿੱਚ ਗ੍ਰਿਫ਼ਤਾਰੀ ਦੀ ਖ਼ਬਰ ਪੜ੍ਹੀ ਤਾਂ ਉਹ ਸਿੱਧੇ ਹੀ ਸੰਤ ਜਰਨੈਲ ਸਿੰਘ ਜੀ ਕੋਲ ਜਾ ਪਹੁੰਚੇ। ਤਰਲੋਕ ਸਿੰਘ ਯਾਦ ਕਰਦਿਆਂ ਦੱਸਦੇ ਹਨ ਕਿ ਸੰਤ ਬਹੁਤ ਗੁੱਸੇ ਵਿੱਚ ਸਨ। ਉਹਨਾਂ ਨੇ ਆਪਣੇ ਸਾਰੇ ਸਿੰਘ ਗੁਰੂ ਰਾਮਦਾਸ ਲੰਗਰ ਦੀ ਛੱਤ 'ਤੇ ਇਕੱਠੇ ਕਰ ਲਏ ਤੇ ਫਿਰ ਰੋਹ ਵਿੱਚ ਕਹਿਣ ਲੱਗੇ:

"ਆਹ ਜਿਵੇਂ ਦਿਲਬਾਗ ਸਿੰਘ ਹੋਰਾਂ ਨੇ ਕੀਤਾ ਐ.....ਜੇ ਬਾਕੀ ਸਾਰਿਆਂ ਨੇ ਵੀ ਏਸੇ ਤਰ੍ਹਾਂ ਆਪ ਮੁਹਾਰੀਆਂ ਕਾਰਵਾਈਆਂ ਈ ਕਰਨੀਐਂ ਤੇ ਫਿਰ ਸਾਰੇ ਜਣੇ ਖਰਚਾ-ਪਾਣੀ ਲਈ ਜਾਓ ਤੇ ਘਰਾਂ ਨੂੰ ਤੁਰੇ ਜਾਓ।"

ਸਾਰੇ ਸਿੰਘ ਹੱਥ ਜੋੜ ਕੇ ਖਲੋ ਗਏ। ਵਿੱਚੋਂ ਕਈਆਂ ਨੇ ਕਿਹਾ ਕਿ 'ਸਾਡਾ ਕੀ ਦੋਸ਼ ਹੈ..। ਅਸੀਂ ਇੱਥੇ ਹੀ ਰਹਾਂਗੇ ਤੇ ਤੁਹਾਡੇ ਜਾਬਤ੍ਹੇ ਵਿੱਚ ਰਹਿ ਕੇ ਹੀ ਪੰਥ ਦੀ ਸੇਵਾ ਕਰਾਂਗੇ।' ਗੁੱਸੇ ਵਿੱਚ ਸੰਤਾਂ ਨੇ ਪਹਿਲਾਂ ਤਾਂ ਦਿਲਬਾਗ ਹੋਰਾਂ ਦੀ ਪੈਰਵੀ ਕਰਨੋਂ ਵੀ ਨਾਂਹ ਕਰ ਦਿੱਤੀ ਪਰ ਇਹ ਗੁੱਸਾ ਛੇਤੀ ਹੀ ਠੰਢਾ ਹੋ ਗਿਆ। ਦਿਲਬਾਗ ਸਿੰਘ ਹੋਰਾਂ ਉੱਪਰ ਪਹਿਲਾਂ ਤਿੰਨ ਕੇਸ ਪਾਏ ਗਏ। ਉਹਨਾਂ 'ਚੋਂ ਜ਼ਮਾਨਤਾਂ ਹੁੰਦਿਆਂ ਹੀ ਦੋ ਕੇਸ ਹੋਰ ਪਾ ਦਿੱਤੇ ਗਏ। ਭਾਈ ਤਰਲੋਕ ਸਿੰਘ ਦੱਸਦੇ ਹਨ- "ਜਦੋਂ ਇਹਨਾਂ ਦਿਨਾਂ ਵਿੱਚ ਮੈਂ ਸੰਤ ਜਰਨੈਲ ਸਿੰਘ ਜੀ ਨੂੰ ਮਿਲਣ ਲਈ ਗਿਆ ਤਾਂ ਵੈਰਾਗ 'ਚ ਆ ਕੇ ਕਹਿਣ ਲੱਗੇ:

'ਤੂੰ ਸਾਡੇ ਸਿੰਘ (ਦਿਲਬਾਗ) ਦੇ ਪਿੱਛੇ ਜਾਨੈਂ....ਸਾਡਾ ਜੀਅ ਕਰਦੈ ਤੇਰੇ ਕਦਮ ਕਦਮ ਦਾ ਲੇਖਾ ਦੇਈਏ।'

ਇਹ ਕਹਿ ਕੇ ਉਹਨਾਂ ਨੇ ਆਪਣੀ ਜੇਬ 'ਚੋਂ ਮੁੱਠੀ ਭਰ ਕੇ ਰੁਪਈਏ ਕੱਢੇ ਤੇ ਮੈਨੂੰ ਫੜਾਉਣ ਲੱਗੇ। ਮੈਂ ਕਿਹਾ 'ਸੰਤ ਜੀ ਪੈਸੇ ਅੱਗੇ ਵੀ ਤੁਹਾਡੇ ਈ ਨੇ..।' ਤਾਂ ਅੱਗੋਂ ਮਿੱਠੇ ਜਿਹੇ ਦਬਕੇ ਨਾਲ ਕੋਲ ਪਈ ਪਰਾਣੀ ਵੱਲ ਇਸ਼ਾਰਾ ਕਰਦਿਆਂ ਕਹਿਣ ਲੱਗੇ, 'ਆਹ ਪਰਾਣੀ ਦੀਹਦੀ ਊ...।'

ਮੈਂ ਕਿਹਾ, 'ਜੇ ਤੁਹਾਡੀਆਂ ਪਰਾਣੀਆਂ ਵੱਜਣ ਤੇ ਸਾਡੇ ਧੰਨ ਭਾਗ।'

ਇਹ ਸੁਣ ਕੇ ਉਹ ਥੋੜ੍ਹਾ ਜਿਹਾ ਗੰਭੀਰ ਹੋ ਕੇ ਕਹਿਣ ਲੱਗੇ:

'ਬਚਨ ਮੰਨੀਦਾ ਹੁੰਦੈ...।'

ਅਖੀਰ ਮਜਬੂਰ ਹੋ ਕੇ ਮੈਂ ਪੈਸੇ ਫੜ ਲਏ।"

ਚੰਗੀ ਸੋਚ ਵਾਲੇ ਜੱਜ ਨੇ ਦਿਲਬਾਗ ਉੱਤੇ ਇੱਕ ਨੂੰ ਛੱਡ ਕੇ ਬਾਕੀ ਨਾਜਾਇਜ਼ ਪਾਏ ਕੇਸ ਬਰੀ ਕਰ ਦਿੱਤੇ ਤਾਂ ਤਰਲੋਕ ਸਿੰਘ ਉਸ ਨੂੰ ਲੈ ਕੇ ਫਿਰ ਸੰਤਾਂ ਕੋਲ ਗਿਆ। ਸੰਤਾਂ ਨੇ ਕੁਝ ਮਿੱਠੀਆਂ ਝਿੜਕਾਂ ਮਾਰ ਕੇ ਉਸ ਨੂੰ ਅੱਗੇ ਤੋਂ ਕਦੇ ਗ਼ਲਤੀ ਨਾ ਕਰਨ ਲਈ ਕਿਹਾ ਤੇ ਉਸ ਨੂੰ

ਫਿਰ ਆਪਣੇ ਕੋਲ ਰੱਖ ਲਿਆ ਤੇ ਤਰਲੋਕ ਸਿੰਘ ਵਾਪਸ ਆ ਗਿਆ। ਇਸ ਤੋਂ ਥੋੜ੍ਹੇ ਹੀ ਚਿਰ ਬਾਅਦ ਭਾਰਤੀ ਫ਼ੌਜ ਨੇ ਸ੍ਰੀ ਦਰਬਾਰ ਸਾਹਿਬ 'ਤੇ ਹਮਲਾ ਕਰ ਦਿੱਤਾ ਤੇ ਭਾਈ ਦਿਲਬਾਗ ਸਿੰਘ ਬਹਿਲਾ ਉੱਥੇ ਹੀ ਹੋਰ ਜੁਝਾਰੂ ਸਿੰਘਾਂ ਸਮੇਤ ਜੂਝਦਾ ਹੋਇਆ ਸ਼ਹੀਦ ਹੋ ਗਿਆ।

ਸੁਰਜੀਤ ਸਿੰਘ ਬਹਿਲਾ

ਦਰਬਾਰ ਸਾਹਿਬ ਉੱਪਰ ਹੋਏ ਵਹਿਸ਼ੀ ਹਮਲੇ ਨੇ ਤਾਂ ਡੂੰਘੀ ਨੀਂਦ 'ਚ ਸੁੱਤੀ ਸਿੱਖ ਜਵਾਨੀ ਨੂੰ ਝੰਜੋੜ ਕੇ ਜਗਾ ਦਿੱਤਾ ਸੀ ਤੇ ਫਿਰ ਮੁੱਛ ਫੁੱਟ ਗੱਭਰੂ ਸੁਰਜੀਤ ਸਿੰਘ ਬਹਿਲਾ ਤਾਂ ਸੰਤਾਂ ਦੀ ਗੋਦ ਦਾ ਨਿੱਘ ਵੀ ਮਾਣ ਚੁੱਕਾ ਸੀ। ਉਸ ਦਾ ਆਪਾ ਝੰਜੋੜਿਆ ਗਿਆ। ਉਸ ਦੇ ਕਦਮ ਆਪ ਮੁਹਾਰੇ ਸਿੱਖ ਸੰਘਰਸ਼ਮਈ ਰਾਹਾਂ 'ਤੇ ਹੋ ਤੁਰੇ। ਪਹਿਲਾਂ ਉਹ (ਸ਼ਹੀਦ) ਭਾਈ ਗੁਰਦੇਵ ਸਿੰਘ ਉਸਮਾਨਵਾਲਾ ਨਾਲ ਮਿਲ ਕੇ ਸੇਵਾ ਕਰਦਾ ਰਿਹਾ ਤੇ ਫਿਰ ਬਾਬਾ ਗੁਰਬਚਨ ਸਿੰਘ ਮਾਨੋਚਾਹਲ ਨਾਲ ਪੱਕੇ ਤੌਰ 'ਤੇ ਜੁੜ ਗਿਆ।

ਇਹਨਾਂ ਦਿਨਾਂ ਵਿਚ ਇਕ ਮੁਖ਼ਬਰੀ ਦੇ ਆਧਾਰ 'ਤੇ ਸੁਰਜੀਤ ਸਿੰਘ ਬਹਿਲੇ ਨੂੰ ਪੁਲੀਸ ਨੇ ਗ੍ਰਿਫਤਾਰ ਵੀ ਕੀਤਾ। ਮਾਲ ਮੰਡੀ ਤੇ ਤਰਨ ਤਾਰਨ ਸੀ.ਆਈ.ਏ. ਸਟਾਫ 'ਚ ਸੀਤਾ ਰਾਮ ਵੱਲੋਂ ਅਣਮਨੁੱਖੀ ਤਸੀਹੇ ਵੀ ਦਿੱਤੇ ਗਏ ਪਰ ਪੁਲੀਸ ਨਾ ਹੀ ਉਸ ਤੋਂ ਕੋਈ ਭੇਤ ਲੈ ਸਕੀ ਤੇ ਨਾ ਹੀ ਉਸ ਦੇ ਦ੍ਰਿੜ੍ਹ ਇਰਾਦੇ ਨੂੰ ਬਦਲਿਆ ਹੀ ਜਾ ਸਕਿਆ। ਦਰਬਾਰ ਸਾਹਿਬ ਉੱਪਰ ਦੂਜੇ ਹਮਲੇ (ਕਾਲੀ ਗਰਜ) ਸਮੇਂ ਉਹ ਜੇਲ੍ਹ ਵਿਚ ਸੀ।

ਜੇਲ੍ਹ 'ਚੋਂ ਬਾਹਰ ਆ ਕੇ ਉਸ ਨੇ ਆਪਣੀਆਂ ਜੁਝਾਰੂ ਸਰਗਰਮੀਆਂ ਫਿਰ ਅਰੰਭ ਕਰ ਦਿੱਤੀਆਂ। ਉਸ ਨੂੰ ਕਈ ਥਾਂਵਾਂ 'ਤੇ ਵੱਡੇ ਵੱਡੇ ਘੇਰੇ ਪਏ ਪਰ ਉਹ ਫ਼ਾਇਰਿੰਗ ਕਰਦਾ ਪੁਲੀਸ ਦੀਆਂ ਸਫ਼ਾਂ ਚੀਰ ਕੇ ਨਿਕਲ ਜਾਂਦਾ। ਉਸ ਦੇ ਇਲਾਕੇ ਦੀ ਪੁਲੀਸ ਲਈ ਸੁਰਜੀਤ ਸਿੰਘ ਬਹਿਲਾ ਇੱਕ 'ਏ' ਸ੍ਰੇਣੀ ਦਾ ਖਾੜਕੂ ਬਣ ਗਿਆ। ਹੁਣ ਉਹ ਬਾਬਾ ਮਾਨੋਚਾਹਲ ਦੀ ਬੀ.ਟੀ.ਐਫ. ਦਾ ਲੈਫਟੀਨੈਂਟ ਜਰਨਲ ਸੀ ਤੇ ਬਾਬਾ ਮਾਨੋਚਾਹਲ ਦਾ ਸਭ ਤੋਂ ਨਜ਼ਦੀਕੀ। ਸੰਨ 91 ਦੀਆਂ ਚੋਣਾਂ ਵਿਚ ਬਾਬਾ ਮਾਨੋਚਾਹਲ ਗਰੁੱਪ ਨੇ ਸਿੱਖ ਸਟੂਡੈਂਟਸ ਫ਼ੈਡਰੇਸ਼ਨ ਦੀ ਹਮਾਇਤ ਕਰਕੇ ਚੋਣ ਪ੍ਰੋਗਰਾਮ ਵਿਚ ਹਿੱਸਾ ਲੈਣ ਦਾ ਬਹੁਤ ਹੀ ਦੂਰਦਰਸ਼ੀ ਫ਼ੈਸਲਾ ਲਿਆ, ਪਰ ਇਸ ਦੂਰਦਰਸ਼ੀ ਵਾਲੇ ਫ਼ੈਸਲੇ ਦਾ ਕੁਝ ਆਪਣਿਆਂ ਵੱਲੋਂ ਹੀ ਵਿਰੋਧ ਹੋਇਆ। ਸਰਕਾਰ ਵੱਲੋਂ ਚੋਣਾਂ ਆਖ਼ਰੀ ਮੌਕੇ 'ਤੇ ਰੱਦ ਕਰ ਦਿੱਤੇ ਜਾਣ ਦੀ ਪਿਛਲੀ ਸਾਜਿਸ਼ ਨੂੰ ਕੌਮ ਦੇ ਰਹਿਬਰ ਸਮਝ ਨਾ ਸਕੇ ਤੇ ਅਗਲੇ ਚੋਣ ਅਮਲ ਵਿਚ ਕੌਮ ਨੂੰ ਬਾਈਕਾਟ ਦੇ ਰਾਹ ਤੋਰ ਕੇ ਆਤਮਘਾਤੀ ਫ਼ੈਸਲਾ ਕਰ ਲਿਆ ਗਿਆ।

ਪੰਜਾਬ ਵਿਚ ਬੇਅੰਤ-ਸਰਕਾਰ ਸਥਾਪਿਤ ਹੋਣ ਪਿੱਛੋਂ ਪਿੰਡਾਂ ਵਿਚ ਕਤਲੇਆਮ ਦਾ ਜੋ ਵਹਿਸ਼ੀ ਦੌਰ ਚਲਾਇਆ ਗਿਆ, ਉਸ ਨਾਲ ਦੁਨੀਆ ਭਰ ਦੀਆਂ ਮਨੁੱਖੀ ਹੱਕਾਂ ਦੀਆਂ ਜਥੇਬੰਦੀਆਂ ਤ੍ਰਾਹ-ਤ੍ਰਾਹ ਕਰ ਉੱਠੀਆਂ, ਪਰ ਇਹ ਵਹਿਸ਼ੀ ਜਬਰ ਜ਼ੁਲਮ ਸਿੱਖ ਜੁਝਾਰੂਆਂ ਦੇ ਸਿਦਕ ਵਿਚ ਨਿੱਕੀ ਜਿਹੀ ਤਰੇੜ ਵੀ ਨਾ ਪਾ ਸਕਿਆ।

ਸੁਰਜੀਤ ਸਿੰਘ ਬਹਿਲਾ ਇਹਨੀ ਦਿਨੀਂ ਆਪਣੇ ਪਿੰਡ ਦੀ ਇੱਕ ਖ਼ਾਲੀ ਪਈ ਵੱਡੀ

ਬਿਲਡਿੰਗ ਵਿੱਚ ਬਣਾਏ ਇੱਕ ਗੁਪਤ ਬੰਕਰ ਵਿੱਚ ਆਪਣੇ ਇੱਕ ਸਾਥੀ ਨਾਲ ਰਹਿੰਦਾ ਸੀ। ਉਹ ਬੰਕਰ ਬਣਾਉਣ ਵਾਲੇ ਮਿਸਤਰੀ ਰਾਹੀਂ ਹੀ ਇਸ ਦੀ ਸੂਹ ਪੁਲੀਸ ਕੋਲ ਪਹੁੰਚ ਗਈ। ਤਰਨ ਤਾਰਨ ਦੇ ਐਸ.ਐਸ.ਪੀ. ਅਜੀਤ ਸਿੰਘ ਸੰਧੂ, ਐਸ.ਪੀ. ਅਪਰੇਸ਼ਨ ਖੁਬੀ ਰਾਮ, ਡੀ.ਐਸ.ਪੀ. ਗੁਰਮੀਤ ਸਿੰਘ ਵਰਗੇ ਪ੍ਰਮੁੱਖ ਪੁਲਸੀਆਂ ਦੀ ਅਗਵਾਈ ਵਿੱਚ ਪੁਲੀਸ ਅਤੇ ਫ਼ੌਜ ਦਾ ਇੱਕ ਵੱਡਾ ਕਾਫ਼ਲਾ ਮਿਤੀ 7 ਜੂਨ 1992 ਨੂੰ ਮਿਸਤਰੀ ਨੂੰ ਨਾਲ ਲੈ ਕੇ ਬਹਿਲੇ ਪਿੰਡ ਨੂੰ ਤੁਰਿਆ। ਪੁਲੀਸ ਅਫ਼ਸਰਾਂ ਨੂੰ ਭੁਲੇਖਾ ਸੀ ਕਿ ਇਸ ਲੁਕਵੇਂ ਬੰਕਰ ਵਿੱਚ ਕੇਵਲ ਹਥਿਆਰ ਹੀ ਹੋਣਗੇ, ਬਹਿਲਾ ਖੁਦ ਨਹੀਂ। ਪਰ ਬਹਿਲਾ ਅਤੇ ਇੱਕ ਹੋਰ ਸਿੰਘ ਇਸ ਵੇਲੇ ਬੰਕਰ ਵਿੱਚ ਮੌਜੂਦ ਸਨ ਤੇ ਨਾਲ ਹੀ ਉਹਨਾਂ ਨੂੰ ਰੋਟੀ ਪਾਣੀ ਛਕਾਉਣ ਵਾਲਾ ਇੱਕ ਸਿੰਘ ਸੀ। ਡਰਦੇ ਪੁਲੀਸ ਅਫ਼ਸਰਾਂ ਨੇ ਪਿੰਡ ਦੇ ਸਰਪੰਚ ਸਮੇਤ ਕਈ ਨਿਰਦੋਸ਼ ਔਰਤਾਂ ਮਰਦ ਅੱਗੇ ਲਾ ਕੇ ਉਸ ਇਮਾਰਤ ਵਿੱਚ ਵਾੜੇ ਤੇ ਬੰਕਰ ਦੀ ਤਲਾਸ਼ੀ ਅਰੰਭ ਕੀਤੀ।

ਮਿਸਤਰੀ ਦੀ ਨਿਸ਼ਾਨਦੇਹੀ ਨਾਲ ਬੰਕਰ ਦੀ ਭੰਨ-ਤੋੜ ਅਰੰਭ ਹੋਈ। ਅੰਦਰ ਬੈਠੇ ਬਹਿਲੇ ਹੋਰਾਂ ਨੇ ਜਦੋਂ ਇਹ ਭੰਨ-ਤੋੜ ਦੀ ਅਵਾਜ਼ ਸੁਣੀ ਤਾਂ ਉਹ ਸਾਰਾ ਮਾਜਰਾ ਸਮਝ ਗਏ। ਗੁਰੂ ਕੇ ਲਾਲਾਂ ਨੇ ਮਨ ਹੀ ਮਨ ਵਿੱਚ ਅਰਦਾਸ ਕਰਕੇ ਸ਼ਹੀਦੀ ਦਾ ਫ਼ੈਸਲਾ ਲੈ ਕੇ ਸ਼ਸਤਰ ਸੰਭਾਲੇ ਅਤੇ ਬੰਕਰ ਦਾ ਅੰਦਰੋਂ ਬੰਦ ਦਰਵਾਜ਼ਾ ਖੋਲ੍ਹ ਦਿੱਤਾ। ਬਾਹਰ ਨਿਕਲਦਿਆਂ ਹੀ ਇਹਨਾਂ ਜਦੋਂ ਬਰੱਸਟ ਮਾਰਿਆ ਤਾਂ ਪੁਲੀਸ ਫ਼ੋਰਸਾਂ ਅਤੇ ਅਫ਼ਸਰਾਂ ਵਿੱਚ ਭਾਜੜ ਪੈ ਗਈ। ਸਾਰੇ ਅਫ਼ਸਰ ਭੱਜ ਕੇ ਇਮਾਰਤ ਦੀ ਅਖੀਰਲੀ ਛੱਤ 'ਤੇ ਜਾ ਚੜ੍ਹੇ ਤੇ ਮੁਕਾਬਲਾ ਅਰੰਭ ਹੋ ਜਾਣ ਕਰਕੇ ਉੱਪਰ ਹੀ ਫਸ ਗਏ।

ਪੁਲੀਸ ਅਫ਼ਸਰਾਂ ਦੇ ਭੱਜ ਜਾਣ ਪਿੱਛੋਂ ਬਹਿਲੇ ਹੋਰਾਂ ਨੇ ਹੇਠਲੀ ਸਾਰੀ ਇਮਾਰਤ ਦੀ ਤਲਾਸ਼ੀ ਲਈ। ਗਰਾਊਂਡ ਫਲੋਰ 'ਤੇ ਜਦੋਂ ਬਹਿਲੇ ਹੋਰਾਂ ਨੇ ਪਿੰਡ ਦੇ ਸਰਪੰਚ ਨੂੰ ਵੇਖਿਆ ਤਾਂ ਹੈਰਾਨੀ ਨਾਲ ਉਹਨਾਂ ਦੇ ਇੱਥੇ ਹੋਣ ਦਾ ਕਾਰਨ ਪੁੱਛਿਆ। ਜਦੋਂ ਸਰਪੰਚ ਹੋਰਾਂ ਨੇ ਦੱਸਿਆ ਕਿ ਸਾਨੂੰ ਪੁਲੀਸ ਅੱਗੇ ਲਾ ਕੇ ਲੈ ਕੇ ਆਈ ਤਾਂ ਬਹਿਲੇ ਹੋਰਾਂ ਨੇ ਉਹਨਾਂ ਨੂੰ ਕਵਰ ਫ਼ਾਇਰ ਦੇ ਕੇ ਬਾਹਰ ਕੱਢਣ ਦਾ ਭਰੋਸਾ ਦਿਵਾਇਆ।

ਸਰਪੰਚ ਨੂੰ ਬਾਹਰ ਕੱਢਣ ਤੋਂ ਪਹਿਲਾਂ ਭਾਈ ਸੁਰਜੀਤ ਸਿੰਘ ਬਹਿਲੇ ਨੇ ਉਸ ਰਾਹੀਂ ਆਪਣੇ ਪਰਿਵਾਰ ਨੂੰ ਆਪਣੇ ਤਿੰਨ ਆਖਰੀ ਸੁਨੇਹੇ ਭੇਜੇ। ਇਹ ਤਿੰਨੇ ਸੁਨੇਹੇ ਸਨ:

1. ਮੇਰੇ ਪਿਉ ਨੂੰ ਕਹਿਣਾ ਬਹਿਲਾ ਪਿੰਡ ਨਹੀਂ ਛੱਡਣਾ।

2. ਮੇਰੀ ਸਿੰਘਣੀ ਨੂੰ ਕਹਿਣਾ ਮੇਰੇ ਮਾਂ ਪਿਉ ਦੀ ਆਗਿਆਕਾਰ ਹੋ ਕੇ ਰਹੇ।

3. ਫਲਾਣੀ ਥਾਂ ਸਾਡਾ ਵੀਹ ਹਜ਼ਾਰ ਰੁਪਿਆ ਪਿਆ ਹੈ, ਮੇਰੇ ਪਿਤਾ ਨੂੰ ਕਹਿਣਾ ਕਿ ਉਹ ਲੈ ਕੇ ਉਸ ਪੈਸੇ ਦੇ ਸਾਡੇ ਅਖੰਡ ਪਾਠ ਹੀ ਕਰਵਾਉਣੇ।

ਇਹ ਸੁਨੇਹੇ ਦੇ ਕੇ ਸੁਰਜੀਤ ਸਿੰਘ ਬਹਿਲੇ ਨੇ ਬੇਦੋਸ਼ੇ ਪਿੰਡ ਵਾਸੀਆਂ ਨੂੰ ਕਵਰ-ਫ਼ਾਇਰ ਦੇ ਕੇ ਬਾਹਰ ਕੱਢ ਦਿੱਤਾ ਤੇ 'ਚਮਕੌਰ ਦੀ ਗੜ੍ਹੀ' ਤੋਂ ਸੇਧ ਲੈ ਕੇ ਇੱਕ ਅਨੋਖਾ ਹੀ ਮੁਕਾਬਲਾ ਅਰੰਭ ਦਿੱਤਾ।

ਮੁਕਾਬਲਾ ਅਰੰਭ ਹੁੰਦਿਆਂ ਹੀ ਪੰਜਾਬ ਪੁਲੀਸ ਤੇ ਭਾਰਤੀ ਫ਼ੌਜ ਦੇ 'ਬਹਾਦਰ' ਜਵਾਨਾਂ ਨੇ ਬੇਦੋਸ਼ੇ ਪਿੰਡ ਵਾਸੀਆਂ ਨੂੰ ਆਪਣੀ ਢਾਲ ਬਣਾ ਕੇ ਅੱਗੇ ਲਾ ਲਿਆ ਤੇ ਚਾਰ ਚੁਫ਼ੇਰਿਓਂ ਇਮਾਰਤ ਉੱਪਰ ਗੋਲ਼ੀਆਂ ਤੇ ਗੋਲਿਆਂ ਦਾ ਮੀਂਹ ਵਰ੍ਹਾਉਣ ਲੱਗੇ। ਪਿੰਡ ਵਾਸੀ ਅਜੇ ਵੀ ਉਹ ਕਹਾਣੀ ਦੱਸਦਿਆਂ ਭਾਵੁਕ ਹੋ ਜਾਂਦੇ ਹਨ ਕਿ ਕਿਵੇਂ ਪੁਲੀਸ ਵਾਲ਼ੇ ਬੇਦੋਸ਼ੇ ਪਿੰਡ ਵਾਲ਼ਿਆਂ ਨੂੰ ਆਪਣੇ ਅੱਗੇ ਖੜ੍ਹੇ ਕਰਕੇ ਉਹਨਾਂ ਦੇ ਲੱਤਾਂ ਦੇ ਵਿਚਕਾਰ ਲੰਮੇ ਪੈ ਕੇ ਇਮਾਰਤ 'ਤੇ ਫ਼ਾਇਰਿੰਗ ਕਰਦੇ ਸਨ। ਉਹ ਇਹ ਵੀ ਭਾਵੁਕ ਹੋ ਦੱਸਦੇ ਹਨ ਕਿ ਅੰਦਰੋਂ ਬਹਿਲੇ ਹੋਰਾਂ ਦੇ ਗਰਜਵੀਂ ਅਵਾਜ਼ ਵਿੱਚ ਜੈਕਾਰਿਆਂ ਦੇ ਨਾਲ਼ ਨਾਲ਼ ਪੁਲੀਸ ਵਾਲ਼ਿਆਂ ਨੂੰ ਕੱਢੀਆਂ ਜਾ ਰਹੀਆਂ ਗਾਲ਼ਾਂ ਦੀ ਅਵਾਜ਼ ਵੀ ਸੁਣਦੀ ਸੀ, ਜਿਸ ਰਾਹੀਂ ਉਹ ਕਹਿੰਦੇ ਸਨ ਕਿ 'ਸਿੱਧੇ ਟੱਕਰੋ, ਬੇਦੋਸ਼ੇ ਲੋਕਾਂ ਨੂੰ ਕਿਉਂ ਅੱਗੇ ਕਰਦੇ ਓ।' ਪਰ ਬਹਿਲੇ ਹੋਰਾਂ ਦੀਆਂ ਇਹ ਫਿਟਕਾਰਾਂ ਪੰਜਾਬ ਪੁਲੀਸ ਤੇ ਭਾਰਤੀ ਫ਼ੌਜ ਦੇ 'ਬਹਾਦਰ' ਅਫ਼ਸਰਾਂ ਨੂੰ ਸ਼ਰਮਸਾਰ ਨਾ ਕਰ ਸਕੀਆਂ। ਪਿੰਡ ਵਾਲੇ ਇਹ ਦੱਸਦਿਆਂ ਮੁਸਕਰਾ ਪੈਂਦੇ ਹਨ, ਜਦੋਂ ਦੱਸਦੇ ਹਨ ਕਿ ਬਹਿਲੇ ਹੋਰਾਂ ਦੀਆਂ ਗੋਲ਼ੀਆਂ ਪਿੰਡ ਵਾਸੀਆਂ ਦਾ ਬਚਾਅ ਕਰਦੀਆਂ ਪੁਲੀਸ ਵਾਲ਼ਿਆਂ ਨੂੰ ਢੂੰਡਦੀਆਂ ਰਹੀਆਂ ਸਨ। ਪੁਲੀਸ ਅਤੇ ਫ਼ੌਜ ਨੇ ਬੁਲੇਟ ਪਰੂਫ਼ ਟਰੈਕਟਰ, ਬਖ਼ਤਰਬੰਦ ਗੱਡੀਆਂ ਤੇ ਮਾਰਟਰ ਤੋਪਾਂ ਦੀ ਖੁੱਲ੍ਹ ਕੇ ਵਰਤੋਂ ਕੀਤੀ; ਪਰ ਭੁੱਖਣ ਭਾਣੇ ਦੋ ਸਿੰਘਾਂ ਨੇ ਇਸ ਵਿਸ਼ਾਲ ਫ਼ੋਰਸ ਨੂੰ ਪੂਰੇ 36 ਘੰਟੇ ਇੱਕ ਘਮਸਾਣ ਵਿੱਚ ਉਲ਼ਝਾਈ ਰੱਖਿਆ ਤੇ ਜੂਝਦੇ ਹੋਏ ਸ਼ਹਾਦਤ ਦਾ ਜਾਮ ਪੀ ਗਏ। ਖੰਡਰ ਬਣੀ ਇਮਾਰਤ ਉਸ ਹੋਈ ਭਾਰੀ ਗੋਲਾਬਾਰੀ ਦੀ ਮੂਕ ਗਵਾਹ ਰਹੀ ਹੈ।

ਜਦੋਂ ਪੁਲੀਸ ਅਫ਼ਸਰਾਂ ਨੇ ਵੇਖਿਆ ਕਿ ਜੂਝਣ ਵਾਲੇ ਸਿੰਘ ਕੇਵਲ ਦੋ ਹੀ ਸਨ ਤਾਂ ਸ਼ਰਮਿੰਦਗੀ ਤੋਂ ਬਚਣ ਲਈ ਉਹਨਾਂ ਨੇ ਉੱਥੇ ਇਕੱਠੇ ਕੀਤੇ ਜ਼ਖ਼ਮੀ ਹੋਏ 6 ਨਿਰਦੋਸ਼ ਪਿੰਡ ਵਾਸੀਆਂ ਨੂੰ ਗੋਲ਼ੀਆਂ ਮਾਰ ਕੇ ਕਤਲ ਕਰ ਦਿੱਤਾ ਤੇ ਪ੍ਰੈੱਸ ਵਾਲ਼ਿਆਂ ਨੂੰ ਕਿਹਾ ਕਿ ਮੁਕਾਬਲੇ ਵਿੱਚ ਨੌਂ ਖਾੜਕੂ ਮਾਰੇ ਗਏ ਹਨ। ਬੇਦੋਸ਼ੇ ਲੋਕਾਂ ਦੇ ਕਤਲਾਂ ਕਾਰਨ ਪੁਲੀਸ ਦੀ ਵੱਡੇ ਪੱਧਰ 'ਤੇ ਨਿੰਦਾ ਹੋਈ ਅਤੇ ਸੁਰਜੀਤ ਸਿੰਘ ਬਹਿਲੇ ਦੀ ਜਾਂਬਾਜ਼ੀ ਦੇ ਚਰਚੇ ਹਵਾ ਵਿੱਚ ਘੁਲ਼ ਕੇ ਪੰਜਾਬ ਦੇ ਪਿੰਡ ਪਿੰਡ ਫੈਲ ਗਏ।

ਬਾਬਾ ਗੁਰਬਚਨ ਸਿੰਘ ਮਾਨੋਚਾਹਲ ਨੇ ਭਾਈ ਬਹਿਲੇ ਦੀ ਸ਼ਹੀਦੀ ਖ਼ਬਰ ਸੁਣ ਕੇ ਕਿਹਾ ਕਿ ਅੱਜ ਮੇਰੀ ਸੱਜੀ ਬਾਂਹ ਟੁੱਟ ਗਈ ਐ। ਉਹਨਾਂ ਨੇ ਭਾਵੁਕ ਕਵੀ ਮਨ ਨਾਲ਼ ਭਾਈ ਸੁਰਜੀਤ ਸਿੰਘ ਬਹਿਲੇ ਦੀ ਸ਼ਹੀਦੀ ਉੱਪਰ ਇੱਕ ਕਵਿਤਾ ਲਿਖੀ ਜਿਸ ਨੂੰ ਖ਼ੁਦ ਹੀ ਸੁਣਾਉਂਦੇ ਹੋਏ ਉਹ ਭਾਵੁਕ ਹੋ ਕੇ ਰੋਣ ਲੱਗ ਪੈਂਦੇ ਸਨ। ਅੱਜ ਬੇਸ਼ੱਕ ਲੋਕ ਉਹਨਾਂ ਸ਼ਹੀਦਾਂ ਦੀ ਗੱਲ ਖੁੱਲ੍ਹ ਕੇ ਕਰਨੋਂ ਡਰਦੇ ਹਨ, ਪਰ ਸਮਾਂ ਆਵੇਗਾ ਜਦੋਂ ਉਹਨਾਂ ਦੀਆਂ ਵਾਰਾਂ ਇੱਕ ਵਾਰ ਫਿਰ ਸਟੇਜਾਂ 'ਤੇ ਗਾਈਆਂ ਜਾਣਗੀਆਂ।

* * * * *

ਸੰਘਰਸ਼ 'ਚ ਅਖੀਰ ਤਕ ਆਪਣੀ ਪਛਾਣ ਗੁਪਤ ਰੱਖਣ ਵਾਲਾ ਜੁਝਾਰੂ

ਸ਼ਹੀਦ ਭਾਈ ਨਿਸ਼ਾਨ ਸਿੰਘ ਉਰਫ਼ ਚਿੱਤਰਕਾਰ

ਸੰਤ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਵੱਲੋਂ ਸਿੱਖ ਹੱਕਾਂ ਦੀ ਪ੍ਰਾਪਤੀ ਲਈ ਅਰੰਭੀ ਜੰਗ ਵਿੱਚ ਸ਼ਹੀਦੀਆਂ ਦਾ ਜੋ ਹੜ੍ਹ ਸਿੱਖ ਜਵਾਨੀ ਨੇ ਲਿਆਂਦਾ, ਉਸ ਗਾਥਾ ਵਿੱਚੋਂ ਕਈ ਚੋਣਵੇਂ ਸ਼ਹੀਦ ਅਣਗੌਲ਼ੇ ਹੀ ਰਹਿ ਗਏ। ਭਾਈ ਨਿਸ਼ਾਨ ਸਿੰਘ ਉਰਫ਼ ਚਿੱਤਰਕਾਰ ਅਜਿਹੇ ਹੀ ਅਣਗੌਲ਼ੇ ਸ਼ਹੀਦਾਂ ਵਿੱਚੋਂ ਇੱਕ ਹਨ।

ਸ. ਕਰਮ ਸਿੰਘ ਭਲਵਾਨ ਤੇ ਉਹਨਾਂ ਦੀ ਧਰਮ ਪਤਨੀ ਬੀਬੀ ਕਸ਼ਮੀਰ ਕੌਰ ਜਦੋਂ ਪਿਹੋਵੇ ਤੋਂ ਆਪਣਾ ਕੰਮ-ਕਾਰ ਸਮੇਟ ਕੇ ਸੰਨ 1966 ਵਿੱਚ ਗੁਰੂ ਕੀ ਨਗਰੀ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਆ ਕੇ ਮਜੀਠਾ ਰੋਡ 'ਤੇ ਰਹਿਣ ਲੱਗੇ ਤਾਂ ਓਦੋਂ ਉਹਨਾਂ ਦੇ ਘਰ ਕੇਵਲ ਇੱਕ ਲੜਕਾ ਸਾਹਿਬ ਸਿੰਘ ਸੀ। ਇੱਥੇ ਆ ਕੇ ਉਹਨਾਂ ਦੇ ਘਰ ਛੇ ਹੋਰ ਬੱਚੇ ਪੈਦਾ ਹੋਏ।

ਨਿਸ਼ਾਨ ਸਿੰਘ, ਅੰਗਰੇਜ ਸਿੰਘ, ਰਮਨਦੀਪ ਕੌਰ, ਸੁਰਿੰਦਰ ਸਿੰਘ, ਰਾਜਿੰਦਰ ਸਿੰਘ।

ਸ. ਕਰਮ ਸਿੰਘ ਸਿੰਘ ਭਲਵਾਨ ਦਾ ਬੇਸ਼ੱਕ ਮੱਝਾਂ ਦੀ ਡੇਅਰੀ ਦਾ ਕਾਰੋਬਾਰ ਹੈ, ਪਰ ਉਹਨਾਂ ਨੇ ਆਪਣੇ ਬੱਚਿਆਂ ਨੂੰ ਵਿੱਦਿਆ ਦੀ ਦਾਤ ਦਿਵਾਉਣ ਵੱਲ ਵਿਸ਼ੇਸ਼ ਰੁਚੀ ਵਿਖਾਈ।

ਭਾਈ ਨਿਸ਼ਾਨ ਸਿੰਘ ਦੀ ਮੁੱਢਲੀ ਪੜ੍ਹਾਈ ਬੀ.ਐਸ. ਮਾਡਰਨ ਸਕੂਲ ਵਿੱਚ ਹੋਈ। ਉਹ ਇਸੇ ਹੀ ਸਕੂਲ ਵਿੱਚ ਪੜ੍ਹਦਾ ਸੀ, ਜਦੋਂ ਸੰਨ 1978 ਦਾ ਸਾਕਾ ਹੋਇਆ। ਨਿਸ਼ਾਨ ਸਿੰਘ ਦੀ ਨਿੱਕੀ ਜਿਹੀ ਛਾਤੀ ਅੰਦਰਲੀ ਕੌਮੀ ਗ਼ੈਰਤ ਦੀ ਚੰਗਿਆੜੀ ਭੜਕ ਉੱਠੀ। ਸ਼ਹਿਰ ਵਿੱਚ ਦਫ਼ਾ ੧੪੪ ਲੱਗ ਚੁੱਕੀ ਸੀ, ਪਰ ਨਿੱਕੀ ਉਮਰ ਦਾ 'ਨਿਸ਼ਾਨ' ਵੱਡੀਆਂ ਪੁਲਾਂਘਾਂ ਪੁੱਟ ਕੇ ਪੰਥਕ ਜਜ਼ਬੇ ਦੇ ਹੜ੍ਹ ਵਿੱਚ ਸ਼ਾਮਲ ਹੋਣ ਲਈ ਬਜ਼ਿਦ ਸੀ। ਉਸ ਦੀ ਮਾਂ ਨੇ ਉਸ ਦੇ ਇਰਾਦੇ ਭਾਂਪ ਕੇ ਉਸ ਦੇ ਸਕੂਲ ਜਾਣ ਦੇ ਬਹਾਨੇ ਨੂੰ ਸਮਝ ਲਿਆ ਤੇ ਘਰੋਂ ਬਾਹਰ ਪੈਰ ਰੱਖਣ ਤੋਂ ਮਨ੍ਹਾ ਕਰ ਦਿੱਤਾ।

'ਨਿਸ਼ਾਨ' ਨੇ ਮਾਂ ਦੇ ਹੁਕਮ ਦੀ ਉਲੰਘਣਾ ਤਾਂ ਨਾ ਕੀਤੀ, ਪਰ ਮੂੰਹ 'ਤੇ ਕੱਪੜੇ ਦਾ ਝੁੰਬ ਮਾਰ ਕੇ ਰੋਣਾ ਸ਼ੁਰੂ ਕਰ ਦਿੱਤਾ। ਮਾਂ ਕਾਫ਼ੀ ਸਮਾਂ ਜ਼ਿਦ 'ਤੇ ਅੜੀ ਰਹੀ, ਪਰ ਫਿਰ ਸੋਚਣ ਲੱਗੀ:

"ਮੈਂ ਕਿਉਂ ਡਰ ਰਹੀ ਆਂ...? ਕੀ ਇਸ ਲਈ ਕਿ ਕਿਤੇ ਇਹਨੂੰ ਗੋਲੀ ਨਾ ਵੱਜ ਜਾਏ...? .....ਜੇ ਇਸ ਤਰ੍ਹਾਂ ਹੀ ਇਹਨੂੰ ਕਿਤੇ ਸੱਪ ਲੜ ਜਾਏ ਜਾਂ ਸਕੂਲ ਜਾਂਦੇ ਐਕਸੀਡੈਂਟ ਹੋ ਜਾਏ ਤਾਂ ਵੀ ਤਾਂ ਜਰਨਾ ਈ ਹੈ.... ਹੁਣ ਤਾਂ ਇਹ ਗੁਰੂ ਦੇ ਸਤਿਕਾਰ ਲਈ ਜਾ ਰਿਹੈ....।"

ਇਹ ਖ਼ਿਆਲ ਮਨ ਵਿੱਚ ਆਉਂਦੇ ਹੀ ਮਾਂ ਨੇ ਨਿਸ਼ਾਨ ਸਿੰਘ ਨੂੰ ਸ਼ਹੀਦ ਸਿੰਘਾਂ ਦੇ ਸਸਕਾਰ ਤੋਂ ਬਾਅਦ ਸਿੱਧਾ ਘਰ ਆਉਣ ਦੀ ਸ਼ਰਤ 'ਤੇ ਜਾਣ ਦੀ ਪ੍ਰਵਾਨਗੀ ਦੇ ਦਿੱਤੀ। ਪ੍ਰਵਾਨਗੀ ਮਿਲਦਿਆਂ ਹੀ ਛਾਲਾਂ ਮਾਰਦਾ ਨਿਸ਼ਾਨ ਸਿੰਘ ਬਾਹਰ ਨਿਕਲਿਆ ਤੇ ਪਤਾ ਨਹੀਂ ਕਿੰਨੀਆਂ ਕੁ ਪ੍ਰਸ਼ਾਸਕੀ ਰੁਕਾਵਟਾਂ ਤੋੜ ਕੇ ਸ਼ਹੀਦ ਸਿੰਘਾਂ ਦੇ ਸਸਕਾਰ ਵਿੱਚ ਸ਼ਾਮਲ ਹੋਇਆ। ਉਹ ਸ਼ਾਮ ਨੂੰ ਜਦੋਂ ਵਾਪਸ ਪਰਤਿਆ ਤਾਂ ਮਾਂ ਨੇ ਵੀ ਓਦੋਂ ਹੀ ਰੋਟੀ ਖਾਧੀ।

ਇਸ ਪਿੱਛੋਂ ਨਿਸ਼ਾਨ ਸਿੰਘ ਆਪਣੇ ਨਿੱਕੇ-ਨਿੱਕੇ ਪੈਰਾਂ ਨਾਲ ਵੱਡੀਆਂ ਮੰਜ਼ਲਾਂ ਸਰ ਕਰਨ ਹਿਤ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਦੇ ਕਾਫ਼ਲੇ ਦਾ ਹਮਰਾਹੀ ਬਣ ਗਿਆ। ਅੱਠ ਕਲਾਸਾਂ ਬੀ.ਐਸ. ਮਾਡਰਨ ਸਕੂਲ ਵਿੱਚ ਕਰਨ ਤੋਂ ਬਾਅਦ ਉਹ ਡੀ.ਏ.ਵੀ. ਸਕੂਲ ਹਾਲ ਗੇਟ ਵਿੱਚ ਦਾਖ਼ਲ ਹੋ ਗਿਆ ਤੇ ਦਸਵੀਂ ਤਕ ਪੜ੍ਹਾਈ ਓਥੇ ਹੀ ਕੀਤੀ। ਦਸਵੀਂ ਕਲਾਸ ਤਕ ਉਸ ਦਾ ਸੰਤਾਂ ਕੋਲ ਆਮ ਆਉਣਾ-ਜਾਣਾ ਬਣ ਗਿਆ ਸੀ। ਉਸ ਨੇ ਆਪਣੇ ਹਮ-ਉਮਰ ਦੋਸਤਾਂ ਦਾ ਇੱਕ ਗਰੁੱਪ ਤਿਆਰ ਕਰ ਕੇ ਹਿੰਦੂ ਫ਼ਿਰਕਾਪ੍ਰਸਤੀ ਦੀ ਬੁਰਛਾਗਰਦੀ ਦਾ ਟਾਕਰਾ ਕਰਨ ਦੀਆਂ ਤਿਆਰੀਆਂ ਵੀ ਅਰੰਭ ਕਰ ਦਿੱਤੀਆਂ। ਭਵਾਨੀ ਨਗਰ, ਮਜੀਠਾ ਰੋਡ 'ਤੇ ਜਿੱਥੇ ਉਹਨਾਂ ਦਾ ਪਰਿਵਾਰ ਰਹਿੰਦਾ ਸੀ, ਓਥੇ ਸਿੱਖਾਂ ਦੀ ਗਿਣਤੀ ਘੱਟ ਸੀ ਤੇ ਇਲਾਕੇ ਦੇ ਹਿੰਦੂ ਫ਼ਿਰਕਾਪ੍ਰਸਤ ਆਪ ਪ੍ਰਤੀ ਬਹੁਤ 'ਕੌੜ' ਰੱਖਣ ਲੱਗ ਪਏ ਸਨ।

ਜਦੋਂ ਅੰਮ੍ਰਿਤਸਰ ਰੇਲਵੇ ਸਟੇਸ਼ਨ ਤੋਂ ਦਰਬਾਰ ਸਾਹਿਬ ਦਾ ਮਾਡਲ ਤੋੜਨ ਅਤੇ 'ਕੜਾ ਕਛਹਿਰਾ ਤੇ ਕਿਰਪਾਨ, ਧੱਕ ਦਿਆਂਗੇ ਪਾਕਿਸਤਾਨ' ਦੇ ਨਾਹਰੇ ਲਾਉਣ ਦਾ ਮੁੱਖ ਦੋਸ਼ੀ ਭਾਜਪਾ ਦਾ ਹਰਬੰਸ ਲਾਲ ਖੰਨਾ ਸਿੰਘਾਂ ਦੀ ਗੋਲੀ ਨਾਲ ਮਾਰਿਆ ਗਿਆ, ਤਾਂ ਹਿੰਦੂਵਾਦੀ ਭੀੜਾਂ ਨੇ ਮੈਡੀਕਲ ਕਾਲਜ, ਮਜੀਠਾ ਰੋਡ, ਅੰਮ੍ਰਿਤਸਰ ਤੋਂ ਉਸ ਦੀ ਲਾਸ਼ ਦਾ ਜਲੂਸ ਸ਼ਹਿਰ ਵਿੱਚ ਕੱਢਣ ਦਾ ਐਲਾਨ ਕੀਤਾ। ਨਿਸ਼ਾਨ ਸਿੰਘ ਹੋਰਾਂ ਨੇ ਅੰਦਾਜ਼ਾ ਲਾ ਲਿਆ ਕਿ ਮਜੀਠਾ ਰੋਡ ਤੋਂ ਲੰਘਣ ਵੇਲੇ ਇਹ ਭੁਸਰੀ ਹੋਈ ਭੀੜ ਗੁਰਦੁਆਰਾ ਗੁਰੂ ਹਰਿਰਾਇ ਸਾਹਿਬ ਮਜੀਠਾ ਰੋਡ 'ਤੇ ਹਮਲਾ ਜ਼ਰੂਰ ਕਰੇਗੀ। ਉਹ ਆਪਣੇ ਹਮ-ਉਮਰ ਚਾਰ ਸਾਥੀਆਂ ਨਾਲ ਹੀ ਗੁਰਦੁਆਰੇ ਦੀ ਰਾਖੀ ਹਿਤ ਓਥੇ ਜਾ ਪਹੁੰਚਿਆ।

ਓਹੋ ਗੱਲ ਹੋਈ। ਹਰਬੰਸ ਲਾਲ ਖੰਨਾ ਦੀ ਅਰਥੀ ਦੇ ਜਲੂਸ 'ਚ ਸ਼ਾਮਲ ਦੋ ਹਜ਼ਾਰ ਦੀ ਹਿੰਸਕ ਭੀੜ ਨੇ ਗੁਰਦੁਆਰੇ 'ਤੇ ਹਮਲਾ ਕਰ ਦਿੱਤਾ। ਅੱਗੋਂ ਇਹਨਾਂ ਪੰਜ ਸਿੱਖ ਨੌਜੁਆਨਾਂ ਨੇ ਇੱਟਾਂ ਦੀ ਵਰਖਾ ਕਰ ਕੇ ਕਿਸੇ ਵੀ ਹਮਲਾਵਰ ਨੂੰ ਗੁਰਦੁਆਰੇ ਦੇ ਨੇੜੇ ਨਾ ਢੁਕਣ ਦਿੱਤਾ। ਪੰਜ ਨਿੱਕੀ ਉਮਰ ਦੇ ਨੌਜੁਆਨਾਂ ਨੂੰ ਦੋ ਹਜ਼ਾਰ ਦੀ ਜਨੂੰਨੀ ਭੀੜ ਨਾਲ ਲੋਹਾ ਲੈਂਦੇ ਵੇਖ ਕੇ ਸਾਮ੍ਹਣੇ ਗੌਰਮਿੰਟ ਮੈਡੀਕਲ ਕਾਲਜ ਦੇ ਕੁਝ ਸਿੱਖ ਵਿਦਿਆਰਥੀ ਵੀ ਗੁਰਦੁਆਰੇ ਦੀ ਰਾਖੀ ਲਈ ਨਿੱਤਰ ਆਏ। ਬੁਰਛਾਗਰਦਾਂ ਦੀ ਭੀੜ ਨੇ ਬਾਹਰੋਂ ਗੋਲੀਆਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ। ਮੈਡੀਕਲ ਕਾਲਜ ਦੇ ਇੱਕ ਸਟੂਡੈਂਟ ਦੀ ਲੱਤ ਵਿੱਚ ਗੋਲੀ ਵੱਜ ਗਈ। ਇਸ ਤੋਂ ਬਾਅਦ ਦੋ

ਨੌਜੁਆਨ ਉਸ ਵਿਦਿਆਰਥੀ ਨੂੰ ਚੁੱਕ ਕੇ ਹਸਪਤਾਲ ਲੈ ਗਏ ਤੇ ਬਾਕੀ ਦੇ ਵੀਰ ਹਮਲਾਵਰਾਂ ਦਾ ਟਾਕਰਾ ਕਰਦੇ ਰਹੇ। ਉਧਰ ਜ਼ਖ਼ਮੀ ਵਿਦਿਆਰਥੀ ਨੂੰ ਖ਼ੂਨ ਦੇ ਕੇ ਉਸ ਦੀ ਜਾਨ ਵੀ ਬਚਾ ਲਈ ਗਈ ਤੇ ਬਾਕੀ ਨੌਜੁਆਨਾਂ ਨੇ ਹਮਲਾਵਰਾਂ ਨੂੰ ਵੀ ਖਦੇੜ ਦਿੱਤਾ। ਅਖੀਰ ਛਿੱਥੀ ਪੈ ਕੇ ਹਿੰਦੂਵਾਦੀ ਭੀੜ ਰਾਹ ਜਾਂਦੇ ਸਿੱਖਾਂ ਅਤੇ ਸਿੱਖਾਂ ਦੀਆਂ ਦੁਕਾਨਾਂ ਨੂੰ ਆਪਣਾ ਨਿਸ਼ਾਨਾ ਬਣਾਉਂਦੀ ਹੋਈ ਅਗਾਂਹ ਲੰਘ ਗਈ। ਨਿਸ਼ਾਨ ਸਿੰਘ ਦੀ ਅਗਵਾਈ ਵਿੱਚ ਮੁੱਛ-ਫੁੱਟ ਸਿੱਖ ਗੱਭਰੂਆਂ ਨੇ ਇੱਕ ਇਤਿਹਾਸ ਸਿਰਜ ਦਿੱਤਾ ਸੀ।

ਨਿਸ਼ਾਨ ਸਿੰਘ ਦੀ ਪੇਂਟਿੰਗ ਵਿੱਚ ਮੁਹਾਰਤ ਤਾਂ ਹੈ ਹੀ ਸੀ, ਉਸ ਨੇ ਗੁਰੂ ਸਾਹਿਬ, ਖ਼ਾਲਸਾਈ ਨਿਸ਼ਾਨ ਸਾਹਿਬ ਤੇ ਸੰਤ ਜਰਨੈਲ ਸਿੰਘ ਜੀ ਦੀਆਂ ਕਈ ਸੁੰਦਰ ਤਸਵੀਰਾਂ ਤਿਆਰ ਕੀਤੀਆਂ। ਉਸ ਦੀ ਚਿੱਤਰਕਾਰੀ ਏਨੀ ਕਮਾਲ ਦੀ ਸੀ ਕਿ ਉਹ ਇੱਕ ਵਾਰ ਜਿਸ ਚਿਹਰੇ ਨੂੰ ਵੇਖ ਲੈਂਦਾ, ਉਸ ਦਾ ਹੂ-ਬਹੂ ਸਕੈੱਚ ਤਿਆਰ ਕਰ ਦਿੰਦਾ। ਉਸ ਦਾ ਇਹ ਹੁਨਰ ਉਸ ਦੇ ਜੁਝਾਰੂ ਜੀਵਨ 'ਚ ਬਹੁਤ ਕੰਮ ਆਇਆ। ਸੰਤ ਜਰਨੈਲ ਸਿੰਘ ਜੀ ਉੱਪਰ ਉਸ ਨੇ ਕਈ ਕਵਿਤਾਵਾਂ ਵੀ ਲਿਖੀਆਂ, ਜਿਨ੍ਹਾਂ ਵਿੱਚੋਂ ਕੁਝ ਕੁ ਅਜੇ ਤਕ ਵੀ ਸੰਭਾਲ਼ੀਆਂ ਪਈਆਂ ਹਨ। ਜਦੋਂ ਉਹ ਸਕੂਲ ਵਿੱਚੋਂ ਨਿਕਲ ਕੇ ਖ਼ਾਲਸਾ ਕਾਲਜ ਵਿੱਚ ਬੀ.ਏ. ਭਾਗ ਪਹਿਲਾ ਤਕ ਪਹੁੰਚਿਆ, ਓਦੋਂ ਹਿੰਦੁਸਤਾਨੀ ਸਰਕਾਰ ਨੇ ਸਿੱਖ ਲਹਿਰ ਨੂੰ ਕੁਚਲਣ ਲਈ ਸ੍ਰੀ ਦਰਬਾਰ ਸਾਹਿਬ 'ਤੇ ਹਮਲਾ ਕਰ ਦਿੱਤਾ।

ਕਰਫ਼ਿਊ ਲੱਗ ਜਾਣ ਕਾਰਨ ਨਿਸ਼ਾਨ ਸਿੰਘ ਘਰ ਵਿੱਚ ਹੀ ਡੱਕਿਆ ਰਹਿ ਗਿਆ, ਪਰ ਜਿਉਂ ਹੀ ਕਰਫ਼ਿਊ ਵਿੱਚ ਢਿੱਲ ਮਿਲ਼ੀ, ਉਹ ਹੋਰ ਸੰਗਤਾਂ ਵਿੱਚ ਰਲ਼ ਕੇ ਸ੍ਰੀ ਦਰਬਾਰ ਸਾਹਿਬ ਵੱਲ ਧਾਅ ਪਿਆ। ਫ਼ੌਜ ਨੇ ਸ੍ਰੀ ਦਰਬਾਰ ਸਾਹਿਬ ਦੇ ਦਰਸ਼ਨ ਲਈ ਬਿਹਬਲ ਸਿੱਖ ਸੰਗਤਾਂ ਨੂੰ ਅੱਗੇ ਨਾ ਜਾਣ ਦਿੱਤਾ। ਨਿਸ਼ਾਨ ਸਿੰਘ ਨੇ ਆਪਣੇ ਸਾਥੀ ਵਿਦਿਆਰਥੀਆਂ ਨਾਲ਼ 'ਰਸਤਾ ਰੋਕੋ ਅੰਦੋਲਨ' ਛੇੜ ਦਿੱਤਾ। ਭਾਰਤੀ ਫ਼ੌਜ ਅਤੇ ਪੁਲੀਸ ਨੇ ਨਿਸ਼ਾਨ ਸਿੰਘ ਸਣੇ ਕਈ ਨੌਜੁਆਨ ਗ੍ਰਿਫ਼ਤਾਰ ਕਰ ਲਏ।

ਦੋ ਮਹੀਨੇ ਅੰਮ੍ਰਿਤਸਰ ਦੀ ਜੇਲ੍ਹ ਵਿੱਚ ਰਹਿਣ ਪਿੱਛੋਂ ਭਾਈ ਨਿਸ਼ਾਨ ਸਿੰਘ ਦੀ ਜ਼ਮਾਨਤ ਹੋ ਗਈ। ਬਾਹਰ ਆ ਕੇ ਦਰਬਾਰ ਸਾਹਿਬ ਦੇ ਦਰਸ਼ਨ ਕੀਤੇ। ਟੁੱਟੀ ਹੋਈ ਪਰਕਰਮਾ ਨੇ ਹਲੂਣਿਆ ਅਤੇ ਢੱਠੇ ਹੋਏ ਅਕਾਲ ਤਖ਼ਤ ਨੇ ਅਜਿਹੀ ਵੰਗਾਰ ਪਾਈ ਕਿ ਉਹ ਕਾਰ-ਸੇਵਾ ਵਿੱਚੇ ਹੀ ਛੱਡ ਕੇ ਰੂਪੋਸ਼ ਹੋ ਗਿਆ ਤੇ ਹਕੂਮਤ ਨਾਲ਼ ਲੜੇ ਜਾਣ ਵਾਲ਼ੇ ਅਗਲੇਰੇ ਸੰਘਰਸ਼ ਲਈ ਤਿਆਰੀਆਂ ਵਿੱਚ ਜੁੱਟ ਗਿਆ।

ਭਾਈ ਨਿਸ਼ਾਨ ਸਿੰਘ ਦਾ ਮੇਲ ਭਾਈ ਗੁਰਜੀਤ ਸਿੰਘ (ਫ਼ੈਡਰੇਸ਼ਨ ਆਗੂ) ਨਾਲ਼ ਤਾਂ ਪਹਿਲਾਂ ਹੀ ਸੀ, ਹੁਣ ਭਾਈ ਕੰਵਰਜੀਤ ਸਿੰਘ ਸੁਲਤਾਨਵਿੰਡ, ਭਾਈ ਹਰਜਿੰਦਰ ਸਿੰਘ ਜਿੰਦਾ ਗਦਲੀ ਆਦਿ ਜੁਝਾਰੂ ਸਿੰਘਾਂ ਨਾਲ ਵੀ ਹੋ ਗਿਆ। ਪਿੱਛੋਂ ਪਰਿਵਾਰ ਸਭ ਕੁਝ ਸਮਝਦਾ ਹੋਇਆ ਇਸ ਗੱਲੋਂ ਚਿੰਤਾ ਕਰ ਰਿਹਾ ਸੀ ਕਿ ਰਸਤਾ ਰੋਕੋ ਅੰਦੋਲਨ ਦਾ ਜਿਹੜਾ ਕੇਸ ਨਿਸ਼ਾਨ ਸਿੰਘ 'ਤੇ ਚੱਲ ਰਿਹਾ ਹੈ, ਉਸ ਵਿੱਚੋਂ ਗ਼ੈਰ-ਹਾਜ਼ਰੀ ਕਾਰਨ ਉਸ ਦੇ ਵਰੰਟ ਨਿਕਲ਼ ਜਾਣਗੇ ਤੇ ਸਭ ਨੂੰ ਉਸ ਦੇ ਰੂਪੋਸ਼ ਹੋਣ ਦਾ ਪਤਾ ਲੱਗ ਜਾਵੇਗਾ, ਪਰ ਇਹ ਨੌਬਤ ਉਸ ਦੇ ਸਾਥੀ

ਵਿਦਿਆਰਥੀਆਂ ਨੇ ਆਉਣ ਹੀ ਨਾ ਦਿੱਤੀ, ਉਸ ਦੀ ਥਾਂ ਖ਼ੁਦ ਨਿਸ਼ਾਨ ਸਿੰਘ ਬਣ ਕੇ ਉਸ ਦੇ ਵਿਦਿਆਰਥੀ ਸਾਥੀ ਆਪੇ ਹੀ ਉਸ ਦੀਆਂ ਪੇਸ਼ੀਆਂ ਭੁਗਤ ਲੈਂਦੇ। ਪਰਿਵਾਰ ਨੇ ਮੁਹੱਲੇ ਵਿਚ ਇਹੀ ਕਹਿ ਰੱਖਿਆ ਸੀ ਕਿ ਉਸ ਨੂੰ ਉਸ ਦੀ ਭੂਆ ਕੋਲ ਭੇਜਿਆ ਹੋਇਆ ਹੈ।

ਜਥੇਬੰਦੀ ਵਿੱਚ ਨਿਸ਼ਾਨ ਸਿੰਘ ਨੇ ਆਪਣੀ ਪਛਾਣ ਏਨੀ ਲੁਕਾ ਕੇ ਰੱਖੀ ਸੀ ਕਿ ਨੇੜਲੇ ਸਾਥੀਆਂ ਨੂੰ ਵੀ ਆਪਣੇ ਘਰ ਦਾ ਪਤਾ ਨਹੀਂ ਸੀ ਦੱਸਿਆ। ਜਥੇਬੰਦੀ ਵਿੱਚ ਇੱਕ ਹੋਰ ਨਿਸ਼ਾਨ ਸਿੰਘ ਜੀ, ਜੋ ਕਿਸੇ ਪਿੰਡ ਨਾਲ ਸੰਬੰਧਿਤ ਸੀ, ਨਿਸ਼ਾਨ ਸਿੰਘ ਆਪਣੇ ਆਪ ਨੂੰ ਉਸ ਪਿੰਡ ਦਾ ਹੀ ਦੱਸਦਾ ਰਿਹਾ। ਵਿਦਿਆਰਥੀ ਸਾਥੀਆਂ ਨੂੰ ਕਿਤੇ ਮਿਲਦਾ ਤਾਂ ਉਹ ਉਸ ਦੀ ਮਾਂ ਦੀ ਬੁਰੀ ਹਾਲਤ ਦੇ ਵਾਸਤੇ ਪਾ-ਪਾ ਕੇ ਇੱਕ ਵਾਰ ਮਿਲਣ ਨੂੰ ਕਹਿੰਦੇ। ਅਖੀਰ ਜਦੋਂ ਸਾਥੀ ਖ਼ੁਦ ਜ਼ੋਰ ਪਾ ਕੇ ਘਰ ਤੋਂ ਲਾਂਭੇ ਕਿਤੇ ਮਿਲਣ ਦਾ ਪ੍ਰਬੰਧ ਕਰ ਦਿੰਦੇ, ਤਾਂ ਨਿਸ਼ਾਨ ਸਿੰਘ ਪਰਿਵਾਰ ਨੂੰ ਮਿਲ ਵੀ ਲੈਂਦਾ। ਚੰਗੇ ਖਾਂਦੇ-ਪੀਂਦੇ ਪਰਿਵਾਰ ਦੇ ਇਸ ਗੱਭਰੂ ਨੂੰ ਥਾਂ-ਥਾਂ ਤੋਂ ਤੋਪੇ ਲੱਗੇ ਕੁੜਤੇ ਪਜਾਮੇ ਵਿੱਚ ਵੇਖ ਕੇ ਤੇ ਬਹੁਤੀ ਭੁੱਖ ਲੱਗਣ ਸਮੇਂ ਖਾਣ ਲਈ ਪੱਲੇ ਰੱਖੀਆਂ ਦੋ ਰੋਟੀਆਂ ਵੇਖ ਕੇ ਮਾਂ ਦੀਆਂ ਭੁੱਬਾਂ ਨਿਕਲ ਜਾਂਦੀਆਂ, ਪਰ ਨਿਸ਼ਾਨ ਸਿੰਘ ਮਾਂ ਨੂੰ ਸਿੱਖ ਇਤਿਹਾਸ 'ਚੋਂ ਮਿਸਾਲਾਂ ਦੇ-ਦੇ ਕੇ ਚੜ੍ਹਦੀ ਕਲਾ 'ਚ ਰਹਿਣ ਲਈ ਕਹਿੰਦਾ। ਉਹ ਹਰ ਵੇਲੇ ਬਾਣੀ ਪੜ੍ਹਦਾ ਰਹਿੰਦਾ, ਮਾਂ ਦੇ ਕੋਲ ਬੈਠ ਕੇ ਵੀ ਬਾਣੀ ਹੀ ਪੜ੍ਹਦੇ ਰਹਿਣਾ, ਮਾਂ ਨੇ ਬੈਠੀ ਨੇ ਥੱਕ ਜਾਣਾ, ਪਰ ਉਹ ਬਾਣੀ ਪੜ੍ਹਦਾ ਨਾ ਥੱਕਦਾ।

ਇੱਕ ਵਾਰ ਮਾਂ ਨੇ ਕਿਹਾ, "ਪੁੱਤ ਤੇਰਾ ਵਿਆਹ ਕਰਨੈਂ...।"

ਉਹ ਕਹਿਣ ਲੱਗਾ, "ਮੰਗਣੀ ਤਾਂ ਮੇਰੀ ਬੜੇ ਚਿਰਾਂ ਤੋਂ ਹੋਈ ਪਈ ਆ...ਬੱਸ ਘੋੜੀ ਚੜ੍ਹਨਾ ਹੀ ਬਾਕੀ ਰਹਿੰਦੈ...।"

ਇਹਨਾਂ ਸ਼ਬਦਾਂ ਦੇ ਗੁੱਝੇ ਤੇ ਅੰਤਰੀਵ ਅਰਥਾਂ ਨੂੰ ਸਮਝ ਕੇ ਮਾਂ ਦੇ ਕਲੇਜੇ 'ਚੋਂ ਰੁੱਗ ਭਰਿਆ ਜਾਂਦਾ ਤੇ ਹੰਝੂਆਂ ਦਾ ਸੈਲਾਬ ਅੱਖਾਂ 'ਚ ਆ ਕੇ ਰੁਕ ਜਾਂਦਾ। ਇਹ ਵੇਖ ਕੇ ਨਿਸ਼ਾਨ ਸਿੰਘ ਕਹਿੰਦਾ:

"ਮਾਂ ਮੇਰੀਏ, ਏਨੀ ਕਮਜ਼ੋਰ ਨਾ ਬਣ! ਝੋਲੀਆਂ 'ਚ ਟੋਟੇ ਪੁਆਉਣ ਵਾਲੀ ਮਾਂ ਬਣ....ਤੈਨੂੰ ਬੱਸ ਮੇਰੀ ਫੋਟੋ ਈ ਮਿਲਣੀ ਆਂ......ਮੈਂ ਨ੍ਹੀਂ ਮਿਲਣਾ...।"

ਇਸ ਤਰ੍ਹਾਂ ਕੁਝ ਚਿਰ ਦਿਲ ਹੌਲਾ ਕਰ ਕੇ ਮਾਪੇ ਵਾਪਸ ਆ ਜਾਂਦੇ।

ਰੋਜ਼ਾਨਾ ਕੇਸੀਂ ਇਸ਼ਨਾਨ ਕਰ ਕੇ ਕਈ-ਕਈ ਘੰਟੇ ਗੁਰਬਾਣੀ ਦਾ ਨਿੱਤਨੇਮ ਕਰਨ ਪਿੱਛੋਂ ਹੀ ਕੁਝ ਛਕਣਾ ਨਿਸ਼ਾਨ ਸਿੰਘ ਦਾ ਨਿੱਤ ਦਾ ਕਰਮ ਸੀ। ਉਸ ਨੇ ਸੰਘਰਸ਼ ਵਿੱਚ ਗੁਪਤ ਤੇ ਗੁਮਨਾਮ ਰਹਿ ਕੇ ਹੀ ਸਾਰੀ ਸੇਵਾ ਕੀਤੀ। ਉਸ ਦੇ ਮਾਤਾ ਜੀ ਦੱਸਦੇ ਹਨ ਕਿ ਮੈਂ ਜਦੋਂ ਮਿਲਣ ਲਈ ਬਿਹਬਲ ਹੋਣਾ ਤਾਂ 'ਨਿਸ਼ਾਨ' ਨੇ ਰਾਤੀਂ ਸੁਪਨੇ ਵਿੱਚ ਆ ਮਿਲਣਾ...ਗੱਲਾਂ ਕਰ ਕੇ ਵਾਪਸ ਤੁਰਨ ਸਮੇਂ ਨਿੱਕਾ ਜਿਹਾ ਬੱਚਾ ਬਣ ਜਾਣਾ।

ਆਪ ਦੇ ਮਾਤਾ ਜੀ ਇਹ ਵੀ ਦੱਸਦੇ ਹਨ ਕਿ 27 ਜਨਵਰੀ 1987 ਨੂੰ ਮੇਰਾ ਮਨ ਬਹੁਤ ਹੀ ਉਦਾਸ ਤੇ ਬੇਚੈਨ ਸੀ। ਹੋਣੀ ਦਾ ਪਤਾ ਓਦੋਂ ਲੱਗਾ, ਜਦੋਂ 28 ਜਨਵਰੀ ਦੀ ਸਵੇਰ ਨੂੰ

ਪੁਲੀਸ ਨੇ ਘਰ ਛਾਪਾ ਮਾਰਿਆ ਤੇ ਨਿਸ਼ਾਨ ਦੇ ਵੱਡੇ ਭਰਾ ਸਾਹਿਬ ਸਿੰਘ ਨੂੰ ਫੜ ਕੇ ਲੈ ਗਈ। ਭਾਈ ਨਿਸ਼ਾਨ ਸਿੰਘ ਦੇ ਇੱਕ ਬਹੁਤ ਹੀ ਨੇੜਲੇ ਸਾਥੀ ਨੇ ਗ਼ੱਦਾਰੀ ਕਰਕੇ ਉਸ ਨੂੰ ਫੜਵਾ ਦਿੱਤਾ ਸੀ, ਤੇ ਉਸ ਦੇ ਘਰ ਦਾ ਪਤਾ ਵੀ ਦੱਸ ਦਿੱਤਾ ਸੀ। ਮਾਂ ਨੂੰ ਥੋੜ੍ਹੇ ਦਿਨ ਪਹਿਲਾਂ ਹੀ ਮਿਲਿਆ ਉਸ ਦਾ ਸੁਨੇਹਾ ਚੇਤੇ ਆਉਣ ਲੱਗਾ। ਉਸ ਨੇ ਇੱਕ ਸਾਥੀ ਨੂੰ ਕਿਹਾ ਸੀ:

"ਮੇਰੀ ਮਾਂ ਨੂੰ ਕਿਹੋ...ਮੇਰਾ ਭੁੱਲਿਆ-ਚੁਕਿਆ ਮਾਫ਼ ਕਰ ਦੇਵੇ.... ਮੈਂ ਉਸ ਨੂੰ ਬਹੁਤ ਹੀ ਦੁੱਖ ਦਿੱਤੇ ਨੇ.....।"

ਕੀ ਉਸ ਨੂੰ ਆਪਣੀ ਸ਼ਹੀਦੀ ਦਾ ਪਹਿਲਾਂ ਹੀ ਅਨੁਭਵ ਹੋ ਗਿਆ ਸੀ? ਮਾਂ ਦਾ ਯਕੀਨ ਹੈ ਕਿ ਜ਼ਰੂਰ ਅਜਿਹਾ ਹੋਵੇਗਾ, ਕਿਉਂਕਿ ਉਹ ਬਾਣੀ ਬਹੁਤ ਪੜ੍ਹਦਾ ਸੀ।

ਬਟਾਲੇ ਦੇ ਸਦਰ ਥਾਣੇ ਵਿੱਚ ਇੰਸਪੈਕਟਰ ਬ੍ਰਹਮ ਦੇਵ, ਨਿਸ਼ਾਨ ਸਿੰਘ 'ਤੇ ਵਹਿਸ਼ੀ ਤਸ਼ੱਦਦ ਕਰ ਰਿਹਾ ਸੀ, ਜਿਸ ਨੂੰ ਉਹ ਗੁਰੂ ਕਾ ਲਾਲ ਖਿੜੇ ਮੱਥੇ ਸਹਾਰ ਰਿਹਾ ਸੀ। ਬ੍ਰਹਮ ਦੇਵ ਸਿੰਘਾਂ ਹੱਥੋਂ ਮਾਰੇ ਗਏ ਆਪਣੇ ਪੁੱਤ ਅਰੁਣ ਕੁਮਾਰ ਦਾ ਸਾਰਾ ਬਦਲਾ ਜਿਵੇਂ ਨਿਸ਼ਾਨ ਸਿੰਘ ਦੇ ਕੈਦੀ ਸਰੀਰ ਤੋਂ ਲੈ ਲੈਣ ਦਾ ਤਹੱਈਆ ਕਰ ਚੁੱਕਾ ਸੀ। ਨਿਸ਼ਾਨ ਸਿੰਘ ਦੇ ਸਰੀਰ 'ਤੇ ਕਰੰਟ ਲਾ-ਲਾ ਕੇ ਸਾੜ ਦਿੱਤਾ ਗਿਆ, ਜੰਬੂਰਾਂ ਨਾਲ ਨਹੁੰ ਖਿੱਚ ਦਿੱਤੇ ਗਏ, ਲੱਤਾਂ ਪੀੜ ਦਿੱਤੀਆਂ ਗਈਆਂ, ਪਰ ਨਿਸ਼ਾਨ ਸਿੰਘ ਨੇ ਆਪਣੀ ਜਥੇਬੰਦੀ ਜਾਂ ਕਿਸੇ ਸਾਥੀ ਅਤੇ ਕਿਸੇ ਟਿਕਾਣੇ ਬਾਰੇ ਜ਼ੁਬਾਨ ਨਾ ਖੋਲ੍ਹੀ। ਖਿਝ ਕੇ ਬ੍ਰਹਮ ਦੇਵ ਨੇ 4 ਦਿਨ ਬਾਅਦ ਗਰਮ ਸਰੀਏ ਕਰ ਕੇ ਉਹ ਨਿਸ਼ਾਨ ਸਿੰਘ ਦੇ ਸਰੀਰ 'ਚੋਂ ਆਰ-ਪਾਰ ਕਰ ਦਿੱਤੇ। ਗੁਰੂ ਕਾ ਲਾਲ ਗੁਰਬਾਣੀ ਪੜ੍ਹਦਾ-ਪੜ੍ਹਦਾ ਗੁਰੂ-ਚਰਨਾਂ ਵਿੱਚ ਜਾ ਬਿਰਾਜਿਆ। ਪੁਲੀਸ ਨੇ ਕਹਾਣੀ ਬਣਾ ਕੇ 31 ਜਨਵਰੀ 1987 ਨੂੰ ਮੁਕਾਬਲੇ ਵਿੱਚ ਸ਼ਹੀਦ ਹੋਏ ਦਰਸਾ ਦਿੱਤਾ।

ਇਸ ਤੋਂ ਬਾਅਦ ਪੁਲੀਸ ਨੇ ਲਾਸ਼ ਨੂੰ ਲਾਵਾਰਿਸ ਕਹਿ ਕੇ ਚੋਰੀ-ਛਿਪੇ ਸਸਕਾਰ ਕਰਨ ਦਾ ਯਤਨ ਕੀਤਾ, ਪਰ ਸਿੱਖ ਰੋਹ ਸੜਕਾਂ 'ਤੇ ਠਿੱਲ੍ਹ ਪਿਆ ਤੇ ਨਿਸ਼ਾਨ ਸਿੰਘ ਦੀ ਲਾਸ਼ ਪੁਲੀਸ ਤੋਂ ਖੋਹ ਲਈ। ਨਿਸ਼ਾਨ ਸਿੰਘ ਦੀ ਲਾਸ਼ ਨੂੰ ਵੇਖ ਕੇ ਪੱਥਰ ਵੀ ਦਹਿਲ ਸਕਦੇ ਸਨ, ਇਸ ਲਈ ਅੰਮ੍ਰਿਤਸਰ ਦੇ ਐਸ.ਐਸ.ਪੀ. ਮੁਹੰਮਦ ਇਜ਼ਹਾਰ ਆਲਮ ਨੇ ਪੂਰੇ ਅੰਮ੍ਰਿਤਸਰ ਸ਼ਹਿਰ ਵਿੱਚ ਕਰਫ਼ਿਊ ਵਰਗੀ ਹਾਲਤ ਪੈਦਾ ਕਰ ਦਿੱਤੀ ਤੇ ਖ਼ੁਦ ਜਾ ਕੇ ਬਿਨਾਂ ਕਿਸੇ ਮੁਜ਼ਾਹਰੇ ਦੇ ਸਸਕਾਰ ਦਾ ਪ੍ਰਬੰਧ ਕੀਤਾ। ਪਰਿਵਾਰ ਤੇ ਪੰਥਕ ਸੰਸਥਾਵਾਂ ਨੇ ਕੀਰਤਨ ਕਰਦੇ ਹੋਏ ਸ਼ਹੀਦਾਂ ਦੇ ਸ਼ਮਸ਼ਾਨ-ਘਾਟ 'ਤੇ ਸਭ ਰਸਮਾਂ ਪੂਰੀਆਂ ਕੀਤੀਆਂ।

ਭਾਈ ਨਿਸ਼ਾਨ ਸਿੰਘ ਦੀ ਸ਼ਹੀਦੀ ਤੋਂ ਬਾਅਦ ਵੀ ਇੰਸਪੈਕਟਰ ਬ੍ਰਹਮ ਦੇਵ ਦਾ ਜਨੂੰਨ ਠੰਢਾ ਨਾ ਹੋਇਆ। ਆਪ ਦੇ ਪਰਿਵਾਰ ਦੀ ਇਲਾਕੇ ਦੇ ਇੱਕ 10 ਨੰਬਰੀਏ ਬਦਮਾਸ਼ ਨਾਲ ਕੋਈ ਲੜਾਈ ਸੀ। ਇੰਸਪੈਕਟਰ ਬ੍ਰਹਮਦੇਵ ਨੇ ਉਸ ਬਦਮਾਸ਼ ਨਾਲ ਸਾਜ਼ਿਸ਼ ਰਚ ਕੇ ਉਸ ਦੇ ਘਰ ਬੱਕਰੇ ਦਾ ਖ਼ੂਨ ਡੋਲ੍ਹ ਕੇ ਉਸ ਦੀ ਪੱਗ ਤੇ ਜੁੱਤੀ ਇੱਧਰ-ਉਧਰ ਸੁੱਟ ਦਿੱਤੇ ਤੇ ਫਿਰ ਉਸ ਨੂੰ ਕਤਲ ਕਰਨ ਦਾ ਇਲਜ਼ਾਮ ਲਾ ਕੇ ਨਿਸ਼ਾਨ ਸਿੰਘ ਦੇ ਪਿਤਾ ਕਰਮ ਸਿੰਘ 'ਤੇ ਭਰਾ ਸਾਹਿਬ ਸਿੰਘ ਨੂੰ ਗ੍ਰਿਫ਼ਤਾਰ ਕਰ ਲਿਆ। ਇਸ ਪਿੱਛੋਂ ਤੇਰਾਂ ਦਿਨ ਇਹਨਾਂ ਦੋਹਾਂ 'ਤੇ ਵਹਿਸ਼ੀ ਤਸ਼ੱਦਦ ਕੀਤਾ। ਇਸ ਵਹਿਸ਼ੀ ਤਸ਼ੱਦਦ ਕਾਰਨ ਸਾਹਿਬ ਸਿੰਘ ਚੜ੍ਹਾਈ ਕਰ ਗਿਆ, ਜਦਕਿ ਉਕਤ

ਬਦਮਾਸ਼ ਫਿਰ ਪ੍ਰਗਟ ਹੋ ਕੇ ਸ਼ਰੇਆਮ ਘੁੰਮਦਾ ਰਿਹਾ। ਉਸ ਨੂੰ ਇਨਾਮ ਦੇਣ ਵਜੋਂ ਪੁਲੀਸ ਵੱਲੋਂ ਉਸ ਦੇ ਪੁਰਾਣੇ ਕੇਸ ਵੀ ਖ਼ਤਮ ਕਰ ਦਿੱਤੇ ਗਏ।

ਨਿਸ਼ਾਨ ਸਿੰਘ ਜੁਝਾਰੂ ਸਫ਼ਾਂ ਵਿੱਚ ਗੁਮਨਾਮ ਹੀ ਵਿਚਰਿਆ ਤੇ ਸ਼ੁਹਰਤ ਦੀ ਲਾਲਸਾ ਤੋਂ ਉੱਪਰ ਉੱਠ ਕੇ ਜੁਝਾਰੂਆਂ ਦੀਆਂ ਮੂਹਰਲੀਆਂ ਸਫ਼ਾਂ 'ਚ ਸੇਵਾ ਕਰਦਾ ਹੋਇਆ ਸ਼ਹੀਦ ਹੋ ਗਿਆ। ਇਹ ਲਾਸਾਨੀ ਸ਼ਹਾਦਤ ਸਿੱਖ ਸੰਘਰਸ਼ ਲਈ ਇੱਕ ਚਾਨਣ-ਮੁਨਾਰਾ ਹੈ।

* * * * *

ਵਹਿਸ਼ੀ ਤਸ਼ੱਦਦ 'ਚ ਪੁਲੀਸ ਨੂੰ ਆਪਣਾ ਨਾਂ ਵੀ ਨਾ ਦੱਸਣ ਵਾਲਾ ਜੁਝਾਰੂ

ਸ਼ਹੀਦ ਭਾਈ ਕਾਰਜ ਸਿੰਘ ਪੀਰ ਮੁਹੰਮਦ

ਦਿੱਲੀ ਤਖ਼ਤ ਦੀ ਪੈਰ ਪੈਰ 'ਤੇ ਧੱਕੇਸ਼ਾਹੀ ਅਤੇ ਜ਼ੁਲਮ ਜਬਰ ਵਿਰੁੱਧ ਅਰੰਭ ਹੋਏ ਖ਼ਾਲਸਾਈ 'ਧਰਮ ਯੁੱਧ' ਵਿੱਚ ਸ਼ਹਾਦਤਾਂ ਪਾਉਣ ਵਾਲੇ ਸੂਰਮਿਆਂ ਦੀ ਲੰਮੀ ਕਤਾਰ ਵਿੱਚ ਇੱਕ ਨਾਂ ਸ਼ਹੀਦ ਭਾਈ ਕਾਰਜ ਸਿੰਘ ਪੀਰ ਮੁਹੰਮਦ ਦਾ ਵੀ ਹੈ। ਇਹਨਾਂ ਦਾ ਖ਼ਾਨਦਾਨੀ ਪਿਛੋਕੜ ਦਮਦਮੀ ਟਕਸਾਲ ਦੇ ਤੇਰ੍ਹਵੇਂ ਮੁਖੀ ਸੰਤ ਬਾਬਾ ਕਰਤਾਰ ਸਿੰਘ ਜੀ ਨਾਲ ਮਿਲਦਾ ਹੈ। ਸੰਤ ਕਰਤਾਰ ਸਿੰਘ ਜੀ ਆਪ ਦੇ ਦਾਦੇ ਦੇ ਭਰਾ ਸਨ। ਆਪ ਦਾ ਪਰਿਵਾਰ ਸੰਨ 1970 ਤਕ ਪਿੰਡ ਭੂਰੇ ਵਿੱਚ ਹੀ ਵੱਸਦਾ ਸੀ, ਫਿਰ ਪਿੰਡ ਗ਼ੁਲਾਮੀਵਾਲ ਦੀ ਜ਼ਮੀਨ ਵਿੱਚ ਚਲਿਆ ਗਿਆ ਤੇ ਉਸ ਪਿੱਛੋਂ ਪਿੰਡ 'ਪੀਰ ਮੁਹੰਮਦ', ਨੇੜੇ ਮਖੂ, ਜ਼ਿਲ੍ਹਾ ਫ਼ਿਰੋਜ਼ਪੁਰ ਵਿੱਚ ਆ ਵੱਸਿਆ।

ਆਪ ਦੇ ਪਿਤਾ ਬਾਪੂ ਸ਼ਿੰਗਾਰਾ ਸਿੰਘ ਦੇ ਦੋ ਵਿਆਹ ਸਨ। ਪਹਿਲੇ ਵਿਆਹ ਵਿੱਚੋਂ ਤਿੰਨ ਬੱਚੇ ਸੰਤੋਖ ਸਿੰਘ, ਅਨੋਖ ਸਿੰਘ ਅਤੇ ਕਸ਼ਮੀਰ ਕੌਰ ਸਨ, ਜਦਕਿ ਦੂਜੇ ਵਿਆਹ ਵਿੱਚੋਂ ਬੀਬੀ ਸਵਰਨ ਕੌਰ ਦੀ ਕੁੱਖੋਂ ਕਾਰਜ ਸਿੰਘ, ਬਾਜ਼ ਸਿੰਘ ਅਤੇ ਇੱਕ ਲੜਕੀ ਗੁਰਮੀਤ ਕੌਰ। ਇਹਨਾਂ ਵਿੱਚੋਂ ਕਾਰਜ ਸਿੰਘ ਤੇ ਬਾਜ਼ ਸਿੰਘ ਸਿੱਖ ਸੰਘਰਸ਼ ਦੇ ਲੇਖੇ ਲੱਗ ਗਏ।

ਕਾਰਜ ਸਿੰਘ ਅਤੇ ਬਾਜ਼ ਸਿੰਘ ਦੋਵੇਂ ਬਚਪਨ ਵਿੱਚ ਪਿੰਡ ਪੀਰ ਮੁਹੰਮਦ ਦੀਆਂ ਗਲੀਆਂ ਵਿੱਚ ਖੇਡਿਆ ਕਰਦੇ ਸਨ, ਜਦੋਂ ਨਰਕਧਾਰੀ ਮੋਹਰਿਆਂ ਰਾਹੀਂ ਦਿੱਲੀ ਤਖ਼ਤ ਨੇ ਅਸਿੱਧੇ ਢੰਗ ਨਾਲ 1978 ਦੀ ਵਿਸਾਖੀ ਨੂੰ ਸਿੰਘਾਂ ਦੇ ਲਹੂ ਨਾਲ ਹੋਲੀ ਖੇਡੀ। ਇਹਨਾਂ ਦਾ ਸਾਰਾ ਪਰਿਵਾਰ ਅੰਮ੍ਰਿਤਧਾਰੀ ਸੀ। ਇਸ ਪਿੱਛੋਂ ਅਰੰਭ ਹੋਏ ਧਰਮ ਯੁੱਧ ਮੋਰਚੇ ਵਿੱਚ ਭਾਈ ਕਾਰਜ ਸਿੰਘ ਦੇ ਪਿਤਾ ਬਾਪੂ ਸ਼ਿੰਗਾਰਾ ਸਿੰਘ ਨੇ ਪੂਰੀ ਤਨਦੇਹੀ ਨਾਲ ਹਿੱਸਾ ਲਿਆ। ਭਾਈ ਅਮਰੀਕ ਸਿੰਘ ਜੀ ਦੀ ਗ੍ਰਿਫ਼ਤਾਰੀ ਵਿਰੁੱਧ ਸੰਘਰਸ਼ ਵਿੱਚ ਗ੍ਰਿਫ਼ਤਾਰ ਹੋ ਕੇ ਭਾਈ ਸ਼ਿੰਗਾਰਾ ਸਿੰਘ ਤਿੰਨ ਮਹੀਨੇ ਜੇਲ੍ਹ ਵਿੱਚ ਰਹੇ। ਹੁਣ ਤਕ ਕਾਰਜ ਸਿੰਘ ਦੇ ਮੁੱਛ ਫੁੱਟ ਚੁੱਕੀ ਸੀ।

ਜੇਲ੍ਹ ਤੋਂ ਬਾਹਰ ਆ ਕੇ ਬਾਪੂ ਸ਼ਿੰਗਾਰਾ ਸਿੰਘ, ਭਾਈ ਕਾਰਜ ਸਿੰਘ ਨੂੰ ਲੈ ਕੇ ਸੰਤ ਜਰਨੈਲ ਸਿੰਘ ਜੀ ਕੋਲ ਪਹੁੰਚ ਗਏ ਤੇ ਉਸ ਨੂੰ ਸੰਤਾਂ ਦੇ ਹਵਾਲੇ ਕਰ ਦਿੱਤਾ। ਸੰਤਾਂ ਨੇ ਪੁੱਛਿਆ:

"ਕਿਉਂ ਇਹਦਾ ਵਿਆਹ ਕਰਵਾਉਣੈਂ...?"

ਭਾਈ ਸ਼ਿੰਗਾਰਾ ਸਿੰਘ ਨੇ ਅੱਗੋਂ ਹੱਥ ਜੋੜ ਕੇ ਕਿਹਾ- "ਇਹ ਹੁਣ ਤੁਹਾਨੂੰ ਹੀ ਪਤੈ

ਇਹਦਾ ਵਿਆਹ ਕਰਨੈਂ ਕਿ ਕੀ ਕਰਨੈਂ.... ਇਹ ਤੁਹਾਡੇ ਹਵਾਲੇ ਐ...।"

ਭਾਈ ਕਾਰਜ ਸਿੰਘ ਕਰੀਬ ਦੋ ਕੁ ਸਾਲ ਸੰਤ ਜਰਨੈਲ ਸਿੰਘ ਹੋਰਾਂ ਦੇ ਨਾਲ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਛਤਰ ਛਾਇਆ ਹੇਠ ਰਹੇ। ਦਰਬਾਰ ਸਾਹਿਬ 'ਤੇ ਹਮਲੇ ਜੂਨ 1984 ਤੋਂ ਥੋੜ੍ਹਾ ਕੁ ਹੀ ਸਮਾਂ ਪਹਿਲਾਂ ਸੰਤਾਂ ਨੇ ਆਪ ਦਾ ਅਨੰਦ-ਕਾਰਜ ਤਰਨ ਤਾਰਨ ਦੇ ਕੋਲ ਨੌਸ਼ਹਿਰਾ ਪੰਨੂਆ ਦੇ ਸ. ਮੋਹਨ ਸਿੰਘ ਦੀ ਲੜਕੀ ਬੀਬੀ ਸੁਖਵਿੰਦਰ ਕੌਰ ਨਾਲ ਕਰ ਦਿੱਤਾ। ਆਪ ਦੇ ਪਰਿਵਾਰ ਨੂੰ ਸੰਤਾਂ ਨੇ ਕੁਝ ਚਿਰ ਪਹਿਲਾਂ ਕੇਵਲ ਇਹ ਸੁਨੇਹਾ ਹੀ ਭੇਜਿਆ ਕਿ 'ਫਲਾਣੀ ਤਰੀਕ ਨੂੰ ਕਾਰਜ ਸਿੰਘ ਦਾ ਅਨੰਦ-ਕਾਰਜ ਹੈ, ਜੇ ਆ ਸਕਦੇ ਹੋ ਤਾਂ ਆ ਜਾਇਓ....।' ਆਪ ਦੇ ਵਿਆਹ ਤੋਂ ਬਾਅਦ ਸੰਤਾਂ ਨੇ ਆਪ ਨੂੰ ਘਰ ਭੇਜ ਦਿੱਤਾ।

ਕਾਰਜ ਸਿੰਘ ਅਜੇ ਘਰ ਹੀ ਸਨ ਜਦੋਂ ਹਿੰਦੁਸਤਾਨੀ ਹਕੂਮਤ ਦੀਆਂ ਫ਼ੌਜਾਂ ਸ੍ਰੀ ਦਰਬਾਰ ਸਾਹਿਬ 'ਤੇ ਆਣ ਚੜ੍ਹੀਆਂ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਢਹਿ ਢੇਰੀ ਕਰ ਦਿੱਤਾ। ਇਸ ਹਮਲੇ ਦਾ ਸੇਕ ਕੇਵਲ ਸਿੱਖਾਂ ਨੇ ਹੀ ਨਹੀਂ; ਪੰਜਾਬੀ ਸੱਭਿਆਚਾਰ ਨੂੰ ਸਮਰਪਿਤ ਸਮੁੱਚੇ ਪੰਜਾਬੀਆਂ ਨੇ ਮਹਿਸੂਸ ਕੀਤਾ। ਵਾਹਗੇ ਤੋਂ ਪਾਰਲੇ ਪੰਜਾਬੀ ਸ਼ਾਇਰ ਅਫ਼ਜ਼ਲ ਅਹਿਸਨ ਰੰਧਾਵਾ ਦੇ ਦਿਲ 'ਚੋਂ ਨਿਕਲੀ ਪੰਜਾਬੀ ਮਾਂ ਦੀ ਹੂਕ ਵਿਚਲੇ ਇਹ ਸ਼ਬਦ ਬੜੇ ਭਾਵਪੂਰਤ ਸਨ:

...ਮੇਰਾ ਸ਼ੇਰ ਬਹਾਦਰ ਸੂਰਮਾ,
ਜਰਨੈਲਾਂ ਦਾ ਜਰਨੈਲ
ਉਸ ਮੌਤ ਵਿਆਹੀ ਹੱਸ ਕੇ
ਉਹਦੇ ਦਿਲ 'ਤੇ ਰਤਾ ਨਾ ਮੈਲ
ਪਰ ਕੋਈ ਨਾ ਉਹਨੂੰ ਬਹੁੜਿਆ
ਉਹਨੂੰ ਵੈਰੀਆਂ ਮਾਰਿਆ ਘੇਰ
ਉਂਝ ਡੱਕੇ ਰਹਿ ਗਏ ਘਰਾਂ ਵਿੱਚ
ਮੇਰੇ ਲੱਖਾਂ ਪੁੱਤਰ ਸ਼ੇਰ....

ਕਾਰਜ ਸਿੰਘ ਇਹਨਾਂ ਹੀ ਲੱਖਾਂ ਪੰਜਾਬੀ ਮਾਂ ਦੇ ਸ਼ੇਰ ਪੁੱਤਰਾਂ 'ਚੋਂ ਇੱਕ ਸੀ, ਜੋ ਘਲੂਘਾਰਾ ਜੂਨ 84 ਦੌਰਾਨ ਘਰਾਂ 'ਚ ਡੱਕੇ ਰਹਿ ਤਾਂ ਗਏ ਪਰ ਇਸ ਤੋਂ ਬਾਅਦ ਉਹ ਇਹਨਾਂ ਘਰਾਂ ਨੂੰ ਅਲਵਿਦਾ ਕਹਿ ਕੇ ਰਣਤੱਤੇ ਵਿੱਚ ਨਿੱਤਰ ਪਏ।

ਘਲੂਘਾਰਾ ਜੂਨ 84 ਪਿੱਛੋਂ ਭਾਈ ਕਾਰਜ ਸਿੰਘ ਨੇ ਘਰ ਰਹਿ ਕੇ ਜੁਝਾਰੂ ਸਰਗਰਮੀਆਂ ਅਰੰਭ ਕੀਤੀਆਂ ਪਰ ਆਪ ਇਸ ਸਚਾਈ ਨੂੰ ਚੰਗੀ ਤਰ੍ਹਾਂ ਸਮਝਦੇ ਸਨ ਕਿ ਇੱਕ ਦਿਨ ਘਰੋਂ ਰੂਪੋਸ਼ ਹੋਣਾ ਹੀ ਪਵੇਗਾ, ਇਸ ਲਈ ਗੱਲਾਂ-ਗੱਲਾਂ 'ਚ ਆਪ ਕਈ ਵਾਰ ਆਪਣੀ ਮਾਤਾ ਨੂੰ ਕਹਿ ਦਿੰਦੇ- "...ਮਾਤਾ! ਮੇਰੀ ਤਾਂ ਮੰਡ 'ਚ ਮੂੰਗੀ ਦੀ ਦਾਲ ਰਿੱਝਦੀ ਆ... ਮੈਂ ਤਾਂ ਨਿਕਲ ਜਾਣੈਂ.... ਤੁਸੀਂ ਆਪਣਾ ਸੋਚੋ....।"

ਸੰਨ 1985 ਦੇ ਅਰੰਭ ਵਿੱਚ ਹੀ ਪੁਲੀਸ ਨੂੰ ਆਪ ਦੀਆਂ ਸਰਗਰਮੀਆਂ ਦੀ ਕਨਸੋਅ

ਮਿਲ ਗਈ ਤੇ ਫ਼ਿਰੋਜ਼ਪੁਰ ਸੀ.ਆਈ.ਏ. ਸਟਾਫ਼ ਦੀ ਪੁਲੀਸ ਨੇ 5 ਮਾਘ ਵਾਲੇ ਦਿਨ ਆਪ ਦੇ ਘਰ ਨੂੰ ਘੇਰਾ ਪਾ ਲਿਆ। ਭਾਈ ਕਾਰਜ ਸਿੰਘ ਖੇਤ ਵੱਲ ਗਏ ਹੋਏ ਸਨ। ਪੁਲੀਸ ਨੇ ਆਪ ਦੀ ਮਾਤਾ ਨੂੰ ਘੇਰ ਲਿਆ ਤੇ ਆਪ ਬਾਰੇ ਪੁੱਛਿਆ। ਮਾਤਾ ਨੇ ਕਹਿ ਦਿੱਤਾ ਕਿ ਉਹ ਵਾਂਢੇ ਗਿਆ ਹੋਇਆ ਹੈ। ਓਧਰੋਂ ਪੁਲੀਸ ਆਪ ਦੀ ਮਾਤਾ ਤੋਂ ਪੁੱਛਗਿੱਛ ਕਰ ਰਹੀ ਸੀ ਤੇ ਖ਼ਬਰ ਆਪ ਤਕ ਪਹੁੰਚ ਗਈ। ਆਪ ਨੇ ਪੁਲੀਸ ਦੇ ਹੱਥ ਆਉਣ ਨਾਲੋਂ ਘਰ ਛੱਡਣ ਨੂੰ ਤਰਜੀਹ ਦਿੱਤੀ ਅਤੇ ਓਥੋਂ ਹੀ ਦੂਰ ਨਿਕਲ ਗਏ।

ਆਪ ਦਾ ਮੇਲ ਭਾਈ ਨਿਸ਼ਾਨ ਸਿੰਘ ਮਖੂ ਨਾਲ ਹੋਇਆ ਤੇ ਆਪ ਉਸ ਦੇ ਗਰੁੱਪ ਵਿੱਚ ਚਲੇ ਗਏ, ਪਰ ਥੋੜ੍ਹੇ ਹੀ ਸਮੇਂ ਬਾਅਦ ਆਪ ਬੱਬਰ ਖ਼ਾਲਸਾ ਵਿੱਚ ਸ਼ਾਮਲ ਹੋ ਗਏ ਤੇ ਆਪਣਾ ਵੱਖਰਾ ਗਰੁੱਪ ਕਾਇਮ ਕਰ ਲਿਆ। ਛੇਤੀ ਹੀ ਆਪ ਪੁਲੀਸ ਦੀ ਲਿਸਟ ਵਿਚਲੇ ਬਹੁਤ ਉੱਘੇ ਜੁਝਾਰੂਆਂ ਵਿੱਚ ਗਿਣੇ ਜਾਣ ਲੱਗੇ ਤੇ ਪੁਲੀਸ ਆਪ ਦੀ ਪੈੜ ਲੱਭਣ ਲਈ ਆਪ ਦੇ ਪਰਿਵਾਰ ਨੂੰ ਤੰਗ-ਪ੍ਰੇਸ਼ਾਨ ਕਰਨ ਲੱਗੀ। ਆਪ ਦੀ ਦਲੇਰ ਮਾਤਾ ਪੁਲੀਸ ਨਾਲ ਪੂਰਾ ਆਢਾ ਲੈਂਦੀ। ਪੁਲੀਸ ਨੇ ਆਪ ਦੀ ਮਾਤਾ ਨੂੰ ਖੜ੍ਹੀ ਕਰ ਕੇ ਉਸ ਦੇ ਕੰਨ ਕੋਲੋਂ ਗੋਲੀਆਂ ਲੰਘਾਈਆਂ ਤੇ ਘਰ ਉਜਾੜ ਦੇਣ ਦੇ ਦਮਗਜੇ ਮਾਰੇ, ਪਰ ਮਾਤਾ ਚੜ੍ਹਦੀ ਕਲਾ ਵਿੱਚ ਰਹੀ। ਕਈ ਵਾਰ ਪੁਲੀਸ ਨੇ ਆ ਕੇ ਪੁੱਛਣਾ- 'ਮਾਤਾ ਕੱਲ੍ਹ ਰਾਤੀਂ ਘਰ ਕਾਰਜ ਆਇਆ ਸੀ?' ਤਾਂ ਮਾਤਾ ਨੇ ਮੋੜਵਾਂ ਉੱਤਰ ਦੇਣਾ- 'ਜੇ ਤੁਹਾਨੂੰ ਪਤਾ ਸੀ ਫਿਰ ਤੁਸੀਂ ਰਾਤ ਹੀ ਕਿਉਂ ਨਾ ਆਏ?' ਪੁਲੀਸ ਵਾਲੇ ਇਹ ਸੁਣ ਕੇ ਸ਼ਰਮਿੰਦੇ ਹੁੰਦੇ ਜਾਂ ਛਿੱਥੇ ਪੈ ਜਾਂਦੇ।

ਓਧਰ ਆਪਣੀ ਪੈੜ ਲੱਭਦੀਆਂ ਫਿਰਦੀਆਂ ਫ਼ੋਰਸਾਂ ਨਾਲ ਭਾਈ ਕਾਰਜ ਸਿੰਘ ਦੇ ਵੀ ਦੋ ਹੱਥ ਹੁੰਦੇ ਹੀ ਰਹਿੰਦੇ ਸਨ। ਆਪ ਨੂੰ ਕਈ ਥਾਂਵਾਂ 'ਤੇ ਬੜੇ ਵੱਡੇ ਘੇਰੇ ਪਏ, ਜਿਨ੍ਹਾਂ ਵਿੱਚੋਂ ਆਪ ਕਾਫ਼ੀ ਲੰਮੇ ਮੁਕਾਬਲਿਆਂ ਪਿੱਛੋਂ ਦੁਸ਼ਮਣ ਦੀਆਂ ਸਫ਼ਾਂ ਚੀਰ ਕੇ ਨਿਕਲ ਜਾਂਦੇ ਰਹੇ। ਇਹਨਾਂ ਝੜਪਾਂ ਵਿੱਚ ਪਿੰਡ ਤੂਤ ਭੰਗਾਲਾ, ਜੀਂਦੜਾ, ਵਰਸਾਲਾ ਆਦਿ ਦੇ ਮੁਕਾਬਲੇ ਕਾਫ਼ੀ ਪ੍ਰਸਿੱਧ ਹਨ। ਵਰਸਾਲਾ ਮੁਕਾਬਲੇ 'ਚ ਆਪ ਦਾ ਇੱਕ ਸਾਥੀ ਢੋਲਾ ਸ਼ਹੀਦ ਹੋਇਆ।

ਭਾਈ ਕਾਰਜ ਸਿੰਘ ਪੁਲੀਸ ਦੇ ਘੇਰਿਆਂ ਜਾਂ ਮੁਕਾਬਲਿਆਂ ਨੂੰ ਇੱਕ ਖੇਡ ਤੋਂ ਵੱਧ ਨਹੀਂ ਸੀ ਸਮਝਦੇ। ਜਦੋਂ ਵੀ ਕੋਈ ਨਵਾਂ ਸ਼ਸਤਰ ਆਪ ਨੂੰ ਮਿਲਦਾ ਤਾਂ ਆਪ ਕਹਿੰਦੇ:

"...ਹੁਣ ਕਿਤੇ ਘੇਰਾ ਪਵੇ ਤੇ ਤਾਂ ਹੀ ਇਹਨਾਂ ਸ਼ਸਤਰਾਂ ਦੀ ਪਰਖ ਹੋਊ...।"

ਕਈ ਵਾਰ ਘਰ ਮਿਲਣ ਆਇਆਂ ਆਪ ਨੇ ਕਹਿਣਾ:

"ਹੇ ਵਾਹਿਗੁਰੂ! ਘਰੇ ਬੈਠਿਆਂ ਹੀ ਘੇਰਾ ਪੁਆਵੀਂ...।"

ਪਰਿਵਾਰ ਦੇ ਇਤਰਾਜ਼ ਕਰਨ 'ਤੇ ਆਪ ਨੇ ਕਹਿਣਾ- 'ਕਿਉਂ ਮੈਨੂੰ ਘੇਰੇ ਹੋਰ ਘਰਾਂ ਵਿੱਚ ਹੀ ਕਿਉਂ ਪੈਣ? ਆਪਣੇ ਘਰ ਕਿਉਂ ਨਾ ਘੇਰਾ ਪਵੇ?'

ਪਿੰਡ ਪੀਰ ਮੁਹੰਮਦ ਵਿੱਚ ਹੀ ਆਪ ਨੂੰ ਇੱਕ ਵਾਰ ਬਹੁਤ ਵੱਡਾ ਘੇਰਾ ਪਿਆ ਤੇ ਮੁਕਾਬਲਾ ਸਾਰਾ ਦਿਨ ਚੱਲਿਆ। ਰਾਤ ਨੂੰ ਆਪ ਦੁਸ਼ਮਣ ਦੀਆਂ ਸਫ਼ਾਂ ਚੀਰ ਕੇ ਬਚ ਨਿਕਲੇ।

ਆਪ ਦੇ ਪਰਿਵਾਰ 'ਤੇ ਪੁਲੀਸ ਦਾ ਜ਼ੁਲਮ ਹੱਦਾਂ-ਬੰਨੇ ਟੱਪ ਗਿਆ। ਆਪ ਦੇ ਛੋਟੇ ਭਰਾ

ਬਾਜ਼ ਸਿੰਘ 'ਤੇ ਝੂਠੇ ਕੇਸ ਦਰਜ ਕਰ ਕੇ ਫ਼ਿਰੋਜ਼ਪੁਰ ਜੇਲ੍ਹ ਭੇਜ ਦਿੱਤਾ ਗਿਆ। ਆਪ ਦਾ ਬਾਕੀ ਪਰਿਵਾਰ ਲੁਕ-ਛਿਪ ਕੇ ਦਿਨ ਕੱਟਣ ਲੱਗਾ। ਹੁਣ ਤਕ ਆਪ ਦੇ ਘਰ ਦੋ ਭੁਝੰਗੀ ਗੁਰਭੇਜ ਸਿੰਘ ਅਤੇ ਬਲਰਾਜ ਸਿੰਘ ਵੀ ਆ ਚੁੱਕੇ ਸਨ। ਇਹਨਾਂ ਦਾ ਮਸੂਮ ਬਚਪਨ ਵੀ ਪੁਲੀਸ ਨਾਲ ਲੁਕਣਮੀਚੀ ਵਿੱਚ ਹੀ ਲੰਘ ਰਿਹਾ ਸੀ।

ਜਦੋਂ ਪੁਲੀਸ ਵੱਲੋਂ ਸਿੱਖ ਜੁਝਾਰੂ ਲਹਿਰ ਵਿੱਚ ਦਾਖ਼ਲ ਕੀਤੇ ਸੂਹੀਏ ਆਪਣਾ ਰੰਗ ਵਿਖਾਉਣ ਲੱਗੇ ਤਾਂ ਕਈ ਨਾਮਵਰ ਜੁਝਾਰੂ ਉਹਨਾਂ ਦੀਆਂ ਮੁਖ਼ਬਰੀਆਂ ਕਾਰਨ ਘੇਰਿਆਂ 'ਚ ਆ ਕੇ ਸ਼ਹਾਦਤਾਂ ਪਾਉਣ ਲੱਗੇ। ਅਜਿਹੇ ਹੀ ਇੱਕ ਮੁਖ਼ਬਰ ਨੇ ਪੁਲੀਸ ਨੂੰ ਖ਼ਬਰ ਦਿੱਤੀ ਕਿ ਭਾਈ ਕਾਰਜ ਸਿੰਘ ਪੀਰ ਮੁਹੰਮਦ, ਬਲਵਿੰਦਰ ਸਿੰਘ ਦੇ ਫ਼ਰਜ਼ੀ ਨਾਂਅ 'ਤੇ ਇੱਕ ਟਰਾਂਸਪੋਰਟਰ ਬਣ ਕੇ ਇੱਕ ਟਰੱਕ 'ਤੇ ਬਿਲਕੁਲ ਨਿਹੱਥਾ ਜਾ ਰਿਹਾ ਹੈ। ਪੁਲੀਸ ਫ਼ੋਰਸਾਂ ਇਕਦਮ ਹਰਕਤ ਵਿੱਚ ਆਈਆਂ ਤੇ ਭਾਈ ਕਾਰਜ ਸਿੰਘ ਨੂੰ ਜਲੰਧਰ ਬਾਈਪਾਸ ਤੋਂ ਟਰੱਕ ਸਮੇਤ ਗ੍ਰਿਫ਼ਤਾਰ ਕਰ ਲਿਆ ਗਿਆ।

ਇੱਥੇ ਹੁਣ ਇੰਟੈਰੋਗੇਸ਼ਨ ਸੈਂਟਰਾਂ ਵਿੱਚ ਇੱਕ ਖ਼ੌਫ਼ਨਾਕ ਖੇਡ ਅਰੰਭ ਹੋਈ। ਮੁਖ਼ਬਰ ਆਪ ਦੇ ਮੂੰਹ 'ਤੇ ਹੀ ਪੁਲੀਸ ਨੂੰ ਕਹਿ ਰਿਹਾ ਸੀ ਕਿ 'ਇਹ ਕਾਰਜ ਸਿੰਘ ਪੀਰ ਮੁਹੰਮਦ ਹੈ', ਪਰ ਭਾਈ ਕਾਰਜ ਸਿੰਘ ਬਜ਼ਿਦ ਸਨ ਕਿ 'ਮੇਰਾ ਨਾਂ ਕਾਰਜ ਸਿੰਘ ਨਹੀਂ, ਬਲਵਿੰਦਰ ਸਿੰਘ ਹੈ।'

ਪੂਰੇ 10 ਦਿਨ ਪੁਲੀਸ ਨੇ ਤਸ਼ੱਦਦ ਦਾ ਆਪਣਾ ਹਰੇਕ ਵਹਿਸ਼ੀ ਤੋਂ ਵਹਿਸ਼ੀ ਤਰੀਕਾ ਵਰਤ ਕੇ ਵੇਖ ਲਿਆ, ਪਰ ਭਾਈ ਕਾਰਜ ਸਿੰਘ ਨੂੰ ਉਹ ਆਪਣੇ ਬਿਆਨ ਤੋਂ ਇੱਕ ਇੰਚ ਵੀ ਇੱਧਰ-ਓਧਰ ਨਾ ਕਰ ਸਕੇ। ਅਖੀਰ ਦਸਵੇਂ ਦਿਨ ਪੁਲੀਸ ਨੇ ਬੇਨਾਮ ਹੀ ਮੁਕਾਬਲਾ ਸ਼ੋਅ ਕਰ ਕੇ ਭਾਈ ਕਾਰਜ ਸਿੰਘ ਦੀ ਹਿੱਕ ਵਿੱਚ ਗੋਲ਼ੀਆਂ ਦੀ ਵਾਛੜ ਉਤਾਰ ਦਿੱਤੀ।

ਆਪ ਦੇ ਮਾਤਾ ਜੀ ਨੇ ਅਖ਼ਬਾਰ ਵਿੱਚੋਂ ਫੋਟੋ ਵੇਖ ਕੇ ਪਛਾਣ ਲਿਆ ਕਿ ਮੇਰਾ ਸ਼ੇਰ 'ਕਾਰਜ ਸਿੰਘ' ਸ਼ਹਾਦਤ ਪਾ ਗਿਆ ਹੈ। ਇਹ ਸੰਨ 1992 ਦੇ ਅਰੰਭਲੇ ਦਿਨ ਸਨ।

ਇਸ ਤੋਂ ਦੋ ਕੁ ਮਹੀਨੇ ਬਾਅਦ ਫ਼ਰਵਰੀ 1992 ਵਿੱਚ ਜਦੋਂ ਪੰਜਾਬ 'ਤੇ ਬੇਅੰਤੇ ਬੁੱਚੜ ਦੀ ਸਰਕਾਰ ਠੋਸੀ ਗਈ ਤਾਂ ਉਸ ਦੇ ਹੁਕਮਾਂ 'ਤੇ ਜੇਲ੍ਹਾਂ ਵਿਚਲੇ ਨੌਜਵਾਨ ਵੀ ਜੇਲ੍ਹਾਂ 'ਚੋਂ ਕੱਢ ਕੇ ਮਾਰੇ ਜਾਣ ਲੱਗੇ। ਫ਼ਿਰੋਜ਼ਪੁਰ ਜੇਲ੍ਹ ਵਿੱਚ ਬੰਦ ਭਾਈ ਕਾਰਜ ਸਿੰਘ ਦੇ ਛੋਟੇ ਭਰਾ ਭਾਈ ਬਾਜ਼ ਸਿੰਘ, ਜਿਸ ਦਾ ਥੋੜ੍ਹਾ ਚਿਰ ਪਹਿਲਾਂ ਹੀ ਵਿਆਹ ਹੋਇਆ ਸੀ ਤੇ ਜਿਸ ਦਾ ਇੱਕ ਛੋਟਾ ਜਿਹਾ ਬੱਚਾ (ਗੁਰਦਰਸ਼ਨ ਸਿੰਘ) ਸੀ, ਨੂੰ ਖੇਮਕਰਨ ਦਾ ਥਾਣੇਦਾਰ ਨਿਰਮਲ ਸਿੰਘ ਪੁਲੀਸ ਰਿਮਾਂਡ 'ਤੇ ਫ਼ਿਰੋਜ਼ਪੁਰ ਜੇਲ੍ਹ ਵਿੱਚੋਂ ਲਿਆਇਆ ਤੇ ਡਰੇਨ 'ਤੇ ਮੁਕਾਬਲਾ ਸ਼ੋਅ ਕਰ ਕੇ ਮਾਰ ਦਿੱਤਾ।

ਦੋਹਾਂ ਹੀ ਸ਼ੇਰ ਭਰਾਵਾਂ ਦੇ ਸ਼ਹੀਦ ਹੋਣ ਨਾਲ਼ ਘਰ ਵਿੱਚ ਆਈ ਵੀਰਾਨੀ ਅੱਜ ਵੀ ਕਾਇਮ ਹੈ, ਪਰ ਕਾਰਜ ਸਿੰਘ ਵਰਗੇ ਜੁਝਾਰੂ ਸੂਰਮਿਆਂ ਨੂੰ ਇਸ ਹੋਣੀ ਦੀ ਅਗਾਊਂ ਹੀ ਪਤਾ ਸੀ। ਉਹਨਾਂ ਦਾ ਆਪਣੇ ਘਰ ਦੇ ਖੇੜੇ ਲੁਟਾ ਕੇ ਕੌਮੀ ਘਰ ਦੇ ਖੇੜੇ ਮੋੜ ਲਿਆਉਣ ਦਾ ਸੁਪਨਾ ਅਜੇ ਮਾਂਵਾਂ ਦੇ ਪੁੱਤਾਂ ਨੇ ਸਾਕਾਰ ਕਰਨਾ ਹੈ।

* * * * *

ਸੰਘਰਸ਼ ਨੂੰ ਸਾਂਝੀ ਲੋਕ ਲਹਿਰ ਬਣਾਉਣ ਵਾਲਾ ਜੁਝਾਰੂ ਜਰਨੈਲ

ਭਾਈ ਭੁਪਿੰਦਰ ਸਿੰਘ ਭਿੰਦਾ ਕੰਮੋਕੇ

ਪੰਜਾਬ ਅੰਦਰ ਸਿੱਖ ਅਜ਼ਾਦੀ ਦੇ ਹਥਿਆਰਬੰਦ ਸੰਘਰਸ਼ ਨੂੰ ਫ਼ੇਲ੍ਹ ਕਰਨ ਲਈ ਹਿੰਦੁਸਤਾਨ ਦੀ ਸਮੁੱਚੀ ਸਰਕਾਰੀ ਮਸ਼ੀਨਰੀ ਨੇ ਹਰ ਹਰਬਾ ਵਰਤਿਆ। ਜਿੱਥੋਂ ਤਕ ਸਿੱਖ ਜੁਝਾਰੂਆਂ ਨੂੰ ਲੋਕਾਂ ਵਿੱਚ ਬਦਨਾਮ ਕਰਨ ਦੀ ਨੀਤੀ ਸੀ, ਇਸ ਵਿੱਚ ਬਹੁਤੇ ਅਨਾੜੀ ਜੁਝਾਰੂਆਂ ਦੇ ਹੋਸ਼ ਤੋਂ ਸੱਖਣੇ ਜੋਸ਼ ਕਾਰਨ ਭਾਰਤੀ ਸਰਕਾਰ ਕਾਫ਼ੀ ਹੱਦ ਤਕ ਸਫਲ ਵੀ ਹੋਈ, ਦੂਜੇ ਪਾਸੇ ਅਜਿਹੇ ਜੁਝਾਰੂ ਵੀ ਸਨ, ਜਿਨ੍ਹਾਂ ਦਾ ਆਪਣਾ ਜੀਵਨ ਹੀ ਆਪਣੇ ਆਪ ਵਿੱਚ ਸਿੱਖ ਜੁਝਾਰੂਆਂ ਨੂੰ ਬਦਨਾਮ ਕਰਨ ਦੀ ਹਿੰਦੁਸਤਾਨੀ ਨੀਤੀ ਦੀ ਕਾਟ ਸੀ। ਭਾਈ ਭੁਪਿੰਦਰ ਸਿੰਘ ਭਿੰਦਾ ਕੰਮੋਕੇ ਇਹਨਾਂ ਚੋਣਵੇਂ ਜੁਝਾਰੂ ਜਰਨੈਲਾਂ ਵਿੱਚੋਂ ਇੱਕ ਸੀ।

ਅੰਮ੍ਰਿਤਸਰ ਜ਼ਿਲ੍ਹੇ ਦੀ ਬਾਬਾ ਬਕਾਲਾ ਤਹਿਸੀਲ ਦੇ ਪਿੰਡ ਕੰਮੋਕੇ ਦੇ ਕਿਸਾਨ ਸ. ਹਰਬੰਸ ਸਿੰਘ ਅਤੇ ਉਹਨਾਂ ਦੀ ਸੁਪਤਨੀ ਬੀਬੀ ਗੁਰਦੀਪ ਕੌਰ ਦੇ ਘਰ ਕੁੱਲ ਛੇ ਬੱਚੇ ਹੋਏ:

ਮਲਕੀਤ ਸਿੰਘ, ਸੁਖਵਿੰਦਰ ਕੌਰ, ਕੁਲਵਿੰਦਰ ਕੌਰ, ਕੁਲਦੀਪ ਸਿੰਘ, ਭੁਪਿੰਦਰ ਸਿੰਘ ਭਿੰਦਾ (ਜਨਮ ਸੰਨ 1968), ਕੁਲਵੰਤ ਕੌਰ।

ਅਠਖੇਲੀਆਂ ਕਰਦਾ ਬਚਪਨ ਜਦੋਂ ਕੰਮ ਤੋਂ ਜੀਅ ਚੁਰਾ ਕੇ ਖੇਡਣ-ਮੱਲ੍ਹਣ ਦਾ ਸਮਾਂ ਭਾਲਦਾ ਹੁੰਦਾ ਹੈ, ਉਸ ਉਮਰ ਵਿੱਚ ਵੀ ਭੁਪਿੰਦਰ ਸਿੰਘ ਭਿੰਦਾ ਕੇਵਲ ਆਪਣੇ ਘਰ ਦੇ ਹੀ ਨਹੀਂ, ਮੂੰਹ-ਮੁਲਾਹਜ਼ੇ ਵਾਲੇ ਗਵਾਂਢੀਆਂ ਦੇ ਕੰਮ ਵੀ ਹੱਸ-ਹੱਸ ਕੇ ਕਰਦਾ ਰਹਿੰਦਾ ਸੀ। ਉਹ ਖਿਡਾਰੀ ਵੀ ਚੋਟੀ ਦਾ ਮੰਨਿਆ ਜਾਂਦਾ ਸੀ ਅਤੇ ਮਿਹਨਤੀ ਵੀ। ਖ਼ੁਰਾਕ ਖਾਣ ਵਿੱਚ ਜੇ ਉਹ ਘਰ ਵਿੱਚ ਸਭ ਤੋਂ ਅੱਗੇ ਸੀ ਤਾਂ ਉਸ ਨੂੰ ਪਚਾਉਣ ਦੇ ਢੰਗ ਵੀ ਭਿੰਦੇ ਕੋਲ ਹੀ ਸਨ। ਅੱਲ੍ਹੜ ਉਮਰ ਦੀਆਂ ਬਰੂਹਾਂ ਪਾਰ ਕਰਨ ਤਕ ਉਹ ਕੱਚੇ ਦੁੱਧ ਦੀ ਬਾਲਟੀ ਓਦਾਂ ਹੀ ਡੀਕ ਲਾ ਕੇ ਪੀ ਜਾਂਦਾ ਸੀ ਤੇ ਦੋ ਤਿੰਨ ਸੌ ਗਰਾਮ ਘਿਓ ਖਲੋਤੇ-ਖਲੋਤੇ ਹੀ ਪੀ ਜਾਣਾ ਉਸ ਲਈ ਕੋਈ ਵੱਡੀ ਗੱਲ ਨਹੀਂ ਸੀ।

ਜਦੋਂ ਉਹ 13 ਸਾਲ ਦਾ ਸੀ ਅਤੇ ਅਠਵੀਂ ਕਲਾਸ ਵਿੱਚ ਪੜ੍ਹਦਾ ਸੀ ਤਾਂ ਪੱਡੇ ਪਿੰਡ ਦਾ ਇੱਕ ਨੌਜਵਾਨ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲ਼ਿਆਂ ਦੀ ਅਰੰਭੀ ਲਹਿਰ ਵਿੱਚ

ਸ਼ਮੂਲੀਅਤ ਕਾਰਨ ਫੜਿਆ ਗਿਆ। ਉਸ ਨੌਜਵਾਨ ਨੇ ਇਲਾਕੇ ਦੇ ਕੁਝ ਗੱਭਰੂਆਂ ਦੇ ਨਾਂ ਲਏ, ਜਿਨ੍ਹਾਂ ਵਿੱਚ ਭਿੰਦੇ ਦਾ ਨਾਂ ਵੀ ਸੀ। ਭਿੰਦੇ ਨੂੰ ਫੜਨ ਆਈ ਪੁਲੀਸ ਭਿੰਦੇ ਦੇ ਨਾ ਮਿਲਣ 'ਤੇ ਉਸ ਦੇ ਪਿਤਾ ਨੂੰ ਫੜ ਕੇ ਥਾਣੇ ਲੈ ਗਈ। ਭਿੰਦੇ ਦੀ ਉਮਰ ਓਦੋਂ ਤੇਰਾਂ ਸਾਲ ਦੀ ਸੀ। ਨੌਂ ਦਿਨ ਬਾਅਦ ਤੇਰਾਂ ਸਾਲ ਦੇ ਭਿੰਦੇ ਨੂੰ ਥਾਣੇ ਪੇਸ਼ ਕਰਵਾ ਕੇ ਉਸ ਦੇ ਪਿਤਾ ਨੂੰ ਛੁਡਾਇਆ ਗਿਆ।

ਇਸ ਨਿੱਕੀ ਜਿਹੀ ਉਮਰ ਵਿੱਚ ਹੀ ਭਿੰਦੇ ਨੂੰ ਹੱਦੋਂ-ਵੱਧ ਟਾਰਚਰ ਕੀਤਾ ਗਿਆ ਅਤੇ ਦਰਿਆ ਦੇ ਕੰਢੇ ਲਿਜਾ ਕੇ ਸਿਰ ਉੱਤੋਂ ਦੀ ਗੋਲੀਆਂ ਲੰਘਾਈਆਂ ਗਈਆਂ। ਫਿਰ ਉਸ 'ਤੇ ਕੇਸ ਪਾ ਕੇ ਜੇਲ੍ਹ ਭੇਜ ਦਿੱਤਾ ਗਿਆ।

ਭਿੰਦਾ ਨੌਂ ਮਹੀਨੇ ਬੱਚਿਆਂ ਵਾਲੀ ਜੇਲ੍ਹ ਵਿੱਚ ਰਿਹਾ। ਅਠਵੀਂ ਕਲਾਸ ਦਾ ਨਤੀਜਾ ਉਸ ਦੇ ਜੇਲ੍ਹ ਵਿੱਚ ਹੋਣ ਦੌਰਾਨ ਹੀ ਆਇਆ, ਜਿਸ ਵਿੱਚ ਉਹ ਪਾਸ ਹੋਇਆ ਸੀ। ਜੇਲ੍ਹ ਵਿੱਚੋਂ ਹੀ ਉਸ ਨੇ ਦਸਵੀਂ ਦਾ ਪ੍ਰਾਈਵੇਟ ਦਾਖ਼ਲਾ ਭਰਿਆ। ਜੇਲ੍ਹ 'ਚੋਂ ਬਾਹਰ ਆ ਕੇ ਖਡੂਰ ਸਾਹਿਬ ਸੈਂਟਰ ਵਿਖੇ ਪ੍ਰਾਈਵੇਟ ਪੇਪਰ ਦਿੱਤੇ।

ਚੰਗੀ ਖ਼ੁਰਾਕ, ਵਧੀਆ ਕਸਰਤ ਤੇ ਵਿਸ਼ੇਸ਼ ਮਿਹਨਤ ਨੇ ਹੀ ਉਸ ਨੂੰ ਨੈਸ਼ਨਲ ਪੱਧਰ ਦਾ ਕਬੱਡੀ ਖਿਡਾਰੀ ਬਣਾਇਆ ਸੀ। ਸੋਲ਼ਾਂ ਸਾਲਾਂ ਦੀ ਉਮਰ ਵਿੱਚ ਹੀ ਉਹ ਪੂਰਾ ਗੱਭਰੂ ਲੱਗਣ ਲੱਗ ਪਿਆ ਸੀ ਤੇ ਬੁਤਾਲੇ ਤੋਂ ਮੈਟ੍ਰਿਕ ਪਾਸ ਕਰਦਿਆਂ ਸਾਰ ਹੀ ਉਸ ਨੂੰ ਰਿਸ਼ਤੇ ਆਉਣੇ ਸ਼ੁਰੂ ਹੋ ਗਏ ਸਨ, ਪਰ ਉਹ ਸਿਰ ਫੇਰ ਦਿੰਦਾ। ਮਾਂ ਨੇ ਇੱਕ ਦਿਨ ਕਿਹਾ:

"ਵੇ ਭਿੰਦਿਆ! ਲੋਕੀਂ ਕਹਿਣਗੇ ਇਹਨਾਂ ਨੂੰ ਫਿੱਟ ਚੜ੍ਹੀ ਆ, ਸਾਰੇ ਰਿਸ਼ਤੇ ਮੋੜੀ ਜਾਂਦੇ ਆ....ਤੂੰ ਕੁੜੀ ਵੇਖ ਲਾ ਖਾਂ....।"

ਭਿੰਦੇ ਨੇ ਸਿਰ ਫੇਰਿਆ ਤੇ ਕਹਿਣ ਲੱਗਾ:

"ਬੀਬੀ ਤੂੰ ਵੱਡੇ (ਭਰਾ) ਨੂੰ ਵਿਆਹ ਚੁੱਪ ਕਰ ਕੇ....ਮੇਰਾ ਤਾਂ ਪਤਾ ਨ੍ਹੀਂ ਕਿੱਥੇ ਵਿਆਹ ਹੋਣੈਂ .....।"

ਇਸੇ ਹੀ ਵੇਲੇ ਹਿੰਦੁਸਤਾਨੀ ਹਕੂਮਤ ਨੇ ਸਿੱਖ ਲਹਿਰ ਨੂੰ ਕੁਚਲਣ ਲਈ ਸ੍ਰੀ ਦਰਬਾਰ ਸਾਹਿਬ 'ਤੇ ਫ਼ੌਜੀ ਹਮਲਾ ਕਰ ਦਿੱਤਾ। ਜਜ਼ਬਾਤੀ ਭਿੰਦਾ ਇਸ ਹਮਲੇ ਦੇ ਰੋਸ ਵਿੱਚ ਤੁਰੀ ਜਵਾਨੀ ਦੇ ਕਾਫ਼ਲੇ ਸੰਗ ਜਾ ਰਲ਼ਿਆ। ਤਕਰੀਬਨ 2 ਸਾਲ ਭਿੰਦਾ ਗੁਪਤ ਰਹਿ ਕੇ ਹੀ ਸੇਵਾ ਕਰਦਾ ਰਿਹਾ। ਫਿਰ ਖੱਬੇ ਰਾਜਪੂਤਾਂ ਪਿੰਡ ਦਾ ਇੱਕ ਨੌਜਵਾਨ ਪੁਲੀਸ ਨੇ ਫੜਿਆ, ਜਿਸ ਨੇ ਇੰਟੈਰੋਗੇਸ਼ਨ ਵਿੱਚ ਇਲਾਕੇ ਦੇ 16 ਸਿੱਖ ਨੌਜਵਾਨਾਂ ਦੇ ਨਾਂ ਲਿਖਵਾਏ, ਜਿਨ੍ਹਾਂ ਵਿੱਚ ਭਿੰਦੇ ਦਾ ਨਾਂ ਵੀ ਸੀ। ਇਸ ਵੇਲ਼ੇ ਭਿੰਦਾ ਸਪੋਰਟਸ ਕਾਲਜ ਜਲੰਧਰ ਵਿਖੇ ਪੜ੍ਹ ਰਿਹਾ ਸੀ। ਉਸ ਦੇ ਘਰ ਨੂੰ ਚਾਰ-ਚੁਫੇਰੇ ਪੁਲੀਸ ਦਾ ਘੇਰਾ ਪੈ ਗਿਆ ਤਾਂ ਉਸ ਵੇਲ਼ੇ ਉਹ ਘਰ ਵਿੱਚ ਹੀ ਸੀ ਤੇ ਮੱਝਾਂ ਨੂੰ ਪਾਣੀ ਡਾਹ ਰਿਹਾ ਸੀ। ਉਹ ਕਿਸੇ ਤਰੀਕੇ ਘੇਰੇ ਵਿੱਚੋਂ ਨਿਕਲ ਗਿਆ।

ਪੁਲੀਸ ਭਿੰਦੇ ਦੇ ਪਿਤਾ ਅਤੇ ਵੱਡੇ ਭਰਾ ਮਲਕੀਤ ਸਿੰਘ 4 ਜੂਨ 1987 ਨੂੰ ਫੜ ਕੇ ਲੈ ਗਈ ਤੇ ਉਹਨਾਂ ਉੱਪਰ ਕਾਫ਼ੀ ਤਸ਼ੱਦਦ ਕਰਦੀ ਰਹੀ। ਜਦੋਂ ਕੁਝ ਲੋਕਾਂ ਨੇ ਭਿੰਦੇ ਨੂੰ ਪੇਸ਼ ਹੋਣ ਲਈ ਕਿਹਾ ਤਾਂ ਭਿੰਦੇ ਨੇ ਜਾਬਰ ਸਰਕਾਰ ਦੇ ਕਾਰਿੰਦਿਆਂ ਸਾਹਵੇਂ ਪੇਸ਼ ਹੋਣ ਤੋਂ ਕੋਰੀ ਨਾਂਹ ਕਰ

ਦਿੱਤੀ ਤੇ ਰੂਪੋਸ਼ ਹੋ ਗਿਆ। ਪਿੱਛੋਂ ਪੰਚਾਇਤਾਂ ਨੇ ਕਿਸੇ ਤਰੀਕੇ ਭਿੰਦੇ ਦੇ ਪਿਤਾ ਤੇ ਭਰਾ ਨੂੰ ਛੁਡਾ ਕੇ ਲਿਆਂਦਾ।

ਭਿੰਦੇ ਦੇ ਰੂਪੋਸ਼ ਹੋ ਜਾਣ 'ਤੇ ਉਸ ਦੀ ਮਾਂ ਨੂੰ ਇੱਕ ਡੂੰਘੀ ਮਾਨਸਿਕ ਪੀੜਾ ਵਿੱਚੋਂ ਗੁਜ਼ਰਨਾ ਪਿਆ, ਕਿਉਂਕਿ ਭਿੰਦਾ ਜਿੱਥੇ ਘਰ ਵਿੱਚ ਖੁੱਲ੍ਹੀ ਖ਼ੁਰਾਕ ਖਾਂਦਾ ਸੀ ਅਤੇ ਦੋਸਤਾਂ ਦੀਆਂ ਮੰਡਲੀਆਂ ਦੇ ਘਰ ਆਉਣ 'ਤੇ ਦੁੱਧ ਦੀਆਂ ਬਾਲ਼ਟੀਆਂ ਭਰ-ਭਰ ਕੇ ਉਹਨਾਂ ਵਿੱਚ ਵਰਤਾ ਦਿੰਦਾ ਸੀ, ਓਥੇ ਉਹ ਖ਼ੁਦ ਕਿਸੇ ਹੋਰ ਦੇ ਘਰੋਂ ਕੁਝ ਵੀ ਖਾਣ-ਪੀਣ ਨੂੰ ਉਹਨਾਂ 'ਤੇ ਬੋਝ ਪਾਉਣਾ ਸਮਝਦਾ ਸੀ। ਮਾਂ ਦੀ ਚਿੰਤਾ ਸੀ ਕਿ ਹੁਣ ਉਹ ਬੇਗਾਨੇ ਘਰਾਂ 'ਚੋਂ ਕਿਵੇਂ ਰੋਟੀ-ਪਾਣੀ ਖਾਂਦਾ ਹੋਵੇਗਾ?

ਮਾਂ ਦੀ ਇਸ ਮਾਨਸਿਕ ਹਾਲਤ ਦਾ ਪਤਾ ਭਿੰਦੇ ਨੂੰ ਆਪਣੇ ਕੁਝ ਦੋਸਤਾਂ ਤੋਂ ਲੱਗਾ। ਉਸ ਨੇ ਆਪਣੀ ਭੈਣ ਕੁਲਵਿੰਦਰ ਕੌਰ ਨੂੰ ਆਪਣੇ ਕੋਲ਼ ਕਿਸੇ ਟਿਕਾਣੇ 'ਤੇ ਸੱਦਿਆ ਅਤੇ ਉਸ ਨੂੰ ਆਪਣੇ ਗਰੁੱਪ ਕੋਲ਼ ਰੱਖੀਆਂ ਬਦਾਮ-ਗਿਰੀਆਂ ਤੇ ਦੇਸੀ ਘਿਓ ਵਗੈਰਾ ਵਿਖਾ ਕੇ ਮਾਂ ਨੂੰ ਤਸੱਲੀ ਦੇਣ ਲਈ ਕਿਹਾ। ਭੈਣ ਦੇ ਕਹਿਣ 'ਤੇ ਉਸ ਨੇ ਮਾਂ ਨੂੰ ਮਿਲਣਾ ਵੀ ਪ੍ਰਵਾਨ ਕਰ ਲਿਆ ਤੇ ਇੱਕ ਦਿਨ ਅੱਧੀ ਰਾਤ ਨੂੰ ਪਿੰਡ ਦੇ ਇੱਕ ਹੋਰ ਘਰ ਵਿੱਚ ਆ ਕੇ ਮਿਲ਼ ਗਿਆ।

ਇਸ ਰੂਪੋਸ਼ ਜੀਵਨ ਵਿੱਚ ਵੀ ਭਿੰਦੇ ਦੇ ਸਾਥੀਆਂ ਵੱਲੋਂ ਉਸ ਦੇ ਵਿਆਹ ਬਾਰੇ ਕਈ ਵਾਰ ਗੱਲਾਂ ਚੱਲੀਆਂ, ਜੋ ਉਹ ਹਾਸੇ-ਠੱਠੇ ਵਿੱਚ ਉਡਾ ਦਿੰਦਾ, ਫਿਰ ਗੰਭੀਰ ਹੋ ਕੇ ਕਹਿੰਦਾ:

"ਆਪ ਤਾਂ ਵੱਟਾਂ 'ਤੇ ਤੁਰੇ ਫਿਰਦੇ ਆਂ.....ਬੇਗਾਨੀ ਧੀ ਨੂੰ ਕਿਉਂ ਨਾਲ ਬਿਪਤਾ 'ਚ ਪਾਈਏ....?"

ਦਰਬਾਰ ਸਾਹਿਬ 'ਤੇ ਇੱਕ ਹੋਰ ਹਮਲੇ ਬਲੈਕ ਥੰਡਰ ਵਿੱਚ ਜਦੋਂ ਭਾਈ ਸੁਰਜੀਤ ਸਿੰਘ ਪੈਂਟਾ ਸ਼ਹੀਦ ਹੋ ਗਿਆ ਤਾਂ ਭਿੰਦੇ ਨੂੰ ਪੈਂਟੇ ਦੀ ਥਾਂ ਭਿੰਡਰਾਂਵਾਲ਼ਾ ਟਾਈਗਰਜ਼ ਫ਼ੋਰਸ ਦਾ ਲੈਫਟੀਨੈਂਟ ਜਨਰਲ ਬਣਾ ਦਿੱਤਾ ਗਿਆ। ਇਹ ਜ਼ਿੰਮੇਵਾਰੀ ਸੰਭਾਲ਼ ਕੇ ਭਿੰਦੇ ਨੇ ਲੋਕਾਂ ਅੰਦਰ ਜੁਝਾਰੂਆਂ ਦਾ ਖੁੱਸਿਆ ਜਨ-ਆਧਾਰ ਮੁੜ ਤੋਂ ਸਥਾਪਤ ਕਰਨ ਦੇ ਗੰਭੀਰ ਉਪਰਾਲੇ ਕੀਤੇ। ਭਿੰਦਾ ਪੂਰੇ ਇਲਾਕੇ ਦੀ ਜਿੰਦ-ਜਾਨ ਬਣ ਗਿਆ ਸੀ।

ਭਿੰਦੇ ਦੀ ਬਹਾਦਰੀ ਦੀਆਂ ਕਈ ਗੱਲਾਂ ਇਲਾਕੇ 'ਚ ਪ੍ਰਚਲਿਤ ਹੋ ਗਈਆਂ। ਇੱਕ ਵਾਰ ਉਹ ਤੇ ਉਸ ਦਾ ਨਜ਼ਦੀਕੀ ਦੋਸਤ ਬਿਕਰਮਜੀਤ ਸਿੰਘ ਇੱਕ ਪਿੰਡ 'ਚ ਰੁਕੇ ਸਨ। ਬਿਕਰਮਜੀਤ ਇੱਕ ਘਰ ਸੁੱਤਾ ਹੋਇਆ ਸੀ ਤੇ ਭਿੰਦਾ ਪਿੰਡ ਦੇ ਬਾਹਰਵਾਰ ਕਿਸੇ ਨਾਲ਼ ਗੱਲਾਂ ਕਰ ਰਿਹਾ ਸੀ। ਐਨ ਓਧਰੋਂ ਥਾਣਾ ਬਿਆਸ ਦੀ ਪੁਲੀਸ ਪਾਰਟੀ ਇੰਸਪੈਕਟਰ ਗੁਰਸੇਵਕ ਸਿੰਘ ਦੀ ਅਗਵਾਈ 'ਚ ਸਿਰ 'ਤੇ ਆ ਚੜ੍ਹੀ। ਭਿੰਦੇ ਕੋਲ਼ ਇਕਦਮ ਆਸੇ-ਪਾਸੇ ਹੋ ਜਾਣ ਦਾ ਮੌਕਾ ਸੀ, ਪਰ ਉਸ ਨੇ ਆਪਣੇ ਨਾਲੋਂ ਆਪਣੇ ਦੋਸਤ ਬਿਕਰਮਜੀਤ ਸਿੰਘ ਨੂੰ ਬਚਾਉਣਾ ਵਧੇਰੇ ਜ਼ਰੂਰੀ ਸਮਝਿਆ। ਪੁਲੀਸ ਦੀ ਜੀਪ ਦੇ ਅੱਗੇ ਦੌੜਦੇ ਭਿੰਦੇ ਨੇ ਜੀਪ ਤੋਂ ਦੂਰੀ ਬਣਾਈ ਰੱਖੀ ਤੇ ਬਿਕਰਮਜੀਤ ਨੂੰ ਉਠਾ ਕੇ ਕੰਧਾਂ-ਕੋਠੇ ਟੱਪ ਕੇ ਨਿਕਲ਼ ਗਿਆ।

ਇਸੇ ਹੀ ਤਰ੍ਹਾਂ ਇੱਕ ਵਾਰ ਭਿੰਦੇ ਹੋਰੀਂ ਦਸੰਬਰ 1987 ਦੇ ਅਖੀਰ ਵਿੱਚ ਮਹਿਤਾ ਚੌਕ

ਦੇ ਕਿਸੇ ਸ਼ੈਲਰ ਮਾਲਕ ਤੋਂ ਪਿਸਤੌਲ ਲੈਣ ਗਏ। ਪਰਿਵਾਰ 'ਚੋਂ ਕਿਸੇ ਨੇ ਪੁਲੀਸ ਨੂੰ ਖ਼ਬਰ ਕਰ ਦਿੱਤੀ। ਸੀ.ਆਰ.ਪੀ. ਦੀਆਂ ਧਾੜਾਂ ਆਪਣੀ ਬਹਾਦਰੀ ਵਿਖਾਉਣ ਲਈ ਗੱਡੀਆਂ ਵਿਚ ਉਕਤ ਘਰ ਵੱਲ ਤੁਰੀਆਂ; ਪਰ ਜਦੋਂ ਉਮੀਦ ਦੇ ਉਲਟ ਭਿੰਦੇ ਹੋਰੀਂ ਛਾਲਾਂ ਮਾਰ ਕੇ ਸੀ.ਆਰ.ਪੀ. ਵਾਲਿਆਂ ਦੀਆਂ ਗੱਡੀਆਂ ਦੇ ਐਨ ਸਾਮ੍ਹਣੇ ਆ ਗਏ ਤਾਂ ਸੀ.ਆਰ.ਪੀ. ਵਾਲਿਆਂ 'ਚ ਕਾਂਵਾਂ-ਰੌਲੀ ਮੱਚ ਗਈ। ਭਿੰਦੇ ਦੇ ਇੱਕ ਸਾਥੀ ਦਾ ਮੋਢਾ ਟੁੱਟ ਗਿਆ, ਫਿਰ ਵੀ ਭਿੰਦੇ ਨੇ ਆਪਣੇ ਉਸ ਸਾਥੀ ਨੂੰ ਮੋਢੇ 'ਤੇ ਚੁੱਕਿਆ ਤੇ ਲਲਕਾਰੇ ਮਾਰਦਾ ਨਿਕਲ ਗਿਆ।

ਪੁਲੀਸ ਨਾਲ ਛੋਟੀਆਂ-ਮੋਟੀਆਂ ਝੜਪਾਂ ਤਾਂ ਅਕਸਰ ਹੀ ਹੁੰਦੀਆਂ ਰਹਿੰਦੀਆਂ ਸਨ, ਪਰ ਭਿੰਦੇ ਦਾ ਹਿੰਦੁਸਤਾਨੀ ਫ਼ੋਰਸਾਂ ਨਾਲ ਇੱਕ ਵੱਡਾ ਮੁਕਾਬਲਾ ਟਪਿਆਲਾ ਪਿੰਡ ਵਿਚ ਹੋਇਆ। ਭਿੰਦਾ ਟਪਿਆਲੇ ਭਾਈ ਮੇਜਰ ਸਿੰਘ ਦੇ ਘਰ ਵਿਚ ਅੱਧੀ ਰਾਤ ਨੂੰ ਪਹੁੰਚਿਆ ਸੀ ਕਿ ਸਵੇਰੇ 6:30 ਵਜੇ ਵਿਸ਼ਾਲ ਫ਼ੋਰਸ ਦਾ ਮਜ਼ਬੂਤ ਘੇਰਾ ਪੈ ਗਿਆ। ਪਿੰਡ ਬੋਲੇਵਾਲ ਤੋਂ ਲੈ ਕੇ ਟਪਿਆਲੇ ਤਕ ਤੇ ਦੂਜੇ ਪਾਸੇ ਬੁੱਟਰਾਂ ਦੀ ਪੁਲੀ ਤੋਂ ਲੈ ਕੇ ਸੰਬੰਧਿਤ ਪਿੰਡ ਤਕ ਪੁਲੀਸ ਦੀਆਂ ਗੱਡੀਆਂ ਦੀਆਂ ਲਾਈਨਾਂ ਸਨ। ਉਧਰੋਂ ਭਿੰਦੇ ਨੇ ਇਸ ਸਮੇਂ ਕੇਸੀਂ ਇਸ਼ਨਾਨ ਕੀਤਾ ਹੋਇਆ ਸੀ। ਲੋਕਾਂ ਵਿਚ ਹਾਹਾਕਾਰ ਮੱਚ ਗਈ ਕਿ ਅੱਜ ਭਿੰਦਾ ਨਹੀਂ ਨਿਕਲ ਸਕਦਾ। ਪਰ ਚਾਰ ਘੰਟੇ ਮੁਕਾਬਲਾ ਕਰਨ ਪਿੱਛੋਂ ਭਿੰਦਾ ਬਨੈਣ-ਕਛਹਿਰੇ 'ਚ ਹੀ ਪੰਦਰਾਂ ਫ਼ੁੱਟ ਉੱਚੀ ਕੰਧ ਟੱਪ ਕੇ ਬਚ ਨਿਕਲਿਆ। ਉਸ ਨੇ ਆਪਣੇ ਸਾਰੇ ਸਾਥੀ ਵੀ ਬਚਾ ਕੇ ਕੱਢੇ ਤੇ ਸੰਬੰਧਿਤ ਘਰ ਦੇ ਜੀਅ ਵੀ, ਪਰ ਘਰ ਦਾ ਇੱਕ ਨੌਜਵਾਨ ਮੇਜਰ ਸਿੰਘ, ਭਿੰਦੇ ਦੇ ਕਹਿਣ 'ਤੇ ਬਾਹਰ ਨਾ ਨਿਕਲਿਆ ਤੇ ਕਹਿਣ ਲੱਗਾ ਕਿ "ਮੈਨੂੰ ਪੁਲੀਸ ਨੇ ਕੀ ਕਹਿਣੈਂ...?" ਪਰ ਜਦੋਂ ਭਿੰਦਾ ਨਿਕਲ ਗਿਆ ਤਾਂ ਛਿੱਥੀਆਂ ਪਈਆਂ ਫ਼ੋਰਸਾਂ ਨੇ ਮੇਜਰ ਸਿੰਘ ਨੂੰ ਗੋਲੀ ਮਾਰ ਕੇ ਮਾਰ ਦਿੱਤਾ। ਪਰਿਵਾਰ ਦਾ ਹੋਰ ਵੀ ਬਹੁਤ ਮਾਲੀ ਨੁਕਸਾਨ ਹੋਇਆ ਸੀ ਤੇ ਇੱਕ ਮੱਝ ਵੀ ਮਾਰੀ ਗਈ ਸੀ। ਭਿੰਦੇ ਨੇ ਪਰਿਵਾਰ ਦਾ ਮਾਲੀ ਨੁਕਸਾਨ ਖ਼ੁਦ ਪੂਰਾ ਕੀਤਾ, ਪਰ ਘਰ ਦੇ ਜਵਾਨ ਪੁੱਤਰ ਦੇ ਮਾਰੇ ਜਾਣ ਦਾ ਉਸ ਨੂੰ ਬੇਹੱਦ ਅਫ਼ਸੋਸ ਰਿਹਾ। ਦੂਜੇ ਪਾਸੇ ਭਿੰਦੇ ਦੇ ਨਿਕਲ ਜਾਣ 'ਤੇ ਹਿੰਦੁਸਤਾਨੀ ਫ਼ੋਰਸਾਂ ਨੇ ਟਪਿਆਲਾ ਪਿੰਡ ਵਾਸੀਆਂ 'ਤੇ ਅਥਾਹ ਤਸ਼ੱਦਦ ਕੀਤਾ, ਪਰ ਲੋਕ ਦੱਸਦੇ ਹਨ ਕਿ ਕਹਿਰਾਂ ਦਾ ਤਸ਼ੱਦਦ ਝੱਲ ਕੇ ਵੀ ਉਹਨਾਂ ਦੇ ਦਿਲਾਂ ਨੂੰ ਇਸ ਗੱਲ ਦਾ ਸਕੂਨ ਸੀ ਕਿ ਭਿੰਦਾ ਬਚ ਕੇ ਨਿਕਲ ਗਿਆ ਹੈ।

ਭਿੰਦਾ ਇਸੇ ਹੀ ਤਰ੍ਹਾਂ ਕਈ ਮੁਕਾਬਲਿਆਂ 'ਚੋਂ ਨਿਕਲਦਾ ਰਿਹਾ ਤੇ ਭਾਰਤੀ ਫ਼ੋਰਸਾਂ ਸਾਰਾ ਗੁੱਸਾ ਉਸ ਦੇ ਪਰਿਵਾਰ 'ਤੇ ਕੱਢਦੀਆਂ ਰਹੀਆਂ। ਉਸ ਦਾ ਇੱਕ ਭਰਾ ਕੁਲਦੀਪ ਸਿੰਘ ਤਾਂ ਫ਼ੌਜ ਵਿਚ ਸੀ, ਪੁਲੀਸ ਫ਼ੋਰਸਾਂ ਉਸ ਦੇ ਮਾਸਟਰ ਭਰਾ ਮਲਕੀਤ ਸਿੰਘ 'ਤੇ ਬਹੁਤ ਤਸ਼ੱਦਦ ਕਰਦੀਆਂ। ਇੱਕ ਵਾਰ ਮਲਕੀਤ ਸਿੰਘ ਨੂੰ ਪੁਲੀਸ ਗੋਰਾਇਆ ਲੈ ਗਈ ਤੇ ਓਥੇ ਅੰਨ੍ਹਾ ਤਸ਼ੱਦਦ ਕੀਤਾ ਗਿਆ। ਪਰਿਵਾਰ ਨੇ ਪਿੱਛੇ ਪੈਰਵੀ ਕੀਤੀ। ਐਮ.ਐਲ.ਏ. ਜੌਹਲ ਨੇ ਮਲਕੀਤ ਸਿੰਘ ਦੀ ਗੋਰਾਇਆ ਥਾਣੇ 'ਚ ਹੋਣ ਦੀ ਸੂਚਨਾ ਲਿਆ ਕੇ ਦਿੱਤੀ ਤਾਂ ਗੋਰਾਇਆ ਪੁਲੀਸ ਨੇ ਮਲਕੀਤ ਸਿੰਘ ਨੂੰ ਜਲੰਧਰ ਭੇਜ ਦਿੱਤਾ। ਏਨੇ ਚਿਰ ਨੂੰ ਭਿੰਦੇ ਨੇ ਜਲੰਧਰ ਦੇ ਪੁਲੀਸ ਅਫ਼ਸਰਾਂ ਨੂੰ ਫ਼ੋਨ ਕਰ ਕੇ ਉਹਨਾਂ ਨੂੰ ਹੱਥਾਂ-ਪੈਰਾਂ ਦੀ ਪਾ ਦਿੱਤੀ। ਮਲਕੀਤ ਸਿੰਘ ਨੂੰ ਮਰਨਊ ਹਾਲਤ ਵਿਚ ਜਲੰਧਰ ਥਾਣੇ ਵਿਚ ਪਿਆ ਵੇਖ ਕੇ ਥਾਣੇਦਾਰ ਘਬਰਾ ਗਿਆ ਤੇ ਸੰਤਰੀ ਨੂੰ ਗਾਲਾਂ ਕੱਢਣ ਲੱਗਾ ਕਿ ਤੂੰ

ਇਸ ਨੂੰ ਹਵਾਲ਼ਾਤ ਅੰਦਰ ਕਿਉਂ ਵਾੜਿਆ? ਉਸ ਦਾ ਕਹਿਣਾ ਸੀ, "ਟਾਰਚਰ ਗੋਰਾਇਆ ਵਾਲ਼ਿਆਂ ਕੀਤੈ ਤੇ ਜੇ ਕੁਝ ਹੋ ਗਿਆ ਤਾਂ ਭਿੰਦੇ ਨੇ ਸਾਨੂੰ ਨ੍ਹੀਂ ਛੱਡਣਾ।"

ਪੰਥ ਦੋਖੀਆਂ ਨੂੰ ਤੁਰੰਤ ਸੋਧਣਾ ਭਿੰਦਾ ਜ਼ਰੂਰੀ ਸਮਝਦਾ ਸੀ। ਜਨ: ਲਾਭ ਸਿੰਘ ਦੀ ਸ਼ਹੀਦੀ ਪਿੱਛੋਂ 'ਜੱਗ ਬਾਣੀ' ਦੇ ਇੱਕ ਪੱਤਰਕਾਰ ਨੇ ਉਸ ਦੀ ਲਾਸ਼ ਕੋਲ ਗਏ ਬਿਨਾਂ ਹੀ ਖ਼ਬਰ ਲਵਾ ਦਿੱਤੀ ਕਿ "ਜਿਹੜਾ ਜਿਉਂਦੇ ਜੀਅ ਨੱਕ 'ਤੇ ਮੱਖੀ ਨਹੀਂ ਸੀ ਬਹਿਣ ਦਿੰਦਾ, ਉਹਦੀ ਲਾਸ਼ 'ਤੇ ਅੱਜ ਗਿਰਝਾਂ ਮੰਡਲਾ ਰਹੀਆਂ ਸਨ।" ਭਿੰਦੇ ਨੇ ਉਸੇ ਹੀ ਦਿਨ ਉਹ ਫ਼ਿਰਕੂ ਪੱਤਰਕਾਰ ਸੋਧ ਦਿੱਤਾ।

1988 ਵਿੱਚ ਜਨ: ਲਾਭ ਸਿੰਘ ਅਤੇ ਭਾਈ ਅਵਤਾਰ ਸਿੰਘ ਬ੍ਰਹਮਾ ਦੀ ਸ਼ਹਾਦਤ ਤੋਂ ਬਾਅਦ ਜਦੋਂ ਸਰਕਾਰੀ ਧਿਰ ਨੇ ਖਾੜਕੂ ਲਹਿਰ ਨੂੰ ਵੱਡਾ ਧੱਕਾ ਲੱਗਣ ਦੀ ਚਰਚਾ ਛੇੜੀ ਤਾਂ ਭਿੰਦੇ ਨੇ ਇੱਕ ਪ੍ਰੈੱਸ ਬਿਆਨ ਜਾਰੀ ਕਰ ਕੇ ਜੁਝਾਰੂ ਲਹਿਰ ਦੀ ਚੜ੍ਹਦੀ ਕਲਾ ਦੀਆਂ ਗੁੰਜਾਰਾਂ ਪਾਈਆਂ। ਭਿੰਦੇ ਦੇ ਪ੍ਰੈੱਸ ਨੋਟ ਦੀ ਸ਼ਬਦਾਵਲੀ ਸੀ:

"ਪੰਥ ਦੇ ਵਾਲੀ ਦਸਵੇਂ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਵੱਲੋਂ 30 ਮਾਰਚ 1699 ਦੀ ਵਿਸਾਖੀ ਵਾਲ਼ੇ ਦਿਨ ਦਿੱਤੀ ਗਈ ਨਵੀਂ ਸੇਧ ਦੇ ਆਧਾਰ 'ਤੇ ਮਨੁੱਖਤਾ ਦੀ ਨਵਸਿਰਜਣਾ ਦੇ ਨਿਸ਼ਾਨੇ ਦੀ ਪੂਰਤੀ ਖ਼ਾਤਰ ਅਤੇ ਨਾਲ਼ ਦੀ ਨਾਲ਼ ਸਿੱਖ ਪੰਥ ਦੀ ਚੜ੍ਹਦੀ ਕਲਾ ਦੀ ਬਹਾਲੀ ਲਈ ਆਪਣਾ ਸੰਘਰਸ਼ ਹਰ ਹਾਲਤ ਵਿੱਚ ਜਾਰੀ ਰੱਖਿਆ ਜਾਵੇਗਾ, ਬੇਸ਼ੱਕ ਦੁਸ਼ਮਣ ਸਾਨੂੰ ਰਾਹੋਂ ਉਲਝਾਉਣ ਲਈ ਕਿੰਨੀਆਂ ਵੀ ਚਾਲਾਂ ਕਿਉਂ ਨਾ ਚੱਲੀ ਜਾਵੇ ਅਤੇ ਗਾਹੇ-ਬਗਾਹੇ ਸਾਡੇ ਰਸਤੇ ਵਿੱਚ ਕਿੰਨੇ ਵੱਡੇ ਅੜਿੱਕੇ ਵੀ ਕਿਉਂ ਨਾ ਆਉਂਦੇ ਰਹਿਣ। ਸਿਰਦਾਰ ਕਪੂਰ ਸਿੰਘ ਜਿਹੇ ਵਿਦਵਾਨਾਂ ਵੱਲੋਂ ਖ਼ਾਲਸਾ ਪੰਥ ਦੇ ਅਸੂਲਾਂ ਦੀ ਵਿਆਖਿਆ ਅਨੁਸਾਰ ਅਸੀਂ ਇਸ ਹਕੀਕਤ ਨਾਲ਼ ਸਹਿਮਤ ਹਾਂ ਕਿ ਨਿਰਸੰਦੇਹ ਮਨੁੱਖ ਦਾ ਅੰਤਮ ਨਿਸ਼ਚਾ ਸਮੁੱਚੀ ਲੁਕਾਈ ਤੇ ਮਨੁੱਖਤਾ ਦੀ ਇੱਕੋ ਜੋਤਿ ਦਾ ਅੰਗ ਬਣ ਕੇ ਚੱਲਣ ਲਈ ਹਮੇਸ਼ਾ ਤਤਪਰ ਰਹਿਣ ਵਿੱਚ ਹੀ ਹੈ ਪਰ ਸਾਨੂੰ ਇਸ ਗੱਲ ਦਾ ਵੀ ਭਲੀ-ਭਾਂਤ ਪਤਾ ਹੈ ਕਿ ਕੋਈ ਵੀ ਗੁਰੂ ਦਾ ਸਿੱਖ ਅਜਿਹਾ ਵੀ ਕੇਵਲ ਉਸ ਹਾਲਤ ਵਿੱਚ ਹੀ ਕਰ ਸਕਦਾ ਹੈ, ਜੇਕਰ ਉਸ ਕੋਲ ਸਵੈਇੱਛਾ ਨਾਲ਼ ਰਹਿਣ ਲਈ ਆਪਣਾ ਸੁਤੰਤਰ ਘਰ ਵੀ ਮੌਜੂਦ ਹੋਵੇ...।"

ਡਾ. ਤਰਸੇਮ ਸਿੰਘ ਸੈਦੋਕੇ, ਖ਼ਾਲਿਸਤਾਨ ਕਮਾਂਡੋ ਫ਼ੋਰਸ ਦਾ ਏਰੀਆ ਕਮਾਂਡਰ, ਜੋ ਕਿ ਭਿੰਦੇ ਦੇ ਨਾਨਕੇ ਪਿੰਡ ਸੈਦੋਕੇ ਦਾ ਸੀ ਤੇ ਭਿੰਦਾ ਤੇ ਉਹ ਦੋਵੇਂ ਇਕੱਠੇ ਕਬੱਡੀ ਖੇਡਦੇ ਰਹੇ ਸਨ, ਨੂੰ ਪ੍ਰਸ਼ਾਦਾ ਛਕਣ ਆਏ ਨੂੰ ਘਰ ਦੀ (ਰਹੀਮਪੁਰ ਪਿੰਡ ਦੀ) ਬੀਬੀ ਤੇ ਉਸ ਦੇ ਜਵਾਈ ਪਾਇਲਟ ਨੇ ਘੇਰਾ ਪਵਾ ਦਿੱਤਾ ਤੇ ਉਹ ਸੂਰਮਾ ਅੱਠ ਘੰਟੇ ਮੁਕਾਬਲਾ ਕਰ ਕੇ ਸ਼ਹੀਦ ਹੋ ਗਿਆ। ਭਿੰਦੇ ਨੇ ਉਕਤ ਬੀਬੀ ਤੇ ਉਸ ਦਾ ਪਾਇਲਟ ਜਵਾਈ ਤਿੰਨ ਦਿਨਾਂ ਦੇ ਅੰਦਰ ਹੀ ਜਾ ਸੋਧੇ।

ਸਰਕਾਰੀ ਪ੍ਰਚਾਰ ਸਾਧਨਾਂ ਵੱਲੋਂ ਸਿੱਖ ਸੰਘਰਸ਼ ਨੂੰ ਬਦਨਾਮ ਕਰਨ ਲਈ ਕੀਤੇ ਜਾ ਰਹੇ ਗੁਮਰਾਹਕੁਨ ਪ੍ਰਚਾਰ ਪ੍ਰਤੀ ਭਿੰਦਾ ਪੂਰੀ ਤਰ੍ਹਾਂ ਸੁਚੇਤ ਸੀ। ਇੱਕ ਵਾਰ ਜਦੋਂ ਅਜਿਹੇ ਪ੍ਰਚਾਰ ਸਾਧਨਾਂ ਰਾਹੀਂ ਭਿੰਦੇ ਦੇ ਗਰੁੱਪ ਨੂੰ ਲੋਟੂ ਤੇ ਜ਼ਾਲਮ ਕਿਹਾ ਗਿਆ ਤਾਂ ਭਿੰਦੇ ਨੇ ਇੱਕ ਪ੍ਰੈੱਸ-ਨੋਟ

ਜਾਰੀ ਕਰ ਕੇ ਸਪਸ਼ਟ ਕੀਤਾ ਕਿ "ਲੋਕਾਂ ਨੂੰ ਤੰਗ ਕਰਨ ਵਾਲੇ ਜੁਝਾਰੂ ਨਹੀਂ, ਸਰਕਾਰੀ ਕੈਟ ਹਨ, ਜੇਕਰ ਲੋਕਾਂ ਨੂੰ ਕੋਈ ਕਿਸੇ ਵੀ ਤਰ੍ਹਾਂ ਸਾਡੇ ਨਾਂ 'ਤੇ ਤੰਗ ਕਰਦਾ ਹੈ ਤਾਂ ਸਾਡੇ ਨਾਲ ਸੰਪਰਕ ਕੀਤਾ ਜਾਵੇ। ਹਿੰਦੂਆਂ ਨੂੰ ਸਿਰਫ਼ ਹਿੰਦੂ ਹੋਣ ਕਰ ਕੇ ਪ੍ਰੇਸ਼ਾਨ ਕੀਤੇ ਜਾਣ ਬਾਰੇ ਭਿੰਦੇ ਨੇ ਕਿਹਾ: "ਸਾਡਾ ਵਿਰੋਧ ਕਿਸੇ ਫ਼ਿਰਕੇ ਦੇ ਲੋਕਾਂ ਜਾਂ ਬਰਾਦਰੀ ਨਾਲ ਨਹੀਂ ਹੈ, ਅਸੀਂ ਤਾਂ ਸਿਰਫ਼ ਜ਼ੁਲਮ ਨੂੰ ਠੱਲ੍ਹ ਪਾਉਣ ਲਈ ਅਤੇ ਜ਼ਾਲਮਾਂ ਦਾ ਸਫ਼ਾਇਆ ਕਰਨ ਲਈ ਹਥਿਆਰ ਹੱਥਾਂ ਵਿੱਚ ਲਏ ਹਨ....।"

ਭਿੰਦੇ ਦੇ ਚੰਗੇ ਵਤੀਰੇ ਨਾਲ ਉਸ ਦੇ ਇਲਾਕੇ ਦੇ ਪੁਲੀਸ ਮੁਲਾਜ਼ਮ ਵੀ ਉਸ ਦੇ ਕਾਇਲ ਹੋ ਗਏ ਸਨ। ਇਲਾਕੇ ਦੇ ਹਿੰਦੂ ਵੀ ਉਸ ਦਾ ਸਤਿਕਾਰ ਕਰਦੇ ਸਨ। ਕੁਝ ਸਿੱਖ ਪੁਲੀਸ ਮੁਲਾਜ਼ਮ ਉਸ ਨੂੰ ਆਉਣ ਵਾਲੇ ਖ਼ਤਰੇ ਬਾਰੇ ਵੀ ਆਗਾਹ ਕਰ ਦਿੰਦੇ ਸਨ। ਕੁਝ ਲੋਕਾਂ ਦਾ ਕਹਿਣਾ ਹੈ ਕਿ ਕੁਝ ਸਿੱਖ ਪੁਲੀਸ ਮੁਲਾਜ਼ਮਾਂ ਨੇ ਭਿੰਦੇ ਨੂੰ ਉਸ ਦੇ ਗਰੁੱਪ ਵਿਚਲੇ ਦਿਆਲਗੜ੍ਹੀਏ ਚੰਨੇ ਬਾਰੇ ਸੁਚੇਤ ਕਰ ਦਿੱਤਾ ਸੀ ਕਿ ਉਹ ਬਟਾਲੇ ਦੇ ਪੁਲੀਸ ਮੁਖੀ ਗੋਬਿੰਦ ਰਾਮ ਦੀ ਕਾਲੀ ਬਿੱਲੀ ਬਣ ਗਿਆ ਹੈ, ਪਰ ਭਿੰਦੇ ਨੇ ਇਸ 'ਤੇ ਯਕੀਨ ਨਹੀਂ ਸੀ ਕੀਤਾ। ਪਰ ਇਹ ਸੱਚਮੁੱਚ ਹੀ ਹਕੀਕਤ ਸੀ।

ਗੋਬਿੰਦ ਰਾਮ ਦੀ ਕਾਲੀ ਬਿੱਲੀ ਬਣਿਆ ਚੰਨਾ ਭਿੰਦੇ ਦਾ ਵਿਸ਼ਵਾਸ ਜਿੱਤ ਚੁੱਕਾ ਸੀ ਤੇ ਹੁਣ ਉਹ ਕੇਵਲ ਇਸ ਮੌਕੇ ਦੀ ਤਲਾਸ਼ ਵਿੱਚ ਹੀ ਸੀ ਜਦੋਂ ਉਹ ਪਿੱਠ 'ਤੇ ਘਾਤਕ ਵਾਰ ਕਰ ਕੇ ਇਸ ਸੂਰਮੇ ਦਾ ਅੰਤ ਕਰ ਸਕੇ। ਇਹ ਮੌਕਾ ਉਸ ਨੂੰ 13 ਫ਼ਰਵਰੀ 1989 ਨੂੰ ਮਿਲਿਆ। ਭੁਪਿੰਦਰ ਸਿੰਘ ਭਿੰਦਾ ਅਤੇ ਉਸ ਦੇ ਸਾਥੀ ਕਸ਼ਮੀਰ ਸਿੰਘ ਕੋਟ ਮੌਲਵੀ ਨੇ ਕਿਸੇ ਕੰਮ ਗੌਰਮਿੰਟ ਹਾਈ ਸਕੂਲ ਸੁਧਾਰ ਜਾਣਾ ਸੀ। ਚੰਨੇ ਨੇ ਸਾਰੇ ਰਾਹਾਂ ਵਿੱਚ ਆਉਂਦੇ ਨਾਕਿਆਂ 'ਤੇ ਆਪਣੇ ਬੰਦੇ ਤਾਇਨਾਤ ਕਰ ਦਿੱਤੇ। ਖ਼ੁਦ ਮੋਟਰ ਸਾਈਕਲ ਲੈ ਕੇ ਇਹ ਅਕ੍ਰਿਤਘਣ ਰਾਹ 'ਚ ਆਪਣੇ ਦੋ ਹੋਰ ਸਾਥੀਆਂ ਸਮੇਤ ਘਾਤ ਲਾ ਕੇ ਬੈਠ ਗਿਆ।

ਜਿਉਂ ਹੀ ਭੁਪਿੰਦਰ ਸਿੰਘ ਭਿੰਦਾ ਤੇ ਉਸ ਦਾ ਸਾਥੀ ਕਸ਼ਮੀਰ ਸਿੰਘ ਮੌਲਵੀ ਸਕੂਟਰ 'ਤੇ ਲੰਘੇ ਤਾਂ ਇਹਨਾਂ ਨੇ ਕੁਝ ਵਿੱਥ ਮਗਰੇ ਹੀ ਆਪਣਾ ਮੋਟਰ ਸਾਈਕਲ ਲਾ ਲਿਆ। ਵਿਸ਼ਵਾਸ ਹਾਸਲ ਕੀਤਾ ਹੋਣ ਕਰਕੇ ਇਸ ਨੂੰ ਖ਼ੌਫ਼ ਨਹੀਂ ਸੀ ਤੇ ਭਿੰਦੇ ਹੋਰਾਂ ਨੂੰ ਕੋਈ ਸ਼ੱਕ ਨਹੀਂ ਸੀ।

ਜਿਉਂ ਹੀ ਭਿੰਦੇ ਹੋਰੀਂ ਸਕੂਲ ਅੱਪੜ ਕੇ ਸਕੂਟਰ ਸਟੈਂਡ 'ਤੇ ਲਾਉਣ ਲੱਗੇ ਤਾਂ ਤੇਜ਼ੀ ਨਾਲ ਮੋਟਰ ਸਾਈਕਲ 'ਤੇ ਆਏ ਇਹਨਾਂ ਵਿਸ਼ਵਾਸਘਾਤੀਆਂ ਨੇ ਅਸਾਲਟ ਨਾਲ ਫ਼ਾਇਰਿੰਗ ਕਰ ਕੇ ਦੋਹਾਂ ਹੀ ਸੂਰਮਿਆਂ ਨੂੰ ਗੋਲੀਆਂ ਨਾਲ ਵਿੰਨ੍ਹ ਸੁੱਟਿਆ। ਫਿਰ ਇਹ ਤਿੰਨੇ ਗ਼ੱਦਾਰ ਲਾਸ਼ਾਂ ਚੁੱਕ ਕੇ ਲਿਜਾਣ ਲਈ ਟਰੈਕਟਰ ਟਰਾਲੀ ਲੱਭਣ ਲੱਗੇ, ਪਰ ਕਿਸੇ ਨੇ ਵੀ ਟਰੈਕਟਰ ਟਰਾਲੀ ਨਾ ਦਿੱਤੀ। ਇਹ ਛੇਤੀ ਨਾਲ ਕਿਤੋਂ ਇੱਕ ਥ੍ਰੀ-ਵ੍ਹੀਲਰ ਫੜ ਲਿਆਏ। ਹੁਣ ਤਕ ਲਾਸ਼ਾਂ ਕੋਲ ਭੀੜ ਜੁੜ ਚੁੱਕੀ ਸੀ। ਇਹਨਾਂ ਗ਼ੱਦਾਰਾਂ ਨੇ ਫ਼ਾਇਰਿੰਗ ਕਰ ਕੇ ਭੀੜ ਨੂੰ ਡਰਾਇਆ ਤੇ ਲਾਸ਼ਾਂ ਚੁੱਕ ਕੇ ਥ੍ਰੀ-ਵ੍ਹੀਲਰ ਵਿੱਚ ਸੁੱਟ ਲਈਆਂ ਤੇ ਲੈ ਤੁਰੇ। ਇਹ ਲਾਸ਼ਾਂ ਇਹਨਾਂ ਨੇ ਗੋਬਿੰਦ ਰਾਮ ਕੋਲ ਲੈ ਕੇ ਜਾਣੀਆਂ ਸਨ। ਰਾਹ 'ਚ ਦਨਿਆਲ ਪਿੰਡ ਵਿੱਚ ਆਈ ਜੰਞ ਤੋਂ ਇਹਨਾਂ ਨੇ ਮਰੂਤੀ ਖੋਹ ਲਈ ਤੇ ਲਾਸ਼ਾਂ ਉਸ ਵਿੱਚ ਪਾ ਕੇ ਹਰਗੋਬਿੰਦਪੁਰ ਪਹੁੰਚ ਗਏ।

ਗੋਬਿੰਦ ਰਾਮ ਬੜਾ ਖ਼ੁਸ਼ ਹੋਇਆ ਤੇ ਇਸ ਲਈ ਇਹਨਾਂ ਪਾਲਤੂ ਗੁੰਡਿਆਂ ਨੂੰ ਪੂਰੇ ਇਲਾਕੇ 'ਚ ਲੁੱਟ ਮਚਾਉਣ ਦੇ ਪਰਮਿਟ ਜਾਰੀ ਕਰ ਦਿੱਤੇ। ਬਾਰਡਰ ਰੇਂਜ ਦੇ ਆਈ.ਜੀ. ਪਾਲ ਸਿੰਘ ਨੇ ਭਾਈ ਭੁਪਿੰਦਰ ਸਿੰਘ ਭਿੰਦਾ ਦੇ ਇੱਕ ਪੁਲੀਸ ਮੁਕਾਬਲੇ ਵਿਚ ਮਾਰੇ ਜਾਣ ਦਾ ਐਲਾਨ ਕਰਦਿਆਂ ਕਿਹਾ- "ਉਸ ਦਾ ਭਿੰਡਰਾਂਵਾਲਾ ਟਾਈਗਰਜ਼ ਫ਼ੋਰਸ ਵਿਚ ਮਾਨੋਚਾਹਲ ਤੋਂ ਬਾਅਦ ਦੂਜਾ ਥਾਂ ਸੀ ਤੇ ਉਹ ਪੰਜਾਬ 'ਚ 100 ਤੋਂ ਵੱਧ ਕਤਲਾਂ ਲਈ ਜ਼ਿੰਮੇਵਾਰ ਸੀ....।"

ਕੁਝ ਸਿੱਖ ਅਫ਼ਸਰਾਂ ਨੇ ਪਿੰਡ ਵਾਲਿਆਂ ਦੇ ਕਹਿਣ 'ਤੇ ਕੁਝ ਪਿੰਡਾਂ ਦੇ ਮੋਹਤਬਰਾਂ ਦੇ ਵਿੱਚ ਹੀ ਭਿੰਦੇ ਦੀ ਮਾਤਾ ਨੂੰ ਵੀ ਸ਼ਹੀਦ ਸੂਰਮੇ ਦੇ ਅੰਤਮ ਦਰਸ਼ਨਾਂ ਲਈ ਬਟਾਲੇ ਲਿਆਉਣਾ ਮੰਨ ਲਿਆ, ਇਸ ਸ਼ਰਤ 'ਤੇ ਕਿ ਕਿਸੇ ਨੂੰ ਪਤਾ ਨਾ ਲੱਗੇ। ਭਿੰਦੇ ਦੀ ਮਾਤਾ ਨੇ ਇਹ ਸ਼ਰਤ ਮੰਨ ਤਾਂ ਲਈ, ਪਰ ਜਿਉਂ ਹੀ ਦੁੱਧ ਚਿੱਟੀ ਚਾਦਰ ਤਾਣੀ ਸਦਾ ਦੀ ਨੀਂਦ ਸੁੱਤਾ ਸ਼ੇਰ ਪੁੱਤ ਉਸ ਦੀ ਨਜ਼ਰੀਂ ਪਿਆ ਤਾਂ ਉਸ ਦੀ ਭੁੱਬ ਨਿਕਲ ਗਈ ਤੇ ਉਹ ਬੋਲ ਉੱਠੀ:

"...ਵੇ ਭਿੰਦਿਆ! ਤੂੰ ਤਾਂ ਸ਼ੇਰ ਸੈਂ....ਆਹ ਗਿੱਦੜ ਤੋਂ ਹੀ ਢੋਹਣਾ ਸੀ....?"

ਅੰਤਮ ਦਰਸ਼ਨ ਕਰਵਾਉਣ ਵਾਲੇ ਸਿੱਖ ਪੁਲੀਸ ਅਫ਼ਸਰ ਇਹ ਸੁਣ ਕੇ ਘਬਰਾ ਗਏ। ਇੱਕ ਪੁਲੀਸ ਅਫ਼ਸਰ ਨੇ ਉਸੇ ਵੇਲੇ ਮਾਤਾ ਨੂੰ ਚੁੱਪ ਕਰਵਾਇਆ। ਭਿੰਦੇ ਅਤੇ ਮੌਲਵੀ ਦੀਆਂ ਲਾਸ਼ਾਂ ਦਾ ਸਸਕਾਰ ਪੁਲੀਸ ਨੇ ਹੀ ਕੀਤਾ ਤੇ ਲਾਸ਼ਾਂ ਪਰਿਵਾਰ ਨੂੰ ਨਾ ਦਿੱਤੀਆਂ ਗਈਆਂ। ਭਿੰਦੇ ਦੇ ਸ਼ੋਕ ਵਿਚ ਸਾਰੇ ਇਲਾਕੇ ਦੇ ਘਰਾਂ 'ਚ ਦੋ ਦਿਨ ਤਕ ਚੁੱਲ੍ਹੇ ਨਾ ਬਲੇ। ਬਿਨਾਂ ਕਿਸੇ ਸੱਦੇ ਦੇ 10 ਦਿਨ ਹੜਤਾਲ ਵਰਗੀ ਹਾਲਤ ਰਹੀ, ਹਿੰਦੂ ਵੀ ਇਸ ਸੋਗ ਵਿਚ ਬਰਾਬਰ ਦੇ ਹਿੱਸੇਦਾਰ ਬਣੇ। ਹਰ ਪਿੰਡ 'ਚ ਦੋ-ਦੋ ਅਖੰਡ ਪਾਠ ਸਾਹਿਬਾਂ ਦੇ ਭੋਗ ਪਾਏ ਗਏ। ਹਿੰਦੂ ਭਾਈਚਾਰੇ ਨੇ ਇਸ ਵਿੱਚ ਵਧ-ਚੜ੍ਹ ਕੇ ਹਿੱਸਾ ਲਿਆ। ਜਿਸ ਸਕੂਲ ਦੇ ਸਾਮ੍ਹਣੇ ਭਾਈ ਭਿੰਦਾ ਸ਼ਹੀਦ ਹੋਇਆ ਸੀ, ਉਸ ਸਕੂਲ 'ਚ ਬੱਚਿਆਂ ਨੇ ਸ੍ਰੀ ਅਖੰਡ ਪਾਠ ਸਾਹਿਬ ਦਾ ਭੋਗ ਪਾ ਕੇ ਇਲਾਕੇ ਦੇ ਨਾਇਕ ਭਿੰਦੇ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ।

ਇਸ ਘਟਨਾ ਤੋਂ ਛੇ ਕੁ ਮਹੀਨੇ ਬਾਅਦ ਸਿੰਘਾਂ ਨੇ ਵਿਸ਼ਵਾਸਘਾਤੀ ਚੰਨੇ ਨੂੰ ਇੱਕ ਮੇਲੇ ਵਿੱਚ ਘੇਰ ਲਿਆ। ਚੰਨਾ ਬਥੇਰਾ ਭੱਜਾ, ਪਰ ਦੋ ਤਿੰਨ ਕਿੱਲੇ ਲੰਘ ਕੇ ਸਿੰਘਾਂ ਨੇ ਉਸ ਨੂੰ ਜਾ ਢਾਹਿਆ। ਮੌਤ ਅੱਖਾਂ ਅੱਗੇ ਆਈ ਵੇਖ ਕੇ ਚੰਨੇ ਨੇ ਜਾਨ ਬਖ਼ਸ਼ਾਉਣ ਲਈ ਬੜੇ ਹਾੜ੍ਹੇ ਕੱਢੇ ਤੇ ਬਹੁੜੀਆਂ ਪਾਈਆਂ, ਪਰ ਜੁਝਾਰੂ ਸਿੰਘਾਂ ਦੀਆਂ ਅੱਖਾਂ ਅੱਗੇ ਸ਼ੇਰ ਦਿਲ ਜਰਨੈਲ ਭਿੰਦੇ ਦਾ ਚਿਹਰਾ ਘੁੰਮ ਰਿਹਾ ਸੀ। ਸਿੰਘਾਂ ਨੇ ਗ਼ੱਦਾਰ ਚੰਨੇ ਨੂੰ ਓਥੇ ਹੀ ਗੋਲੀਆਂ ਨਾਲ ਭੁੰਨ ਸੁੱਟਿਆ। ਉਸ ਦੀ ਡੱਬ ਵਿੱਚੋਂ ਭਿੰਦੇ ਦਾ ਪਿਸਟਲ ਨਿਕਲਿਆ, ਜਿਸ ਨੂੰ ਸ਼ਹੀਦ ਦੀ ਨਿਸ਼ਾਨੀ ਵਜੋਂ ਸੰਭਾਲਣ ਲਈ ਸਿੰਘ ਜੈਕਾਰੇ ਛੱਡਦੇ ਨਾਲ ਲੈ ਆਏ।

* * * * *

ਮਾਲਵੇ ਦਾ ਜੁਝਾਰੂ ਜਰਨੈਲ

ਸ਼ਹੀਦ ਭਾਈ ਬਲਵਿੰਦਰ ਸਿੰਘ ਜਟਾਣਾ

ਭਾਈ ਬਲਵਿੰਦਰ ਸਿੰਘ ਜਟਾਣਾ ਦਾ ਜਨਮ ਜੁਲਾਈ 1962 ਵਿੱਚ ਮਾਤਾ ਨਸੀਬ ਕੌਰ ਦੀ ਕੁੱਖੋਂ ਪਿਤਾ ਸ. ਸੋਹਣ ਸਿੰਘ ਦੇ ਗ੍ਰਹਿ ਪਿੰਡ ਜਟਾਣਾ ਵਿਖੇ ਹੋਇਆ। ਆਪ ਕੁੱਲ ਚਾਰ ਭੈਣ ਭਰਾਵਾਂ ਦਾ ਵੇਰਵਾ ਇਸ ਤਰ੍ਹਾਂ ਹੈ:

ਸੁਰਿੰਦਰ ਕੌਰ (ਭੈਣ), ਬਲਵਿੰਦਰ ਸਿੰਘ ਜਟਾਣਾ, ਨਿਰਮਲ ਕੌਰ (ਭੈਣ), ਪਵਨ ਸਿੰਘ (ਭਰਾ)।

ਮੁੱਢਲੀ ਪੰਜਵੀਂ ਕਲਾਸ ਤਕ ਦੀ ਵਿੱਦਿਆ ਬਲਵਿੰਦਰ ਸਿੰਘ ਨੇ ਜਟਾਣਾ ਦੇ ਪ੍ਰਾਇਮਰੀ ਸਕੂਲ ਤੋਂ ਪ੍ਰਾਪਤ ਕੀਤੀ। ਮੈਟ੍ਰਿਕ ਹਾਈ ਸਕੂਲ ਬੇਲਾ ਤੋਂ ਅਤੇ ਬੀ.ਏ. ਬਾਬਾ ਅਜੀਤ ਸਿੰਘ ਜੁਝਾਰ ਸਿੰਘ ਕਾਲਜ ਤੋਂ ਕੀਤੀ। ਇਸ ਪਿੱਛੋਂ ਰੋਪੜ ਕਾਲਜ ਵਿੱਚ ਐਮ.ਏ. ਲਈ ਦਾਖਲਾ ਲਿਆ।

ਇਹਨਾਂ ਦਿਨਾਂ ਵਿੱਚ ਸ੍ਰੀ ਦਰਬਾਰ ਸਾਹਿਬ ਉੱਪਰ ਭਾਰਤੀ ਹਮਲੇ ਕਾਰਨ ਸਿੱਖਾਂ ਦੀ ਹਿੰਦ ਹਕੂਮਤ ਨਾਲ ਜੰਗ ਅਰੰਭ ਹੋ ਚੁੱਕੀ ਸੀ। ਬਲਵਿੰਦਰ ਸਿੰਘ ਆਪਣੇ ਪਿੰਡ ਦੇ ਭਾਈ ਇੰਦਰਜੀਤ ਸਿੰਘ ਜਟਾਣਾ ਦੇ ਸੰਪਰਕ ਵਿੱਚ ਆ ਕੇ ਆਪ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਸਰਗਰਮ ਵਰਕਰ ਬਣ ਗਏ।

ਸਭ ਤੋਂ ਪਹਿਲਾਂ ਇਹਨਾਂ ਸਾਰੇ ਨੌਜਵਾਨਾਂ ਨੇ ਜਟਾਣੇ ਪਿੰਡ ਵਿੱਚ ਕੀਰਤਨ ਦਰਬਾਰ ਕਰਵਾਇਆ। ਇਸ ਪਿੱਛੋਂ ਪੁਲੀਸ ਆਪ 'ਤੇ ਨਜ਼ਰ ਰੱਖਣ ਲੱਗ ਪਈ। ਕੀਰਤਨ ਦਰਬਾਰ ਤੋਂ ਥੋੜ੍ਹਾ ਸਮਾਂ ਬਾਅਦ ਚਮਕੌਰ ਸਾਹਿਬ ਦੀ ਪੁਲੀਸ ਆਪ ਨੂੰ ਫੜ ਕੇ ਲੈ ਲਈ, ਪਰ ਪਿੰਡ ਦੀ ਪੰਚਾਇਤ ਨੇ ਆਪ ਨੂੰ ਛੁਡਾ ਲਿਆਂਦਾ।

ਫਿਰ ਆਪ ਰੋਪੜ ਦੇ ਜਿਸ ਸਰਕਾਰੀ ਕਾਲਜ ਵਿੱਚ ਐਮ.ਏ. ਕਰ ਰਹੇ ਸਨ, ਓਥੇ ਸ੍ਰੀ ਅਖੰਡ ਪਾਠ ਸਾਹਿਬ ਕਰਵਾਇਆ ਤੇ ਭੋਗ ਦੇ ਮੌਕੇ ਉਸ ਸਮੇਂ ਦੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਪ੍ਰੋ: ਦਰਸ਼ਨ ਸਿੰਘ ਖ਼ਾਲਸਾ ਨੂੰ ਬੁਲਾਇਆ। ਆਪ ਫਿਰ ਪੁਲੀਸ ਦੀਆਂ ਨਜ਼ਰਾਂ ਦਾ ਕੇਂਦਰ ਬਿੰਦੂ ਬਣੇ। ਇੱਕ ਵਾਰ ਆਪ ਦੇ ਹੋਸਟਲ ਵਾਲੇ ਕਮਰੇ ਵਿੱਚ ਇੱਕ ਰੂਪੋਸ਼ ਨੌਜਵਾਨ ਰਾਤ ਕੱਟ ਗਿਆ। ਪਤਾ ਲੱਗਣ 'ਤੇ ਪਟਿਆਲੇ ਦੀ ਪੁਲੀਸ ਨੇ ਛਾਪਾ ਮਾਰਿਆ ਤੇ ਆਪ ਨੂੰ

ਹੋਸਟਲ 'ਚੋਂ ਫੜ ਕੇ ਲੈ ਗਈ।

ਆਪ ਉੱਪਰ ਅਥਾਹ ਤਸ਼ੱਦਦ ਕੀਤਾ ਗਿਆ। ਫ਼ੈਡਰੇਸ਼ਨ ਵਰਕਰਾਂ ਤੇ ਆਗੂਆਂ ਨੇ ਹੀ ਆਪ ਦੀ ਪੈਰਵੀ ਕੀਤੀ ਤੇ ਆਪ ਨੂੰ ਛੁਡਾ ਕੇ ਲਿਆਂਦਾ। ਹੁਣ ਆਪ ਐਮ.ਏ. ਫ਼ਾਈਨਲ ਵਿੱਚ ਸਨ, ਪਰ ਨਿੱਤ ਦਿਨ ਦੇ ਪੁਲੀਸ ਦੇ ਜਬਰ ਕਾਰਨ ਆਪ ਨੇ ਰੂਪੋਸ਼ ਹੋਣ ਦਾ ਫ਼ੈਸਲਾ ਕਰ ਲਿਆ। ਵੈਸੇ ਵੀ ਆਪ ਨੂੰ ਪਤਾ ਲੱਗ ਗਿਆ ਕਿ ਫੜੇ ਗਏ ਇੱਕ ਹੋਰ ਨੌਜਵਾਨ ਨੇ ਆਪ ਦਾ ਨਾਂ ਲੈ ਦਿੱਤਾ ਹੈ।

ਸੰਨ 1986 ਦੀ ਵਿਸਾਖੀ ਨੂੰ ਆਪ ਸਵੇਰੇ ਨੌਂ-ਦਸ ਵਜੇ ਅਚਾਨਕ ਆਪਣੇ ਘਰ ਆਏ। ਆਪਣੀਆਂ ਸਾਰੀਆਂ ਤਸਵੀਰਾਂ ਇਕੱਠੀਆਂ ਕਰ ਕੇ ਨਾਲ਼ ਲੈ ਲਈਆਂ ਤੇ ਹੋਰ ਕਾਗਜ਼ ਪੱਤਰ ਵੀ। ਜਾਣ ਲੱਗਿਆਂ ਆਪ ਆਪਣੇ ਪਰਿਵਾਰ ਨੂੰ ਕੇਵਲ ਏਨਾ ਹੀ ਕਹਿ ਕੇ ਗਏ ਕਿ 'ਚੌਕਸ ਰਿਹੋ, ਪੁਲੀਸ ਆਊਗੀ।'

ਉਸੇ ਹੀ ਰਾਤ ਪੁਲੀਸ ਨੇ ਆਪ ਦੇ ਘਰ 'ਤੇ ਛਾਪਾ ਮਾਰਿਆ ਤੇ ਆਪ ਦੇ ਨਾ ਮਿਲਣ 'ਤੇ ਆਪ ਦੇ ਪਿਤਾ ਤੇ ਚਾਚੇ ਨੂੰ ਫੜ ਕੇ ਲੈ ਗਈ। ਆਪ ਦੇ ਪਰਿਵਾਰ ਅਤੇ ਹੋਰ ਸੰਬੰਧੀਆਂ ਨੇ ਆਪ ਨੂੰ ਪੁਲੀਸ ਕੋਲ਼ ਪੇਸ਼ ਹੋਣ ਲਈ ਕਿਹਾ ਪਰ ਆਪ ਨੇ ਸਾਫ਼ ਨਾਂਹ ਕਰ ਦਿੱਤੀ ਅਤੇ ਸੰਘਰਸ਼ ਦਾ ਬਿਗਲ ਵਜਾ ਦਿੱਤਾ। ਹੁਣ ਆਪ 'ਬੱਬਰ ਖ਼ਾਲਸਾ' ਜਥੇਬੰਦੀ ਦੇ ਉੱਘੇ ਮੈਂਬਰ ਬਣ ਚੁੱਕੇ ਸਨ। ਆਪ ਨੂੰ ਛੇਤੀ ਹੀ 'ਬੱਬਰ ਖਾਲਸਾ' ਦੇ ਮਾਲਵਾ ਜ਼ੋਨ ਦਾ ਮੁਖੀ ਨਿਯੁਕਤ ਕਰ ਦਿੱਤਾ ਗਿਆ।

ਰੂਪੋਸ਼ ਹੋਣ ਤੋਂ ਛੇਤੀ ਹੀ ਬਾਅਦ ਆਪ ਪੁਲੀਸ ਦੇ ਟਾਊਟਾਂ ਅਤੇ ਫ਼ੋਰਸਾਂ ਲਈ ਇੱਕ ਹਊਆ ਬਣ ਗਏ ਅਤੇ ਮਜ਼ਲੂਮ ਲੋਕਾਂ ਦੇ ਮਸੀਹਾ ਵਜੋਂ ਉੱਭਰ ਆਏ। ਅਖ਼ਬਾਰਾਂ ਵਿੱਚ ਚਰਚਿਤ ਰਹੀ ਬੱਬਰਾਂ ਦੇ ਇਨਸਾਫ਼ ਵਾਲੀ ਇੱਕ ਘਟਨਾ ਆਪ ਦੀ ਜਰਨੈਲੀ ਦੇ ਗੁਣਾਂ 'ਤੇ ਚਾਨਣਾ ਪਾਉਂਦੀ ਹੈ।

ਘਟਨਾ ਇਸ ਤਰ੍ਹਾਂ ਸੀ ਕਿ ਪੁਲੀਸ ਦੀ ਸ਼ਹਿ 'ਤੇ ਖਾੜਕੂ ਸਿੰਘਾਂ ਦੇ ਭੇਸ ਵਿੱਚ ਗ਼ਲਤ ਕਾਰਵਾਈਆਂ ਕਰ ਕੇ ਸੰਘਰਸ਼ ਨੂੰ ਬਦਨਾਮ ਕਰ ਰਹੇ ਇੱਕ ਟੋਲੇ, ਜਿਸ ਦਾ ਮੁਖੀ ਜਸਪਾਲ ਕਾਕਾ ਸੀ, ਨੇ ਇੱਕ ਬਹੁਤ ਹੀ ਘਿਨਾਉਣੀ ਹਰਕਤ ਕੀਤੀ। ਉਹ ਮੋਰਿੰਡਾ ਇਲਾਕੇ ਦੇ ਇੱਕ ਪਿੰਡ ਮਾਰਥਾ 'ਚ ਹਿੰਦੂਆਂ ਦੇ ਘਰ ਵਿੱਚ ਗਏ ਤੇ ਕਹਿਣ ਲੱਗੇ ਕਿ ਅਸੀਂ ਬੱਬਰ ਖ਼ਾਲਸਾ ਦੇ ਸਿੰਘ ਹਾਂ। ਪਰਿਵਾਰ ਵਾਲ਼ੇ ਡਰ ਗਏ ਤੇ ਉਹਨਾਂ ਨੇ ਬੱਬਰਾਂ ਦੇ ਭੇਸ ਵਿਚਲੇ ਕੈਟਾਂ ਦੀ ਰੋਟੀ ਪਾਣੀ ਨਾਲ਼ ਸੇਵਾ ਕੀਤੀ, ਪਰ ਰੋਟੀ ਪਾਣੀ ਤੋਂ ਬਾਅਦ ਇਹ ਕੈਟ ਟੋਲਾ ਇਸ ਹਿੰਦੂ ਪਰਿਵਾਰ ਦੀ 12 ਸਾਲ ਦੀ ਲੜਕੀ ਨੂੰ ਜਬਰੀ ਆਪਣੇ ਨਾਲ਼ ਲੈ ਗਿਆ। ਕਿਸੇ ਅਣਪਛਾਤੀ ਥਾਂ 'ਤੇ ਲਿਜਾ ਕੇ ਇਸ ਟੋਲੇ ਦੇ ਚਾਰਾਂ ਹੀ ਮੈਂਬਰਾਂ ਨੇ 12 ਸਾਲ ਦੀ ਉਸ ਮਸੂਮ ਬੱਚੀ ਨਾਲ਼ ਵਾਰੀ-ਵਾਰੀ ਬਲਾਤਕਾਰ ਕੀਤਾ। ਇਹ ਘਿਨਾਉਣਾ ਕਾਰਾ ਕਰਨ ਤੋਂ ਬਾਅਦ ਉਹ ਸਰਕਾਰੀ ਕੈਟ ਪੂਰੀ ਬੇਸ਼ਰਮੀ ਤੇ ਢੀਠਤਾਈ ਨਾਲ਼ ਉਸ ਲੜਕੀ ਨੂੰ ਉਸ ਦੇ ਘਰ ਵਾਪਸ ਛੱਡ ਗਏ। ਸਹਿਮੇ ਹੋਏ ਹਿੰਦੂ ਪਰਿਵਾਰ ਨੇ ਇਸ ਬਾਰੇ ਆਲ਼ੇ-ਦੁਆਲ਼ੇ ਕੁਝ ਗੁਆਂਢੀਆਂ ਨੂੰ ਦੱਸਿਆ।

ਥੋੜ੍ਹੇ ਦਿਨਾਂ ਬਾਅਦ ਹੀ ਇਹ ਕੈਟ ਟੋਲਾ ਫਿਰ ਉਕਤ ਹਿੰਦੂ ਪਰਿਵਾਰ ਦੇ ਘਰ ਆ

ਧਮਕਿਆ। ਉਹ ਰੋਹਬ ਨਾਲ ਕਹਿਣ ਲੱਗੇ- "ਸਾਡਾ ਜਥੇਦਾਰ ਬਾਹਰ ਬੈਠਾ ਐ, ਆਪਣੀ ਕੁੜੀ ਸਾਡੇ ਨਾਲ ਭੇਜੋ...।"

ਏਨੇ ਚਿਰ ਨੂੰ ਉਹਨਾਂ ਨੂੰ ਉਸ ਪਰਿਵਾਰ ਦੀ ਵੱਡੀ ਲੜਕੀ ਵੀ ਦਿੱਸ ਪਈ ਤੇ ਉਹ ਕਹਿਣ ਲੱਗੇ- "ਵੱਡੀ ਕੁੜੀ ਵੀ ਸਾਡੇ ਨਾਲ ਭੇਜੋ....।"

ਡਰੇ ਹੋਏ ਹਿੰਦੂ ਪਰਿਵਾਰ ਨੇ ਇਸ ਕੈਟ ਟੋਲੇ ਨੂੰ ਸੇਵਾ-ਪਾਣੀ ਦੇ ਬਹਾਨੇ ਉਲ਼ਝਾ ਲਿਆ ਤੇ ਇੱਕ ਮੈਂਬਰ ਨੇ ਬਾਹਰ ਨਿਕਲ਼ ਕੇ ਗਵਾਂਢੀਆਂ ਨੂੰ ਇਸ ਬਾਰੇ ਦੱਸ ਦਿੱਤਾ।

ਇਹ ਪਤਾ ਲੱਗਦੇ ਹੀ ਆਲ਼ੇ-ਦੁਆਲ਼ੇ ਤੋਂ ਲੋਕ ਇਕੱਠੇ ਹੋ ਗਏ ਤੇ ਇਸ ਕੈਟ ਪਾਰਟੀ ਨੂੰ ਘੇਰ ਲਿਆ। ਦੋ ਜਣੇ ਭੱਜ ਗਏ ਤੇ ਦੋ ਲੋਕਾਂ ਦੇ ਕਾਬੂ ਆ ਗਏ। ਫੜੇ ਗਏ ਦੋਵੇਂ ਕੈਟ ਪਿੰਡ ਵਾਲ਼ਿਆਂ ਨੇ ਪੁਲੀਸ ਦੇ ਹਵਾਲੇ ਕਰ ਦਿੱਤੇ, ਪਰ ਪੁਲੀਸ ਆਪਣੇ ਹੀ ਮੁਲਾਜ਼ਮਾਂ 'ਤੇ ਕਾਰਵਾਈ ਕਿਵੇਂ ਕਰਦੀ? ਪੁਲੀਸ ਨੇ ਸਮਝੌਤਾ ਕਰਵਾਉਣ ਦੇ ਨਾਂ ਹੇਠ ਮਾਮਲਾ ਰਫ਼ਾ-ਦਫ਼ਾ ਕਰ ਦਿੱਤਾ ਤੇ ਪੰਚਾਇਤ ਤੋਂ ਦੋਸ਼ੀਆਂ ਨੂੰ 5 ਹਜ਼ਾਰ ਰੁਪਏ ਦਾ ਜੁਰਮਾਨਾ ਲਗਵਾ ਦਿੱਤਾ।

ਇਸ ਘਟਨਾ ਦੀ ਚਰਚਾ ਆਲ਼ੇ-ਦੁਆਲ਼ੇ ਫੈਲ ਗਈ ਤੇ ਛੇਤੀ ਹੀ ਬੱਬਰ ਖ਼ਾਲਸਾ ਦੇ ਮਾਲਵੇ ਦੇ ਜਰਨੈਲ ਭਾਈ ਬਲਵਿੰਦਰ ਸਿੰਘ ਜਟਾਣਾ ਤਕ ਵੀ ਪਹੁੰਚ ਗਈ। ਬੱਬਰ ਖ਼ਾਲਸਾ ਦੇ ਨਾਂ ਹੇਠ ਕੀਤੀ ਗਈ ਇਹ ਘਿਨਾਉਣੀ ਕਾਰਵਾਈ ਨੂੰ ਸੁਣ ਕੇ ਸੂਰਮਾ ਰੋਹ ਨਾਲ਼ ਭਰ ਗਿਆ ਤੇ ਛੇਤੀ ਹੀ ਅਸਲੀ ਬੱਬਰਾਂ ਨੇ ਪੁਲੀਸ ਦੇ ਬਣਾਏ ਨਕਲੀ ਬੱਬਰਾਂ ਦੇ ਚੀਫ਼ ਜਸਪਾਲ ਕਾਕਾ ਨੂੰ ਜਾ ਘੇਰਿਆ। ਪਿੰਡ ਦੇ ਅੰਦਰ ਇਕੱਠ ਕਰ ਕੇ ਇਸ ਕੈਟ ਲੀਡਰ ਤੋਂ ਉਸ ਦੇ ਪੁਲੀਸ ਨਾਲ ਮਿਲ ਕੇ ਕੀਤੇ ਗੁਨਾਹਾਂ ਦਾ ਇਕਬਾਲ ਕਰਵਾਇਆ ਤੇ ਫਿਰ ਮੋਰਿੰਡਾ-ਚੁੰਨੀ ਸੜਕ 'ਤੇ ਉਸ ਨੂੰ ਗੋਲ਼ੀਆਂ ਨਾਲ ਭੁੰਨ ਦਿੱਤਾ। ਇਸ ਕਾਕੇ ਕੈਟ ਦੀ ਸੁਧਾਈ ਭਾਈ ਬਲਵਿੰਦਰ ਸਿੰਘ ਜਟਾਣਾ ਨੇ ਮਿਤੀ 20 ਨਵੰਬਰ 1990 ਨੂੰ ਕੀਤੀ, ਜਿਸ ਬਾਰੇ ਅਖ਼ਬਾਰਾਂ 'ਚ ਕਾਫ਼ੀ ਚਰਚਾ ਹੋਈ। ਇਸ ਕੈਟ ਗਿਰੋਹ ਦੇ ਬਾਕੀ ਤਿੰਨ ਮੈਂਬਰਾਂ ਨੂੰ ਪੁਲੀਸ ਨੇ ਆਪਣੀ ਸੁਰੱਖਿਆ 'ਚ ਲੈ ਕੇ ਦੂਰ ਭੇਜ ਦਿੱਤਾ। ਭਾਈ ਬਲਵਿੰਦਰ ਸਿੰਘ ਜਟਾਣਾ ਨੇ ਅਖ਼ਬਾਰਾਂ ਰਾਹੀਂ ਲੋਕਾਂ ਨੂੰ ਅਪੀਲ ਕੀਤੀ ਕਿ ਜੇਕਰ ਜੁਝਾਰੂ ਸਿੰਘਾਂ ਦੇ ਨਾਂ 'ਤੇ ਇਸ ਤਰ੍ਹਾਂ ਕਿਸੇ ਨਾਲ਼ ਵੀ ਵਧੀਕੀ ਹੁੰਦੀ ਹੈ ਤਾਂ ਉਹ ਸਾਡੇ ਨਾਲ਼ ਸੰਪਰਕ ਕਰੇ।

ਚੰਡੀਗੜ੍ਹ ਦੇ ਐਸ.ਐਸ.ਪੀ. ਸੁਮੇਧ ਸੈਣੀ 'ਤੇ ਸਿੰਘਾਂ ਨੇ ਹਮਲਾ ਕੀਤਾ ਤੇ ਉਸ ਦੀ ਕਾਰ ਉਡਾ ਦਿੱਤੀ। ਇਸ ਹਮਲੇ ਪਿੱਛੋਂ ਸਰਕਾਰ ਦੇ ਪਾਲੇ ਗੁੰਡੇ ਅਜੀਤ ਪੂਹਲੇ ਨੇ ਸੁਮੇਧ ਸੈਣੀ ਦਾ ਪੀ.ਜੀ.ਆਈ. 'ਚ ਜਾ ਕੇ ਹਾਲ-ਚਾਲ ਪੁੱਛਿਆ ਤੇ ਓਥੇ ਹੀ ਪੱਤਰਕਾਰਾਂ ਕੋਲ ਬੜ੍ਹਕ ਮਾਰੀ ਕਿ ਸੁਮੇਧ ਸੈਣੀ ਉੱਪਰ ਹੋਏ ਹਮਲੇ ਦਾ ਬਦਲਾ ਲਿਆ ਜਾਵੇਗਾ।

ਫਿਰ ਬਦਲਾ ਲੈਣ ਲਈ ਉਹ ਨਿਹੰਗ ਬਾਣੇ 'ਚ ਲੁਕਿਆ ਗੁੰਡਾ ਗਿਰੋਹ 29 ਅਗਸਤ 1991 ਦੀ ਰਾਤ ਨੂੰ ਜਟਾਣਾ ਪਿੰਡ ਦਾ ਰਾਹ ਪੁੱਛਦਾ ਵੇਖਿਆ ਗਿਆ। ਉਸੇ ਰਾਤ ਜਟਾਣੇ ਪਹੁੰਚ ਕੇ ਉਕਤ ਗੁੰਡਾ ਗਿਰੋਹ ਨੇ ਆਪ ਦੇ ਪਰਿਵਾਰ ਦੇ ਚਾਰ ਮਸੂਮ ਜੀਅ ਕਤਲ ਕਰ ਦਿੱਤੇ। ਇਹ ਖ਼ਬਰ ਜਦ ਭਾਈ ਜਟਾਣੇ ਨੂੰ ਮਿਲੀ ਤਾਂ ਝੋਰਾ ਕਰਨ ਦੀ ਥਾਂ ਆਪ ਨੇ ਹੱਸ ਕੇ ਕਿਹਾ:

"ਚੱਲੋ ਅਸੀਂ ਵੀ ਗੁਰੂ ਗੋਬਿੰਦ ਸਿੰਘ ਜੀ ਨੂੰ ਜਾ ਕੇ ਕਹਾਂਗੇ ਕਿ ਅਸੀਂ ਵੀ ਤੁਹਾਡੇ ਨਕਸ਼ੇ

ਕਦਮਾਂ 'ਤੇ ਚੱਲੇ ਆਂ....।"

ਐਸ.ਵਾਈ.ਐਲ. ਨਹਿਰ ਦੇ ਇੰਜੀਨੀਅਰਾਂ ਦੀ ਸੁਧਾਈ ਕਰ ਕੇ ਨਹਿਰ ਦੀ ਉਸਾਰੀ ਰੋਕਣੀ ਆਪ ਦਾ ਪ੍ਰਸਿੱਧ ਕਾਰਨਾਮਾ ਸੀ, ਜਿਸ ਪਿੱਛੋਂ ਨਹਿਰ ਦਾ ਕੰਮ ਓਥੇ ਹੀ ਰੁਕ ਗਿਆ ਤੇ ਅੱਜ ਤਕ ਦੁਬਾਰਾ ਸ਼ੁਰੂ ਨਹੀਂ ਹੋ ਸਕਿਆ। ਇਲਾਕੇ ਦੇ ਹਿੰਦੂ ਵੀ ਆਪ ਨੂੰ ਆਪਣਾ ਰਖਵਾਲਾ ਮੰਨਦੇ ਸਨ।

ਮਿਤੀ 4 ਸਤੰਬਰ 1991 ਨੂੰ ਪਟਿਆਲੇ ਇੱਕ ਮੀਟਿੰਗ ਤੋਂ ਆਪ ਅਤੇ ਭਾਈ ਚਰਨਜੀਤ ਸਿੰਘ ਚੰਨਾ ਵਾਪਸ ਪਰਤ ਰਹੇ ਸਨ ਕਿ ਆਪ ਦੋਹਾਂ ਨੂੰ ਸਾਧੂਗੜ੍ਹ ਕੋਲ ਇੱਕ ਨਾਕੇ 'ਤੇ ਮੁਖ਼ਬਰੀ ਦੇ ਆਧਾਰ 'ਤੇ ਰੋਕਿਆ ਗਿਆ। ਭਾਈ ਜਟਾਣੇ ਕੋਲ ਜਸਬੀਰ ਸਿੰਘ ਨਾਂ ਹੇਠ ਸੀ.ਬੀ.ਆਈ. ਅਫ਼ਸਰ ਵਜੋਂ ਨਕਲੀ ਪਛਾਣ ਪੱਤਰ ਸੀ, ਜਦਕਿ ਭਾਈ ਚੰਨਾ ਡਰਾਈਵਰ ਬਣੇ ਹੋਏ ਸਨ। ਨਾਕੇ 'ਤੇ ਰੋਕੇ ਜਾਣ 'ਤੇ ਭਾਈ ਜਟਾਣੇ ਨੇ ਜਦੋਂ ਆਪਣਾ (ਨਕਲੀ) ਪਛਾਣ-ਪੱਤਰ ਵਿਖਾਇਆ ਤਾਂ ਨਾਕੇ 'ਤੇ ਤਾਇਨਾਤ ਪੁਲੀਸ ਦੇ ਮੁਲਾਜ਼ਮਾਂ ਨੇ ਸਲੂਟ ਮਾਰਿਆ। ਇਹਨਾਂ ਨੇ ਗੱਡੀ ਤੋਰ ਲਈ।

ਐਨ ਇਸੇ ਹੀ ਸਮੇਂ ਪਿੱਛੇ ਬੈਠੇ ਮੁਖ਼ਬਰ ਜੋ ਕੁਝ ਵਸੀਲਿਆਂ ਦੀ ਜਾਣਕਾਰੀ ਅਨੁਸਾਰ ਦਲਜੀਤ ਸਿੰਘ ਦੱਲੀ ਸੀ, ਨੇ ਨਾਕੇ 'ਤੇ ਤਾਇਨਾਤ ਪੁਲਸੀਆਂ ਨੂੰ ਕਿਹਾ:

"ਓ ਪਿਓ ਤਾਂ ਤੁਹਾਡੇ ਨਿਕਲ ਗਏ ਆ ਤੇ ਨਾਕਾ ਕਾਹਦੇ ਲਈ ਲਾਇਆ ਜੇ....?"

ਇਹ ਪਤਾ ਲੱਗਦਿਆਂ ਹੀ ਪੁਲੀਸ ਫ਼ੋਰਸਾਂ ਨੇ ਭਾਈ ਜਟਾਣੇ ਤੇ ਭਾਈ ਚੰਨੇ ਦੀ ਜਿਪਸੀ ਦਾ ਪਿੱਛਾ ਕਰਨਾ ਅਰੰਭ ਕਰ ਦਿੱਤਾ। ਭਾਈ ਚੰਨੇ ਨੇ ਗੱਡੀ ਤੇਜ਼ ਕਰ ਲਈ। ਸੈਦਪੁਰ ਪਿੰਡ ਦੇ ਕੋਲ ਇੱਕ ਤਿੱਖੇ ਮੋੜ 'ਤੇ ਤੇਜ਼ੀ ਨਾਲ ਮੁੜਦਿਆਂ ਇਹਨਾਂ ਦੀ ਜਿਪਸੀ (ਜਿਸ ਦਾ ਨੰਬਰ ਸੀ.ਐਚ. 01 8206 ਸੀ) ਪਲਟ ਗਈ। ਭਾਈ ਚਰਨਜੀਤ ਸਿੰਘ ਚੰਨਾ ਸਖ਼ਤ ਜ਼ਖ਼ਮੀ ਹੋ ਗਏ।

ਇਸ ਪਿੱਛੋਂ ਭਾਈ ਚੰਨੇ ਨੇ ਭਾਈ ਬਲਵਿੰਦਰ ਸਿੰਘ ਜਟਾਣੇ ਨੂੰ ਕਿਹਾ ਕਿ ਉਹ ਨਿਕਲ ਜਾਵੇ, ਪਰ ਭਾਈ ਜਟਾਣੇ ਨੇ ਉਸ ਦਾ ਸਾਥ ਛੱਡ ਕੇ ਜਾਣਾ ਪ੍ਰਵਾਨ ਨਾ ਕੀਤਾ। ਫਿਰ ਦੋਵੇਂ ਹੀ ਕਲਗੀਧਰ ਦੇ ਸ਼ੇਰ ਆਪਣੀ ਦੋਸਤੀ ਨੂੰ ਕਾਇਮ ਰੱਖਦੇ ਹੋਏ ਇਕੱਠੇ ਹੀ ਸਾਇਆਨਾਈਡ ਖਾ ਕੇ ਜਾਮ-ਏ-ਸ਼ਹਾਦਤ ਪੀ ਗਏ।

ਭਾਈ ਬਲਵਿੰਦਰ ਸਿੰਘ ਜਟਾਣਾ ਅਤੇ ਭਾਈ ਚਰਨਜੀਤ ਸਿੰਘ ਚੰਨਾ ਦੀ ਸ਼ਹਾਦਤ ਦੀ ਖ਼ਬਰ ਜਿਉਂ ਹੀ ਇਲਾਕੇ ਵਿੱਚ ਫੈਲੀ, ਸਿੱਖ ਸੰਗਤਾਂ ਅੰਦਰ ਰੋਹ ਪੈਦਾ ਹੋ ਗਿਆ। ਫ਼ਤਹਿਗੜ੍ਹ ਸਾਹਿਬ ਕਾਲਜ ਦੇ ਵਿਦਿਆਰਥੀਆਂ ਨੇ ਟਰੈਫ਼ਿਕ ਜਾਮ ਕਰ ਕੇ ਦੋਹਾਂ ਸ਼ਹੀਦਾਂ ਦੀਆਂ ਲਾਸ਼ਾਂ ਪੁਲੀਸ ਫ਼ੋਰਸਾਂ ਤੋਂ ਲਈਆਂ ਤੇ ਫਿਰ ਦੋਹਾਂ ਹੀ ਸ਼ਹੀਦਾਂ ਦਾ ਅੰਤਮ ਸਸਕਾਰ ਇਲਾਕੇ ਦੀਆਂ ਹਜ਼ਾਰਾਂ ਸੰਗਤਾਂ ਨੇ ਪੂਰੇ ਸ਼ਰਧਾਮਈ ਤਰੀਕੇ ਨਾਲ ਕੀਤਾ।

* * * * *

ਮਾਲਵੇ 'ਚ ਬੱਬਰਾਂ ਦਾ ਜਰਨੈਲ

ਸ਼ਹੀਦ ਭਾਈ ਚਰਨਜੀਤ ਸਿੰਘ ਚੰਨਾ

ਭਾਈ ਚਰਨਜੀਤ ਸਿੰਘ ਚੰਨਾ ਦਾ ਜਨਮ ਮਿਤੀ 5 ਜਨਵਰੀ 1964 ਨੂੰ ਮਾਤਾ ਹਰਬੰਸ ਕੌਰ ਦੀ ਕੁੱਖੋਂ ਪਿਤਾ ਸ੍ਰੀ ਰਾਮ ਕਿਸ਼ਨ ਦੇ ਗ੍ਰਹਿ ਵਿਖੇ ਹੋਇਆ। ਆਪ ਅੱਠ ਭੈਣ ਭਰਾ ਸਨ, ਜਿਨ੍ਹਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:

ਰਾਜਿੰਦਰ ਕੌਰ, ਸੁਰਿੰਦਰ ਕੌਰ, ਦਵਿੰਦਰ ਸਿੰਘ, ਮਹਿੰਦਰ ਕੌਰ, ਰਣਜੀਤ ਕੌਰ, ਦਰਸ਼ਨ ਸਿੰਘ, ਚਰਨਜੀਤ ਸਿੰਘ ਤੇ ਸਤਪਾਲ ਸਿੰਘ।

ਅਠਵੀਂ ਕਲਾਸ ਤਕ ਪੜ੍ਹਾਈ ਚਰਨਜੀਤ ਸਿੰਘ ਨੇ ਆਪਣੇ ਪਿੰਡ ਝੱਲੀਆਂ ਖੁਰਦ ਦੇ ਮਿਡਲ ਸਕੂਲ ਵਿੱਚ ਕੀਤੀ। ਦਸਵੀਂ ਕਲਾਸ ਚੰਨੇ ਨੇ ਗਾਂਧੀ ਸਕੂਲ ਰੋਪੜ 'ਚ ਸੰਨ 1980 ਵਿੱਚ ਪਾਸ ਕੀਤੀ।

ਦਸਵੀਂ ਪਾਸ ਕਰਨ ਪਿੱਛੋਂ ਚਰਨਜੀਤ ਸਿੰਘ ਨੇ ਇਲੈਕਟਰੀਕਲ ਦਾ ਕੰਮ ਸਿੱਖਿਆ। ਇਸ ਪਿੱਛੋਂ ਤਿੰਨ ਸਾਲ ਇਲੈਕਟ੍ਰੀਸ਼ਨ ਦਾ ਕੰਮ ਕੀਤਾ ਤੇ ਫਿਰ ਡੀ.ਸੀ.ਐਮ. ਇੰਜੀਨੀਅਰੀ ਪ੍ਰਾਜੈਕਟ ਵਿੱਚ ਕੰਮ ਕਰਨਾ ਅਰੰਭ ਕਰ ਦਿੱਤਾ। ਉਸ ਦੇ ਇੱਥੇ ਕੰਮ ਕਰਦਿਆਂ ਹੀ ਸ੍ਰੀ ਦਰਬਾਰ ਸਾਹਿਬ 'ਤੇ ਹਮਲਾ ਹੋਇਆ।

ਅੰਮ੍ਰਿਤਪਾਨ ਤਾਂ ਚੰਨੇ ਨੇ ਦਸਵੀਂ ਪਾਸ ਕਰਨ ਪਿੱਛੋਂ ਹੀ ਕਰ ਲਿਆ ਸੀ। ਕੌਮ 'ਤੇ ਹੋਏ ਹਮਲੇ ਦਾ ਅਸਰ ਮਾਨਸਿਕਤਾ 'ਤੇ ਹੋਣਾ ਸੁਭਾਵਿਕ ਸੀ। ਸੰਨ 1984 ਦੇ ਅਖੀਰ ਵਿੱਚ ਰਾਤ 9 ਵਜੇ ਰੋਪੜ ਦੀ ਪੁਲੀਸ ਨੇ ਘਰ 'ਤੇ ਛਾਪਾ ਮਾਰਿਆ ਤੇ ਚੰਨੇ ਨੂੰ ਗ੍ਰਿਫਤਾਰ ਕਰ ਲਿਆ। ਚੰਨੇ 'ਤੇ ਸਰਕਾਰੀ ਸਕੂਲ ਟੱਪਰੀਆਂ ਦਾ ਰਿਕਾਰਡ ਫੂਕਣ ਦਾ ਦੋਸ਼ ਲਾ ਕੇ ਜੇਲ੍ਹ ਭੇਜ ਦਿੱਤਾ। ਕਈ ਹੋਰ ਕੇਸ ਵੀ ਪਾ ਦਿੱਤੇ ਗਏ।

ਸੰਨ 1986 ਵਿੱਚ ਪੰਜਾਬ ਅੰਦਰ ਅਕਾਲੀ ਸਰਕਾਰ ਸਮੇਂ ਜਸਟਿਸ ਅਜੀਤ ਸਿੰਘ ਬੈਂਸ ਦੀ ਪ੍ਰਧਾਨਗੀ ਹੇਠ ਕਾਇਮ ਹੋਈ ਪੜਤਾਲੀਆ ਕਮੇਟੀ ਦੀ ਸਿਫ਼ਾਰਸ਼ ਕਾਰਨ ਆਪ 'ਤੇ ਦਰਜ ਕੇਸ ਵਾਪਸ ਹੋ ਗਏ ਤੇ ਆਪ ਰਿਹਾਅ ਹੋ ਕੇ ਘਰ ਆ ਗਏ।

ਜੇਲ੍ਹ ਤੋਂ ਬਾਹਰ ਆ ਕੇ ਭਾਈ ਚਰਨਜੀਤ ਸਿੰਘ ਚੰਨਾ ਨੇ ਮੋਰਿੰਡੇ ਦੀ ਇੱਕ ਸ਼ੂਗਰ ਮਿੱਲ ਵਿੱਚ ਨੌਕਰੀ ਕਰਨੀ ਅਰੰਭ ਕਰ ਦਿੱਤੀ, ਪਰ ਪੁਲੀਸ ਨੇ ਆਪ ਦਾ ਪਿੱਛਾ ਨਾ ਛੱਡਿਆ। ਇਲਾਕੇ

'ਚ ਕੋਈ ਵੀ ਵਾਰਦਾਤ ਹੁੰਦੀ ਤਾਂ ਪੁਲੀਸ ਆਪ ਨੂੰ ਫੜ ਕੇ ਲੈ ਜਾਂਦੀ।

'ਕੰਸ' ਨਾਂ ਨਾਲ ਮਸ਼ਹੂਰ ਇੱਕ ਥਾਣੇਦਾਰ ਨੇ ਤਾਂ ਅੱਤ ਹੀ ਚੁੱਕ ਲਈ। ਉਹ ਜਦੋਂ ਵੀ ਜੀਅ ਕਰਦਾ, ਆਪ ਨੂੰ ਫੜ ਕੇ ਥਾਣੇ ਲੈ ਜਾਂਦਾ ਤੇ ਸ਼ਰਾਬ ਪੀ ਕੇ ਟਾਰਚਰ ਕਰਦਾ।

ਇੱਕ ਦਿਨ ਜਦੋਂ ਥਾਣੇਦਾਰ 'ਕੰਸ' ਚੰਨੇ ਨੂੰ ਫੜਨ ਆਇਆ ਤਾਂ ਚੰਨਾ ਘਰੋਂ ਨਿਕਲ ਗਿਆ। ਹੁਣ ਉਸ ਨੇ ਪੱਕਾ ਫ਼ੈਸਲਾ ਕਰ ਲਿਆ ਕਿ ਉਹ ਜਿਊਂਦੇ ਜੀਅ ਪੁਲੀਸ ਦੇ ਹੱਥ ਨਹੀਂ ਆਏਗਾ। ਪੁਲੀਸ ਆਪ ਦੀ ਮਾਤਾ ਹਰਬੰਸ ਕੌਰ ਤੇ ਭਰਾ ਸਤਪਾਲ ਨੂੰ ਫੜ ਕੇ ਲੈ ਗਈ। ਉਹਨਾਂ ਤੋਂ ਆਪ ਬਾਰੇ ਪੁੱਛਗਿੱਛ ਕੀਤੀ ਗਈ ਤਾਂ ਉਹਨਾਂ ਨੇ ਭਾਈ ਚੰਨੇ ਦੇ ਥਹੁ ਟਿਕਾਣੇ ਬਾਰੇ ਅਨਜਾਣਤਾ ਪ੍ਰਗਟ ਕੀਤੀ।

ਪੁਲੀਸ ਦੇ ਰਿਕਾਰਡ ਵਿੱਚ ਭਾਈ ਚੰਨੇ ਦੀਆਂ ਵਾਰਦਾਤਾਂ ਦੀਆਂ ਸੂਚਨਾਵਾਂ ਦਰਜ ਹੋਣ ਲੱਗੀਆਂ, ਜਿਨ੍ਹਾਂ ਦੀ ਲਿਸਟ ਵੀ ਦਿਨੋਂ ਦਿਨ ਲੰਮੀ ਹੁੰਦੀ ਗਈ। ਇਹਨਾਂ ਕਾਰਨਾਮਿਆਂ 'ਚੋਂ ਪੰਜਾਬ ਦਾ ਪਾਣੀ ਧੱਕੇ ਨਾਲ ਹੀ ਖੋਹਣ ਲਈ ਪੁੱਟੀ ਜਾ ਰਹੀ ਸਤਲੁਜ-ਜਮਨਾ ਲਿੰਕ ਨਹਿਰ ਦਾ ਕੰਮ ਵੇਖ ਰਹੇ ਇੰਜੀਨੀਅਰਾਂ ਦਾ ਚੰਡੀਗੜ੍ਹ ਵਿਖੇ ਕਤਲ ਸੀ, ਜਿਸ ਪਿੱਛੋਂ ਨਹਿਰ ਦੀ ਪੁਟਾਈ ਦਾ ਕੰਮ ਓਥੇ ਹੀ ਰੁਕ ਗਿਆ। ਇਹ ਵਾਰਦਾਤ ਭਾਈ ਚੰਨੇ ਤੇ ਭਾਈ ਬਲਵਿੰਦਰ ਸਿੰਘ ਜਟਾਣੇ ਵੱਲੋਂ ਮਿਲ ਕੇ ਕੀਤੀ ਦੱਸੀ ਜਾਂਦੀ ਹੈ। ਚੰਨੇ ਤੇ ਜਟਾਣੇ ਦੀ ਜੋੜੀ ਇਲਾਕੇ 'ਚ ਪ੍ਰਸਿੱਧ ਹੋ ਗਈ ਸੀ।

ਸੰਘਰਸ਼ ਦੇ ਇੱਕ ਨਵੇਂ ਪੈਂਤੜੇ ਦੇ ਤਹਿਤ ਸੰਨ 1990 ਵਿੱਚ ਭਾਈ ਚਰਨਜੀਤ ਸਿੰਘ ਚੰਨਾ ਕਿਸੇ ਹੋਰ ਨਾਂ 'ਤੇ ਪਾਸਪੋਰਟ ਬਣਾ ਕੇ ਯੂ.ਐਸ.ਏ. ਚਲੇ ਗਏ। ਕਿਹਾ ਜਾਂਦਾ ਹੈ ਕਿ ਭਾਈ ਜਟਾਣੇ ਦੇ ਇਕੱਲੇ ਰਹਿ ਜਾਣ ਕਾਰਨ ਦਲਜੀਤ ਸਿੰਘ ਦੱਲੀ ਗਰੁੱਪ ਨੇ ਗ਼ਲਤ ਹਰਕਤਾਂ ਤੇਜ਼ ਕਰ ਦਿੱਤੀਆਂ, ਜਿਸ ਬਾਰੇ ਭਾਈ ਜਟਾਣੇ ਨਾਲ ਗੱਲ ਹੋਣ ਪਿੱਛੋਂ ਭਾਈ ਚੰਨਾ ਜੁਲਾਈ 1991 ਵਿੱਚ ਪੰਜਾਬ ਵਾਪਸ ਪਰਤ ਆਏ।

ਇਹਨਾਂ ਹੀ ਦਿਨਾਂ ਵਿੱਚ ਚੰਡੀਗੜ੍ਹ ਦੇ ਬਦਨਾਮ ਐਸ.ਐਸ.ਪੀ. ਸੁਮੇਧ ਸੈਣੀ ਦੀ ਕਾਰ ਬੰਬ ਧਮਾਕੇ ਵਿੱਚ ਉਡੀ, ਜਿਸ ਵਿੱਚ ਭਾਈ ਬਲਵਿੰਦਰ ਸਿੰਘ ਜਟਾਣੇ ਦਾ ਨਾਂ ਲਿਆ ਗਿਆ ਅਤੇ ਹਿੰਦੁਸਤਾਨੀ ਹਕੂਮਤ ਨੇ ਨਿਹੰਗ ਬਾਣੇ ਹੇਠ ਲੁਕੇ ਕੈਟ ਪੂਹਲੇ ਬਦਮਾਸ਼ ਦੀ ਵਰਤੋਂ ਕਰ ਕੇ ਮਿਤੀ 29-30 ਅਗਸਤ 1991 ਦੀ ਰਾਤ ਨੂੰ ਜਟਾਣੇ ਦਾ ਪਰਿਵਾਰ ਮਾਰ ਦਿੱਤਾ। ਇਸ ਦੁੱਖ ਦੀ ਘੜੀ ਵਿੱਚ ਭਾਈ ਜਟਾਣਾ ਤੇ ਭਾਈ ਚੰਨਾ ਦੋਵੇਂ ਇੱਕ ਦੂਜੇ ਦਾ ਹੌਸਲਾ ਸਨ। ਭਾਈ ਜਟਾਣਾ ਹਿੰਦੁਸਤਾਨੀ ਹਕੂਮਤ ਦੇ ਇਸ ਕਮੀਨੇ ਵਾਰ ਨੂੰ ਹੱਸ ਕੇ ਸਹਾਰ ਗਿਆ।

ਇਸ ਤੋਂ ਚਾਰ ਕੁ ਦਿਨ ਬਾਅਦ ਪਟਿਆਲੇ ਜ਼ਿਲ੍ਹੇ ਵਿੱਚ ਬੱਬਰਾਂ ਦੀ ਪ੍ਰਮੁੱਖ ਮੀਟਿੰਗ 'ਚੋਂ ਵਾਪਸ ਪਰਤੇ ਇੱਕ ਮੁਖ਼ਬਰੀ ਦੇ ਤਹਿਤ ਘੇਰੇ ਵਿੱਚ ਆ ਕੇ ਜੂਝਦੇ ਸ਼ਹੀਦ ਹੋ ਗਏ।

(ਇਸ ਦਾ ਵੇਰਵਾ ਭਾਈ ਬਲਵਿੰਦਰ ਸਿੰਘ ਜਟਾਣਾ ਦੀ ਜੀਵਨੀ 'ਚ ਦਰਜ ਹੈ।)

* * * * *

ਬੇਪਰਵਾਹ ਜੁਝਾਰੂ
ਸ਼ਹੀਦ ਭਾਈ ਮਾਧਾ ਸਿੰਘ ਬੱਬਰ

ਨਿਹੰਗ ਸਿੰਘਾਂ ਨੂੰ 'ਗੁਰੂ ਕੀਆਂ ਲਾਡਲੀਆਂ ਫ਼ੌਜਾਂ' ਕਿਹਾ ਜਾਂਦਾ ਹੈ ਅਤੇ ਆਮ ਤੌਰ 'ਤੇ ਸਿੱਖ ਜਥੇਬੰਦੀਆਂ ਵਿੱਚੋਂ ਨਿਹੰਗ ਸਿੰਘਾਂ ਨੂੰ ਸਭ ਤੋਂ ਵੱਧ 'ਜੁਝਾਰੂ' ਸਮਝਿਆ ਜਾਂਦਾ ਰਿਹਾ ਹੈ। ਪਿਛਲੇ ਸਿੱਖ ਸੰਘਰਸ਼ ਸਮੇਂ ਕਈ ਆਲੋਚਕ ਗਿਲਾ ਕਰਦੇ ਰਹੇ ਹਨ ਕਿ ਨਿਹੰਗ ਸਿੰਘਾਂ ਦੀਆਂ ਜਥੇਬੰਦੀਆਂ ਨੇ ਆਪਣੀ ਬਣਦੀ ਭੂਮਿਕਾ ਨਹੀਂ ਨਿਭਾਈ, ਪਰ ਫਿਰ ਵੀ ਖੋਜ ਕੀਤਿਆਂ ਪਤਾ ਲੱਗਦਾ ਹੈ ਕਿ ਜੁਝਾਰੂ ਲਹਿਰ ਵਿੱਚ ਜਿੱਥੇ ਹੋਰ ਪੰਥਕ ਜਥੇਬੰਦੀਆਂ 'ਚੋਂ ਨਿਕਲ ਕੇ ਸਿੰਘ ਸ਼ਹੀਦ ਹੁੰਦੇ ਰਹੇ ਹਨ, ਓਥੇ ਨਿਹੰਗ ਸਿੰਘਾਂ ਦੇ ਦਲਾਂ ਵਿੱਚੋਂ ਵੀ ਕਈ ਸਿੰਘ ਇਸ ਸੰਘਰਸ਼ ਦੇ ਲੇਖੇ ਲੱਗੇ ਹਨ। ਇਹਨਾਂ ਵਿੱਚੋਂ ਭਾਈ ਅਵਤਾਰ ਸਿੰਘ ਬ੍ਰਹਮਾ ਅਤੇ ਭਾਈ ਮਾਧਾ ਸਿੰਘ ਬੱਬਰ ਬਹੁਤ ਪ੍ਰਸਿੱਧ ਹਨ।

ਅੰਮ੍ਰਿਤਸਰ ਦੀ ਤਰਨ ਤਾਰਨ ਤਹਿਸੀਲ ਦੇ ਪਿੰਡ ਵੇਈਂ-ਪੂਈਂ ਦਾ ਗੁਰਮੁਖ ਪਿਆਰਾ ਭਾਈ ਸਵਰਨ ਸਿੰਘ ਮਹਾਂਕਾਲ ਦਾ ਪਰਿਵਾਰ ਗੁਰੂ ਕੀਆਂ ਲਾਡਲੀਆਂ ਫ਼ੌਜਾਂ ਨਾਲ਼ ਸੰਬੰਧ ਰੱਖਦਾ ਸੀ।

ਨਿਹੰਗ ਸਿੰਘ ਭਾਈ ਸਵਰਨ ਸਿੰਘ ਮਹਾਂਕਾਲ ਤੇ ਉਹਨਾਂ ਦੀ ਸਿੰਘਣੀ ਈਸ਼ਰ ਕੌਰ ਦੇ ਸੱਤ ਬੱਚੇ ਸਨ:

ਬਲਵਿੰਦਰ ਕੌਰ, ਜੋਗਿੰਦਰ ਕੌਰ, ਸੋਹਣ ਸਿੰਘ, ਮਾਧਾ ਸਿੰਘ, ਹਰਜਿੰਦਰ ਕੌਰ, ਟਹਿਲ ਸਿੰਘ ਅਤੇ ਰਜਵੰਤ ਕੌਰ। ਇਸ ਪਰਿਵਾਰ ਕੋਲ਼ ਪੰਦਰਾਂ ਕਿੱਲੇ ਜ਼ਮੀਨ ਸੀ ਅਤੇ ਇਸ ਦਾ ਨੇਮ ਸੀ, ਘਰ ਗੁਰੂ ਕੀਆਂ ਲਾਡਲੀਆਂ ਫ਼ੌਜਾਂ ਨੂੰ ਬੁਲਾ ਕੇ ਸੇਵਾ ਟਹਿਲ ਕਰਨੀ। ਬਿਧੀਚੰਦੀਆ ਦਲ, ਹਰੀਆਂ ਵੇਲਾਂ ਵਾਲ਼ਾ ਦਲ ਅਤੇ ਬਾਬੇ ਬਕਾਲੇ ਦੇ ਸਾਰੇ ਦਲਾਂ ਦਾ ਇਸ ਘਰ ਵਿੱਚ ਆਉਣ ਜਾਣ ਸੀ। ਇਸ ਤੋਂ ਇਲਾਵਾ ਇਹ ਪਰਿਵਾਰ ਜੋੜ ਮੇਲਿਆਂ ਦੇ ਮੌਕੇ ਅਨੰਦਪੁਰ ਸਾਹਿਬ ਅਤੇ ਮੁਕਤਸਰ ਸਾਹਿਬ ਵਿਖੇ ਵੀ ਲੰਗਰ ਲਾਉਂਦਾ ਸੀ। ਆਏ-ਗਏ ਸਿੰਘਾਂ ਨੂੰ ਲੰਗਰ ਛਕਾਉਣਾ ਇਹ ਪਰਿਵਾਰ ਆਪਣਾ ਨੌਕਰੀ ਵਰਗਾ ਫ਼ਰਜ਼ ਮੰਨਦਾ ਸੀ।

ਸ੍ਰੀ ਦਰਬਾਰ ਸਾਹਿਬ 'ਤੇ ਹਿੰਦੁਸਤਾਨੀ ਹਮਲੇ ਪਿੱਛੋਂ ਜਦੋਂ ਪੰਜਾਬ ਅੰਦਰ ਸਿੱਖ ਜੁਝਾਰੂ ਕਾਰਵਾਈਆਂ ਅਥਵਾ ਗੁਰੀਲਾ ਲੜਾਈ ਦਾ ਅਰੰਭ ਹੋਇਆ ਤਾਂ ਲੰਘਦੇ ਟੱਪਦੇ ਜੁਝਾਰੂ ਸਿੰਘ ਵੀ ਇਸ ਪਰਿਵਾਰ ਤੋਂ ਲੰਗਰ ਪਾਣੀ ਛਕਣ ਲੱਗੇ। ਇਹ ਗੁਰਮੁਖ ਪਰਿਵਾਰ ਇਹਨਾਂ ਜੁਝਾਰੂ

ਸਿੰਘਾਂ ਨੂੰ ਵੀ ਓਸੇ ਹੀ ਤਰ੍ਹਾਂ ਲੰਗਰ ਪਾਣੀ ਛਕਾਉਣ ਲੱਗਾ। ਖ਼ਾਸ ਕਰ ਭਾਈ ਸੁਖਦੇਵ ਸਿੰਘ ਸਖੀਰਾ ਅਤੇ ਭਾਈ ਅਵਤਾਰ ਸਿੰਘ ਬ੍ਰਹਮਾ ਆਦਿ ਸਿੰਘ ਦਸ-ਦਸ ਦਿਨ ਇਸ ਘਰ ਵਿੱਚ ਠਹਿਰਦੇ ਰਹੇ।

ਪੁਲੀਸ ਤਕ ਜਦੋਂ ਇਹ ਸੂਹ ਪੁੱਜੀ ਤਾਂ ਪੁਲੀਸ ਨੇ ਘਰ 'ਤੇ ਛਾਪੇ ਮਾਰਨੇ ਅਰੰਭ ਕਰ ਦਿੱਤੇ। ਮਾਧਾ ਸਿੰਘ ਹੋਰੀਂ ਸਾਰੇ ਭਰਾ ਆਸੇ ਪਾਸੇ ਹੋ ਜਾਂਦੇ। ਫਿਰ ਇੱਕ ਦਿਨ ਪੁਲੀਸ ਆਪ ਦੇ ਪਿਤਾ ਜੀ ਨੂੰ ਫੜ ਕੇ ਖਾਲੜਾ ਥਾਣੇ ਲੈ ਗਈ। ਜਦੋਂ ਪੁਲਸੀਆਂ ਨੇ ਦਬਕਾ ਮਾਰ ਕੇ ਬਾਪੂ ਨੂੰ ਧਮਕਾਉਣ ਦਾ ਯਤਨ ਕੀਤਾ ਤਾਂ ਨਿਧੜਕ ਹੋ ਕੇ ਮਾਧਾ ਸਿੰਘ ਦੇ ਪਿਤਾ ਜੀ ਕਹਿਣ ਲੱਗੇ:

"ਸਿੰਘਾਂ ਨੂੰ ਜਲ-ਪਾਣੀ ਛਕਾਉਣਾ ਸਾਡੇ ਟੱਬਰ ਦਾ ਸ਼ੁਰੂ ਦਾ ਈ ਨੇਮ ਹੈ....ਇਹ ਨੇਮ ਅਸੀਂ ਨ੍ਹੀਂ ਬਦਲ ਸਕਦੇ, ਭਾਵੇਂ ਸਿਰ ਲਾਹ ਦਿਓ...।"

12 ਦਿਨ ਬਾਅਦ ਜਦੋਂ ਭਾਈ ਮਾਧਾ ਸਿੰਘ ਦੀ ਮਾਤਾ ਖਾਲੜਾ ਥਾਣੇ ਆਪਣੇ ਪਤੀ ਦਾ ਪਤਾ ਲੈਣ ਗਈ ਤਾਂ ਉੱਥੇ ਜਾ ਕੇ ਪਤਾ ਲੱਗਾ ਕਿ ਭਾਈ ਸਵਰਨ ਸਿੰਘ ਨੇ 12 ਦਿਨ ਥਾਣੇ 'ਚੋਂ ਆਪਣੀ ਮਰਯਾਦਾ ਨੂੰ ਮੁੱਖ ਰੱਖ ਕੇ ਰੋਟੀ ਨਹੀਂ ਖਾਧੀ। ਥਾਣੇਦਾਰ ਪਿਆਰ ਨਾਲ਼ ਮਾਤਾ ਨੂੰ ਪਾਸੇ ਲਿਜਾ ਕੇ ਪੁੱਛਣ ਲੱਗਾ:

"ਮਾਤਾ! ਸਖੀਰੇ ਤੇ ਅਮਰੀਕ ਹੋਰਾਂ ਨੂੰ ਕਿੰਨੀ ਕੁ ਵਾਰੀ ਪ੍ਰਸ਼ਾਦਾ ਛਕਾਇਆ ਈ...?"

ਮਾਤਾ ਦਾ ਜਵਾਬ ਸੀ:

"ਅਸੀਂ ਤਾਂ ਭਾਈ ਪੈਂਤੀ ਸਾਲਾਂ ਤੋਂ ਸਿੰਘਾਂ ਨੂੰ ਲੰਗਰ ਪਾਣੀ ਛਕਾਉਨੇ ਆਂ....ਇਹ ਤਾਂ ਸਾਡੀ ਨੌਕਰੀ ਆ....ਇਹ ਨ੍ਹੀਂ ਅਸੀਂ ਛੱਡਣੀ...।"

ਹੁਣ ਪੁਲੀਸ ਨੇ ਇੱਕ ਨੀਤੀ ਤਹਿਤ ਭਾਈ ਮਾਧਾ ਸਿੰਘ ਦੇ ਮਾਤਾ ਪਿਤਾ ਨੂੰ ਛੱਡ ਤਾਂ ਦਿੱਤਾ ਪਰ ਇਹਨਾਂ ਦੇ ਘਰ 'ਤੇ ਆਪਣੀ ਦਬਿਸ਼ ਤੇਜ਼ ਕਰ ਦਿੱਤੀ। ਅਚਾਨਕ ਹੀ ਪੁਲੀਸ ਪਾਰਟੀ ਦੀਆਂ ਜਿਪਸੀਆਂ ਘੂਕਰ ਪਾਉਂਦੀਆਂ ਆ ਧਮਕਦੀਆਂ। ਦੂਰੋਂ ਜਿਪਸੀਆਂ ਆਉਂਦੀਆਂ ਵੇਖ ਕੇ ਭਾਈ ਮਾਧਾ ਸਿੰਘ ਦੀ ਦਲੇਰ ਮਾਤਾ ਛੇਤੀ ਨਾਲ਼ ਸਾਰੇ ਮਰਦ ਮੈਂਬਰਾਂ ਨੂੰ ਉਠਾ ਕੇ ਪਿਛਲੇ ਦਰਵਾਜ਼ੇ ਰਾਹੀਂ ਬਾਹਰ ਕੱਢ ਦਿੰਦੀ ਤੇ ਪੁਲੀਸ ਦੇ ਘਰ ਦੇ ਵਿਹੜੇ ਵਿੱਚ ਆਉਣ ਤਕ ਉਹਨਾਂ ਦੇ ਮੰਜੇ ਬਿਸਤਰੇ ਵੀ ਸੰਭਾਲ਼ ਲੈਂਦੀ। ਪੁਲੀਸ ਆ ਕੇ ਜਦੋਂ ਪੁੱਛਗਿੱਛ ਕਰਦੀ ਤਾਂ ਸਾਰਿਆਂ ਦੇ ਕਿਤੇ ਨਾ ਕਿਤੇ ਰਿਸ਼ਤੇਦਾਰੀ ਵਿੱਚ ਗਏ ਹੋਣ ਬਾਰੇ ਕਹਿ ਦਿੰਦੀ।

ਨਿੱਤ ਦੇ ਪੁਲੀਸ ਦੇ ਛਾਪਿਆਂ ਤੋਂ ਦੁਖੀ ਹੋਏ ਭਾਈ ਮਾਧਾ ਸਿੰਘ ਨੇ ਆਪਣੇ ਪਰਿਵਾਰ ਨੂੰ ਕਿਹਾ- "ਭਈ ਇਸ ਤਰ੍ਹਾਂ ਜੀਣ ਨਾਲੋਂ ਚੰਗਾ ਹੈ ਕਿ ਸਿੱਧੇ ਹੋ ਕੇ ਸਿੱਖ ਸੰਘਰਸ਼ ਵਿੱਚ ਸ਼ਾਮਲ ਹੋ ਜਾਈਏ।"

ਪਰਿਵਾਰ ਨੇ ਇਸ ਦਾ ਕੋਈ ਵਿਰੋਧ ਨਾ ਕੀਤਾ। ਇਸ ਪਿੱਛੋਂ ਭਾਈ ਮਾਧਾ ਸਿੰਘ, 'ਬੱਬਰ ਖ਼ਾਲਸਾ' ਦੇ ਭਾਈ ਸੁਖਜਿੰਦਰ ਸਿੰਘ ਬਰਾੜ (ਜੱਬੋਵਾਲ਼) ਦੇ ਗਰੁੱਪ ਵਿੱਚ ਸ਼ਾਮਲ ਹੋ ਗਏ।

ਰਵਾਇਤੀ ਸ਼ਸਤਰਾਂ ਅਤੇ ਘੋੜ ਸਵਾਰੀ ਵਿੱਚ ਤਾਂ ਭਾਈ ਮਾਧਾ ਸਿੰਘ ਪਹਿਲਾਂ ਹੀ ਨਿਪੁੰਨ

ਸਨ, ਛੇਤੀ ਹੀ ਆਧੁਨਿਕ ਸ਼ਸਤਰਾਂ ਦੀ ਸਿਖਲਾਈ ਵੀ ਪ੍ਰਾਪਤ ਕਰ ਗਏ। ਭਾਈ ਸੁਖਜਿੰਦਰ ਸਿੰਘ ਬਰਾੜ ਦੇ ਨਾਲ ਮਿਲ ਕੇ ਉਹਨਾਂ ਨੇ ਇਲਾਕੇ ਵਿੱਚ ਅਹਿਮ ਕੰਮ ਕੀਤੇ।

14 ਜੂਨ 1989 ਨੂੰ ਇੱਕ ਅਹਿਮ ਘਟਨਾ ਘਟ ਗਈ, ਜਿਸ ਨੇ ਸਿੱਖ ਸੰਘਰਸ਼ ਨੂੰ ਤਾਂ ਵੱਡਾ ਘਾਟਾ ਪਾਇਆ ਹੀ, ਨਾਲ ਹੀ ਭਾਈ ਮਾਧਾ ਸਿੰਘ ਲਈ ਪ੍ਰੇਸ਼ਾਨੀ ਪੈਦਾ ਕਰ ਦਿੱਤੀ। ਭੋਰਛੀ ਪਿੰਡ ਵਿੱਚ ਭਾਈ ਮਾਧਾ ਸਿੰਘ ਦੀ ਭੂਆ ਦੇ ਘਰ ਬਣੇ ਜ਼ਮੀਨਦੋਜ਼ ਬੰਕਰ ਵਿੱਚ ਭਾਈ ਸੁਖਜਿੰਦਰ ਸਿੰਘ ਬਰਾੜ, ਭਾਈ ਮਾਧਾ ਸਿੰਘ, ਬੁਟਾਰੀ ਪਿੰਡ ਦਾ ਇੱਕ ਫ਼ੌਜੀ ਸਿੰਘ, ਡਾਕਟਰ ਲਾਲੀ ਘੁਮਾਣ ਨਾਂ ਦਾ ਸਿੰਘ ਆਦਿ ਸਿੰਘ ਬੈਠ ਕੇ ਟਾਈਮਰ ਬੰਬ ਤਿਆਰ ਕਰ ਰਹੇ ਸਨ ਕਿ ਭਾਈ ਮਾਧਾ ਸਿੰਘ ਪਾਣੀ ਪੀਣ ਲਈ ਬਾਹਰ ਨਿਕਲੇ। ਭਾਈ ਮਾਧਾ ਸਿੰਘ ਨੇ ਬੰਕਰ ਤੋਂ ਬਾਹਰ ਕਦਮ ਰੱਖਿਆ ਹੀ ਸੀ ਕਿ ਟਾਈਮਰ ਚੈੱਕ ਕਰਦੇ ਸਿੰਘਾਂ ਕੋਲੋਂ ਬੰਬ ਫਟ ਗਿਆ। ਸਾਰਾ ਬੰਕਰ ਢਹਿ ਢੇਰੀ ਹੋ ਗਿਆ ਤੇ ਅੰਦਰਲੇ ਸਾਰੇ ਸਿੰਘ ਸ਼ਹੀਦ ਹੋ ਗਏ। ਵੈਰਾਗ ਵਿੱਚ ਆ ਕੇ ਭਾਈ ਮਾਧਾ ਸਿੰਘ ਮਲਬੇ ਵੱਲ ਨੂੰ ਵਧੇ ਪਰ ਆਪ ਦੀ ਭੂਆ ਨੇ ਆਪ ਦਾ ਰਾਹ ਰੋਕ ਕੇ ਆਪ ਨੂੰ ਤੁਰੰਤ ਹੀ ਇੱਥੋਂ ਨਿਕਲ ਜਾਣ ਦੀ ਹਦਾਇਤ ਕੀਤੀ। ਭਾਈ ਮਾਧਾ ਸਿੰਘ ਨੇ ਆਪਣੇ ਵੀਰਾਂ ਦੀਆਂ ਲਾਸ਼ਾਂ ਇਸ ਹਾਲਤ ਵਿਚ ਛੱਡ ਕੇ ਜਾਣੋਂ ਨਾਂਹ ਕਰ ਦਿੱਤੀ, ਪਰ ਆਪ ਦੀ ਭੂਆ ਨੇ ਕੌਮੀ ਮਿਸ਼ਨ ਦੇ ਵਾਸਤੇ ਪਾਉਂਦਿਆਂ ਧੱਕੇ ਮਾਰ-ਮਾਰ ਕੇ ਆਪ ਨੂੰ ਉੱਥੋਂ ਪੁਲੀਸ ਦੇ ਆਉਣ ਤੋਂ ਪਹਿਲਾਂ-ਪਹਿਲਾਂ ਨਿਕਲ ਜਾਣ 'ਤੇ ਮਜਬੂਰ ਕਰ ਦਿੱਤਾ।

ਭਾਈ ਮਾਧਾ ਸਿੰਘ ਪੁਲੀਸ ਦੇ ਪਹੁੰਚਣ ਤੋਂ ਪਹਿਲਾਂ ਓਥੋਂ ਨਿਕਲ ਤਾਂ ਗਏ, ਪਰ ਜੁਝਾਰੂ ਸਿੰਘਾਂ ਅੰਦਰ ਉਹਨਾਂ ਪ੍ਰਤੀ ਇੱਕ 'ਸ਼ੱਕ' ਸਿਰ ਚੁੱਕ ਖਲੋਤਾ। ਇੱਕ ਤਾਂ ਜਿੱਥੇ ਧਮਾਕਾ ਹੋਇਆ, ਉਹ ਭਾਈ ਮਾਧਾ ਸਿੰਘ ਦੀ ਭੂਆ ਦਾ ਘਰ ਸੀ; ਦੂਜਾ ਸਵਾਲ ਇਹ ਉੱਠ ਰਿਹਾ ਸੀ ਕਿ ਉਸ ਧਮਾਕੇ ਵਿੱਚ ਮਾਧਾ ਸਿੰਘ ਕਿਵੇਂ ਬਚ ਗਿਆ? ਭਾਈ ਮਾਧਾ ਸਿੰਘ ਜਿੱਥੇ ਵੀ ਜਾਣ, ਕੋਈ ਸਿੱਧੇ ਮੂੰਹ ਗੱਲ ਨਾ ਕਰੇ, ਉਲਟਾ ਕਈ ਸਿੰਘ ਭਾਈ ਮਾਧਾ ਸਿੰਘ ਵਿਰੁੱਧ ਕਾਰਵਾਈ ਕਰਨ ਲਈ ਤਿਆਰੀਆਂ ਕਰਨ ਲੱਗੇ। ਇਸ ਬੇਵਿਸ਼ਵਾਸੀ ਦੇ ਦੌਰ ਵਿੱਚ ਭਾਈ ਮਾਧਾ ਸਿੰਘ ਦੀ ਬਾਂਹ ਭਾਈ ਧਰਮ ਸਿੰਘ ਬੱਬਰ ਕਾਸ਼ਤੀਵਾਲ ਨੇ ਫੜੀ। ਭਾਈ ਕਾਸ਼ਤੀਵਾਲ ਨੇ ਸਾਰੀ ਗੱਲ ਸੁਣ ਅਤੇ ਘੋਖ ਕੇ ਜਿੱਥੇ ਖੁਦ ਭਾਈ ਮਾਧਾ ਸਿੰਘ ਨੂੰ ਬੇਦੋਸ਼ਾ ਮੰਨਿਆ, ਓਥੇ ਜਥੇਬੰਦੀ ਦੇ ਸਿੰਘਾਂ ਨੂੰ ਵੀ ਯਕੀਨ ਦਿਵਾਇਆ।

ਭਾਈ ਮਾਧਾ ਸਿੰਘ ਨੇ ਇਸ ਉਪਰੰਤ ਆਪਣਾ ਗਰੁੱਪ ਕਾਇਮ ਕਰ ਕੇ ਮਾਲਵੇ ਦੇ ਇਲਾਕੇ ਵਿੱਚ ਵਿਚਰਨਾ ਅਰੰਭ ਕਰ ਦਿੱਤਾ। ਕਈ ਵਾਰ ਆਪ ਦੇ ਪੁਲੀਸ ਨਾਲ ਮੁਕਾਬਲੇ ਹੋਏ, ਪਰ ਆਪ ਦੁਸ਼ਮਣ ਦੀਆਂ ਸਫ਼ਾਂ ਚੀਰ ਕੇ ਨਿਕਲ ਜਾਂਦੇ ਰਹੇ। ਇੱਕ ਵਾਰ ਜਦੋਂ ਭਾਈ ਧਰਮ ਸਿੰਘ ਕਾਸ਼ਤੀਵਾਲ ਖਾਲੀ ਹੱਥ ਸੰਗਰੂਰ ਪੁਲੀਸ ਦੇ ਹੱਥ ਆ ਗਏ ਤਾਂ ਭਾਈ ਮਾਧਾ ਸਿੰਘ ਨੇ ਬੜੇ ਹੀ ਸੂਝ-ਬੂਝ ਭਰੇ ਢੰਗ ਨਾਲ ਸੰਗਰੂਰ ਦੇ ਐਸ.ਐਸ.ਪੀ. ਦੇ ਪਹਿਲਾਂ ਹੀ ਚੁੱਕੇ ਹੋਏ ਬੱਚਿਆਂ ਦੇ ਇਵਜ਼ 'ਚ ਉਹਨਾਂ ਨੂੰ ਛੁਡਾ ਲਿਆ। ਜਦੋਂ ਤਕ ਭਾਈ ਕਾਸ਼ਤੀਵਾਲ ਪੁਲੀਸ ਹਿਰਾਸਤ ਵਿੱਚੋਂ ਨਿਕਲ ਕੇ ਵਾਪਸ ਟਿਕਾਣੇ 'ਤੇ ਨਹੀਂ ਪਹੁੰਚ ਗਏ, ਭਾਈ ਮਾਧਾ ਸਿੰਘ ਲਗਾਤਾਰ ਓਦੋਂ ਤਕ ਸਾਰੀ ਰਾਤ ਉਹਨਾਂ ਦੀ ਚੜ੍ਹਦੀ ਕਲਾ ਲਈ ਬਾਣੀ ਪੜ੍ਹਦੇ ਰਹੇ।

ਭਾਈ ਮਾਧਾ ਸਿੰਘ ਦੇ ਸੰਨ '91 ਤੋਂ ਪਹਿਲਾਂ ਦੋ ਵਿਆਹ ਹੋ ਚੁੱਕੇ ਸਨ। ਪਹਿਲੀ ਪਤਨੀ ਨਾਲ਼ ਤਲਾਕ ਹੋਇਆ ਸੀ, ਜਦਕਿ ਦੂਜੀ ਚੜ੍ਹਾਈ ਕਰ ਗਈ ਸੀ। ਭਾਈ ਮਾਧਾ ਸਿੰਘ ਜੀ ਦੀ ਮਾਤਾ ਉਹਨਾਂ ਉੱਪਰ ਨਵੇਂ ਸਿਰੇ ਤੋਂ ਵਿਆਹ ਕਰਵਾਉਣ ਲਈ ਜ਼ੋਰ ਪਾ ਰਹੀ ਸੀ, ਪਰ ਭਾਈ ਮਾਧਾ ਸਿੰਘ ਦਾ ਕਹਿਣਾ ਸੀ ਕਿ ਜੇਕਰ ਮੇਰੇ ਭਾਗ ਵਿੱਚ ਗ੍ਰਹਿਸਤ ਜੀਵਨ ਲਿਖਿਆ ਹੁੰਦਾ ਤਾਂ ਪਹਿਲੇ ਦੋ ਵਾਰ ਕਿਉਂ ਨਾ ਤੋੜ ਨਿਭਦਾ? ਭਾਈ ਮਾਧਾ ਸਿੰਘ, ਭਾਈ ਧਰਮ ਸਿੰਘ ਕਾਸ਼ਤੀਵਾਲ਼ ਦਾ ਬਹੁਤ ਸਤਿਕਾਰ ਕਰਦੇ ਸਨ ਅਤੇ ਉਹਨਾਂ ਦੀ ਕੋਈ ਗੱਲ ਨਹੀਂ ਸੀ ਮੋੜਦੇ। ਇਸ ਲਈ ਆਪ ਦੀ ਮਾਤਾ ਨੇ ਇਸ ਸੰਬੰਧ ਵਿੱਚ ਅਨੰਦਪੁਰ ਸਾਹਿਬ ਆਏ ਹੋਏ ਭਾਈ ਕਾਸ਼ਤੀਵਾਲ਼ ਨਾਲ਼ ਗੱਲ ਕੀਤੀ ਅਤੇ ਉਹਨਾਂ ਨੇ ਭਾਈ ਮਾਧਾ ਸਿੰਘ ਨੂੰ ਇਸ ਲਈ ਮਨਾ ਲਿਆ। ਅਖੀਰ ਫ਼ਰਵਰੀ 1991 ਵਿੱਚ ਆਪ ਦਾ ਅਨੰਦ ਕਾਰਜ ਬੀਬੀ ਸਰਬਜੀਤ ਕੌਰ ਨਾਲ਼ ਹੋਇਆ। ਸਰਬਜੀਤ ਕੌਰ ਦੀ ਦੂਜੀ ਭੈਣ ਪਰਮਜੀਤ ਕੌਰ ਵੀ ਇੱਕ ਜੁਝਾਰੂ ਸਿੰਘ ਭਾਈ ਇੰਦਰਜੀਤ ਸਿੰਘ ਸਖੀਰਾ ਨਾਲ਼ ਵਿਆਹੀ ਹੋਈ ਸੀ।

ਇਸ ਵਿਆਹ ਤੋਂ ਥੋੜ੍ਹਾ ਕੁ ਸਮਾਂ ਬਾਅਦ ਭਾਈ ਮਾਧਾ ਸਿੰਘ ਅਤੇ ਭਾਈ ਧਰਮ ਸਿੰਘ ਕਾਸ਼ਤੀਵਾਲ਼ ਨੇ ਸਲਾਹ ਕੀਤੀ ਕਿ ਹਿੰਦੁਸਤਾਨ ਦੇ ਕੇਂਦਰੀ ਮੰਤਰਾਲੇ 'ਚੋਂ ਕਿਸੇ ਮਹੱਤਵਪੂਰਨ ਵਿਅਕਤੀ ਦਾ ਰਿਸ਼ਤੇਦਾਰ ਅਗਵਾ ਕੀਤਾ ਜਾਵੇ ਅਤੇ ਫਿਰ ਸਮੁੱਚੀਆਂ ਜੁਝਾਰੂ ਜਥੇਬੰਦੀਆਂ ਦੇ ਦੋ-ਦੋ ਸਿੰਘ ਪੁਲੀਸ ਹਿਰਾਸਤ ਵਿੱਚੋਂ ਛੁਡਵਾਏ ਜਾਣ। ਇਸ ਮਕਸਦ ਲਈ ਭਾਈ ਮਾਧਾ ਸਿੰਘ ਖ਼ੁਦ ਤਿਆਰ ਹੋਏ ਅਤੇ ਉਹ ਆਪਣੀ ਪਤਨੀ ਸਰਬਜੀਤ ਕੌਰ, ਸਾਲ਼ੀ ਪਰਮਜੀਤ ਕੌਰ ਅਤੇ ਸਾਂਢੂ ਇੰਦਰਜੀਤ ਸਿੰਘ ਸਖੀਰਾ ਦੇ ਨਾਲ਼ ਹਜ਼ੂਰ ਸਾਹਿਬ ਯਾਤਰਾ 'ਤੇ ਜਾਣ ਵਾਲ਼ੇ ਸ਼ਰਧਾਲੂਆਂ ਦੇ ਭੇਸ ਵਿੱਚ ਮਹਾਂਰਾਸ਼ਟਰ ਜਾ ਪਹੁੰਚੇ। ਉੱਥੇ ਇੱਕ ਮਿਥੇ ਟਿਕਾਣੇ 'ਤੇ ਇਹਨਾਂ ਨੂੰ ਇਹਨਾਂ ਦੇ ਸਾਥੀ ਭਾਈ ਸਾਧਾ ਸਿੰਘ, ਅਮਰਜੀਤ ਸਿੰਘ, ਕੇਵਲ ਸਿੰਘ, ਮਹਿੰਦਰ ਸਿੰਘ, ਬਲਦੇਵ ਸਿੰਘ, ਹਰਜੀਤ ਸਿੰਘ ਅਤੇ ਦਰਸ਼ਨ ਸਿੰਘ ਵੀ ਆ ਮਿਲ਼ੇ।

ਪੰਜਾਬ ਵਿੱਚ ਪੁਲੀਸ ਭਾਈ ਮਾਧਾ ਸਿੰਘ ਦੀ ਪੈੜ ਲੱਭਣ ਲਈ ਉਹਨਾਂ ਦੇ ਪਰਿਵਾਰ 'ਤੇ ਅੰਤਾਂ ਦਾ ਤਸ਼ੱਦਦ ਕਰ ਰਹੀ ਸੀ। ਭਾਈ ਮਾਧਾ ਸਿੰਘ ਦਾ ਜੱਦੀ ਘਰ ਢਾਹ ਦਿੱਤਾ ਗਿਆ, ਓਥੇ ਲੱਗਾ ਨਿਸ਼ਾਨ ਸਾਹਿਬ ਪੁੱਟ ਦਿੱਤਾ ਗਿਆ, ਆਪ ਦੇ ਪਿਤਾ 'ਤੇ ਅਥਾਹ ਤਸ਼ੱਦਦ ਕੀਤਾ, ਆਪ ਦੇ ਭਾਣਜੇ ਲਖਵਿੰਦਰ ਸਿੰਘ ਨੂੰ ਚੁੱਕ ਕੇ ਲਾਪਤਾ ਕਰ ਦਿੱਤਾ ਗਿਆ। ਇਸ ਪ੍ਰੇਸ਼ਾਨੀ ਵਿੱਚ ਉਹਨਾਂ ਦਾ ਦੂਜਾ ਭਾਣਜਾ ਅਤੇ ਭਣਵਈਆ ਵੀ ਚੱਲ ਵੱਸੇ ਸੀ, ਪਰ ਭਾਈ ਮਾਧਾ ਸਿੰਘ ਪੰਜਾਬ ਤੋਂ ਦੂਰ ਬੈਠੇ ਆਪਣੇ ਸਾਥੀਆਂ ਸਮੇਤ ਉਸ ਸਮੇਂ ਦੇ ਕੇਂਦਰੀ ਗ੍ਰਹਿ ਮੰਤਰੀ ਐਸ.ਬੀ. ਚਵਾਨ ਦੀ ਧੀ ਅਤੇ ਜਵਾਈ ਨੂੰ ਅਗਵਾ ਕਰਨ ਲਈ ਬੰਬਈ ਸ਼ਹਿਰ ਵੱਲ ਵਧ ਰਹੇ ਸਨ।

ਮਾਧਾ ਸਿੰਘ ਹੋਰੀਂ ਜਦੋਂ ਚਵਾਨ ਦੀ ਧੀ ਦੇ ਘਰ ਪਹੁੰਚੇ ਤਾਂ ਓਥੇ ਸੁਰੱਖਿਆ ਗਾਰਡਾਂ ਦੀ ਵੱਡੀ ਫ਼ੌਜ ਮੁੱਠੀ ਭਰ ਸਿੰਘਾਂ ਅੱਗੇ ਬੇਵੱਸ ਹੋ ਗਈ। ਸਿੰਘਾਂ ਨੇ ਸਾਰੇ ਸੁਰੱਖਿਆ ਗਾਰਡ ਇਕੱਠੇ ਕਰ ਕੇ ਇੱਕ ਕਮਰੇ ਵਿੱਚ ਬੰਦ ਕਰ ਦਿੱਤੇ, ਪਰ ਚਵਾਨ ਦੇ ਧੀ-ਜਵਾਈ ਸਿੰਘਾਂ ਦੇ ਕਾਬੂ ਨਾ ਆ ਸਕੇ। ਸਿੰਘ ਸਾਰੇ ਘਰ ਦੀ ਤਲਾਸ਼ੀ ਲੈਣ ਪਿੱਛੋਂ ਵਾਪਸ ਆ ਗਏ।

ਇੱਧਰੋਂ ਵਿਹਲੇ ਹੋ ਕੇ ਭਾਈ ਮਾਧਾ ਸਿੰਘ ਦੇ ਗਰੁੱਪ ਨੇ ਨਾਸਿਕ ਦੇ ਕੋਲ਼ ਮਾਲੇਗਾਂਵ ਤੋਂ

ਨਿਰਮਲ ਸਿੰਘ ਨਾਂ ਦੇ ਇੱਕ ਵਿਅਕਤੀ ਨੂੰ ਅਗਵਾ ਕਰ ਲਿਆ, ਜਿਸ ਦਾ ਭਰਾ ਦਿੱਲੀ ਪੁਲੀਸ ਵਿੱਚ ਆਈ.ਜੀ. ਸੀ। ਹੁਣ ਇਹਨਾਂ ਦਾ ਇਰਾਦਾ ਦਿੱਲੀ ਦੀ ਤਿਹਾੜ ਜੇਲ੍ਹ ਵਿਚਲੇ ਕੁਝ ਸਿੰਘਾਂ ਨੂੰ ਛੁਡਾਉਣ ਦਾ ਸੀ।

ਉਕਤ ਵਿਅਕਤੀ ਨੂੰ ਸਿੰਘਾਂ ਨੇ ਆਪਣੇ ਟੈਂਕਰ ਵਿੱਚ ਰੱਖਿਆ ਅਤੇ ਕਈ ਥਾਂਵਾਂ 'ਤੇ ਘੁਮਾਉਂਦੇ ਰਹੇ। ਪਰ ਇੱਕ ਦਿਨ ਇੱਕ ਪਹਿਰੇ 'ਤੇ ਖਲੋਤੇ ਸਿੰਘ ਦੀ ਅਣਗਹਿਲੀ ਨਾਲ ਉਕਤ ਵਿਅਕਤੀ ਟੈਂਕਰ ਵਿੱਚੋਂ ਭੱਜ ਨਿਕਲਿਆ ਅਤੇ ਨੇੜੇ ਦੇ ਥਾਣੇ ਜਾ ਪਹੁੰਚਿਆ। ਮੰਦੇਭਾਗਾਂ ਨੂੰ ਬੱਬਰਾਂ ਦੇ ਇਸ ਸਾਰੇ ਗਰੁੱਪ ਨੇ ਆਪਣੇ ਸਾਰੇ ਹਥਿਆਰ ਕਿਤੇ ਹੋਰ ਰੱਖੇ ਹੋਏ ਸਨ ਅਤੇ ਸਾਰਾ ਜਥਾ ਖ਼ਾਲੀ ਹੱਥ ਸੀ। ਇਹਨਾਂ ਨਿਹੱਥੇ ਸੂਰਮਿਆਂ ਉੱਪਰ ਸਾਰੇ ਨਾਸਿਕ ਅਤੇ ਇੰਦੌਰ ਜ਼ਿਲ੍ਹਿਆਂ ਦੀ ਪੁਲੀਸ ਆ ਪਈ ਅਤੇ ਇਹ ਸਾਰੇ ਦਾ ਸਾਰਾ ਗਰੁੱਪ ਹੀ ਪੁਲੀਸ ਦੇ ਹੱਥ ਆ ਗਿਆ। ਫਿਰ ਵੀ ਇਸ ਮੌਕੇ ਭਾਈ ਇੰਦਰਜੀਤ ਸਿੰਘ ਸਖੀਰਾ ਪੁਲੀਸ ਨੂੰ ਝਕਾਨੀ ਦੇ ਕੇ ਬਚ ਨਿਕਲਣ ਵਿੱਚ ਸਫਲ ਰਹੇ।

ਭਾਈ ਮਾਧਾ ਸਿੰਘ ਅਤੇ ਬਾਕੀ ਸਿੰਘਾਂ ਉੱਪਰ ਅਥਾਹ ਤਸ਼ੱਦਦ ਕੀਤਾ ਗਿਆ। ਭਾਈ ਮਾਧਾ ਸਿੰਘ ਦੀ ਸਿੰਘਣੀ ਗਰਭਵਤੀ ਸੀ, ਇਸ ਹਾਲਤ ਵਿੱਚ ਹੀ ਉਸ ਨੂੰ ਕਾਫ਼ੀ ਕਸ਼ਟ ਦਿੱਤੇ ਗਏ। ਅਖੀਰ ਕੇਸ ਪਾ ਕੇ ਸਾਰਿਆਂ ਨੂੰ ਨਾਸਿਕ ਜੇਲ੍ਹ ਵਿੱਚ ਭੇਜ ਦਿੱਤਾ ਗਿਆ। ਜੇਲ੍ਹ ਵਿੱਚ ਭਾਈ ਮਾਧਾ ਸਿੰਘ ਪੂਰੀ ਚੜ੍ਹਦੀ ਕਲਾ ਵਿੱਚ ਰਹੇ।

ਪੰਜਾਬ ਵਿੱਚ ਜਦੋਂ ਭਾਈ ਮਾਧਾ ਸਿੰਘ ਦੀ ਗ੍ਰਿਫ਼ਤਾਰੀ ਦੀ ਖ਼ਬਰ ਪਹੁੰਚੀ ਤਾਂ ਭਾਈ ਧਰਮ ਸਿੰਘ ਕਾਸ਼ਤੀਵਾਲ ਨੇ ਭਾਈ ਮਾਧਾ ਸਿੰਘ ਨੂੰ ਛੁਡਾਉਣ ਲਈ ਮਹੱਤਵਪੂਰਨ ਸ਼ਖ਼ਸੀਅਤਾਂ ਦੇ ਰਿਸ਼ਤੇਦਾਰ ਅਗਵਾ ਕਰਨ ਦੀ ਮੁਹਿੰਮ ਅਰੰਭ ਦਿੱਤੀ। ਲਗਭਗ ਪੰਦਰਾਂ ਮਹੱਤਵਪੂਰਨ ਸ਼ਖ਼ਸੀਅਤਾਂ ਦੇ ਰਿਸ਼ਤੇਦਾਰ ਅਗਵਾ ਕੀਤੇ ਗਏ। ਇਹਨਾਂ ਸ਼ਖ਼ਸੀਅਤਾਂ ਨੇ ਜੁਝਾਰੂਆਂ ਦੀ ਮੰਗ ਪੂਰੀ ਕਰਨ ਲਈ ਹਾਲ ਪਾਹਰਿਆ ਵੀ ਬਥੇਰੀ ਪਾਈ, ਪਰ ਕੇਂਦਰੀ ਗ੍ਰਹਿ ਮੰਤਰੀ ਐਸ.ਬੀ. ਚਵਾਨ ਦੀ ਮਾਧਾ ਸਿੰਘ ਨੂੰ ਕਿਸੇ ਵੀ ਸੂਰਤ ਵਿੱਚ ਨਾ ਛੱਡਣ ਦੀ ਅੜੀ ਇਹਨਾਂ ਸਾਰਿਆਂ ਤੇ ਹੀ ਭਾਰੂ ਸਾਬਤ ਹੋਈ। ਪੰਜਾਬ ਦੀ ਇੱਕ ਮਹੱਤਵਪੂਰਨ ਸ਼ਖ਼ਸੀਅਤ ਆਪਣੇ ਰਿਸ਼ਤੇਦਾਰ ਛੁਡਵਾਉਣ ਲਈ ਨਾਸਿਕ ਜੇਲ੍ਹ ਵਿੱਚ ਮਾਧਾ ਸਿੰਘ ਨਾਲ ਮੁਲਾਕਾਤ ਵੀ ਕਰਨ ਗਈ, ਪਰ ਕੋਈ ਲਾਭ ਨਾ ਹੋਇਆ। ਤਿੰਨ ਮਹੀਨੇ ਬਾਅਦ ਨਾਸਿਕ ਜੇਲ੍ਹ ਵਿੱਚ ਹੀ ਭਾਈ ਮਾਧਾ ਸਿੰਘ ਦੀ ਪਤਨੀ ਨੇ ਬੱਚੇ ਨੂੰ ਜਨਮ ਦਿੱਤਾ।

ਇਸ ਪਿੱਛੋਂ ਪੰਜਾਬ ਪੁਲੀਸ ਭਾਈ ਮਾਧਾ ਸਿੰਘ ਨੂੰ ਲੈਣ ਨਾਸਿਕ ਪਹੁੰਚ ਗਈ। ਨਾਸਿਕ ਜੇਲ੍ਹ ਦੇ ਬਹੁਤੇ ਕਰਮਚਾਰੀ ਜੋ ਕਿ ਮਾਧਾ ਸਿੰਘ ਦੀ ਸੰਗਤ ਨਾਲ ਗੁਰਬਾਣੀ ਵੀ ਪੜ੍ਹਨ ਲੱਗ ਪਏ ਸਨ, ਨੇ ਭਰੀਆਂ ਅੱਖਾਂ ਨਾਲ ਮਾਧਾ ਸਿੰਘ ਨੂੰ ਵਿਦਾਇਗੀ ਦਿੱਤੀ। ਉਸ ਦਿਨ ਤੋਂ ਪਿੱਛੋਂ ਇੱਕ ਵਾਰ ਭਾਈ ਮਾਧਾ ਸਿੰਘ ਨੂੰ ਭਾਵਨੀਗੜ੍ਹ (ਸੰਗਰੂਰ) ਥਾਣੇ ਵਿੱਚ ਵੇਖਿਆ ਗਿਆ; ਪਰ ਉਸ ਤੋਂ ਬਾਅਦ ਭਾਈ ਮਾਧਾ ਸਿੰਘ ਦੀ ਕੋਈ ਉੱਘ ਸੁੱਘ ਨਹੀਂ ਨਿਕਲੀ।

ਆਪ ਦੇ ਸਾਥੀਆਂ 'ਤੇ ਚੱਲਦੇ ਮੁਕਦਮੇ ਵਿੱਚ ਆਪ ਦੀ ਗ਼ੈਰ-ਹਾਜ਼ਰੀ ਸੰਬੰਧੀ ਜਦੋਂ ਅਦਾਲਤ ਨੇ ਪੜਤਾਲ ਕਰਵਾਈ ਤਾਂ ਸੀ.ਬੀ.ਆਈ. ਨੇ ਅਦਾਲਤ ਨੂੰ ਜਾਣਕਾਰੀ ਦਿੱਤੀ ਕਿ

ਸੰਗਰੂਰ ਦਾ ਐਸ.ਐਸ.ਪੀ. ਲੈ ਗਿਆ ਸੀ....। ਇਹ ਗੈਰ-ਕਨੂੰਨੀ ਜਵਾਬ ਸੁਣ ਕੇ ਅਦਾਲਤ ਚੁੱਪ ਕਰ ਗਈ।

ਅੱਜ ਵੀ ਭਾਈ ਮਾਧਾ ਸਿੰਘ ਦਾ ਪਰਿਵਾਰ ਹਜ਼ਾਰਾਂ ਹੋਰ ਲਾਪਤਾ ਹੋਏ ਸਿੱਖ ਗੱਭਰੂਆਂ ਵਾਂਗ ਉਹਨਾਂ ਦੇ ਸਰੀਰਿਕ ਰੂਪ ਵਿੱਚ ਜਿਊਂਦੇ ਹੋਣ ਦੀ ਆਸ ਲਾਈ ਬੈਠਾ ਹੈ ਅਤੇ ਇਹ ਮੰਨਣ ਲਈ ਤਿਆਰ ਨਹੀਂ ਕਿ ਉਹ ਸ਼ਹੀਦ ਹੋ ਗਏ ਹਨ।

* * * * *

ਹਰ ਫ਼ਰਜ਼ ਨਾਲ ਵਫ਼ਾ ਪਾਲਣ ਵਾਲਾ ਜੁਝਾਰੂ

ਸ਼ਹੀਦ ਭਾਈ ਹਰਪਾਲ ਸਿੰਘ ਵੜਿੰਗ ਮੋਹਨਪੁਰ ਉਰਫ਼ ਫ਼ੌਜਾ ਸਿੰਘ

ਸਿੱਖ ਪੰਥ ਦੇ ਅਜ਼ਾਦੀ ਸੰਘਰਸ਼ ਵਿੱਚ ਜਾਨਾਂ ਕੁਰਬਾਨ ਕਰਨ ਵਾਲੇ ਜੁਝਾਰੂਆਂ ਦੀ ਲੰਮੀ ਕਤਾਰ ਵਿੱਚ ਇੱਕ ਨਾਂ ਭਾਈ ਹਰਪਾਲ ਸਿੰਘ ਉਰਫ਼ ਭਾਈ ਫ਼ੌਜਾ ਸਿੰਘ ਦਾ ਵੀ ਹੈ। ਆਪ ਦਾ ਜਨਮ ਸੰਨ 1965 ਵਿੱਚ ਮਾਤਾ ਮਹਿੰਦਰ ਕੌਰ ਦੀ ਕੁੱਖੋਂ, ਸ. ਲਛਮਣ ਸਿੰਘ ਜੀ ਦੇ ਗ੍ਰਹਿ ਵਿਖੇ ਪਿੰਡ ਵੜਿੰਗ ਮੋਹਨਪੁਰ, ਨੇੜੇ ਸਰਹਾਲੀ-ਚੋਹਲਾ ਸਾਹਿਬ (ਅਜੋਕੇ ਤਰਨ ਤਾਰਨ ਜ਼ਿਲ੍ਹੇ) ਵਿੱਚ ਹੋਇਆ। ਆਪ ਆਪਣੇ ਬਾਕੀ ਸਾਰੇ 5 ਭੈਣ-ਭਰਾਵਾਂ ਪ੍ਰਕਾਸ਼ ਕੌਰ, ਹਰਦੇਵ ਸਿੰਘ, ਜਗਤਾਰ ਸਿੰਘ, ਮੁਖਤਿਆਰ ਸਿੰਘ ਤੇ ਹਰਜੀਤ ਕੌਰ ਤੋਂ ਛੋਟੇ ਸਨ।

ਆਪ ਦੇ ਸਮੁੱਚੇ ਪਰਿਵਾਰ ਨੇ ਸੰਨ 1977 ਵਿੱਚ ਬਾਬਾ ਤਾਰਾ ਸਿੰਘ ਸਰਹਾਲੀ ਵਾਲਿਆਂ ਦੇ ਜਥੇ ਦੇ ਸੰਪਰਕ ਵਿੱਚ ਆ ਕੇ ਅੰਮ੍ਰਿਤਪਾਨ ਕਰ ਲਿਆ, ਓਦੋਂ ਭਾਈ ਹਰਪਾਲ ਸਿੰਘ ਦੀ ਉਮਰ 12 ਕੁ ਸਾਲ ਦੀ ਸੀ। ਸੰਨ 1981 ਵਿੱਚ ਡੇਰਾ ਸਾਹਿਬ ਗੌਰਮਿੰਟ ਹਾਈ ਸਕੂਲ ਤੋਂ ਆਪ ਨੇ ਮੈਟ੍ਰਿਕ ਪਾਸ ਕੀਤੀ, ਆਪ ਹੁਣ ਤਕ ਹਾਕੀ ਦੇ ਵਧੀਆ ਖਿਡਾਰੀ ਬਣ ਚੁੱਕੇ ਸਨ।

1984 ਦੇ ਅਰੰਭ ਵਿੱਚ 18-19 ਸਾਲ ਦੀ ਉਮਰ ਵਿੱਚ ਆਪ ਨੇ ਧਰਮ ਯੁੱਧ ਮੋਰਚੇ ਵਿੱਚ ਗ੍ਰਿਫ਼ਤਾਰੀ ਦਿੱਤੀ। ਆਪ ਲੁਧਿਆਣਾ ਜੇਲ੍ਹ ਵਿੱਚ ਰਹੇ। ਰਿਹਾਈ ਤੋਂ ਉਪਰੰਤ ਆਪ ਫਿਰ ਦੁਬਾਰਾ ਗ੍ਰਿਫ਼ਤਾਰੀ ਦੇਣ ਲਈ ਜਾਣ ਹੀ ਵਾਲੇ ਸਨ, ਜਦੋਂ ਭਾਰਤ ਦੀ ਹਕੂਮਤ ਨੇ ਪੰਜਾਬ ਨੂੰ ਸਾਰੀ ਦੁਨੀਆ ਨਾਲੋਂ ਕੱਟ ਕੇ ਸ੍ਰੀ ਦਰਬਾਰ ਸਾਹਿਬ 'ਤੇ ਫ਼ੌਜੀ ਹਮਲਾ ਕਰ ਦਿੱਤਾ। ਇਸ ਹਮਲੇ ਸਮੇਂ ਆਪ ਬਾਬਾ ਤਾਰਾ ਸਿੰਘ ਜੀ ਅਧੀਨ ਇੱਕ ਡੇਰੇ ਸਰਹਾਲੀ ਵਿਖੇ ਸਨ। ਇਸ ਤੋਂ ਉਪਰੰਤ ਆਪ ਨੇ ਉਕਤ ਡੇਰੇ ਦੇ ਅੰਦਰ ਹੀ ਸੇਵਾ ਨਿਭਾਉਣੀ ਅਰੰਭ ਕਰ ਦਿੱਤੀ। ਬਾਬਾ ਜੀ ਨੇ ਆਪ ਦੀ ਸੇਵਾ ਡੇਰਾ ਕਰਮੂਵਾਲਾ ਜੋ ਕਿ ਮੰਡ ਦੇ ਨੇੜੇ ਸੀ, ਵਿਖੇ ਲਾ ਦਿੱਤੀ।

ਇਸ ਡੇਰੇ ਵਿਖੇ ਸੇਵਾ ਨਿਭਾਉਣ ਦੇ ਦੌਰਾਨ ਹੀ ਆਪ ਦੇ ਜੁਝਾਰੂ ਸਿੰਘਾਂ ਨਾਲ ਸੰਪਰਕ ਬਣ ਗਏ। ਖ਼ਾਸ ਤੌਰ 'ਤੇ ਭਾਈ ਅਵਤਾਰ ਸਿੰਘ ਬ੍ਰਹਮਾ, ਜਿਨ੍ਹਾਂ ਨੇ ਮੰਡ ਖੇਤਰ ਨੂੰ ਆਪਣਾ ਹੈੱਡਕੁਆਰਟਰ ਬਣਾਇਆ ਸੀ, ਦਾ ਆਪ ਨਾਲ ਕਾਫ਼ੀ ਪਿਆਰ ਬਣ ਗਿਆ। ਲੰਘਦੇ ਟੱਪਦੇ ਜੁਝਾਰੂ ਸਿੰਘ ਇਸ ਡੇਰੇ 'ਚੋਂ ਹੋ ਕੇ ਜਾਂਦੇ ਅਤੇ ਭਾਈ ਹਰਪਾਲ ਸਿੰਘ ਉਹਨਾਂ ਨੂੰ ਪੂਰੀ ਸ਼ਰਧਾ ਭਾਵਨਾ ਨਾਲ ਪ੍ਰਸ਼ਾਦਾ ਪਾਣੀ ਛਕਾਉਂਦੇ।

ਇੱਕ ਵਾਰ ਇਕਦਮ ਭਾਰਤੀ ਫੋਰਸਾਂ ਨੇ ਮੰਡ ਇਲਾਕੇ 'ਚ ਅਪਰੇਸ਼ਨ ਕਰਨ ਲਈ ਘੇਰਾਬੰਦੀ ਅਰੰਭ ਕਰ ਦਿੱਤੀ। ਇਸ ਬਾਰੇ ਕਨਸੋਅ ਮਿਲਦਿਆਂ ਹੀ ਭਾਈ ਹਰਪਾਲ ਸਿੰਘ ਠੰਢ ਦੇ ਦਿਨਾਂ 'ਚ ਰਾਤ ਸਮੇਂ ਦਰਿਆ 'ਚੋਂ ਲੰਘ ਕੇ ਮੰਡ ਦੇ ਅੰਦਰ ਪਹੁੰਚੇ ਅਤੇ ਸਿੰਘਾਂ ਨੂੰ ਫੋਰਸਾਂ ਵੱਲੋਂ ਕੀਤੀ ਜਾ ਰਹੀ ਘੇਰਾਬੰਦੀ ਬਾਰੇ ਜਾ ਕੇ ਦੱਸ ਦਿੱਤਾ। ਸਮੇਂ ਸਿਰ ਪਹੁੰਚੀ ਇਸ ਸੂਚਨਾ ਨਾਲ਼ ਸਿੰਘ ਚੁਕੰਨੇ ਹੋ ਗਏ ਤੇ ਭਾਰਤੀ ਫੋਰਸਾਂ ਦਾ ਵੱਡਾ ਅਪ੍ਰੇਸ਼ਨ ਨਾਕਾਮ ਹੀ ਰਿਹਾ।

ਆਪ ਗੁਪਤ ਰੂਪ ਵਿਚ ਸੰਘਰਸ਼ ਵਿੱਚ ਹਿੱਸਾ ਵੀ ਲੈਣ ਲੱਗੇ। 1985 ਵਿੱਚ ਚੋਹਲਾ ਸਾਹਿਬ ਵਿੱਚ ਹਿੰਦੂ ਸ਼ਿਵ ਸੈਨਾ ਦੇ ਪ੍ਰਧਾਨ ਦੇ ਕਤਲ ਤੋਂ ਬਾਅਦ ਪੁਲੀਸ ਨੇ ਆਪ ਨੂੰ ਫੜਨ ਲਈ ਛਾਪੇਮਾਰੀ ਅਰੰਭ ਕਰ ਦਿੱਤੀ। ਆਪ ਰੂਪੋਸ਼ ਹੋ ਕੇ ਸੇਵਾ ਕਰਨ ਲੱਗੇ। ਰੂਪੋਸ਼ੀ ਦੇ ਦਿਨਾਂ ਵਿੱਚ ਆਪ ਅਤੇ ਆਪ ਦੇ ਗਰੁੱਪ 'ਚੋਂ ਹੋਰ ਸਿੰਘ ਜਿਵੇਂ ਭਾਈ ਵੱਸਣ ਸਿੰਘ ਸਖੀਰਾ, ਭਾਈ ਜਗਦੀਸ਼ ਸਿੰਘ ਭੋਲਾ, ਭਾਈ ਪਿੱਪਲ ਸਿੰਘ ਢੋਲੇਵਾਲ, ਭਾਈ ਲੱਖਾ ਸਿੰਘ ਬੰਡਾਲ਼ਾ ਆਦਿ 10 ਜਨਵਰੀ 1986 ਨੂੰ ਸੁਲਤਾਨਪੁਰ ਲੋਧੀ ਦੇ ਗੁਰਦੁਆਰਾ ਸਾਹਿਬ ਵਿਖੇ ਮੌਜੂਦ ਸਨ। ਓਦੋਂ ਜੋੜ ਮੇਲਾ ਸੀ। ਇਸ ਜੋੜ ਮੇਲੇ ਵਿੱਚ ਇੱਕ ਅਖੌਤੀ ਅਕਾਲੀ ਲੀਡਰ ਸਟੇਜ 'ਤੇ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲ਼ਿਆਂ ਦੀ ਸ਼ਖ਼ਸੀਅਤ ਬਾਰੇ ਅਵਾ-ਤਵਾ ਬੋਲੀ ਜਾ ਰਿਹਾ ਸੀ। ਸਰਕਾਰੀ ਨੀਤੀ ਅਨੁਸਾਰ ਸਰਕਾਰੀ ਬੰਦਿਆਂ ਤੋਂ ਅਜਿਹਾ ਪ੍ਰਚਾਰ ਆਮ ਹੀ ਕਰਵਾਇਆ ਜਾਂਦਾ ਸੀ। ਸੰਗਤ ਵਿੱਚ ਬੈਠੇ ਆਮ ਕਿਰਤੀ ਸਿੱਖ ਮਾਈ-ਭਾਈ ਸੰਤਾਂ ਦੇ ਇਸ ਅਪਮਾਨ ਤੋਂ ਦੁਖੀ ਹੋ ਰਹੇ ਸਨ, ਪਰ ਕੋਈ ਉਸ ਨੂੰ ਟੋਕ ਨਹੀਂ ਸੀ ਰਿਹਾ। ਇੱਕ ਬਿਰਧ ਬੀਬੀ ਇਸ ਕੋਝੇ ਪ੍ਰਚਾਰ ਤੋਂ ਦੁਖੀ ਹੋ ਕੇ ਪੰਡਾਲ ਵਿੱਚੋਂ ਉੱਠ ਤੁਰੀ ਤੇ ਇਸ ਪ੍ਰਚਾਰ ਦੇ ਵਿਰੁੱਧ ਆਪਣੀ ਵੇਦਨਾ ਪ੍ਰਗਟ ਕਰਦੀ ਹੋਈ ਵਾਪਸ ਘਰ ਜਾਣ ਲੱਗੀ। ਉਸ ਮਾਤਾ ਦੇ ਮੂੰਹ 'ਚੋਂ ਕੁਦਰਤੀ ਹੀ ਇਹ ਸ਼ਬਦ ਨਿਕਲ਼ ਗਏ:

"ਐਨੇ ਸਿੰਘ ਤੁਰੇ ਫਿਰਦੇ ਆ, ਕੋਈ ਇਹਨਾਂ ਨੂੰ ਰੋਕਦਾ ਕਿਉਂ ਨੀਂ....?"

ਇਹ ਸ਼ਬਦ ਓਥੇ ਘੁੰਮ ਰਹੇ ਭਾਈ ਵੱਸਣ ਸਿੰਘ ਸਖੀਰਾ ਦੇ ਕੰਨੀਂ ਪੈ ਗਏ। ਹੁਣ ਸਿੰਘਾਂ ਦਾ ਧਿਆਨ ਸਟੇਜ ਵੱਲ ਗਿਆ। ਸਿੰਘ ਪੰਡਾਲ ਵਿੱਚ ਪਹੁੰਚੇ ਤਾਂ ਉਹ ਲੀਡਰ ਅਜੇ ਵੀ ਸੰਤਾਂ ਵਿਰੁੱਧ ਬੋਲ ਰਿਹਾ ਸੀ। ਇਹ ਸੁਣ ਕੇ ਭਾਈ ਵੱਸਣ ਸਿੰਘ ਸਖੀਰਾ ਕਹਿਣ ਲੱਗੇ:

"ਏਹਨੂੰ ਹੁਣੇ ਈ ਗੱਡੀ ਚਾੜ੍ਹਨੈਂ.....।"

ਪਰ ਭਾਈ ਲੱਖਾ ਸਿੰਘ ਬੰਡਾਲ਼ਾ ਕਹਿਣ ਲੱਗੇ- "ਦਿਮਾਗ ਠੰਢਾ ਰੱਖੋ, ਮਾਰਾਂਗੇ ਜ਼ਰੂਰ, ਪਰ ਇੱਥੋਂ ਨਿਕਲ ਲੈਣ ਦਿਓ, ਪਿੱਛੇ ਜਾ ਕੇ ਮੌਕਾ ਵੇਖ ਕੇ ਮਾਰ ਦਿਆਂਗੇ, ਏਥੇ ਫੋਰਸ ਬਹੁਤ ਲੱਗੀ ਆ, ਫਿਰ ਨਿਕਲਿਆ ਨੀਂ ਜਾਣਾ.....।"

ਪਰ ਭਾਈ ਵੱਸਣ ਸਿੰਘ ਬੰਡਾਲ਼ਾ ਰੋਹ ਵਿੱਚ ਸਨ। ਉਹ ਕਹਿੰਦੇ- "ਜੋ ਮਰਜ਼ੀ ਹੋ ਜਾਏ, ਮਾਰਨਾ ਹੁਣ ਮੌਕੇ 'ਤੇ ਹੀ ਬਣਦੈ, ਬਾਅਦ 'ਚ ਮਾਰਿਆ ਤਾਂ ਕੀ ਮਾਰਿਆ....?"

ਅਖੀਰ ਸਾਰੇ ਸਿੰਘ ਸਹਿਮਤ ਹੋ ਗਏ। ਭਾਈ ਵੱਸਣ ਸਿੰਘ ਸਖੀਰਾ ਸਟੇਜ 'ਤੇ ਜਾ ਚੜ੍ਹੇ ਤੇ ਉਸ ਭੇਖੀ ਅਕਾਲੀ ਨੂੰ ਕਹਿਣ ਲੱਗੇ- "ਕਿਉਂ ਓਇ ਤੇਰਾ ਦਿਮਾਗ ਠੀਕ ਆ...?"

ਉਹ ਕਹਿਣ ਲੱਗਾ- "ਹੋਰ ਖ਼ਰਾਬ ਆ....?"

ਭਾਈ ਵੱਸਣ ਸਿੰਘ ਸਖੀਰਾ ਨੇ ਰਿਵਾਲਵਰ ਕੱਢ ਕੇ ਗੋਲੀ ਉਸ ਸਰਕਾਰੀ ਬੰਦੇ ਦੇ ਸਿਰ ਵਿੱਚ ਮਾਰੀ। ਉਹ ਸਟੇਜ ਤੋਂ ਉਲਟ ਕੇ ਹੇਠਾਂ ਡਿੱਗਾ।

ਹੇਠਾਂ ਪੰਡਾਲ ਵਿੱਚ ਭੱਜ ਦੌੜ ਮੱਚ ਗਈ। ਚਾਰ-ਚੁਫੇਰੇ ਲੱਗੀਆਂ ਹੋਈਆਂ ਪੁਲੀਸ ਫੋਰਸਾਂ ਇਕਦਮ ਹੀ ਹਰਕਤ ਵਿੱਚ ਆ ਗਈਆਂ। ਸਿੰਘਾਂ ਨੇ ਫਿਰ ਵੀ ਪੁਲੀਸ ਫੋਰਸਾਂ ਦਾ ਘੇਰਾ ਤੋੜ ਕੇ ਨਿਕਲਣ ਲਈ ਪੂਰਾ ਮੁਕਾਬਲਾ ਕੀਤਾ। ਮੁਕਾਬਲੇ ਵਿੱਚ ਭਾਈ ਲੱਖਾ ਸਿੰਘ ਬੰਡਾਲਾ ਸ਼ਹੀਦ ਹੋ ਗਏ ਤੇ ਬਾਕੀ ਸਾਰੇ ਹੀ ਸਿੰਘ ਇੱਕ ਮੋਟਰ 'ਚ ਮੋਰਚਾ ਸੰਭਾਲ ਕੇ ਮੁਕਾਬਲਾ ਕਰਨ ਲੱਗੇ। ਆਖਰੀ ਰੌਂਦ ਖ਼ਤਮ ਹੋ ਜਾਣ ਤਕ ਸਿੰਘਾਂ ਨੇ ਪੁਲੀਸ ਨਾਲ ਮੁਕਾਬਲਾ ਕੀਤਾ। ਰੌਂਦ ਖ਼ਤਮ ਹੋ ਜਾਣ 'ਤੇ ਸਿੰਘ ਬਾਹਰ ਨਿਕਲ ਆਏ।

ਪੁਲੀਸ ਨੇ ਇਹਨਾਂ ਸਾਰੇ ਸਿੰਘਾਂ ਨੂੰ ਗ੍ਰਿਫ਼ਤਾਰ ਕਰ ਲਿਆ। ਹਥਕੜੀਆਂ ਲਾਉਣ ਤੋਂ ਬਾਅਦ ਇੱਕ ਪੁਲੀਸ ਅਫ਼ਸਰ ਨੇ ਟਾਂਚ ਕੀਤੀ- "ਮੁਕਾਬਲਾ ਤਾਂ ਐਂ ਕਰਨ ਡਹੇ ਸੀ, ਜਿਵੇਂ ਬਾਹਰ ਨਿਕਲਣਾ ਈ ਨੀਂ ਹੁੰਦਾ....।"

ਸਿੰਘਾਂ 'ਚੋਂ ਇੱਕ ਵੀਰ ਨੇ ਜਵਾਬ ਦਿੱਤਾ- "ਜਦੋਂ ਅਸਲਾ ਹੀ ਖ਼ਤਮ ਹੋ ਗਿਆ, ਫਿਰ ਕਾਹਦਾ ਮੁਕਾਬਲਾ ? ...ਹਥਿਆਰ ਦੇ ਦਿਓ, ਹੋਰ ਮੁਕਾਬਲਾ ਕਰ ਲੈਨੇ ਆਂ....।"

ਇਹ ਸਿੰਘ ਚੰਗੀ ਤਰ੍ਹਾਂ ਜਾਣਦੇ ਸਨ ਕਿ ਗ੍ਰਿਫ਼ਤਾਰੀ ਤੋਂ ਬਾਅਦ ਸਾਨੂੰ ਬੜੇ ਬੁਰੇ ਤਰੀਕੇ ਨਾਲ ਤਸੀਹੇ ਦਿੱਤੇ ਜਾਣਗੇ, ਪਰ ਉਹਨਾਂ ਨੂੰ ਆਪਣੇ ਸਿਰੜ 'ਤੇ ਭਰੋਸਾ ਸੀ, ਜਿਸ ਸਦਕਾ ਉਹਨਾਂ ਨੇ ਸਾਰੇ ਤਸੀਹੇ ਖਿੜੇ-ਮੱਥੇ ਝੱਲੇ ਤੇ ਜਥੇਬੰਦੀ ਦਾ ਨੁਕਸਾਨ ਨਾ ਕਰਵਾਇਆ।

ਸਾਰੇ ਸਿੰਘਾਂ ਉੱਪਰ ਕਤਲ ਅਤੇ ਅਸਲਾ ਐਕਟ ਅਧੀਨ ਕੇਸ ਦਰਜ ਕਰ ਕੇ ਉਹਨਾਂ ਨੂੰ ਪਹਿਲਾਂ ਕਪੂਰਥਲਾ ਜੇਲ੍ਹ ਵਿੱਚ ਭੇਜਿਆ ਗਿਆ, ਫਿਰ ਅੰਮ੍ਰਿਤਸਰ ਜੇਲ੍ਹ 'ਚ ਭੇਜ ਦਿੱਤਾ ਗਿਆ ਤੇ ਅਖੀਰ ਨਾਭਾ ਸਕਿਓਰਟੀ ਜੇਲ੍ਹ ਵਿੱਚ ਭੇਜ ਦਿੱਤਾ ਗਿਆ।

ਸੰਨ 1989 ਤਕ ਆਪ ਨਾਭਾ ਜੇਲ੍ਹ ਵਿੱਚ ਹੀ ਰਹੇ। ਜੇਲ੍ਹ ਵਿੱਚ ਹੀ ਆਪ ਜੀ ਦੀ ਮੁਲਾਕਾਤ ਕਈ ਹੋਰ ਸਿੰਘਾਂ ਨਾਲ ਹੋਈ। ਸੰਨ 1989 ਵਿੱਚ ਭਾਈ ਰੇਸ਼ਮ ਸਿੰਘ ਬੱਬਰ ਨੇ ਆਪਣੇ ਤੌਰ 'ਤੇ ਆਪ ਦੀਆਂ ਜ਼ਮਾਨਤਾਂ ਕਰਵਾ ਕੇ ਆਪ ਨੂੰ ਜੇਲ੍ਹ 'ਚੋਂ ਕਢਵਾ ਲਿਆ।

ਜੇਲ੍ਹ 'ਚੋਂ ਬਾਹਰ ਆਉਂਦਿਆਂ ਹੀ ਆਪ ਦੇ ਬੱਬਰ ਖ਼ਾਲਸਾ ਦੇ ਸਿੰਘਾਂ ਭਾਈ ਸੁਖਦੇਵ ਸਿੰਘ ਚੱਬਾ, ਭਾਈ ਮਹਿੰਦਰ ਸਿੰਘ ਪਿਓਂਦ ਆਦਿ ਨਾਲ ਸੰਪਰਕ ਬਣ ਗਏ। ਪਰਿਵਾਰ ਨੇ ਆਪ ਨੂੰ ਘਰ ਪਰਿਵਾਰ ਨਾਲ ਬੰਨ੍ਹਣ ਲਈ ਆਪ ਦਾ ਅਨੰਦ ਕਾਰਜ ਬੀਬੀ ਕੁਲਵੰਤ ਕੌਰ ਪੁੱਤਰੀ ਸ. ਚਰਨ ਸਿੰਘ ਵਾਸੀ ਪਿੰਡ ਖਾਰਾ ਨਾਲ ਕਰ ਦਿੱਤਾ। ਬੱਬਰਾਂ ਨੇ ਵੀ ਆਪ ਰੂਪੋਸ਼ ਹੋਣ ਦੀ ਬਜਾਏ ਘਰ ਹੀ ਰਹਿ ਕੇ ਸੇਵਾ ਕਰਨ ਦਾ ਸੁਝਾਅ ਦਿੱਤਾ; ਪਰ ਵਿਆਹ ਵਾਲੇ ਦਿਨ ਸ਼ਾਮ ਨੂੰ ਹੀ ਸਰਹਾਲੀ ਥਾਣੇ ਦੀ ਪੁਲੀਸ ਪਾਰਟੀ ਨੇ ਛਾਪਾ ਮਾਰ ਕੇ ਆਪ ਨੂੰ ਗ੍ਰਿਫ਼ਤਾਰ ਕਰ ਲਿਆ। ਪਰਿਵਾਰ ਅਤੇ ਪਿੰਡ ਵਾਲਿਆਂ ਨੇ ਬਥੇਰਾ ਕਿਹਾ ਕਿ ਅਸੀਂ ਇਸ ਨੂੰ ਘਰ ਬਿਠਾਉਣ ਦਾ ਯਤਨ ਕਰ ਰਹੇ ਹਾਂ ਤੇ ਤੁਸੀਂ ਇਸ ਨੂੰ ਘਰੋਂ ਭਜਾਉਣ ਵਾਲਾ ਕੰਮ ਕਰ ਰਹੇ ਹੋ; ਪਰ ਪੁਲੀਸ ਪਾਰਟੀ

ਨਾ ਮੰਨੀ। ਵਿਆਹ ਵਾਲੀ ਰਾਤ ਆਪ ਨੇ ਸਰਹਾਲੀ ਥਾਣੇ ਦੀ ਹਵਾਲਾਤ ਵਿੱਚ ਗੁਜ਼ਾਰੀ। ਅਗਲੇ ਦਿਨ ਪਰਿਵਾਰ ਨੇ ਮੋਟੀ ਰਕਮ ਤਾਰ ਕੇ ਆਪ ਨੂੰ ਛੁਡਾ ਕੇ ਲਿਆਂਦਾ।

ਇਸ ਤੋਂ ਥੋੜ੍ਹੇ ਦਿਨ ਬਾਅਦ ਹੀ ਵੈਰੋਵਾਲ ਥਾਣੇ ਦੀ ਪੁਲੀਸ ਆਪ ਨੂੰ ਲੈਣ ਆ ਗਈ। ਦੁਪਹਿਰ ਦਾ ਸਮਾਂ ਸੀ, ਪੁਲੀਸ ਪਾਰਟੀ ਨੇ ਅਫ਼ਸਰਾਂ ਦਾ ਹੁਕਮ ਸੁਣਾ ਕੇ ਨਾਲ ਚੱਲਣ ਨੂੰ ਕਿਹਾ। ਆਪ ਸਮਝ ਗਏ ਕਿ ਹੁਣ ਪੁਲੀਸ ਨਿੱਤ ਦਿਹਾੜੇ ਇਸੇ ਹੀ ਤਰ੍ਹਾਂ ਤੰਗ ਕਰੇਗੀ। ਆਪ ਨੇ ਪੁਲੀਸ ਪਾਰਟੀ ਨੂੰ ਕਿਹਾ ਕਿ ਤੁਸੀਂ ਚਾਹ-ਪਾਣੀ ਪੀਓ, ਮੈਂ ਨਹਾ ਕੇ ਤਿਆਰ ਹੋ ਜਾਵਾਂ। ਪੁਲੀਸ ਵਾਲੇ ਮੰਨ ਗਏ। ਉਹ ਵਿਆਹ ਦੀ ਐਲਬਮ ਵਗੈਰਾ ਵੇਖਣ ਵਿੱਚ ਰੁੱਝ ਗਏ ਤੇ ਆਪ ਨਹਾਉਣ ਦੇ ਬਹਾਨੇ ਭੱਜ ਨਿਕਲੇ। ਪੁਲੀਸ ਵਾਲਿਆਂ ਨੇ ਆਪ ਦਾ ਪਿੱਛਾ ਕੀਤਾ ਪਰ ਆਪ ਉਹਨਾਂ ਦੇ ਹੱਥ ਨਾ ਆਏ।

ਪੁਲੀਸ ਆਪ ਦੇ ਸਾਰੇ ਪਰਿਵਾਰ ਨੂੰ ਜਿਨ੍ਹਾਂ ਵਿੱਚ ਆਪ ਦੇ ਬਿਰਧ ਮਾਤਾ-ਪਿਤਾ, ਨਵਵਿਆਹੀ ਪਤਨੀ, ਭਰਾ ਮੁਖਤਿਆਰ ਸਿੰਘ ਤੇ ਉਹਨਾਂ ਦੇ ਸਮੁੱਚੇ ਪਰਿਵਾਰ (ਸਵਾ ਮਹੀਨੇ ਦੀ ਬੱਚੀ ਦੇ ਸਮੇਤ) ਨੂੰ ਥਾਣੇ ਲੈ ਗਏ। ਓਧਰੋਂ ਬੱਬਰਾਂ ਦੀ ਹਾਈਕਮਾਂਡ ਨੇ ਭਾਈ ਹਰਪਾਲ ਸਿੰਘ ਨੂੰ ਸਮਝਾਇਆ ਕਿ ਉਹ ਰੂਪੋਸ਼ ਹੋਣ ਦੀ ਬਜਾਏ ਘਰ ਰਹਿ ਕੇ ਵਧੇਰੇ ਸੇਵਾ ਕਰ ਸਕਦੇ ਹਨ। ਹੋਰ ਵੀ ਸਲਾਹਾਂ ਆਪ ਨੂੰ ਇਸੇ ਹੀ ਤਰ੍ਹਾਂ ਦੀਆਂ ਮਿਲੀਆਂ, ਜਿਨ੍ਹਾਂ ਨੂੰ ਮੰਨ ਕੇ ਆਪ ਆਪਣੇ ਪਰਿਵਾਰ ਨੂੰ ਛੱਡ ਦੇਣ ਦੀ ਸ਼ਰਤ ਅਧੀਨ ਪੁਲੀਸ ਅਫ਼ਸਰ ਮੁਹੰਮਦ ਮੁਸਤਫ਼ਾ ਦੇ ਕੋਲ ਪੇਸ਼ ਹੋ ਗਏ। ਉਸ ਨੇ ਆਪ ਦੇ ਪਰਿਵਾਰ ਨੂੰ ਛੱਡ ਦਿੱਤਾ ਅਤੇ ਫਿਰ ਪਰਿਵਾਰ ਨੇ ਕੁਝ ਚਿਰ ਬਾਅਦ ਪਹੁੰਚ ਕਰ ਕੇ ਆਪ ਨੂੰ ਵੀ ਛੁਡਵਾ ਲਿਆਂਦਾ।

ਫਿਰ ਆਪ ਘਰ ਵਿੱਚ ਹੀ ਰਹਿ ਕੇ ਸੇਵਾ ਕਰਦੇ ਰਹੇ। ਆਪ ਦੇ ਘਰ ਇੱਕ ਬੱਚੀ ਨੇ ਜਨਮ ਲਿਆ, ਜਿਸ ਦਾ ਨਾਂ ਪ੍ਰਭਜੋਤ ਕੌਰ ਰੱਖਿਆ ਗਿਆ। ਫਿਰ ਉਸ ਤੋਂ ਬਾਅਦ ਆਪ ਦੇ ਘਰ ਇੱਕ ਲੜਕੇ ਦਾ ਜਨਮ ਹੋਇਆ, ਜਿਸ ਦਾ ਨਾਂ ਬੂਟਾ ਸਿੰਘ ਰੱਖਿਆ ਗਿਆ।

ਨਵੰਬਰ 1990 'ਚ ਆਪ ਨੂੰ ਪੁਲੀਸ ਦੇ ਕੁਝ ਕੈਟਾਂ ਨੇ ਚੁੱਕ ਲਿਆ। ਥਾਣੇ ਵਿੱਚ ਆਪ ਦੀ ਪੁੱਛਗਿੱਛ ਕੀਤੀ ਗਈ, ਪਰ ਜਦੋਂ ਕੁਝ ਪੱਲੇ ਨਾ ਪਿਆ ਤਾਂ ਆਪ ਨੂੰ ਛੱਡ ਦਿੱਤਾ ਗਿਆ। ਇਹ ਵੇਖ ਕੇ ਆਪ ਨੂੰ ਚੁੱਕਣ ਵਾਲੇ ਕੈਟਾਂ ਨੇ ਵੱਡੇ ਅਫ਼ਸਰਾਂ ਨੂੰ ਇਹ ਕਿਹਾ ਕਿ ਅਸੀਂ ਇੱਕ ਮਿਲੀਟੈਂਟ ਫੜਿਆ ਸੀ, ਜੋ ਥਾਣੇਦਾਰ ਨੇ ਛੱਡ ਦਿੱਤਾ ਹੈ। ਥਾਣੇਦਾਰ ਦੀ ਲਾਹ-ਪਾਹ ਹੋਈ ਤਾਂ ਉਹ ਆਪ ਨੂੰ ਗ੍ਰਿਫ਼ਤਾਰ ਕਰਨ ਲਈ ਛਾਪੇ ਮਾਰਨ ਲੱਗ ਪਿਆ, ਆਪ ਅੱਗੇ ਪਿੱਛੇ ਹੋ ਗਏ।

ਫਿਰ ਇੱਕ ਦਿਨ ਆਪ ਆਪਣੇ ਚਾਚੇ ਨੂੰ ਮਿਲ ਕੇ ਅੰਮ੍ਰਿਤਸਰ ਸ਼ਹਿਰ ਵਿੱਚ ਜਾ ਰਹੇ ਸਨ ਕਿ ਪੁਲੀਸ ਪਾਰਟੀ ਆਪ ਦੇ ਪਿੱਛੇ ਲੱਗ ਗਈ। ਆਪ ਖ਼ਾਲੀ ਹੱਥ ਸਨ, ਇਸ ਲਈ ਪੁਲੀਸ ਨੂੰ ਭਕਾਨੀ ਦੇ ਕੇ ਇੱਕ ਕੋਠੀ ਵਿੱਚ ਜਾ ਵੜੇ। ਪੁਲੀਸ ਨੇ ਕੋਠੀ ਨੂੰ ਘੇਰਾ ਪਾ ਕੇ ਆਪ ਨੂੰ ਗ੍ਰਿਫ਼ਤਾਰ ਕਰ ਲਿਆ।

ਆਪ ਉੱਪਰ ਅੰਨ੍ਹਾ ਤਸ਼ੱਦਦ ਕੀਤਾ ਗਿਆ, ਜਿਸ ਨੂੰ ਆਪ ਨੇ ਖਿੜੇ-ਮੱਥੇ ਸਹਾਰਿਆ।

ਅਖੀਰ 3 ਨਵੰਬਰ 1990 ਦੀ ਰਾਤ ਨੂੰ ਸੁਲਤਾਨਵਿੰਡ ਨਹਿਰ 'ਤੇ ਇੱਕ ਮੁਕਾਬਲੇ 'ਚ

ਮਾਰੇ ਜਾਣ ਦੀ ਖ਼ਬਰ ਦੇ ਕੇ ਪੁਲੀਸ ਨੇ ਆਪ ਦੀ ਸ਼ਹਾਦਤ ਦਾ ਐਲਾਨ ਕੀਤਾ। ਉਹਨਾਂ ਨੇ ਹਰ ਤਸ਼ੱਦਦ ਖਿੜੇ-ਮੱਥੇ ਝੱਲ ਕੇ ਸ਼ਹਾਦਤ ਪਾਈ, ਪਰ ਜਥੇਬੰਦੀ ਦਾ ਕੋਈ ਨੁਕਸਾਨ ਨਹੀਂ ਹੋਣ ਦਿੱਤਾ। ਆਪ ਦੀ ਸ਼ਹਾਦਤ ਵੀ ਸਿੱਖ ਜੁਝਾਰੂਆਂ ਲਈ ਇੱਕ ਪ੍ਰੇਰਨਮਈ ਗਾਥਾ ਹੈ।

* * * * *

ਮੌਤ ਨੂੰ ਲਾੜੀ ਕਹਿਣ ਵਾਲਾ ਜੁਝਾਰੂ

ਸ਼ਹੀਦ ਭਾਈ ਹਰਨੇਕ ਸਿੰਘ

ਅਜੋਕੇ ਜ਼ਿਲ੍ਹਾ ਮੋਗਾ ਦੇ ਪਿੰਡ ਫ਼ਤਿਹਗੜ੍ਹ ਕੋਰੋਟਾਣਾ ਵਿੱਚ 3 ਅਪ੍ਰੈਲ 1966 ਨੂੰ ਗੁਰਸਿੱਖ ਕਿਸਾਨ ਸ. ਝੰਡਾ ਸਿੰਘ ਦੇ ਘਰ, ਮਾਤਾ ਨਸੀਬ ਕੌਰ ਦੇ ਕੁੱਖੋਂ ਜਨਮੇ ਬਾਲ ਦਾ ਨਾਂ 'ਹਰਨੇਕ ਸਿੰਘ' ਰੱਖਿਆ ਗਿਆ। ਇਸ ਗੁਰਮੁਖ ਪਰਿਵਾਰ ਦੇ ਕੁੱਲ 3 ਬੱਚੇ ਆਤਮਾ ਸਿੰਘ, ਹਰਨੇਕ ਸਿੰਘ ਤੇ ਉਹਨਾਂ ਤੋਂ ਛੋਟੀ ਲੜਕੀ ਸੁਰਜੀਤ ਕੌਰ, ਸਾਰਿਆਂ ਦਾ ਬਚਪਨ ਬੜੇ ਵਧੀਆ ਮਾਹੌਲ 'ਚ ਵਧ-ਫੁੱਲ ਰਿਹਾ ਸੀ। ਹਰਨੇਕ ਸਿੰਘ ਤੇ ਸੁਰਜੀਤ ਕੌਰ ਦੋਹਾਂ ਭੈਣ-ਭਰਾਵਾਂ ਵਿੱਚ ਬਹੁਤ ਸਨੇਹ ਸੀ ਤੇ ਵੱਡੇ ਭਰਾ ਨਾਲ ਇਹਨਾਂ ਦੀ ਬਹੁਤੀ ਨਹੀਂ ਸੀ ਨਿਭਦੀ।

ਹਰਨੇਕ ਸਿੰਘ ਆਪਣੀ ਭੈਣ ਸੁਰਜੀਤ ਕੌਰ ਤੋਂ ਢਾਈ ਸਾਲ ਵੱਡਾ ਸੀ। ਦੋਵੇਂ ਪਿੰਡ ਦੇ ਇੱਕੋ ਹੀ ਸਕੂਲ 'ਚ ਪੜ੍ਹਨੇ ਪਏ। ਇੱਕ ਕਲਾਸ ਅਗਾਂਹ ਹੋਣ ਕਾਰਨ ਜਦੋਂ ਹਰਨੇਕ ਦਾ ਸਕੂਲ ਬਦਲ ਗਿਆ ਤਾਂ ਉਹ ਆਪਣੀ ਇੱਕ ਕਲਾਸ ਪਿੱਛੇ ਕਰਵਾ ਕੇ ਫਿਰ ਭੈਣ ਵਾਲੇ ਸਕੂਲ 'ਚ ਚਲਾ ਗਿਆ।

ਹਰਨੇਕ ਜਿੱਥੇ ਸਕੂਲ 'ਚ ਗ਼ਲਤ ਕਿਸਮ ਦੀਆਂ ਸ਼ਰਾਰਤਾਂ ਕਰਨ ਵਾਲੇ ਲੜਕਿਆਂ, ਅਥਵਾ ਲੜਕੀਆਂ ਨੂੰ ਤੰਗ ਕਰਨ ਵਾਲਿਆਂ ਦੀ ਸੁਧਾਈ ਕਰਦਾ ਸੀ, ਓਥੇ ਕੁਝ ਮਾਮਲਿਆਂ ਵਿੱਚ ਉਹ ਬਹੁਤ ਸ਼ਰਾਰਤੀ ਸੀ। ਸਕੂਲ ਦਾ ਇੱਕ ਲਾਲਾ ਮਾਸਟਰ ਪਾਪੂਲਰ ਦੇ ਡੰਡੇ ਨਾਲ ਬੱਚਿਆਂ ਨੂੰ ਬਹੁਤ ਕੁੱਟਦਾ ਸੀ। ਹਰਨੇਕ ਨੇ ਅਜਿਹੇ ਲਾਲਿਆਂ ਦੀ 'ਬਹਾਦਰੀ' ਨੂੰ ਦਰਸਾਉਂਦਾ ਇੱਕ ਵਿਅੰਗਮਈ ਗੀਤ ਜੋੜ ਲਿਆ ਤੇ ਸ਼ਨੀਵਾਰ ਨੂੰ ਲੱਗਦੀ 'ਬਾਲ-ਸਭਾ' 'ਚ ਸੁਣਾ ਵੀ ਦਿੱਤਾ। ਗੀਤ ਸੀ:

ਬੱਲਿਆ ਦੌੜੀਂ-ਦੌੜੀਂ ਓਇ ਲਾਲਾ

ਚੂਹੀ ਆਕੜ ਪਈ

ਸਹੁਰੀ ਆਕੜ ਪਈ

ਨਾਲੇ ਮੋਰੀਆਂ ਬੋਰੀਆਂ ਪਾੜੇ

ਨਾਲੇ ਮਿਸ਼ਰੀ ਖਾਵੇ

ਜਦ ਮੈਂ ਸੋਟੀ ਲੈ ਕੇ ਜਾਨਾਂ

ਘੁਰ-ਘੁਰ ਡਰਾਵੇ

ਸਹੁਰੀ ਆਕੜ ਪਈ

ਦੌੜੀਂ-ਦੌੜੀਂ ਓਇ...।

ਇਸ ਤਰ੍ਹਾਂ ਦਾ ਲੰਮਾ ਗੀਤ ਜਦੋਂ ਹਰਨੇਕ ਨੇ ਸੁਣਾਇਆ ਤਾਂ ਸਾਰੇ ਮਾਸਟਰਾਂ ਦੇ ਵੀ ਹੱਸ-ਹੱਸ ਕੇ ਢਿੱਡੀਂ ਪੀੜਾਂ ਪੈ ਗਈਆਂ। ਹਰਨੇਕ ਦੇ ਜਮਾਤੀ ਕਹਿਣ- "ਕੱਲ੍ਹ ਹਰਨੇਕ ਦੀ ਖੈਰ ਨ੍ਹੀਂ, ਮਾਸਟਰ ਲਾਲਾ ਬਹੁਤ ਕੁੱਟੂ।" ਪਰ ਮਾਸਟਰ ਨੇ ਅਗਲੇ ਦਿਨ ਹਰਨੇਕ ਨੂੰ ਕਲਾਸ ਵਿੱਚ ਫਿਰ ਓਹੀ ਗੀਤ ਸੁਣਾਉਣ ਲਈ ਕਿਹਾ ਤੇ ਦੋ ਰੁਪਏ ਇਨਾਮ ਵੀ ਦਿੱਤੇ।

ਘਰ ਵਿੱਚ ਹਰਨੇਕ ਤੇ ਉਸ ਦੀ ਨਿੱਕੀ ਭੈਣ ਸੁਰਜੀਤ ਬਹੁਤ ਸ਼ਰਾਰਤਾਂ ਕਰਦੇ; ਆਪੋ ਵਿੱਚ ਲੜਦੇ, ਉੱਛਲ-ਕੁੱਦ ਵਿੱਚ ਕਈ ਵਾਰ ਮੰਜਾ ਹੀ ਤੋੜ ਦਿੰਦੇ ਤੇ ਕਈ ਹੋਰ ਚੀਜ਼ਾਂ ਭੰਨ ਦਿੰਦੇ। ਹਰਨੇਕ ਕਈ ਵਾਰ ਨਿੱਕੀ ਭੈਣ ਨੂੰ ਕੁੱਟ ਵੀ ਦਿੰਦਾ, ਉਹ ਰੋਂਦੀ ਤਾਂ ਪਿਤਾ ਜੀ ਉਸ ਨੂੰ ਹਦਾਇਤ ਦਿੰਦੇ:

"ਤੂੰ ਏਹਦੇ ਨਾਲ (ਹਰਨੇਕ ਨਾਲ) ਬੋਲਣਾ ਨ੍ਹੀਂ ਦੋ ਦਿਨ....ਇਹ ਤੈਨੂੰ ਕੁੱਟਦੈ....।"

ਪਰ ਨਿੱਕੀ ਮਸੂਮ ਸੁਰਜੀਤ ਜਵਾਬ ਦਿੰਦੀ- "ਪਤਾ ਨ੍ਹੀਂ, ਮੈਂ ਨ੍ਹੀਂ ਇਹਦੇ ਨਾਲ ਬੋਲੇ ਬਿਨਾਂ ਰਹਿ ਸਕਦੀ, ਭਾਵੇਂ ਮਾਰ ਦੇਵੇ....।"

ਪਰ ਇਹਨਾਂ ਦੋਹਾਂ ਭੈਣ-ਭਰਾਵਾਂ ਨੂੰ ਚਿਤ-ਚੇਤਾ ਵੀ ਨਹੀਂ ਸੀ ਕਿ ਇੱਕ ਪਲ ਵੀ ਨਾ ਵਿੱਛੜਨ ਵਾਲੇ ਦੋਹਾਂ ਭੈਣ-ਭਰਾਵਾਂ ਨੂੰ ਇੱਕ ਸਮੇਂ ਕਲੇਜੇ 'ਤੇ ਪੱਥਰ ਰੱਖ ਕੇ ਵਿੱਛੜਨਾ ਪੈਣਾ ਹੈ।

1978 'ਚ ਹਰਨੇਕ ਭਾਵੇਂ 12 ਸਾਲ ਦਾ ਹੀ ਸੀ, ਪਰ ਨਰਕਧਾਰੀਆਂ ਵੱਲੋਂ ਵਰਤਾਏ ਕਹਿਰ ਨੇ ਹਰਨੇਕ ਦੀ ਸੋਚ ਦਾ ਮੁਹਾਣ ਬਦਲ ਦਿੱਤਾ। ਉਹ 78 ਦੇ ਸਾਕੇ ਦੇ ਸ਼ਹੀਦਾਂ ਬਾਰੇ ਜਾਣਕਾਰੀ ਪ੍ਰਾਪਤ ਕਰਨ ਦੇ ਯਤਨਾਂ ਵਿੱਚ ਰਹਿੰਦਾ। ਜਦੋਂ ਤਕ ਮਾਰਚ 1984 ਵਿੱਚ ਸਰਕਾਰੀ ਹਾਈ ਸਕੂਲ ਜਲਾਲਾਬਾਦ ਪੂਰਬੀ 'ਚੋਂ ਫਸਟ ਡਵੀਜ਼ਨ 'ਚ ਮੈਟ੍ਰਿਕ ਪਾਸ ਕਰ ਕੇ ਖੇਤੀਬਾੜੀ 'ਚ ਪਿਤਾ ਦਾ ਹੱਥ ਵੰਡਾਉਣਾ ਅਰੰਭ ਕੀਤਾ ਤਾਂ ਓਦੋਂ ਤਕ ਪੰਜਾਬ ਦਾ ਮਾਹੌਲ ਦਿੱਲੀ ਦੇ ਜਬਰ ਜ਼ੁਲਮ ਕਾਰਨ ਰਣ-ਖੇਤ ਵਾਲਾ ਬਣ ਰਿਹਾ ਸੀ।

ਜੂਨ 1984 'ਚ ਦਰਬਾਰ ਸਾਹਿਬ 'ਤੇ ਹੋਏ ਭਾਰਤੀ ਫ਼ੌਜੀ ਹਮਲੇ ਕਾਰਨ ਹਮੇਸ਼ਾ ਹੀ ਹੱਸਦਾ-ਖੇਡਦਾ ਰਹਿਣ ਵਾਲਾ ਹਰਨੇਕ ਅਚਾਨਕ ਗੁੰਮ-ਸੁੰਮ ਰਹਿਣ ਲੱਗ ਪਿਆ, ਪਰ ਉਸ ਨੇ ਆਪਣੇ ਦਿਲ ਦੀ ਗੱਲ ਕਿਸੇ ਨਾਲ ਸਾਂਝੀ ਨਾ ਕੀਤੀ, ਆਪਣੀ ਪਿਆਰੀ ਨਿੱਕੀ ਭੈਣ ਸੁਰਜੀਤ ਨਾਲ ਵੀ ਨਹੀਂ। ਕਰਫਿਊ ਖੁੱਲ੍ਹਣ ਪਿੱਛੋਂ ਜਦੋਂ ਪਰਿਵਾਰ ਸ੍ਰੀ ਦਰਬਾਰ ਸਾਹਿਬ ਦੇ ਦਰਸ਼ਨ ਕਰਨ ਗਿਆ ਤਾਂ ਓਦੋਂ ਵੀ ਇਸ ਕਹਿਰੀ ਹਮਲੇ ਦੇ ਨਿਸ਼ਾਨ ਵੇਖ ਕੇ ਉਹ ਕੁਝ ਨਾ ਬੋਲਿਆ, ਪਰ ਉਸ ਦੀ ਖ਼ਾਮੋਸ਼ੀ ਹੋਰ ਡੂੰਘੀ ਹੋ ਗਈ।

ਇਹਨਾਂ ਬੇਚੈਨ ਦਿਨਾਂ ਵਿੱਚ ਹੀ ਜਦੋਂ ਭੈਣ ਸੁਰਜੀਤ ਕੌਰ ਆਪਣੇ ਜਾਨੋਂ-ਪਿਆਰੇ ਵੀਰ

ਹਰਨੇਕ ਦੀ ਰੋਟੀ ਲੈ ਕੇ ਖੇਤ ਗਈ ਤਾਂ ਉਹ ਡੂੰਘੀ ਸੋਚ ਵਿੱਚ ਗੁੰਮ ਸੀ। ਭੈਣ ਨੇ ਚਹਿਕ ਕੇ ਜਦੋਂ ਇਸ ਖ਼ਾਮੋਸ਼ੀ ਨੂੰ ਤੋੜਦਿਆਂ ਰੋਟੀ ਖਾਣ ਨੂੰ ਕਿਹਾ ਤਾਂ ਉਹ ਚੁੱਪ ਰਿਹਾ। ਹੁਣ ਭੈਣ ਨੇ ਗੰਭੀਰ ਹੋ ਕੇ ਹਰਨੇਕ ਵੱਲ ਵੇਖਿਆ ਤਾਂ ਸ਼ਾਇਦ ਅੰਦਰੋ-ਅੰਦਰ ਖੌਲ ਰਹੇ ਇੱਕ ਭਰਾ ਨੂੰ ਆਪਣੀ ਭੈਣ ਦੀ ਇਸ ਸਵਾਲੀਆ ਤੱਕਣੀ ਦਾ ਜਵਾਬ ਦੇਣ ਲਈ ਮਜਬੂਰ ਹੋਣਾ ਪਿਆ। ਉਸ ਨੇ ਜੋ ਕਿਹਾ, ਉਹ ਬੋਲ ਉਸ ਦੀ ਭੈਣ ਨੂੰ ਅੱਜ ਵੀ ਯਾਦ ਹਨ। ਹਰਨੇਕ ਨੇ ਕਿਹਾ- "ਸੁਰਜੀਤ! ਹੁਣ ਤੂੰ ਵੱਡੇ ਵੀਰ ਨਾਲ ਪਿਆਰ ਪਾ ਲੈ....।"

ਮਸੂਮ ਸੁਰਜੀਤ ਕੌਰ ਇਹਨਾਂ ਸ਼ਬਦਾਂ ਅੰਦਰਲੇ ਭੇਤ ਨੂੰ ਨਾ ਸਮਝ ਸਕੀ, ਉਸ ਨੇ ਮਸੂਮੀਅਤ ਨਾਲ ਪੁੱਛਿਆ- "ਕਿਉਂ.....?"

ਹਰਨੇਕ ਦਾ ਜਵਾਬ ਸੀ- "ਮੈਂ ਤਾਂ ਤੁਰ ਜਾਣੈਂ.....।"

"ਕਿੱਥੇ ਤੁਰ ਜਾਣੈਂ....?" ਨਿੱਕੀ ਭੈਣ ਦੇ ਇਸ ਸਵਾਲ ਦੇ ਨਾਲ ਹੀ ਹਰਨੇਕ ਕਿਸੇ ਡੂੰਘੇ ਵੈਰਾਗ 'ਚ ਉੱਤਰ ਗਿਆ; ਉਸ ਦੇ ਸ਼ਬਦ ਸਨ:

"ਕਾਹਦੇ ਅਸੀਂ ਸਿੱਖ ਗੱਭਰੂ ਅਖਵਾਉਨੇ ਆਂ ? ....ਸਾਡਾ ਹਰਿਮੰਦਰ ਢਾਹ'ਤਾ.....।"

ਹੁਣ ਤਕ ਮਸੂਮ ਸੁਰਜੀਤ ਮਾਮਲੇ ਦੀ ਗੰਭੀਰਤਾ ਨੂੰ ਸਮਝ ਚੁੱਕੀ ਸੀ, ਉਸ ਦੀ ਧਾਹ ਨਿਕਲ ਗਈ ਤੇ ਉਹ ਆਪਣੇ ਉਸ ਜਾਨੋਂ ਪਿਆਰੇ ਵੀਰ, ਜਿਸ ਤੋਂ ਇੱਕ ਪਲ ਵੀ ਵੱਖ ਹੋਣਾ ਉਸ ਲਈ ਅਸਹਿ ਸੀ, ਨੂੰ ਵਾਸਤੇ ਪਾ ਕੇ ਕਿਤੇ ਵੀ ਨਾ ਜਾਣ ਲਈ ਮਨਾਉਣ ਦਾ ਯਤਨ ਕਰਨ ਲੱਗੀ, ਪਰ ਹਰਨੇਕ ਜਿਸ ਤਰ੍ਹਾਂ ਚੀਸ ਵੱਟ ਕੇ ਆਪਣੀ ਭੈਣ ਨੂੰ ਹੌਸਲਾ ਦੇ ਰਿਹਾ ਸੀ, ਉਸ ਤੋਂ ਸਾਫ਼ ਸੀ ਕਿ ਹੁਣ ਉਸ ਨੂੰ ਰੋਕ ਕੇ ਰੱਖਣਾ ਅਸੰਭਵ ਹੈ।

ਪਰਿਵਾਰ ਨੂੰ ਜਦੋਂ ਹਰਨੇਕ ਸਿੰਘ ਦੇ ਹਿਰਦੇ ਅੰਦਰ ਮੱਚ ਰਹੇ ਭਾਂਬੜਾਂ ਦੀ ਭਿਣਕ ਪਈ ਤਾਂ ਪਰਿਵਾਰ ਨੇ ਪਹਿਲਾਂ ਤਾਂ ਆਪ ਨੂੰ ਰੋਕਣ ਲਈ ਸਰਕਾਰੀ ਨੌਕਰੀ 'ਤੇ ਲਵਾਉਣ ਦਾ ਯਤਨ ਕੀਤਾ, ਪਰ ਹਰਨੇਕ ਸਿੰਘ ਨੇ ਜਾਬਰ ਸਰਕਾਰ ਦੀ ਨੌਕਰੀ ਕਰਨ ਤੋਂ ਕੋਰੀ ਨਾਂਹ ਕਰ ਦਿੱਤੀ। ਫਿਰ ਪਰਿਵਾਰ ਨੇ ਵਿਆਹ ਦੇ ਬੰਧਨ 'ਚ ਬੰਨ੍ਹਣਾ ਚਾਹਿਆ, ਪਰ ਹਰਨੇਕ ਨੇ ਸਾਫ਼ ਕਹਿ ਦਿੱਤਾ:

"ਮੈਨੂੰ ਪਤੈ, ਮੈਂ ਕੀਹਦੇ ਨਾਲ ਵਿਆਹ ਕਰਵਾਉਣੈਂ, ਤੁਹਾਨੂੰ ਇਸ ਬਾਰੇ ਚਿੰਤਾ ਕਰਨ ਦੀ ਨੀ ਲੋੜ....।"

ਹਰਨੇਕ ਸਿੰਘ ਹੁਣ ਪੰਥਕ ਸਮਾਗਮਾਂ 'ਚ ਹਿੱਸਾ ਲੈਂਦਾ-ਲੈਂਦਾ ਪੰਥਕ ਸੰਘਰਸ਼ 'ਚ ਗੁਪਤ ਰੂਪ ਵਿੱਚ ਸੇਵਾ ਕਰਨ ਲੱਗ ਪਿਆ। ਫ਼ਤਹਿਗੜ੍ਹ ਸਾਹਿਬ 'ਚੋਂ ਜਦੋਂ ਉਹ ਇੱਕ ਸ਼ਹੀਦੀ ਸਮਾਗਮ 'ਚ ਹੋਏ ਅੰਮ੍ਰਿਤ-ਸੰਚਾਰ 'ਚ ਅੰਮ੍ਰਿਤ ਛਕ ਕੇ ਪਿੰਡ ਆਇਆ ਤਾਂ ਉਸ ਨੇ ਪਰਿਵਾਰ ਨੂੰ ਕਿਹਾ:

"ਅੱਜ ਮੈਂ ਆਪਣਾ ਸਾਰਾ ਕੁਝ ਗੁਰੂ ਨੂੰ ਅਰਪਣ ਕਰ ਆਇਐਂ, ਜਦੋਂ ਲੋੜ ਪਈ, ਉਸ ਨੂੰ ਭੇਟਾ ਕਰ ਦਿਆਂਗਾ....।"

ਹਰਨੇਕ ਦਾ ਕੱਦ 6 ਫੁੱਟ 2 ਇੰਚ ਲੰਮਾ ਸੀ। ਉਸ ਦੇ ਪੰਥਕ ਸੰਘਰਸ਼ 'ਚ ਸੇਵਾ ਕਰਨ ਦੀ ਭਿਣਕ ਕਾਰਨ ਪੁਲੀਸ ਵੱਲੋਂ ਉਸ ਨੂੰ ਗ੍ਰਿਫਤਾਰ ਕਰਨ ਅਤੇ ਤਸ਼ੱਦਦ ਦਾ ਸ਼ਿਕਾਰ ਬਣਾਉਣ ਦੀ ਖੇਡ ਵੀ ਅਰੰਭ ਹੋ ਗਈ, ਪਰ ਉਸ ਨੇ ਲੰਮਾ ਅਰਸਾ ਰੂਪੋਸ਼ ਹੋ ਕੇ ਸੰਘਰਸ਼ 'ਚ ਕੁੱਦਣ ਨਾਲੋਂ ਘਰ ਵਿੱਚ ਰਹਿ ਕੇ ਸੇਵਾ ਕਰਨ ਨੂੰ ਤਰਜੀਹ ਦਿੱਤੀ। ਇੱਕ ਦਿਨ ਪੁਲੀਸ ਨੇ ਸਵੇਰੇ ਤੜਕੇ ਉਸ ਦੇ ਘਰ ਨੂੰ ਵੱਡੀ ਗਿਣਤੀ 'ਚ ਘੇਰਾ ਪਾ ਲਿਆ ਤਾਂ ਹਾਲਾਤ ਦੀ ਗੰਭੀਰਤਾ ਨੂੰ ਸਮਝਦਿਆਂ ਹਰਨੇਕ ਇਹ ਘੇਰਾ ਤੋੜ ਕੇ ਨਿਕਲ ਗਿਆ ਤੇ ਜਾਣ ਤੋਂ ਪਹਿਲਾਂ ਪਰਿਵਾਰ ਨੂੰ ਫ਼ਤਹਿ ਬੁਲਾ ਗਿਆ। ਹੁਣ ਉਹ ਖ਼ਾਲਿਸਤਾਨ ਲਿਬਰੇਸ਼ਨ ਆਰਮੀ ਵਿੱਚ ਏਰੀਆ ਕਮਾਂਡਰ ਸੀ।

ਭਾਵੇਂ ਕਿ ਹਰਨੇਕ ਸਿੰਘ ਦਾ ਰੂਪੋਸ਼ ਹੋਣਾ ਸਾਰੇ ਪਰਿਵਾਰ ਲਈ ਹੀ ਅਸਹਿ ਸੀ, ਪਰ ਨਿੱਕੀ ਭੈਣ ਸੁਰਜੀਤ ਕੌਰ ਲਈ ਇਹ ਵਿਛੋੜਾ ਇੱਕ ਭਾਣੇ ਵਾਂਗ ਮਿੱਠਾ ਕਰ ਕੇ ਮੰਨ ਲੈਣਾ ਅਸੰਭਵ ਸੀ। ਕਨਸੋਅ ਮਿਲਣ 'ਤੇ ਹਰਨੇਕ ਨੇ ਭੈਣ ਨੂੰ ਇੱਕ ਠਾਹਰ 'ਤੇ ਮਿਲਣ ਲਈ ਬੁਲਾ ਲਿਆ। ਵਿਯੋਗ ਮਾਰੀ ਭੈਣ ਧਾਹ ਕੇ ਹਰਨੇਕ ਦੇ ਗਲ਼ ਲੱਗ ਗਈ; ਉਸ ਦੀ ਮਸੂਮ ਮੰਗ ਸੀ- "ਜਾਂ ਮੈਨੂੰ ਆਪਣੇ ਨਾਲ਼ ਰੱਖ ਲਾ ਤੇ ਜਾਂ ਗੋਲ਼ੀ ਮਾਰ ਦੇ....।"

ਹਰਨੇਕ ਭੈਣ ਨੂੰ ਹੌਸਲਾ ਦਿੰਦਾ ਰਿਹਾ। ਭੈਣ ਭਰਾ ਦੇ ਇਸ ਸਨੇਹ ਨੂੰ ਸ਼ਾਇਦ ਹੋਰ ਕੋਈ ਨਹੀਂ ਸੀ ਸਮਝ ਸਕਦਾ। ਅਖੀਰ ਹਰਨੇਕ ਨੇ ਭੈਣ ਨੂੰ ਇਸ ਗੱਲ 'ਤੇ ਮਨਾਇਆ ਕਿ ਤੇਰਾ ਵਿਆਹ ਹੋਣ ਤੋਂ ਬਾਅਦ ਮੈਂ ਤੈਨੂੰ ਆਪਣੇ ਕੋਲ਼ ਕੁਝ ਦਿਨ ਰੱਖ ਲਿਆ ਕਰਾਂਗਾ, ਕਿਉਂਕਿ ਉਸ ਹਾਲਤ 'ਚ ਸਹੁਰਿਆਂ ਦੇ ਪਿੰਡ 'ਚ ਇਹ ਦੱਸਿਆ ਜਾ ਸਕਦਾ ਹੈ ਕਿ ਉਹ ਪੇਕੇ ਗਈ ਹੈ ਤੇ ਪੇਕਿਆਂ ਦੇ ਪਿੰਡ ਤਾਂ ਸਭ ਨੂੰ ਇਹੀ ਪਤਾ ਹੋਏਗਾ ਕਿ ਕੁੜੀ ਸਹੁਰੇ ਹੈ।

ਕੁਝ ਸਮਾਂ ਓਥੇ ਬੈਠਣ ਤੋਂ ਬਾਅਦ ਭੈਣ ਸੁਰਜੀਤ ਕੌਰ ਦਾ ਧਿਆਨ ਇਸ ਨੁਕਤੇ ਵੱਲ ਗਿਆ ਕਿ ਹਰਨੇਕ ਸਿੰਘ ਦੇ ਸਾਥੀਆਂ ਨੇ ਅਸਲੇ ਵਾਲੀਆਂ ਝੋਲ਼ੀਆਂ ਲਾਹ ਕੇ ਰੱਖੀਆਂ ਹੋਈਆਂ ਸਨ, ਪਰ ਹਰਨੇਕ ਨੇ ਝੋਲ਼ੀ ਪਾਈ ਹੋਈ ਸੀ। ਪੁੱਛਣ 'ਤੇ ਉਹ ਕਹਿਣ ਲੱਗਾ- "ਬਾਅਦ 'ਚ ਪਰਿਵਾਰਾਂ ਵਾਲ਼ੇ ਕਹਿੰਦੇ ਹੁੰਦੇ ਆ ਕਿ 'ਉਹ ਤਾਂ ਭਾਈ ਨਿਹੱਥੇ ਹੋਣ ਕਰਕੇ ਮਾਰੇ ਗਏ, ਜੇ ਕੋਲ਼ ਅਸਲਾ ਹੁੰਦਾ ਤਾਂ ਮੁਕਾਬਲਾ ਕਰ ਕੇ ਸ਼ਹੀਦ ਹੁੰਦੇ ਫਿਰ ਅਸੀਂ ਨੀਂ ਸੀ ਰੋਂਦੇ'...... ਤੇ ਮੈਂ ਇਸੇ ਲਈ ਮੁਕਾਬਲਾ ਕਰ ਕੇ ਹੀ ਸ਼ਹੀਦ ਹੋਣੈਂ....।"

ਇਸ ਤੋਂ ਕੁਝ ਚਿਰ ਬਾਅਦ ਹਰਨੇਕ ਸਿੰਘ ਨੇ ਪਰਿਵਾਰ ਨੂੰ ਇੱਕ ਠਾਹਰ 'ਤੇ ਬੁਲਾਇਆ। ਕਿਸੇ ਨੂੰ ਸ਼ੱਕ ਨਾ ਪਵੇ, ਇਸ ਲਈ ਹਰਨੇਕ ਬਨੈਣ-ਕਛਹਿਰੇ ਨਾਲ ਕਿਆਰੀ ਗੋਡ ਰਿਹਾ ਸੀ। ਉਸ ਦੀ ਅੱਗੇ ਨਾਲੋਂ ਵਧੀਆ ਹੋਈ ਸਿਹਤ ਵੇਖ ਕੇ ਉਸ ਦੀ ਭੈਣ ਸੁਰਜੀਤ ਕੌਰ ਨੇ ਕਿਹਾ- "ਕੀ ਗੱਲ ਘਰ ਵਿੱਚ ਤੂੰ ਰੋਟੀ ਨਹੀਂ ਸੀ ਖਾਂਦਾ...? ਹੁਣ ਤੇਰੀ ਸਿਹਤ ਬਾਹਰ ਰਹਿ ਕੇ ਵਧੀਆ ਹੋ ਗਈ ਆ....!"

ਹਰਨੇਕ ਸਿੰਘ ਦਾ ਜਵਾਬ ਸੀ- "ਬੁਜ਼ਦਿਲੀ ਦੀ ਜ਼ਿੰਦਗੀ ਵੀ ਕਾਹਦੀ ਜ਼ਿੰਦਗੀ ਹੁੰਦੀ ਆ, ਬਾਕੀ ਉਸ ਤਰ੍ਹਾਂ ਜਿਊਂਦਿਆਂ ਨੂੰ ਜਦੋਂ ਕੋਈ ਮਰਜ਼ੀ ਮਾਰ ਦੇਵੇ, ਹੁਣ ਤਾਂ ਮਾਰਾਂਗੇ ਤੇ ਮਰਾਂਗੇ....।"

6 ਫੁੱਟ 2 ਇੰਚ ਲੰਮੇ ਕੱਦ ਵਾਲ਼ੇ ਹਰਨੇਕ ਸਿੰਘ ਵਿੱਚ ਦਲੇਰੀ ਵੀ ਅੰਤਾਂ ਦੀ ਸੀ। ਇੱਕ ਪੁਲੀਸ ਚੌਂਕੀ 'ਤੇ ਹਮਲਾ ਕਰ ਕੇ ਜਦੋਂ ਉਹਨਾਂ ਦੇ ਗਰੁੱਪ ਨੇ ਹਥਿਆਰ ਲੁੱਟੇ ਤਾਂ ਹਰਨੇਕ ਸਿੰਘ ਓਥੋਂ ਇੱਕ ਵਾਇਰਲੈੱਸ ਸੈੱਟ ਵੀ ਚੁੱਕ ਲਿਆਇਆ। ਉਹ ਵਾਇਰਲੈੱਸ ਸੈੱਟ ਸਿੰਘਾਂ ਦੇ ਬਹੁਤ ਕੰਮ ਆਇਆ। ਉਸ ਤੋਂ ਸਿੰਘਾਂ ਨੂੰ ਪੁਲੀਸ ਦੀਆਂ ਸਰਗਰਮੀਆਂ ਦਾ ਪਤਾ ਲੱਗਦਾ ਰਹਿੰਦਾ।

ਜਦੋਂ ਇੱਕ ਉੱਘੇ ਜੁਝਾਰੂ ਜਰਨੈਲ ਭਾਈ ਸਰਬਜੀਤ ਸਿੰਘ ਉੱਪਲ ਨੂੰ ਪੁਲੀਸ ਨੇ ਖੇਤਾਂ ਵਿੱਚ ਚਾਰ-ਚੁਫੇਰਿਓਂ ਘੇਰ ਲਿਆ ਤਾਂ ਇਸ ਦਾ ਪਤਾ ਵੀ ਭਾਈ ਹਰਨੇਕ ਸਿੰਘ ਨੂੰ ਇਸੇ ਹੀ ਵਾਇਰਲੈੱਸ ਸੈੱਟ ਤੋਂ ਲੱਗ ਗਿਆ। ਵਾਇਰਲੈੱਸ ਸੈੱਟ 'ਤੇ ਪੁਲੀਸ ਅਫ਼ਸਰ ਕਹਿ ਰਿਹਾ ਸੀ ਕਿ ਅਸੀਂ ਫਲਾਣੀ ਥਾਂ ਸਰਬਜੀਤ ਸਿੰਘ ਉੱਪਲ ਨੂੰ ਘੇਰ ਲਿਆ ਹੈ, ਹੋਰ ਫੋਰਸ ਭੇਜੋ....।''

ਇਹ ਸੁਣ ਕੇ ਹਰਨੇਕ ਸਿੰਘ ਬੇਚੈਨ ਹੋ ਗਿਆ। ਇਸ ਮੁਸੀਬਤ ਦੇ ਮੌਕੇ ਘਿਰੇ ਹੋਏ ਜੁਝਾਰੂ ਜਰਨੈਲ ਦੀ ਮਦਦ ਕਰਨੀ ਵੀ ਜ਼ਰੂਰੀ ਸੀ ਪਰ ਇਸ ਸਮੇਂ ਆਪਣੀ ਠਾਹਰ 'ਤੇ ਉਹ ਇਕੱਲਾ ਹੀ ਸੀ। ਕਿਸੇ ਪਾਸੇ ਸੁਨੇਹਾ ਭੇਜਣ ਦਾ ਵੀ ਸਮਾਂ ਨਹੀਂ ਸੀ। ਪਰ ਉਸ ਦੇ ਲਹੂ ਨੇ ਉਬਾਲ਼ਾ ਖਾਧਾ ਤੇ ਉਹ ਇਕੱਲਾ ਹੀ ਇੱਕ ਗੰਨ ਲੈ ਕੇ ਟਰੈਕਟਰ 'ਤੇ ਚੜ੍ਹ ਕੇ ਮੁਕਾਬਲੇ ਵਾਲੀ ਥਾਂ 'ਤੇ ਜਾ ਪਹੁੰਚਿਆ।

ਅਜੇ ਪੁਲੀਸ ਫੋਰਸ ਬਹੁਤੀ ਨਹੀਂ ਸੀ ਆਈ।

ਹਰਨੇਕ ਸਿੰਘ ਨੇ ਖੇਤ ਦੇ ਕੰਢੇ ਟਰੈਕਟਰ ਖੜ੍ਹਾ ਕਰ ਕੇ ਉਸ ਦੀ ਓਟ ਲੈ ਕੇ ਪੁਲੀਸ ਵਾਲ਼ਿਆਂ 'ਤੇ ਫ਼ਾਇਰ ਖੋਲ੍ਹ ਦਿੱਤਾ। ਪੁਲੀਸ ਨੂੰ ਇਹ ਜਾਪਿਆ ਕੇ ਬਾਹਰਲੇ ਪਾਸਿਓਂ ਵੱਡੀ ਗਿਣਤੀ 'ਚ ਜੁਝਾਰੂ ਸਿੰਘਾਂ ਨੇ ਹਮਲਾ ਕਰ ਦਿੱਤਾ ਹੈ; ਇਸ ਕਾਰਨ ਪੁਲੀਸ 'ਚ ਘਬਰਾਹਟ ਫੈਲ ਗਈ। ਇਸ ਮੌਕੇ 'ਤੇ ਭਾਈ ਹਰਨੇਕ ਸਿੰਘ ਦੀ ਕਵਰ-ਫ਼ਾਇਰਿੰਗ ਦੀ ਛਾਂ ਹੇਠ ਭਾਈ ਸਰਬਜੀਤ ਸਿੰਘ ਉੱਪਲ ਘੇਰਾ ਤੋੜ ਕੇ ਭਾਈ ਹਰਨੇਕ ਸਿੰਘ ਕੋਲ਼ ਆ ਪਹੁੰਚਿਆ। ਦੋਵੇਂ ਸਿੰਘ ਜੈਕਾਰੇ ਛੱਡਦੇ ਤੇ ਗੋਲੀਆਂ ਚਲਾਉਂਦੇ ਟਰੈਕਟਰ 'ਤੇ ਸਵਾਰ ਹੋ ਕੇ ਨਿਕਲ ਆਏ। ਹਰਨੇਕ ਸਿੰਘ ਦੇ ਇਸ ਕਾਰੇ ਦੀ ਜੁਝਾਰੂ ਜਥੇਬੰਦੀਆਂ 'ਚ ਕਾਫ਼ੀ ਸ਼ਲਾਘਾ ਭਰੀ ਚਰਚਾ ਹੋਈ।

ਸੰਘਰਸ਼ ਦੇ ਇਸ ਬਿਖੜੇ ਸਮੇਂ ਵਿੱਚ ਕੌਮੀ ਮੰਜ਼ਲ ਲਈ ਵਾਟਾਂ ਤੈਅ ਕਰਦੇ ਭਾਈ ਹਰਨੇਕ ਸਿੰਘ ਹੋਰਾਂ ਨੂੰ ਪਿੰਡ ਬੱਲ ਵਿੱਚ ਘੇਰਾ ਪੈ ਗਿਆ। ਪੁਲੀਸ ਫੋਰਸ ਦੀ ਅਗਵਾਈ ਮੱਖਣ ਜੱਲਾਦ ਕਰ ਰਿਹਾ ਸੀ।

ਭਾਈ ਹਰਨੇਕ ਸਿੰਘ ਨੇ ਠਾਹਰ ਵਾਲ਼ੇ ਪਰਿਵਾਰ ਦਾ ਨੁਕਸਾਨ ਹੋਣ ਦੇ ਡਰੋਂ ਘਰ 'ਚੋਂ ਬਾਹਰ ਨਿਕਲ ਕੇ ਖੇਤਾਂ ਵਿੱਚ ਆ ਕੇ ਮੁਕਾਬਲਾ ਅਰੰਭ ਦਿੱਤਾ। ਉਸ ਨੇ ਮੱਖਣ ਜੱਲਾਦ ਨੂੰ ਲਲਕਾਰਿਆ ਕਿ ਉਹ ਖ਼ੁਦ ਸਾਮ੍ਹਣੇ ਆ ਕੇ ਮੁਕਾਬਲਾ ਕਰੇ, ਪਰ ਸੂਰਮੇ ਦੀ ਇਸ ਲਲਕਾਰ ਦੇ ਜਵਾਬ ਵਿੱਚ ਚਾਰ-ਚੁਫੇਰਿਓਂ ਗੋਲ਼ੀ ਚੱਲਦੀ। ਮੁਕਾਬਲਾ ਕਰਦੇ ਅੱਗੇ ਵਧ ਰਹੇ ਭਾਈ ਹਰਨੇਕ ਸਿੰਘ ਦੇ ਪੱਟ 'ਚ ਪੁਲੀਸ ਦੀ ਇੱਕ ਮਸ਼ੀਨਗੰਨ ਦੀ ਗੋਲ਼ੀ ਆ ਲੱਗੀ।

ਹੁਣ ਭਾਈ ਹਰਨੇਕ ਸਿੰਘ ਇੱਕ ਥਾਂ ਬੈਠ ਕੇ ਮੁਕਾਬਲਾ ਕਰਨ ਲੱਗਾ।

ਇਸ ਤਰ੍ਹਾਂ ਚਾਰ-ਚੁਫੇਰਿਓਂ ਦੁਸ਼ਮਣ ਵਿੱਚ ਘਿਰਿਆ ਸੂਰਮਾ ਆਖ਼ਰੀ ਸਾਹ ਤਕ

ਦੁਸ਼ਮਣ ਦੇ ਆਹੂ ਲਾਹੁੰਦਾ ਗੋਲੀ ਚਲਾਉਂਦਾ ਹੋਇਆ ਜੂਝਦਾ ਸ਼ਹੀਦੀ ਪ੍ਰਾਪਤ ਕਰ ਗਿਆ।

ਜਦੋਂ ਉਸ ਸੂਰਮੇ ਦੀ ਮਿਰਤਕ ਦੇਹ ਅੰਤਮ ਸਸਕਾਰ ਲਈ ਲਿਜਾਈ ਜਾ ਰਹੀ ਸੀ, ਓਦੋਂ ਇਸ ਸਾਕੇ ਤੋਂ ਬੇਖ਼ਬਰ ਉਸ ਦੇ ਪਰਿਵਾਰ ਵੱਲੋਂ ਉਸ ਦੀ ਜਾਨੋਂ ਪਿਆਰੀ ਭੈਣ ਸੁਰਜੀਤ ਕੌਰ (ਜਿਸ ਦਾ ਬਾਅਦ 'ਚ ਨਾਂ ਹਰਦੀਪ ਕੌਰ ਰੱਖ ਦਿੱਤਾ ਗਿਆ) ਦਾ ਅਨੰਦ ਕਾਰਜ ਕਰਨ ਦੀ ਤਿਆਰੀ ਕੀਤੀ ਜਾ ਰਹੀ ਸੀ। ਇਹ ਇੱਕ ਪੀੜਾਦਾਇਕ ਹਕੀਕਤ ਸੀ, ਪਰ ਗ਼ੁਲਾਮ ਕੌਮਾਂ ਨੂੰ ਅਜਿਹੀਆਂ ਪੀੜਾਂ 'ਚੋਂ ਲੰਘਣਾ ਹੀ ਪੈਂਦਾ ਹੈ। ਗ਼ੁਲਾਮ ਕੌਮਾਂ ਨੂੰ ਅਜ਼ਾਦ ਕਰਵਾਉਣ ਤੁਰੇ ਸੂਰਮਿਆਂ ਦੀਆਂ ਝੱਲੀਆਂ ਇਹ ਪੀੜਾਂ ਹੀ ਆਪਣੀਆਂ ਕੌਮਾਂ ਦੀਆਂ ਸਮੂਹ ਪੀੜਾਂ ਦਾ ਅੰਤ ਕਰਨ ਦਾ ਇੱਕ ਕਾਰਗਰ ਯਤਨ ਹੁੰਦੀਆਂ ਹਨ।

* * * * *

ਵਹਿਸ਼ੀ ਤਸ਼ੱਦਦ ਨੂੰ ਟਿੱਚਰਾਂ ਕਰਨ ਵਾਲਾ ਜੁਝਾਰੂ

ਸ਼ਹੀਦ ਭਾਈ ਰਛਪਾਲ ਸਿੰਘ ਛੰਦੜਾ

ਜੂਨ 84 'ਚ ਦਰਬਾਰ ਸਾਹਿਬ ਉੱਪਰ ਹੋਏ ਵਹਿਸ਼ੀ ਫ਼ੌਜੀ ਹਮਲੇ ਨੇ ਸਿੱਖ ਕੌਮ ਦੀ ਗੁਲਾਮੀ ਦੇ ਦਾਗ਼ ਨੂੰ ਉਘਾੜ ਦਿੱਤਾ, ਜਿਸ ਨੂੰ ਲਹੂ ਨਾਲ ਧੋਣ ਲਈ ਹਜ਼ਾਰਾਂ ਸਿੱਖ ਗੱਭਰੂ ਸਿਰਾਂ 'ਤੇ ਖੱਫਣ ਬੰਨ੍ਹ ਕੇ ਰਣ-ਤੱਤੇ ਵਿੱਚ ਨਿੱਤਰੇ ਤੇ ਗੁਰਮਤਿ ਦੇ ਸਿਧਾਂਤ 'ਪੁਰਜਾ ਪੁਰਜਾ ਕਟਿ ਮਰੈ' 'ਤੇ ਪਹਿਰਾ ਦਿੰਦੇ ਹੋਏ ਜੂਝ ਕੇ ਸ਼ਹੀਦ ਹੋਏ। ਇਹਨਾਂ ਸ਼ਹੀਦਾਂ ਦੀ ਗਾਥਾ ਲਿਖਣ ਵਾਲੀਆਂ ਕਲਮਾਂ ਅਜੇ ਤਕ ਬੋਹਲ 'ਚੋਂ ਮੁੱਠੀ ਭਰਨ ਜੋਗਾ ਕਾਰਜ ਵੀ ਨਹੀਂ ਕਰ ਸਕੀਆਂ। ਰਛਪਾਲ ਸਿੰਘ ਛੰਦੜਾ ਵੀ ਇਹਨਾਂ ਸ਼ਹੀਦਾਂ ਵਿੱਚੋਂ ਇੱਕ ਪ੍ਰਸਿੱਧ ਨਾਂ ਹੈ ਜਿਸ ਨੇ ਦਿੱਲੀ ਦੀ 'ਪਾਪ ਦੀ ਜੰਞ' ਵਿਰੁੱਧ ਪੰਥਕ ਸੰਘਰਸ਼ ਵਿੱਚ ਅਹਿਮ ਹਿੱਸਾ ਪਾਇਆ ਅਤੇ ਆਪਣੀ ਜਵਾਨੀ ਇਸ ਸੰਘਰਸ਼ ਵਿੱਚ ਨਿਛਾਵਰ ਕਰ ਦਿੱਤੀ।

ਭਾਈ ਰਛਪਾਲ ਸਿੰਘ ਦਾ ਜਨਮ ਪਿਤਾ ਰਣਜੀਤ ਸਿੰਘ ਦੇ ਘਰ ਮਾਤਾ ਗੁਰਮੇਜ ਕੌਰ ਦੀ ਕੁੱਖੋਂ 12 ਮਾਰਚ ਸੰਨ 1965 ਨੂੰ ਪਿੰਡ ਛੰਦੜਾ ਜ਼ਿਲ੍ਹਾ ਲੁਧਿਆਣਾ 'ਚ ਹੋਇਆ। ਛੰਦੜੇ ਪਿੰਡ ਵਿੱਚ ਰਛਪਾਲ ਸਿੰਘ ਨੇ ਚਾਰ ਜਮਾਤਾਂ ਹੀ ਕੀਤੀਆਂ, ਉਸ ਤੋਂ ਬਾਅਦ +2 ਤਕ ਪੜ੍ਹਾਈ ਚਿਲੈਲੀ ਤੋਂ ਕੀਤੀ। ਇਸ ਪਿੱਛੋਂ ਉਹ ਖੇਤੀਬਾੜੀ ਕਰਨ ਲੱਗ ਪਿਆ।

ਜੂਨ 1984 ਦੇ ਵਹਿਸ਼ੀ ਸਾਕੇ ਪਿੱਛੋਂ ਜਦੋਂ ਭੜਕੀ ਸ਼ਮ੍ਹਾ ਵੱਲ ਸਿੱਖ ਗੱਭਰੂਆਂ ਰੂਪੀ ਪਤੰਗਿਆਂ ਦੇ ਕਾਫ਼ਲਿਆਂ ਨੇ ਵਹੀਰਾਂ ਘੱਤ ਦਿੱਤੀਆਂ ਤਾਂ ਰਛਪਾਲ ਸਿੰਘ ਵੀ ਹੋਰ ਅਣਖੀਲੇ ਸਿੱਖ ਗੱਭਰੂਆਂ ਵਾਂਗ ਅਛੋਪਲੇ ਹੀ ਇੱਕ ਕਾਫ਼ਲੇ ਵਿੱਚ ਜਾ ਰਲਿਆ। ਗੁਪਤ ਕਾਰਵਾਈਆਂ ਜਦੋਂ ਹੌਲੀ ਹੌਲੀ ਜ਼ਾਹਰ ਹੋਣ ਲੱਗੀਆਂ ਤਾਂ 1986 ਵਿੱਚ ਉਸ ਨੇ ਘਰ ਛੱਡ ਦਿੱਤਾ ਅਤੇ ਮੁੜ ਘਰ ਕਦੀ ਨਾ ਪਰਤਿਆ। ਪੰਜਾਬ ਪੁਲੀਸ ਦੀਆਂ ਜਾਬਰ ਧਾੜਾਂ ਨੇ ਉਸ ਦਿਨ ਤੋਂ ਹੀ ਉਸ ਦੇ ਘਰ ਦੇ ਵਿਹੜੇ ਨੂੰ ਲਿਤਾੜਨਾ ਅਰੰਭ ਕਰ ਦਿੱਤਾ। ਅੱਧੇ ਘਰ ਤਾਂ ਗੱਭਰੂ ਪੁੱਤਾਂ ਦੇ ਘਰੋਂ ਨਿਕਲ ਜਾਣ ਨਾਲ ਹੀ ਉੱਜੜ ਜਾਂਦੇ ਹਨ ਤੇ ਬਚੇ ਖੁਚੇ ਪੁਲੀਸ ਉਜਾੜ ਦਿੰਦੀ, ਛੰਦੜੇ ਦੇ ਪਰਿਵਾਰ ਨਾਲ ਵੀ ਇਹੀ ਭਾਣਾ ਵਰਤਿਆ। ਘਰ ਦਾ ਸਾਰਾ ਸਮਾਨ ਲੁੱਟੇ ਪੁੱਟੇ ਜਾਣ ਪਿੱਛੋਂ ਉਸ ਦੇ ਮਾਪੇ ਲੁਕ-ਛਿਪ ਕੇ ਦਿਨ ਕੱਟਣ ਲੱਗੇ।

ਇਹਨਾਂ ਹੀ ਦਿਨਾਂ ਵਿੱਚ (ਸੰਨ 1990 ਵਿੱਚ) ਭਾਈ ਛੰਦੜੇ ਦੇ ਮਾਤਾ ਪਿਤਾ ਨੂੰ ਕਿਸੇ ਨੇ ਦੱਸਿਆ ਕਿ ਤਰਨ ਤਾਰਨ ਦੇ ਪਿੰਡ ਨੂਰਦੀ ਦੇ ਨੇੜੇ ਪੰਜਾਬ ਪੁਲੀਸ ਨੇ ਇੱਕ ਤੂੜੀ ਦੇ ਕੋਠੇ ਨੂੰ

ਅੱਗ ਲਾ ਕੇ ਜਿਹੜੇ ਅੱਠ ਜੁਝਾਰੂ ਸਿੰਘ ਜਿਉਂਦੇ ਹੀ ਸਾੜ ਦਿੱਤੇ ਹਨ, ਉਹਨਾਂ ਵਿੱਚ ਰਛਪਾਲ ਸਿੰਘ ਛੰਦੜਾ ਵੀ ਸੀ। ਬੁੱਢੇ ਮਾਂ-ਪਿਉ ਦੀਆਂ ਆਂਦਰਾਂ ਨੂੰ ਧੂਹ ਪਈ ਤੇ ਉਹ ਇਸ ਖ਼ਬਰ ਦੀ ਪੁਸ਼ਟੀ ਕਰਨ ਹਿਤ ਤਰਨ ਤਾਰਨ ਜਾ ਪੁੱਜੇ। ਪੁੱਛਦੇ-ਪੁਛਾਉਂਦਿਆਂ ਜਦੋਂ ਭਾਈ ਛੰਦੜੇ ਦੇ ਨੇੜਲੇ ਸਿੰਘਾਂ ਨਾਲ ਇਹਨਾਂ ਦਾ ਸੰਪਰਕ ਹੋਇਆ ਤਾਂ ਓਥੋਂ ਬੁਰੀ ਖ਼ਬਰ ਦੀ ਪੁਸ਼ਟੀ ਦੀ ਬਜਾਏ ਵਧਾਈਆਂ ਮਿਲਣ 'ਤੇ ਮਾਪੇ ਬਹੁਤ ਹੈਰਾਨ ਹੋਏ। ਪਤਾ ਲੱਗਾ ਕੁਝ ਦਿਨ ਪਹਿਲਾਂ ਹੀ ਭਾਈ ਰਛਪਾਲ ਸਿੰਘ ਛੰਦੜਾ ਦਾ ਅਨੰਦ ਕਾਰਜ ਬੀਬੀ ਚਰਨਜੀਤ ਕੌਰ ਪਿੰਡ ਰਾਮਪੁਰਾ ਨਾਲ ਹੋਇਆ ਹੈ। ਬੁੱਢੇ ਮਾਪਿਆਂ ਨੇ ਰਣ ਖੇਤਰ ਦੇ ਸਿਪਾਹੀ ਨੂੰਹ-ਪੁੱਤ ਨੂੰ ਰੱਜ-ਰੱਜ ਕੇ ਵੇਖਿਆ, ਜੀਅ ਭਰ ਕੇ ਪਿਆਰ ਦਿੱਤਾ ਤੇ ਫਿਰ ਵਾਪਸ ਪਰਤ ਆਏ।

ਇਸ ਪਿੱਛੋਂ ਰਛਪਾਲ ਸਿੰਘ ਛੰਦੜਾ ਤੇ ਉਸ ਦੀ ਸਿੰਘਣੀ ਲੁਧਿਆਣੇ ਆ ਗਏ ਤੇ ਜੁਝਾਰੂ ਸਰਗਰਮੀਆਂ ਜਾਰੀ ਰੱਖੀਆਂ। ਰਛਪਾਲ ਸਿੰਘ ਇਹਨਾਂ ਦਿਨਾਂ ਵਿੱਚ ਕਦੀ ਵੀ ਖ਼ਾਲੀ ਹੱਥ ਨਹੀਂ ਸੀ ਵਿਚਰਦਾ। ਇਲਾਕੇ ਵਿੱਚ ਇੱਕ ਗਾਥਾ ਪ੍ਰਸਿੱਧ ਹੈ ਕਿ ਬਦਨਾਮ ਇੰਸਪੈਕਟਰ ਸੰਤ ਕੁਮਾਰ ਨੇ ਛੰਦੜੇ ਪਿੰਡ ਦੇ ਵਾਸੀਆਂ ਨੂੰ ਦਬਕਾਉਂਦਿਆਂ ਫੜ੍ਹ ਵੀ ਮਾਰ ਦਿੱਤੀ ਕਿ 'ਮੈਂ ਰਛਪਾਲ ਨੂੰ ਇੱਕ ਹਫਤੇ 'ਚ ਜਿਊਂਦਾ ਫੜ ਕੇ ਵਿਖਾਊਂ।' ਜਦੋਂ ਇਸ ਦਾ ਪਤਾ ਰਛਪਾਲ ਸਿੰਘ ਛੰਦੜਾ ਨੂੰ ਲੱਗਾ ਤਾਂ ਉਸ ਨੇ ਕੋਹਾੜੇ ਪਿੰਡ ਦੇ ਇੱਕ ਪੀ.ਸੀ.ਓ. ਤੋਂ ਸੰਤ ਕੁਮਾਰ ਨੂੰ ਫ਼ੋਨ ਕੀਤਾ ਕਿ "ਮੈਂ ਤੈਨੂੰ ਇਸ ਥਾਂ 'ਤੇ ਉਡੀਕ ਰਿਹੈਂ, ਜਿੰਨੀ ਮਰਜ਼ੀ ਫ਼ੋਰਸ ਲੈ ਕੇ ਆ ਤੇ ਮੈਨੂੰ ਫੜ ਲੈ...।" ਸੰਤ ਕੁਮਾਰ ਦੀ ਪੁਲੀਸ ਪਾਰਟੀ ਦੋ ਦਿਨ ਕੋਹਾੜੇ ਪਿੰਡ ਦੇ ਲਾਗਿਓਂ ਦੀ ਵੀ ਨਾ ਲੰਘੀ ਪਰ ਤੀਜੇ ਦਿਨ ਇੱਕ ਵੱਡੀ ਪੁਲੀਸ ਫ਼ੋਰਸ ਆ ਕੇ ਗਰੀਬ ਪੀ.ਸੀ.ਓ. ਵਾਲੇ ਨੂੰ ਚੁੱਕ ਕੇ ਲੈ ਗਈ। ਰਛਪਾਲ ਸਿੰਘ ਛੰਦੜਾ ਪੁਲੀਸ ਦੇ ਨਾਕਿਆਂ 'ਤੇ ਚੈਕਿੰਗ ਵਿੱਚੋਂ ਲੰਘ ਕੇ ਆਪਣੀਆਂ ਸਰਗਰਮੀਆਂ ਨੂੰ ਜਾਰੀ ਰੱਖਦਾ ਰਿਹਾ।

ਇਹਨਾਂ ਦਿਨਾਂ ਵਿੱਚ ਇੱਕ ਅਜੀਬ ਜਿਹੀ ਘਟਨਾ ਘਟੀ। ਭਾਈ ਛੰਦੜੇ ਦੇ ਪਿਤਾ ਜੀ ਪਿੰਡ ਵੱਲ ਜਾ ਰਹੇ ਸਨ ਕਿ ਰਾਹ ਵਿੱਚ ਛੰਦੜਾ ਤੇ ਉਸ ਦਾ ਇੱਕ ਸਾਥੀ ਜੀਪ 'ਤੇ ਜਾਂਦੇ ਦੋਰਾਹੇ ਕੋਲ ਮਿਲ ਪਏ। ਨਾਲ ਦੇ ਸਾਥੀ ਬਲਦੇਵ ਸਿੰਘ ਨੇ ਕਿਹਾ ਕਿ ਚੱਲੋ ਬਾਪੂ ਨੂੰ ਤੁਹਾਡਾ ਕਾਕਾ ਵਿਖਾ ਕੇ ਲਿਆਈਏ। (ਕੁਝ ਦਿਨ ਪਹਿਲਾਂ ਹੀ ਭਾਈ ਛੰਦੜੇ ਦੇ ਘਰ ਭੁਜੰਗੀ ਪੈਦਾ ਹੋਇਆ ਸੀ)। ਬਾਪੂ ਇਹਨਾਂ ਦੇ ਨਾਲ ਹੀ ਜੀਪ ਵਿੱਚ ਬੈਠ ਗਿਆ। ਧੌਲ ਮਾਜਰੇ ਪਿੰਡ ਤੋਂ ਵਾਪਸ ਆਉਂਦਿਆਂ ਇਹਨਾਂ ਨੇ ਦੂਰੋਂ ਵੇਖਿਆ ਕਿ ਲਹਿਲ ਦੇ ਪੁਲ 'ਤੇ ਬੜਾ ਵੱਡਾ ਨਾਕਾ ਲੱਗਾ ਸੀ। ਛੰਦੜੇ ਨੇ ਬਲਦੇਵ ਸਿੰਘ ਨੂੰ ਸਮਾਨ ਕੱਪੜੇ ਵਿੱਚ ਲਪੇਟ ਕੇ ਜੀਪ ਤੋਂ ਹੇਠਾਂ ਉਤਾਰ ਕੇ ਇੱਕ ਮਕਾਨ ਵਿੱਚ ਵਾੜ ਦਿੱਤਾ। ਜੀਪ ਵਾਪਸ ਮੋੜਨੀ ਸਿੱਧਾ ਸ਼ੱਕ ਦੇ ਦਾਇਰੇ ਵਿੱਚ ਆਉਣ ਵਾਲੀ ਗੱਲ ਸੀ, ਸੋ ਛੰਦੜਾ ਜੀਪ ਲੈ ਕੇ ਪੁਲ ਵੱਲ ਵਧਿਆ। ਹੁਣ ਉਹ ਖਾਲੀ ਹੱਥ ਸੀ।

ਪੁਲੀਸ ਨੇ ਨਾਕੇ 'ਤੇ ਗੱਡੀ ਰੋਕ ਲਈ ਤੇ ਰਾਹ 'ਚ ਪਹਿਲਾਂ ਜੀਪ ਰੋਕਣ ਦਾ ਕਾਰਨ ਪੁੱਛਿਆ। (ਬਲਦੇਵ ਸਿੰਘ ਨੂੰ ਉਹ ਨਹੀਂ ਸੀ ਵੇਖ ਸਕੇ)। ਛੰਦੜੇ ਨੇ ਇੱਕ ਨਾਂ ਲੈ ਕੇ ਕਿਹਾ ਕਿ ਅਸੀਂ ਉਸ ਦਾ ਘਰ ਭੁੱਲ ਗਏ ਹਾਂ। ਪੁਲੀਸ ਵਾਲਿਆਂ ਨੇ ਛੰਦੜੇ ਨੂੰ ਓਥੇ ਹੀ ਬਿਠਾ ਲਿਆ ਤੇ 'ਬਾਪੂ' ਨੂੰ ਘਰ ਲੱਭਣ ਭੇਜ ਦਿੱਤਾ। ਬਾਪੂ ਨੇ ਕੁਝ ਸਮੇਂ ਬਾਅਦ ਵਾਪਸ ਆ ਕੇ ਕਿਹਾ ਕਿ ਘਰ

ਨਹੀਂ ਲੱਭਾ। ਪੁਲੀਸ ਵਾਲਿਆਂ ਨੇ ਜੀਪ ਦੇ ਕਾਗਜ਼ ਦਿਖਾਉਣ ਲਈ ਕਿਹਾ ਪਰ ਉਸ ਦੇ ਕਾਗਜ਼ ਨਹੀਂ ਸਨ, ਜਿਸ ਕਾਰਨ ਪੁਲੀਸ ਨੇ ਇਹਨਾਂ ਦੋਹਾਂ ਨੂੰ ਗ੍ਰਿਫਤਾਰ ਕਰ ਲਿਆ ਤੇ ਮਲੌਦ ਚੌਂਕੀ ਵਿੱਚ ਲਿਜਾ ਕੇ ਬੰਦ ਕਰ ਦਿੱਤਾ।

ਹੁਣ ਤਕ ਭਾਈ ਛੰਦੜੇ ਨੂੰ ਕਿਸੇ ਪੁਲੀਸ ਵਾਲ਼ੇ ਨੇ ਪਛਾਣਿਆ ਨਹੀਂ ਸੀ, ਪਰ ਕਿਸੇ ਵੇਲੇ ਵੀ ਕਿਸੇ ਐਸੇ ਅਫ਼ਸਰ ਦੇ ਆ ਪੁੱਜਣ ਦਾ ਡਰ ਸੀ ਜੋ ਉਹਨਾਂ ਨੂੰ ਪਛਾਣ ਲੈਂਦਾ। ਭਾਈ ਛੰਦੜਾ ਨੇ ਸਕੀਮ ਸੋਚੀ। ਇਸ ਚੌਂਕੀ ਦੀ ਲੈਟਰੀਨ ਛੱਤ ਉੱਪਰ ਸੀ। ਭਾਈ ਛੰਦੜੇ ਨੇ ਲੈਟਰੀਨ ਜਾਣ ਦੀ ਇੱਛਾ ਪ੍ਰਗਟ ਕੀਤੀ। ਪੁਲੀਸ ਵਾਲ਼ੇ ਹੁਣ ਤਕ ਉਸ ਨੂੰ ਆਮ ਆਦਮੀ ਹੀ ਸਮਝ ਰਹੇ ਸਨ, ਜਿਸ ਕਾਰਨ ਉਹਨਾਂ ਇਜਾਜ਼ਤ ਦੇ ਦਿੱਤੀ। ਛੱਤ 'ਤੇ ਚੜ੍ਹ ਕੇ ਭਾਈ ਛੰਦੜੇ ਨੇ ਚੌਂਕੀ ਦੇ ਪਿਛਵਾੜੇ ਛਾਲ਼ ਮਾਰੀ ਤੇ ਪਲਾਂ ਵਿੱਚ ਹੀ ਹਰਨ ਹੋ ਗਿਆ।

ਹੁਣ ਪੁਲੀਸ ਵਾਲਿਆਂ ਨੂੰ ਕੁਝ ਸ਼ੱਕ ਹੋਇਆ ਤੇ ਛੰਦੜੇ ਦੇ ਪਿਤਾ ਦੀ ਡੂੰਘਾਈ ਨਾਲ ਪੁੱਛਗਿੱਛ ਅਰੰਭ ਹੋਈ। ਏਨੇ ਨੂੰ ਇੱਕ ਅਫ਼ਸਰ ਆਇਆ, ਜਿਸ ਨੇ ਛੰਦੜੇ ਦੇ ਪਿਤਾ ਨੂੰ ਪਛਾਣ ਲਿਆ। ਉਸ ਨੇ ਜਾਬਰਾਨਾਂ ਢੰਗ ਵਰਤ ਕੇ ਛੰਦੜੇ ਦੇ ਪਿਤਾ ਨੂੰ ਪੁੱਛਣਾ ਅਰੰਭ ਕੀਤਾ ਕਿ ਭੱਜਣ ਵਾਲ਼ਾ ਨੌਜਵਾਨ ਕੌਣ ਸੀ। ਤਸ਼ੱਦਦ ਹੱਦੋਂ ਵਧਦਾ ਵੇਖ ਭਾਈ ਛੰਦੜੇ ਦੇ ਪਿਤਾ ਨੇ ਇਹ ਕਹਿ ਕੇ ਧਮਾਕਾ ਕੀਤਾ:

"ਉਹ ਤੁਹਾਡਾ ਪਿਓ 'ਛੰਦੜਾ' ਸੀ ਤੇ ਮੈਂ ਉਹਦਾ ਪਿਓ ਆਂ।" ਜਦੋਂ ਪੁਲੀਸ ਵਾਲਿਆਂ ਨੂੰ ਪਤਾ ਲੱਗਾ ਕਿ ਰਛਪਾਲ ਸਿੰਘ ਛੰਦੜਾ ਇੱਕ ਵਾਰ ਪੁਲੀਸ ਦੇ ਹੱਥ ਆ ਕੇ ਵੀ ਬਚ ਨਿਕਲਿਆ ਹੈ ਤਾਂ ਉਹ ਬੜੇ ਤਿਲਮਿਲਾਏ। ਇਸ ਝੁੰਜਲਾਹਟ ਤੇ ਛਟਪਟਾਹਟ ਵਿੱਚ ਹੀ ਉਹਨਾਂ ਨੇ ਅਰਧ ਪਾਗਲ ਹੋ ਕੇ ਭਾਈ ਛੰਦੜੇ ਦੇ ਪਿਤਾ ਨੂੰ ਪਹਿਲੋਂ ਥਾਣਾ ਡੇਹਲੋਂ ਤੇ ਫਿਰ ਸੀ.ਆਈ.ਏ. ਸਟਾਫ ਲੁਧਿਆਣਾ ਵਿੱਚ ਖੌਫ਼ਨਾਕ ਤਸੀਹੇ ਦੇ ਦੇ ਕੇ ਕਤਲ ਕਰ ਦਿੱਤਾ ਤੇ ਬਾਅਦ ਵਿੱਚ ਲਾਸ਼ ਨੂੰ ਅਣਪਛਾਤੀ ਕਹਿ ਕੇ ਅਣਪਛਾਤੇ ਵਿਅਕਤੀਆਂ ਵੱਲੋਂ ਕੀਤਾ ਕਤਲ ਦਰਸਾ ਦਿੱਤਾ।

ਭਾਈ ਰਛਪਾਲ ਸਿੰਘ ਛੰਦੜਾ ਬੇਪਰਵਾਹ ਹੋ ਕੇ ਮਿਥੇ ਨਿਸ਼ਾਨੇ 'ਤੇ ਤੁਰਦੇ ਰਹੇ। ਉਹਨਾਂ ਨੇ ਆਪਣੇ ਹਿੱਸੇ ਆਉਂਦੀ ਜ਼ਮੀਨ ਗਹਿਣੇ ਪਾ ਕੇ ਪੈਸੇ ਸੰਘਰਸ਼ ਵਿੱਚ ਲਾਏ। ਪੁਲੀਸ ਦੇ ਨਵੇਂ ਤੋਂ ਨਵੇਂ ਹੱਥਕੰਡੇ ਅਤੇ ਜਬਰ-ਜ਼ੁਲਮ ਵੀ ਉਹਨਾਂ ਸੂਰਮਿਆਂ ਨੂੰ ਰਾਹ ਤੋਂ ਥਿੜਕਾ ਨਾ ਸਕੇ।

ਮਿਤੀ 12 ਜੂਨ 1992 ਨੂੰ ਭਾਈ ਰਛਪਾਲ ਸਿੰਘ ਛੰਦੜਾ ਤੇ ਭਾਈ ਜਗਦੀਸ਼ ਸਿੰਘ ਦੀਸ਼ਾ ਇੱਕ ਸਾਈਕਲ 'ਤੇ ਸਵਾਰ ਹੋ ਕੇ ਗਿੱਲਾਂ ਵਾਲੇ ਪੁਲ ਦੇ ਕੋਲੋਂ ਦੁਗਰੀ ਵੱਲ ਨੂੰ ਜਾ ਰਹੇ ਸਨ। ਆਪ ਨੇ ਗੰਨੇ ਦੇ ਰਸ ਦੀ ਇੱਕ ਰੇੜ੍ਹੀ 'ਤੇ ਖਲੋ ਕੇ ਰਸ ਪੀਤਾ। ਆਪ ਇਸ ਗੱਲ ਤੋਂ ਬੇਖ਼ਬਰ ਸਨ ਕਿ ਨੇੜੇ ਹੀ ਪੁਲੀਸ ਦੀ ਕਾਲੇ ਸ਼ੀਸ਼ਿਆਂ ਵਾਲੀ ਗੱਡੀ 'ਚ ਬੈਠਾ ਆਪ ਦਾ ਇੱਕ ਪੁਰਾਣਾ ਸਾਥੀ ਆਪ ਦੀ ਸ਼ਨਾਖ਼ਤ ਕਰ ਚੁੱਕਾ ਹੈ ਤੇ ਦੂਸਰਾ ਇਹ ਕਿ ਆਪ ਦੇ ਨਾਲ ਹੀ ਸਿਵਲ ਕੱਪੜਿਆਂ 'ਚ ਰੇੜ੍ਹੀ 'ਤੇ ਖਲੋ ਕੇ ਗੰਨੇ ਦਾ ਰਸ ਪੀ ਰਿਹਾ ਬੰਦਾ ਵੀ ਇੱਕ ਪੁਲਸੀਆ ਹੀ ਹੈ।

ਰਸ ਪੀਣ ਤੋਂ ਬਾਅਦ ਭਾਈ ਰਛਪਾਲ ਸਿੰਘ ਛੰਦੜਾ ਤੇ ਭਾਈ ਜਗਦੀਸ਼ ਸਿੰਘ ਸਾਈਕਲ

'ਤੇ ਸਵਾਰ ਹੋ ਕੇ ਦੁਗਰੀ ਵੱਲ ਨੂੰ ਚੱਲ ਪਏ। ਭਾਈ ਛੰਦੜਾ ਸਾਈਕਲ ਚਲਾ ਰਹੇ ਸਨ, ਜਦਕਿ ਭਾਈ ਦੀਸ਼ਾ ਪਿੱਛੇ ਬੈਠੇ ਸਨ। ਰਸ ਪੀਣ ਵਾਲੇ ਪੁਲਸੀਏ ਨੇ ਇਸ਼ਾਰਾ ਕੀਤਾ। ਪੁਲੀਸ ਵਾਲਿਆਂ ਨੇ ਪਿੱਛੋਂ ਗੱਡੀ ਲਿਆ ਕੇ ਪੂਰੇ ਜ਼ੋਰ ਨਾਲ ਸਾਈਕਲ ਵਿੱਚ ਮਾਰੀ ਤੇ ਦੋਵੇਂ ਸਿੰਘ ਉੱਛਲ ਕੇ ਦੂਰ ਡਿੱਗ ਪਏ। ਭਾਈ ਛੰਦੜਾ ਵਧੇਰੇ ਜ਼ਖ਼ਮੀ ਹੋ ਜਾਣ ਕਾਰਨ ਮੌਕੇ 'ਤੇ ਹੀ ਪੁਲੀਸ ਵੱਲੋਂ ਕਾਬੂ ਕਰ ਲਏ, ਜਦਕਿ ਭਾਈ ਜਗਦੀਸ਼ ਸਿੰਘ ਦੀਸ਼ਾ ਭੱਜ ਨਿਕਲੇ। ਇਸ ਮੌਕੇ ਪੁਲੀਸ ਦੇ ਇੱਕ ਟੁਕੜਬੋਚ ਨੇ ਭਾਈ ਦੀਸ਼ੇ ਨੂੰ ਜੱਫਾ ਮਾਰ ਲਿਆ। ਦੂਜੇ ਪੁਲਸੀਏ ਵੀ ਸਿਰ 'ਤੇ ਪਹੁੰਚੇ।

ਚਾਰ ਚੁਫੇਰਿਓਂ ਘਿਰੇ ਹੋਣ ਦਾ ਅਹਿਸਾਸ ਕਰਦਿਆਂ ਦੋਹਾਂ ਸੂਰਮਿਆਂ ਨੇ ਸਾਇਆਨਾਈਡ ਦੇ ਕੈਪਸੂਲ ਕੱਢ ਕੇ ਮੂੰਹ 'ਚ ਪਾਉਣ ਦੇ ਯਤਨ ਕੀਤੇ। ਜਗਦੀਸ਼ ਸਿੰਘ ਦੀਸ਼ਾ ਸਾਇਆਨਾਈਡ ਖਾਣ ਵਿੱਚ ਸਫਲ ਹੋ ਗਿਆ, ਪਰ ਭਾਈ ਛੰਦੜੇ ਦਾ ਹੱਥ ਪੁਲੀਸ ਵਾਲਿਆਂ ਨੇ ਕਾਬੂ ਕਰਕੇ ਮੂੰਹ ਤਕ ਨਾ ਪੁੱਜਣ ਦਿੱਤਾ ਤੇ ਕਾਫ਼ੀ ਜੱਦੋ-ਜਹਿਦ ਪਿੱਛੋਂ ਭਾਈ ਛੰਦੜੇ ਨੂੰ ਜਿਊਂਦੇ ਗ੍ਰਿਫ਼ਤਾਰ ਕਰ ਲਿਆ।

ਇਸ ਪਿੱਛੋਂ ਪੁਲੀਸ ਦੇ ਤਸ਼ੱਦਦ ਦੀ ਇੱਕ ਵਹਿਸ਼ੀ ਖੇਡ ਅਰੰਭ ਹੋਈ। ਮੰਨੇ ਪ੍ਰਮੰਨੇ ਬੁੱਚੜ ਲੁਧਿਆਣੇ ਦੇ ਸੀ.ਆਈ.ਏ. ਸਟਾਫ਼ 'ਚ ਇਕੱਠੇ ਹੋ ਗਏ। ਉਹਨਾਂ ਅੰਦਰ ਉਮੀਦ ਜਾਗੀ ਸੀ ਕਿ ਭਾਈ ਛੰਦੜੇ ਦੀ ਛਾਤੀ ਵਿੱਚੋਂ ਉਹ ਬਹੁਤ ਹੀ ਅਹਿਮ ਭੇਦ ਕਢਵਾ ਸਕਦੇ ਹਨ। ਸ਼ਰਾਬ ਨਾਲ ਰੱਜੇ ਪੁਲੀਸ ਦੇ ਮੰਨੇ ਪ੍ਰਮੰਨੇ ਬੁੱਚੜ ਅਤੇ ਜੱਲਾਦ ਆਪਣੇ ਸਾਰੇ ਵਹਿਸ਼ੀ ਢੰਗ ਤਰੀਕੇ ਵਰਤ ਵਰਤ ਕੇ ਹੰਭ ਗਏ, ਪਰ ਦਸਮੇਸ਼ ਪਿਤਾ ਦਾ ਇਹ ਲਾਲ 'ਸਤਿ ਸ੍ਰੀ ਅਕਾਲ' ਦੇ ਜੈਕਾਰੇ ਗਜਾਉਂਦਾ ਤੇ ਦੁਸ਼ਟਾਂ ਨੂੰ ਲਲਕਾਰੇ ਮਾਰਦਾ ਨਾ ਥੱਕਿਆ। ਪੁਲੀਸ ਅੰਦਰਲੇ ਕੁਝ ਸਿਪਾਹੀਆਂ ਰਾਹੀਂ ਬਾਹਰ ਨਿਕਲੀ ਇਹ ਗੱਲ ਬੜੀ ਪ੍ਰਸਿੱਧ ਹੋਈ ਸੀ ਕਿ ਭਾਈ ਛੰਦੜੇ ਨੇ ਵਹਿਸ਼ੀ ਪੁਲੀਸ ਅਫ਼ਸਰਾਂ ਨੂੰ ਲਲਕਾਰਦਿਆਂ ਚੈਲੰਜ ਕੀਤਾ ਸੀ ਕਿ "ਇੱਕ ਨਹੀਂ, ੭੫ ਅਸਾਲਟਾਂ ਨੇ ਤੇ ਹੈਗੀਆਂ ਵੀ ਲੁਧਿਆਣੇ ਵਿੱਚ, ਜੇ ਤੁਹਾਡੇ 'ਚ ਦਮ ਹੈ ਤਾਂ ਇੱਕ ਵੀ ਬਰਾਮਦ ਕਰਕੇ ਵਿਖਾਉ।"

ਹਲਕਾਏ ਹੋਏ ਪੁਲੀਸ ਅਫ਼ਸਰਾਂ ਨੇ ਗਰਮ ਪ੍ਰੈੱਸਾਂ ਲਾ-ਲਾ ਕੇ ਉਸ ਦਾ ਮਾਸ ਸਾੜ ਦਿੱਤਾ, ਲੱਤਾਂ ਅੱਧ 'ਚੋਂ ਅਲੱਗ ਕਰ ਦਿੱਤੀਆਂ, ਗਰਮ ਸਲਾਖਾਂ ਨਾਲ ਉਸ ਦੀਆਂ ਅੱਖਾਂ ਕੱਢ ਦਿੱਤੀਆਂ ਪਰ ਉਸ ਦੀ ਛਾਤੀ ਅੰਦਰਲਾ ਇੱਕ ਵੀ ਭੇਤ ਬਾਹਰ ਨਾ ਕੱਢ ਸਕੇ। ਪੁਲੀਸ ਦਾ ਇਹ ਵਹਿਸ਼ੀ ਤਸ਼ੱਦਦ ਸਹਾਰਦਾ ਇਹ ਸੂਰਮਾ ਮਿਤੀ 12 ਜੂਨ 1992 ਦੀ ਸਵੇਰ ਤਕ ਸ਼ਹਾਦਤ ਦਾ ਜਾਮ ਪੀ ਗਿਆ। ਇਹ ਖ਼ਬਰ ਮਿਲਦਿਆਂ ਹੀ ਲੋਕਾਂ ਦਾ ਹਜੂਮ ਇਕੱਠਾ ਹੋ ਕੇ ਸੀ.ਆਈ.ਏ. ਸਟਾਫ਼ ਵੱਲ ਧਾਅ ਪਿਆ ਤੇ ਪੂਰਾ ਦਬਾਅ ਪਾ ਕੇ ਭਾਈ ਛੰਦੜੇ ਦੀ ਮਿਰਤਕ ਦੇਹ ਹਾਸਲ ਕਰ ਕੇ ਪੁਲੀਸ ਦੇ ਲਾਸ਼ਾਂ ਚੋਰੀ ਛਿਪੇ ਸਾੜਨ ਦੇ ਮਨਸੂਬੇ ਨਾਕਾਮ ਕਰ ਦਿੱਤੇ। ਸ਼ਹੀਦ ਦੀ ਦੇਹ ਉਸ ਉੱਪਰ ਹੋਏ ਜਬਰ ਦੀ ਕਹਾਣੀ ਕਹਿ ਰਹੀ ਸੀ।

ਸ਼ਹੀਦ ਭਾਈ ਛੰਦੜੇ ਦੀ ਪਤਨੀ ਨੂੰ ਵੀ ਪੁਲੀਸ ਨੇ ਉਸ ਦੀ ਮਾਤਾ ਸਮੇਤ ਚੁੱਕ ਲਿਆ, ਜਿਸ ਦੀ ਕੋਈ ਉਘ-ਸੁੱਘ ਨਹੀਂ ਨਿਕਲੀ। ਭਾਈ ਸੁਖਵਿੰਦਰ ਸਿੰਘ ਸੰਘੇ ਦੇ ਛੋਟੇ ਭਰਾ ਨੂੰ ਵੀ ਕੁਝ ਹੋਰ ਵੀਰਾਂ ਸਮੇਤ ਉਸ ਦੇ ਭੋਗ ਤੋਂ ਚੁੱਕ ਕੇ ਖਪਾ ਦਿੱਤਾ ਗਿਆ ਸੀ।

ਸ਼ਹੀਦ ਦੀ ਡੁੱਲ੍ਹੀ ਰੱਤ ਵੱਲ ਵੇਖ ਕੇ ਦੁਸ਼ਮਣ ਚਾਂਘੀਆਂ ਪਾ ਰਹੇ ਸਨ; ਸਿੱਖ ਸੰਗਤ ਹੰਝੂ ਵਹਾ ਰਹੀ ਸੀ, ਪਰ ਸ਼ਹੀਦ ਦੀ ਚਿਖਾ ਦੀਆਂ ਲਾਟਾਂ ਜਿਵੇਂ ਮੁਸਕਰਾਉਂਦੀਆਂ ਹੋਈਆਂ ਇਹ ਨਿਰਣਾ ਕਰ ਰਹੀਆਂ ਸਨ ਕਿ:

ਚਾੜ੍ਹੂਗਾ ਕੋਈ ਰੰਗ ਅਨੋਖਾ,
ਜਜ਼ਬਾ ਇਹ ਕੁਰਬਾਨੀ ਦਾ।
ਲਾਲ ਹਨੇਰੀ ਬਣ ਕੇ ਝੁੱਲੂ,
ਡੁੱਲ੍ਹਿਆ ਖ਼ੂਨ ਜਵਾਨੀ ਦਾ।

* * * * *

ਭਾਈ ਰਛਪਾਲ ਸਿੰਘ ਛੰਦੜੇ ਦਾ ਨੇੜਲਾ ਸਾਥੀ

ਸ਼ਹੀਦ ਭਾਈ ਜਗਦੀਸ਼ ਸਿੰਘ ਦੀਸ਼ਾ

ਸਿੱਖ ਕੌਮ ਦੀ ਨਸਲਕੁਸ਼ੀ ਦੇ ਵਿਰੁੱਧ ਜੂਝ ਕੇ ਸ਼ਹੀਦ ਹੋਣ ਵਾਲੇ ਸੂਰਮਿਆਂ ਦੀ ਲਿਸਟ ਵਿੱਚ ਭਾਈ ਜਗਦੀਸ਼ ਸਿੰਘ ਦੀਸ਼ਾ ਦਾ ਨਾਂ ਵੀ ਆਉਂਦਾ ਹੈ। ਜ਼ਿਲ੍ਹਾ ਹੁਸ਼ਿਆਰਪੁਰ ਦੀ ਦਸੂਹਾ ਤਹਿਸੀਲ ਦੇ ਅਧੀਨ ਆਉਂਦੇ ਪਿੰਡ ਜਹੂਰਾ ਵਿਖੇ ਕਿਰਤੀ ਸਿੱਖ ਪਰਿਵਾਰ ਦੇ ਸ. ਗੁਰਭੇਜ ਸਿੰਘ ਤੇ ਬੀਬੀ ਹਰਭਜਨ ਕੌਰ ਜੀ ਦੇ ਚਾਰ ਬੱਚੇ ਸਨ- ਜਗਦੀਸ਼ ਸਿੰਘ, ਮਲਕੀਤ ਕੌਰ, ਮਨਜੀਤ ਕੌਰ ਅਤੇ ਕੰਵਲਜੀਤ ਸਿੰਘ। ਇਹਨਾਂ 'ਚੋਂ ਸਭ ਤੋਂ ਵੱਡੇ ਜਗਦੀਸ਼ ਸਿੰਘ ਦਾ ਜਨਮ 10 ਅਕਤੂਬਰ 1968 ਨੂੰ ਹੋਇਆ।

ਜਗਦੀਸ਼ ਸਿੰਘ ਆਪਣੇ ਨਾਨਕੇ ਪਿੰਡ ਨੂਰਦੀ (ਹੁਣ ਜ਼ਿਲ੍ਹਾ ਤਰਨ ਤਾਰਨ) ਵਿੱਚ ਹੀ ਵਧੇਰੇ ਰਿਹਾ। ਓਥੇ ਉਸ ਨੇ ਪੰਜਵੀਂ ਕਲਾਸ ਤਕ ਪੜ੍ਹਾਈ ਯੂਨੀਵਰਸਲ ਮਿਡਲ ਸਕੂਲ ਝਬਾਲ ਵਿਖੇ ਕੀਤੀ। ਫਿਰ ਦਸਵੀਂ ਤਕ ਪੜ੍ਹਾਈ ਠਰੂ ਪਿੰਡ ਤੋਂ ਕੀਤੀ ਅਤੇ ਫਿਰ ਤਰਨ ਤਾਰਨ ਖ਼ਾਲਸਾ ਕਾਲਜ ਵਿਖੇ ਦਾਖ਼ਲਾ ਲੈ ਲਿਆ। ਓਥੇ ਬਾਰ੍ਹਵੀਂ ਤਕ ਪੜ੍ਹਾਈ ਕਰਨ ਤੋਂ ਬਾਅਦ ਭਾਈ ਜਗਦੀਸ਼ ਸਿੰਘ ਆਪਣੇ ਪਿੰਡ ਜ਼ਹੂਰਾ ਚਲੇ ਗਏ ਤੇ ਖੇਤੀਬਾੜੀ ਕਰਨ ਲੱਗ ਪਏ। ਇਹਨੀ ਦਿਨੀਂ ਪੰਜਾਬ ਦੇ ਅੰਦਰ ਹਿੰਦੂਸ਼ਾਹੀ ਦੇ ਵਿਰੁੱਧ ਸਿੱਖ ਸੰਘਰਸ਼ ਜ਼ੋਰ ਫੜ ਰਿਹਾ ਸੀ। ਭਾਈ ਜਗਦੀਸ਼ ਸਿੰਘ ਦੀਸ਼ਾ ਇੱਕ ਦਿਨ ਤਰਨ ਤਾਰਨ ਆਪਣੇ ਨਾਨਕੇ ਪਿੰਡ ਵਿਖੇ ਆਏ ਤੇ ਕੁਝ ਦੋਸਤਾਂ ਦੇ ਨਾਲ ਸ੍ਰੀ ਅੰਮ੍ਰਿਤਸਰ ਦਰਬਾਰ ਸਾਹਿਬ ਜਾ ਕੇ ਸਿੱਖ ਸਟੂਡੈਂਟਸ ਫ਼ੈਡਰੇਸ਼ਨ ਵਿੱਚ ਭਰਤੀ ਹੋ ਗਏ।

ਇਸ ਤੋਂ ਬਾਅਦ ਆਪ ਨੂੰ ਖ਼ਬਰ ਮਿਲੀ ਕਿ ਪੁਲੀਸ ਨੇ ਆਪ ਦੇ ਦੋਸਤ ਨਵਦੀਪ ਸਿੰਘ ਕੈਰੋਂਵਾਲ਼ ਨੂੰ ਚੁੱਕ ਕੇ ਸ਼ਹੀਦ ਕਰ ਦਿੱਤਾ ਹੈ। ਇਹ ਆਪ ਦੇ ਲਈ ਇੱਕ ਵੱਡੀ ਸੱਟ ਸੀ। ਆਪ ਨੇ ਘਰ-ਬਾਰ ਛੱਡ ਦਿੱਤਾ ਅਤੇ ਰੂਪੋਸ਼ ਹੋ ਗਏ। ਕੁਝ ਸਮੇਂ ਬਾਅਦ ਆਪ ਹਥਿਆਰ ਚਲਾਉਣ ਦੀ ਟਰੇਨਿੰਗ ਹਾਸਲ ਕਰ ਕੇ ਵਾਪਸ ਪਰਤ ਆਏ, ਪਰ ਪੁਲੀਸ ਨੇ ਘਰ ਛਾਪੇ ਮਾਰਨੇ ਅਰੰਭ ਕਰ ਦਿੱਤੇ ਸਨ। 1987 ਵਿੱਚ ਆਪ ਭਾਈ ਸੁਖਵਿੰਦਰ ਸਿੰਘ ਸੰਘਾ ਗਰੁੱਪ ਦੇ ਵਿੱਚ ਸ਼ਾਮਲ ਹੋ ਗਏ।

ਆਪ ਦੀਆਂ ਸਰਗਰਮੀਆਂ ਸ਼ੁਰੂਆਤ ਵਿੱਚ ਤਰਨ ਤਾਰਨ ਅਤੇ ਹੁਸ਼ਿਆਰਪੁਰ ਵਿੱਚ ਕੇਂਦਰਿਤ ਰਹੀਆਂ। ਭਾਈ ਸਤਵੰਤ ਸਿੰਘ ਤੇ ਭਾਈ ਕਿਹਰ ਸਿੰਘ ਵੱਲੋਂ ਫਾਂਸੀ ਦੇ ਰੱਸੇ ਚੁੰਮਣ

ਤੋਂ ਬਾਅਦ ਹੁਸ਼ਿਆਰਪੁਰ ਵਿੱਚ ਲੱਡੂ ਵੰਡਣ ਵਾਲੇ ਸ਼ਿਵ ਸੈਨੀਆਂ ਦੀ ਸੁਧਾਈ ਤੋਂ ਬਾਅਦ ਆਪ ਦੇ ਪਰਿਵਾਰ ਨੂੰ ਅੰਤਾਂ ਦਾ ਤਸ਼ੱਦਦ ਝੱਲਣਾ ਪਿਆ। ਆਪ ਦੇ ਪਿਤਾ ਜੀ ਨੂੰ ਗ੍ਰਿਫਤਾਰ ਕਰ ਕੇ ਝੂਠੇ ਕੇਸਾਂ ਤਹਿਤ ਡੇਢ ਸਾਲ ਨਾਭਾ ਸਕਿਓਰਟੀ ਜੇਲ੍ਹ ਵਿੱਚ ਰੱਖਿਆ ਗਿਆ।

ਭਾਈ ਸੁਖਵਿੰਦਰ ਸਿੰਘ ਸੰਘਾ ਦੀ ਸ਼ਹੀਦੀ ਤੋਂ ਬਾਅਦ ਆਪ ਭਾਈ ਰਛਪਾਲ ਸਿੰਘ ਛੰਦੜਾ ਦੇ ਨਾਲ ਰਹਿਣ ਲੱਗੇ। ਆਪ ਨੇ ਲੁਧਿਆਣੇ ਵਿੱਚ ਵੀ ਕਈ ਦੁਸ਼ਟਾਂ ਦੀ ਸੁਧਾਈ ਕੀਤੀ। ਲੋਕਾਂ ਦੇ ਜੰਗਲ ਵਿੱਚ ਲੁਕਣ ਦੀ ਭਾਈ ਛੰਦੜਾ ਤੇ ਭਾਈ ਦੀਸ਼ਾ ਦੀ ਕਲਾ ਕਮਾਲ ਦੀ ਸੀ। ਆਪ ਜ਼ਿਆਦਾਤਰ ਸਾਈਕਲ ਉੱਪਰ ਹੀ ਵਿਚਰਦੇ ਸਨ, ਜਿਸ ਕਾਰਨ ਕੋਈ ਸ਼ੱਕ ਨਹੀਂ ਸੀ ਕਰਦਾ। ਆਮ ਤੌਰ 'ਤੇ ਆਪ ਫ਼ੈਕਟਰੀ ਦੇ ਕਾਰੀਗਰਾਂ ਦੇ ਭੇਸ ਵਿੱਚ ਹੀ ਰਹਿੰਦੇ ਸਨ। 1992 ਦੇ ਵਿੱਚ ਪੰਜਾਬ 'ਚ ਬੁੱਚੜ ਬੇਅੰਤੇ ਦੀ ਸਰਕਾਰ ਬਣਨ ਤੋਂ ਬਾਅਦ ਜਦੋਂ ਪੰਜਾਬ ਦੇ ਚੱਪੇ-ਚੱਪੇ 'ਤੇ ਫ਼ੌਜ ਅਤੇ ਹੋਰ ਫ਼ੋਰਸਾਂ ਹਰਲ-ਹਰਲ ਕਰਦੀਆਂ ਫਿਰ ਰਹੀਆਂ ਸਨ, ਤਾਂ ਓਦੋਂ ਵੀ ਆਪ ਲੁਧਿਆਣੇ ਸ਼ਹਿਰ ਵਿੱਚ ਕਾਮਿਆਂ ਦੇ ਭੇਸ ਵਿੱਚ ਵਿਚਰਦੇ ਰਹੇ।

ਪਰ ਹਥਿਆਰਬੰਦ ਸੰਘਰਸ਼ਾਂ ਦੇ ਵਿੱਚ ਹਕੂਮਤਾਂ ਦੀ ਟੇਕ ਘਰ ਦੇ ਭੇਤੀਆਂ 'ਤੇ ਹੁੰਦੀ ਹੈ। ਆਪ ਦੀ ਜਥੇਬੰਦੀ ਦਾ ਇੱਕ ਸਿੰਘ ਪੁਲੀਸ ਨੇ ਗ੍ਰਿਫ਼ਤਾਰ ਕਰ ਲਿਆ ਤਾਂ ਟਾਰਚਰ ਹੋਣ ਤੋਂ ਬਾਅਦ ਉਹ ਪੁਲੀਸ ਕੋਲ ਭਾਈ ਛੰਦੜੇ ਤੇ ਦੀਸ਼ੇ ਨੂੰ ਫੜਾਉਣ ਲਈ ਤਿਆਰ ਹੋ ਗਿਆ।

ਮਿਤੀ 12 ਜੂਨ 1992 ਨੂੰ ਭਾਈ ਰਛਪਾਲ ਸਿੰਘ ਛੰਦੜਾ ਤੇ ਭਾਈ ਜਗਦੀਸ਼ ਸਿੰਘ ਦੀਸ਼ਾ ਇੱਕ ਸਾਈਕਲ 'ਤੇ ਸਵਾਰ ਹੋ ਕੇ ਲੁਧਿਆਣੇ ਗਿੱਲਾਂ ਵਾਲੇ ਪੁਲ ਦੇ ਕੋਲੋਂ ਦੁਗਰੀ ਵੱਲ ਨੂੰ ਜਾ ਰਹੇ ਸਨ। ਆਪ ਨੇ ਗੰਨੇ ਦੇ ਰਸ ਦੀ ਇੱਕ ਰੇੜ੍ਹੀ 'ਤੇ ਖਲੋ ਕੇ ਰਸ ਪੀਤਾ। ਆਪ ਇਸ ਗੱਲ ਤੋਂ ਬੇਖ਼ਬਰ ਸਨ ਕਿ ਨੇੜੇ ਹੀ ਪੁਲੀਸ ਦੀ ਕਾਲੇ ਸ਼ੀਸ਼ਿਆਂ ਵਾਲੀ ਗੱਡੀ 'ਚ ਬੈਠਾ ਆਪ ਦਾ ਇੱਕ ਪੁਰਾਣਾ ਸਾਥੀ ਆਪ ਦੀ ਸ਼ਨਾਖ਼ਤ ਕਰ ਚੁੱਕਾ ਹੈ ਤੇ ਦੂਸਰਾ ਇਹ ਕਿ ਆਪ ਦੇ ਨਾਲ ਹੀ ਸਿਵਲ ਕੱਪੜਿਆਂ 'ਚ ਰੇੜ੍ਹੀ 'ਤੇ ਖਲੋ ਕੇ ਗੰਨੇ ਦਾ ਰਸ ਪੀ ਰਿਹਾ ਬੰਦਾ ਵੀ ਇੱਕ ਪੁਲਸੀਆ ਹੀ ਹੈ।

ਰਸ ਪੀਣ ਤੋਂ ਬਾਅਦ ਭਾਈ ਰਛਪਾਲ ਸਿੰਘ ਛੰਦੜਾ ਤੇ ਭਾਈ ਜਗਦੀਸ਼ ਸਿੰਘ ਸਾਈਕਲ 'ਤੇ ਸਵਾਰ ਹੋ ਕੇ ਦੁਗਰੀ ਵੱਲ ਨੂੰ ਚੱਲ ਪਏ। ਭਾਈ ਛੰਦੜਾ ਸਾਈਕਲ ਚਲਾ ਰਹੇ ਸਨ, ਜਦਕਿ ਭਾਈ ਦੀਸ਼ਾ ਪਿੱਛੇ ਬੈਠੇ ਸਨ। ਰਸ ਪੀਣ ਵਾਲੇ ਪੁਲਸੀਏ ਨੇ ਇਸ਼ਾਰਾ ਕੀਤਾ। ਪੁਲੀਸ ਵਾਲਿਆਂ ਨੇ ਪਿੱਛੋਂ ਗੱਡੀ ਲਿਆ ਕੇ ਪੂਰੇ ਜ਼ੋਰ ਨਾਲ ਸਾਈਕਲ ਵਿੱਚ ਮਾਰੀ ਤੇ ਦੋਵੇਂ ਸਿੰਘ ਉੱਛਲ ਕੇ ਦੂਰ ਡਿੱਗ ਪਏ। ਭਾਈ ਛੰਦੜਾ ਵਧੇਰੇ ਜ਼ਖ਼ਮੀ ਹੋ ਜਾਣ ਕਾਰਨ ਮੌਕੇ 'ਤੇ ਹੀ ਪੁਲੀਸ ਵੱਲੋਂ ਕਾਬੂ ਕਰ ਲਏ, ਜਦਕਿ ਭਾਈ ਜਗਦੀਸ਼ ਸਿੰਘ ਦੀਸ਼ਾ ਭੱਜ ਨਿਕਲੇ। ਇਸ ਮੌਕੇ ਪੁਲੀਸ ਦੇ ਇੱਕ ਟੂਕੜਬੋਚ ਨੇ ਭਾਈ ਦੀਸ਼ੇ ਨੂੰ ਜੱਫਾ ਮਾਰ ਲਿਆ। ਦੂਜੇ ਪੁਲਸੀਏ ਵੀ ਸਿਰ 'ਤੇ ਆ ਪਹੁੰਚੇ। ਹੁਣ ਹੋਰ ਕੋਈ ਰਾਹ ਨਾ ਵੇਖ ਕੇ ਭਾਈ ਜਗਦੀਸ਼ ਸਿੰਘ ਦੀਸ਼ਾ ਨੇ ਸਾਇਆਨਾਈਡ ਚੱਬ ਲਈ ਤੇ ਜਿਉਂਦੇ ਜੀਅ ਪੁਲੀਸ ਦੇ ਹੱਥ ਨਾ ਆਏ। ਭਾਈ ਰਛਪਾਲ ਸਿੰਘ ਛੰਦੜਾ ਪੁਲੀਸ ਦਾ ਅਥਾਹ ਤਸ਼ੱਦਦ ਸਿਦਕਦਿਲੀ ਨਾਲ ਝੱਲਦੇ ਹੋਏ ਸ਼ਹੀਦ ਹੋ ਗਏ।

ਦੋਹਾਂ ਸੂਰਮਿਆਂ ਦੀ ਸ਼ਹਾਦਤ ਦੀ ਖ਼ਬਰ ਅਖ਼ਬਾਰਾਂ ਵਿੱਚ ਛਪਦਿਆਂ ਹੀ ਸਿੱਖ ਸੰਗਤਾਂ

ਨੇ ਸੜਕਾਂ 'ਤੇ ਜਾਮ ਲਾ ਦਿੱਤਾ ਤੇ ਸ਼ਹੀਦਾਂ ਦੇ ਸਰੀਰ ਮੰਗੇ। ਅਖੀਰ ਹਾਰ ਕੇ ਪੁਲੀਸ ਨੇ ਭਾਈ ਰਛਪਾਲ ਸਿੰਘ ਛੰਦੜਾ ਦੀ ਲਾਸ਼ ਸਿੱਖ ਸੰਗਤਾਂ ਨੂੰ ਦੇ ਦਿੱਤੀ, ਪਰ ਭਾਈ ਜਗਦੀਸ਼ ਸਿੰਘ ਦੀਸ਼ਾ ਦਾ ਸਸਕਾਰ ਪੁਲੀਸ ਨੇ ਆਪ ਹੀ ਕੀਤਾ।

ਭਾਈ ਜਗਦੀਸ਼ ਸਿੰਘ ਦੀਸ਼ਾ ਦੀ ਸ਼ਹਾਦਤ ਤੋਂ ਬਾਅਦ ਵੀ ਪੁਲੀਸ ਦਾ ਆਪ ਦੇ ਪਰਿਵਾਰ 'ਤੇ ਤਸ਼ੱਦਦ ਜਾਰੀ ਰਿਹਾ। ਆਪ ਦੀ ਸ਼ਹਾਦਤ ਤੋਂ ਇੱਕ ਸਾਲ ਬਾਅਦ 31 ਜੂਨ 1993 ਨੂੰ ਝਬਾਲ ਦਾ ਐਸ.ਐਚ.ਓ. ਸੁਰਿੰਦਰਪਾਲ ਆਪ ਦੇ ਛੋਟੇ ਭਰਾ ਕੰਵਲਜੀਤ ਸਿੰਘ ਨੂੰ ਚੁੱਕ ਕੇ ਲੈ ਗਿਆ। ਕੰਵਲਜੀਤ ਸਿੰਘ ਦੇ ਨਾਲ 7 ਹੋਰ ਨੌਜਵਾਨ ਵੀ ਚੁੱਕੇ ਗਏ ਸਨ, ਜਿਨ੍ਹਾਂ 'ਚੋਂ ਕਈਆਂ ਨੂੰ ਪੈਸੇ ਲੈ ਕੇ ਛੱਡ ਦਿੱਤਾ ਗਿਆ, ਪਰ ਕੰਵਲਜੀਤ ਸਿੰਘ ਦੀ ਕੋਈ ਉੱਘ-ਸੁੱਘ ਨਾ ਨਿਕਲੀ। ਪਰਿਵਾਰ ਵਿਚਲੇ ਇਸ ਦੂਜੇ ਨੌਜਵਾਨ ਦੀ ਭਾਲ ਲਈ ਪਰਿਵਾਰ ਨੇ ਕਾਫ਼ੀ ਭੱਜ-ਨੱਠ ਕੀਤੀ, ਪਰ ਕੋਈ ਪਤਾ ਨਾ ਲੱਗਾ। ਫਿਰ ਇੱਕ ਹੌਲਦਾਰ ਨੇ ਦੱਸਿਆ ਕਿ ਮਿਤੀ 7 ਜੁਲਾਈ 1993 ਨੂੰ ਕੰਵਲਜੀਤ ਸਿੰਘ ਅਤੇ ਠਰੂ ਪਿੰਡ ਦੇ ਇੱਕ ਨੌਜਵਾਨ ਸੁਰਜੀਤ ਸਿੰਘ ਨੂੰ ਮਾਰ ਦਿੱਤਾ ਗਿਆ ਸੀ। ਇਸ ਤਰ੍ਹਾਂ ਇਸ ਗੁਰਮੁਖ ਪਰਿਵਾਰ ਦੇ ਦੋਵੇਂ ਨੌਜਵਾਨ ਆਪਣੀਆਂ ਦੋ ਭੈਣਾਂ ਤੇ ਮਾਤਾ-ਪਿਤਾ ਨੂੰ ਛੱਡ ਕੇ ਕੌਮ ਤੋਂ ਕੁਰਬਾਨ ਹੋ ਗਏ।

* * * * *

ਇੱਕ ਸਿਰੜੀ ਯੋਧਾ

ਸ਼ਹੀਦ ਭਾਈ ਇੰਦਰਜੀਤ ਸਿੰਘ ਸਖੀਰਾ

ਸਿੱਖ ਕੌਮ ਦੀ ਅਜ਼ਾਦੀ ਦੇ ਮੌਜੂਦਾ ਸੰਘਰਸ਼ ਵਿਚ ਦਿੱਲੀ ਦੇ ਕਿੰਗਰੇ ਢਾਹੁਣ ਅਤੇ ਜੂਝ ਕੇ ਸ਼ਹੀਦ ਹੋਣ ਵਾਲ਼ੇ ਸੂਰਮਿਆਂ 'ਚ ਇੱਕ ਨਾਂ ਭਾਈ ਇੰਦਰਜੀਤ ਸਿੰਘ ਸਖੀਰਾ ਦਾ ਵੀ ਹੈ।

ਚਾਰ ਭੈਣਾਂ ਦੇ ਇੱਕੋ-ਇੱਕ ਭਰਾ ਭਾਈ ਇੰਦਰਜੀਤ ਸਿੰਘ ਸਖੀਰਾ ਦਾ ਜਨਮ ਮਾਤਾ ਮਹਿੰਦਰ ਕੌਰ ਦੀ ਕੁੱਖੋਂ ਪਿਤਾ ਸ. ਗੁਰਨਾਮ ਸਿੰਘ ਦੇ ਗ੍ਰਹਿ ਪਿੰਡ ਸਖੀਰਾ ਜ਼ਿਲ੍ਹਾ ਤਰਨ ਤਾਰਨ ਵਿਚ 13 ਮਾਰਚ 1972 ਨੂੰ ਹੋਇਆ। ਆਪ ਦੇ ਪਿੰਡ ਦਾ ਗੱਭਰੂ ਭਾਈ ਸੁਖਦੇਵ ਸਿੰਘ ਸਖੀਰਾ ਸੰਤ ਜਰਨੈਲ ਸਿੰਘ ਹੋਰਾਂ ਦੇ ਨੇੜੇ ਸੀ; ਉਹ ਜਦੋਂ ਆਪਣੇ ਪਿੰਡ ਵਿੱਚੋਂ ਸੰਗਤ ਨੂੰ ਸ੍ਰੀ ਦਰਬਾਰ ਸਾਹਿਬ ਲੈ ਕੇ ਗਿਆ ਤਾਂ ਉਸ ਵਿਚ 11 ਕੁ ਸਾਲ ਦਾ ਇੰਦਰਜੀਤ ਸਿੰਘ ਵੀ ਸ਼ਾਮਲ ਸੀ। ਓਦੋਂ ਭਾਈ ਸੁਖਦੇਵ ਸਿੰਘ ਸਖੀਰਾ ਦੀ ਸੰਗਤ ਵਿਚ ਰਹਿੰਦਿਆਂ ਹੀ ਆਪ ਨੇ ਅੰਮ੍ਰਿਤਪਾਨ ਕੀਤਾ।

ਜੂਨ 1984 ਵਿਚ ਜਦੋਂ ਭਾਰਤੀ ਫ਼ੌਜ ਨੇ ਸ੍ਰੀ ਦਰਬਾਰ ਸਾਹਿਬ 'ਤੇ ਹਮਲਾ ਕੀਤਾ ਤਾਂ ਭਾਈ ਇੰਦਰਜੀਤ ਸਿੰਘ ਦੀ ਉਮਰ 12 ਕੁ ਸਾਲ ਦੀ ਹੀ ਸੀ, ਫਿਰ ਵੀ ਇਸ ਹਮਲੇ ਦੇ ਪ੍ਰਤੀਕਰਮ 'ਚੋਂ ਉਪਜੀ ਸਿੱਖ ਜੁਝਾਰੂ ਲਹਿਰ ਨਾਲ ਆਪ ਦੀ ਨੇੜਤਾ ਛੋਟੀ ਉਮਰੇ ਹੀ ਬਣ ਗਈ। ਆਪ ਆਪਣੇ ਪਿੰਡ 'ਚੋਂ ਹੋਰ ਹਾਣੀ ਗੱਭਰੂਆਂ ਦੇ ਨਾਲ਼ ਗੁਪਤ ਰੂਪ 'ਚ ਜੁਝਾਰੂ ਲਹਿਰ 'ਚ ਸੇਵਾ ਕਰਨ ਲੱਗ ਪਏ। ਇਸੇ ਸੇਵਾ ਦੌਰਾਨ ਆਪ ਨੇ ਆਪਣੇ ਪਿੰਡ ਦੇ ਸਕੂਲ 'ਚੋਂ ਬਾਰ੍ਹਵੀਂ ਕਲਾਸ ਤਕ ਪੜ੍ਹਾਈ ਕੀਤੀ।

ਆਪ ਦੀਆਂ ਜੁਝਾਰੂ ਸਰਗਰਮੀਆਂ ਬਾਰੇ ਕੁਝ ਸਮੇਂ ਬਾਅਦ ਪੁਲੀਸ ਨੂੰ ਸੂਹ ਮਿਲ ਗਈ ਅਤੇ ਪੁਲੀਸ ਨੇ ਸਖੀਰਾ ਪਿੰਡ 'ਚ ਰਾਤ ਸਮੇਂ ਛਾਪੇ ਮਾਰ ਕੇ ਹੋਰ ਕਈ ਨੌਜਵਾਨਾਂ ਸਮੇਤ ਇੰਦਰਜੀਤ ਸਿੰਘ ਨੂੰ ਵੀ ਚੁੱਕ ਲਿਆ ਅਤੇ ਸਦਰ ਥਾਣਾ ਤਰਨ-ਤਾਰਨ ਲੈ ਗਏ। ਓਦੋਂ ਆਪ ਦੇ ਮਾਮਾ ਜੀ, ਜੋ ਕਿ ਫ਼ੌਜ ਵਿੱਚ ਕਰਨਲ ਸਨ, ਨੇ ਆਪਣੀ ਜ਼ਾਮਨੀ 'ਤੇ ਭਾਈ ਇੰਦਰਜੀਤ ਸਿੰਘ ਨੂੰ ਛੁਡਾ ਲਿਆਂਦਾ।

ਇਸ ਤੋਂ ਬਾਅਦ ਭਾਈ ਇੰਦਰਜੀਤ ਸਿੰਘ ਸਖੀਰਾ ਪਰਿਵਾਰ ਨੂੰ ਕਹਿ ਕੇ ਭਾਈ ਜਗਤਾਰ ਸਿੰਘ ਕਾਰ ਸੇਵਾ ਵਾਲ਼ਿਆਂ ਦੇ ਜਥੇ 'ਚ ਸੇਵਾ ਕਰਨ ਲਈ ਚਲੇ ਗਏ। ਆਪ ਨੇ ਓਥੇ 4-5 ਮਹੀਨੇ ਸੇਵਾ ਕੀਤੀ ਤੇ ਫਿਰ ਰੂਪੋਸ਼ ਹੋ ਗਏ।

ਆਪ ਦੀ ਰੂਪੋਸ਼ੀ ਤੋਂ ਬਾਅਦ ਪੁਲੀਸ ਆਪ ਦੇ ਪਰਿਵਾਰ ਨੂੰ ਤੰਗ ਕਰਨ ਲੱਗ ਪਈ। ਐੱਸ.ਪੀ. ਆਪਰੇਸ਼ਨ ਖ਼ੂਬੀ ਰਾਮ ਆਪ ਦੇ ਪਿਤਾ ਨੂੰ ਬੜੀ ਮਿੱਠੀ ਜ਼ਬਾਨ 'ਚ ਕਹਿੰਦਾ ਰਿਹਾ:

"ਮੈਂ ਕਹਿਤਾ ਹੂੰ ਵੋਹ ਚਾਰ ਬਹਨੋਂ ਕਾ ਅਕੇਲਾ ਭਾਈ ਹੈ....ਉਸੇ ਇਧਰ ਨਹੀਂ ਆਨਾ ਚਾਹੀਏ...ਉਸੇ ਵਾਪਸ ਲੇ ਆਓ....।"

ਪਰ ਆਪ ਦੇ ਪਿਤਾ ਨੇ ਸਪਸ਼ਟ ਦੱਸ ਦਿਤਾ ਕਿ ਸਾਡੇ ਨਾਲ ਉਸ ਦਾ ਹੁਣ ਕੋਈ ਮੇਲ-ਜੋਲ ਹੀ ਨਹੀਂ ਹੈ। ਫਿਰ ਜਦੋਂ ਖ਼ੂਬੀ ਰਾਮ ਨੂੰ ਪਤਾ ਲੱਗਾ ਕਿ ਭਾਈ ਅਵਤਾਰ ਸਿੰਘ ਬ੍ਰਹਮਾ ਅਤੇ ਭਾਈ ਸੁਖਵਿੰਦਰ ਸਿੰਘ ਸੰਘਾ ਵਰਗੇ ਸਿੰਘਾਂ ਦੇ ਪਰਿਵਾਰਾਂ ਦੀਆਂ ਇਸ ਪਰਿਵਾਰ ਨਾਲ ਦੂਰ ਦੀਆਂ ਰਿਸ਼ਤੇਦਾਰੀਆਂ ਵੀ ਹਨ ਤੇ ਖ਼ੂਬੀ ਰਾਮ ਕਹਿਣ ਲੱਗਾ:

"ਅਗਰ ਵੋਹ ਪੱਕਾ ਖਾੜਕੂ ਹੂਆ ਤੋ ਫਿਰ ਵਾਪਸ ਨਹੀਂ ਆਏਗਾ....।"

ਜੁਝਾਰੂ ਜਥੇਬੰਦੀ ਬੱਬਰ ਖ਼ਾਲਸਾ ਵਿੱਚ ਵਿਚਰਦੇ ਹੋਏ ਆਪ ਜੀ ਦਾ ਅਨੰਦ ਕਾਰਜ ਮੁੰਡਾ ਪਿੰਡ ਦੇ ਸ. ਹਰਭਜਨ ਸਿੰਘ ਦੀ ਸਪੁੱਤਰੀ ਬੀਬੀ ਪਰਮਜੀਤ ਕੌਰ ਦੇ ਨਾਲ ਸੰਨ 1990 ਵਿੱਚ ਹੋਇਆ। ਬੀਬੀ ਪਰਮਜੀਤ ਕੌਰ ਦੀ ਦੂਜੀ ਭੈਣ ਸਰਬਜੀਤ ਕੌਰ ਦਾ ਅਨੰਦ ਕਾਰਜ ਵੀ ਬੱਬਰ ਖ਼ਾਲਸਾ ਦੇ ਭਾਈ ਮਾਧਾ ਸਿੰਘ ਨਾਲ ਹੋਇਆ।

ਜੁਝਾਰੂ ਸਰਗਰਮੀਆਂ ਦੌਰਾਨ ਆਪ ਨੇ ਕਈ ਵਾਰ ਪੁਲੀਸ ਅਤੇ ਫ਼ੌਜ ਦੇ ਘੇਰੇ ਤੋੜੇ। ਇੱਕ ਵਾਰ ਆਪ ਡਾਲੇਕੇ ਪਿੰਡ 'ਚੋਂ ਲੰਘਦੀ ਪੱਕੀ ਸੜਕ 'ਤੇ ਤੁਰੇ ਜਾ ਰਹੇ ਸਨ ਤੇ ਅੱਗੇ ਘਾਤ ਲਾ ਕੇ ਬੈਠੀ ਫ਼ੌਜ ਬਾਰੇ ਆਪ ਨੂੰ ਪਤਾ ਨਹੀਂ ਸੀ। ਜਦੋਂ ਆਪ ਐਨ ਕੋਲ ਜਾ ਪਹੁੰਚੇ ਤਾਂ ਫ਼ੌਜ ਨੇ ਫ਼ਾਇਰ ਖੋਲ੍ਹ ਦਿੱਤਾ ਤੇ ਮੁਕਾਬਲਾ ਅਰੰਭ ਹੋ ਗਿਆ। ਇਸ ਸਮੇਂ ਆਪ ਦੇ ਨਾਲ ਚੁਤਾਲਾ ਪਿੰਡ ਦੇ ਭਾਈ ਰਵਿੰਦਰ ਸਿੰਘ ਅਤੇ ਖਡੂਰ ਸਾਹਿਬ ਦੇ ਸੁਖਦੇਵ ਸਿੰਘ ਸਨ, ਉਹਨਾਂ ਨੇ ਆਪ ਨੂੰ ਓਥੋਂ ਕੱਢ ਦਿੱਤਾ ਤੇ ਖ਼ੁਦ ਆਖਰੀ ਗੋਲੀ ਤਕ ੪ ਘੰਟੇ ਮੁਕਾਬਲਾ ਕਰਦੇ ਰਹੇ; ਫਿਰ ਉਹ ਗ੍ਰਿਫ਼ਤਾਰ ਕਰ ਲਏ ਗਏ। ਉਹਨਾਂ ਦੇ ਜੇਲ੍ਹ ਜਾਣ ਤੋਂ ਬਾਅਦ ਆਪ ਨੇ ਉਹਨਾਂ ਨੂੰ ਛੁਡਾ ਲਿਆ।

ਸੰਨ 1991 ਵਿੱਚ ਆਪ ਅਤੇ ਭਾਈ ਮਾਧਾ ਸਿੰਘ ਕਈ ਸਿੰਘਾਂ ਦੇ ਨਾਲ ਮਹਾਰਾਸ਼ਟਰ ਸੂਬੇ 'ਚ ਇੱਕ ਵਿਸ਼ੇਸ਼ ਮਿਸ਼ਨ ਲਈ ਪਹੁੰਚੇ। ਉਹਨਾਂ ਨੇ ਓਦੋਂ ਦੇ ਕੇਂਦਰੀ ਗ੍ਰਹਿ ਮੰਤਰੀ ਐਸ.ਬੀ. ਚਵਾਨ ਦੇ ਧੀ-ਜਵਾਈ ਨੂੰ ਅਗਵਾ ਕਰਨਾ ਸੀ ਤਾਂ ਕਿ ਜੇਲ੍ਹਾਂ 'ਚ ਬੰਦ ਚੋਟੀ ਦੇ ਜੁਝਾਰੂ ਸਿੰਘ ਰਿਹਾਅ ਕਰਵਾਏ ਜਾਣ। ਓਥੇ ਸੂਹ ਮਿਲਣ 'ਤੇ ਭਾਈ ਮਾਧਾ ਸਿੰਘ ਹੋਰਾਂ ਦਾ ਗਰੁੱਪ ਨਿਹੱਥਾ ਹੀ ਗ੍ਰਿਫ਼ਤਾਰ ਕਰ ਲਿਆ ਗਿਆ। ਭਾਈ ਮਾਧਾ ਸਿੰਘ ਦੀ ਪਤਨੀ ਅਤੇ ਭਾਈ ਇੰਦਰਜੀਤ ਸਿੰਘ ਸਖੀਰਾ ਦੀ ਪਤਨੀ ਵੀ ਗ੍ਰਿਫ਼ਤਾਰ ਹੋ ਗਈਆਂ, ਪਰ ਭਾਈ ਇੰਦਰਜੀਤ ਸਿੰਘ ਸਖੀਰਾ ਪੁਲੀਸ ਦੇ ਹੱਥ ਨਾ ਆਏ ਤੇ ਬਚ ਕੇ ਪੰਜਾਬ ਪਹੁੰਚ ਗਏ।

ਇਸ ਤੋਂ ਬਾਅਦ ਆਪ ਭਾਈ ਮਾਧਾ ਸਿੰਘ ਹੋਰਾਂ ਨੂੰ ਜੇਲ੍ਹ 'ਚੋਂ ਛੁਡਾਉਣ ਲਈ ਯਤਨਸ਼ੀਲ ਹੋਏ। ਇਸ ਲਈ ਇੱਕ ਰਣਨੀਤੀ ਦੇ ਤਹਿਤ ਆਪ ਸੱਚ-ਖੰਡ ਸ੍ਰੀ ਹਜ਼ੂਰ ਸਾਹਿਬ ਨੰਦੇੜ ਪਹੁੰਚੇ। ਓਥੇ ਸੇਵਾਦਾਰ ਦੇ ਭੇਸ ਵਿੱਚ ਰਹਿ ਰਹੇ ਇੱਕ ਸੀ.ਆਈ.ਡੀ. ਵਾਲੇ ਨੇ ਆਪ ਨੂੰ ਪਛਾਣ ਕੇ ਪੁਲੀਸ ਨੂੰ ਆਪ ਦੇ ਕਮਰਾ ਨੰਬਰ ਸਮੇਤ ਸੂਚਨਾ ਦੇ ਦਿੱਤੀ। ਸਥਾਨਕ ਪੁਲੀਸ ਨੇ

ਉਕਤ ਕਮਰੇ 'ਚੋਂ ਆਪ ਨੂੰ ਗ੍ਰਿਫਤਾਰ ਕਰ ਲਿਆ ਤੇ ਨੰਦੇੜ ਸ਼ਹਿਰ ਤੋਂ ਲਾਂਭੇ ਇੱਕ ਥਾਣੇ ਵਿੱਚ ਲਿਜਾ ਕੇ ਆਪ ਤੋਂ ਪੁੱਛਗਿੱਛ ਕੀਤੀ ਜਾਣ ਲੱਗੀ।

ਆਪ ਨੇ ਇੱਕ ਜਾਣ-ਪਛਾਣ ਵਾਲ਼ੇ ਪਤੇ ਦੇ ਆਧਾਰ 'ਤੇ ਆਪਣਾ ਨਾਂ ਨਿਰਮਲ ਸਿੰਘ ਪੁੱਤਰ ਸਾਧਾ ਸਿੰਘ ਵਾਸੀ ਪਿੰਡ ਚੰਬਲ਼ ਦੱਸਿਆ। ਪੁਲੀਸ ਵਾਲ਼ੇ ਪੱਕੀ ਸੂਚਨਾ ਦੇ ਆਧਾਰ 'ਤੇ ਕਹਿ ਰਹੇ ਸਨ ਕਿ ਤੇਰਾ ਨਾਂ ਇੰਦਰਜੀਤ ਸਿੰਘ ਅਤੇ ਪਿੰਡ ਸਖੀਰਾ ਹੈ, ਪਰ ਆਪ ਇਸ ਗੱਲ ਨੂੰ ਝੁਠਲਾਉਂਦੇ ਰਹੇ। ਪੁਲੀਸ ਨੇ ਆਪ ਦੇ ਗਲ਼ ਵਿੱਚ ਸਲੇਟ ਵਗੈਰਾ ਲਟਕਾ ਕੇ ਉੱਪਰ ਨਾਂ ਲਿਖ ਕੇ ਤਸਵੀਰਾਂ ਖਿੱਚ ਲਈਆਂ। ਓਥੋਂ ਦੀ ਪੁਲੀਸ ਨੇ ਆਪ ਦੀ ਸ਼ਨਾਖ਼ਤ ਕਰਵਾਉਣ ਲਈ ਪੰਜਾਬ ਪੁਲੀਸ ਨੂੰ ਸੁਨੇਹਾ ਭੇਜ ਦਿੱਤਾ, ਪਰ ਪੰਜਾਬ ਪੁਲੀਸ ਦੇ ਮਹਾਰਾਸ਼ਟਰ ਪਹੁੰਚਣ ਤੋਂ ਪਹਿਲਾਂ ਹੀ ਆਪ ਕੋਠੜੀ ਦੇ ਰੌਸ਼ਨਦਾਨ ਦੀਆਂ ਸੀਖਾਂ ਉਖੇੜ ਕੇ ਫ਼ਰਾਰ ਹੋ ਗਏ। ਥਾਣੇ 'ਚੋਂ ਫ਼ਰਾਰ ਹੋਣ ਪਿੱਛੋਂ ਆਪ ਕਿਸੇ ਪੰਥ ਦਰਦੀ ਦੀ ਮਦਦ ਲੈ ਕੇ ਮੱਧ ਪ੍ਰਦੇਸ ਪਹੁੰਚ ਗਏ।

ਮੱਧ ਪ੍ਰਦੇਸ ਦੇ ਡਬਰਾ ਜ਼ਿਲ੍ਹੇ ਦੇ ਸ਼ਿਵਪੁਰੀ ਇਲਾਕੇ ਦੀ ਪੁਲੀਸ ਨੇ ਵੀ ਸ਼ੱਕ ਦੇ ਆਧਾਰ 'ਤੇ ਆਪ ਨੂੰ ਰੋਕ ਲਿਆ ਤੇ ਪੁੱਛਗਿੱਛ ਕੀਤੀ। ਓਥੇ ਆਪ ਨੂੰ ਟਰੱਕਾਂ ਦੀ ਏਜੰਸੀ ਵਾਲ਼ੇ ਇੱਕ ਸਰਦਾਰ ਬਾਰੇ ਵਾਕਫ਼ੀਅਤ ਸੀ, ਆਪ ਨੇ ਆਪਣੇ ਆਪ ਨੂੰ ਉਸ ਦਾ ਰਿਸ਼ਤੇਦਾਰ ਦੱਸਿਆ ਤੇ ਪੁਲੀਸ ਵਾਲ਼ਿਆਂ ਦੇ ਪੁੱਛੇ ਸਵਾਲਾਂ ਦੇ ਜਵਾਬ ਨਿਡਰਤਾ ਨਾਲ਼ ਦਿੱਤੇ, ਜਿਸ ਕਾਰਨ ਪੁਲੀਸ ਨੇ ਆਪ ਨੂੰ ਛੱਡ ਦਿੱਤਾ। ਇਸ ਤਰ੍ਹਾਂ ਆਪ ਪੰਜਾਬ ਅੱਪੜ ਗਏ।

ਸੰਨ 1992 ਵਿੱਚ ਪੁਲੀਸ ਨੇ ਜਦੋਂ ਜੁਝਾਰੂ ਸਿੰਘਾਂ ਦੇ ਪਰਿਵਾਰਾਂ ਦੀ ਹਿਟਲਰੀ ਢੰਗ ਨਾਲ਼ ਕਤਲੇਆਮ ਅਰੰਭ ਕਰ ਦਿੱਤੀ ਤਾਂ ਆਪ ਦੇ ਪਰਿਵਾਰਕ ਮੈਂਬਰ ਘਰ-ਬਾਰ ਛੱਡ ਕੇ ਆਸੇ-ਪਾਸੇ ਹੋ ਗਏ। ਪੁਲੀਸ ਨੇ ਆਪ ਦਾ ਘਰ ਢਾਹ ਦਿੱਤਾ ਤੇ ਖੇਤ ਉਜਾੜ ਦਿੱਤੇ। ਆਪ ਸਰਕਾਰ ਦੀ ਇਸ ਦਮਨਕਾਰੀ ਨੀਤੀ ਦੇ ਬਾਵਜੂਦ ਚੜ੍ਹਦੀ ਕਲਾ 'ਚ ਸੇਵਾ ਕਰਦੇ ਰਹੇ ਤੇ ਫ਼ੋਰਸਾਂ ਦੇ ਘੇਰੇ ਤੋੜ ਕੇ ਨਿਕਲ਼ ਜਾਂਦੇ ਰਹੇ।

20 ਦਸੰਬਰ 1992 ਨੂੰ ਆਪ ਬਾਬਾ ਬਕਾਲਾ ਕਿਸੇ ਘਰ ਠਹਿਰੇ ਹੋਏ ਸਨ ਕਿ ਆਪ ਦੀ ਨਾਤੇਦਾਰੀ 'ਚੋਂ ਹੀ ਇੱਕ ਬੀਬੀ ਪੁਲੀਸ ਦੇ ਦਬਾਅ 'ਚ ਆ ਕੇ ਪੁਲੀਸ ਟੋਲੀ ਨੂੰ ਉਸ ਘਰ 'ਚ ਲੈ ਗਈ, ਜਿੱਥੇ ਕਿ ਆਪ ਸੁੱਤੇ ਹੋਏ ਸਨ। ਐੱਸ.ਪੀ. ਅਪ੍ਰੇਸ਼ਨ ਖ਼ੂਬੀ ਰਾਮ ਨੇ ਉਕਤ ਔਰਤ ਨੂੰ ਹੀ ਘਰ ਦਾ ਬੂਹਾ ਖੁਲ੍ਹਵਾਉਣ ਲਈ ਕਿਹਾ। ਉਕਤ ਔਰਤ ਵੱਲੋਂ ਪੁਕਾਰੇ ਜਾਣ 'ਤੇ ਸੰਬੰਧਿਤ ਪਰਿਵਾਰ ਨੇ ਦਰਵਾਜ਼ਾ ਖੋਲ੍ਹ ਦਿੱਤਾ ਤਾਂ ਕਈ ਪੁਲੀਸ ਤੇ ਸੀ.ਆਰ.ਪੀ. ਵਾਲ਼ਿਆਂ ਨੇ ਫੁਰਤੀ ਨਾਲ਼ ਅੰਦਰ ਦਾਖ਼ਲ ਹੋ ਕੇ ਭਾਈ ਇੰਦਰਜੀਤ ਸਿੰਘ ਜੋ ਕਿ ਨਲਕੇ ਹੇਠ ਇਸ਼ਨਾਨ ਕਰ ਰਹੇ ਸਨ, ਨੂੰ ਫੜ ਲਿਆ ਤੇ ਉਸੇ ਹਾਲਤ 'ਚ ਹੀ ਬੰਨ੍ਹ ਕੇ ਗੱਡੀ 'ਚ ਸੁੱਟ ਲਿਆ।

ਹੁਣ ਆਪ ਨੂੰ ਤਰਨ ਤਾਰਨ ਸੀ.ਆਈ.ਏ. ਸਟਾਫ਼ ਲਿਜਾ ਕੇ ਆਪ ਉੱਪਰ ਕਹਿਰਾਂ ਦਾ ਤਸ਼ੱਦਦ ਕੀਤਾ ਗਿਆ, ਪਰ ਆਪ ਨੇ ਇਹ ਤਸ਼ੱਦਦ ਖਿੜੇ-ਮੱਥੇ ਸਹਾਰਿਆ। ਜਥੇਬੰਦੀ ਦੇ ਭੇਤ ਤਾਂ ਬੜੀ ਦੂਰ ਦੀ ਗੱਲ ਸੀ, 10 ਦਿਨਾਂ ਦੇ ਲਗਾਤਾਰ ਤਸ਼ੱਦਦ ਵਿੱਚ ਪੁਲੀਸ ਦੇ ਬੁੱਚੜ ਆਪ ਤੋਂ ਆਪ ਦੀਆਂ ਠਾਹਰਾਂ ਬਾਰੇ ਵੀ ਕੁਝ ਨਾ ਪੁੱਛ ਸਕੇ। ਅਖੀਰ ਪੁਲੀਸ ਦਾ ਤਸ਼ੱਦਦ ਖਿੜੇ-ਮੱਥੇ ਸਹਾਰਦੇ ਹੋਏ ਆਪ ਨੇ ਸਿਰੜ ਨਾਲ਼ ਪੁਲੀਸ ਦੇ ਬੁੱਚੜਾਂ ਨੂੰ ਹਰਾ ਦਿੱਤਾ ਤੇ

ਸ਼ਹਾਦਤ ਦਾ ਜਾਮ ਪੀ ਗਏ। ਪੁਲੀਸ ਨੇ 31 ਦਸੰਬਰ 1992 ਨੂੰ ਆਪ ਦਾ ਪੁਲੀਸ ਮੁਕਾਬਲਾ ਸ਼ੋਅ ਕਰ ਕੇ ਆਪ ਨੂੰ ਮੁਕਾਬਲੇ ਵਿੱਚ ਸ਼ਹੀਦ ਹੋਏ ਦਰਸਾ ਦਿੱਤਾ; ਪਰ ਜਿਨ੍ਹਾਂ ਘਰਾਂ 'ਚ ਉਹ ਰਹਿੰਦੇ ਰਹੇ ਸਨ, ਉਹ ਆਪ ਦੇ ਸਿਦਕ ਅੱਗੇ ਸਿਰ ਝੁਕਾਉਂਦੇ ਹੋਏ ਕਹਿ ਰਹੇ ਸਨ:

"ਅਸ਼ਕੇ ਸੂਰਮੇ ਦੇ, ਐਨਾ ਤਸ਼ੱਦਦ ਝੱਲ ਕੇ ਵੀ ਪੁਲੀਸ ਦਾ ਮਨਹੂਸ ਪਰਛਾਂਵਾਂ ਸਾਡੇ ਘਰਾਂ 'ਤੇ ਨ੍ਹੀਂ ਪੈਣ ਦਿੱਤਾ...।"

ਆਪ ਦੀ ਸ਼ਹਾਦਤ ਵੀ ਹੋਰ ਅਨੇਕਾਂ ਸਿਦਕੀ ਸਿੰਘ ਸੂਰਮਿਆਂ ਵਾਂਗ ਭਾਰਤੀ ਹਕੂਮਤ ਦੇ ਜ਼ੁਲਮ ਜਬਰ ਉੱਤੇ ਸਿੱਖੀ ਸਿਦਕ ਦੀ ਲਾਸਾਨੀ ਫ਼ਤਹਿ ਦਾ ਪ੍ਰਤੀਕ ਹੈ।

* * * * *

ਇੱਕ ਅਣਗੌਲਿਆ ਜਰਨੈਲ

ਸ਼ਹੀਦ ਭਾਈ ਬਲਜਿੰਦਰ ਸਿੰਘ ਰਾਜੂ

ਜਦੋਂ ਕਿਸੇ ਅਣਖੀਲੀ ਕੌਮ ਨੂੰ ਆਪਣੇ ਗੁਆਚੇ ਖੇਤੇ ਮੁੜ ਹਾਸਲ ਕਰਨ ਲਈ ਲਹੂ ਦੀ ਲੋੜ ਪੈਂਦੀ ਹੈ, ਤਾਂ ਉਸ ਕੌਮ ਦੀ ਬੇਪਰਵਾਹ ਜਵਾਨੀ ਇਸ ਲੋੜ ਦੀ ਪੂਰਤੀ ਲਈ ਸਿਰਾਂ 'ਤੇ ਖੱਫਣ ਬੰਨ੍ਹ ਬੰਨ੍ਹ ਕੇ ਘਰਾਂ ਦੀਆਂ ਚਾਰਦੀਵਾਰੀਆਂ ਉਲੰਘ, ਬਾਹਰ ਵਗਦੇ ਅੱਗ ਦੇ ਦਰਿਆ ਵਿੱਚ ਠਿੱਲ੍ਹ ਪੈਂਦੀ ਹੈ। ਸ਼ਹੀਦ ਭਾਈ ਹਰਜਿੰਦਰ ਸਿੰਘ ਜਿੰਦਾ ਦੇ ਮਾਮੇ ਦਾ ਲੜਕਾ ਅਤੇ ਸ਼ਹੀਦ ਭਾਈ ਸੁਖਦੇਵ ਸਿੰਘ ਸੁੱਖਾ ਦਾ ਧਰਮ ਭਰਾ ਸ਼ਹੀਦ ਭਾਈ ਬਲਜਿੰਦਰ ਸਿੰਘ ਰਾਜੂ, ਜਿਸ ਨੂੰ ਭਾਈ ਜਿੰਦੇ ਸੁੱਖੇ ਹੋਰਾਂ ਦੇ ਸਿਰਲੱਥ ਕਾਫ਼ਲੇ ਵਿਚਲਾ ਇੱਕ ਅਨਮੋਲ ਹੀਰਾ ਹੋਣ ਦਾ ਮਾਣ ਹਾਸਲ ਹੈ, ਦਾ ਨਾਂ ਇਸ ਗੁਰੀਲਾ ਜਥੇ ਦੇ ਮੋਢੀ ਸ਼ਹੀਦਾਂ ਦੀ ਸ਼੍ਰੇਣੀ ਵਿੱਚ ਆਉਂਦਾ ਹੈ।

ਭਾਈ ਬਲਜਿੰਦਰ ਸਿੰਘ ਰਾਜੂ ਦਾ ਜਨਮ ਮਿਤੀ 13 ਅਗਸਤ 1961 ਨੂੰ ਸ. ਸੰਤੋਖ ਸਿੰਘ ਦੇ ਘਰ ਮਾਤਾ ਸੁਰਜੀਤ ਕੌਰ ਦੀ ਕੁੱਖੋਂ ਆਪਣੇ ਨਾਨਕੇ ਯੂ.ਪੀ. ਦੇ ਇੱਕ ਕਸਬੇ ਵਿੱਚ ਹੋਇਆ। ਆਪ ਨੇ ਮੁੱਢਲੀ ਵਿੱਦਿਆ ਆਪਣੇ ਪਿੰਡ 26 ਐਚ., ਜ਼ਿਲ੍ਹਾ ਗੰਗਾਨਗਰ, ਰਾਜਸਥਾਨ ਵਿਖੇ ਪ੍ਰਾਪਤ ਕੀਤੀ। ਅਠਵੀਂ ਤੋਂ ਐਫ.ਏ. ਤਕ ਆਪ ਕਰਨਪੁਰ ਵਿੱਚ ਭਾਈ ਸੁਖਦੇਵ ਸਿੰਘ ਸੁੱਖਾ ਦੇ ਨਾਲ ਇਕੱਠੇ ਹੀ ਪੜ੍ਹਦੇ ਰਹੇ। ਆਪ ਦਾ ਸੰਨ 1983 ਤੋਂ ਹੀ ਸੰਤ ਜਰਨੈਲ ਸਿੰਘ ਕੋਲ ਆਉਣ ਜਾਣ ਬਣ ਗਿਆ ਸੀ। (ਸ਼ਹੀਦ) ਭਾਈ ਸੁਖਦੇਵ ਸਿੰਘ ਸੁੱਖਾ ਨੂੰ ਵੀ ਆਪ ਹੀ ਪਰੇਰ ਕੇ ਸੰਤ ਜਰਨੈਲ ਸਿੰਘ ਕੋਲ ਲੈ ਕੇ ਆਏ ਸਨ। ਭਾਈ ਸੁੱਖਾ ਓਦੋਂ ਕਲੀਨ-ਸ਼ੇਵ ਹੀ ਸਨ। ਸੰਤ ਜਰਨੈਲ ਸਿੰਘ ਹੋਰਾਂ ਨਾਲ ਨਿੱਘੀਆਂ ਮਿਲਣੀਆਂ ਨੇ ਇਹਨਾਂ ਬੇਪਰਵਾਹ ਹਿਰਦਿਆਂ ਅੰਦਰ ਕੌਮੀ ਫ਼ਰਜ਼ ਦੀ ਪੂਰਤੀ ਦੇ ਅਹਿਸਾਸ ਦਾ ਰੰਗ ਭਰਨਾ ਅਰੰਭ ਦਿੱਤਾ।

ਜੂਨ 1984 ਦੇ ਕਹਿਰੀ ਮਹੀਨੇ ਦੇ ਅਰੰਭ ਵਿੱਚ ਜਦੋਂ ਭਾਈ ਬਲਜਿੰਦਰ ਸਿੰਘ ਰਾਜੂ ਅਤੇ ਭਾਈ ਸੁਖਦੇਵ ਸਿੰਘ ਸੁੱਖਾ, ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਦਿਹਾੜਾ ਮਨਾਉਣ ਲਈ ਸ੍ਰੀ ਅੰਮ੍ਰਿਤਸਰ ਵਿਖੇ ਪਹੁੰਚਣ ਦੀ ਤਿਆਰੀ ਕਰ ਰਹੇ ਸਨ, ਤਾਂ ਉਸ ਵੇਲੇ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਹੁਕਮ 'ਤੇ ਭਾਰਤੀ ਫ਼ੌਜ ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰੋਂ ਆ ਰਹੀ ਸਿੱਖੀ ਅਣਖ ਦੀ ਲਲਕਾਰ ਨੂੰ ਖ਼ਾਮੋਸ਼ ਕਰਨ ਲਈ ਟੈਂਕਾਂ ਤੋਪਾਂ ਤੇ ਬਖ਼ਤਰਬੰਦ ਗੱਡੀਆਂ ਨਾਲ ਹਰਿਮੰਦਰ ਸਾਹਿਬ ਦੇ ਆਲੇ ਦੁਆਲੇ ਘੇਰਾ ਅਤੇ ਸਮੁੱਚੇ ਪੰਜਾਬ ਉੱਪਰ ਸ਼ਿਕੰਜਾ ਕੱਸ ਰਹੀ ਸੀ। ਪੰਜਾਬ 'ਚ ਕਰਫ਼ਿਊ ਲੱਗਾ ਹੋਣ ਕਾਰਨ ਆਪ ਪੰਜਾਬ 'ਚ ਦਾਖ਼ਲ ਹੀ ਨਾ ਹੋ ਸਕੇ। ਸ੍ਰੀ ਦਰਬਾਰ ਸਾਹਿਬ 'ਤੇ ਭਾਰਤੀ ਫ਼ੌਜ ਦੇ ਹਮਲੇ ਦੀਆਂ ਖ਼ਬਰਾਂ ਸਮੇਂ ਘਰਾਂ 'ਚ ਘਿਰੇ ਇਹਨਾਂ

ਨੌਜਵਾਨਾਂ ਦੇ ਦਿਲਾਂ ਦੀ ਬੇਚੈਨੀ ਦੀ ਥਾਹ ਸ਼ਾਇਦ ਪੰਜਾਬ ਦੀ ਧਰਤੀ ਹੀ ਪਾ ਸਕਦੀ ਸੀ, ਜਿਸ ਨੂੰ ਇੱਕ ਕਵੀ ਨੇ ਸੰਤ ਜਰਨੈਲ ਸਿੰਘ ਦੀ ਸ਼ਹਾਦਤ 'ਤੇ ਇਉਂ ਕੀਰਨੇ ਪਾਉਂਦੇ ਦਰਸਾਇਆ ਹੈ:

....ਪਰ ਕੋਈ ਨਾ ਉਹਨੂੰ ਬਹੁੜਿਆ
ਉਹਨੂੰ ਵੈਰੀਆਂ ਮਾਰਿਆ ਘੇਰ
ਉਂਜ ਡੱਕੇ ਰਹਿ ਗਏ ਘਰਾਂ ਵਿੱਚ
ਮੇਰੇ ਲੱਖਾਂ ਪੁੱਤਰ ਸ਼ੇਰ।

ਘਰਾਂ 'ਚ ਡੱਕੇ ਰਹਿ ਗਏ ਇਹ ਗੱਭਰੂ ਹੁਣ ਕੌਮ ਲਈ ਘਰਾਂ ਦੀਆਂ ਚਾਰਦੀਵਾਰੀਆਂ 'ਚੋਂ ਬਾਹਰ ਨਿਕਲਣ ਲਈ ਬੇਤਾਬ ਹੋ ਗਏ।

ਸ੍ਰੀ ਹਰਿਮੰਦਰ ਸਾਹਿਬ ਦੀ ਪਰਿਕਰਮਾ ਵਿੱਚ ਡੁੱਲ੍ਹੇ ਸਿੱਖ ਸੰਗਤਾਂ ਦੇ ਪਵਿੱਤਰ ਲਹੂ ਦੇ ਸੁਨੇਹੇ, ਹਰਿਮੰਦਰ ਸਾਹਿਬ ਦੀ ਹਿੱਕ 'ਤੇ ਵਰ੍ਹੀਆਂ ਗੋਲ਼ੀਆਂ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਛਾਤੀ 'ਤੇ ਵੱਜੇ ਗੋਲਿਆਂ ਦੇ ਧੂਏਂ ਨਾਲ ਹੀ ਚਾਰ-ਚੁਫੇਰੇ ਫੈਲ ਗਏ, ਜਿਸ ਨਾਲ ਸਿੱਖੀ ਦਾ ਦਰਦ ਰੱਖਣ ਵਾਲ਼ਾ ਹਰ ਇੱਕ ਹਿਰਦਾ ਦਿੱਲੀ ਸਰਕਾਰ ਦੀ ਇਹ ਕੁਚੱਜੀ ਭਾਜੀ ਮੋੜਨ ਲਈ ਬੇਤਾਬ ਹੋ ਉੱਠਿਆ। ਇਸੇ ਬੇਤਾਬੀ ਵਿੱਚ ਹੀ ਭਾਈ ਬਲਜਿੰਦਰ ਸਿੰਘ ਰਾਜੂ ਆਪਣੇ ਤਿੰਨ ਹੋਰ ਸਾਥੀ ਸਿੱਖ ਨੌਜੁਆਨਾਂ ਨੂੰ ਨਾਲ ਲੈ ਕੇ ਹਿੰਦੁਸਤਾਨ ਦੀਆਂ ਸਰਹੱਦਾਂ ਤੋਂ ਪਾਰਲੇ 'ਹਿੰਦੁਸਤਾਨ ਦੇ ਦੁਸ਼ਮਣਾਂ' ਵਿੱਚੋਂ 'ਸਿੱਖ ਕੌਮ ਦੇ ਦੋਸਤ' ਦੀ ਭਾਲ਼ ਕਰਨ ਲਈ ਨਿਕਲ ਤੁਰੇ। ਇਸ ਤੋਂ ਪਹਿਲਾਂ ਭਾਈ ਰਾਜੂ ਨੇ ਸਾਕਾ ਨੀਲਾ ਤਾਰਾ ਵਿਰੁੱਧ ਗੰਗਾਨਗਰ ਵਿੱਚ ਨਿਕਲੇ ਸ਼ਾਂਤੀ ਮਾਰਚ ਵਿੱਚ ਭਾਈ ਸੁੱਖੇ ਦੇ ਨਾਲ ਮਿਲ਼ ਕੇ ਹਿੱਸਾ ਲਿਆ ਸੀ, ਪਰ ਅਗਲੇ ਸਫ਼ਰ ਤੇ ਭਾਈ ਸੁੱਖੇ ਨੂੰ ਤਿੰਨ ਭੈਣਾਂ ਦਾ ਇਕੱਲਾ-ਇਕੱਲਾ ਵੀਰ ਹੋਣ ਕਾਰਨ ਆਪਣੇ ਨਾਲ ਨਹੀਂ ਸਨ ਲੈ ਕੇ ਗਏ।

ਅਗਸਤ 1984 ਵਿੱਚ ਭਾਈ ਰਾਜੂ ਜਦੋਂ ਇਲਾਕੇ ਵਿੱਚ ਵਾਪਸ ਪਰਤੇ ਤਾਂ ਇਹਨਾਂ ਵੱਲੋਂ ਪਹਿਲਾਂ ਹੀ ਵਾਪਸ ਭੇਜੇ ਤਿੰਨੇ ਸਾਥੀ ਫੜੇ ਜਾ ਚੁੱਕੇ ਸਨ। ਭਾਈ ਸੁੱਖੇ ਨੇ ਆਪ ਨੂੰ ਮਿਲ਼ ਕੇ ਨਾਲ ਨਾ ਲਿਜਾਏ ਜਾਣ 'ਤੇ ਤਿੱਖਾ ਇਤਰਾਜ਼ ਕੀਤਾ ਤੇ ਅਖੀਰ ਕਾਫ਼ੀ ਬਹਿਸ ਮਗਰੋਂ ਭਾਈ ਸੁੱਖਾ ਵੀ ਇਸ ਕਾਫ਼ਲੇ ਨਾਲ ਰਲ਼ ਗਏ। ਫਿਰ ਭਾਈ ਹਰਜਿੰਦਰ ਸਿੰਘ ਜਿੰਦਾ, ਭਾਈ ਸੁਖਦੇਵ ਸਿੰਘ ਸੁੱਖਾ ਤੇ ਭਾਈ ਬਲਜਿੰਦਰ ਸਿੰਘ ਰਾਜੂ ਦਿੱਲੀ ਵਿੱਚ ਇਕੱਠੇ ਹੋਏ। ਅਗਲੇ ਸਫ਼ਰ ਦਾ ਫ਼ੈਸਲਾ ਕਰ ਕੇ ਫਿਰ ਰਾਜਸਥਾਨ ਆਏ ਤੇ ਭਾਈ ਰਾਜੂ ਦੇ ਘਰ ਹੀ ਰੁਕੇ। ਭਾਈ ਰਾਜੂ ਦੀ ਮਾਤਾ ਬੀਬੀ ਸੁਰਜੀਤ ਕੌਰ ਆਪਣੇ ਘਰ ਵਿੱਚ ਹੀ ਬਣਾਏ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪ੍ਰਕਾਸ਼ ਵਾਲੇ ਕਮਰੇ ਵਿੱਚ ਸਾਰੀ ਰਾਤ ਗੁਰੂ ਚਰਨਾਂ ਵਿੱਚ ਜੁੜੀ, ਸੰਘਰਸ਼ ਦੇ ਬਿਖੜੇ ਪੈਂਡਿਆਂ ਬਾਰੇ ਚੇਤਾ ਕਰਵਾ ਕੇ ਤਿੰਨਾਂ ਨੂੰ ਟੋਂਹਦੀ ਰਹੀ ਤੇ ਸਵੇਰੇ ਅੰਮ੍ਰਿਤ ਵੇਲੇ ਤਕ ਤਿੰਨਾਂ ਦੇ ਦ੍ਰਿੜ੍ਹ ਇਰਾਦੇ ਨੂੰ ਪਛਾਣ ਕੇ ਉਸ ਨੇ ਖ਼ੁਦ ਅਰਦਾਸ ਕਰ ਕੇ ਇਹਨਾਂ ਤਿੰਨਾਂ ਨੂੰ ਘਰੋਂ ਤੋਰ ਦਿੱਤਾ।

ਸੰਘਰਸ਼ ਦੀ ਸ਼ੁਰੂਆਤ ਵਿੱਚ ਆਪ ਤਿੰਨੇ ਹੀ ਇੱਕ ਗੁਆਂਢੀ ਮੁਲਕ ਤੋਂ ਮਦਦ ਹਾਸਲ ਕਰਨ ਲਈ ਗਏ। ਓਥੇ ਮਦਦ ਸੰਬੰਧੀ ਟਾਲ-ਮਟੋਲ ਹੁੰਦੀ ਰਹੀ। ਏਨੇ ਚਿਰ ਨੂੰ ਇੰਦਰਾ ਗਾਂਧੀ

ਦਾ ਕਤਲ ਹੋ ਗਿਆ। ਜਦੋਂ ਇਹਨਾਂ ਤਿੰਨਾਂ ਨੇ ਦਿੱਲੀ ਵਿੱਚ ਸਿੱਖਾਂ ਦੀ ਹੋ ਰਹੀ ਵਹਿਸ਼ੀਆਨਾ ਕਤਲੇਆਮ ਦੀਆਂ ਖ਼ਬਰਾਂ ਸੁਣੀਆਂ, ਤਾਂ ਇੱਕ ਪਲ ਵੀ ਓਥੇ ਰੁਕ ਨਾ ਸਕੇ ਤੇ ਬਿਨਾਂ ਕਿਸੇ ਮਦਦ ਦੇ ਖ਼ਾਲੀ ਹੱਥ ਹੀ ਵਾਪਸ ਪਰਤ ਆਏ।

ਵਾਪਸ ਆ ਕੇ ਆਪ ਤਿੰਨਾਂ ਨੇ ਕੁਝ ਪੈਸਿਆਂ ਦਾ ਇੰਤਜ਼ਾਮ ਕਰ ਕੇ ਸਿਕਲੀਗਰਾਂ ਤੋਂ ਦੇਸੀ ਪਿਸਤੌਲ ਖ਼ਰੀਦੇ। ਫਿਰ ਉਹਨਾਂ ਦੇਸੀ ਹਥਿਆਰਾਂ ਦੀ ਮਦਦ ਨਾਲ਼ ਦਿੱਲੀ ਵਿੱਚ ਕੁਝ ਬੈਂਕ ਲੁੱਟੇ ਤੇ ਉਸ ਪੈਸੇ ਨਾਲ਼ ਕੁਝ ਵਧੀਆ ਰਿਵਾਲਵਰ ਖ਼ਰੀਦ ਲਏ। ਫਿਰ ਉਹਨਾਂ ਹਥਿਆਰਾਂ ਨਾਲ਼ ਹੀ ਆਪ ਨੇ ਦਿੱਲੀ ਵਿੱਚ ਬੈਠੇ ਸਿੱਖਾਂ ਦੇ ਕਾਤਲਾਂ ਨੂੰ ਚੁਣ ਚੁਣ ਕੇ ਸਜ਼ਾ ਦੇਣ ਦੀ ਮੁਹਿੰਮ ਅਰੰਭ ਕਰ ਦਿੱਤੀ।

ਏਨੇ ਚਿਰ ਨੂੰ ਪੰਜਾਬ ਪੁਲੀਸ ਭਾਈ ਹਰਜਿੰਦਰ ਸਿੰਘ ਜਿੰਦਾ ਦੇ ਰੂਪੋਸ਼ ਸਫ਼ਰ ਦੀ ਪੈੜ ਨੱਪਦੀ ਨੱਪਦੀ ਭਾਈ ਰਾਜੂ ਦੇ ਰਾਜਸਥਾਨ ਸਥਿਤ ਘਰ ਜਾ ਪਹੁੰਚੀ। ਭਾਈ ਰਾਜੂ ਅਤੇ ਉਹਨਾਂ ਦੇ ਨਾਨਕਾ ਪਰਿਵਾਰ ਤੇ ਪੁਲੀਸ ਦੇ ਵਹਿਸ਼ੀ ਜਬਰ ਦਾ ਸਿਲਸਿਲਾ ਅਰੰਭ ਹੋ ਗਿਆ। ਇਸ ਤਸ਼ੱਦਦ ਵਿੱਚ ਭਾਈ ਰਾਜੂ ਦੇ ਛੋਟੇ ਭਰਾ ਬਲਦੇਵ ਸਿੰਘ ਵਿੱਕੀ ਦੀ ਧੌਣ ਦਾ ਮਣਕਾ ਹਿੱਲ ਗਿਆ ਤੇ ਉਸ ਨੂੰ ਹੱਡੀਆਂ ਦੀ ਟੀ.ਬੀ. ਦਾ ਭਿਆਨਕ ਰੋਗ ਆ ਚੰਬੜਿਆ। ਪਰ ਪੁਲੀਸ ਦਾ ਇਹ ਤਸ਼ੱਦਦ ਭਾਈ ਰਾਜੂ ਦੇ ਦ੍ਰਿੜ੍ਹ ਇਰਾਦੇ ਨੂੰ ਹਿਲਾ ਨਾ ਸਕਿਆ।

ਕੁਝ ਸਮੇਂ ਪਿੱਛੋਂ ਭਾਈ ਦਲਜੀਤ ਸਿੰਘ ਬਿੱਟੂ, ਭਾਈ ਸੁਖਵਿੰਦਰ ਸਿੰਘ ਉਰਫ ਕੇ.ਸੀ. ਸ਼ਰਮਾ ਆਦਿ ਚੋਟੀ ਦੇ ਸਿੰਘ ਆਪ ਦੇ ਗਰੁੱਪ ਨਾਲ਼ ਆ ਮਿਲੇ। ਆਪ ਨੇ ਪੰਜਾਬ ਆ ਕੇ ਭਾਈ ਕੰਵਰਜੀਤ ਸਿੰਘ ਸੁਲਤਾਨਵਿੰਡ ਨੂੰ ਅੰਮ੍ਰਿਤਸਰ ਦੀਆਂ ਕਚਹਿਰੀਆਂ 'ਚੋਂ ਪੁਲੀਸ ਹਿਰਾਸਤ ਵਿੱਚੋਂ ਛੁਡਾਇਆ ਜਿਨ੍ਹਾਂ ਨੇ ਬਾਅਦ ਵਿੱਚ ਜਾਬਰ ਸਰਕਾਰ ਦੀ ਨੀਂਦ ਹਰਾਮ ਕੀਤੀ। ਆਪ ਦੇ ਪਰਿਵਾਰਾਂ ਤੇ ਪੁਲੀਸ ਤਸ਼ੱਦਦ ਦਾ ਦੌਰ ਵੀ ਨਿਰੰਤਰ ਜਾਰੀ ਰਿਹਾ ਤੇ ਉਸ ਤੋਂ ਬੇਪਰਵਾਹ ਆਪ ਦੇ ਕਾਫ਼ਲੇ ਦੀਆਂ ਗਤੀਵਿਧੀਆਂ ਵੀ।

ਭਾਈ ਜਿੰਦੇ ਸੁੱਖੇ ਹੋਰਾਂ ਦੀ ਗ੍ਰਿਫ਼ਤਾਰੀ ਤੋਂ ਬਾਅਦ ਆਪ ਸੰਨ 1987 ਵਿੱਚ ਵਿਦੇਸ਼ ਚਲੇ ਗਏ, ਪਰ ਕਿਸੇ ਸਾਥੀ ਦੇ ਮਿਹਣਾ ਮਾਰਨ ਤੇ ਫ਼ਰਵਰੀ 1989 ਵਿੱਚ ਯੂ.ਐਸ.ਏ. ਵਿੱਚ ਨਜ਼ਰਬੰਦ ਭਾਈ ਕੁੱਕੀ ਸੁੱਖੀ ਨੂੰ ਛੁਡਾਉਣ ਦਾ ਮਿਸ਼ਨ ਵਿੱਚੇ ਹੀ ਛੱਡ ਕੇ ਵਾਪਸ ਪਰਤ ਆਏ। ਅੰਮ੍ਰਿਤਸਰ ਆਉਂਦਿਆਂ ਹੀ ਆਪ ਨੇ ਪ੍ਰਸਿੱਧ ਬਲੈਕ ਕੈਟ ਸੰਤੋਖੇ ਕਾਲੇ ਦੀ 'ਅੱਤ' ਦਾ 'ਅੰਤ' ਕੀਤਾ। ਇਸ ਦੇ ਨਾਲ਼ ਹੀ ਪੁਲੀਸ ਇੱਕ ਵਾਰ ਫਿਰ ਆਪ ਨੂੰ ਸਰਗਰਮੀ ਨਾਲ਼ ਭਾਲਣ ਲੱਗੀ।

ਇਸ ਤੋਂ ਬਾਅਦ ਆਪ ਭਾਈ ਕੰਵਰਜੀਤ ਸਿੰਘ ਸੁਲਤਾਨਵਿੰਡ ਨਾਲ਼ ਮਿਲ ਕੇ ਭਾਈ ਜਿੰਦੇ ਸੁੱਖੇ ਨੂੰ ਜ਼ਾਲਮ ਸਰਕਾਰ ਦੇ ਪੰਜੇ 'ਚੋਂ ਛੁਡਾਉਣ ਲਈ ਕਿਸੇ ਪ੍ਰਸਿੱਧ ਹਸਤੀ ਨੂੰ ਅਗਵਾ ਕਰਨ ਦੀ ਯੋਜਨਾ ਬਣਾਉਣ ਲੱਗੇ। ਇਸ ਯੋਜਨਾ ਦਾ ਪੰਜਾਹ ਪ੍ਰਤੀਸ਼ਤ ਕੰਮ ਨੇਪਰੇ ਚੜ੍ਹ ਚੁਕਾ ਸੀ ਤਾਂ ਭਾਈ ਬਲਜਿੰਦਰ ਸਿੰਘ ਰਾਜੂ ਨੂੰ ਪੰਜਾਬ ਪੁਲੀਸ ਨੇ 9 ਜੂਨ 1989 ਨੂੰ ਜਲੰਧਰ ਵਿੱਚੋਂ ਕਿਸੇ ਮੁਖ਼ਬਰੀ ਦੇ ਆਧਾਰ 'ਤੇ ਗ੍ਰਿਫ਼ਤਾਰ ਕਰ ਲਿਆ। ਪੁਲੀਸ ਹਿਰਾਸਤ ਵਿੱਚ ਆਪ 'ਤੇ ਹੁੰਦੇ ਵਹਿਸ਼ੀ ਤਸ਼ੱਦਦ ਅਤੇ ਉਸ ਤਸ਼ੱਦਦ ਦੀ ਹਰ ਇੱਕ ਸੱਟ ਨੂੰ ਆਪ ਵੱਲੋਂ ਮਖੌਲ ਵਿੱਚ ਉਡਾਉਣ ਦੀ ਗਾਥਾ ਭਾਈ ਸਤਨਾਮ ਸਿੰਘ ਬਾਵਾ ਨੇ ਪੁਲੀਸ ਹਿਰਾਸਤ 'ਚੋਂ ਫ਼ਰਾਰ ਹੋਣ ਪਿੱਛੋਂ ਪਰਿਵਾਰ

ਦੇ ਕਈ ਮੈਂਬਰਾਂ ਨੂੰ ਸੁਣਾਈ, ਪਰ ਭਾਈ ਬਲਜਿੰਦਰ ਸਿੰਘ ਰਾਜੂ ਨੂੰ ਕਿਵੇਂ ਤੇ ਕਿੱਥੇ ਸ਼ਹੀਦ ਕੀਤਾ ਗਿਆ, ਇਸ ਬਾਰੇ ਅਜੇ ਤਕ ਕਿਤੋਂ ਸੁਰਾਗ ਨਹੀਂ ਮਿਲ ਸਕਿਆ। ਏਨਾ ਸਭ ਜਾਣਦੇ ਹਨ ਕਿ ਪੰਜਾਬ ਪੁਲਸ ਵੀ ਆਪ ਤੋਂ ਜਥੇਬੰਦੀ ਦਾ ਕੋਈ ਭੇਤ ਨਾ ਲੈ ਸਕੀ।

ਅੱਜ ਸਾਨੂੰ ਭਾਈ ਬਲਜਿੰਦਰ ਸਿੰਘ ਰਾਜੂ ਵਰਗੇ ਸ਼ਹੀਦਾਂ ਦੀ ਗਾਥਾ ਨੂੰ ਸੰਭਾਲਣ ਲਈ ਵੀ ਉੱਦਮ ਕਰਨ ਵੱਲ ਸਰਗਰਮ ਹੋਣਾ ਚਾਹੀਦਾ ਹੈ ਤਾਂ ਕਿ ਇਤਿਹਾਸ ਦੀਆਂ ਕਿਤਾਬਾਂ ਵਿੱਚ ਇਹ ਅਨਮੋਲ ਹੀਰੇ ਕਿਤੇ ਅਣਗੌਲੇ ਹੀ ਨਾ ਰਹਿ ਜਾਣ।

* * * * *

ਹੈਰਾਨ ਕਰਨ ਵਾਲੀ ਦੂਰਅੰਦੇਸ਼ੀ ਤੇ ਸਿਆਣਪ ਦਾ ਮਾਲਕ ਜੁਝਾਰੂ

ਸ਼ਹੀਦ ਭਾਈ ਜਗਦੀਪ ਸਿੰਘ ਵਕੀਲ (ਮੋਗਾ)

ਸਿੱਖਾਂ ਦੀ ਅਜ਼ਾਦੀ ਲਈ ਲੜੀ ਗਈ ਜੁਝਾਰੂ ਲਹਿਰ ਉੱਪਰ ਅਕਸਰ ਇਹ ਇਲਜ਼ਾਮ ਲਾਇਆ ਜਾਂਦਾ ਹੈ ਕਿ ਇਸ ਦੇ ਵਿੱਚ ਅਨਪੜ੍ਹ ਲੋਕਾਂ ਦੀ ਬਹੁਗਿਣਤੀ ਸੀ, ਪਰ ਮੌਜੂਦਾ ਸਿੱਖ ਸੰਘਰਸ਼ ਦੀ ਗਾਥਾ ਦੇ ਪੰਨੇ ਆਪਣੇ ਲਹੂ ਨਾਲ ਸ਼ਿੰਗਾਰਨ ਵਾਲੇ ਸੱਚੇ ਜੁਝਾਰੂ ਗੁਰਮਤਿ ਵਿਚਾਰਧਾਰਾ ਨੂੰ ਦਿਲਾਂ ਦੀਆਂ ਡੂੰਘਾਈਆਂ ਤੋਂ ਸਮਰਪਿਤ ਸਨ ਤੇ ਉਹਨਾਂ ਨੂੰ ਅਨਪੜ੍ਹ ਕਹਿਣਾ ਹੀ ਅਸਲ ਵਿੱਚ ਸਭ ਤੋਂ ਵੱਡੀ ਅਨਪੜ੍ਹਤਾ ਹੈ।

ਅਸੀਂ ਇਸ ਅਨਪੜ੍ਹਤਾ 'ਚੋਂ ਇਹਨਾਂ ਲੋਕਾਂ ਨੂੰ ਬਾਹਰ ਕੱਢਣ ਲਈ ਸਿੱਖ ਸੰਘਰਸ਼ ਦੇ ਅਜਿਹੇ ਮਹਾਨ ਸ਼ਹੀਦਾਂ ਦੇ ਜੀਵਨ ਲਗਾਤਾਰ ਪੇਸ਼ ਕਰ ਰਹੇ ਹਾਂ ਕਿ ਵੱਡੇ-ਵੱਡੇ ਵਿਦਵਾਨ ਵੀ ਹੈਰਾਨ ਰਹਿ ਜਾਂਦੇ ਹਨ। ਦੂਜਾ, ਉਹਨਾਂ ਸੂਰਮਿਆਂ ਨੇ ਜੋ ਕਿਹਾ, ਉਹ ਕਰ ਕੇ ਵੀ ਵਿਖਾਇਆ ਹੈ। ਸ਼ਹੀਦ ਭਾਈ ਜਗਦੀਪ ਸਿੰਘ ਵਕੀਲ ਦੀ ਗਿਣਤੀ ਇਹਨਾਂ ਹੀ ਰੌਸ਼ਨ ਦਿਮਾਗ ਜੁਝਾਰੂ ਸਿੰਘਾਂ ਵਿਚ ਹੁੰਦੀ ਹੈ।

ਭਾਈ ਜਗਦੀਪ ਸਿੰਘ ਦਾ ਜਨਮ ਮਾਤਾ ਜਗੀਰ ਕੌਰ ਦੀ ਕੁੱਖੋਂ ਪਿਤਾ ਸ. ਬਿੱਕਰ ਸਿੰਘ ਦੇ ਗ੍ਰਹਿ ਰੂਪੇ ਕਾ ਅਗਵਾੜ (ਪੁਰਾਣਾ ਮੋਗਾ) ਵਿਖੇ ਮਿਤੀ 27 ਜੂਨ 1962 ਨੂੰ ਹੋਇਆ। ਆਪ ਤਿੰਨ ਭੈਣ-ਭਰਾ ਸਨ। ਭੈਣ ਚਰਨਜੀਤ ਕੌਰ ਆਪ ਤੋਂ ਵੱਡੀ ਸੀ ਤੇ ਭਰਾ ਗੁਰਮੀਤ ਸਿੰਘ ਆਪ ਤੋਂ ਛੋਟੇ।

ਦਸਵੀਂ ਕਲਾਸ ਤਕ ਪੜ੍ਹਾਈ ਆਪ ਨੇ ਭੁਪਿੰਦਰਾ ਖ਼ਾਲਸਾ ਹਾਇਰ ਸੈਕੰਡਰੀ ਸਕੂਲ ਮੋਗਾ ਤੋਂ ਕੀਤੀ। ਸੰਨ 1978 ਵਿਚ ਦਸਵੀਂ ਪਾਸ ਕਰਨ ਪਿੱਛੋਂ ਸੰਨ 1979 ਵਿਚ ਹਾਇਰ ਸੈਕੰਡਰੀ ਕੀਤੀ ਤੇ ਫਿਰ ਸੰਨ 1981 ਵਿਚ ਨੈਸ਼ਨਲ ਇੰਜੀਨੀਅਰਿੰਗ ਕਾਲਜ ਲੁਧਿਆਣਾ ਵਿਖੇ ਬਾਰਬੈਂਡਰ ਦਾ ਡਿਪਲੋਮਾ ਕੀਤਾ। ਫਿਰ ਗਰੈਜੂਏਸ਼ਨ ਲਈ ਆਪ ਨੇ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ 'ਚ ਦਾਖ਼ਲਾ ਲਿਆ।

ਆਪ ਦਾ ਅਨੰਦ ਕਾਰਜ ਫਰੀਦਕੋਟ ਜ਼ਿਲ੍ਹੇ ਦੇ ਪਿੰਡ ਖਾਰੇ (ਨੇੜੇ ਕੋਟਕਪੂਰਾ) ਦੇ ਸ.

ਹਰਬੰਸ ਸਿੰਘ ਦੀ ਸਪੁੱਤਰੀ ਬੀਬੀ ਵੀਰਪਾਲ ਕੌਰ ਨਾਲ ਫ਼ਰਵਰੀ 1982 'ਚ ਹੋਇਆ।

ਹੁਣ ਤਕ ਸ੍ਰੀ ਅੰਮ੍ਰਿਤਸਰ ਵਿਖੇ ਦਿੱਲੀ ਸਰਕਾਰ ਦੇ ਥਾਪੜੇ ਤੇ ਨਰਕਧਾਰੀਆਂ ਵੱਲੋਂ ਸਿੰਘਾਂ ਦੇ ਲਹੂ ਦੀ ਹੋਲੀ ਖੇਡ ਕੇ ਕੌਮ ਦੇ ਸਿਰ ਭਾਜੀ ਚਾੜ੍ਹ ਦਿੱਤੀ ਗਈ ਸੀ, ਜਿਸ ਨੂੰ ਮੋੜਨ ਲਈ ਸਿੱਖੀ ਅਣਖ ਤਰਲੋਮੱਛੀ ਹੋ ਰਹੀ ਸੀ। ਭਾਈ ਜਗਦੀਪ ਸਿੰਘ ਦੇ ਘਰ ਦੋ ਬੱਚੇ ਵੱਡਾ ਲੜਕਾ ਲਵਪ੍ਰੀਤ ਸਿੰਘ ਤੇ ਛੋਟੀ ਲੜਕੀ ਰਵਿੰਦਰ ਕੌਰ ਹੋਏ, ਪਰ ਆਪ ਪਰਿਵਾਰਕ ਫ਼ਰਜ਼ਾਂ ਦੀ ਬਜਾਏ ਕੌਮੀ ਫ਼ਰਜ਼ ਨਿਭਾਉਣ ਲਈ ਵਧੇਰੇ ਸਰਗਰਮ ਹੋ ਗਏ। ਆਪ ਦਾ ਮੇਲ ਭਾਈ ਕੁਲਵੰਤ ਸਿੰਘ ਖੁਖਰਾਣਾ, ਭਾਈ ਅਮਰ ਸਿੰਘ ਮਾਨ ਕਿਸ਼ਨਪੁਰਾ ਆਦਿ ਸਿੰਘਾਂ ਦੇ ਨਾਲ ਹੋਇਆ। ਆਪ ਗੁਪਤ ਰੂਪ ਵਿੱਚ ਘਰ 'ਚ ਹੀ ਰਹਿ ਕੇ ਸੇਵਾ ਕਰਨ ਨੂੰ ਤਰਜੀਹ ਦਿੰਦੇ ਸਨ। ਜਦੋਂ ਆਪ ਦਾ ਕੋਈ ਸਾਥੀ ਸ਼ਹੀਦ ਹੋ ਜਾਂਦਾ ਤਾਂ ਆਪ ਬਹੁਤ ਵੈਰਾਗ ਕਰਦੇ ਕਿ ਉਹ ਮੇਰੇ ਤੋਂ ਪਹਿਲਾਂ ਕਿਉਂ ਸ਼ਹੀਦ ਹੋ ਗਿਆ ਹੈ।

ਸੰਨ 1989 ਵਿੱਚ ਪੁਲੀਸ ਨੂੰ ਆਪ ਦੀ ਜੁਝਾਰੂ ਸੇਵਾ ਬਾਰੇ ਪਤਾ ਲੱਗ ਗਿਆ, ਪਰ ਇਸ ਤੋਂ ਪਹਿਲਾਂ ਕਿ ਪੁਲੀਸ ਆਪ ਤਕ ਪਹੁੰਚਦੀ, ਆਪ ਰੂਪੋਸ਼ ਹੋ ਗਏ। ਹੁਣ ਆਪ ਨੇ ਰੂਪੋਸ਼ ਰਹਿ ਕੇ ਕੌਮ ਲਈ ਬੜੇ ਨਿੱਗਰ ਕੰਮ ਕੀਤੇ। ਆਪ ਭਾਈ ਗੁਰਜੰਟ ਸਿੰਘ ਬੁੱਧ ਸਿੰਘ ਵਾਲਾ ਦੀ ਸੱਜੀ ਬਾਂਹ ਮੰਨੇ ਜਾਂਦੇ ਸਨ। ਹਰੇਕ ਗੱਲ ਨੂੰ ਦਲੀਲ ਨਾਲ ਕਰਨ ਕਰ ਕੇ ਆਪ ਨੂੰ ਜੁਝਾਰੂ ਸਫ਼ਾਂ 'ਚ 'ਵਕੀਲ' ਕਿਹਾ ਜਾਣ ਲੱਗਾ।

ਪੁਲੀਸ ਨੇ ਆਪ ਦੇ ਪਰਿਵਾਰ ਉੱਪਰ ਜ਼ੁਲਮ ਦੀ ਹਨੇਰੀ ਝੁਲਾ ਦਿੱਤੀ। ਆਪ ਦੀ ਧਰਮ ਪਤਨੀ ਨੂੰ ਵੀ ਪੁਲੀਸ ਫੜ ਕੇ ਲਿਜਾਂਦੀ ਰਹੀ, ਪਰ ਪਰਿਵਾਰ ਉੱਪਰ ਹੁੰਦਾ ਜ਼ੁਲਮੋ-ਸਿਤਮ ਭਾਈ ਜਗਦੀਪ ਸਿੰਘ ਦੇ ਦ੍ਰਿੜ੍ਹ ਇਰਾਦੇ ਨੂੰ ਡੁਲਾ ਨਾ ਸਕਿਆ। ਭਾਈ ਜਗਦੀਪ ਸਿੰਘ ਵੱਲੋਂ ਆਪਣੀ ਰੂਪੋਸ਼ੀ ਸਮੇਂ ਆਪਣੀ ਧਰਮ ਪਤਨੀ ਨੂੰ ਲਿਖੀ ਚਿੱਠੀ ਪੱਤਰਕਾਰੀ ਹਲਕਿਆਂ 'ਚ ਕਾਫ਼ੀ ਚਰਚਾ ਦਾ ਵਿਸ਼ਾ ਬਣੀ ਸੀ।

ਇਹ ਆਮ ਧਾਰਨਾ ਹੈ ਕਿ ਹੱਥ ਵਿੱਚ ਹਥਿਆਰ ਚੁੱਕ ਕੇ ਜੂਝਣ ਵਾਲੇ ਜੁਝਾਰੂ ਬਹੁਤ ਪੱਥਰ ਦਿਲ ਹੁੰਦੇ ਹੋਣਗੇ; ਪਰ ਨਹੀਂ, ਅਸਲ 'ਚ ਇਹ ਜੁਝਾਰੂ ਸੂਰਮੇ ਹੀ ਸਭ ਤੋਂ ਕੋਮਲ ਦਿਲ ਹੁੰਦੇ ਹਨ। ਇਸ ਲਹਿਰ ਦੇ ਮੋਢੀ ਜੁਝਾਰੂ ਸਿੰਘਾਂ ਦੀਆਂ ਗੱਲਾਂ ਸੁਣੀਏ ਤਾਂ ਹੈਰਾਨੀ ਹੁੰਦੀ ਹੈ ਕਿ ਏਨੇ ਮਹਾਨ ਕਾਰਨਾਮੇ ਕਰਨ ਵਾਲੇ ਇਹ ਸਿੰਘ ਕਿੰਨੇ ਕੋਮਲ ਦਿਲ ਸਨ। ਇੰਦਰਾ ਗਾਂਧੀ ਦਾ ਅੰਤ ਕਰਨ ਵਾਲੇ ਭਾਈ ਬੇਅੰਤ ਸਿੰਘ ਏਨੇ ਕੋਮਲ ਦਿਲ ਸਨ ਕਿ ਆਪਣੇ ਬੱਚਿਆਂ ਨੂੰ ਬੁਖ਼ਾਰ ਚੜ੍ਹਨ 'ਤੇ ਭਾਵੁਕ ਹੋ ਜਾਂਦੇ ਸਨ, ਇਹੀ ਕਾਰਨ ਸੀ ਕਿ ਆਪਣੇ ਪਵਿੱਤਰ ਧਾਰਮਕ ਕੇਂਦਰ 'ਤੇ ਹਮਲਾ ਹੋਣ ਅਤੇ ਛੋਟੇ-ਛੋਟੇ ਬੱਚਿਆਂ ਦੀ ਕਤਲੇਆਮ ਬਾਰੇ ਸੁਣ ਕੇ ਉਹ ਇਹ ਸੱਟ ਸਹਾਰ ਨਾ ਸਕੇ ਤੇ ਗੁਰਮਤਿ ਤੋਂ ਸੇਧ ਲੈ ਕੇ ਮਹਾਨ ਕਾਰਨਾਮਾ ਕਰ ਕੇ ਸ਼ਹੀਦ ਹੋ ਗਏ।

ਇੱਕ ਹੋਰ ਜੁਝਾਰੂ ਜਰਨੈਲ ਬਾਬਾ ਗੁਰਬਚਨ ਸਿੰਘ ਮਾਨੋਚਾਹਲ ਦੇ ਦਿਲ ਦੀ ਕੋਮਲਤਾ ਬਾਰੇ ਵੀ ਬਹੁਤ ਗੱਲਾਂ ਇਲਾਕੇ 'ਚ ਪ੍ਰਸਿੱਧ ਹਨ। ਕਿਸੇ ਬੇਦੋਸ਼ੇ ਦੇ ਮਾਰੇ ਜਾਣ 'ਤੇ ਉਹ ਰੋਟੀ ਨਹੀਂ ਸਨ ਖਾ ਸਕਦੇ। ਇਹ ਵੀ ਸੁਣਿਆ ਹੈ ਕਿ ਰਾਤ-ਬਰਾਤੇ ਕਦੇ-ਕਦਾਈਂ ਜਦੋਂ ਉਹ ਕਿਤੇ ਘਰ-ਫੇਰਾ ਮਾਰਦੇ ਤਾਂ ਬੱਚੇ ਸੁੱਤੇ ਹੁੰਦੇ ਸਨ, ਉਹ ਸੁੱਤੇ ਹੋਏ ਬੱਚਿਆਂ ਨੂੰ ਹੀ ਵਾਰੋ-ਵਾਰ ਚੁੱਕ ਕੇ

ਹਿੱਕ ਨਾਲ ਲਾਉਂਦੇ ਤਾਂ ਵੇਖਣ ਵਾਲਿਆਂ ਦੀਆਂ ਅੱਖਾਂ ਭਰ ਆਉਂਦੀਆਂ। ਭਾਈ ਜਗਦੀਪ ਸਿੰਘ ਵਕੀਲ ਦੇ ਦਿਲ ਦੀ ਕੋਮਲਤਾ ਤੇ ਭਾਵੁਕਤਾ ਬਾਰੇ ਇੱਕ ਘਟਨਾ ਲਿਖਣਯੋਗ ਹੈ।

ਭਾਈ ਜਗਦੀਪ ਸਿੰਘ ਰੂਪੋਸ਼ੀ ਦੇ ਸਾਰੇ ਸਮੇਂ ਵਿੱਚ ਸਿਰਫ਼ ਦੋ ਵਾਰ ਹੀ ਪਰਿਵਾਰ ਨੂੰ ਮਿਲੇ। ਪਹਿਲਾ ਮੇਲ ਗੁਰਦੁਆਰਾ ਨਾਨਕਸਰ ਜਗਰਾਉਂ ਵਿਖੇ ਹੋਇਆ। ਓਦੋਂ ਆਪ ਦੇ ਭੁਝੰਗੀ ਲਵਪ੍ਰੀਤ ਸਿੰਘ ਦੀ ਉਮਰ ਸਿਰਫ਼ ਛੇ ਕੁ ਸਾਲ ਦੀ ਸੀ। ਆਪ ਨੇ ਆਪਣੇ ਇਸ ਨਿੱਕੇ ਜਿਹੇ ਭੁਝੰਗੀ ਨੂੰ ਛਬੀਲ ਤੋਂ ਪਾਣੀ ਲਿਆਉਣ ਲਈ ਕਿਹਾ। ਬੱਚਾ ਨਿੱਕੇ-ਨਿੱਕੇ ਕਦਮਾਂ ਨਾਲ ਪਾਣੀ ਦਾ ਬਾਟਾ ਲੈ ਕੇ ਆਇਆ। ਭਾਈ ਜਗਦੀਪ ਸਿੰਘ ਨੇ ਉਹ ਪਾਣੀ ਥੋੜ੍ਹਾ ਕੁ ਪੀ ਕੇ ਬਾਕੀ ਉਸੇ ਹੀ ਤਰ੍ਹਾਂ ਅੱਖ ਬਚਾ ਕੇ ਓਥੇ ਰੋੜ੍ਹ ਦਿੱਤਾ। ਫਿਰ ਛੇਤੀ ਹੀ ਉਹਨਾਂ ਨੇ ਬੱਚੇ ਤੋਂ ਦੁਬਾਰਾ ਪਾਣੀ ਮੰਗਵਾਇਆ ਤੇ ਫਿਰ ਇਸੇ ਹੀ ਤਰ੍ਹਾਂ ਕੀਤਾ। ਫਿਰ ਛੇਤੀ ਹੀ ਤੀਜੀ ਵਾਰ ਪਾਣੀ ਮੰਗਵਾਇਆ। ਆਪ ਦੀ ਸਿੰਘਣੀ ਕਹਿਣ ਲੱਗੀ:

"ਤੁਸੀਂ ਪਾਣੀ ਪੀਂਦੇ ਤਾਂ ਹੈਂ ਨੀਂ, ਐਵੇਂ ਨਿਆਣੇ ਨੂੰ ਵਾਰ-ਵਾਰ ਕਿਉਂ ਭੇਜੀ ਜਾਂਦੇ ਓ...?"

ਭਾਈ ਜਗਦੀਪ ਸਿੰਘ ਦਾ ਜਵਾਬ ਸੀ- "ਮੈਨੂੰ ਇਹ (ਭੁਝੰਗੀ) ਤੁਰਦਾ ਸੋਹਣਾ ਬੜਾ ਲੱਗਦੈ....ਰੱਜ ਕੇ ਇਹਨੂੰ ਤੁਰਦਾ ਵੇਖ ਲੈਣਾ ਚਾਹੁੰਨੈਂ....ਫੇਰ ਪਤਾ ਨੀਂ ਮੌਕਾ ਮਿਲੇ ਕਿ ਨਾ ਮਿਲੇ...।"

ਇਸ ਮਿਲਣੀ ਤੋਂ ਛੇਤੀ ਹੀ ਪਿੱਛੋਂ ਦੂਜੀ ਪ੍ਰਰਿਵਾਰਕ ਮਿਲਣੀ ਓਦੋਂ ਹੋਈ ਜਦੋਂ ਭਾਈ ਜਗਦੀਪ ਸਿੰਘ ਵਕੀਲ ਇੱਕ ਵਾਰ ਆਪਣੇ ਹਥਿਆਰਬੰਦ ਸਾਥੀਆਂ ਦੇ ਸਮੇਤ ਰਾਤ ਸਮੇਂ ਆਪਣੇ ਘਰ ਆਏ।

ਕੁਝ ਦੇਰ ਬੈਠ ਕੇ ਬੱਚਿਆਂ ਨੂੰ ਪਿਆਰ ਕਰ ਕੇ ਤੇ ਸਿੰਘਣੀ ਨੂੰ ਫ਼ਤਹਿ ਬੁਲਾ ਕੇ ਵਿਦਾ ਹੋ ਗਏ। ਇਹ ਭਾਈ ਜਗਦੀਪ ਸਿੰਘ ਦੀ ਆਪਣੇ ਪਰਿਵਾਰ ਨਾਲ ਆਖਰੀ ਮਿਲਣੀ ਸੀ। ਇਸ ਤੋਂ ਦੋ ਕੁ ਮਹੀਨੇ ਬਾਅਦ ਹੀ...।

ਮਿਤੀ 20 ਨਵੰਬਰ 1990 ਨੂੰ ਭਾਈ ਜਗਦੀਪ ਸਿੰਘ ਵਕੀਲ ਤੇ ਇੱਕ ਹੋਰ ਸਿੰਘ ਇੱਕ ਮਰੂਤੀ ਕਾਰ 'ਤੇ ਜਾ ਰਹੇ ਸਨ ਕਿ ਕਾਰ ਦਾ ਐਕਸੀਡੈਂਟ ਹੋ ਗਿਆ। ਸਿੰਘਾਂ ਕੋਲ ਹਥਿਆਰ ਸਨ। ਇਸ ਹਾਦਸੇ ਪਿੱਛੋਂ ਇਹਨਾਂ ਸਿੰਘਾਂ ਨੇ ਮੋਗੇ ਤੋਂ ਚੰਡੀਗੜ੍ਹ ਜਾ ਰਹੀ ਬੱਸ ਰੋਕ ਲਈ ਤੇ ਉਸ ਵਿੱਚ ਚੜ੍ਹ ਗਏ। ਬੱਸ ਵਿੱਚ ਸਫ਼ਰ ਕਰ ਰਹੇ ਸਾਦਾ ਕੱਪੜਿਆਂ 'ਚ ਇੱਕ ਪੁਲੀਸ ਇੰਸਪੈਕਟਰ ਨੇ ਅਚਾਨਕ ਹੀ ਆਪਣਾ ਰਿਵਾਲਵਰ ਕੱਢ ਕੇ ਆਪ 'ਤੇ ਫ਼ਾਇਰਿੰਗ ਕਰ ਦਿੱਤੀ ਤੇ ਆਪ ਜ਼ਖ਼ਮੀ ਹੋ ਗਏ। ਜੁਆਬੀ ਗੋਲ਼ੀ ਵਿੱਚ ਉਹ ਇੰਸਪੈਕਟਰ ਵੀ ਬੁਰੀ ਤਰ੍ਹਾਂ ਜ਼ਖ਼ਮੀ ਹੋ ਗਿਆ।

ਹੁਣ ਘੇਰਾ ਪੈ ਜਾਣ ਦੇ ਡਰੋਂ ਆਪ ਨੇ ਅੰਤਮ ਫ਼ਤਹਿ ਬੁਲ਼ਾ ਕੇ ਸਾਥੀ ਸਿੰਘ ਨੂੰ ਬੱਸ ਵਿੱਚੋਂ ਉੱਤਰ ਕੇ ਨਿਕਲ ਜਾਣ ਲਈ ਕਿਹਾ ਅਤੇ ਸ਼ਹੀਦ ਹੋ ਗਏ। ਥੋੜ੍ਹੇ ਹੀ ਚਿਰ ਬਾਅਦ ਪੁਲੀਸ ਨੇ ਆ ਕੇ ਆਪ ਦੀ ਮਿਰਤਕ ਦੇਹ ਕਬਜ਼ੇ ਵਿੱਚ ਕਰ ਲਈ।

ਆਪ ਦੀ ਪਛਾਣ ਹੋ ਜਾਣ ਉਪਰੰਤ ਪੱਕੀ ਸ਼ਨਾਖਤ ਕਰਵਾਉਣ ਲਈ ਪੁਲੀਸ ਨੇ ਆਪ ਦੀ ਪਤਨੀ ਨੂੰ ਬਿਨਾਂ ਕੁਝ ਦੱਸੇ ਘਰੋਂ ਜਾ ਕੇ ਲਿਆਂਦਾ ਤੇ ਆਪ ਦੇ ਸਰੀਰ ਦੇ ਦੂਰੋਂ ਹੀ ਦਰਸ਼ਨ ਕਰਵਾ ਕੇ ਸ਼ਨਾਖ਼ਤ ਕਰਵਾਈ ਗਈ। ਆਪ ਦੀ ਬੱਚੀ ਰਵਿੰਦਰ ਕੌਰ ਜੋ ਕਿ ਉਸ ਸਮੇਂ ਪੰਜ ਕੁ ਸਾਲ ਦੀ ਸੀ, ਆਪਣੇ ਪਿਤਾ ਦਾ ਮਿਰਤਕ ਸਰੀਰ ਵੇਖ ਕੇ ਉਹਨਾਂ ਨੂੰ ਸੁੱਤਾ ਹੋਇਆ ਸਮਝ ਕੇ ਮਿਰਤਕ ਸਰੀਰ ਵੱਲ ਵਧਣ ਦੀ ਕੋਸ਼ਿਸ਼ ਕਰਨ ਲੱਗੀ, ਪਰ ਉਸ ਨੂੰ ਮਿਰਤਕ ਸਰੀਰ ਤਕ ਨਾ ਪਹੁੰਚਣ ਦਿੱਤਾ ਗਿਆ। ਨਿੱਕੀ ਜਿਹੀ ਬੱਚੀ ਵਿਰਲਾਪ ਕਰਦੀ ਰਹੀ ਪਰ ਜ਼ਾਲਮ ਪੁਲੀਸ ਅਫ਼ਸਰਾਂ ਨੇ ਉਸ ਮਸੂਮ ਜਿੰਦੜੀ ਨੂੰ ਆਪਣੇ ਪਿਤਾ ਨਾਲ ਆਖਰੀ ਵਾਰ ਨਾ ਮਿਲਣ ਦਿੱਤਾ ਤੇ ਆਪਣੇ ਤੌਰ 'ਤੇ ਹੀ ਭਾਈ ਜਗਦੀਪ ਸਿੰਘ ਵਕੀਲ ਦੀ ਮਿਰਤਕ ਦੇਹ ਦਾ ਸਸਕਾਰ ਕਰ ਦਿੱਤਾ।

ਪੁਲੀਸ ਨੇ ਐਲਾਨ ਕੀਤਾ ਕਿ ਭਾਈ ਜਗਦੀਪ ਸਿੰਘ ਵਕੀਲ ਨੂੰ ਮਾਰ ਕੇ ਭਾਈ ਗੁਰਜੰਟ ਸਿੰਘ ਬੁੱਧ ਸਿੰਘ ਵਾਲਾ ਦੀ ਸੱਜੀ ਬਾਂਹ ਵੱਢ ਦਿੱਤੀ ਗਈ ਹੈ, ਪਰ ਭਾਈ ਜਗਦੀਪ ਸਿੰਘ ਦੀ ਆਪਣੀ ਧਰਮ ਪਤਨੀ ਨੂੰ ਲਿਖੀ ਚਿੱਠੀ ਅੱਜ ਵੀ ਸੰਘਰਸ਼ਸ਼ੀਲ ਯੋਧਿਆਂ ਦੇ ਨਾਲ-ਨਾਲ ਉਹਨਾਂ ਦੇ ਪਰਿਵਾਰਾਂ ਨੂੰ ਵੀ ਆਪਣੇ ਫ਼ਰਜ਼ਾਂ ਦਾ ਅਹਿਸਾਸ ਕਰਵਾਉਂਦੀ ਹੈ ਅਤੇ ਰਹਿੰਦੀ ਦੁਨੀਆਂ ਤਕ ਕਰਵਾਉਂਦੀ ਵੀ ਰਹੇਗੀ।

ਭਾਈ ਜਗਦੀਪ ਸਿੰਘ ਵਕੀਲ ਦਾ ਆਪਣੀ ਪਤਨੀ ਦੇ ਨਾਂ ਖਤ

ਸਤਿਗੁਰ ਪ੍ਰਸਾਦਿ॥

ਜਉ ਤਉ ਪ੍ਰੇਮ ਖੇਲਣ ਕਾ ਚਾਉ ॥

ਸਿਰੁ ਧਰਿ ਤਲੀ ਗਲੀ ਮੇਰੀ ਆਉ ॥

ਇਤੁ ਮਾਰਗਿ ਪੈਰੁ ਧਰੀਜੈ ॥

ਸਿਰੁ ਦੀਜੈ ਕਾਣਿ ਨ ਕੀਜੈ ॥

ਜਿਸ ਰਸਤੇ 'ਤੇ ਮੈਂ ਤੁਰਿਆ ਹਾਂ, ਮੈਨੂੰ ਪਤਾ ਹੈ ਇਹਦਾ ਅਖੀਰ ਕੀ ਹੈ।

ਇਸ ਰਸਤੇ 'ਤੇ ਚੱਲਦਿਆਂ ਅਸੀਂ ਆਪਣੀ ਕੌਮ ਨੂੰ ਅਜ਼ਾਦ ਹੋਇਆਂ ਵੀ ਵੇਖ ਸਕਦੇ ਹਾਂ ਤੇ ਕਿਸੇ ਵੀ ਪਲ ਕਿਸੇ ਵੀ ਸਮੇਂ ਲਾੜੀ ਮੌਤ ਨੂੰ ਵੀ ਗਲੇ ਲਾਉਣਾ ਪੈ ਸਕਦਾ ਹੈ।

ਇੱਕ ਸਿਹਰੇ-ਗਾਨੇ ਬੰਨ੍ਹ ਕੇ ਬੰਦਾ ਦੁਨਿਆਵੀ ਲਾੜੀ ਨੂੰ ਵਿਆਹੁਣ ਜਾਂਦਾ ਹੈ ਅਤੇ ਉਮਰਾਂ ਤੀਕ ਤੋੜ ਨਿਭਾਉਣ ਦਾ ਪ੍ਰਣ ਕਰਦਾ ਹੈ; ਇੱਕ ਸਿਹਰੇ-ਗਾਨੇ ਬੰਨ੍ਹ ਕੇ ਅਜ਼ਾਦੀ ਦੀ ਲਾੜੀ ਨੂੰ ਵਿਆਹੁਣ ਲਈ ਨਿਕਲਦਾ ਹੈ ਅਤੇ ਪ੍ਰਣ ਕਰਦਾ ਹੈ ਕਿ ਆਖਰੀ ਸਵਾਸ ਤਕ ਇਹਦੇ ਨਾਲ ਵੀ ਵਫ਼ਾ ਨਿਭ ਜਾਵੇ। ਸਿਹਰੇ-ਗਾਨੇ ਬੰਨ੍ਹ ਕੇ ਤੈਨੂੰ ਵੀ ਕਦੇ ਲਿਆਂਦਾ ਸੀ, ਅੱਜ ਤਕ ਕਦੇ ਕਿਸੇ ਵੀ ਪੱਖੋਂ ਕਦੇ ਬੇਵਫ਼ਾਈ ਨਹੀਂ ਕੀਤੀ। ਜ਼ਿੰਦਗੀ ਵਿੱਚ ਅੱਜ ਜਿਸ ਮੋੜ 'ਤੇ ਆ ਕੇ ਪਹੁੰਚੇ ਹਾਂ, ਇੱਥੇ ਪਹੁੰਚ ਕੇ ਤੈਨੂੰ ਛੱਡਣਾ ਪੈ ਰਿਹਾ ਹੈ, ਪਰ ਇਹ ਵੀ ਤੇਰੇ ਨਾਲ ਕੋਈ ਬੇਵਫ਼ਾਈ ਨਹੀਂ ਹੈ।

ਜਿਸ ਗੁਰੂ ਗਰੰਥ ਸਾਹਿਬ ਦੇ ਸਾਮ੍ਹਣੇ ਤੇਰੇ ਨਾਲ ਤੋੜ ਨਿਭਾਉਣ ਦਾ ਪ੍ਰਣ ਕੀਤਾ ਸੀ, ਉਸੇ ਦੀ ਹੀ ਬਾਣੀ ਨੇ ਵੰਗਾਰ ਕੇ ਇਸ ਰਸਤੇ 'ਤੇ ਤੋਰਿਆ ਹੈ।

ਤੁਹਾਨੂੰ ਵੀ ਇਸ ਦਾ ਕੋਈ ਅਫ਼ਸੋਸ ਜਾਂ ਗ਼ਮ ਨਹੀਂ ਹੋਣਾ ਚਾਹੀਦਾ। ਮੈਂ ਤੇਰੇ ਕੋਲੋਂ ਦ੍ਰਿੜ੍ਹ ਹੌਸਲੇ ਦੀ ਆਸ ਰੱਖਦਾ ਹਾਂ। ਉਮੀਦ ਹੈ ਕਿ ਦਸਮੇਸ਼ ਪਿਤਾ ਦੇ ਵਿਖਾਏ ਅਸੂਲਾਂ 'ਤੇ ਅਮਲ ਕਰ ਕੇ ਤੂੰ ਕਦੇ ਹੌਸਲਾ ਨਹੀਂ ਛੱਡੇਂਗੀ। ਸਾਹਿਬ ਦੇ ਹੁਕਮੀ ਬੱਧਿਆਂ ਨੂੰ ਭਾਵੇਂ ਇਹ ਇਤਿਹਾਸਕ ਮਜਬੂਰੀ ਬਣ ਗਈ ਹੈ ਕਿ ਮੈਨੂੰ ਸਾਰੀ ਦੁਨਿਆਵੀ ਨਾਤੇਦਾਰੀ ਤੋਂ ਮੂੰਹ ਮੋੜਨਾ ਪੈ ਰਿਹਾ ਹੈ, ਪਰ ਮੈਂ ਸਾਰੀ ਕੌਮ ਨਾਲ ਜੋ ਸਾਂਝ ਪਾ ਰਿਹਾ ਹਾਂ ਉਹ ਇਸ ਤੋਂ ਕਿਤੇ ਵੱਡੀ ਦਿਸਦੀ ਹੈ।

ਜਾਣਦਾ ਹਾਂ ਕਿ ਇਸ ਰਸਤੇ 'ਤੇ ਚੱਲਦਿਆਂ ਮੇਰੇ ਨਾਲੋਂ ਵੀ ਵੱਧ ਔਕੜਾਂ ਤੁਹਾਨੂੰ ਪੇਸ਼ ਆਉਣਗੀਆਂ, ਬੱਚਿਆਂ ਨੂੰ ਪੇਸ਼ ਆਉਣਗੀਆਂ, ਪਰ ਕੌਮ ਦੇ ਕੰਮ ਨੂੰ ਹੱਥ ਪਾਉਣ ਵਾਲਿਆਂ ਨੂੰ ਆਪਣੇ ਨਿੱਜੀ ਤੇ ਘਰੇਗੀ ਫ਼ਿਕਰ ਇੱਕ ਪਾਸੇ ਹੀ ਰੱਖ ਦੇਣੇ ਪੈਂਦੇ ਹਨ। ਤੁਹਾਡੇ ਹੀ ਤਰ੍ਹਾਂ ਤੇ ਤੁਹਾਡੇ ਤੋਂ ਵੀ ਵੱਧ ਤਕਲੀਫ਼ ਵਿੱਚ ਕੌਮ ਦੀਆਂ ਬੇਅੰਤ ਸਿੰਘਣੀਆਂ ਤੇ ਬੱਚੇ ਜ਼ਿੰਦਗੀ ਬਸਰ ਕਰ ਰਹੇ ਹਨ, ਇਹਨਾਂ ਸਾਰਿਆਂ ਦੀ ਬਿਹਤਰੀ ਲਈ ਹੀ ਮੈਂ ਇਹ ਮਾਰਗ ਚੁਣਿਆ ਹੈ।

ਤੂੰ ਸਾਡੀ ਇਕੱਠੀ ਜ਼ਿੰਦਗੀ ਵਿੱਚ ਵਧੀਆ ਸਾਥ ਨਿਭਾਇਆ ਹੈ, ਅੱਗੋਂ ਵੀ ਉਮੀਦ ਕਰਦਾ ਹਾਂ ਕਿ ਕਦੇ ਦਿਲ ਨਹੀਂ ਛੱਡੇਂਗੀ। ਭਾਵੇਂ ਕੋਈ ਕਿੰਨੀ ਵੀ ਵੱਡੀ ਮੁਸੀਬਤ ਆ ਪਵੇ, ਮੈਂ ਤੈਨੂੰ ਡੋਲੀ ਹੋਈ ਨਹੀਂ ਵੇਖ ਸਕਦਾ। ਸਾਡੀ ਜ਼ਿੰਦਗੀ ਵਿੱਚ ਮੈਂ ਅਤੇ ਮੇਰੀ ਰੂਹ ਤੈਨੂੰ ਡੋਲਦੀ ਵੇਖ ਕੇ ਖ਼ੁਸ਼ ਨਹੀਂ ਰਹਿ ਸਕੇਗੀ। ਇਸ ਕਰ ਕੇ ਆਸ ਕਰਦਾ ਹਾਂ ਤੂੰ ਹਮੇਸ਼ਾ ਖ਼ੁਸ਼ ਰਹਿਆ ਕਰੇਂਗੀ, ਬੱਚਿਆਂ ਨੂੰ ਵੀ ਸਮਝਾ ਕੇ ਖ਼ੁਸ਼ ਰੱਖਿਆ ਕਰੇਂਗੀ। ਉਹਨਾਂ ਦੇ ਕੋਲ ਤਾਂ ਤੂੰ ਹੈਂ, ਦੁਨੀਆਂ ਵਿੱਚ ਐਸੇ ਵੀ ਬੱਚੇ ਹੁੰਦੇ ਹਨ, ਜਿਨ੍ਹਾਂ ਕੋਲ ਮਾਂ ਤੇ ਬਾਪ ਦੋਵੇਂ ਹੀ ਨਹੀਂ ਹੁੰਦੇ, ਉਹ ਫਿਰ ਵੀ ਪਲ ਕੇ ਵਧੀਆ ਇਨਸਾਨ ਬਣ ਜਾਂਦੇ ਹਨ। ਉਮੀਦ ਰੱਖਾਂਗਾ ਕਿ ਤੂੰ ਦੋਹਾਂ ਬੱਚਿਆਂ ਨੂੰ ਵਧੀਆ ਇਨਸਾਨ ਬਣਾਏਂਗੀ, ਸੱਚ ਦੇ ਰਸਤੇ 'ਤੇ ਚੱਲਣ ਵਾਲੇ।

ਦਿਲ ਜਦ ਵੀ ਡੋਲਦਾ ਹੈ ਤਾਂ ਸ੍ਰੀ ਗੁਰੂ ਗਰੰਥ ਸਾਹਿਬ ਦੀ ਬਾਣੀ ਤੋਂ ਵੱਡਾ ਕੋਈ ਆਸਰਾ ਨਹੀਂ ਹੋ ਸਕਦਾ। ਬਾਣੀ ਪੜ੍ਹਿਆ ਕਰ, ਬੱਚਿਆਂ ਨੂੰ ਵੀ ਆਦਤ ਪਾਵੀਂ। ਦੁਨੀਆਂ ਦੇ ਹਰ ਦੁੱਖ ਦਾ ਇਲਾਜ ਗੁਰੂਆਂ ਦੀ ਬਾਣੀ ਅੰਦਰ ਹੈ। ਮੇਰੀਆਂ ਲਿਆਂਦੀਆਂ ਹੋਈਆਂ ਛੋਟੀਆਂ-ਛੋਟੀਆਂ ਧਾਰਮਿਕ ਕਿਤਾਬਾਂ ਦਾ ਇੱਕ ਬੰਡਲ ਆਪਣੇ ਘਰ ਅਲਮਾਰੀ ਵਿੱਚ ਪਿਆ ਹੈ, ਉਹ ਸਾਰੀਆਂ ਲੈ ਜਾਵੀਂ। ਵਿਹਲੇ ਵੇਲੇ ਉਹਨਾਂ ਨੂੰ ਪੜ੍ਹਿਆ ਕਰ, ਮਨ ਮਜ਼ਬੂਤ ਹੋਵੇਗਾ। ਬੱਚਿਆਂ ਦੇ ਸਾਮ੍ਹਣੇ ਕਦੇ ਰੋਣਾ ਨਹੀਂ, ਉਹਨਾਂ ਨੂੰ ਮਜ਼ਬੂਤ ਇਰਾਦੇ ਵਾਲੇ ਬਣਾਉਣਾ ਹੈ। ਅਸੀਂ ਜੇ ਸਾਡੀ ਕੌਮ ਦੀ ਅਣਖ ਤੇ ਆਬਰੂ ਖ਼ਾਤਰ ਸਭ ਕੁਝ ਛੱਡ-ਛਡਾ ਕੇ ਨਿਕਲੇ ਹਾਂ, ਤਾਂ ਘੱਟ ਤੋਂ ਘੱਟ ਆਪਣੇ ਪਰਿਵਾਰ ਤੋਂ ਇਹ ਉਮੀਦ ਤਾਂ ਰੱਖਦੇ ਹੀ ਹਾਂ ਕਿ ਉਹ ਕਿਸੇ ਵੀ ਪੱਖੋਂ ਕੋਈ ਅਜਿਹਾ ਕੰਮ ਨਾ ਕਰਨ ਜਾਂ ਕਿਸੇ ਪੱਖੋਂ ਮਨ ਨੂੰ ਨਾ ਡੁਲਾਉਣ ਜਿਸ ਨਾਲ ਸਾਨੂੰ ਸਿਰ ਨੀਵਾਂ ਕਰਨਾ ਪਵੇ; ਕਿਉਂਕਿ ਅਸੀਂ ਉਸ ਗੁਰੂ ਦੇ ਸਿੰਘ ਹਾਂ, ਜਿਨ੍ਹਾਂ ਨੇ ਸਾਨੂੰ ਸਿਰ ਉੱਚਾ ਕਰ ਕੇ ਜਿਊਣ ਦਾ ਵੱਲ ਸਿਖਾਇਆ ਹੈ। ਉਮੀਦ ਕਰਦਾ ਹਾਂ ਕਿ ਤੂੰ ਮੇਰੇ ਇਸ ਸ਼ਾਨਮੱਤੇ ਸਿਰ ਨੂੰ ਕਦੇ ਨੀਵਾਂ ਨਹੀਂ ਹੋਣ ਦੇਵੇਂਗੀ। ਜ਼ਿੰਦਗੀ ਵਿੱਚ ਕਿੰਨੇ ਹੀ ਔਖੇ ਦਿਨ ਆਉਣ, ਪਰਮਾਤਮਾ ਦੀ ਰਜ਼ਾ ਤੇ ਭਾਣਾ ਮੰਨ ਕੇ ਕੱਟਣੇ

ਹਨ, ਸਿੱਖੀ ਅਸੂਲਾਂ ਤੋਂ ਡਿੱਗ ਕੇ ਨਹੀਂ।

ਇਹ ਵੀ ਸਮਝਦਾ ਹਾਂ ਕਿ ਤੈਨੂੰ ਮਾਇਕ ਔਕੜਾਂ ਵੀ ਆ ਸਕਦੀਆਂ ਹਨ। ਜੇ ਕਦੇ ਵੀ ਅਜਿਹਾ ਹੋਵੇ ਤਾਂ ਟੂੰਮ-ਛੱਲਾ ਤੇ ਘਰ-ਘਾਟ ਜੋ ਮਰਜ਼ੀ ਵੇਚਣਾ ਪਵੇ, ਇਹਨਾਂ ਤੰਗੀਆਂ ਵਿੱਚ ਕਿਸੇ ਦੇ ਸਾਮ੍ਹਣੇ ਝੁਕਣਾ ਨਹੀਂ ਤੇ ਬੱਚਿਆਂ 'ਤੇ ਇਸ ਦਾ ਬੋਝ ਨਹੀਂ ਪੈਣ ਦੇਣਾ। ਅਕਾਲ ਪੁਰਖ ਅੱਗੇ ਸੰਕਟ ਦੂਰ ਕਰਨ ਦੀ ਅਰਦਾਸ ਕਰਨੀ। ਕਿਸੇ ਦੁਨਿਆਵੀ ਸ਼ਕਤੀ ਅੱਗੇ ਕਦੇ ਪੱਲਾ ਨਹੀਂ ਅੱਡਣਾ ਅਤੇ ਕਿਸੇ ਦੀ ਈਨ ਨਹੀਂ ਮੰਨਣੀ। ਕਿਉਂਕਿ ਮੈਂ ਜਾਣਦਾ ਹਾਂ ਕਿ ਅਜਿਹੇ ਮੌਕੇ ਇਸ ਸਵਾਰਥਾਂ ਭਰੀ ਦੁਨੀਆਂ 'ਚ ਪ੍ਰਮਾਤਮਾ ਬਿਨਾਂ ਕੋਈ ਕੰਮ ਨਹੀਂ ਆਉਂਦਾ।

ਜਦੋਂ ਦੋ ਦੇਸ਼ਾਂ ਦੀ ਜੰਗ ਚੱਲਦੀ ਹੈ ਤਾਂ ਉਹਦੇ ਵਿੱਚ ਲੜਨ ਵਾਲ਼ਿਆਂ ਦਾ ਕੋਈ ਉਦੇਸ਼ ਨਹੀਂ ਹੁੰਦਾ, ਸਿਰਫ਼ ਚੌਧਰਪੁਣੇ ਤੇ ਹੰਕਾਰਵਾਦ ਦੀ ਜੰਗ ਹੁੰਦੀ ਹੈ ਤੇ ਲੜਨ ਵਾਲ਼ੇ ਨੇ ਕੁਝ ਟਕਿਆਂ ਦੀ ਖ਼ਾਤਰ ਜਾਂ ਪੇਟ ਦੀ ਭੁੱਖ ਖ਼ਾਤਰ ਲੜਾਈ ਲੜਨੀ ਹੁੰਦੀ ਹੈ, ਫਿਰ ਵੀ ਫ਼ਰੰਟ 'ਤੇ ਜਾਣ ਵਾਲ਼ੇ ਫ਼ੌਜੀਆਂ ਦੇ ਪਰਿਵਾਰ ਹੱਸ ਕੇ ਵਿਦਾ ਕਰਦੇ ਹਨ। ਸਾਡੇ ਸਾਮ੍ਹਣੇ ਕੋਈ ਇਹੋ ਜਿਹੀ ਮਜਬੂਰੀ ਵੀ ਨਹੀਂ ਤੇ ਸਾਡੀ ਲੜਾਈ ਦਾ ਉਦੇਸ਼ ਵੀ ਹੈ। ਅਸੀਂ ਪੂਰੀ ਕੌਮ ਦੀ ਅਜ਼ਾਦੀ ਲਈ ਫ਼ਰੰਟ ਨੂੰ ਤੁਰੇ ਹਾਂ, ਤੈਨੂੰ ਕੋਈ ਅਫ਼ਸੋਸ ਨਹੀਂ, ਸਗੋਂ ਮਾਣ ਹੋਣਾ ਚਾਹੀਦਾ ਹੈ।

ਮੌਤ ਤਾਂ ਹਰ ਹੀਲੇ ਆ ਕੇ ਰਹਿਣੀ ਹੈ, ਕੋਈ ਦੋ ਬੋਰੀਆਂ ਕਣਕ ਦੀਆਂ ਘੱਟ ਤੇ ਕੋਈ ਵੱਧ ਖਾ ਕੇ ਇੱਥੋਂ ਚਲਾ ਜਾਂਦਾ ਹੈ। ਸਿਰਫ਼ ਖਾ ਪੀ ਕੇ ਤੇ ਐਸ਼ ਕਰ ਕੇ ਉਮਰਾਂ ਭੋਗ ਕੇ ਚਲੇ ਜਾਣ ਨੂੰ ਹੀ ਤਾਂ ਜ਼ਿੰਦਗੀ ਨਹੀਂ ਕਿਹਾ ਜਾ ਸਕਦਾ। ਠੀਕ ਹੈ ਅਸੀਂ ਹੋਰਨਾਂ ਨਾਲ਼ੋਂ ਚੰਦ ਸਾਲ ਘੱਟ ਜੀਅ ਲਵਾਂਗੇ ਪਰ ਗ਼ੁਲਾਮੀ ਦੀ ਜ਼ਿੰਦਗੀ ਨਾਲ਼ੋਂ ਅਣਖ ਦੀ ਮੌਤ ਮਰਾਂਗੇ। ਸਾਡੀ ਆਉਣ ਵਾਲ਼ੀ ਨਸਲ ਕਦੇ ਵੀ ਸਾਨੂੰ ਬੇਅਣਖੇ ਜਾਂ ਗ਼ੱਦਾਰ ਨਹੀਂ ਕਹੇਗੀ। ਬੇਅਣਖੀ, ਜ਼ਲੀਲ ਤੇ ਗ਼ੁਲਾਮੀ ਵਾਲ਼ੀ ਜ਼ਿੰਦਗੀ, ਜ਼ਹਿਰ ਦਾ ਪਿਆਲਾ ਹੈ। ਸਾਡੀ ਸ਼ਾਨ ਨਾਲ ਆਉਣ ਵਾਲ਼ੀ ਮੌਤ, ਸ਼ਹੀਦੀ ਦਾ ਸੱਚਾ-ਸੁੱਚਾ ਜਾਮ ਹੋਵੇਗੀ। ਠੀਕ ਹੈ ਅਸੀਂ ਨਹੀਂ ਹੋਵਾਂਗੇ ਪਰ ਸਾਨੂੰ ਕੌਮ ਕਦੇ ਭੁਲਾਵੇਗੀ ਨਹੀਂ, ਅਸੀਂ ਸਾਥ ਨਾ ਹੁੰਦੇ ਹੋਏ ਵੀ ਤੁਹਾਡੇ ਸਾਰੇ ਪਰਿਵਾਰ ਦੇ ਹੀ ਨਹੀਂ, ਸਾਰੀ ਕੌਮ ਦੇ ਵੀ ਅੰਗ-ਸੰਗ ਹੋਵਾਂਗੇ। ਤੁਹਾਨੂੰ ਅਜ਼ਾਦੀ ਵਿੱਚ ਸਾਹ ਲੈਂਦਿਆਂ ਵੇਖ ਕੇ ਸਾਡੀ ਰੂਹ ਖ਼ੁਸ਼ ਹੋਵੇਗੀ। ਅਸੀਂ ਉਸ ਦਸਮੇਸ਼ ਪਿਤਾ ਦੇ ਚਰਨਾਂ ਦੀ ਧੂੜ ਦਾ ਨਿਮਾਣਾ ਜਿਹਾ ਕਿਣਕਾ ਹਾਂ, ਜਿਸ ਨੇ ਧਰਮ ਤੇ ਕੌਮ ਦੀ ਖ਼ਾਤਰ ਸਾਰਾ ਸਰਬੰਸ ਵਾਰ ਦਿੱਤਾ ਸੀ। ਉਸ ਦੇ ਦਿਖਾਏ ਹੋਏ ਰਾਹ 'ਤੇ ਚੱਲਦਿਆਂ ਮੇਰਾ ਤੁਹਾਨੂੰ ਛੱਡ ਕੇ ਆ ਜਾਣਾ ਕੋਈ ਅਨੋਖੀ ਤੇ ਅਲੋਕਾਰ ਗੱਲ ਨਹੀਂ ਹੈ।

ਬੇਸ਼ੱਕ ਮੈਂ ਤਾਂ ਉਸ ਦਿਨ ਹੀ ਇਸ ਨੂੰ ਸਫਲ ਸਮਝ ਸਕਾਂਗਾ, ਜਦ ਸਿੱਖੀ ਸਿਦਕ ਅਖੀਰ ਤਕ ਸਾਥ ਨਿਭੇਗਾ। ਮੈਂ ਤੁਹਾਨੂੰ ਵਿਸਾਰ ਵੀ ਨਹੀਂ ਦਿੱਤਾ, ਬਲਕਿ ਤੁਸੀਂ ਹਮੇਸ਼ਾ ਹੀ ਮੇਰੇ ਕੋਲ ਮੇਰੀਆਂ ਅੱਖਾਂ ਦੇ ਸਾਮ੍ਹਣੇ ਤੇ ਦਿਲ ਦੇ ਅੰਦਰ ਕਿੱਧਰੇ ਨਜ਼ਰ ਆਉਂਦੇ ਹੋ, ਲੇਕਿਨ ਸਾਡੇ ਇਤਿਹਾਸਕ ਕਾਰਜ ਵਿੱਚ ਤੁਹਾਨੂੰ ਛੱਡ ਕੇ ਤੁਰ ਆਉਣਾ ਸਾਡੀ ਇਤਿਹਾਸਕ ਮਜਬੂਰੀ ਬਣ ਗਈ ਹੈ। ਦੁਨੀਆਂ ਵਿੱਚ ਬਹੁਤ ਦਿਲ ਢਾਹੁਣ ਵਾਲ਼ੀਆਂ ਗੱਲਾਂ ਹੀ ਵਾਪਰਦੀਆਂ ਹਨ, ਕਿਸੇ ਵੀ ਗੱਲ ਨੂੰ ਦਿਲ 'ਤੇ ਨਹੀਂ ਲਾਉਣਾ। ਅਕਾਲ ਪੁਰਖ ਦੀ ਲਿਖੀ ਹੋਈ ਕਿਸਮਤ ਅਟੱਲ ਹੈ, ਇਸ ਵਿੱਚ ਰਾਈ ਭਰ ਦਾ ਵੀ ਵਾਧਾ ਘਾਟਾ ਨਹੀਂ ਹੋ ਸਕਦਾ, ਇਸ ਕਰ ਕੇ ਦਿਲ ਢਾਹੂ

ਗੱਲਾਂ ਵੱਲ ਧਿਆਨ ਨਹੀਂ ਦੇਣਾ, ਅਕਾਲ ਪੁਰਖ ਦੇ ਭਾਣੇ ਵਿੱਚ ਸਬਰ ਤੇ ਸ਼ੁਕਰ ਨਾਲ ਜ਼ਿੰਦਗੀ ਗੁਜ਼ਾਰਨੀ ਹੈ ਤੇ ਸਿੱਖੀ ਸ਼ਾਨ ਤੇ ਅਣਖ ਦੀ ਬੁਲੰਦੀ ਨੂੰ ਜ਼ਿੰਦਗੀ ਦੀ ਕਿਸੇ ਨਿਗੂਣੀ ਜ਼ਰੂਰਤ ਤੇ ਕੁਰਬਾਨ ਨਹੀਂ ਕਰਨਾ। ਨਹੀਂ ਤਾਂ ਇਸ ਜ਼ਿੰਦਗੀ 'ਚ ਮੈਂ ਤੇ ਮੇਰੇ ਬਾਅਦ ਮੇਰੀ ਰੂਹ ਵੀ ਖ਼ੁਸ਼ ਨਹੀਂ ਰਹਿ ਸਕੇਗੀ।

ਗੁਰੂ ਪੰਥ ਦਾ ਦਾਸ

-ਜਗਦੀਪ ਸਿੰਘ ਮੋਗਾ

* * * * *

ਪੁਲੀਸ ਫ਼ੋਰਸਾਂ ਨੂੰ 'ਚਿੜੀਆਂ' ਕਹਿਣ ਵਾਲ਼ਾ ਬੇਪਰਵਾਹ ਜੁਝਾਰੂ

ਸ਼ਹੀਦ ਭਾਈ ਦਲਬੀਰ ਸਿੰਘ ਬਿੱਲਾ ਵਰਪਾਲ

ਗੱਲਾਂ ਹੁੰਦੀਆਂ ਨੇ ਘਰ-ਘਰ ਸਾਰੇ, ਬਿੱਲੇ ਵਰਪਾਲ ਦੀਆਂ...

ਇੱਕ ਕਵੀਸ਼ਰੀ ਜਥੇ ਦੀਆਂ ਸਟੇਜਾਂ ਤੋਂ ਬੋਲੀਆਂ ਜਾਂਦੀਆਂ ਇਹ ਲਾਈਨਾਂ ਵਰਪਾਲ ਪਿੰਡ ਵਿੱਚ ਜਨਮੇ ਉਸ ਸੂਰਮੇ ਪ੍ਰਤੀ ਸਨ, ਜਿਸ ਨੇ ਭਾਰਤ ਸਰਕਾਰ ਵੱਲੋਂ ਸਿੱਖ ਕੌਮ ਸਿਰ ਚਾੜ੍ਹੀ ਭਾਜੀ ਮੋੜਨ ਹਿੱਤ ਸਿਰ 'ਤੇ ਖੱਫਣ ਬੰਨ੍ਹ ਕੇ ਤਰਨ ਤਾਰਨ ਦੇ ਇਲਾਕੇ ਵਿੱਚ ਅਜਿਹੀ ਤਰਥੱਲੀ ਮਚਾਈ ਕਿ ਜਾਬਰ ਹਕੂਮਤ ਦਿੱਲੀ ਤਕ ਹਿੱਲ ਗਈ।

ਇਸ ਸੂਰਮੇ ਦਾ ਜਨਮ ਅਪ੍ਰੈਲ 1964 ਵਿੱਚ ਪਿਤਾ ਸ. ਸਰਦੂਲ ਸਿੰਘ ਦੇ ਗ੍ਰਹਿ ਵਿਖੇ ਮਾਤਾ ਗੋਪਾਲ ਕੌਰ ਦੀ ਕੁੱਖੋਂ, ਅੰਮ੍ਰਿਤਸਰ (ਹੁਣ ਤਰਨ ਤਾਰਨ) ਜ਼ਿਲ੍ਹੇ ਦੀ ਪੱਟੀ ਤਹਿਸੀਲ ਦੇ ਪਿੰਡ ਵਰਪਾਲ ਵਿਖੇ ਹੋਇਆ। ਵੱਡੇ ਤਿੰਨ ਭੈਣ-ਭਰਾ, ਸਕੱਤਰ ਸਿੰਘ, ਲਖਬੀਰ ਸਿੰਘ ਤੇ ਜਗੀਰ ਕੌਰ ਤੋਂ ਬਾਅਦ ਜਨਮੇ ਇਸ ਬਾਲਕ ਦਾ ਨਾਂ ਮਾਪਿਆਂ ਨੇ ਦਲਬੀਰ ਸਿੰਘ ਰੱਖਿਆ, ਜਿਸ ਨਾਲ਼ ਬਾਅਦ ਵਿੱਚ ਬਿੱਲੀਆਂ ਅੱਖਾਂ ਹੋਣ ਕਾਰਨ 'ਬਿੱਲਾ' ਉਪਨਾਮ ਜੁੜ ਗਿਆ।

ਸੰਨ 1978 ਦੇ ਸਾਕੇ ਵੇਲੇ ਭਾਈ ਦਲਬੀਰ ਸਿੰਘ ਦੀ ਉਮਰ ਬੇਸ਼ੱਕ 14 ਕੁ ਸਾਲਾਂ ਦੀ ਸੀ, ਪਰ ਉਹਨਾਂ ਦੀ ਮਾਨਸਿਕਤਾ ਉੱਪਰ ਇਸ ਸਾਕੇ ਨੇ ਡੂੰਘਾ ਪ੍ਰਭਾਵ ਛੱਡਿਆ ਸੀ, ਜਿਸ ਦਾ ਪ੍ਰਮਾਣ ਉਹਨਾਂ ਦਾ ਭਰ ਜਵਾਨੀ ਦੀ ਉਮਰ ਵਿੱਚ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲ਼ਿਆਂ ਵੱਲੋਂ ਬਾਲੀ ਸਿੱਖ ਅਜ਼ਾਦੀ ਦੀ ਸ਼ਮ੍ਹਾ ਦੁਆਲ਼ੇ ਪਤੰਗਿਆਂ ਵਾਂਗ ਮੰਡਰਾਉਣ ਤੋਂ ਮਿਲ਼ਦਾ ਹੈ।

ਭਾਈ ਬਿੱਲਾ ਭਰ ਜਵਾਨੀ ਵਿੱਚ ਸਨ, ਜਦੋਂ ਉਹਨਾਂ ਤੋਂ ਵੱਡਾ ਭਰਾ ਲਖਬੀਰ ਸਿੰਘ ਘਰੋਂ ਕਿਸੇ ਕੰਮ ਗਿਆ, ਵਾਪਸ ਨਾ ਪਰਤਿਆ। ਮਾਪਿਆਂ ਲਈ ਤਾਂ 'ਦਲਬੀਰ' ਆਪਣੇ ਲਾਪਤਾ ਹੋਏ ਭਰਾ ਨੂੰ ਲੱਭਣ ਲਈ ਜਾਂਦਾ ਸੀ ਤਾਂ ਹੀ ਹਫ਼ਤਾ-ਹਫ਼ਤਾ ਘਰ ਵਾਪਸ ਨਹੀਂ ਸੀ ਪਰਤਦਾ, ਪਰ ਉਹਨਾਂ ਨੂੰ ਕੀ ਪਤਾ ਸੀ ਕਿ ਉਹਨਾਂ ਦਾ ਪੁੱਤ ਆਪਣੇ ਕਿਸ ਪਰਿਵਾਰ ਦੀ ਕਿਹੜੀ ਸ਼ੈਅ ਲੱਭਣ ਲਈ ਨਿਕਲ ਤੁਰਿਆ ਹੈ। ਆਪਣੇ ਖ਼ਾਲਸਾ ਪਰਿਵਾਰ ਦੀ ਗੁਆਚੀ ਅਜ਼ਾਦੀ ਦੀ ਖੋਜ ਵਿੱਚ ਤੁਰੇ ਭਾਈ ਦਲਬੀਰ ਸਿੰਘ ਬਿੱਲਾ ਦਾ ਮਾਪਿਆਂ ਨੇ ਸੰਨ 1982 (20 ਹਾੜ) ਨੂੰ ਵਿਆਹ ਕਰ ਦਿੱਤਾ। ਬੀਬੀ ਸਤਵੰਤ ਕੌਰ ਸਪੁੱਤਰੀ ਸ. ਮੱਲ ਸਿੰਘ ਪਿੰਡ ਸਰਾਵਾਂ, ਨੇੜੇ ਖੇਮਕਰਨ

ਆਪ ਦੀ ਜੀਵਨ-ਸਾਥਣ ਬਣੀ।

ਭਾਈ ਦਲਬੀਰ ਸਿੰਘ ਬਿੱਲਾ ਦੀ ਜੀਵਨ-ਸਾਥਣ ਤੋਂ ਇਹ ਹਕੀਕਤ ਬਹੁਤੀ ਦੇਰ ਲੁਕੀ ਨਾ ਰਹਿ ਸਕੀ ਕਿ ਉਸ ਦਾ ਜੀਵਨ-ਸਾਥੀ ਆਪਣੇ ਗੁੰਮ ਹੋਏ ਭਰਾ ਨੂੰ ਨਹੀਂ, ਬਲਕਿ ਖੁੱਸੀ ਹੋਈ ਸਿੱਖ ਕੌਮ ਦੀ ਸ਼ਾਨ ਦੀ ਬਹਾਲੀ ਲਈ ਹਫ਼ਤਾ-ਹਫ਼ਤਾ ਘਰੋਂ ਗਾਇਬ ਰਹਿੰਦਾ ਹੈ। ਪਰਿਵਾਰ ਵਿੱਚ ਰੌਲਾ ਤਾਂ ਪਿਆ, ਪਰ ਕੌਮੀ ਅਜ਼ਾਦੀ ਲਈ ਨਿਕਲੇ ਪਰਵਾਨਿਆਂ ਨੂੰ ਇਹ ਪਰਿਵਾਰਕ ਰੁਕਾਵਟਾਂ ਆਪਣੇ ਮਿਸ਼ਨ ਤੋਂ ਨਹੀਂ ਰੋਕ ਸਕਦੀਆਂ। ਇਸੇ ਹੀ ਮਾਹੌਲ ਵਿੱਚ ਭਾਈ ਦਲਬੀਰ ਸਿੰਘ ਬਿੱਲਾ ਦੇ ਘਰ ਸੰਨ 1983 ਦੇ ਅਖੀਰ ਵਿੱਚ ਲੜਕੀ ਵਰਿੰਦਰ ਕੌਰ ਦਾ ਜਨਮ ਹੋਇਆ। ਭਾਈ ਬਿੱਲੇ ਦੇ ਪਰਿਵਾਰ ਵਿੱਚ ਹੋਇਆ ਇਹ ਵਾਧਾ ਵੀ ਉਹਨਾਂ ਵੱਲੋਂ ਸਿਰ ਚੁੱਕੀਆਂ ਕੌਮੀ ਜ਼ਿੰਮੇਵਾਰੀਆਂ ਨੂੰ ਘਟਾ ਨਾ ਸਕਿਆ।

ਜਦੋਂ ਜੂਨ 1984 ਦਾ ਕਹਿਰੀ ਮਹੀਨਾ ਚੜ੍ਹਿਆ ਤਾਂ ਓਦੋਂ ਵੀ ਭਾਈ ਦਲਬੀਰ ਸਿੰਘ ਬਿੱਲਾ ਵਰਪਾਲ ਨੂੰ ਘਰੋਂ ਨਿਕਲਿਆਂ ਇੱਕ ਹਫ਼ਤਾ ਹੋ ਚੁੱਕਾ ਸੀ, ਪਰ ਸੰਤ ਜਰਨੈਲ ਸਿੰਘ ਜੀ ਨੇ ਆਪ ਨੂੰ ਕਿਤੇ ਹੋਰ ਭੇਜਿਆ ਹੋਇਆ ਸੀ, ਜਿਸ ਕਾਰਨ ਆਪ ਇਸ ਮਹੱਤਵਪੂਰਨ ਅਤੇ ਇਤਿਹਾਸਕ ਲੜਾਈ ਵਿੱਚ ਹਿੱਸਾ ਨਾ ਲੈ ਸਕੇ। ਪਰ ਇਸ ਲੜਾਈ ਵਿੱਚ ਆਪਣੇ ਆਪ ਨੂੰ ਜੇਤੂ ਸਮਝ ਰਹੀਆਂ ਹਿੰਦੁਸਤਾਨੀ ਫ਼ੌਜਾਂ ਨੇ ਸਿੱਖ ਮਰਜੀਵੜਿਆਂ ਦੀਆਂ ਲਿਸਟਾਂ ਹਾਸਲ ਕਰ ਕੇ ਜਦੋਂ ਪਿੰਡਾਂ ਵਿੱਚ ਛਾਪੇਮਾਰੀ ਅਰੰਭ ਕੀਤੀ ਤਾਂ ਭਾਈ ਦਲਬੀਰ ਸਿੰਘ ਬਿੱਲਾ ਦੇ ਘਰ 'ਤੇ ਵੀ ਵੱਡੀ ਗਿਣਤੀ ਵਿੱਚ ਗੱਡੀਆਂ 'ਚ ਭਰ ਕੇ ਆਈ ਹਿੰਦੁਸਤਾਨੀ ਫ਼ੌਜ ਅਤੇ ਪੁਲੀਸ ਨੇ ਧਾਵਾ ਬੋਲਿਆ। ਭਾਈ ਦਲਬੀਰ ਸਿੰਘ ਬਿੱਲਾ ਖੁਦ ਤਾਂ ਘਰ ਨਹੀਂ ਸਨ। ਫ਼ੋਰਸਾਂ ਨੇ ਘਰ ਦਾ ਸਾਰਾ ਸਮਾਨ ਲੁੱਟ ਲਿਆ। ਘਰ ਵਿੱਚ ਕੇਵਲ ਉਹਨਾਂ ਦੀ ਸਿੰਘਣੀ ਅਤੇ ਨੌਂ ਕੁ ਮਹੀਨਿਆਂ ਦੀ ਬੱਚੀ ਵਰਿੰਦਰ ਕੌਰ ਦੇ ਗਲ਼ ਪਾਏ ਕੱਪੜਿਆਂ ਤੋਂ ਇਲਾਵਾ ਇੱਕ ਥਾਲੀ ਤੇ ਇੱਕ ਕੌਲੀ ਹੀ ਇੱਕ ਖੂੰਜੇ ਵਿੱਚ ਪਈ ਰਹਿ ਗਈ। ਸਾਰਾ ਸਮਾਨ ਲੁੱਟਣ ਦੇ ਨਾਲ਼ ਹੀ ਹਿੰਦੁਸਤਾਨੀ ਫ਼ੋਰਸਾਂ ਉਹਨਾਂ ਦੀ ਪਤਨੀ ਤੇ ਬੱਚੀ ਨੂੰ ਵੀ ਫੜ ਕੇ ਜੰਡਿਆਲੇ ਥਾਣੇ ਲੈ ਗਈਆਂ, ਜਿੱਥੋਂ ਮਗਰੋਂ ਪੰਚਾਇਤ ਨੇ ਕਾਫ਼ੀ ਜੱਦੋ-ਜਹਿਦ ਕਰ ਕੇ ਉਹਨਾਂ ਨੂੰ ਛੁਡਾ ਲਿਆਂਦਾ।

ਇਸ ਘਟਨਾ ਤੋਂ ਬਾਅਦ ਭਾਈ ਦਲਬੀਰ ਸਿੰਘ ਬਿੱਲਾ ਨੇ ਘਰ ਆਉਣਾ ਠੀਕ ਨਾ ਸਮਝਿਆ ਤੇ ਘਰੋਂ ਬਾਹਰ ਰਹਿ ਕੇ ਸਿੱਖ ਕੌਮ ਸਿਰ ਚੜ੍ਹੀ ਇਹ ਭਾਜੀ ਮੋੜਨ ਦੇ ਉਪਰਾਲੇ ਅਰੰਭ ਕਰ ਦਿੱਤੇ। ਦਰਬਾਰ ਸਾਹਿਬ 'ਤੇ ਹਮਲੇ ਤੋਂ ਬਾਅਦ ਪੰਜਾਬ ਅੰਦਰ ਹਿੰਦੂ ਸ਼ਿਵ ਸੈਨਾ ਆਦਿਕ ਫ਼ਿਰਕੂ ਜਥੇਬੰਦੀਆਂ ਦੀ ਬੁਰਛਾ-ਗਰਦੀ ਵੀ ਤੇਜ਼ ਹੋ ਗਈ ਸੀ, ਜਿਸ ਨੂੰ ਨਕੇਲ ਪਾਉਣ ਲਈ ਭਾਈ ਬਿੱਲਾ ਆਪਣੇ ਸਾਥੀਆਂ ਨੂੰ ਸੰਗਠਿਤ ਕਰ ਕੇ ਸਰਗਰਮ ਹੋ ਗਏ।

ਇਸੇ ਹੀ ਦੌਰਾਨ ਇੰਦਰਾ ਗਾਂਧੀ ਦਾ ਸਿੰਘਾਂ ਹੱਥੋਂ ਕਤਲ ਹੋਇਆ ਤੇ ਫਿਰ ਪੰਜਾਬ ਤੋਂ ਬਾਹਰ ਹਕੂਮਤੀ ਸਰਪ੍ਰਸਤੀ ਹੇਠ ਸਿੱਖਾਂ ਦੀ ਵਹਿਸ਼ੀ ਕਤਲੇਆਮ ਕੀਤੀ ਗਈ। ਸਿੱਖਾਂ ਦੀਆਂ ਨੌਜਵਾਨ ਲੜਕੀਆਂ ਜਬਰੀ ਉਧਾਲ਼ੀਆਂ ਗਈਆਂ ਤੇ ਸਮੂਹਿਕ ਬਲਾਤਕਾਰ ਕੀਤੇ ਗਏ।

ਸਿੱਖ ਕੌਮ ਦੀ ਮਾਨਸਿਕਤਾ 'ਤੇ ਲੱਗੇ ਇਹਨਾਂ ਡੂੰਘੇ ਜ਼ਖ਼ਮਾਂ ਉੱਪਰ ਪੰਜਾਬ ਦੇ ਫ਼ਿਰਕੂ ਹਿੰਦੂਆਂ ਨੇ ਲੂਣ ਛਿੜਕਿਆ। ਇਹਨਾਂ ਹੀ ਦਿਨਾਂ ਵਿੱਚ ਫ਼ਤਿਹਾਬਾਦ (ਨੇੜੇ ਖਡੂਰ ਸਾਹਿਬ)

ਵਿਚ ਹਿੰਦੂ ਸ਼ਿਵ ਸੈਨਾ ਵੱਲੋਂ ਇੱਕ ਭੜਕਾਊ ਜਲੂਸ ਕੱਢਿਆ ਤੇ ਜਲਸਾ ਕੀਤਾ ਗਿਆ, ਜਿਸ ਵਿੱਚ ਕੁਝ ਗੁੰਡਾ ਅਨਸਰਾਂ ਨੇ ਹੱਦ ਤੋਂ ਅਗਾਂਹ ਲੰਘਦਿਆਂ ਟਾਹਰਾਂ ਮਾਰਦਿਆਂ ਇੱਥੋਂ ਤਕ ਕਹਿ ਦਿੱਤਾ:

"ਓਏ ਸਿੱਖੋ! ਤੁਹਾਡੀਆਂ ਧੀਆਂ-ਭੈਣਾਂ ਅਸੀਂ ਦਿੱਲੀ 'ਚ ਫੜੀਆਂ ਹੋਈਐਂ, ਜੇ ਜੁਰਅਤ ਹੈ ਤਾਂ ਛੁੜਾ ਲਿਆਵੋ......।"

ਇਸ ਭੜਕਾਊ ਘਟਨਾ ਦਾ ਪਤਾ ਜਦੋਂ ਭਾਈ ਦਲਬੀਰ ਸਿੰਘ ਬਿੱਲਾ ਨੂੰ ਲੱਗਾ ਤਾਂ ਆਪ ਰੋਹ ਵਿੱਚ ਆ ਗਏ। ਉਹਨਾਂ ਨੇ ਕਿਹਾ:

"ਓਏ ਦੁਸ਼ਟੋ! ਇਸ ਦੇ ਜਵਾਬ 'ਚ ਅਸੀਂ ਤੁਹਾਡੀਆਂ ਧੀਆਂ-ਭੈਣਾਂ ਨੂੰ ਤਾਂ ਕੁਝ ਨ੍ਹੀਂ ਕਹਾਂਗੇ, ਕਿਉਂਕਿ ਉਹ ਸਾਡੀਆਂ ਵੀ ਭੈਣਾਂ ਵਾਂਗ ਨੇ, ਪਰ ਤੁਹਾਨੂੰ ਇਸ ਦਾ ਸਬਕ ਜ਼ਰੂਰ ਸਿਖਾਵਾਂਗੇ....।"

ਇਸ ਪਿੱਛੋਂ ਭਾਈ ਦਲਬੀਰ ਸਿੰਘ ਬਿੱਲਾ ਦੇ ਗਰੁੱਪ ਨੇ ਕਈ ਧਮਾਕਾਖੇਜ਼ ਵਾਰਦਾਤਾਂ ਕੀਤੀਆਂ, ਜਿਸ ਨਾਲ਼ ਤਰਨ ਤਾਰਨ ਇਲਾਕੇ ਅੰਦਰੋਂ ਹਿੰਦੂਆਂ ਦੀ ਹਿਜ਼ਰਤ ਅਰੰਭ ਹੋ ਗਈ। ਇਹਨਾਂ ਕਾਰਵਾਈਆਂ ਦੀ ਕਈ ਨਿਰਪੱਖ ਪੱਤਰਕਾਰਾਂ ਨੇ ਭਾਵੇਂ ਆਲੋਚਨਾ ਵੀ ਕੀਤੀ, ਪਰ ਇਹ ਭਾਈ ਦਲਬੀਰ ਸਿੰਘ ਬਿੱਲਾ ਤੇ ਉਸ ਦੇ ਸਾਥੀ ਨੌਜਵਾਨਾਂ ਦੇ ਦਿਲਾਂ ਅੰਦਰਲੀ ਉਸ ਅੱਗ ਦੀ ਥਾਹ ਪਾਉਣੋਂ ਅਸਮਰਥ ਸਨ, ਜਿਸ ਦੇ ਭਾਂਬੜ ਹਿੰਦੂਆਂ ਦੇ ਪ੍ਰਤੀਨਿਧ ਅਖਵਾਉਣ ਵਾਲ਼ਿਆਂ ਨੇ ਖ਼ੁਦ ਹੀ ਬਾਲ਼ੇ ਸਨ। ਭਾਈ ਬਿੱਲਾ ਦੀ ਪਤਨੀ 'ਤੇ ਹਿੰਦੁਸਤਾਨੀ ਤਸ਼ੱਦਦ ਹੋਰ ਤਿੱਖਾ ਹੋ ਗਿਆ।

ਗ੍ਰਿਫ਼ਤਾਰੀ ਤੇ ਫ਼ਰਾਰੀ

ਭਾਈ ਬਿੱਲਾ ਦੀਆਂ ਕਾਰਵਾਈਆਂ ਤੋਂ ਖ਼ੌਫ਼ਜ਼ਦਾ ਹਿੰਦੁਸਤਾਨੀ ਸਰਕਾਰੀ ਮਸ਼ੀਨਰੀ ਉਹਨਾਂ ਨੂੰ ਗ੍ਰਿਫ਼ਤਾਰ ਕਰਨ ਲਈ ਸਰਗਰਮ ਹੋ ਗਈ। ਫਿਰ ਕੁਝ ਮੁਖ਼ਬਰਾਂ ਦੀ ਸਹਾਇਤਾ ਨਾਲ਼ ਛਾਪਾ ਮਾਰ ਕੇ 1985 ਦੇ ਅਰੰਭ ਵਿੱਚ ਹੀ ਪੁਲੀਸ ਫ਼ੋਰਸਾਂ ਨੇ ਭਾਈ ਦਲਬੀਰ ਸਿੰਘ ਬਿੱਲਾ ਨੂੰ ਪੱਟੀ ਵਿਖੇ ਇੱਕ ਢਾਬੇ ਤੋਂ ਗ੍ਰਿਫ਼ਤਾਰ ਕਰ ਲਿਆ। ਪੰਦਰਾਂ ਦਿਨ ਪੱਟੀ ਤੇ ਜੰਡਿਆਲ਼ਾ ਥਾਣਿਆਂ ਵਿੱਚ ਭਾਈ ਬਿੱਲਾ 'ਤੇ ਅਥਾਹ ਤਸ਼ੱਦਦ ਕੀਤਾ ਗਿਆ, ਪਰ ਜ਼ਾਲਮ ਹਕੂਮਤ ਦੇ ਬੁੱਚੜ ਕਾਰਿੰਦੇ ਉਹਨਾਂ ਤੋਂ ਜਥੇਬੰਦੀ ਦਾ ਇੱਕ ਵੀ ਭੇਤ ਹਾਸਲ ਨਾ ਕਰ ਸਕੇ। ਫਿਰ ਅਖੀਰ ਆਪ 'ਤੇ ਕਈ ਕੇਸ ਪਾ ਕੇ ਅੰਮ੍ਰਿਤਸਰ ਜੇਲ੍ਹ ਭੇਜ ਦਿੱਤਾ ਗਿਆ, ਜਿੱਥੋਂ ਆਪ ਨੂੰ ਗੁਰਦਾਸਪੁਰ ਜੇਲ੍ਹ ਵਿੱਚ ਤਬਦੀਲ ਕਰ ਦਿੱਤਾ ਗਿਆ।

ਗੁਰਦਾਸਪੁਰ ਜੇਲ੍ਹ ਵਿੱਚ ਸਮੂਹ ਸਿੰਘਾਂ ਦਾ ਪੂਰਾ ਦਬਦਬਾ ਰਿਹਾ। ਉਹ ਤਰੀਕ ਪੇਸ਼ੀ 'ਤੇ ਲਿਆਉਣ ਵਾਲ਼ੇ ਪੁਲਸੀਆਂ ਨੂੰ ਵੀ ਆਪਣੇ ਨਾਲ਼ ਲੈ ਕੇ ਘਰ ਫੇਰਾ ਮਾਰ ਜਾਂਦੇ। ਇਸ ਤਰ੍ਹਾਂ ਹੀ ਭਾਈ ਜੋਗਾ ਸਿੰਘ ਬਿਸ਼ਨੰਦੀ ਦੀ ਸਿੰਘਣੀ ਦੀ ਸਹਾਇਤਾ ਨਾਲ਼ ਉਹ ਕੁਝ ਸ਼ਸਤਰ ਜੇਲ੍ਹ ਦੇ ਅੰਦਰ ਲਿਜਾਣ ਵਿੱਚ ਸਫਲ ਹੋ ਗਏ। ਫਿਰ ਜੇਲ੍ਹ ਅੰਦਰ ਕੀਤੇ ਜਾਣ ਵਾਲ਼ੇ ਕੰਮ ਦੌਰਾਨ ਹੀ ਉਹਨਾਂ ਨੇ ਪਾਈਪਾਂ, ਬਾਂਸਾਂ 'ਤੇ ਰੱਸਿਆਂ ਨੂੰ ਮਿਲਾ ਕੇ ਪੌੜੀ ਵੀ ਤਿਆਰ ਕਰ ਲਈ ਤੇ ਇਸ

ਤਰ੍ਹਾਂ ਨਵੰਬਰ 1985 ਵਿੱਚ ਗੁਰਦਾਸਪੁਰ ਜੇਲ੍ਹ 'ਚੋਂ, ਭਾਈ ਦਲਬੀਰ ਸਿੰਘ ਬਿੱਲਾ ਵਰਪਾਲ, ਭਾਈ ਜੋਗਾ ਸਿੰਘ ਬਿਸ਼ਨੰਦੀ, ਭਾਈ ਰੋਸ਼ਨ ਲਾਲ ਬੈਰਾਗੀ, ਭਾਈ ਜਸਵਿੰਦਰ ਸਿੰਘ ਕਾਕਾ ਅਤੇ ਭਾਈ ਰਣਜੀਤ ਸਿੰਘ ਦਿਆਲਗੜ੍ਹ ਫ਼ਰਾਰ ਹੋ ਗਏ। ਇਹਨਾਂ ਦੇ ਫ਼ਰਾਰ ਹੋਣ ਦੀ ਖ਼ਬਰ ਨਾਲ ਹੀ ਪੰਥ ਦੋਖੀਆਂ ਵਿੱਚ ਤਰਥੱਲੀ ਮੱਚ ਗਈ।

ਜੇਲ੍ਹ 'ਚੋਂ ਬਾਹਰ ਆ ਕੇ ਭਾਈ ਬਿੱਲਾ ਨੇ ਆਪਣਾ ਮਿਸ਼ਨ ਫਿਰ ਤੋਂ ਅਰੰਭ ਕਰ ਦਿੱਤਾ। ਇਸ ਨਾਲ ਆਪ ਦੀ ਪਤਨੀ ਉੱਪਰ ਪੁਲੀਸ ਦਾ ਕਹਿਰ ਫਿਰ ਅਰੰਭ ਹੋ ਗਿਆ ਤੇ ਕਈ ਵਾਰ ਉਸ ਨਿਰਦੋਸ਼ ਬੀਬੀ ਨੂੰ ਥਾਣਿਆਂ ਵਿੱਚ ਪੁੱਠਾ ਲਟਕਾ ਕੇ ਵੀ ਟਾਰਚਰ ਕੀਤਾ ਜਾਂਦਾ। ਫਿਰ ਵੀ ਭਾਈ ਬਿੱਲਾ ਕਈ ਮੌਕਿਆਂ 'ਤੇ ਆਪਣੀ ਪਤਨੀ ਤੇ ਬੱਚੀ ਨੂੰ ਮਿਲ਼ ਜਾਂਦੇ ਸੀ। ਪੁਲੀਸ ਪੰਜਾਬ ਦੇ ਤਰਨ ਤਾਰਨ ਇਲਾਕੇ 'ਚੋਂ ਹਿੰਦੂਆਂ ਦੀ ਹਿਜਰਤ ਲਈ ਆਪ ਨੂੰ ਮੁੱਖ ਜ਼ਿੰਮੇਵਾਰ ਮੰਨ ਰਹੀ ਸੀ। ਪੁਲੀਸ ਅਫ਼ਸਰਾਂ ਅਨੁਸਾਰ ਭਾਈ ਬਿੱਲਾ ਦਾ ਗਰੁੱਪ ਕਰੀਬ ਸੌ ਕਤਲ ਕਰ ਚੁੱਕਾ ਸੀ।

24 ਜੂਨ 1986 ਨੂੰ ਭਾਈ ਦਲਬੀਰ ਸਿੰਘ ਬਿੱਲਾ ਦੇ ਸਕੇ ਭਰਾਵਾਂ ਦੇ ਤੁੱਲ ਬਾਬਾ ਰਣਜੀਤ ਸਿੰਘ ਦਿਆਲਗੜ੍ਹ, ਭਾਈ ਗੁਰਮੇਜ ਸਿੰਘ ਢਿੱਲਵਾਂ ਤੇ ਭਾਈ ਮੱਖਣ ਸਿੰਘ ਸ਼ਿੱਥ ਇੱਕ ਮੁਕਾਬਲੇ 'ਚ ਪਿੰਡ ਕਾਲ਼ੀ ਬਾਹਮਣੀ 'ਚ ਸ਼ਹੀਦ ਹੋ ਗਏ। ਇਹ ਭਾਈ ਦਲਬੀਰ ਸਿੰਘ ਬਿੱਲਾ ਦੇ ਦਿਲ 'ਤੇ ਇੱਕ ਬੜੀ ਵੱਡੀ ਸੱਟ ਸੀ।

ਉਹਨਾਂ ਤਿੰਨਾਂ ਮੋਢੀ ਸਿੰਘਾਂ ਨੇ ਜਿੱਥੇ ਸ਼ਹਾਦਤ ਪ੍ਰਾਪਤ ਕੀਤੀ, ਓਸ ਥਾਂ 'ਤੇ ਭਾਈ ਦਲਬੀਰ ਸਿੰਘ ਬਿੱਲਾ ਰਾਤ ਦੇ ਸਮੇਂ ਘੋੜੀ 'ਤੇ ਚੜ੍ਹ ਕੇ ਗਏ। ਸ਼ਹੀਦਾਂ ਦੀ ਸ਼ਹੀਦੀ ਵਾਲੀ ਸਰਜ਼ਮੀਨ 'ਤੇ ਖਲੋ ਕੇ ਉਹਨਾਂ ਨੇ ਕਈ ਯਾਦਾਂ ਚੇਤੇ ਕੀਤੀਆਂ, ਸ਼ਰਧਾ ਦੇ ਫੁੱਲ ਭੇਟ ਕੀਤੇ, ਮਿਸ਼ਨ ਜਾਰੀ ਰੱਖਣ ਦਾ ਅਹਿਦ ਤੇ ਨਵੀਂ ਭਾਜੀ ਮੋੜਨ ਦਾ ਪ੍ਰਣ ਕੀਤਾ ਤੇ ਫਿਰ ਸ਼ਹੀਦਾਂ ਦੇ ਪਰਿਵਾਰਾਂ ਨੂੰ ਮਿਲ਼ ਕੇ ਵਾਪਸ ਇਲਾਕੇ 'ਚ ਪਰਤ ਆਏ।

3 ਜੁਲਾਈ 1986 ਦਾ ਦਿਨ ਸੀ, ਜਦੋਂ ਭਾਈ ਬਿੱਲਾ ਦੇ ਗਰੁੱਪ ਨੇ ਵੱਖ-ਵੱਖ ਥਾਂਵਾਂ 'ਤੇ ਆਪਣੇ 6 ਸ਼ਿਕਾਰ ਕੇਵਲ 25 ਕਿਲੋਮੀਟਰ ਦੇ ਘੇਰੇ ਦੇ ਅੰਦਰ-ਅੰਦਰ ਹੀ ਫੁੰਡ ਦਿੱਤੇ ਤੇ ਫਿਰ ਮਾਲੂਵਾਲ ਪਿੰਡ ਦੇ ਇੱਕ ਸਾਧ ਦੀ ਬਹਿਕ 'ਤੇ ਜਾ ਸੁੱਤੇ, ਇਸ ਤੋਂ ਅਨਜਾਣ ਕਿ ਇਹ ਸਾਧ ਹੁਣ ਪੁਲੀਸ ਕੋਲ਼ ਵਿਕ ਚੁੱਕਾ ਸੀ।

ਇਹ ਕੁੱਲ ਪੰਜ ਸਿੰਘ ਚੁਬਾਰੇ ਵਿੱਚ ਸਨ। ਚਾਰ ਸਿੰਘ ਭਾਈ ਦਲਬੀਰ ਸਿੰਘ ਬਿੱਲਾ, ਰੌਸ਼ਨ ਲਾਲ ਬੈਰਾਗੀ, ਹਰੀ ਸਿੰਘ ਕਾਮਲਪੁਰਾ ਤੇ ਸੁਖਬੰਸ ਸਿੰਘ ਸੁੱਤੇ ਹੋਏ ਸਨ, ਜਦਕਿ ਪਹਿਰੇ 'ਤੇ ਬੈਠਾ ਭਾਈ ਬਲਦੇਵ ਸਿੰਘ ਵੱਲਾ ਅਖ਼ਬਾਰ ਪੜ੍ਹ ਰਿਹਾ ਸੀ। ਅਖ਼ਬਾਰ ਪੜ੍ਹਦੇ ਭਾਈ ਬਲਦੇਵ ਸਿੰਘ ਦੀ ਨਜ਼ਰ ਜਦੋਂ ਚਾਰ-ਚੁਫੇਰੇ ਘੇਰਾ ਘੱਤ ਰਹੀ ਸੀ.ਆਰ.ਪੀ. 'ਤੇ ਪਈ ਤਾਂ ਉਸ ਨੇ ਸੁੱਤੇ ਹੋਏ ਸਾਥੀਆਂ ਨੂੰ ਇਹ ਕਹਿ ਕੇ ਹਲੂਣਿਆ:

"ਉੱਠੋ ਚਿੜੀਆਂ ਆ ਗਈਆਂ ਜੇ....।"

ਭਾਈ ਬਿੱਲਾ ਗਰੁੱਪ ਦੇ ਸਿੰਘ ਹਿੰਦੁਸਤਾਨੀ ਫ਼ੋਰਸਾਂ ਨੂੰ 'ਚਿੜੀਆਂ' ਕਹਿੰਦੇ ਹੀ ਨਹੀਂ ਸੀ, ਬਲਕਿ ਮੰਨਦੇ ਵੀ ਚਿੜੀਆਂ ਤੁੱਲ ਹੀ ਸਨ। ਇਸੇ ਹੀ ਕਾਰਨ ਇਹ ਸੁਣ ਕੇ ਭਾਈ ਬਿੱਲਾ 'ਕੋਈ

ਪਰਵਾਹ ਨਹੀਂ' ਕਹਿ ਕੇ ਉੱਠੇ। ਸਾਰੇ ਸਿੰਘ ਸ਼ਸਤਰ ਸੰਭਾਲ ਕੇ ਤਿਆਰ-ਬਰ-ਤਿਆਰ ਹੋ ਗਏ। ਹਥਿਆਰ ਸੰਭਾਲ ਕੇ ਸਿੰਘਾਂ ਨੇ ਹਵਾਈ ਫ਼ਾਇਰ ਕੀਤੇ ਤਾਂ ਸੀ.ਆਰ.ਪੀ. ਵਾਲੇ ਕੰਬਣ ਲੱਗ ਪਏ। ਇਹ ਵੇਖ ਕੇ ਭਾਈ ਬਿੱਲਾ ਤੇ ਸਾਥੀ ਸਿੰਘ ਪੂਰੀ ਸ਼ਾਨ ਨਾਲ ਬਾਹਰ ਨਿਕਲੇ। ਸੀ.ਆਰ.ਪੀ. ਵਾਲੇ ਰਾਹ ਛੱਡ ਕੇ ਲਾਂਭੇ ਹੋ ਗਏ। ਪੰਜੇ ਸਿੰਘ ਸ਼ਾਨ ਨਾਲ ਸੀ.ਆਰ.ਪੀ. ਦੀਆਂ ਸਫ਼ਾਂ 'ਚੋਂ ਨਿਕਲ ਗਏ।

ਬਾਹਰ ਨਿਕਲਦਿਆਂ ਹੀ ਭਾਈ ਬਿੱਲਾ ਨੇ ਤਿੰਨ ਸਿੰਘਾਂ ਨੂੰ ਭਾਈ ਬੈਰਾਗੀ ਦੀ ਅਗਵਾਈ 'ਚ ਖੇਤਾਂ ਵਿੱਚ ਦੀ ਨਿਕਲ ਜਾਣ ਲਈ ਕਿਹਾ ਤੇ ਖ਼ੁਦ ਆਪਣੀ ਫੀਏਟ ਕਾਰ 'ਤੇ ਹਰੀ ਸਿੰਘ ਕਾਮਲਪੁਰਾ ਦੇ ਨਾਲ ਨਿਕਲ ਤੁਰੇ। ਹਿੰਦੁਸਤਾਨੀ ਫ਼ੋਰਸਾਂ ਦਾ ਘੇਰਾ ਚਾਰ-ਚੁਫੇਰੇ ਦੂਰ-ਦੂਰ ਤਕ ਪਿਆ ਹੋਇਆ ਸੀ। ਜਦੋਂ ਉਹਨਾਂ ਵੇਖਿਆ ਕਿ ਨਿਗੂਣੇ ਹਥਿਆਰਾਂ ਨਾਲ ਭਾਈ ਬਿੱਲਾ ਤੇ ਸਾਥੀ ਸਿੰਘ ਕਾਰ ਸਣੇ ਉਹਨਾਂ ਦੇ ਘੇਰੇ ਅਤੇ ਨਿਸ਼ਾਨੇ ਵਿੱਚ ਹਨ ਤਾਂ ਉਹਨਾਂ ਦੀ ਦਲੇਰੀ ਫਿਰ ਆਣ ਪ੍ਰਗਟ ਹੋਈ। ਚਾਰ ਚੁਫੇਰਿਓਂ ਕਾਰ 'ਤੇ ਗੋਲੀਆਂ ਦਾ ਮੀਂਹ ਵਰ੍ਹਾ ਦਿੱਤਾ ਗਿਆ। ਦੋਵੇਂ ਸਿੰਘ ਜ਼ਖ਼ਮੀ ਹੋ ਗਏ। ਕਾਰ ਵੀ ਪੈਂਚਰ ਹੋ ਕੇ ਇੱਟਾਂ ਦੇ ਚੱਕੇ ਵਿੱਚ ਵੱਜੀ।

ਸਿੰਘਾਂ ਨੇ ਕਾਰ 'ਚੋਂ ਬਾਹਰ ਨਿਕਲ ਕੇ ਤੁਰਨ ਦਾ ਯਤਨ ਕੀਤਾ ਪਰ ਜ਼ਖ਼ਮ ਬਹੁਤ ਡੂੰਘੇ ਸਨ। ਜਿਊਂਦੇ-ਜੀਅ ਪੁਲੀਸ ਦੇ ਹੱਥ ਨਾ ਆਉਣ ਦਾ ਪ੍ਰਣ ਤੋੜ ਨਿਭਾਉਣ ਲਈ ਭਾਈ ਦਲਬੀਰ ਸਿੰਘ ਬਿੱਲਾ ਤੇ ਹਰੀ ਸਿੰਘ ਨੇ ਖ਼ੁਦ ਨੂੰ ਗੋਲੀ ਮਾਰ ਕੇ ਜਾਮ-ਏ-ਸ਼ਹਾਦਤ ਪੀ ਲਿਆ ਅਤੇ ਪੁਲੀਸ ਫ਼ੋਰਸਾਂ ਦੇ ਜਿਊਂਦੇ ਹੱਥ ਨਾ ਆਏ।

ਭਾਈ ਬਿੱਲਾ ਦੀ ਸ਼ਹਾਦਤ ਪਿੱਛੋਂ ਜਲੰਧਰ ਰੇਂਜ ਦੇ ਡੀ.ਆਈ.ਜੀ. ਪੀ.ਸੀ. ਡੋਗਰਾ, ਸੀ.ਆਰ.ਪੀ. ਦੇ ਡੀ.ਆਈ.ਜੀ. ਐਸ.ਐਸ. ਵਿਰਕ ਤੇ ਅੰਮ੍ਰਿਤਸਰ ਪੁਲੀਸ ਮੁਖੀ ਮੁਹੰਮਦ ਇਜ਼ਹਾਰ ਆਲਮ ਨੇ ਇੱਕ ਵਿਸ਼ੇਸ਼ ਪ੍ਰੈੱਸ ਕਾਨਫਰੰਸ ਕਰ ਕੇ ਦੱਸਿਆ ਕਿ ਤਰਨ ਤਾਰਨ 'ਚੋਂ ਹਿੰਦੂਆਂ ਦੀ ਹਿਜਰਤ ਕਰਵਾਉਣ ਦਾ ਮੁੱਖ ਦੋਸ਼ੀ ਮਾਰਿਆ ਗਿਆ ਹੈ.....ਉਸ ਨੇ ਸੌ ਤੋਂ ਵਧੇਰੇ ਕਤਲ ਕੀਤੇ ਸਨ, ਜਿਨ੍ਹਾਂ 'ਚੋਂ 3 ਜੁਲਾਈ ਨੂੰ ਫ਼ਤਿਹਾਬਾਦ 'ਚ 7 ਹਿੰਦੂਆਂ (ਸ਼ਿਵ ਸੈਨੀਆਂ) ਦਾ ਕਤਲ, ਤਰਨ ਤਾਰਨ ਗੋਇੰਦਵਾਲ ਰੋਡ 'ਤੇ 7 ਮਈ ਨੂੰ ਚਾਰ ਹਿੰਦੂਆਂ ਦਾ ਕਤਲ, 20 ਜੂਨ ਨੂੰ ਗੋਹਲਵੜ 'ਚ ਅੱਠ ਹਿੰਦੂਆਂ ਦਾ ਕਤਲ, ਦੋਬੁਰਜੀ 'ਚ ਇਸੇ ਹਫ਼ਤੇ ਚਾਰ ਹਿੰਦੂਆਂ ਦਾ ਕਤਲ, ਫ਼ਤਿਹਾਬਾਦ ਦੇ ਕਾਮਰੇਡ ਜੀਤ ਰਾਮ ਦਾ ਕਤਲ, ਫ਼ਤਿਹਾਬਾਦ ਦੇ ਹੀ ਬੱਗੇ ਬ੍ਰਾਹਮਣ ਦਾ ਕਤਲ ਤਾਂ ਪਿਛਲੇ ਕੁਝ ਦਿਨਾਂ ਵਿੱਚ ਹੀ ਉਸ ਦੇ ਗਰੁੱਪ ਨੇ ਕੀਤੇ ਸਨ। ਭਾਈ ਬਿੱਲੇ ਦੀ ਕਾਰ ਵਿੱਚੋਂ ਪੁਲੀਸ ਅਫ਼ਸਰਾਂ ਨੇ ਕੁਝ ਭੜਕਾਊ ਕੈਸਿਟਾਂ ਵੀ ਬਰਾਮਦ ਕਰਨ ਦਾ ਦਾਅਵਾ ਕੀਤਾ।

ਭਾਈ ਦਲਬੀਰ ਸਿੰਘ ਬਿੱਲਾ ਦੀ ਸ਼ਹਾਦਤ ਤੋਂ ਤਿੰਨ ਮਹੀਨੇ ਬਾਅਦ ਉਸ ਦੀ ਪਤਨੀ ਨੇ ਉਸ ਦੀ ਦੂਜੀ ਲੜਕੀ ਸਤਿੰਦਰ ਕੌਰ ਨੂੰ ਜਨਮ ਦਿੱਤਾ। ਭਾਈ ਬਿੱਲੇ ਦੇ ਪਰਿਵਾਰ 'ਤੇ ਪੁਲੀਸ ਦਾ ਕਹਿਰ ਉਹਨਾਂ ਦੀ ਸ਼ਹਾਦਤ ਤੋਂ ਬਾਅਦ ਵੀ ਜਾਰੀ ਰਿਹਾ, ਪਰ ਉਹਨਾਂ ਦੀ ਮੁਖ਼ਬਰੀ ਕਰ ਕੇ ਘੇਰਾ ਪੁਆਉਣ ਵਾਲੇ ਸਾਧ ਨੂੰ ਇਸ ਤੋਂ ਬਾਅਦ 'ਚ ਭਾਈ ਸੁਰਜੀਤ ਸਿੰਘ ਪੈਂਟਾ ਦੇ ਗਰੁੱਪ ਨੇ ਗੱਡੀ ਚਾੜ੍ਹ ਦਿੱਤਾ ਤਾਂ ਕਿ ਪੁਲੀਸ ਦੇ ਟਾਊਟਾਂ ਨੂੰ ਅੱਗੇ ਤੋਂ ਕੰਨ ਹੋ ਸਕਣ।

* * * * *

ਥੋੜ੍ਹੇ ਸਮੇਂ 'ਚ ਵੱਡੀਆਂ ਪੁਲਾਂਘਾਂ ਪੁੱਟਣ ਵਾਲਾ ਜੁਝਾਰੂ

ਸ਼ਹੀਦ ਭਾਈ ਸੁਖਜਿੰਦਰ ਸਿੰਘ ਬਰਾੜ

ਅੰਮ੍ਰਿਤਸਰ ਜ਼ਿਲ੍ਹੇ ਦੇ ਵਿੱਚ ਕਸਬਾ ਟਾਂਗਰਾ ਕੋਲ ਪੈਂਦੇ ਪਿੰਡ ਜੱਬੋਵਾਲ ਦਾ ਸੁਨੱਖਾ ਸਿੱਖ ਗੱਭਰੂ ਸੁਖਜਿੰਦਰ ਸਿੰਘ ਬਰਾੜ ਵੀ ਉਸੇ ਹੀ ਅਨਮੋਲ ਲੜੀ ਦਾ ਹੀਰਾ ਹੈ, ਜਿਨ੍ਹਾਂ ਨੇ ਸਿੱਖ ਕੌਮ ਦੀ ਡਿੱਗੀ ਪੱਗ ਮੁੜ ਸਿਰ 'ਤੇ ਰੱਖਣ ਲਈ ਆਪਣੇ ਸਿਰਾਂ ਦੀ ਭੇਟ ਚੜ੍ਹਾਈ।

ਭਾਈ ਸੁਖਜਿੰਦਰ ਸਿੰਘ ਬਰਾੜ ਦਾ ਜਨਮ 16 ਮਾਰਚ 1964 ਨੂੰ ਸ. ਨਿਰਮਲ ਸਿੰਘ ਭਿੰਡਰ ਦੇ ਘਰ, ਮਾਤਾ ਅਮਰਜੀਤ ਕੌਰ ਦੀ ਕੁੱਖੋਂ ਪਿੰਡ ਜੱਬੋਵਾਲ ਵਿਖੇ ਹੋਇਆ। ਪੰਜ ਕੁ ਸਾਲ ਦੀ ਉਮਰ ਵਿੱਚ ਇੱਕ ਟਰੱਕ ਐਕਸੀਡੈਂਟ ਵਿੱਚ ਆਪ ਦਾ ਸੱਜਾ ਪੈਰ ਜ਼ਖਮੀ ਹੋ ਗਿਆ, ਜੋ ਇਲਾਜ ਨਾਲ ਠੀਕ ਤਾਂ ਹੋ ਗਿਆ, ਪਰ ਨਿਸ਼ਾਨ ਰਹਿ ਗਿਆ, ਜੋ ਪਛਾਣ ਦੀ ਇੱਕ ਖ਼ਾਸ ਨਿਸ਼ਾਨੀ ਬਣਿਆ ਰਿਹਾ।

ਆਪ ਦੇ ਪਿਤਾ ਸ. ਨਿਰਮਲ ਸਿੰਘ ਆਰਮੀ ਵਿੱਚ ਸਰਵਿਸ ਕਰਦੇ ਸਨ, ਜਿਸ ਕਾਰਨ ਇਹਨਾਂ ਦੀ ਮੁੱਢਲੀ ਪੜ੍ਹਾਈ ਫ਼ੌਜੀ ਸਕੂਲਾਂ ਵਿੱਚ ਹੀ ਹੋਈ। ਫ਼ੌਜੀ ਖੇਡਾਂ ਦਾ ਸ਼ੌਂਕ ਆਪ ਨੂੰ ਬਚਪਨ ਤੋਂ ਹੀ ਸੀ। ਹਾਣੀਆਂ ਨਾਲ ਤੀਰ-ਅੰਦਾਜ਼ੀ ਕਰਦਿਆਂ ਆਪ ਦੀ ਖੱਬੀ ਅੱਖ 'ਤੇ ਸੱਟ ਲੱਗ ਗਈ। ਊਧਮਪੁਰ ਤੋਂ ਜੰਮੂ ਦੇ ਮਿਲਟਰੀ ਹਸਪਤਾਲ ਲਿਜਾਇਆ ਗਿਆ, ਪਰ ਓਥੋਂ ਜਵਾਬ ਮਿਲ ਜਾਣ 'ਤੇ ਅੰਮ੍ਰਿਤਸਰ ਹਸਪਤਾਲ ਲਿਆਂਦਾ ਗਿਆ। ਇੱਥੇ ਦੋ ਕੁ ਮਹੀਨੇ ਇਲਾਜ ਚੱਲਦਾ ਰਿਹਾ। ਇਸ ਦੌਰਾਨ ਇੱਕ ਅਹਿਮ ਘਟਨਾ ਘਟੀ। ਸੁਖਜਿੰਦਰ ਦਾ ਇਲਾਜ ਕਰਵਾ ਰਹੀ ਇਸ ਦੀ ਮਾਤਾ ਬੀਬੀ ਅਮਰਜੀਤ ਕੌਰ ਇੱਕ ਦਿਨ ਕਾਫ਼ੀ ਪ੍ਰੇਸ਼ਾਨੀ ਦੀ ਹਾਲਤ ਵਿੱਚ ਅੱਖਾਂ ਮੀਟੀ ਉਦਾਸ ਬੈਠੀ ਸੀ ਕਿ ਇੱਕ ਗੁਰਮੁਖ ਸੱਜਣ (ਹੁਣ ਗੁਰਪੁਰਵਾਸੀ) ਗਿ: ਪੂਰਨ ਸਿੰਘ ਜੀ ਆ ਗਏ। ਉਹਨਾਂ ਨੇ ਆ ਕੇ ਮਾਤਾ ਦੀ ਪਿੱਠ ਠਕੋਰੀ ਤੇ ਕਿਹਾ:

"ਬੀਬੀ! ਕਿਉਂ ਉਦਾਸ ਬੈਠੀ ਆਂ...? ਇਹਨੂੰ ਕੁਛ ਨ੍ਹੀਂ ਹੁੰਦਾ, ਇਹਨੇ ਤਾਂ ਵੱਡੇ ਹੋ ਕੇ ਕਈ ਕੰਮ ਕਰਨੇ ਆ...।"

ਇਲਾਜ ਨਾਲ ਅੱਖ ਠੀਕ ਹੋ ਗਈ, ਪਰ ਇੱਕ ਨਿਸ਼ਾਨ ਕਾਇਮ ਰਿਹਾ, ਜੋ ਕਿ ਪਛਾਣ ਦੀ ਦੂਜੀ ਖ਼ਾਸ ਨਿਸ਼ਾਨੀ ਬਣਿਆ।

ਇੰਟਰ ਤਕ ਸਕੂਲੀ ਵਿੱਦਿਆ ਪ੍ਰਾਪਤ ਕੀਤੀ, ਜਿਸ ਅਧੀਨ ਖੇਡਾਂ ਤੇ ਦਸਤਕਾਰੀ ਵਿੱਚ ਵੀ ਕਈ ਅਹਿਮ ਮੱਲਾਂ ਮਾਰੀਆਂ। ਹਾਈ-ਜੰਪ ਵਿੱਚੋਂ ਸਕੂਲ ਪੱਧਰ 'ਚੋਂ ਇਨਾਮ ਵਜੋਂ ਕੱਪ ਜਿੱਤਿਆ। ਦਸਤਕਾਰੀ ਦੀਆਂ ਕਈ ਕਲਾ-ਕ੍ਰਿਤਾਂ ਵੀ ਆਪ ਦੀ ਯਾਦਗਾਰ ਵਜੋਂ ਅਜੇ ਤਕ

ਘਰ ਵਾਲਿਆਂ ਨੇ ਸੰਭਾਲੀਆਂ ਹੋਈਆਂ ਹਨ। ਇਸ ਦੇ ਨਾਲ ਹੀ ਬਚਪਨ ਤੋਂ ਹੀ ਇਹਨਾਂ ਨੂੰ ਗੁਰਬਾਣੀ ਪੜ੍ਹਨ ਦੀ ਬਹੁਤ ਲਗਨ ਸੀ ਤੇ ਛੋਟੇ ਹੁੰਦੇ ਹੀ ਆਪ ਸੈਂਚੀਆਂ ਤੋਂ ਪਾਠ ਕਰਿਆ ਕਰਦੇ ਸਨ।

ਦਰਬਾਰ ਸਾਹਿਬ 'ਤੇ ਭਾਰਤੀ ਫ਼ੌਜ ਦੇ ਹਮਲੇ ਤੋਂ ਕੁਝ ਸਮਾਂ ਪਹਿਲਾਂ ਹੀ ਆਪ ਨੇ ਪਿੰਡ ਆ ਕੇ ਖੇਤੀ ਦਾ ਕੰਮ ਕਰਨਾ ਅਰੰਭਿਆ। ਸਿੱਖੀ 'ਤੇ ਹੋਏ ਹਮਲੇ ਨਾਲ ਆਪ ਦੇ ਦਿਲ ਅੰਦਰ ਰੋਹ ਦੇ ਭਾਂਬੜ ਬਲ ਉਠੇ ਤੇ ਆਪ ਕੌਮੀ ਸਨਮਾਨ ਦੀ ਬਹਾਲੀ ਲਈ ਸਰਗਰਮ ਹੋ ਗਏ। ਪਿੰਡ ਵਿੱਚ ਅਖੰਡ ਪਾਠ ਰਖਵਾ ਕੇ ਗੁ: ਗੁਰਦਰਸ਼ਨ ਪ੍ਰਕਾਸ਼ ਚੌਕ ਮਹਿਤਾ ਤੋਂ ਜਥਾ ਮੰਗਵਾ ਪਿੰਡ ਅੰਦਰ ਇੱਕੋ ਦਿਨ 250 ਪ੍ਰਾਣੀਆਂ ਨੂੰ ਪ੍ਰੇਰਨਾ ਨਾਲ ਅੰਮ੍ਰਿਤ ਛਕਾ ਕੇ ਗੁਰੂ ਵਾਲੇ ਬਣਾਇਆ।

ਭਾਈ ਸੁਖਜਿੰਦਰ ਸਿੰਘ ਨੇ ਸੰਤ ਬਾਬਾ ਜਰਨੈਲ ਸਿੰਘ ਜੀ ਖ਼ਾਲਸਾ ਦੇ ਦਰਸ਼ਨ ਤਾਂ ਨਹੀਂ ਸਨ ਕੀਤੇ, ਪਰ ਜੂਨ 1984 ਪਿੱਛੋਂ ਉਹਨਾਂ ਦੀਆਂ ਆਡੀਓ ਕੈਸਿਟਾਂ ਲਿਆ ਕੇ ਆਪ ਨੇ ਸੁਣੀਆਂ ਤਾਂ ਆਪ ਨੂੰ ਸਿੱਖ ਕੌਮ ਨਾਲ ਹਿੰਦ ਸਰਕਾਰ ਵੱਲੋਂ ਪੈਰ-ਪੈਰ 'ਤੇ ਕੀਤੀ ਜਾਂਦੀ ਧੱਕੇਸ਼ਾਹੀ ਦਾ ਗਿਆਨ ਹੋਇਆ। ਆਪ ਨੇ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਜਾ ਕੇ ਅੰਮ੍ਰਿਤਪਾਨ ਕੀਤਾ ਤੇ ਘਰ ਆਉਂਦਿਆਂ ਹੀ ਪਿਤਾ ਨੂੰ ਸਪਸ਼ਟ ਕਹਿ ਦਿੱਤਾ:

"ਅੱਜ ਤੋਂ ਮੈਂ ਤੁਹਾਡਾ ਪੁੱਤਰ ਨਹੀਂ, ਦਸਮੇਸ਼ ਪਿਤਾ ਦਾ ਪੁੱਤਰ ਹਾਂ। ਮੈਥੋਂ ਹੁਣ ਘਰ ਦੇ ਕੰਮਾਂ ਦੀ ਕੋਈ ਆਸ ਨਾ ਰੱਖਿਓ, ਮੈਂ ਸੀਸ ਕੌਮ ਲਈ ਵਾਰਨਾ ਹੈ। ਚਾਰ ਦਿਨ ਜਿਊਣਾ ਹੈ, ਪਰ ਜਿਊਣਾ ਅਜ਼ਾਦੀ ਨਾਲ.....।"

ਘਰ ਵਾਲਿਆਂ ਨੇ ਸਮਝਾਉਣ ਦਾ ਯਤਨ ਕੀਤਾ, ਪਰ 'ਸੀਨੇ ਖਿੱਚ ਜਿਨ੍ਹਾਂ ਨੇ ਖਾਧੀ, ਉਹ ਕਰ ਅਰਾਮ ਨਾ ਬਹਿੰਦੇ...।' ਆਪ ਨੇ ਗੁਪਤ ਤੌਰ 'ਤੇ ਹੀ ਭਾਈ ਰਣਜੀਤ ਸਿੰਘ ਬੱਬਰ ਤਰਸਿੱਕਾ ਨਾਲ ਮਿਲ ਕੇ ਸੇਵਾ ਕਰਨੀ ਅਰੰਭ ਦਿੱਤੀ ਤੇ ਕਈ ਗੱਦਾਰਾਂ ਤੇ ਪੰਥ ਦੋਖੀਆਂ ਦੀ ਸੁਧਾਈ ਕੀਤੀ। ਰਣਜੀਤ ਸਿੰਘ ਬੱਬਰ ਦੇ ਸ਼ਹੀਦ ਹੋ ਜਾਣ 'ਤੇ ਆਪ ਬੱਬਰ ਖ਼ਾਲਸਾ ਅੰਮ੍ਰਿਤਸਰ ਜ਼ਿਲ੍ਹੇ ਦੇ ਜਥੇਦਾਰ ਥਾਪੇ ਗਏ।

ਇਸ ਦੌਰਾਨ ਕਿਸੇ ਗ਼ੱਦਾਰ ਨੇ ਆਪ ਬਾਰੇ ਪੁਲੀਸ ਕੋਲ ਮੁਖ਼ਬਰੀ ਕਰ ਦਿੱਤੀ। ਪੁਲੀਸ ਨੇ ਘਰ ਛਾਪਾ ਮਾਰਿਆ, ਆਪ ਘਰ ਵਿੱਚ ਨਹੀਂ ਸਨ, ਜਿਸ ਕਾਰਨ ਪੁਲੀਸ ਆਪ ਦੇ ਪਿਤਾ ਸ. ਨਿਰਮਲ ਸਿੰਘ ਨੂੰ ਫੜ ਕੇ ਲੈ ਗਈ ਤੇ ਭਾਈ ਸੁਖਜਿੰਦਰ ਸਿੰਘ ਨੂੰ ਪੇਸ਼ ਕਰਨ ਦਾ ਹੁਕਮ ਚਾੜ੍ਹ ਗਈ। ਇਹ ਪਤਾ ਲੱਗਣ 'ਤੇ ਸੁਖਜਿੰਦਰ ਸਿੰਘ ਪੰਚਾਇਤ ਕੋਲ ਗਏ ਤੇ ਜਾ ਕੇ ਸਿੱਧਾ ਸਪਸ਼ਟ ਕਹਿ ਦਿੱਤਾ ਕਿ 'ਕਿਸੇ ਵੱਲੋਂ ਮੇਰੀ ਜ਼ਾਮਨੀ ਨਾ ਲਈ ਜਾਵੇ, ਮੈਂ ਪੁਲੀਸ ਦੇ ਹੱਥ ਨਹੀਂ ਆਉਣਾ ਤੇ ਰਣ-ਤੱਤੇ 'ਚ ਹੀ ਸ਼ਹੀਦ ਹੋਣਾ ਹੈ।' ਇਹ ਕਹਿ ਕੇ ਆਪ ਨੇ ਘਰ-ਬਾਰ ਛੱਡ ਦਿੱਤਾ ਤੇ ਰੂਪੋਸ਼ ਹੋ ਗਏ।

ਛੇਤੀ ਹੀ ਆਸ-ਪਾਸ ਦੇ ਇਲਾਕੇ ਵਿੱਚ ਵੱਡੀਆਂ ਵਾਰਦਾਤਾਂ ਨੇ ਹਕੂਮਤੀ ਮਸ਼ੀਨਰੀ ਨੂੰ ਕਾਂਬਾ ਛੇੜ ਦਿੱਤਾ। (1) ਸੇਰੋਂ ਪਿੰਡ ਵਿੱਚ ਸੀ.ਆਰ.ਪੀ. 'ਤੇ ਘਾਤ ਲਾ ਕੇ ਹਮਲਾ, ਇੱਕ ਇੰਸਪੈਕਟਰ ਸਣੇ ਪੰਜ ਜਵਾਨ ਮਰੇ। (2) ਪਿੰਡ ਜੋਧਾਨਗਰੀ 'ਚ ਸੀ.ਆਰ.ਪੀ. 'ਤੇ ਹਮਲਾ, ਚਾਰ ਜਵਾਨ ਮਰੇ-ਦੋ ਜ਼ਖ਼ਮੀ। (3) ਛੱਜਲਵੱਡੀ ਐਮ.ਐਲ.ਏ. ਦੇ ਦੋ ਗੰਨਮੈਨਾਂ ਨੂੰ ਮਾਰ ਕੇ

ਅਣਪਛਾਤੇ ਹਮਲਾਵਰ ਉਹਨਾਂ ਦੇ ਹਥਿਆਰ ਲੈ ਗਏ।

ਕਬੀਰ ਮੁਹਿ ਮਰਨੇ ਕਾ ਚਾਉ ਹੈ ਮਰਉ ਤ ਹਰਿ ਕੈ ਦੁਆਰ ॥

ਆਪ ਨੇ ਵੱਡੀ ਭੈਣ ਤੇ ਛੋਟੇ ਭਰਾ ਨੂੰ ਇੱਕ ਪੱਤਰ ਲਿਖਿਆ ਕਿ 'ਮੈਂ ਤਾਂ ਮਾਤਾ ਪਿਤਾ ਦੀ ਸੇਵਾ ਨਹੀਂ ਕਰ ਸਕਿਆ, ਪਰ ਤੁਸਾਂ ਮੇਰੀ ਘਾਟ ਪੂਰੀ ਕਰਨੀ, ਕਿਉਂਕਿ ਅਕਾਲ ਪੁਰਖ ਨੇ ਮੈਨੂੰ ਪੰਥ ਦੀ ਸੇਵਾ ਬਖਸ਼ੀ ਹੈ... ਸਿੰਘਾਂ ਦੀ ਉਮਰ ਥੋੜ੍ਹੀ ਹੀ ਹੁੰਦੀ ਹੈ...।'

ਆਪ ਸਵੇਰੇ ਢਾਈ ਘੰਟੇ ਗੁਰਬਾਣੀ ਦੇ ਨਿੱਤਨੇਮ ਤੋਂ ਬਿਨਾਂ ਕੋਈ ਅੰਨ-ਜਲ ਨਹੀਂ ਸਨ ਛਕਦੇ। ਆਪ ਗਰੀਬਾਂ ਦੇ ਘਰਾਂ ਨੂੰ ਵਸਾਉਣ ਤੇ ਸਥਾਪਤ ਕਰਨ ਲਈ ਉਸੇ ਹੀ ਤਰ੍ਹਾਂ ਯਤਨਸ਼ੀਲ ਰਹਿੰਦੇ ਸਨ, ਜਿਵੇਂ ਜਾਬਰ ਸਰਕਾਰ ਦੇ ਮਹਿਲਾਂ ਦੀਆਂ ਕੰਧਾਂ ਹਿਲਾਉਣ ਲਈ। ਆਪ ਨੇ ਸੰਤ ਬਾਬਾ ਗੁਰਬਖਸ਼ ਸਿੰਘ ਜੀ ਦੇ ਨਾਂ 'ਤੇ ਕਾਲਜ ਦੀ ਉਸਾਰੀ ਦਾ ਨੀਂਹ-ਪੱਥਰ ਰੱਖਿਆ, ਜਿਸ ਦੀ ਨੌਂ ਕਮਰਿਆਂ ਤੇ ਵਰਾਂਡੇ ਤਕ ਦੀ ਸੇਵਾ ਆਪ ਨੇ ਆਪਣੀ ਦੇਖ-ਰੇਖ ਹੇਠ ਕਰਵਾਈ। ਆਪ ਦੀ ਸ਼ਹੀਦੀ ਉਪਰੰਤ ਇਹ ਕੰਮ ਓਥੇ ਹੀ ਰੁਕ ਗਿਆ।

ਮਿਤੀ 14 ਜੂਨ 1989 ਨੂੰ ਆਪ ਆਪਣੇ ਕੁਝ ਸਾਥੀਆਂ ਸਮੇਤ ਪਿੰਡ ਬਾਹਮਣਾਂ ਦੀ ਭੋਰਛੀ ਵਿੱਚ ਇੱਕ ਬੰਬ ਤਿਆਰ ਕਰ ਰਹੇ ਸਨ ਕਿ ਆਪ ਦੇ ਇੱਕ ਸਾਥੀ ਨੇ ਗ਼ਲਤੀ ਨਾਲ ਤਾਰਾਂ ਜੋੜ ਦਿੱਤੀਆਂ। ਜ਼ੋਰਦਾਰ ਧਮਾਕੇ ਨਾਲ ਸਾਰੇ ਸਿੰਘਾਂ ਦੇ ਸਰੀਰ ਉਡ ਗਏ। ਦੁਸ਼ਮਣ ਦੇ ਘਰਾਂ ਵਿੱਚ ਘਿਉ ਦੇ ਦੀਵੇ ਬਲ਼ੇ, ਪਰ ਇਲਾਕੇ ਦੇ ਲੋਕਾਂ ਦੇ ਘਰਾਂ ਵਿੱਚ ਮਾਤਮ ਛਾ ਗਿਆ ਸੀ। ਉਹਨਾਂ ਦਾ ਰਾਖਾ ਇਸ ਦੁਨੀਆਂ ਤੋਂ ਕੂਚ ਕਰ ਗਿਆ ਸੀ।

ਭਾਈ ਸੁਖਜਿੰਦਰ ਸਿੰਘ ਦੇ ਤੁਰ ਜਾਣ ਤੋਂ ਕੁਝ ਦਿਨ ਬਾਅਦ ਪੁਲੀਸ ਮੁਖੀ ਕੇ.ਪੀ.ਐਸ. ਗਿੱਲ ਨੇ ਪੱਤਰਕਾਰਾਂ ਨੂੰ ਕਿਹਾ ਕਿ ਖ਼ੁਸ਼ਕਿਸਮਤੀ ਨਾਲ ਸੁਖਜਿੰਦਰ ਸਿੰਘ ਬਰਾੜ ਬੰਬ ਧਮਾਕੇ ਵਿੱਚ ਮਾਰਿਆ ਗਿਆ ਹੈ...। ਜੇ ਉਹ ਥੋੜ੍ਹੀ ਦੇਰ ਹੋਰ ਰਹਿ ਜਾਂਦਾ ਤਾਂ (ਫੜੇ ਗਏ ਇੱਕ ਜੁਝਾਰੂ ਤੋਂ ਮਿਲੀ ਜਾਣਕਾਰੀ ਅਨੁਸਾਰ) ਉਸ ਨੇ ਅਫ਼ਗਾਨ ਮੁਜਾਹਦੀਨਾਂ ਤੋਂ ਸਟਿੰਗਰ ਮਿਜ਼ਾਈਲਾਂ ਵੀ ਪ੍ਰਾਪਤ ਕਰ ਲਈਆਂ ਸਨ ਤੇ ਸਿਖਲਾਈ ਲਈ ਆਪਣੇ ਕੁਝ ਭਰੋਸੇਯੋਗ ਸਾਥੀ ਵੀ ਉਹਨਾਂ ਕੋਲ ਭੇਜ ਦਿੱਤੇ ਸਨ। ਗਿੱਲ ਅਨੁਸਾਰ ਅਜਿਹਾ ਹੋ ਜਾਣ ਦੀ ਸੂਰਤ ਵਿੱਚ ਭਾਈ ਸੁਖਜਿੰਦਰ ਸਿੰਘ ਬਰਾੜ ਕਈ ਅਹਿਮ ਵਿਅਕਤੀਆਂ ਨੂੰ ਲਿਜਾ ਰਹੇ ਜਹਾਜ਼ ਜਾਂ ਹੈਲੀਕਾਪਟਰ ਵੀ ਅਸਾਨੀ ਨਾਲ ਹੀ ਫੁੰਡ ਸਕਦਾ ਸੀ ਤੇ ਉਸ ਦਾ ਮਕਸਦ ਵੀ ਇਹੀ ਸੀ।

ਆਪ ਦੇ ਨਾਲ ਚਾਰ ਸਿੰਘ ਸ਼ਹੀਦ ਹੋਏ।

ਬੇਸ਼ੱਕ ਭਾਈ ਸੁਖਜਿੰਦਰ ਸਿੰਘ ਬਰਾੜ ਦੇ ਅਚਾਨਕ ਵਿਛੋੜੇ ਦਾ ਸਿੱਖ ਸੰਘਰਸ਼ ਨੂੰ ਅਥਾਹ ਘਾਟਾ ਪਿਆ, ਪਰ ਲੀਹਾਂ ਉਹ ਪਾ ਗਏ ਸਨ, ਉਸ ਤੋਂ ਸਿੰਘਾਂ ਦੇ ਕਾਫ਼ਲੇ ਲੰਘਦੇ ਗਏ ਤੇ ਦਿੱਲੀ ਤਖਤ ਦੇ ਹਾਕਮਾਂ ਤੇ ਉਹਨਾਂ ਦੇ ਰਾਖਿਆਂ ਦੇ ਦਿਲਾਂ 'ਚ ਜੁਝਾਰੂ ਸਿੰਘਾਂ ਦਾ ਉਹ ਭੈਅ ਕਾਇਮ ਰਿਹਾ ਜੋ ਕਿ ਭਾਈ ਸੁਖਜਿੰਦਰ ਸਿੰਘ ਬਰਾੜ ਵਰਗਿਆਂ ਨੇ ਆਪਣੀਆਂ ਜਾਨਾਂ ਤਲ਼ੀ 'ਤੇ ਰੱਖ ਕੇ ਪੈਦਾ ਕੀਤਾ ਸੀ; ਵੈਸੇ ਹਰ ਜੁਝਾਰੂ ਮਰਨਾਂ ਤਾਂ ਪਹਿਲਾਂ ਹੀ ਮਿਥ ਕੇ ਤੁਰਦਾ ਹੈ।

* * * * *

ਪ੍ਰਸਿੱਧੀ ਦੀ ਚਾਹਤ ਤੋਂ ਨਿਰਲੇਪ ਜੁਝਾਰੂ
ਸ਼ਹੀਦ ਭਾਈ ਦਇਆ ਸਿੰਘ ਚੋਹਲਾ

ਸਿੱਖ ਕੌਮ ਦੀ ਅਜ਼ਾਦੀ ਲਈ ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲਿਆਂ ਵੱਲੋਂ ਅਰੰਭੇ ਸੰਘਰਸ਼ ਵਿੱਚ ਅੱਗ ਦੇ ਭਾਂਬੜ ਵਰਗੀਆਂ ਜਵਾਨੀਆਂ ਵਾਰਨ ਵਾਲ਼ੇ ਯੋਧਿਆਂ ਦੀ ਕਤਾਰ ਵਿੱਚ ਭਾਈ ਦਇਆ ਸਿੰਘ ਚੋਹਲਾ ਦਾ ਨਾਂ ਵੀ ਬਹੁਤ ਉੱਘਾ ਹੈ। ਸ. ਸੁਰਜੀਤ ਸਿੰਘ ਦੇ ਗ੍ਰਹਿ ਵਿਖੇ ਬੀਬੀ ਨਿਰੰਜਣ ਕੌਰ ਦੀ ਕੁੱਖੋਂ ਅਜੋਕੇ ਤਰਨ ਤਾਰਨ ਜ਼ਿਲ੍ਹੇ ਦੇ ਪਿੰਡ ਚੋਹਲਾ ਖੁਰਦ ਵਿੱਚ ਜਨਮੇ ਭਾਈ ਦਇਆ ਸਿੰਘ ਤਿੰਨ ਭੈਣਾਂ ਤੋਂ ਛੋਟੇ ਅਤੇ ਦੋ ਭਰਾਵਾਂ ਤੇ ਇੱਕ ਭੈਣ ਤੋਂ ਵੱਡੇ ਸਨ। ਆਪ ਸਾਰੇ ਭੈਣ-ਭਰਾਵਾਂ ਦਾ ਵੇਰਵਾ ਇਸ ਤਰ੍ਹਾਂ ਹੈ:

ਭੈਣ ਰਣਜੀਤ ਕੌਰ, ਭੈਣ ਸਵਿੰਦਰ ਕੌਰ, ਭੈਣ ਗੁਰਬਚਨ ਕੌਰ, ਦਇਆ ਸਿੰਘ (ਖੁਦ), ਭਾਈ ਭਗਵੰਤ ਸਿੰਘ (ਭਰਾ), ਭਾਈ ਕਰਤਾਰ ਸਿੰਘ (ਭਰਾ), ਭੈਣ ਸੁਖਰਾਜ ਕੌਰ।

ਦਇਆ ਸਿੰਘ ਨੇ ਮੁੱਢਲੀ ਪੜ੍ਹਾਈ ਹਾਇਰ ਸੈਕੰਡਰੀ ਤਕ ਸਰਕਾਰੀ ਹਾਈ ਸਕੂਲ ਚੋਹਲਾ ਸਾਹਿਬ ਤੋਂ ਕੀਤੀ। ਅਗਲੇਰੀ ਪੜ੍ਹਾਈ ਉਹਨਾਂ ਨੇ ਅੰਮ੍ਰਿਤਸਰ ਵਿੱਚ ਕੀਤੀ। ਖ਼ਾਲਸਾ ਕਾਲਜ ਅੰਮ੍ਰਿਤਸਰ ਤੋਂ ਬੀ.ਏ. ਕਰਨ ਤਕ ਭਾਈ ਦਇਆ ਸਿੰਘ ਸਿੱਖ ਧਰਮ ਦੇ ਨਾਲ-ਨਾਲ ਸਿੱਖ ਸੰਘਰਸ਼ ਦੇ ਵੀ ਕਈ ਅਹਿਮ ਪਾਠ ਪੜ੍ਹ ਚੁੱਕੇ ਸਨ।

ਧਾਰਮਿਕ ਤੌਰ 'ਤੇ ਭਾਈ ਦਇਆ ਸਿੰਘ ਸਰਹਾਲੀ ਸਾਹਿਬ ਵਾਲ਼ੇ ਜਥੇ ਦੇ ਨੇੜੇ ਸਨ ਤੇ ਉਹਨਾਂ ਤੋਂ ਹੀ ਅੰਮ੍ਰਿਤਪਾਨ ਕੀਤਾ ਸੀ। ਉਹ ਓਦੋਂ ਖ਼ਾਲਸਾ ਕਾਲਜ ਵਿੱਚ ਹੀ ਸਨ, ਜਦੋਂ ਅਪ੍ਰੈਲ 1978 ਵਿੱਚ ਨਰਕਧਾਰੀ ਮੋਹਰਿਆਂ ਰਾਹੀਂ ਦਿੱਲੀ ਤਖ਼ਤ ਨੇ 'ਗੁਰੂ ਮਾਨਿਓ ਗਰੰਥ' ਦੇ ਸਿਧਾਂਤ 'ਤੇ ਦ੍ਰਿੜ੍ਹ ਸਿੰਘਾਂ ਦੇ ਲਹੂ ਦੀ ਹੋਲੀ ਖੇਡੀ। ਸਿੱਖ ਜਵਾਨੀ ਦਾ ਅਣਖੀਲਾ ਤੱਤ, ਫੱਟ ਖਾ ਕੇ ਜਾਗਿਆ ਤਾਂ ਉਸ ਵਿੱਚ ਭਾਈ ਦਇਆ ਸਿੰਘ ਵੀ ਸੀ। ਇਸ ਪਿੱਛੋਂ ਖ਼ਾਲਸਾ ਕਾਲਜ ਵਿੱਚ ਮੁੜ ਜਥੇਬੰਦ ਹੋਈ ਸਿੱਖ ਸਟੂਡੈਂਟਸ ਫ਼ੈਡਰੇਸ਼ਨ ਦੇ ਵਰਕਰਾਂ ਨਾਲ ਆਪ ਦਾ ਵੀ ਵੀਹਵੀਂ ਸਦੀ ਦੇ ਮਹਾਨ ਸਿੱਖ ਜਰਨੈਲ ਸੰਤ ਬਾਬਾ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲ਼ਿਆਂ ਕੋਲ ਆਉਣਾ-ਜਾਣਾ ਅਰੰਭ ਹੋ ਗਿਆ। ਸਿਰਾਂ ਦੇ ਦਾਈਏ ਲੱਗ ਗਏ। ਇਹਨਾਂ ਬੇਚੈਨ ਦਿਨਾਂ ਵਿੱਚ ਭਾਈ ਦਇਆ ਸਿੰਘ ਅਕਸਰ ਹੀ ਭਾਈ ਜੋਗਾ ਸਿੰਘ ਜੋਗੀ ਦੀਆਂ ਇਹ ਕਾਵਿ ਤੁਕਾਂ ਗੁਣਗੁਣਾਉਂਦੇ ਸੁਣੇ ਜਾਂਦੇ:

ਸਮਾਂ ਚੰਡੀ ਦਾ ਆ ਗਿਆ ਸੂਰਬੀਰੋ

ਐਵੇਂ ਰਾਣੀ ਅਜ਼ਾਦੀ ਨ੍ਹੀਂ ਆ ਸਕਦੀ।

ਤੇ ਕਈ ਵਾਰ ਇਹ ਤੁਕਾਂ ਬੋਲਦੇ-ਬੋਲਦੇ ਉਹਨਾਂ ਦੀਆਂ ਅੱਖਾਂ ਵਿੱਚੋਂ ਸ਼ਹੀਦ ਸਿੰਘਾਂ ਦੀ ਯਾਦ ਵਿੱਚ ਹੰਝੂ ਵਹਿ ਤੁਰਦੇ।

ਆਪ ਦੀ ਵੱਡੀ ਭੈਣ ਬੀਬੀ ਰਣਜੀਤ ਕੌਰ ਦਾ ਵਿਆਹ ਭਾਈ ਪ੍ਰੀਤਮ ਸਿੰਘ ਜੀ ਜੋ ਦਰਬਾਰ ਸਾਹਿਬ ਵਿਖੇ ਚੌਰ-ਬਰਦਾਰ ਸਨ, ਦੇ ਨਾਲ਼ 1978 ਵਿੱਚ ਹੀ ਹੋਇਆ ਸੀ ਤੇ ਉਹਨਾਂ ਦੇ ਕੁਆਰਟਰ ਵਿੱਚ ਆਉਣ-ਜਾਣ ਦੇ ਬਹਾਨੇ ਆਪ ਦਾ ਸੰਤਾਂ ਨਾਲ ਖੁੱਲ੍ਹਾ ਮੇਲ-ਮਿਲ਼ਾਪ ਹੋ ਜਾਂਦਾ ਸੀ। ਸੰਤਾਂ ਦੀ ਸੰਗਤ ਦੌਰਾਨ ਹੀ ਆਪ ਦੀ ਬਾਬਾ ਗੁਰਬਚਨ ਸਿੰਘ ਮਾਨੋਚਾਹਲ ਨਾਲ਼ ਨੇੜਤਾ ਬਣੀ। ਮਰਜੀਵੜਿਆਂ ਦੀ ਫ਼ੌਜ ਵਿੱਚ ਆਪ ਨੇ ਵੀ ਆਪਣਾ ਨਾਂ ਲਿਖਾਇਆ ਸੀ।

ਸੰਤ ਜਰਨੈਲ ਸਿੰਘ ਜੀ ਭਿੰਡਰਾਂਵਾਲ਼ਿਆਂ ਨੇ ਹੀ ਆਪ ਜੀ ਨੂੰ ਹੇਮਕੁੰਟ ਗੁਰਦੁਆਰਾ ਸਾਹਿਬ 'ਚ ਹੈੱਡ ਗਰੰਥੀ ਦੀ ਸੇਵਾ ਵਜੋਂ ਭੇਜਿਆ ਹੋਇਆ ਸੀ, ਜਦੋਂ ਭਾਰਤ ਸਰਕਾਰ ਨੇ ਸ੍ਰੀ ਦਰਬਾਰ ਸਾਹਿਬ 'ਤੇ ਫ਼ੌਜੀ ਹਮਲਾ ਕੀਤਾ।

ਇਸ ਕਹਿਰੀ ਹਮਲੇ ਤੋਂ ਅਜੇ ਅਗਲੀ ਰਣਨੀਤੀ ਬਾਰੇ ਆਪ ਨੇ ਕੋਈ ਠੋਸ ਨਿਰਣਾ ਨਹੀਂ ਸੀ ਲਿਆ ਕਿ ਆਪ ਦੇ ਟਕਸਾਲੀ ਬਾਣੇ ਕਾਰਨ ਯੂ.ਪੀ. ਦੇ ਸੀ.ਆਈ.ਡੀ. ਵਿਭਾਗ ਵਾਲ਼ੇ ਆਪ ਬਾਰੇ ਜਾਣਕਾਰੀ ਲੈਣ ਹੇਮਕੁੰਟ ਸਾਹਿਬ ਵਿਖੇ ਮੈਨੇਜਰ ਕੋਲ਼ ਆਏ। ਪੁਲੀਸ ਨੇ ਮੈਨੇਜਰ ਨੂੰ ਭਾਈ ਦਇਆ ਸਿੰਘ ਨੂੰ ਪੇਸ਼ ਕਰਨ ਲਈ ਕਿਹਾ, ਪਰ ਮੈਨੇਜਰ ਨੇ ਇਸ ਬਾਰੇ ਆਪ ਨੂੰ ਦੱਸ ਦਿੱਤਾ ਤੇ ਭੇਸ ਬਦਲ ਕੇ ਨਿਕਲ ਜਾਣ ਲਈ ਕਿਹਾ। ਆਪ ਭੇਸ ਬਦਲ ਕੇ ਓਥੋਂ ਨਿਕਲ਼ ਆਏ, ਭਾਵੇਂ ਕਿ ਆਪ ਨੂੰ ਕੱਢ ਦੇਣ ਦੇ ਕਾਰਨ ਮੈਨੇਜਰ ਨੂੰ ਕਾਫ਼ੀ ਮੁਸੀਬਤਾਂ ਝੱਲਣੀਆਂ ਪਈਆਂ।

ਪੰਜਾਬ ਵਾਪਸ ਆ ਕੇ ਆਪ ਆਪਣੇ ਘਰ ਹੀ ਰਹਿਣ ਲੱਗੇ। ਆਪ ਬਹੁਤਾ ਚੁੱਪ ਹੀ ਰਹਿੰਦੇ ਤੇ ਦਿਲ ਦੀ ਗੱਲ ਕਿਸੇ ਨੂੰ ਨਾ ਦੱਸਦੇ। ਹੇਮਕੁੰਟ ਸਾਹਿਬ ਤੋਂ ਆਉਣ ਦਾ ਵੀ ਕਾਰਨ ਆਪ ਨੇ ਕਿਸੇ ਨੂੰ ਨਾ ਦੱਸਿਆ। ਆਪ ਨੌਸ਼ਹਿਰਾ ਪੰਨੂਆਂ, ਜਿਸ ਗੁਰਦੁਆਰਾ ਸਾਹਿਬ ਦੀ ਸੇਵਾ ਸੰਤਾਂ ਨੇ ਬਾਬਾ ਮਾਨੋਚਾਹਲ ਦੇ ਜ਼ਿੰਮੇ ਲਾਈ ਸੀ, ਵਿਖੇ ਵੀ ਆਉਣ ਜਾਣ ਲੱਗੇ। ਵਧੇਰੇ ਘਰੋਂ ਬਾਹਰ ਹੀ ਰਹਿੰਦੇ। ਇਸ ਦਾ ਕਾਰਨ ਪਰਿਵਾਰ ਨੂੰ ਆਪ ਨੇ ਸੰਥਿਆ ਕਰਦੇ ਹੋਣਾ ਦੱਸਿਆ ਸੀ।

ਫਿਰ ਆਪ ਨੇ ਆਪਣੇ ਛੋਟੇ ਭਰਾ ਕਰਤਾਰ ਸਿੰਘ ਨੂੰ ਸ਼ਹੀਦ ਸਿੱਖ ਮਿਸ਼ਨਰੀ ਕਾਲਜ ਅੰਮ੍ਰਿਤਸਰ ਵਿਖੇ ਕੀਰਤਨ ਸਿਖਲਾਈ ਲਈ ਦਾਖ਼ਲ ਕਰਵਾ ਦਿੱਤਾ ਤੇ ਖ਼ੁਦ ਵੀ ਉਸ ਦੇ ਹੋਸਟਲ ਵਾਲ਼ੇ ਕਮਰੇ ਵਿੱਚ ਹੀ ਰਹਿਣ ਲੱਗ ਪਏ। ਆਪ ਦੀਆਂ ਹੋਰ ਸਰਗਰਮੀਆਂ ਬਾਰੇ ਕਿਸੇ ਨੂੰ ਕੋਈ ਪਤਾ ਨਹੀਂ ਸੀ। ਇਹਨਾਂ ਸਰਗਰਮੀਆਂ ਬਾਰੇ ਪਰਿਵਾਰ ਨੂੰ ਓਦੋਂ ਹੀ ਪਤਾ ਲੱਗਾ, ਜਦੋਂ ਇੱਕ ਵੱਡਾ ਪੁਲੀਸ ਦਲ ਛਾਪਾ ਮਾਰਨ ਲਈ ਸ਼ਹੀਦ ਸਿੱਖ ਮਿਸ਼ਨਰੀ ਕਾਲਜ ਆਇਆ ਤੇ ਉਸ ਨੇ ਪੁੱਛਿਆ ਕਿ ਇੱਥੇ ਦਇਆ ਸਿੰਘ ਕੌਣ ਹੈ।

ਕਾਲਜ ਦੇ ਪ੍ਰਿੰਸੀਪਲ ਸ. ਪ੍ਰਕਾਸ਼ ਸਿੰਘ ਨੇ ਇਸ ਮੌਕੇ ਜੁਰਅਤ ਵਿਖਾਈ ਤੇ ਪੁਲੀਸ ਨੂੰ ਰੋਕ ਕੇ ਪਤਾ ਕਰਨ ਦੇ ਬਹਾਨੇ ਭਾਈ ਦਇਆ ਸਿੰਘ ਨੂੰ ਆਪਣੀ ਰਿਹਾਇਸ਼ ਵੱਲ ਦੀ ਨਿਕਲ

ਜਾਣ ਲਈ ਕਹਿ ਦਿੱਤਾ। ਭਾਈ ਦਇਆ ਸਿੰਘ ਨਿਕਲ ਗਏ ਤਾਂ ਪ੍ਰਿੰਸੀਪਲ ਸਾਹਿਬ ਨੇ ਪੁਲੀਸ ਨੂੰ ਕਹਿ ਦਿੱਤਾ ਕਿ ਇੱਥੇ ਕੋਈ ਦਇਆ ਸਿੰਘ ਨਹੀਂ ਹੈ।

ਪਰ ਪੁਲੀਸ ਵੱਲੋਂ ਭਾਈ ਦਇਆ ਸਿੰਘ ਦੀ ਅਰੰਭ ਹੋਈ ਤਲਾਸ਼ ਨੇ ਭਾਈ ਦਇਆ ਸਿੰਘ ਨੂੰ ਰੂਪੋਸ਼ ਹੋਣ ਲਈ ਮਜਬੂਰ ਕਰ ਦਿੱਤਾ। ਬਾਬਾ ਗੁਰਬਚਨ ਸਿੰਘ ਮਾਨੋਚਾਹਲ ਦੇ ਪੁਲੀਸ ਤੇ ਸੀ.ਆਰ.ਪੀ. ਵਾਲਿਆਂ ਨਾਲ ਹੋਏ ਕਈ ਮੁਕਾਬਲਿਆਂ 'ਚ ਆਪ ਵੀ ਬਾਬਾ ਮਾਨੋਚਾਹਲ ਦੇ ਨਾਲ ਹੀ ਸਨ।

ਆਪ ਕੁਝ ਸਮਾਂ ਸ੍ਰੀ ਦਰਬਾਰ ਸਾਹਿਬ ਦੇ ਅੰਦਰ ਵੀ ਬਾਬਾ ਮਾਨੋਚਾਹਲ ਦੀ ਅਗਵਾਈ ਵਾਲੀ ਭਿੰਡਰਾਂਵਾਲਾ ਟਾਈਗਰਜ ਫ਼ੋਰਸ ਦੇ ਪ੍ਰਤੀਨਿਧ ਬਣ ਕੇ ਰਹੇ। ਸਿੱਖ ਪੰਥ ਦਾ ਨਿਸ਼ਾਨਾ ਮਿਥਣ ਲਈ ਪ੍ਰੋ: ਦਰਸ਼ਨ ਸਿੰਘ ਵੱਲੋਂ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਵਜੋਂ ਕਨਵੈਨਸ਼ਨ ਸੱਦੇ ਜਾਣ ਦੇ ਮੌਕੇ ਬਾਬਾ ਮਾਨੋਚਾਹਲ ਨੇ ਪ੍ਰੋ: ਨੂੰ 12 ਸਵਾਲ ਲਿਖ ਕੇ ਕਨਵੈਨਸ਼ਨ 'ਚ ਪੁੱਛਣ ਲਈ ਭੇਜੇ ਸਨ। ਆਪ ਨੇ ਪੂਰੀ ਦ੍ਰਿੜ੍ਹਤਾ ਤੇ ਨਿਰਭੈਤਾ ਨਾਲ ਉਕਤ ਸਵਾਲ ਪੁੱਛੇ, ਜਿਨ੍ਹਾਂ ਦਾ ਕੋਈ ਤਸੱਲੀਬਖ਼ਸ਼ ਜਵਾਬ ਨਾ ਮਿਲਿਆ। ਉਸ ਦੀ ਰਿਕਾਰਡਿੰਗ ਅੱਜ ਵੀ ਕਈ ਸੱਜਣਾਂ ਕੋਲ ਮੌਜੂਦ ਹੈ। ਆਪ ਜੁਝਾਰੂ ਸਿੰਘਾਂ ਦੀ ਏਕਤਾ ਲਈ ਤਤਪਰ ਰਹਿੰਦੇ ਸਨ। ਸ੍ਰੀ ਦਰਬਾਰ ਸਾਹਿਬ ਦੇ ਅੰਦਰ ਕੁਝ ਸਮਾਂ ਰਹਿਣ ਪਿੱਛੋਂ ਆਪ ਫਿਰ ਫ਼ੀਲਡ ਵਿੱਚ ਕੰਮ ਕਰਨ ਲਈ ਬਾਹਰ ਨਿਕਲ ਆਏ।

ਇਸ ਸਰਗਰਮੀ ਵਿੱਚ ਪੰਥਕ ਕਾਰਜ ਕਰਦਿਆਂ ਮਿਤੀ 9 ਜਨਵਰੀ 1988 ਨੂੰ ਆਪ ਆਪਣੇ ਇੱਕ ਸਾਥੀ ਬਲਬੀਰ ਸਿੰਘ ਵੰਨਚਿੜੀ ਦੇ ਨਾਲ ਵੰਨਚਿੜੀ ਦੇ ਹੀ ਇੱਕ ਕਿਸਾਨ ਸ. ਪੂਰਨ ਸਿੰਘ ਦੀ ਬਹਿਕ 'ਤੇ ਠਹਿਰੇ ਹੋਏ ਸਨ ਕਿ ਇੱਕ ਮੁਖ਼ਬਰੀ ਦੇ ਆਧਾਰ 'ਤੇ ਪੁਲੀਸ ਫ਼ੋਰਸਾਂ ਨੇ ਬਹਿਕ ਨੂੰ ਘੇਰਾ ਪਾ ਲਿਆ। 10 ਜਨਵਰੀ 1988 ਨੂੰ ਆਪ ਇਸ਼ਨਾਨ ਕਰ ਕੇ ਨਿੱਤਨੇਮ ਕਰਨ ਦੀ ਤਿਆਰੀ ਵਿੱਚ ਹੀ ਸਨ ਕਿ ਆਪ ਨੂੰ ਪੁਲੀਸ ਬਾਰੇ ਪਤਾ ਲੱਗ ਗਿਆ। ਓਦੋਂ ਸਵੇਰ ਦੇ 7 ਕੁ ਹੀ ਵੱਜੇ ਸਨ। ਆਪ ਨੇ ਸੋਚਿਆ ਕਿ ਅਜੇ ਚਾਰੇ-ਪਾਸੇ ਘੇਰਾ ਨਹੀਂ ਪਿਆ ਹੋਵੇਗਾ, ਇਸ ਲਈ ਆਪ ਨੇ ਅਸਾਲਟਾਂ ਚੁੱਕੀਆਂ ਤੇ ਡਰੇਨ ਵਾਲੇ ਪਾਸੇ ਨੂੰ ਨਿਕਲ ਤੁਰੇ। ਪਰ ਘੇਰਾ ਚਾਰੇ ਪਾਸੇ ਸੀ ਤੇ ਓਧਰ ਵੀ ਪੁਲੀਸ ਮਸ਼ੀਨਗੰਨਾਂ ਬੀੜੀ ਬੈਠੀ ਸੀ।

ਆਪ ਦੋਹਾਂ ਦੇ ਬਾਹਰ ਨਿਕਲਦਿਆਂ ਹੀ ਪੁਲੀਸ ਨੇ ਫ਼ਾਇਰ ਖੋਲ੍ਹ ਦਿੱਤਾ। ਆਪ ਦਾ ਸਾਥੀ ਭਾਈ ਬਲਬੀਰ ਸਿੰਘ ਗੋਲੀ ਲੱਗਣ ਨਾਲ ਮੌਕੇ 'ਤੇ ਹੀ ਸ਼ਹੀਦ ਹੋ ਗਿਆ। ਹੁਣ ਭਾਈ ਦਇਆ ਸਿੰਘ ਨੇ ਆਪਣੀ ਅਸਾਲਟ ਸਿੱਧੀ ਕੀਤੀ ਤੇ ਮੁਕਾਬਲਾ ਕੀਤਾ, ਪਰ ਪੁਲੀਸ ਨੇ ਘੇਰਾ ਪੂਰੀ ਯੁੱਧਨੀਤਿਕ ਰਣਨੀਤੀ ਦੇ ਤਹਿਤ ਪਾਇਆ ਸੀ, ਜਿਸ ਕਾਰਨ ਚਾਰ-ਚੁਫੇਰੇ ਤੋਂ ਘਿਰੇ ਹੋਏ ਹੋਣ ਕਾਰਨ ਮੁਕਾਬਲਾ ਕਰਦੇ ਹੋਏ ਆਪ ਸ਼ਹੀਦ ਹੋ ਗਏ।

ਇਸ ਅਹਿਮ ਘਟਨਾ ਤੋਂ ਬਾਅਦ ਅੰਮ੍ਰਿਤਸਰ ਦੇ ਐਸ.ਐਸ.ਪੀ. ਮੁਹੰਮਦ ਇਜ਼ਹਾਰ ਆਲਮ ਨੇ ਇੱਕ ਹੋਰ ਖੇਡ ਖੇਡੀ। ਉਸ ਨੇ ਲਾਸ਼ਾਂ ਪੁਲੀਸ ਨੂੰ ਦੇ ਕੇ ਪਰਿਵਾਰਾਂ ਨੂੰ ਦੇ ਦੇਣ ਲਈ ਕਿਹਾ। ਸਰਹਾਲੀ ਦੀ ਪੁਲੀਸ ਨੇ ਚੋਹਲਾ ਖੁਰਦ ਪਿੰਡ 'ਚ ਕਈ ਚੱਕਰ ਮਾਰ ਕੇ ਭਾਈ ਦਇਆ ਸਿੰਘ ਦਾ ਘਰ ਪੁੱਛਿਆ, ਪਰ ਕਿਸੇ ਨੇ ਨਾ ਦੱਸਿਆ, ਕਿਉਂਕਿ ਕਿਸੇ ਨੂੰ ਵੀ ਭਾਈ ਦਇਆ

ਸਿੰਘ ਦੀ ਸ਼ਹੀਦੀ ਦਾ ਪਤਾ ਨਹੀਂ ਸੀ, ਉਹ ਸੋਚਦੇ ਸਨ ਪੁਲੀਸ ਵੈਸੇ ਹੀ ਪਰਿਵਾਰ ਨੂੰ ਤੰਗ ਕਰਨ ਲਈ ਘਰ ਲੱਭ ਰਹੀ ਹੈ। ਅਖੀਰ ਪੁਲੀਸ ਨੇ ਇੱਕ ਨਿੱਕੇ ਜਿਹੇ ਬੱਚੇ ਤੋਂ ਪੁੱਛ ਕੇ ਖੇਤਾਂ ਵਿੱਚ ਕੰਮ ਕਰ ਰਹੇ ਭਾਈ ਦਇਆ ਸਿੰਘ ਦੇ ਪਿਤਾ ਸ. ਸੁਰਜੀਤ ਸਿੰਘ ਨੂੰ ਜਾ ਕੇ ਸਾਰੀ ਗੱਲ ਦੱਸੀ ਤੇ ਸ਼ਹੀਦ ਦੀ ਲਾਸ਼ ਲੈ ਆਉਣ ਲਈ ਕਿਹਾ। ਇਹ ਸੁਣ ਕੇ ਆਪ ਦੇ ਪਿਤਾ ਉਸੇ ਹਾਲਤ ਵਿੱਚ ਹੀ ਪੁਲੀਸ ਨਾਲ਼ ਤੁਰ ਪਏ।

ਸਰਹਾਲੀ ਥਾਣੇ ਦੇ ਐਸ.ਐਚ.ਓ. ਦਰਸ਼ਨ ਸਿੰਘ ਨੇ ਆਪ ਦੇ ਪਿਤਾ ਨੂੰ ਪੁੱਛਿਆ- "ਲਾਸ਼ ਲਿਜਾਣ ਲਈ ਗੱਡੀ ਵਾਲ਼ੇ ਨੂੰ ਦੇਣ ਲਈ ਕਿਰਾਇਆ ਹੈ?"

ਤਾਂ ਭਾਈ ਸੁਰਜੀਤ ਸਿੰਘ ਨੇ ਦੱਸਿਆ: "ਮੈਂ ਤਾਂ ਸਿੱਧਾ ਖੇਤਾਂ 'ਚੋਂ ਹੀ ਆ ਗਿਆਂ।"

ਥਾਣੇਦਾਰ ਨੇ ਕਿਰਾਇਆ ਆਪਣੇ ਕੋਲ਼ੋਂ ਦੇ ਕੇ ਹਮਦਰਦੀ ਨਾਲ਼ ਸ਼ਹੀਦ ਦੀ ਮਿਰਤਕ ਦੇਹ ਕਾਰ ਰਾਹੀਂ ਪਿੰਡ ਭੇਜ ਦਿੱਤੀ।

ਬਾਬਾ ਮਾਨੋਚਾਹਲ ਉਸ ਸਮੇਂ ਪਿੰਡ ਦੁਗਲਵਾਲ਼ ਵਿਖੇ ਸਨ। ਉਹਨਾਂ ਨੇ ਵੰਨਚਿੜ੍ਹੀ ਪਿੰਡ ਦੇ ਆਪਣੇ ਸਾਥੀ ਭਾਈ ਅਮਰਜੀਤ ਸਿੰਘ ਨੂੰ ਬੁਲਾ ਕੇ ਸਾਰੀ ਘਟਨਾ ਪੁੱਛੀ ਤੇ ਭਾਵੁਕ ਹੋ ਗਏ।

ਭਾਈ ਦਇਆ ਸਿੰਘ ਜੀ ਦੇ ਅੰਤਮ ਸਸਕਾਰ ਤੋਂ ਬਾਅਦ ਪਰਿਵਾਰ ਵੱਲੋਂ ਜਿਉਂ ਹੀ ਸ੍ਰੀ ਅਖੰਡ ਪਾਠ ਸਾਹਿਬ ਅਰੰਭ ਕਰਵਾਇਆ ਗਿਆ, ਇਕਦਮ ਹੀ ਡੀ.ਆਈ.ਜੀ., ਐਸ.ਐਸ.ਪੀ. ਤੇ ਹੋਰ ਅਫ਼ਸਰਾਂ ਦੀ ਅਗਵਾਈ 'ਚ ਪੁਲੀਸ, ਸੀ.ਆਰ.ਪੀ. ਤੇ ਬੀ.ਐਸ.ਐਫ਼. ਆਦਿ ਨੇ ਪੂਰੇ ਇਲਾਕੇ ਨੂੰ ਘੇਰਾ ਪਾ ਕੇ ਸਕਰੀਨਿੰਗ ਅਰੰਭ ਕਰ ਦਿੱਤੀ। ਇਸ ਸਮੇਂ ਜੋ ਵੀ ਸਿੱਖੀ ਦਿੱਖ ਵਾਲ਼ਾ ਮਰਦ ਦਿੱਸਿਆ ਫੜ ਕੇ ਨੇੜਲੇ ਥਾਣੇ ਚੌਂਕੀ 'ਚ ਲਿਜਾ ਕੇ ਬਿਠਾ ਦਿੱਤਾ ਗਿਆ। ਭਾਈ ਦਇਆ ਸਿੰਘ ਦੇ ਪਿਤਾ ਸ. ਸੁਰਜੀਤ ਸਿੰਘ ਤੇ ਭਰਾ ਭਗਵਾਨ ਸਿੰਘ ਜੋ ਕਿ ਗੁਰੂ ਗਰੰਥ ਸਾਹਿਬ ਲਈ ਰੁਮਾਲਾ ਲੈਣ ਜਾ ਰਹੇ ਸਨ, ਨੂੰ ਵੀ ਫੜ ਲਿਆ ਗਿਆ ਤੇ ਗੱਡੀ 'ਚ ਬਿਠਾ ਕੇ ਘੁਮਾਇਆ ਜਾਣ ਲੱਗਾ।

ਜਦੋਂ ਪਰਿਵਾਰ ਨੇ ਸਥਾਨਕ ਪੁਲੀਸ ਚੌਂਕੀ 'ਚੋਂ ਪਤਾ ਕੀਤਾ ਤਾਂ ਵਾਇਰਲੈੱਸ ਰਾਹੀਂ ਪਤਾ ਕਰ ਕੇ ਆਪ ਦੋਹਾਂ ਨੂੰ ਸਰਹਾਲੀ ਥਾਣੇ ਲਿਆਂਦਾ ਗਿਆ। ਇੱਕ ਅਫ਼ਸਰ ਨੇ ਆਪ ਦੇ ਪਿਤਾ ਨੂੰ ਕਿਹਾ:

"ਸੈਂਟਰ ਤਕ ਸੀ.ਆਈ.ਡੀ. ਦੀ ਰਿਪੋਰਟ ਆ ਕਿ ਮਾਨੋਚਾਹਲ ਆਪਣੇ ਮਾਰੇ ਗਏ ਸਾਥੀ ਦੇ ਘਰ ਅਫ਼ਸੋਸ ਕਰਨ ਜ਼ਰੂਰ ਆਊ, ਇਹ ਸਾਰਾ ਕੰਜਰਖਾਨਾ (ਪੁਲੀਸ ਦਾ ਦਬਾਅ) ਤਾਂ ਹੀ ਕੀਤਾ ਜਾ ਰਿਹੈ....ਤੁਹਾਨੂੰ ਨਹੀਂ ਸੀ ਲਿਆਉਣਾ ਪਰ ਉੱਤੋਂ ਹੁਕਮ ਸੀ.....ਐਂ ਕਰੋ ਜੇ ਬਾਬਾ (ਮਾਨੋਚਾਹਲ) ਕਿਤੇ ਨੇੜੇ-ਤੇੜੇ ਹੋਵੇ ਵੀ ਤਾਂ ਉਹਨੂੰ ਸੁਚੇਤ ਕਰ ਦਿਓ ਕਿ ਅਜੇ ਲਾਂਭੇ ਰਹੇ ਤੇ ਤੁਹਾਡੇ ਘਰ ਤਾਂ ਬਿਲਕੁਲ ਨਾ ਆਵੇ...।"

ਹੁਣ ਆਪ ਨੂੰ ਪੁਲੀਸ ਦੀ ਸਰਗਰਮੀ ਦਾ ਕਾਰਨ ਪਤਾ ਲੱਗਾ ਤੇ ਖੁਸ਼ੀ ਵੀ ਹੋਈ ਕਿ ਕਈ ਪੁਲੀਸ ਅਫ਼ਸਰ ਸਿੱਖ ਨੌਜਵਾਨਾਂ ਦੇ ਹਮਦਰਦ ਵੀ ਹਨ, ਨਹੀਂ ਤਾਂ ਬਹੁਤੇ ਤਾਂ ਆਪਣੀ ਵਫ਼ਾਦਾਰੀ ਵਿਖਾਉਣ ਲਈ ਤਨਖ਼ਾਹਦਾਰ ਜੱਲਾਦ ਹੀ ਬਣੇ ਹੋਏ ਸਨ। ਇੱਥੇ ਬਾਪੂ ਸੁਰਜੀਤ

ਸਿੰਘ ਨੇ ਥਾਣੇਦਾਰ ਨੂੰ ਉਹ ਟੈਕਸੀ ਦਾ ਕਿਰਾਇਆ ਦੇਣਾ ਚਾਹਿਆ ਜੋ ਭਾਈ ਦਇਆ ਸਿੰਘ ਦਾ ਸਰੀਰ ਲਿਜਾਣ ਲਈ ਕਿਰਾਏ 'ਤੇ ਕੀਤੀ ਸੀ, ਪਰ ਥਾਣੇਦਾਰ ਨੇ ਉਹ ਲੈਣੋਂ ਨਾਂਹ ਕਰ ਦਿੱਤੀ ਤੇ ਹਮਦਰਦੀ ਦਾ ਪ੍ਰਗਟਾਵਾ ਕੀਤਾ। ਉਸ ਨੇ ਕਿਹਾ:

"ਏਨਾ ਖ਼ਿਆਲ ਰੱਖਿਓ ਕਿ ਭੋਗ 'ਤੇ ਕੋਈ ਗਰਮ ਤਕਰੀਰਾਂ ਨਾ ਕਰਿਓ...ਸਾਨੂੰ ਜਵਾਬ ਦੇਣਾ ਪੈਂਦੈ...।"

ਆਪ ਦਾ ਪਿਤਾ ਤੇ ਭਰਾ ਧੰਨਵਾਦ ਕਰ ਕੇ ਪਰਤ ਆਏ। ਜਦੋਂ ਇਸ ਸਾਰੀ ਗੱਲ ਦਾ ਪਤਾ ਬਾਬਾ ਮਾਨੋਚਾਹਲ ਨੂੰ ਲੱਗਾ ਤਾਂ ਉਹਨਾਂ ਨੇ ਵੀ ਪਰਿਵਾਰ ਨੂੰ ਹਦਾਇਤ ਦਿੱਤੀ ਕਿ ਭੋਗ ਮੌਕੇ ਸਿਰਫ਼ ਕੀਰਤਨ ਹੀ ਕੀਤਾ ਜਾਵੇ ਤੇ ਸਪੀਚਾਂ ਨਾ ਕੀਤੀਆਂ ਜਾਣ।

ਭਾਈ ਦਇਆ ਸਿੰਘ ਦੀ ਸ਼ਹਾਦਤ ਤੋਂ 2 ਸਾਲ ਬਾਅਦ ਆਪ ਦੇ ਘਰ ਫਿਰ ਸਿੰਘਾਂ ਦਾ, ਖ਼ਾਸ ਤੌਰ 'ਤੇ ਬਾਬਾ ਮਾਨੋਚਾਹਲ ਦਾ ਆਉਣ ਜਾਣ ਬਣ ਗਿਆ। ਫਿਰ ਬੇਅੰਤੇ ਬੁੱਚੜ ਦੀ ਸਰਕਾਰ ਸਮੇਂ ਆਪ ਦੇ ਸਾਰੇ ਪਰਿਵਾਰ ਨੂੰ ਕਹਿਰੀ ਤਸ਼ੱਦਦ ਦਾ ਸ਼ਿਕਾਰ ਬਣਾਇਆ ਗਿਆ। 2 ਅਗਸਤ 1992 ਨੂੰ ਪੁਲੀਸ ਦਿਨ ਦਿਹਾੜੇ ਆਪ ਦੇ ਪਿਤਾ ਸ. ਸੁਰਜੀਤ ਸਿੰਘ ਤੇ ਭਰਾ ਭਗਵਾਨ ਸਿੰਘ ਨੂੰ ਪੁਲੀਸ ਚੁੱਕ ਕੇ ਲੈ ਗਈ ਤੇ ਉਹਨਾਂ ਨੂੰ 17-18 ਹੋਰ ਸਿੰਘਾਂ ਦੇ ਨਾਲ਼ ਇੱਕੋ ਦਿਨ ਹੀ ਝੂਠੇ ਪੁਲੀਸ ਮੁਕਾਬਲੇ ਵਿੱਚ ਸ਼ਹੀਦ ਕਰ ਦਿੱਤਾ। ਇਸ ਪੁਲੀਸ ਮੁਕਾਬਲੇ ਬਾਰੇ ਪ੍ਰੈੱਸ 'ਚ ਕਾਫ਼ੀ ਰੌਲ਼ਾ ਪਿਆ ਸੀ, ਪਰ ਭਾਰਤ ਸਰਕਾਰ ਨੂੰ ਕੋਈ ਸ਼ਰਮ ਨਹੀਂ ਸੀ ਆਈ। ਹਿੰਦੁਸਤਾਨੀ ਅੱਤਵਾਦ ਦਾ ਸ਼ਿਕਾਰ ਹੋਏ ਇਸ ਘਰ ਦੀਆਂ ਕੰਧਾਂ ਅੱਜ ਵੀ ਉਜਾੜ ਹਾਲਤ ਵਿੱਚ ਕੌਮ ਦੇ ਗਰਮ ਲਹੂ ਨੂੰ ਡੁੱਲ੍ਹੇ ਹੋਏ ਲਹੂ ਦਾ ਮੁੱਲ ਪਾਉਣ ਲਈ ਕੋਈ ਠੋਸ ਕਦਮ ਚੁੱਕਣ ਲਈ ਵੰਗਾਰ ਰਹੀਆਂ ਹਨ।

* * * * *

ਲੋਕਾਂ ਦੇ ਦਿਲਾਂ 'ਤੇ ਰਾਜ ਕਰਨ ਵਾਲਾ ਜੁਝਾਰੂ

ਸ਼ਹੀਦ ਭਾਈ ਜੁਗਰਾਜ ਸਿੰਘ ਤੂਫ਼ਾਨ

ਗੁਰਮਤਿ ਦੇ ਮਨੁੱਖੀ ਅਜ਼ਾਦੀ ਵਾਲੇ ਫ਼ਲਸਫ਼ੇ ਨੂੰ ਜਾਬਰ ਹਕੂਮਤਾਂ ਨੇ ਹਮੇਸ਼ਾਂ ਹੀ ਬਗ਼ਾਵਤ ਸਮਝਿਆ ਹੈ। ਦੂਜੇ ਪਾਸੇ ਗੁਰਮਤਿ ਵਿਚਾਰਧਾਰਾ ਦਾ ਝੰਡਾ ਝੁਲਾਉਣ ਤੁਰੇ ਖ਼ਾਲਸਾਈ ਕਾਫ਼ਲੇ ਨੇ ਮਨੁੱਖੀ ਅਜ਼ਾਦੀ ਨੂੰ ਕਿਸੇ ਵੀ ਜਾਬਰ ਸਰਕਾਰ ਵੱਲੋਂ ਆਪਣੇ ਕਿਲ੍ਹੇ ਦੀਆਂ ਮਜ਼ਬੂਤ ਕੰਧਾਂ ਅੰਦਰ ਕੈਦ ਰੱਖਣ ਦੇ ਮਨਸੂਬਿਆਂ ਨੂੰ ਕਬੂਲ ਨਹੀਂ ਕੀਤਾ। ਇਸ ਵਿੱਚੋਂ ਹੀ ਖ਼ਾਲਸਾਈ ਧਰਮ ਯੁੱਧ ਦਾ ਜਨਮ ਹੁੰਦਾ ਹੈ ਅਤੇ ਸਿੰਘ ਸੂਰਮੇ ਆਪਣੇ ਲਹੂ ਦੀਆਂ ਫੁਹਾਰਾਂ ਨਾਲ ਇਸ ਧਰਮ ਯੁੱਧ ਦੀ ਗਾਥਾ ਲਿਖਦੇ ਹਨ।

ਜੁਗਰਾਜ ਸਿੰਘ ਤੂਫ਼ਾਨ ਪੰਜ ਭੈਣਾਂ ਦਾ ਸਭ ਤੋਂ ਛੋਟਾ ਭਰਾ ਸੀ। ਮਾਤਾ ਹਰਬੰਸ ਕੌਰ ਦੀ ਉਮਰ ਓਦੋਂ ਚਾਲ਼ੀ ਸਾਲ ਦੀ ਸੀ, ਜਦੋਂ (ਸੰਨ 1971 ਵਿੱਚ) ਉਸ ਨੇ ਆਪਣੇ ਪਤੀ ਸ. ਮਹਿੰਦਰ ਸਿੰਘ ਚੀਮਾ ਖੁੱਡੀ ਨੂੰ ਇੱਕ ਪੁੱਤਰ ਦਿੱਤਾ ਅਤੇ ਪੰਜ ਧੀਆਂ ਅਮਰਜੀਤ ਕੌਰ, ਕਸ਼ਮੀਰ ਕੌਰ, ਜਗੀਰ ਕੌਰ, ਦਲਬੀਰ ਕੌਰ ਅਤੇ ਕੁਲਵੰਤ ਕੌਰ ਨੂੰ ਆਪਣੇ ਕੁੱਖੋਂ 'ਲਾਲ' ਪੈਦਾ ਕਰ ਕੇ ਇੱਕ ਛੋਟਾ 'ਵੀਰ' ਦਿੱਤਾ। ਜੁਗਰਾਜ ਦਾ ਬਚਪਨ ਭਾਵੇਂ ਕਾਫ਼ੀ ਲਾਡਲਾ ਸੀ ਪਰ ਸਿਪਾਹੀਆਂ ਵਾਲੇ ਗੁਣ ਤਾਂ ਜਿਵੇਂ ਉਸ ਨੂੰ ਧੁਰ ਦੀ ਬਖ਼ਸ਼ਿਸ਼ ਹੀ ਸਨ।

ਨਿੱਕੀ ਉਮਰੇ ਨਿੱਕੇ ਨਿੱਕੇ ਹੱਥਾਂ ਨਾਲ ਉਸ ਨੇ ਕਿੱਕਰਾਂ ਦੀਆਂ ਸੂਲ਼ਾਂ ਲਾਹੀਆਂ, ਲੱਕ ਲਿਆਂਦੀ, ਕਾਨੇ ਇੱਕੱਠੇ ਕੀਤੇ ਤੇ ਤੀਰ ਬਣਾ ਲਏ। ਫਿਰ ਤੂਤ ਦੀ ਛਿਟੀ ਦੀ ਕਮਾਨ ਤਿਆਰ ਕੀਤੀ ਅਤੇ ਤੀਰ-ਅੰਦਾਜ਼ੀ ਅਰੰਭ ਕਰ ਦਿੱਤੀ। ਉਹ ਜਦੋਂ ਅਸਮਾਨ ਵੱਲ ਮੂੰਹ ਕਰ ਕੇ 'ਤੀਰ' ਛੱਡਦਾ ਤਾਂ ਨੀਝ ਲਾ ਕੇ ਵੇਖਦੀ ਮਾਂ ਦੀਆਂ ਨਜ਼ਰਾਂ ਤੋਂ ਉਹ ਤੀਰ ਝੱਟ ਹੀ ਓਝਲ ਹੋ ਜਾਂਦਾ। ਉਹ ਘਬਰਾ ਕੇ ਆਖਦੀ:

"ਵੀਰ! (ਮਾਤਾ, ਜੁਗਰਾਜ ਨੂੰ 'ਵੀਰ' ਕਹਿ ਕੇ ਹੀ ਸੰਬੋਧਨ ਕਰਦੀ ਸੀ) ਅਸਮਾਨ ਵੱਲ ਨੂੰ ਤੀਰ ਨਾ ਮਾਰਿਆ ਕਰ....ਓਧਰ ਨੂੰ ਰਾਜੇ ਜਨਮੇਜੇ ਨੇ ਤੀਰ ਮਾਰੇ ਸੀ...ਓਧਰ ਤਾਂ ਰੱਬ ਐ..।"

ਮਾਂ ਦੀ ਇਹ ਗੱਲ ਸੁਣ ਕੇ ਜੁਗਰਾਜ ਹੱਸ ਛੱਡਦਾ।

12 ਸਾਲ ਦੀ ਉਮਰ ਸੀ ਉਸ ਦੀ ਜਦੋਂ ਉਸ ਨੇ ਮਾਪਿਆਂ ਕੋਲੋਂ ਪਿਸਤੌਲ ਦੀ ਮੰਗ

ਕੀਤੀ। ਕਾਫ਼ੀ ਜ਼ਿਦ ਤੋਂ ਬਾਅਦ 'ਅਖੀਰ' ਝੁਕ ਕੇ ਉਸ ਨੂੰ ਇੱਕ ਏਅਰਗੰਨ ਲਿਆ ਕੇ ਦਿੱਤੀ ਗਈ। ਗੁਰਭਜਨ ਸਿੰਘ ਗਿੱਲ ਅਨੁਸਾਰ ਸਭ ਤੋਂ ਪਹਿਲਾ ਨਿਸ਼ਾਨਾ ਜੁਗਰਾਜ ਨੇ ਇੱਕ ਕੁੱਕੜ ਨੂੰ ਬਣਾਇਆ। ਨਿਸ਼ਾਨੇ ਦੀ ਮੁਹਾਰਤ ਏਨੀ ਹੋ ਗਈ ਕਿ ਅਮਰੂਦ 'ਤੇ ਬੈਠੇ ਪੰਛੀ ਨੂੰ ਨਿਸ਼ਾਨਾ ਬਣਾ ਕੇ ਹੇਠੋਂ ਹੀ ਜੁਗਰਾਜ ਫੁੰਡ ਸੁੱਟਦਾ। ਇਸ ਤਰ੍ਹਾਂ ਬਚਪਨ ਵਿੱਚ ਹੀ ਘੁੱਗੀਆਂ-ਕਬੂਤਰਾਂ ਦਾ ਸ਼ਿਕਾਰ ਖੇਡਦਾ ਉਹ ਨਿਸ਼ਾਨੇ ਵਿੱਚ ਮੁਹਾਰਤ ਹਾਸਲ ਕਰ ਗਿਆ। ਪੈਲੀ 'ਤੇ ਕਬਜ਼ਾ ਜਮਾਉਣ ਦੀ ਝਾਕ 'ਚ ਬੈਠੇ ਕੁਝ ਸ਼ਰੀਕ 12 ਸਾਲ ਦੇ ਜੁਗਰਾਜ ਦੇ ਹੱਥ 'ਚ ਬੰਦੂਕ ਵੇਖ ਕੇ ਹੀ ਤ੍ਰਹਿਕ ਗਏ, ਪਰ ਜੁਗਰਾਜ ਦਾ ਪਰਿਵਾਰ ਤਾਂ ਬਹੁਤ ਵਿਸ਼ਾਲ ਸੀ, ਸਮੁੱਚਾ ਖ਼ਾਲਸਾ ਪੰਥ।

ਜਦੋਂ ਸੰਨ 1984 ਵਿੱਚ ਭਾਰਤੀ ਫ਼ੌਜਾਂ ਨੇ ਸ੍ਰੀ ਦਰਬਾਰ ਸਾਹਿਬ 'ਤੇ ਹਮਲਾ ਕੀਤਾ ਤਾਂ ਜੁਗਰਾਜ ਦੀ ਉਮਰ ਸਾਰੀ 13 ਕੁ ਸਾਲ ਦੀ ਸੀ। ਇਸ ਹਮਲੇ ਦਾ ਉਸ ਦੀ ਬਾਲ ਮਾਨਸਿਕਤਾ 'ਤੇ ਡੂੰਘਾ ਫੱਟ ਲੱਗਾ। ਹਾਲਤ ਇਹ ਹੋ ਗਈ ਕਿ ਜਦੋਂ ਉਹਨਾਂ ਦੇ ਘਰ ਦੇ ਅੱਗੋਂ ਸੜਕ ਤੋਂ ਭਾਰਤੀ ਫ਼ੌਜ ਦੀ ਕੋਈ ਗੱਡੀ ਲੰਘਦੀ ਤਾਂ ਜੁਗਰਾਜ ਆਪੇ ਤੋਂ ਬਾਹਰ ਹੋ ਜਾਂਦਾ ਤੇ ਗੱਡੀ ਵੱਲ ਵਧਦਾ ਕਹਿੰਦਾ- "ਬੰਦੂਕ ਦਿਓ, ਸਾਡੇ ਦਰਬਾਰ ਸਾਹਿਬ ਨੂੰ ਢਾਹੁਣ ਵਾਲ਼ਿਆਂ ਨੂੰ ਮੈਂ ਨੀਂ ਛੱਡਣਾ....।"

ਅਜਿਹੇ ਸਮੇਂ ਪਰਿਵਾਰਕ ਮੈਂਬਰ ਬੜੀ ਮੁਸ਼ਕਲ ਉਸ ਨੂੰ ਫੜ ਕੇ ਰੱਖਦੇ।

ਜੁਗਰਾਜ ਸਿੰਘ ਦੇ ਅੰਦਰ ਦੀ ਅੱਗ ਉਸ ਦੇ ਸਿਰ 'ਤੇ ਸੱਜੀ ਕੇਸਰੀ ਦਸਤਾਰ ਵਿੱਚੋਂ ਵੀ ਪ੍ਰਗਟ ਹੁੰਦੀ ਸੀ। ਇਸ ਸਮੇਂ ਉਹ ਸ੍ਰੀ ਹਰਿਗੋਬਿੰਦਪੁਰ ਦੇ ਭੂਸ਼ਨ ਮਾਡਲ ਹਾਈ ਸਕੂਲ 'ਚ ਪੜ੍ਹ ਰਿਹਾ ਸੀ। ਇੱਕ ਦਿਨ ਸਕੂਲ 'ਚ ਕਿਸੇ ਅਫ਼ਸਰ ਨੇ ਆਉਣਾ ਸੀ, ਹੈੱਡ ਮਾਸਟਰ ਨੇ ਜੁਗਰਾਜ ਨੂੰ ਕਿਹਾ:

"ਘਰ ਜਾ ਕੇ ਪੱਗ ਬਦਲ ਕੇ ਕਿਸੇ ਹੋਰ ਰੰਗ ਦੀ ਪੱਗ ਬੰਨ੍ਹ ਕੇ ਆ...।"

ਜੁਗਰਾਜ ਦੀ ਅਣਖ ਨੇ ਉਬਾਲ਼ਾ ਖਾਧਾ ਤੇ ਉਸ ਨੇ ਇਹ ਹਿੰਦੂਸ਼ਾਹੀ ਫ਼ਰਮਾਨ ਮੰਨਣ ਤੋਂ ਨਾਂਹ ਕਰ ਦਿੱਤੀ। ਇਸ ਕਾਰਨ ਜੁਗਰਾਜ ਨੂੰ ਸਕੂਲ 'ਚ ਬਾਹਰ ਨਿਕਲ਼ ਜਾਣ ਦਾ ਹੁਕਮ ਸੁਣਾਇਆ ਗਿਆ। ਬਾਹਰ ਨਿਕਲ਼ ਕੇ ਜੁਗਰਾਜ ਸਕੂਲ ਦੇ ਗੇਟ ਦੇ ਬਾਹਰ ਬੈਠਾ ਰਿਹਾ। ਦੌਰੇ 'ਤੇ ਆਏ ਅਧਿਕਾਰੀ ਨੂੰ ਇਸ ਤਰ੍ਹਾਂ ਖ਼ਾਲਸਾਈ ਜਲੌਅ ਦੇ ਦਰਸ਼ਨ ਕਰਵਾਏ। ਹੁਣ ਸਕੂਲ ਪ੍ਰਬੰਧਕਾਂ ਨੇ ਜੁਗਰਾਜ ਨੂੰ ਸਕੂਲ 'ਚੋਂ ਪੱਕੇ ਤੌਰ 'ਤੇ ਕੱਢ ਦਿੱਤਾ।

ਜੁਗਰਾਜ ਨੇ ਦਸਵੀਂ ਕਲਾਸ ਊਧਨਵਾਲ਼ ਦੇ ਪ੍ਰਾਈਵੇਟ ਸਕੂਲ ਤੋਂ ਕੀਤੀ ਤੇ ਇਮਤਿਹਾਨ ਦਿੰਦੇ ਸਾਰ ਹੀ ਉਸ ਦੇ ਕਦਮ ਲਾਲ ਕਿਲ੍ਹੇ ਦੀਆਂ ਕੰਧਾਂ ਨਾਲ ਟਕਰਾਉਣ ਤੁਰੇ ਕਾਫ਼ਲਿਆਂ ਦੀ ਤਲਾਸ਼ ਵਿੱਚ ਨਿਕਲ ਤੁਰੇ।

ਜੁਗਰਾਜ ਸਿੰਘ ਨੇ ਨਿੱਕੀ ਉਮਰ ਵਿੱਚ ਹੀ ਸਿੱਖ ਸੰਘਰਸ਼ ਵਿੱਚ ਹਿੱਸਾ ਲੈਣਾ ਅਰੰਭ ਕਰ ਦਿੱਤਾ। ਸੂਹ ਸਰਕਾਰੀ ਫ਼ੋਰਸਾਂ ਤਕ ਪਹੁੰਚੀ ਅਤੇ ਪੰਦਰਾਂ ਸਾਲ ਦੀ ਉਮਰ ਵਿੱਚ ਚੰਦੋਈ ਵਾਲ਼ੇ ਪੁਲ਼ ਤੋਂ ਜੁਗਰਾਜ ਨੂੰ ਪੁਲੀਸ ਨੇ ਗ੍ਰਿਫ਼ਤਾਰ ਕਰ ਲਿਆ। ਨਿੱਕੀ ਉਮਰ ਹੋਣ ਦੇ ਬਾਵਜੂਦ ਜੁਗਰਾਜ ਦੇ ਨਹੁੰ ਖਿੱਚ ਦਿੱਤੇ ਗਏ। ਗੱਡੀ ਪਿੱਛੇ ਬੰਨ੍ਹ ਕੇ ਧੂਹਿਆ ਗਿਆ ਤੇ ਇਸ ਪਿੱਛੋਂ ਕੇਸ ਪਾ

ਕੇ ਪਹਿਲਾਂ ਗੁਰਦਾਸਪੁਰ ਜੇਲ੍ਹ, ਫਿਰ ਸੰਗਰੂਰ ਸਕਿਓਰਟੀ ਜੇਲ੍ਹ ਅਤੇ ਫਿਰ ਹੁਸ਼ਿਆਰਪੁਰ ਬੱਚਿਆਂ ਦੀ ਜੇਲ੍ਹ ਵਿੱਚ ਭੇਜ ਦਿੱਤਾ ਗਿਆ। ਦਸਵੀਂ ਦੇ ਪੇਪਰ ਜੁਗਰਾਜ ਨੇ ਫੜੇ ਜਾਣ ਤੋਂ ਪਹਿਲਾਂ ਦਿੱਤੇ ਸਨ, ਜਿਨ੍ਹਾਂ ਦਾ ਨਤੀਜਾ ਜੇਲ੍ਹ ਵਿੱਚ ਵੇਖਿਆ। ਨੰਬਰ ਮਾਣ ਕਰਨਯੋਗ ਆਏ ਸਨ।

ਬੱਚਾ ਨੌਂ ਮਹੀਨੇ ਮਾਂ ਦੇ ਗਰਭ ਵਿੱਚ ਰਹਿ ਕੇ ਦੁਨੀਆ ਦੇ ਵਿੱਚ ਆਉਂਦਾ ਹੈ, ਪਰ ਜੁਗਰਾਜ ਪੂਰੇ ਨੌਂ ਮਹੀਨੇ ਜੇਲ੍ਹਾਂ ਵਿੱਚ ਰਹਿ ਕੇ ਅਪ੍ਰੈਲ 1987 'ਚ ਸਾਢੇ ਪੰਦਰਾਂ ਸਾਲ ਦੀ ਉਮਰ ਵਿੱਚ ਜੇਲ੍ਹ ਵਿੱਚੋਂ ਫ਼ਰਾਰ ਹੋਇਆ ਤਾਂ ਉਹ ਚੋਟੀ ਦਾ ਜੁਝਾਰੂ ਬਣ ਚੁੱਕਾ ਸੀ। ਭਗੌੜਾ ਹੋਣ ਪਿੱਛੋਂ ਜਦੋਂ ਉਹ ਆਪਣੇ ਅਗਲੇ ਸਫ਼ਰ ਬਾਰੇ ਸਪਸ਼ਟ ਕਰ ਕੇ ਪਰਿਵਾਰ ਤੋਂ ਵਿਦਾ ਲੈਣ ਆਇਆ, ਤਾਂ ਮਾਪਿਆਂ ਨੂੰ ਹੌਲ ਪੈਣ ਲੱਗੇ। ਮਾਤਾ ਨੰਗੇ ਪੈਰੀਂ ਧੁੱਪੇ ਖਲੋ ਕੇ ਹੱਥ ਜੋੜਦੀ ਹੋਈ ਰਾਹ ਰੋਕ ਖਲੋਤੀ। ਜੁਗਰਾਜ ਨੇ ਬੇਪਰਵਾਹੀ ਦਾ ਪ੍ਰਗਟਾਵਾ ਕਰਦਿਆਂ ਇੱਕ ਨਜ਼ਰ ਉਸ ਮਮਤਾ ਦੀ ਮੂਰਤ 'ਤੇ ਸੁੱਟੀ ਤੇ ਕਹਿਣ ਲੱਗਾ:

"ਵੇਖ ਕਿਵੇਂ ਨੰਗੇ ਪੈਰੀਂ ਖਲੋਤੀ ਆ.... ਜੇ ਗੁਰੂ (ਮੈਨੂੰ) ਨਾ ਦਿੰਦਾ ਤੇ ਫਿਰ ਕੀ ਕਰਦੇ....?"

ਮਾਂ ਕੋਲ ਇਸ ਦਾ ਕੋਈ ਜਵਾਬ ਨਹੀਂ ਸੀ, ਪਰ ਉਹ ਰਾਹ 'ਚੋਂ ਲਾਂਭੇ ਨਾ ਹੋਈ। ਜੁਗਰਾਜ ਫਿਰ ਦ੍ਰਿੜ੍ਹਤਾ ਨਾਲ ਕਹਿਣ ਲੱਗਾ:

"ਕੀ ਗੱਲ....ਜੇ ਗੁਰੂ ਤੁਹਾਨੂੰ (ਪੁੱਤਰ) ਦੇ ਸਕਦੈ...ਤੇ ਤੁਸੀਂ ਗੁਰੂ ਨੂੰ ਨ੍ਹੀਂ ਦੇ ਸਕਦੇ....? ਮੈਂ ਤੁਹਾਡਾ ਨ੍ਹੀਂ...ਗੁਰੂ ਦਾ ਆਂ...।" ਇਹ ਕਹਿੰਦਾ ਹੋਇਆ ਉਹ ਅੱਗੇ ਵਧ ਗਿਆ। ਇਹ ਵੇਖ ਕੇ ਭੈਣਾਂ ਧਾਅ ਕੇ ਰਾਹ ਰੋਕਣ ਲਈ ਅੱਗੇ ਵਧੀਆਂ। ਜਦੋਂ ਭੈਣਾਂ ਨੇ ਇੱਕੋ ਇੱਕ ਵੀਰ ਹੋਣ ਦਾ ਵਾਸਤਾ ਪਾਇਆ, ਤਾਂ ਜੁਗਰਾਜ ਦਾ ਜਵਾਬ ਸੀ:

"ਮੈਂ ਤਾਂ ਉਹਨਾਂ ਭੈਣਾਂ ਦਾ ਵੀਰ ਆਂ, ਜਿਨ੍ਹਾਂ ਦੀ (ਦਿੱਲੀ-ਕਾਨਪੁਰ ਵਿੱਚ) ਬੇਪਤੀ ਹੋਈ ਐ.... ਤੁਹਾਡਾ ਨ੍ਹੀਂ....।"

ਉਸ ਨੂੰ ਆਪਣੀਆਂ ਪੰਜ ਭੈਣਾਂ ਦੇ ਹੰਝੂਆਂ ਨਾਲੋਂ ਉਹਨਾਂ ਹਜ਼ਾਰਾਂ ਭੈਣਾਂ ਦੇ ਹੰਝੂਆਂ ਦੀ ਖਿੱਚ ਵਧੇਰੇ ਪੈ ਰਹੀ ਸੀ, ਜੋ ਹੰਝੂ ਪੁਕਾਰ ਪੁਕਾਰ ਕੇ ਸਿੱਖ ਜਵਾਨੀ ਨੂੰ ਆਬਰੂ ਦੇ ਲੁਟੇਰਿਆਂ ਨਾਲ ਦੋ ਦੋ ਹੱਥ ਕਰਨ ਲਈ ਵੰਗਾਰ ਰਹੇ ਸਨ। ਇਹ ਵੰਗਾਰ ਜੁਗਰਾਜ ਵਰਗੇ ਅਣਖੀਲੇ ਗੱਭਰੂਆਂ ਨੂੰ ਰਾਤਾਂ ਨੂੰ ਸੌਣ ਨਹੀਂ ਸੀ ਦਿੰਦੀ। ਕੌਮ ਸਿਰ ਚੜ੍ਹੀ ਭਾਜੀ ਮੋੜਨ ਲਈ ਪਤਾ ਨਹੀਂ ਕਿੰਨੀਆਂ ਮਾਂਵਾਂ ਦੇ ਪੁੱਤ ਅਤੇ ਭੈਣਾਂ ਦੇ ਭਰਾ ਹੱਥਾਂ ਵਿੱਚ ਬੰਦੂਕ ਅਤੇ ਛਾਤੀਆਂ ਵਿੱਚ ਬਰੂਦ ਲੈ ਕੇ ਸੰਘਰਸ਼ ਦੇ ਕੰਡਿਆਲੇ ਰਾਹਾਂ ਤੇ ਨਿਕਲ ਤੁਰੇ ਸਨ।

ਜੁਗਰਾਜ ਨੇ ਸਿੱਖ ਸੰਘਰਸ਼ ਨੂੰ ਸਿੱਖੀ ਸਿਧਾਂਤਾਂ ਦੇ ਮੁਤਾਬਿਕ ਹੀ ਲੜਦੇ ਹੋਏ ਅੱਗੇ ਵਧਾਉਣ ਦੇ ਯਤਨ ਅਰੰਭ ਕੀਤੇ। ਛੇਤੀ ਹੀ ਉਹ ਖ਼ਾਲਿਸਤਾਨ ਲਿਬਰੇਸ਼ਨ ਫ਼ੋਰਸ ਦਾ ਲੈਫਟੀਨੈਂਟ ਜਨਰਲ ਬਣ ਗਿਆ। ਉਸ ਦੀ ਟੱਕਰ ਦਿੱਲੀ ਵਾਲ਼ਿਆਂ ਦੇ ਹਲਕਾਏ ਹੋਏ ਐਸ.ਐਸ.ਪੀ. ਗੋਬਿੰਦ ਰਾਮ ਨਾਲ਼ ਸੀ। ਗੋਬਿੰਦ ਰਾਮ ਦੇ ਜ਼ੁਲਮਾਂ ਤੋਂ ਦੁਖੀ ਆਮ ਲੋਕਾਂ ਲਈ ਭਾਈ ਜੁਗਰਾਜ

ਸਿੰਘ ਤੁਫ਼ਾਨ ਤੇ ਭਾਈ ਧਰਮ ਸਿੰਘ ਕਾਸ਼ਤੀਵਾਲ ਵਰਗੇ ਜੁਝਾਰੂ ਹੀ ਅਜਿਹੀ ਆਸ ਸਨ, ਜਿਹੜੇ ਕਿ ਉਹਨਾਂ ਨੂੰ ਜ਼ੁਲਮ ਤੋਂ ਬਚਾ ਕੇ ਜ਼ਾਲਮਾਂ ਦਾ ਨਾਸ਼ ਕਰਦੇ ਸਨ। ਇਹੀ ਕਾਰਨ ਸੀ ਕਿ ਉਹ ਆਪਣੇ ਇਲਾਕੇ ਦੇ ਕੇਵਲ ਸਿੱਖਾਂ ਵਿੱਚ ਹੀ ਨਹੀਂ, ਬਲਕਿ ਹਿੰਦੂਆਂ ਵਿੱਚ ਵੀ ਹਰਮਨ ਪਿਆਰਾ ਹੋ ਕੇ ਇੱਕ ਹੀਰੋ ਵਜੋਂ ਉੱਭਰਿਆ। ਬਟਾਲੇ ਦਾ ਐਸ.ਐਸ.ਪੀ. ਗੋਬਿੰਦ ਰਾਮ ਜੁਗਰਾਜ ਦੀ ਤਲਾਸ਼ ਵਿੱਚ ਲੋਕਾਂ ਦੇ ਜੰਗਲ ਨੂੰ ਜਿੰਨਾਂ ਵੱਧ ਛਾਂਗਣ ਦਾ ਯਤਨ ਕਰਦਾ, ਲੋਕ ਆਪਣੇ ਮਹਿਬੂਬ ਲਈ ਉਸ ਤੋਂ ਵੀ ਵਧੇਰੇ ਸੰਘਣਾ ਜੰਗਲ ਬਣ ਕੇ ਜਾਬਰ ਪੁਲੀਸ ਫ਼ੋਰਸ ਲਈ ਮੁਸ਼ਕਲ ਬਣ ਖਲੋਂਦੇ। ਉਸ ਦੇ ਕਈ ਵਾਰ ਹਿੰਦੁਸਤਾਨੀ ਜਾਬਰ ਧਾੜਾਂ ਨਾਲ ਆਹਮੋ-ਸਾਮ੍ਹਣੇ ਮੁਕਾਬਲੇ ਹੋਏ, ਪਰ ਜਾਬਰ ਟੁਕੜੀਆਂ ਨੂੰ ਹਰ ਵਾਰ ਮੂੰਹ ਦੀ ਖਾਣੀ ਪੈਂਦੀ।

ਸਰਕਾਰੀ ਪ੍ਰੈਸ ਵੱਲੋਂ ਪੰਜਾਬ 'ਚ ਅਮਨ-ਸ਼ਾਂਤੀ ਦੇ ਪਾਏ ਜਾ ਰਹੇ ਸ਼ੋਰ ਦੇ ਮੱਦੇਨਜ਼ਰ ਭਾਈ ਜੁਗਰਾਜ ਸਿੰਘ ਤੁਫ਼ਾਨ ਨੇ ਆਪਣੀ ਇੱਕ ਸਪੀਚ ਆਡੀਓ ਕੈਸਿਟ ਰਾਹੀਂ ਰਿਕਾਰਡ ਕਰਵਾ ਕੇ ਲੋਕਾਂ ਵਿੱਚ ਭੇਜੀ, ਜਿਸ 'ਚ ਕਿਹਾ ਗਿਆ ਸੀ ਕਿ ਸ਼ਾਂਤੀ ਬੰਦੂਕ ਦੀ ਗੋਲੀ ਵਿੱਚੋਂ ਨਿਕਲੇਗੀ। ਇਸ ਸਪੀਚ ਵਿੱਚ ਸਿੱਖ ਨੌਜਵਾਨਾਂ ਨੂੰ ਦਸਮੇਸ਼ ਪਿਤਾ ਦੇ ਪੁੱਤਰ ਹੋਣ ਕਾਰਨ ਪਿਤਾ ਦਾ ਰਾਹ ਅਪਨਾਉਣ ਦੀ ਅਪੀਲ ਕੀਤੀ ਅਤੇ ਭੈਣਾਂ ਨੂੰ ਵੀ ਮਾਈ ਭਾਗੋ ਦੀਆਂ ਵਾਰਸ ਹੋਣ ਕਾਰਨ ਸੰਘਰਸ਼ 'ਚ ਹਿੱਸਾ ਪਾਉਣ ਦੀ ਅਪੀਲ ਕੀਤੀ।

ਇਸ ਸਿੱਖ ਸੰਘਰਸ਼ ਵਿੱਚ ਜਿੱਥੇ ਸਿੱਖ ਗੱਭਰੂ ਅੱਗੇ ਹੋ ਕੇ ਜੂਝ ਰਹੇ ਸਨ, ਉਥੇ ਸਿੱਖ ਮੁਟਿਆਰਾਂ ਦਾ ਵੀ ਇਸ ਸੰਘਰਸ਼ ਵਿੱਚ ਮਾਈ ਭਾਗੋ ਵਾਂਗ ਹੀ ਤੇਗ ਦੇ ਜੌਹਰ ਵਿਖਾਉਣ ਦਾ ਜੋਸ਼ ਠਾਠਾਂ ਮਾਰ ਰਿਹਾ ਸੀ। ਸੂਝਵਾਨ ਲੋਕ ਦਕੀਆਨੂਸੀ ਲੋਕਾਂ ਦੇ ਉਲਟ ਸਿੱਖ ਮੁਟਿਆਰਾਂ ਦੇ ਇਸ ਸੰਘਰਸ਼ ਵਿੱਚ ਸਿੱਧਾ ਹਿੱਸਾ ਲੈਣ ਦੇ ਹਾਮੀ ਸਨ। ਅਜਿਹਾ ਇਹਨਾਂ ਮੁਟਿਆਰਾਂ ਦੇ ਕਿਸੇ ਨਾ ਕਿਸੇ ਜੁਝਾਰੂ ਨਾਲ ਅਨੰਦ ਕਾਰਜ ਉਪਰੰਤ ਹੀ ਠੀਕ ਸੀ। ਢੰਡੇ ਪਿੰਡ ਦੇ ਸ. ਕਰਨੈਲ ਸਿੰਘ ਦੀ ਲੜਕੀ ਰਣਜੀਤ ਕੌਰ ਵੀ ਇਸ ਚੱਲ ਰਹੇ ਸਿੱਖ ਸੰਘਰਸ਼ ਵਿੱਚ ਜੂਝਣ ਲਈ ਬੇਤਾਬ ਸੀ। ਇਸ ਦਾ ਸਿੱਟਾ ਹੀ ਬੀਬੀ ਰਣਜੀਤ ਕੌਰ ਦਾ ਇੱਕ ਦਿਨ ਸ਼ਾਮ ਉਧਨਵਾਲ ਪਿੰਡ ਵਿਖੇ ਭਾਈ ਜੁਗਰਾਜ ਸਿੰਘ ਤੁਫ਼ਾਨ ਨਾਲ ਅਨੰਦ ਕਾਰਜ ਦੇ ਰੂਪ ਵਿੱਚ ਨਿਕਲਿਆ। ਵਿਆਹ ਉਪਰੰਤ ਸਾਰਾ ਇਲਾਕਾ ਹੀ ਜਿਵੇਂ ਇਸ ਅਨੰਦ ਕਾਰਜ ਵਿੱਚ ਵਧਾਈਆਂ ਦੇਣ ਉਮੜ ਪਿਆ ਸੀ। ਜੁਗਰਾਜ ਦੀ ਦਲੇਰ ਸਿੰਘਣੀ ਹਰ ਇੱਕ ਮੁਹਿੰਮ 'ਤੇ ਹੱਥ ਵਿੱਚ ਏ.ਕੇ. ਸੰਤਾਲੀ ਫੜ ਕੇ ਜੁਗਰਾਜ ਦੇ ਜਾਂਬਾਜ਼ ਜਥੇ ਦੇ ਨਾਲ ਵਿਚਰਦੀ ਰਹੀ। ਵਿਆਹ ਤੋਂ ਸਾਲ ਕੁ ਬਾਅਦ ਬੀਬੀ ਰਣਜੀਤ ਕੌਰ ਨੇ ਇੱਕ ਲੜਕੀ ਨੂੰ ਜਨਮ ਦਿੱਤਾ, ਜਿਸ ਦਾ ਨਾਂ ਸਿਮਰਨਜੀਤ ਕੌਰ ਰੱਖਿਆ ਗਿਆ।

ਦਿੱਲੀ ਸਰਕਾਰ ਦੀਆਂ ਜਾਬਰ ਧਾੜਾਂ ਦਿਨ ਰਾਤ ਇੱਕ ਕਰ ਕੇ ਜੁਗਰਾਜ ਨੂੰ ਲੱਭ ਰਹੀਆਂ ਸਨ, ਜਦੋਂ ਕਿ ਇੱਕ ਮੁਖ਼ਬਰ ਰਾਹੀਂ ਪੁਲੀਸ ਅਫ਼ਸਰਾਂ ਨੂੰ ਖ਼ਬਰ ਮਿਲੀ ਕਿ ਸਮਸ ਪਿੰਡ 'ਚ ਹੋਏ ਇੱਕ ਮੁਕਾਬਲੇ ਤੋਂ ਬਾਅਦ ਰਾਤ ਸਾਢੇ ਤਿੰਨ ਵਜੇ ਜੁਗਰਾਜ ਆਪਣੇ ਕੁਝ ਸਾਥੀਆਂ ਸਮੇਤ ਮਾੜੀ ਬੁੱਚੀਆਂ ਪਿੰਡ ਦੀ ਇੱਕ ਬਹਿਕ 'ਤੇ ਠਹਿਰਿਆ ਹੋਇਆ ਹੈ। ਉਹਨਾਂ ਨੂੰ ਜੁਗਰਾਜ ਦੇ ਬਿਮਾਰ ਹੋਣ ਦੀ ਵੀ ਇਤਲਾਹ ਮਿਲੀ। ਇਹ ਖ਼ਬਰਾਂ ਪੁਲੀਸ ਲਈ ਹੌਸਲਾ ਵਧਾਉਣ

ਵਾਲੀਆਂ ਸਨ। ਸਵੇਰੇ ਪੰਜ ਵਜੇ ਤਕ ਪੁਲੀਸ ਤੇ ਬੀ.ਐਸ.ਐਫ. ਵੱਲੋਂ ਸਾਰਾ ਇਲਾਕਾ ਘੇਰ ਲਿਆ ਗਿਆ।

ਦਿਨ ਚੜ੍ਹਦਿਆਂ ਹੀ ਸੂਰਮਿਆਂ ਦੇ ਜਥੇ ਨੇ ਆਪਣੇ ਆਪ ਨੂੰ ਚਾਰ ਚੁਫੇਰਿਓਂ ਦੁਸ਼ਮਣ ਦੇ ਘੇਰੇ ਵਿੱਚ ਵੇਖਿਆ। ਸਾਰੇ ਹਾਲਾਤ ਵੇਖ ਕੇ ਸੂਰਮਿਆਂ ਨੇ ਰਣ-ਤੱਤੇ ਵਿੱਚ ਜੂਝਣ ਹਿੱਤ ਅਰਦਾਸਾ ਸੋਧਿਆ ਅਤੇ ਜੈਕਾਰੇ ਗਜਾਉਂਦੇ ਹੋਏ ਖੇਤਾਂ ਵੱਲ ਆ ਗਏ।

8 ਅਪ੍ਰੈਲ 1990 ਨੂੰ ਮੁਕਾਬਲਾ ਅਰੰਭ ਹੋਇਆ। ਜੁਗਰਾਜ ਦਾ ਜਥਾ ਜਿੱਧਰ ਨੂੰ ਅੱਗੇ ਵਧਦਾ, ਪੁਲੀਸ ਪਿੱਛੇ ਹਟ ਜਾਂਦੀ, ਪਰ ਪੁਲੀਸ ਦੀ ਅਥਾਹ ਗਿਣਤੀ, ਹਥਿਆਰ ਅਤੇ ਸਾਧਨਾਂ ਕਾਰਨ ਘੇਰਾ ਪੂਰੀ ਤਰ੍ਹਾਂ ਟੁੱਟ ਨਾ ਸਕਿਆ। ਕਾਫ਼ੀ ਅੱਗੇ ਜਾ ਕੇ ਜੁਗਰਾਜ ਅਤੇ ਉਸ ਦੇ ਨੇੜਲੇ ਸਾਥੀ ਬਖ਼ਸ਼ੀਸ਼ ਸਿੰਘ ਸ਼ੀਰਾ ਨੇ ਇੱਕ ਟਰੈਕਟਰ ਪ੍ਰਾਪਤ ਕੀਤਾ, ਪਰ ਇਸ ਤੋਂ ਪਹਿਲਾਂ ਕਿ ਉਹ ਓਥੋਂ ਨਿਕਲਦੇ, ਦੁਸ਼ਮਣ ਦੀ ਇੱਕ ਗੋਲੀ ਜੁਗਰਾਜ ਦੀ ਖੱਬੀ ਲੱਤ ਨੂੰ ਜ਼ਖ਼ਮੀ ਕਰ ਗਈ। ਇਸ ਨਾਲ ਇਹਨਾਂ ਦਾ ਟਰੈਕਟਰ ਓਥੇ ਖੇਤ ਵਿੱਚ ਫਸ ਗਿਆ। ਇੱਥੋਂ ਇਹ ਦੋਵੇਂ ਸੂਰਮੇ ਨਿੱਖੜੇ।

ਜੁਗਰਾਜ ਨੇ ਬਾਕੀ ਸਾਥੀਆਂ ਦੇ ਨਾਲ ਬਖ਼ਸ਼ੀਸ਼ ਨੂੰ ਵੀ ਨਿਕਲ ਜਾਣ ਲਈ ਕਿਹਾ, ਪਰ ਬਖ਼ਸ਼ੀਸ਼ ਨੇ ਖਾਧੀ ਹੋਈ ਸਹੁੰ ਮੁਤਾਬਕ ਇਕੱਠੇ ਹੀ ਜਿਊਣ ਮਰਨ ਦਾ ਨਿਸ਼ਚਾ ਮੁੜ ਦੁਹਰਾਇਆ, ਤਿੰਨ ਸਾਥੀਆਂ ਨੂੰ ਕਵਰ-ਫ਼ਾਇਰ ਦੇ ਕੇ ਘੇਰੇ 'ਚੋਂ ਕੱਢ ਦੇਣ ਪਿੱਛੋਂ ਵੀ ਮੁਕਾਬਲਾ ਕਰਦੇ, ਦੁਸ਼ਮਣ ਨੂੰ ਲਲਕਾਰਦੇ, ਜੈਕਾਰੇ ਛੱਡਦੇ ਤੇ ਮੁਕਾਬਲਾ ਕਰਦੇ ਇਹ ਦੋਵੇਂ ਸੂਰਮੇ ਸਖ਼ਤ ਜ਼ਖ਼ਮੀ ਹੋ ਗਏ। ਜ਼ਖ਼ਮੀ ਹਾਲਤ ਵਿੱਚ ਦੋਵੇਂ ਵੀਰ ਅਖੀਰਲੀ ਵਾਰ ਫਿਰ ਮਿਲੇ ਤੇ ਫਿਰ ਇੱਕਠੇ ਹੀ ਜੂਝਦੇ ਹੋਏ ਸ਼ਹਾਦਤ ਦਾ ਜਾਮ ਪੀ ਕੇ ਗੁਰੂ ਚਰਨਾਂ ਵਿੱਚ ਹਾਜ਼ਰ ਹੋਣ ਲਈ ਅਗਲੇ ਸਫ਼ਰ ਦੇ ਰਾਹ ਪੈ ਗਏ।

ਇਸ ਮੁਕਾਬਲੇ ਵਿੱਚੋਂ ਬਚ ਨਿਕਲੇ ਜੁਗਰਾਜ ਦੇ ਸਾਥੀਆਂ ਰਾਹੀਂ ਜੁਗਰਾਜ ਦੇ ਸ਼ਹੀਦ ਹੋ ਜਾਣ ਦੀ ਖ਼ਬਰ ਜੰਗਲ ਦੀ ਅੱਗ ਵਾਂਗ ਇਲਾਕੇ ਵਿੱਚ ਫੈਲ ਗਈ। ਲੋਕ ਆਪਣੇ ਮਹਿਬੂਬ ਆਗੂ ਦੇ ਅੰਤਮ ਦੀਦਾਰ ਕਰਨ ਲਈ ਉਮੜ ਪਏ। ਸਰਕਾਰੀ ਮਨਸ਼ਾ ਜੁਗਰਾਜ ਦਾ ਚੁੱਪ ਚੁਪੀਤੇ ਅੰਤਮ ਸਸਕਾਰ ਕਰ ਦੇਣ ਦੀ ਸੀ, ਪਰ ਲੋਕ ਰੋਹ ਜੁਗਰਾਜ ਦੀ ਲਾਸ਼ ਹਾਸਲ ਕਰਨ ਲਈ ਅੰਦੋਲਨਕਾਰੀ ਹੋ ਗਿਆ। 30 ਹਜ਼ਾਰ ਲੋਕਾਂ ਨੇ ਥਾਣਾ ਸ੍ਰੀ ਹਰਿਗੋਬਿੰਦਪੁਰ ਦਾ ਸਵੇਰੇ 11 ਵਜੇ ਤੋਂ ਰਾਤ 9 ਵਜੇ ਤਕ ਘਿਰਾਓ ਕੀਤਾ। ਲੋਕ ਰੋਹ ਅੱਗੇ ਝੁਕਦਿਆਂ ਸ਼ਹੀਦਾਂ ਦੀਆਂ ਦੇਹਾਂ ਜੋ ਚੋਰੀ ਛਿਪੇ ਸਸਕਾਰ ਕਰਨ ਲਈ ਅੰਮ੍ਰਿਤਸਰ ਲਿਜਾਈਆਂ ਜਾ ਚੁੱਕੀਆਂ ਸਨ, ਪਰਿਵਾਰ ਦੇ ਹਵਾਲੇ ਕੀਤੀਆਂ ਗਈਆਂ।

ਲੋਕਾਂ ਦੇ ਭਾਰੀ ਇਕੱਠ ਵਿੱਚ ਸੇਜਲ ਅੱਖਾਂ ਨਾਲ ਯੋਧਿਆਂ ਦਾ ਸਸਕਾਰ ਕੀਤਾ ਗਿਆ। ਇਸ ਸੋਗ ਵਿੱਚ ਇਲਾਕੇ ਦੇ ਹਿੰਦੂ ਵੀ ਸ਼ਾਮਲ ਹੋਏ। ਪੂਰੇ 10 ਦਿਨ 40-50 ਕਿਲੋਮੀਟਰ ਦੇ ਇਲਾਕੇ 'ਚ ਕੋਈ ਬੱਸ ਨਹੀਂ ਚੱਲੀ ਤੇ ਨਾ ਹੀ ਕੋਈ ਦੁਕਾਨ ਖੁੱਲ੍ਹੀ।

17 ਅਪ੍ਰੈਲ 1990 ਨੂੰ ਸ਼ਹੀਦ ਭਾਈ ਜੁਗਰਾਜ ਸਿੰਘ ਤੂਫ਼ਾਨ ਦੇ ਭੋਗ ਉੱਪਰ ਇੱਕ

ਬੇਮਿਸਾਲ (3 ਲੱਖ ਲੋਕਾਂ ਦਾ) ਇਕੱਠ ਹੋਇਆ। ਛੇ ਏਕੜ ਦਾ ਬਣਿਆ ਪੰਡਾਲ ਵੀ ਛੋਟਾ ਪੈ ਗਿਆ ਤੇ ਸੰਗਤ ਨੇ ਖੁੱਲ੍ਹੇ ਮੈਦਾਨ 'ਚ ਸੱਜ ਕੇ ਆਪਣੇ ਮਹਿਬੂਬ ਜੁਝਾਰੂ ਨੇਤਾ ਨੂੰ ਸ਼ਰਧਾਂਜਲੀ ਅਰਪਣ ਕੀਤੀ। ਜਿਸ ਵਿੱਚ ਹਿੰਦੂਆਂ ਦੇ ਨੁਮਾਇੰਦੇ ਭਾਜਪਾ ਨੇਤਾ ਦਰਸ਼ਨ ਲਾਲ ਚੋਪੜਾ ਨੇ ਬੋਲਦਿਆਂ ਕਿਹਾ; "ਜੁਗਰਾਜ ਕਾਰਨ ਹੀ ਅਸੀਂ ਸੁਰੱਖਿਅਤ ਸਾਂ, ਹੁਣ ਜੁਗਰਾਜ ਤੋਂ ਬਿਨਾਂ ਅਸੀਂ ਨਿਆਸਰੇ ਹੋ ਗਏ ਹਾਂ।"

ਜੁਗਰਾਜ ਸਿੰਘ ਦੇ ਆਖਰੀ ਮੁਕਾਬਲੇ ਸਮੇਂ ਜਿਸ-ਜਿਸ ਥਾਂ 'ਤੇ ਸ਼ਹੀਦ ਦਾ ਪਵਿੱਤਰ ਲਹੂ ਡੁੱਲ੍ਹਿਆ ਸੀ, ਲੋਕਾਂ ਨੇ ਉਹ-ਉਹ ਥਾਂ ਪਵਿੱਤਰ ਮੰਨ ਕੇ ਸੰਭਾਲ ਲਈ। ਜਿਸ ਥਾਂ 'ਤੇ ਭਾਈ ਜੁਗਰਾਜ ਸਿੰਘ ਨੇ ਸ਼ਹੀਦੀ ਜਾਮ ਪੀਤਾ, ਉਸ ਖੇਤ ਦੇ ਮਾਲਕ ਨੇ ਸ਼ਰਧਾ ਵਜੋਂ ਸ਼ਹੀਦ ਦੀ ਯਾਦ 'ਚ ਗੁਰਦੁਆਰਾ ਸਥਾਪਿਤ ਕਰਨ ਲਈ ਡੇਢ ਕਿੱਲਾ ਜ਼ਮੀਨ ਅਰਪਣ ਕਰ ਦਿੱਤੀ।

ਸ਼ਹੀਦ ਭਾਈ ਜੁਗਰਾਜ ਸਿੰਘ ਦੀਆਂ ਅਸਥੀਆਂ ਜਲ-ਪ੍ਰਵਾਹ ਕਰਨ ਲਈ ਵੀ 15 ਹਜ਼ਾਰ ਲੋਕਾਂ ਦਾ ਕਾਫ਼ਲਾ, ਜਿਸ 'ਚ 70 ਟਰੱਕ ਸ਼ਾਮਲ ਸਨ, ਜੈਕਾਰੇ ਗਜਾਉਂਦਾ ਤੇ ਜੋਸ਼ੀਲੇ ਨਾਹਰੇ ਮਾਰਦਾ 18 ਅਪ੍ਰੈਲ 1990 ਨੂੰ ਚੱਲ ਕੇ 19 ਅਪ੍ਰੈਲ 1990 ਨੂੰ ਸ੍ਰੀ ਕੀਰਤਪੁਰ ਸਾਹਿਬ ਪਹੁੰਚਿਆ।

ਸਰਕਾਰ ਸ਼ਾਇਦ ਇਹ ਸਮਝਦੀ ਸੀ ਕਿ ਜੁਗਰਾਜ ਨੂੰ ਮਾਰ ਕੇ ਅਸੀਂ ਇੱਕ ਬਹੁਤ ਵੱਡਾ ਮੋਰਚਾ ਫ਼ਤਹਿ ਕਰ ਲਿਆ ਹੈ, ਪਰ ਉਸ ਦੇ ਭੋਗ 'ਤੇ ਹੋਏ ਬੇਮਿਸਾਲ ਲੋਕ ਇਕੱਠ ਨੇ ਇਹ ਸਾਬਤ ਕਰ ਦਿੱਤਾ ਕਿ ਆਪਣਾ ਸਰੀਰ ਕੌਮ ਦੇ ਲੇਖੇ ਲਾ ਕੇ ਉਹ ਇੱਕ ਅਜਿਹੀ ਲੋਕ ਲਹਿਰ ਪੈਦਾ ਕਰਨ ਵਿੱਚ ਪੂਰੀ ਤਰ੍ਹਾਂ ਸਫਲ ਰਿਹਾ, ਜਿਸ ਲਹਿਰ 'ਚੋਂ ਅੱਗੋਂ ਕਈ ਹੋਰ ਜੁਗਰਾਜ ਪੈਦਾ ਹੋਏ।

* * * * *

ਦੂਰ-ਦਰਸ਼ੀ ਸੋਚ ਵਾਲ਼ਾ ਜੁਝਾਰੂ

ਸ਼ਹੀਦ ਭਾਈ ਕੰਵਰਜੀਤ ਸਿੰਘ ਸੁਲਤਾਨਵਿੰਡ

ਸਿੱਖੀ ਅਣਖ ਦੀ ਸ਼ਮ੍ਹਾ 'ਤੇ ਸੜਨ ਵਾਲ਼ੇ ਪਤੰਗਿਆਂ ਦੀ ਲੜੀ ਬਹੁਤ ਲੰਮੀ ਹੈ। ਇਸ ਲੜੀ ਦਾ ਸ਼ਿੰਗਾਰ ਬਣੇ ਹਜ਼ਾਰਾਂ ਅਣਖੀਲੇ ਸਿੱਖ ਗੱਭਰੂਆਂ ਵਿੱਚੋਂ ਹੀ ਇੱਕ ਜਾਣਿਆ ਪਛਾਣਿਆ ਨਾਂ ਹੈ- 'ਸ਼ਹੀਦ ਭਾਈ ਕੰਵਰਜੀਤ ਸਿੰਘ ਸੁਲਤਾਨਵਿੰਡ'।

ਆਪ ਦੇ ਪਿਤਾ ਦਾ ਨਾਂ (ਸਵ:) ਸ. ਜਸਬੀਰ ਸਿੰਘ ਤੇ ਮਾਤਾ ਦਾ ਨਾਂ ਬੀਬੀ ਭਗਵੰਤ ਕੌਰ ਹੈ। ਇਹਨਾਂ ਦਾ ਪਰਿਵਾਰ ਇੱਕ ਚੰਗੇ ਜ਼ਿਮੀਂਦਾਰ ਰਈਸ ਪਰਿਵਾਰ ਵਜੋਂ ਜਾਣਿਆ ਜਾਂਦਾ ਹੈ। ਸਾਕਾ ਨੀਲਾ ਤਾਰਾ ਨਾਮੀ ਕਹਿਰ ਦੀ ਹਨੇਰੀ ਨੇ ਤਾਂ ਉਹਨਾਂ ਪਰਿਵਾਰਾਂ ਅੰਦਰ ਵੀ ਮੁੜ ਸਿੱਖੀ ਦੇ ਦੀਪ ਰੁਸ਼ਨਾ ਦਿੱਤੇ ਸਨ, ਜਿੱਥੇ ਸਿੱਖੀ ਦਾ ਨਾਂ ਹੀ ਇੱਕ ਭੁੱਲੀ ਵਿਸਰੀ ਯਾਦ ਬਣ ਚੁੱਕਾ ਸੀ, ਪਰ ਭਾਈ ਕੰਵਰਜੀਤ ਸਿੰਘ ਦੇ ਖ਼ਾਨਦਾਨ ਵਿੱਚ ਸਿੱਖੀ ਪਹਿਲਾਂ ਤੋਂ ਹੀ ਮੌਜੂਦ ਸੀ।

ਜੂਨ 1984 ਵਿੱਚ ਸ੍ਰੀ ਦਰਬਾਰ ਸਾਹਿਬ ਉੱਪਰ ਵਹਿਸ਼ੀ ਫ਼ੌਜੀ ਹਮਲੇ ਵੇਲ਼ੇ ਜਦੋਂ ਪੂਰੇ ਪੰਜਾਬ ਅੰਦਰ ਸੰਗੀਨਾਂ ਦੀ ਨੋਕ ਨਾਲ਼ ਸਿੱਖ ਗੱਭਰੂ ਸ਼ਹਿਰਾਂ ਤੇ ਪਿੰਡਾਂ ਵਿੱਚ ਘਰਾਂ ਅੰਦਰ ਹੀ ਡੱਕੇ ਰਹਿਣ ਲਈ ਮਜਬੂਰ ਕਰ ਦਿੱਤੇ ਗਏ ਸਨ, ਤਾਂ ਸ੍ਰੀ ਅੰਮ੍ਰਿਤਸਰ ਦੀ ਸੁਲਤਾਨਵਿੰਡ ਰੋਡ ਅਜਿਹੀ ਸੀ ਜਿੱਥੇ ਸਿੱਖ ਜਵਾਨੀ ਫ਼ੌਜੀ ਸੰਗੀਨਾਂ ਅਤੇ ਗੋਲ਼ੀਆਂ ਦੀ ਪਰਵਾਹ ਨਾ ਕਰਦੀ ਹੋਈ ਸੜਕਾਂ 'ਤੇ ਨਿਕਲ਼ ਆਈ ਸੀ। ਜਦੋਂ ਹਮਲੇ ਦੀ ਖ਼ੁਸ਼ੀ ਮਨਾਉਣ ਵਾਲ਼ੇ ਕੁਝ ਦੁਕਾਨਦਾਰਾਂ ਦੀਆਂ ਦੁਕਾਨਾਂ ਲੂਹ ਦਿੱਤੀਆਂ ਗਈਆਂ ਤਾਂ ਫ਼ੌਜ ਹਰਕਤ ਵਿੱਚ ਆ ਗਈ। ਉਹਨਾਂ ਦੁਕਾਨਦਾਰਾਂ ਨੇ ਮਿਲਟਰੀ ਨੂੰ ਦੋਸ਼ੀ ਨੌਜਵਾਨਾਂ ਦੀ ਜਿਹੜੀ ਲਿਸਟ ਦਿੱਤੀ, ਉਹਨਾਂ ਵਿੱਚ ਕੰਵਰਜੀਤ ਸਿੰਘ ਦਾ ਨਾਂ ਪਹਿਲੇ ਨੰਬਰ 'ਤੇ ਸੀ। ਦੋ ਘੰਟਿਆਂ ਅੰਦਰ ਹੀ ਪੁਲੀਸ 'ਕੰਵਰਜੀਤ' ਨੂੰ ਘਰੋਂ ਗ੍ਰਿਫ਼ਤਾਰ ਕਰ ਕੇ ਲੈ ਗਈ ਤੇ ਕੇਸ ਪਾ ਕੇ ਜੇਲ੍ਹ ਭੇਜ ਦਿੱਤਾ। ਪਰਿਵਾਰ ਨੇ ਕੁਝ ਚਿਰ ਬਾਅਦ ਆਪ ਦੀ ਜ਼ਮਾਨਤ ਕਰਵਾ ਲਈ।

ਫ਼ੌਜ ਦਾ ਤਸ਼ੱਦਦ

ਇਲਾਕੇ ਦੇ ਫ਼ਿਰਕਾਪ੍ਰਸਤ ਹਿੰਦੂਆਂ ਨੂੰ ਪੰਜਾਬ ਪੁਲੀਸ ਹੱਥੋਂ ਆਪ ਦੀ ਬਿਨਾਂ ਤਸ਼ੱਦਦ ਗ੍ਰਿਫ਼ਤਾਰੀ ਹਜ਼ਮ ਨਾ ਹੋਈ। ਇਹੀ ਕਾਰਨ ਸੀ ਕਿ ਜਿਸ ਦਿਨ ਆਪ ਨੂੰ ਰਾਤ ਦੇ ਦਸ ਵਜੇ

ਘਰ ਲਿਆਂਦਾ ਗਿਆ, ਉਸ ਤੋਂ ਅਗਲੀ ਸਵੇਰ ਮਿਲਟਰੀ ਨੇ ਤੜਕੇ ਹੀ ਘਰ ਛਾਪਾ ਮਾਰਿਆ ਤੇ ਆਪ ਨੂੰ ਚੁੱਕ ਕੇ ਲੈ ਗਈ। 'ਕੰਵਰਜੀਤ' ਨੂੰ ਕਿੱਥੇ ਲਿਜਾ ਰਹੇ ਹਾਂ, ਇਸ ਬਾਰੇ ਪਰਿਵਾਰ ਨੂੰ ਕੁਝ ਨਾ ਦੱਸਿਆ ਗਿਆ।

ਪਰਿਵਾਰ ਦੇ ਮੈਂਬਰਾਂ ਨੇ ਆਪ ਦੀ ਉੱਘ-ਸੁੱਘ ਲਾਉਣ ਦਾ ਬੜਾ ਯਤਨ ਕੀਤਾ ਪਰ ਸਫਲ ਨਾ ਹੋਏ। ਤਿੰਨ ਮਹੀਨੇ ਸਾਰਾ ਪਰਿਵਾਰ ਤੇ ਰਿਸ਼ਤੇਦਾਰ ਥਾਣਿਆਂ ਤੇ ਛਾਉਣੀਆਂ ਦੀ ਖ਼ਾਕ ਛਾਣਦੇ ਰਹੇ। ਤਿੰਨ ਮਹੀਨਿਆਂ ਬ਼ਾਅਦ ਇੱਕ ਰਿਸ਼ਤੇਦਾਰ ਅਫ਼ਸਰ (ਮੇਜਰ) ਨੇ ਜਦੋਂ ਆਪ ਦੇ ਪਰਿਵਾਰ ਨੂੰ ਆਪ ਦੇ ਇੱਕ ਮਿਲਟਰੀ ਹੈੱਡਕੁਆਰਟਰ 'ਚ ਹੋਣ ਬਾਰੇ ਦੱਸਿਆ ਤਾਂ ਪਰਿਵਾਰ ਨੂੰ ਯਕੀਨ ਨਾ ਆਇਆ। ਆਪ 'ਤੇ ਏਨਾ ਤਸ਼ੱਦਦ ਕੀਤਾ ਗਿਆ ਸੀ ਕਿ ਆਪ ਨਾ ਤਾਂ ਬੋਲ ਸਕਦੇ ਸਨ ਤੇ ਨਾ ਹੀ ਕਿਸੇ ਨੂੰ ਪਛਾਣ ਸਕਦੇ ਸਨ। ਪਰਿਵਾਰ ਨੂੰ ਯਕੀਨ ਦਿਵਾਉਣ ਲਈ ਉਸ ਫ਼ੌਜੀ ਅਫ਼ਸਰ ਨੇ ਆਪ ਤੋਂ ਇੱਕ ਰੁੱਕਾ ਲਿਖਵਾ ਕੇ ਲਿਆਉਣ ਦਾ ਵਾਅਦਾ ਕੀਤਾ।

ਤਸ਼ੱਦਦ ਦੇ ਭੰਨੇ ਭਾਈ ਕੰਵਰਜੀਤ ਸਿੰਘ ਰੁੱਕਾ ਲਿਖਣ ਦੀ ਹਾਲਤ ਵਿੱਚ ਵੀ ਨਹੀਂ ਸਨ। ਅਖੀਰ ਇੱਕ ਸਾਥੀ ਦੀ ਮਦਦ ਨਾਲ ਆਪ ਨੇ ਕੇਵਲ '....ਠੀਕ ਹਾਂ....ਕੰਵਰਜੀਤ..।' ਕੁੱਲ ਤਿੰਨ ਸ਼ਬਦ ਲਿਖ ਕੇ ਆਪਣੇ ਪਰਿਵਾਰ ਨੂੰ ਭੇਜੇ ਤਾਂ ਪਰਿਵਾਰ ਨੂੰ ਆਪ ਦੇ ਜਿਉਂਦੇ ਹੋਣ ਦਾ ਯਕੀਨ ਆਇਆ। ਇਸ ਕਹਿਰੀ ਤਸ਼ੱਦਦ ਦੇ ਦੌਰ ਵਿੱਚ ਭਾਈ ਕੰਵਰਜੀਤ ਸਿੰਘ ਦੇ ਨਾਲ ਫੜੇ ਕਈ ਹੋਰ ਸਿੱਖ ਨੌਜੁਆਨਾਂ ਦੀ ਮੌਤ ਹੋ ਚੁੱਕੀ ਸੀ।

ਇਸ ਪਿੱਛੋਂ ਪਰਿਵਾਰ ਦੇ ਯਤਨਾਂ ਸਦਕਾ ਆਪ ਉੱਪਰ ਕੇਸ ਪਾ ਕੇ ਜੇਲ੍ਹ ਭੇਜ ਦਿੱਤਾ ਗਿਆ। ਮਹੀਨੇ ਪਿੱਛੋਂ ਹੀ ਪਰਿਵਾਰ ਨੇ ਆਪ ਦੀ ਜ਼ਮਾਨਤ ਕਰਵਾ ਲਈ। ਜ਼ਮਾਨਤ ਤੋਂ ਬਾਅਦ ਇੱਕ ਵਾਰ ਆਪ ਟਰੈਕਟਰ ਉੱਪਰ ਆਪਣੇ ਖੇਤਾਂ ਨੂੰ ਜਾ ਰਹੇ ਸਨ ਕਿ ਸੁਲਤਾਨਵਿੰਡ ਵਾਲ਼ੇ ਨਹਿਰ ਦੇ ਪੁਲ਼ ਤੋਂ ਪੁਲੀਸ ਨੇ ਟਰੈਕਟਰ ਤੋਂ ਲਾਹ ਕੇ ਆਪ ਨੂੰ ਫਿਰ ਗ੍ਰਿਫ਼ਤਾਰ ਕਰ ਲਿਆ ਤੇ ਪਿਸਤੌਲ ਚੋਰੀ ਦਾ ਕੇਸ ਪਾ ਕੇ ਜੇਲ੍ਹ ਭੇਜ ਦਿੱਤਾ।

ਇਸ ਘਟਨਾ ਪਿੱਛੋਂ ਪਰਿਵਾਰ ਨੇ ਆਪ ਦੀ ਜ਼ਮਾਨਤ ਕਰਵਾਉਣ ਤੋਂ ਪਰਹੇਜ ਹੀ ਕਰੀ ਰੱਖਿਆ। ਭਾਈ ਕੰਵਰਜੀਤ ਸਿੰਘ ਨੂੰ ਵੀ ਲੰਮਾ ਸਮਾਂ ਜੇਲ੍ਹ ਵਿੱਚ ਰਹਿ ਕੇ ਸਿੰਘਾਂ ਨਾਲ ਮੇਲ਼-ਜੋਲ ਪੈਦਾ ਕਰਨ ਦਾ ਮੌਕਾ ਮਿਲ਼ ਗਿਆ। ਇਸੇ ਹੀ ਸਮੇਂ ਜੇਲ੍ਹ 'ਚ ਸਿੰਘਾਂ ਰਾਹੀਂ ਆਪ ਦਾ ਭਾਈ ਮਨਬੀਰ ਸਿੰਘ ਚਹੇੜੂ ਦੇ ਨਾਲ਼ ਰਾਬਤਾ ਕਾਇਮ ਹੋਇਆ। ਜੇਲ੍ਹ ਵਿੱਚੋਂ ਹੀ ਪੁਲੀਸ ਰਿਮਾਂਡ 'ਤੇ ਲਿਜਾ ਕੇ ਆਪ ਉੱਪਰ ਇੱਕ ਹੋਰ ਕੇਸ ਪਾ ਦਿੱਤਾ ਗਿਆ।

ਫਿਰ ਇੱਕ ਸਮੇਂ ਜਲੰਧਰ ਜੇਲ੍ਹ ਵਿੱਚੋਂ ਕੱਢ ਕੇ ਕੁਝ ਨੌਜੁਆਨਾਂ ਨੂੰ ਝੂਠੇ ਪੁਲੀਸ ਮੁਕਾਬਲੇ ਲਈ ਅਟਾਰੀ ਬਾਰਡਰ 'ਤੇ ਲਿਜਾਇਆ ਗਿਆ। ਜੇਲ੍ਹ ਵਿੱਚ ਰਾਸ਼ਨ ਲਿਜਾਣ ਵਾਲ਼ੇ ਸ਼੍ਰੋਮਣੀ ਕਮੇਟੀ ਮੁਲਾਜ਼ਮਾਂ ਰਾਹੀਂ ਜੇਲ੍ਹ ਅੰਦਰਲੇ ਸਿੰਘਾਂ ਨੇ ਇਹ ਸਾਰੀ ਰਿਪੋਰਟ ਬਾਹਰ ਭੇਜ ਦਿੱਤੀ। ਆਪ ਦੇ ਪਰਿਵਾਰ ਨੇ ਤੁਰੰਤ ਪੈਰਵੀ ਅਰੰਭ ਦਿੱਤੀ। ਆਪ ਦੇ ਪਿੰਡ ਦੇ ਲੋਕ ਵੀ ਪਤਾ ਲੱਗਣ 'ਤੇ ਅਟਾਰੀ ਵੱਲ ਵਹੀਰਾਂ ਘੱਤ ਤੁਰੇ। ਇਹੀ ਕਾਰਨ ਸੀ ਕਿ ਬਣਾਏ ਜਾਣ ਵਾਲ਼ੇ ਮੁਕਾਬਲੇ ਵਿੱਚੋਂ ਆਪ ਨੂੰ ਵੀ ਮਾਰਨ ਦਾ ਪ੍ਰੋਗਰਾਮ ਪੁਲੀਸ ਨੂੰ ਬਦਲਣਾ ਪਿਆ, ਪਰ ਬਾਕੀ ਦੇ ਨੌਜਵਾਨ ਪੁਲੀਸ ਨੇ ਫਿਰ ਵੀ ਮਾਰ ਦਿੱਤੇ, ਜਿਸ ਦਾ ਆਪ ਨੂੰ ਬਹੁਤ ਹੀ ਧੱਕਾ ਲੱਗਾ।

ਫ਼ਰਾਰ ਹੋਣਾ

ਹੁਣ ਆਪ ਨੇ ਪੱਕੇ ਤੌਰ 'ਤੇ ਸੰਘਰਸ਼ ਵਿੱਚ ਕੁੱਦ ਪੈਣ ਦਾ ਅਖੀਰੀ ਫ਼ੈਸਲਾ ਲੈ ਲਿਆ। ਅਪ੍ਰੈਲ 1987 ਵਿੱਚ ਭਾਈ ਹਰਜਿੰਦਰ ਸਿੰਘ ਜਿੰਦਾ ਗਦਲੀ, ਭਾਈ ਸੁਖਦੇਵ ਸਿੰਘ ਸੁੱਖਾ, ਭਾਈ ਅਜੀਤਪਾਲ ਸਿੰਘ, ਭਾਈ ਬਲਵਿੰਦਰ ਸਿੰਘ ਬਾਬਾ ਅਤੇ ਭਾਈ ਮਨਬੀਰ ਸਿੰਘ ਚਹੇੜੂ ਆਦਿ ਸਿੰਘਾਂ ਨੇ ਆਪ ਨੂੰ ਅੰਮ੍ਰਿਤਸਰ ਕਚਹਿਰੀਆਂ 'ਚੋਂ ਫ਼ਾਇਰਿੰਗ ਕਰ ਕੇ ਪੁਲੀਸ ਹਿਰਾਸਤ ਵਿੱਚੋਂ ਛੁਡਾ ਲਿਆ।

ਹੁਣ ਆਪ ਭਾਈ ਚਹੇੜੂ ਦੀ ਅਗਵਾਈ ਵਾਲੀ ਖ਼ਾਲਿਸਤਾਨ ਕਮਾਂਡੋ ਫ਼ੋਰਸ ਦੇ ਉੱਘੇ ਮੈਂਬਰ ਬਣ ਗਏ।

ਰੂਪੋਸ਼ ਜ਼ਿੰਦਗੀ ਦੇ ਸਫ਼ਰ ਨੂੰ ਭਾਈ ਕੰਵਰਜੀਤ ਸਿੰਘ ਨੇ ਇੱਕ ਮਿਸਾਲ ਵੱਜੋਂ ਤੈਅ ਕੀਤਾ। ਆਪ ਆਪਣਾ ਸਫ਼ਰ ਪੈਦਲ ਜਾਂ ਸਾਈਕਲ 'ਤੇ ਤੈਅ ਕਰਦੇ। ਆਮ ਤੌਰ 'ਤੇ ਇੱਕ ਥਾਂ ਤੋਂ ਦੂਜੀ ਥਾਂ ਤੇ ਜਾਣ ਲਈ ਰਾਤ ਨੂੰ ਤੁਰ ਪੈਂਦੇ ਤੇ ਸਵੇਰ ਤਕ ਟਿਕਾਣੇ 'ਤੇ ਪਹੁੰਚਦੇ। ਉਹਨਾਂ ਦਾ ਤਰਕ ਹੁੰਦਾ ਸੀ ਕਿ ਰਾਤ ਨੂੰ ਜਾ ਕੇ ਐਵੇਂ ਕਿਸੇ ਨੂੰ ਤੰਗ ਕਰਾਂਗੇ। ਉਹਨਾਂ ਨੇ ਅੱਸੀ-ਅੱਸੀ ਕਿਲੋਮੀਟਰ ਦਾ ਪੰਧ ਪੈਦਲ ਹੀ ਤੈਅ ਕੀਤਾ। ਜੇਕਰ ਰਾਤ ਨੂੰ ਕਿਸੇ ਦੇ ਘਰ ਪਹੁੰਚ ਜਾਂਦੇ ਤਾਂ ਰੋਟੀ ਪੁੱਛਣ ਤੇ ਵੈਸੇ ਹੀ ਕਹਿ ਦਿੰਦੇ ਕਿ ਖਾ ਕੇ ਆਏ ਹਾਂ। ਪਰ ਜਦੋਂ ਘਰ ਵਾਲਿਆਂ ਨੂੰ ਸ਼ੱਕ ਪੈਂਦਾ ਕਿ ਨਹੀਂ ਖਾਧੀ ਤਾਂ ਜ਼ਿਆਦਾ ਜ਼ੋਰ ਪਾਉਣ 'ਤੇ ਕਹਿੰਦੇ- 'ਜੇ ਪੱਕੀ ਪਈ ਹੈ ਤਾਂ ਖੁਆ ਦਿਓ, ਉਚੇਚੀ ਨਾ ਪਕਾਇਓ।'

ਸਾਥੀਆਂ ਵਿੱਚ ਹਮੇਸ਼ਾਂ ਹੀ ਇੱਕ ਗੱਲ ਚਰਚਾ ਵਿੱਚ ਹੁੰਦੀ ਕਿ ਆਪ ਨੇ ਘਰ ਵਿੱਚ ਹਰ ਸਹੂਲਤ ਹੋਣ ਕਾਰਨ ਜਿੰਨੇ ਸੁਖ ਵੇਖੇ ਸਨ, ਓਨੀਆਂ ਹੀ ਰੂਪੋਸ਼ ਜ਼ਿੰਦਗੀ ਵਿੱਚ ਵਧੇਰੇ ਮੁਸ਼ਕਲਾਂ ਝੱਲ ਰਹੇ ਹਨ।

ਰਣਨੀਤੀ

ਆਪ ਅੰਨ੍ਹੇਵਾਹ ਕਤਲਾਂ ਦੇ ਵਿਰੋਧੀ ਸਨ ਤੇ ਅਕਸਰ ਕਿਹਾ ਕਰਦੇ ਸਨ ਕਿ ਅੰਨ੍ਹੇਵਾਹ ਕਤਲ ਕਰ ਕੇ 'ਖ਼ਾਲਿਸਤਾਨ' ਦੀ ਬਜਾਏ ਕਿਤੇ 'ਖਾਲੀਸਤਾਨ' ਨਾ ਬਣਾ ਲਈਏ। ਆਪ ਬੇਦੋਸ਼ੇ ਹਿੰਦੂਆਂ ਦੇ ਕਤਲਾਂ ਦੇ ਵੀ ਵਿਰੋਧੀ ਸਨ। ਇੱਥੋਂ ਤਕ ਕਿ ਆਪ ਨੂੰ ਮਿਲਟਰੀ ਕੋਲ ਆਪਣਾ ਨਾਂ ਲਿਖਵਾਉਣ ਵਾਲੇ ਫ਼ਿਰਕਾਪ੍ਰਸਤ ਹਿੰਦੂਆਂ ਬਾਰੇ ਵੀ ਪੂਰੀ ਜਾਣਕਾਰੀ ਸੀ, ਪਰ ਆਪ ਨੇ ਕਦੀ ਵੀ ਉਹਨਾਂ ਦੇ ਵਿਰੁੱਧ ਕੋਈ ਕਾਰਵਾਈ ਨਾ ਕੀਤੀ। ਇਹੀ ਕਾਰਨ ਸੀ ਕਿ ਆਪ ਦੇ ਇਲਾਕੇ 'ਚ ਕਈ ਹਿੰਦੂਆਂ ਦੇ ਘਰ ਹੀ ਆਪ ਜੀ ਦੀ ਪਨਾਹਗਾਹ ਬਣ ਗਏ।

ਦਿਨਾਂ ਵਿੱਚ ਹੀ ਭਾਈ ਕੰਵਰਜੀਤ ਸਿੰਘ ਸੁਲਤਾਨਵਿੰਡ ਪੰਜਾਬ ਪੁਲੀਸ ਲਈ 'ਏ' ਸ਼੍ਰੇਣੀ ਦਾ ਖਾੜਕੂ ਬਣ ਗਿਆ ਤੇ ਜਲੰਧਰ ਕਚਹਿਰੀਆਂ 'ਚੋਂ ਜਨਰਲ ਲਾਭ ਸਿੰਘ ਨੂੰ ਛੁਡਾਉਣ, ਭਾਖੜਾ ਡੈਮ ਦਾ ਪਾਣੀ ਛੱਡਣ ਵਾਲੇ ਜਨਰਲ ਕੁਮਾਰ ਨੂੰ ਮਾਰਨ, ਕਾਨਪੁਰ ਦੀ ਸਿੱਖ ਕਤਲੇਆਮ ਦੇ ਦੋਸ਼ੀ ਕਤਿਆਲ ਨੂੰ ਮਾਰਨ ਦੇ ਕੇਸਾਂ ਵਿੱਚ ਪੁਲੀਸ ਆਪ ਦੀ ਤਲਾਸ਼ ਕਰਨ ਲੱਗੀ।

ਆਪ ਸਿੱਖ ਨੌਜੁਆਨਾਂ ਦੇ ਅੰਨ੍ਹੇਵਾਹ ਰੂਪੋਸ਼ ਹੋਣ ਦੇ ਵਿਰੋਧੀ ਸਨ। ਜੇਕਰ ਕੋਈ ਨੌਜਵਾਨ

ਆਪ ਦੇ ਕੋਲ 'ਕੌਮ ਦੀ ਸੇਵਾ' ਕਰਨ ਦਾ ਇਰਾਦਾ ਪ੍ਰਗਟ ਕਰਦਾ ਤਾਂ ਆਪ ਜੁਆਬ ਦਿੰਦੇ, "ਜੇ ਕੌਮ ਦੀ ਸੇਵਾ ਕਰਨੀ ਐ ਤਾਂ ਖੂਬ ਪੜ੍ਹੋ। ਖ਼ਾਲਿਸਤਾਨ ਬਣਾਉਣ ਲਈ ਮਰਨ ਤਾਂ ਅਸੀਂ ਡਹੇ ਹੀ ਹਾਂ, ਪਰ ਖ਼ਾਲਿਸਤਾਨ ਨੂੰ ਚਲਾਉਣ ਲਈ ਪੜ੍ਹਿਆ ਲਿਖਿਆ ਵਰਗ ਚਾਹੀਦੈ।"

ਆਪ ਨੂੰ ਇੱਕ ਵਾਰ ਆਪਣੇ ਭਤੀਜੇ ਜਸਕੀਰਤ ਸਿੰਘ ਦੇ ਕਿਸੇ ਗ਼ੈਰ ਮਿਆਰੀ ਸਕੂਲ ਵਿੱਚ ਦਾਖ਼ਲ ਹੋਣ ਦਾ ਪਤਾ ਲੱਗਾ ਤਾਂ ਆਪ ਉਸ ਨੂੰ ਉਚੇਚੇ ਮਿਲੇ ਤੇ ਝਿੜਕਦੇ ਹੋਏ ਕਹਿਣ ਲੱਗੇ, "ਤੁਹਾਡੇ ਵਰਗਿਆਂ ਲਈ ਤਾਂ ਅਸੀਂ ਸਭ ਛੱਡ ਕੇ ਜਾਣੈਂ....ਤੇ ਜੇ ਤੁਸੀਂ ਪੜ੍ਹੇ ਹੀ ਨਾ ਹੋਏ ਤਾਂ ਕੌਮ ਦਾ ਕੀ ਬਣੂੰ...? ਅਗਲੇ ਸਾਲ ਕਿਸੇ ਵਧੀਆ ਸਕੂਲ ਵਿੱਚ ਦਾਖ਼ਲਾ ਲਈਂ...।"

ਆਪ ਖ਼ੁਦ ਵੀ ਰੂਪੋਸ਼ ਹੋਣ ਤੋਂ ਪਹਿਲਾਂ ਪੜ੍ਹਾਈ ਵਿੱਚ ਅੱਵਲ ਆਉਂਦੇ ਰਹੇ ਸੀ ਤੇ ਜੇਲ੍ਹ 'ਚੋਂ ਫ਼ਰਾਰ ਹੋਣ ਤੋਂ ਪਹਿਲਾਂ ਵੀ ਜੇਲ੍ਹ 'ਚ ਹੀ ਪੇਪਰ ਦੇਣ ਲਈ ਆਪ ਨੇ ਦਾਖ਼ਲਾ ਭੇਜਿਆ ਹੋਇਆ ਸੀ।

ਆਪ ਜਿੱਥੇ ਲੁਟੇਰਾ ਅਨਸਰਾਂ 'ਤੇ ਸਖ਼ਤ ਨਜ਼ਰ ਰੱਖ ਕੇ ਲੋਕਾਂ ਦਾ ਲੁੱਟਿਆ ਪੈਸਾ ਵਾਪਸ ਕਰਵਾਉਂਦੇ ਰਹੇ, ਓਥੇ ਲਹਿਰ ਦੇ ਵਿੱਚ ਸ਼ਾਮਲ ਸਿੰਘਾਂ ਨੂੰ ਵੀ ਗ਼ਲਤੀਆਂ ਕਰਨੋਂ ਸਖ਼ਤੀ ਨਾਲ ਵਰਜਦੇ ਰਹੇ। ਆਪ ਇਹ ਵੀ ਗੰਭੀਰਤਾ ਨਾਲ ਸਭ ਨੂੰ ਕਹਿੰਦੇ ਸਨ ਕਿ 'ਪਿੰਡਾਂ 'ਚੋਂ ਬੰਦੇ ਮਾਰ ਕੇ ਖ਼ਾਲਿਸਤਾਨ ਨਹੀਂ ਬਣਨਾ।'

ਆਪ ਨੇ ਅਪ੍ਰੇਸ਼ਨ ਬਲੈਕ ਥੰਡਰ ਤੋਂ ਪਹਿਲਾਂ ਵੀ ਦਰਬਾਰ ਸਾਹਿਬ ਦੇ ਅੰਦਰ ਬੈਠੇ ਜੁਝਾਰੂਆਂ ਨੂੰ ਚਿੱਠੀਆਂ ਭੇਜ ਕੇ ਬਾਹਰ ਆ ਜਾਣ ਲਈ ਪ੍ਰੇਰਿਆ ਤੇ ਹੈਰਾਨੀ ਪ੍ਰਗਟ ਕੀਤੀ ਕਿ ਪ੍ਰਕਰਮਾ 'ਚ ਬੈਠ ਕੇ ਕਿਹੜੀ ਸੇਵਾ ਕਰ ਰਹੇ ਹੋ?

ਆਪ ਦੇ ਭਰਾਤਰੀ ਭਾਵ ਦੀ ਇੱਕ ਮਿਸਾਲ ਇਹ ਵੀ ਹੈ ਕਿ ਪਿੰਡ ਵਿਚਲੇ ਹੀ ਬਾਪੂ ਸ਼ਿੰਗਾਰਾ ਸਿੰਘ ਦੇ ਪਰਿਵਾਰ ਨਾਲ ਆਪ ਦੇ ਪਰਿਵਾਰ ਦੀ ਪੁਰਾਣੀ ਦੁਸ਼ਮਣੀ ਸੀ। ਕਾਫ਼ੀ ਸਮਾਂ ਪਹਿਲਾਂ ਇਹਨਾਂ ਦੇ ਪਰਿਵਾਰ ਵੱਲੋਂ ਬਾਪੂ ਸ਼ਿੰਗਾਰਾ ਸਿੰਘ ਦੇ ਪਰਿਵਾਰ ਦਾ ਇੱਕ ਮੈਂਬਰ ਕਤਲ ਹੋਇਆ ਸੀ। ਪਰ ਆਪ ਨੇ ਉਸ ਪਰਿਵਾਰ ਦੇ ਨੌਜੁਆਨਾਂ ਨਾਲ ਦੋਸਤੀ ਗੰਢ ਕੇ ਦੋਹਾਂ ਪਰਿਵਾਰਾਂ ਨੂੰ ਇਸ ਕਦਰ ਜੋੜ ਦਿੱਤਾ ਕਿ ਅੱਜ ਇਹ ਪਤਾ ਲਾਉਣਾ ਵੀ ਮੁਸ਼ਕਲ ਜਾਪਦਾ ਹੈ ਕਿ ਇਹ ਦੋ ਪਰਿਵਾਰ ਹਨ ਜਾਂ ਇੱਕੋ ਹੀ? ਬਾਪੂ ਸ਼ਿੰਗਾਰਾ ਸਿੰਘ ਦੇ ਪਰਿਵਾਰ ਵਿੱਚੋਂ ਵੀ ਭਾਈ ਹਰਮਿੰਦਰ ਸਿੰਘ ਸਮੇਤ ਪੰਜ ਮੈਂਬਰ ਲਹਿਰ ਵਿੱਚ ਤੁਰੇ ਤੇ ਉਹਨਾਂ ਦੇ ਪਰਿਵਾਰ ਨੇ ਵੀ ਸਿੱਖ ਸੰਘਰਸ਼ ਵਿੱਚ ਅਹਿਮ ਹਿੱਸਾ ਪਾਇਆ। ਆਪ ਨੇ ਕਈ ਹੋਰ ਅਜਿਹੇ ਹੀ ਪਰਿਵਾਰਾਂ ਦੀਆਂ ਸ਼ਰੀਕੇਬਾਜ਼ੀਆਂ ਖ਼ਤਮ ਕਰਵਾਈਆਂ ਜੋ ਕਿ ਅੱਜ ਤਕ ਇਕੱਠੇ ਹੀ ਰਹਿ ਰਹੇ ਹਨ।

ਮੈਦਾਨੇ ਜੰਗ ਦੇ ਆਸ਼ਕ

ਇੱਕ ਵਾਰ ਭਾਈ ਕੰਵਰਜੀਤ ਸਿੰਘ ਨੂੰ ਤੇ ਭਾਈ ਅਵਤਾਰ ਸਿੰਘ ਨੂੰ ਇੱਕ ਸਾਥੀ ਦੀ ਭੈਣ ਦੇ ਘਰ ਸੁੱਤਿਆਂ ਪਿਆਂ ਨੂੰ ਪੁਲੀਸ ਨੇ ਦਬੋਚ ਲਿਆ, ਪਰ ਉਕਤ ਭੈਣ ਨੇ ਪਰਨਾ ਦੇਣ ਦੇ ਬਹਾਨੇ ਇਹਨਾਂ ਤਕ ਰਿਵਾਲਵਰ ਪਹੁੰਚਾ ਦਿੱਤਾ। ਉਸ ਰਿਵਾਲਵਰ ਨਾਲ ਇਹਨਾਂ ਰੋਡ 'ਤੇ ਆ ਕੇ ਫ਼ਾਇਰਿੰਗ ਕੀਤੀ ਤੇ ਬਚ ਨਿਕਲੇ। ਪਰ ਇਸ ਮੌਕੇ ਕੰਧ ਨਾ ਟੱਪੀ ਜਾਣ ਕਰਕੇ ਆਪ ਦਾ

ਸਾਥੀ ਭਾਈ ਅਵਤਾਰ ਸਿੰਘ ਸ਼ਹੀਦ ਹੋ ਗਿਆ ਤੇ ਆਪ ਦੀ ਲੱਤ ਵਿੱਚ ਪੂਰਾ ਬਰੱਸਟ (25-26 ਗੋਲੀਆਂ ਦਾ) ਵੱਜਾ, ਫਿਰ ਵੀ ਆਪ ਜ਼ਖ਼ਮੀ ਹਾਲਤ ਵਿੱਚ ਹੀ ਕੋਠੇ ਟੱਪ ਕੇ ਬਚ ਨਿਕਲੇ।

ਇਲਾਜ ਕਰਾਉਣ ਨਾਲ ਜ਼ਖ਼ਮ ਤਾਂ ਭਰ ਗਏ ਪਰ ਆਪ ਭੱਜਣ ਦੇ ਕਾਬਲ ਨਾ ਰਹੇ। ਇਸ ਹਾਲਤ ਵਿੱਚ ਵੀ ਆਪ ਉਸੇ ਹੀ ਸਰਗਰਮੀ ਨਾਲ ਸੇਵਾ ਵਿੱਚ ਜੁਟੇ ਰਹੇ। ਆਪ ਦੀ ਕੈਨੇਡਾ ਰਹਿੰਦੀ ਭੈਣ ਨੇ ਆਪ ਨੂੰ ਬਾਹਰੋਂ ਇਲਾਜ ਕਰਵਾਉਣ ਲਈ ਦਬਾਅ ਪਾਇਆ ਪਰ ਆਪ ਨੇ ਨਾਂਹ ਕਰ ਦਿੱਤੀ। ਉਹਨਾਂ ਨੇ ਫਿਰ ਜ਼ੋਰ ਪਾਉਂਦਿਆਂ ਇੱਥੋਂ ਤਕ ਕਿਹਾ ਕਿ 'ਤੂੰ ਪਾਕਿਸਤਾਨ ਹੀ ਆ ਜਾ, ਅੱਗੋਂ ਅਸੀਂ ਆਪੇ ਹੀ ਤੈਨੂੰ ਕੈਨੇਡਾ ਮੰਗਵਾ ਕੇ ਇਲਾਜ ਕਰਵਾ ਦਿਆਂਗੇ, ਠੀਕ ਹੋ ਕੇ ਫਿਰ ਪੰਜਾਬ ਚਲਾ ਜਾਵੀਂ.....।'

ਪਰ ਆਪ ਦਾ ਜੁਆਬ ਸੀ- "ਮੈਂ ਤਾਂ ਖ਼ੁਦ ਦੂਜਿਆਂ ਨੂੰ ਕਹਿੰਨੈ ਪਈ ਹਥਿਆਰ ਚੁੱਕਣ ਦਾ ਕੀ ਲਾਭ ਜੇ ਲਾਂਭੇ ਹੀ ਜਾ ਬਹਿਣੈ.....ਫਿਰ ਮੈਂ ਖ਼ੁਦ ਕਿਵੇਂ ਮੈਦਾਨ 'ਚੋਂ ਲਾਂਭੇ ਹੋਵਾਂ?"

ਆਪ ਆਪਣਾ ਇਲਾਜ ਵੀ ਘਰੋਂ ਪੈਸਾ ਮੰਗਵਾ ਕੇ ਹੀ ਕਰਦੇ, ਕੌਮੀ ਪੈਸਾ ਆਪਣੇ ਇਲਾਜ ਲਈ ਵੀ ਵਰਤਣਾ ਠੀਕ ਨਹੀਂ ਸੀ ਸਮਝਦੇ। ਆਪ ਜੋ ਵੀ ਖ਼ਰਚਾ ਕਰਦੇ ਉਹ ਡਾਇਰੀ 'ਤੇ ਨੋਟ ਜ਼ਰੂਰ ਕਰਦੇ। ਅਖੀਰਲੇ ਦਿਨ ਤਕ ਦੇ ਇੱਕ-ਇੱਕ ਪੈਸੇ ਦੇ ਖ਼ਰਚ ਦਾ ਵੇਰਵਾ ਆਪ ਦੀ ਡਾਇਰੀ ਵਿੱਚ ਦਰਜ ਸੀ। ਆਪ ਨੇ ਆਪਣੇ ਹਿੱਸੇ ਵਿੱਚੋਂ ਕੁਝ ਜ਼ਮੀਨ ਵੇਚ ਕੇ ਪੈਸਾ ਸੰਘਰਸ਼ ਵਿੱਚ ਲਾਇਆ।

ਆਪ ਨੇ ਜੁਝਾਰੂਆਂ ਨੂੰ ਇੱਕ ਮੰਚ 'ਤੇ ਲਿਆਉਣ ਲਈ ਵੀ ਪੂਰੀ ਤਨਦੇਹੀ ਨਾਲ ਕੰਮ ਕੀਤਾ। ਪੰਜ ਜਥੇਬੰਦੀਆਂ ਨੂੰ ਇੱਕ ਕਰਨ ਪਿੱਛੇ ਆਪ ਦੀ ਹੀ ਮਿਹਨਤ ਸੀ ਤੇ ਇਹ ਵੀ ਦਾਅਵੇ ਨਾਲ ਕਿਹਾ ਜਾਂਦਾ ਹੈ ਕਿ ਜੇਕਰ ਆਪ ਥੋੜ੍ਹਾ ਸਮਾਂ ਹੋਰ ਸ਼ਹੀਦ ਨਾ ਹੁੰਦੇ ਤਾਂ ਸਮੁੱਚੀਆਂ ਜੁਝਾਰੂ ਜਥੇਬੰਦੀਆਂ ਨੂੰ ਇੱਕ ਕਰਨ ਦੇ ਆਪਣੇ ਸ਼ਹੀਦ ਹੋਣ ਤੋਂ ਵੀਹ ਦਿਨ ਪਹਿਲਾਂ ਅਰੰਭੇ ਮਿਸ਼ਨ ਨੂੰ ਵੀ ਨੇਪਰੇ ਚਾੜ੍ਹ ਦਿੰਦੇ।

ਆਪ ਦੁਨੀਆਂ ਦੇ ਕਿਸੇ ਵੀ ਖਿੱਤੇ ਵਿੱਚ ਚੱਲ ਰਹੇ ਸੰਘਰਸ਼ ਨੂੰ ਘੋਖਣ ਤੇ ਓਥੋਂ ਦੇ ਅਜ਼ਾਦੀ ਘੁਲਾਟੀਆਂ ਨਾਲ ਰਾਬਤਾ ਕਾਇਮ ਕਰਨ ਲਈ ਵੀ ਯਤਨਸ਼ੀਲ ਰਹਿੰਦੇ ਸਨ। ਆਪ ਨੇ ਅਫ਼ਗਾਨੀ ਮੁਜ਼ਾਹਦੀਨਾਂ ਨਾਲ ਵੀ ਸੰਪਰਕ ਕਾਇਮ ਕੀਤੇ ਸਨ ਤੇ ਉਹਨਾਂ ਦੇ ਅਜ਼ਾਦ ਹੋਣ ਦੀ ਭਵਿੱਖਬਾਣੀ ਵੀ ਕੀਤੀ ਸੀ, ਜੋ ਸੱਚ ਸਾਬਤ ਹੋਈ। ਆਪ ਇਹ ਵੀ ਕਹਿੰਦੇ ਸਨ ਕਿ 'ਪਾਕਿਸਤਾਨ ਸਾਡੀ ਸਿਆਸੀ ਨਜ਼ਰੀਏ ਤੋਂ ਹੀ ਮਦਦ ਕਰਦੈ, ਪਰ ਉਹਦੀ ਸਾਡੇ ਨਾਲ ਦਿਲੀ ਹਮਦਰਦੀ ਨਹੀਂ।' ਆਪ ਇਹ ਵੀ ਅਕਸਰ ਕਿਹਾ ਕਰਦੇ ਸਨ ਕਿ 'ਖ਼ਾਲਿਸਤਾਨ ਅਸੀਂ ਨਹੀਂ ਬਣਾ ਸਕਦੇ, ਅਸੀਂ ਤਾਂ ਕੇਵਲ ਨੀਹਾਂ ਪੱਕੀਆਂ ਕਰ ਰਹੇ ਹਾਂ, ਬਣਾਉਂਦੇ ਕੌਣ ਹਨ...ਵੇਖੋ...।'

ਜਿਸ ਵੇਲੇ ਭਾਈ ਹਰਜਿੰਦਰ ਸਿੰਘ ਜਿੰਦਾ ਅਤੇ ਸਤਨਾਮ ਸਿੰਘ ਬਾਵਾ ਦਿੱਲੀ ਵਿੱਚ ਫੜੇ ਗਏ ਓਦੋਂ ਆਪ ਵੀ ਦਿੱਲੀ ਠਹਿਰੇ ਹੋਏ ਸਨ। ਫਿਰ ਉਸੇ ਹੀ ਮੁਖ਼ਬਰ ਨੇ ਭਾਈ ਬਲਵਿੰਦਰ ਸਿੰਘ ਬਾਬਾ ਨੂੰ ਵੀ ਫੜਾ ਦਿੱਤਾ, ਆਪ ਨੇ ਛੇਤੀ ਨਾਲ ਹੀ ਐਕਸ਼ਨ ਕਰ ਕੇ 'ਬਾਬੇ' ਨੂੰ ਛੁਡਾ ਲਿਆ ਅਤੇ ਉਸ ਮੁਖ਼ਬਰ ਨੂੰ ਉਸ ਦੇ ਕੁਕਰਮ ਦੀ ਕਰੜੀ ਸਜ਼ਾ ਦੇ ਦਿੱਤੀ।

ਭਾਈ ਨਿਰਮਲ ਸਿੰਘ ਮੀਆਂਵਿੰਡ ਉਮਰ ਵਿਚ ਆਪ ਤੋਂ ਵੱਡਾ ਹੋਣ ਦੇ ਬਾਵਜੂਦ ਆਪ ਦੇ ਵੱਡੇ ਵਿਚਾਰਾਂ ਕਾਰਨ ਹੀ ਮਨ੍ਹਾ ਕਰਨ ਦੇ ਬਾਵਜੂਦ ਵੀ ਆਪ ਜੀ ਨੂੰ 'ਭਾਊ ਜੀ' ਕਹਿ ਕੇ ਬੁਲਾਇਆ ਕਰਦਾ ਸੀ।

ਸੰਨ 1989 ਦੀਆਂ ਚੋਣਾਂ ਵਿੱਚ ਆਪ ਪੰਥਕ ਉਮੀਦਵਾਰਾਂ ਦੀ ਹਮਾਇਤ ਕਰ ਰਹੇ ਸਨ। ਅੰਮ੍ਰਿਤਸਰ ਤੋਂ ਆਪ ਜਿੱਥੇ ਸ. ਕਿਰਪਾਲ ਸਿੰਘ ਦੀ ਹਮਾਇਤ ਕਰ ਰਹੇ ਸਨ, ਉੱਥੇ ਉਹ ਪੰਜਾਬ ਵਿੱਚ ਚੋਣ ਪ੍ਰਚਾਰ ਲਈ ਆਉਣ ਵਾਲ਼ੇ ਰਾਜੀਵ ਗਾਂਧੀ ਨੂੰ ਵੀ ਬੇਸਬਰੀ ਨਾਲ਼ ਉਡੀਕ ਰਹੇ ਸਨ।

ਸ਼ਹੀਦੀ

18 ਅਕਤੂਬਰ 1989 ਨੂੰ ਆਪ, ਭਾਈ ਨਿਰਮਲ ਸਿੰਘ ਨਿੰਮਾ ਮੀਆਂਵਿੰਡ ਤੇ ਇੱਕ ਲਾਇਲਪੁਰ ਖ਼ਾਲਸਾ ਕਾਲਜ ਦਾ ਵਿਦਿਆਰਥੀ, ਜਲੰਧਰ ਸ਼ਹਿਰ ਵਿੱਚ ਕਿਸੇ ਦੇ ਘਰ ਬੈਠੇ ਕਿਸੇ ਦੀ ਉਡੀਕ ਕਰ ਰਹੇ ਸਨ, ਕਿ ਕੇਵਲ ਸ਼ੱਕ ਦੇ ਆਧਾਰ 'ਤੇ ਹੀ ਕਿਸੇ ਨੇ ਸੀ.ਆਰ.ਪੀ. ਨੂੰ ਚੁਗਲੀ ਜਾ ਕੀਤੀ। ਸੀ.ਆਰ.ਪੀ. ਨੇ ਸ਼ੱਕ ਦੇ ਆਧਾਰ 'ਤੇ ਹੀ ਆਪ ਤਿੰਨਾਂ ਨੂੰ ਉੱਥੋਂ ਗ੍ਰਿਫ਼ਤਾਰ ਕਰ ਲਿਆ ਤੇ ਜੀਪ ਵਿੱਚ ਬਿਠਾ ਕੇ ਲੈ ਤੁਰੀ। ਆਪ ਜਾਣਦੇ ਸਨ ਕਿ ਸਾਡੀ ਪਛਾਣ ਛੇਤੀ ਹੋ ਜਾਵੇਗੀ। ਸੋ ਮਨ ਹੀ ਮਨ ਵਿੱਚ ਫ਼ੈਸਲਾ ਕਰ ਕੇ ਆਪ ਨੇ ਭਾਈ ਨਿੰਮੇ ਨੂੰ ਭੱਜ ਜਾਣ ਦਾ ਇਸ਼ਾਰਾ ਕੀਤਾ ਤੇ ਖ਼ੁਦ ਸਾਇਆਨਾਈਡ ਖਾ ਲਈ, ਕਿਉਂਕਿ ਲੱਤ 'ਚ ਪਹਿਲਾਂ ਲੱਗੀਆਂ ਗੋਲ਼ੀਆਂ ਕਾਰਨ ਆਪ ਲਈ ਭੱਜਣਾ ਅਸੰਭਵ ਸੀ।

ਆਪ ਦੀ ਹਦਾਇਤ ਅਨੁਸਾਰ ਭਾਈ ਨਿੰਮਾ ਜੀਪ 'ਚੋਂ ਛਾਲ਼ ਮਾਰ ਕੇ ਭੱਜਿਆ, ਪਰ ਫੁਟਪਾਥ 'ਤੇ ਠੇਡਾ ਖਾ ਕੇ ਡਿੱਗ ਗਿਆ। ਐਲ.ਐਮ.ਜੀ. ਵਾਲ਼ੇ ਸੀ.ਆਰ.ਪੀ. ਦੇ ਜਵਾਨ ਨੇ ਫ਼ਾਇਰਿੰਗ ਕਰ ਦਿੱਤੀ ਤੇ ਭਾਈ ਨਿੰਮਾ ਵੀ ਉੱਥੇ ਹੀ ਸ਼ਹੀਦ ਹੋ ਗਿਆ। ਤੀਜੇ ਸਾਥੀ ਤੋਂ ਪੁਲੀਸ ਨੂੰ ਪਤਾ ਲੱਗਾ ਕਿ ਅੱਜ ਅਨਜਾਣੇ ਵਿੱਚ ਹੀ ਕਿੰਨੇ ਵੱਡੇ ਸ਼ੇਰ ਉਹਨਾਂ ਦੀਆਂ ਗੋਲ਼ੀਆਂ ਦੇ ਸ਼ਿਕਾਰ ਹੋ ਗਏ ਹਨ।

ਰਿਸ਼ਤੇਦਾਰਾਂ ਨੂੰ ਬੁਲਾ ਕੇ ਸ਼ਨਾਖ਼ਤ ਤੋਂ ਬਾਅਦ ਜਦੋਂ ਇਹਨਾਂ ਦੋਹਾਂ ਸੂਰਮਿਆਂ ਦਾ ਅੰਤਮ ਸਸਕਾਰ ਕੀਤਾ ਜਾਣ ਲੱਗਾ ਤਾਂ ਇਹ ਸਵਾਲ ਉਠਿਆ ਕਿ ਪਹਿਲਾਂ ਕਿਸ ਦੀ ਚਿਖਾ ਨੂੰ ਅੱਗ ਦਿਖਾਈ ਜਾਵੇ? ਕਿਸੇ ਨੇ ਕਿਹਾ, "ਨਿੰਮਾ ਵੱਡਾ ਸੀ, ਪਹਿਲਾਂ ਉਸ ਦੀ ਚਿਖਾ ਨੂੰ ਅੱਗ ਵਿਖਾਉ।" ਪਰ ਭਾਈ ਨਿੰਮੇ ਦਾ ਇੱਕ ਨੇੜਲਾ ਰਿਸ਼ਤੇਦਾਰ ਬੋਲ ਉੱਠਿਆ, "ਨਹੀਂ, ਨਿੰਮਾ ਅਕਸਰ ਕਹਿੰਦਾ ਹੁੰਦਾ ਸੀ, 'ਭਈ ਉਮਰ 'ਚ ਮੈਂ ਵੱਡਾ, ਪਰ ਖਿਆਲਾਂ 'ਚ ਇਹ ਵੱਡੈ'.... ਇਸ ਲਈ ਪਹਿਲਾਂ ਇਸ ਦੀ ਚਿਖਾ ਨੂੰ.....।"

ਭਰੀਆਂ ਅੱਖਾਂ ਨਾਲ਼ ਚਿਖਾ ਨੂੰ ਅੱਗ ਲਾਏ ਜਾਣ ਦੇ ਨਾਲ਼ ਹੀ ਅੱਗ ਦੇ ਭਾਂਬੜ ਵਰਗੀਆਂ ਜਵਾਨੀਆਂ ਨੂੰ ਅੱਗ ਦੇ ਭਾਂਬੜਾਂ ਨੇ ਗਲ਼ਵੱਕੜੀ ਪਾ ਲਈ ਤੇ ਬਾਕੀ ਰਹਿ ਗਿਆ ਭਾਈ ਕੰਵਰਜੀਤ ਸਿੰਘ ਦਾ ਉਹ ਕਥਨ, ਇੱਕ ਸਵਾਲ ਬਣ ਕੇ- "...ਅਸੀਂ ਖ਼ਾਲਿਸਤਾਨ ਨਹੀਂ ਬਣਾ ਸਕਦੇ...ਅਸੀਂ ਤਾਂ ਸਿਰਫ਼ ਨੀਹਾਂ ਪੱਕੀਆਂ ਕਰ ਰਹੇ ਆਂ...ਬਣਾਉਂਦਾ ਕੌਣ ਐ....ਵੇਖੋ...?"

* * * * *

ਬੁਲੇਟ-ਪਰੂਫ਼ ਟਰੈਕਟਰਾਂ ਦੇ ਪਰਖੱਚੇ ਉਡਾਉਣ ਵਾਲਾ ਸੂਰਮਾ

ਸ਼ਹੀਦ ਭਾਈ ਸੀਤਲ ਸਿੰਘ ਮੱਤੇਵਾਲ

ਹਿੰਦੁਸਤਾਨੀ ਹਕੂਮਤ ਦੇ ਜ਼ੁਲਮ-ਜਬਰ ਦੇ ਵਿਰੋਧ ਵਿੱਚ ਉੱਠੀ ਸਿੱਖ ਜੁਝਾਰੂ ਲਹਿਰ ਅੰਦਰ ਕੁਝ ਐਸੇ ਅਨਸਰ ਵੀ ਸ਼ਾਮਲ ਹੋਏ ਜਿਨ੍ਹਾਂ ਨੇ ਹਥਿਆਰ ਕੌਮੀ ਮਕਸਦ ਲਈ ਨਹੀਂ, ਬਲਕਿ ਨਿੱਜੀ ਸਵਾਰਥ ਲਈ ਚੁੱਕੇ ਸਨ। ਕਈਆਂ ਨੇ ਹਥਿਆਰ ਹੱਥ ਵਿੱਚ ਆਉਣ ਤੋਂ ਬਾਅਦ ਨਿੱਜੀ ਦੁਸ਼ਮਣੀਆਂ ਕੱਢਣ ਲਈ ਵੀ ਕਤਲ ਕੀਤੇ।

ਇਸ ਤੋਂ ਇਲਾਵਾ ਕੁਝ ਜੁਝਾਰੂ ਐਸੇ ਵੀ ਸਨ, ਜੋ ਅਜਿਹੇ ਸਵਾਰਥੀ ਤੱਤਾਂ ਦੇ ਪ੍ਰੇਸ਼ਾਨ ਕਰਨ 'ਤੇ ਜੁਝਾਰੂ ਲਹਿਰ ਵਿੱਚ ਸ਼ਾਮਲ ਹੋਣ ਲਈ ਮਜਬੂਰ ਹੋਏ, ਪਰ ਕੌਮੀ ਇਤਿਹਾਸ ਦੇ ਪੰਨੇ ਆਪਣੇ ਲਹੂ ਨਾਲ ਇਸ ਕਦਰ ਸ਼ਿੰਗਾਰ ਗਏ ਕਿ ਦੁਸ਼ਮਣ ਵੀ ਮੂੰਹ ਵਿੱਚ ਉਂਗਲਾਂ ਪਾ ਕੇ ਉਹਨਾਂ ਦੀ ਜਾਂਬਾਜ਼ੀ ਦੀ ਪ੍ਰਸੰਸਾ ਕਰਨ ਲਈ ਮਜਬੂਰ ਹੋ ਗਏ। ਸ਼ਹੀਦ ਭਾਈ ਸੀਤਲ ਸਿੰਘ ਮੱਤੇਵਾਲ ਦਾ ਨਾਂ ਵੀ ਅਜਿਹੇ ਹੀ ਸ਼ਹੀਦਾਂ ਵਿੱਚ ਆਉਂਦਾ ਹੈ।

ਮੁੱਢਲਾ ਜੀਵਨ

ਸੱਠਵਿਆਂ ਵਿੱਚ ਅੰਮ੍ਰਿਤਸਰ ਦੀ ਬਾਬਾ ਬਕਾਲਾ ਤਹਿਸੀਲ ਦੇ ਪਿੰਡ ਮੱਤੇਵਾਲ ਵਿੱਚ ਆਪ ਦਾ ਜਨਮ ਮਾਤਾ ਪ੍ਰਸਿੰਨ ਕੌਰ ਦੀ ਕੁੱਖੋਂ ਪਿਤਾ ਸ. ਬਾਰਾ ਸਿੰਘ ਦੇ ਗ੍ਰਹਿ ਵਿਖੇ ਹੋਇਆ। ਮੁੱਢਲੀ ਪੜ੍ਹਾਈ ਤੋਂ ਬਾਅਦ ਆਪ ਖੇਤੀਬਾੜੀ ਕਰਨ ਲੱਗ ਪਏ।

ਆਪ ਦੇ ਪਿੰਡ ਦਾ ਇੱਕ ਬਦਮਾਸ਼ ਸੀ, ਜਿਸ ਦੀ ਆਪ ਨਾਲ ਕਿਸੇ ਗੱਲੋਂ ਨਰਾਜ਼ਗੀ ਹੋ ਗਈ। ਉਹ ਆਪ ਨੂੰ ਸ਼ਰੇਆਮ ਧਮਕੀਆਂ ਦੇਣ ਲੱਗਾ ਕਿ 'ਮੈਂ ਤੈਨੂੰ ਘਰ 'ਚੋਂ ਬਾਹਰ ਨਹੀਂ ਨਿਕਲਣ ਦਿਆਂਗਾ।' ਆਪ ਨੇ ਉਸ ਨੂੰ ਸਮਝਾਉਣ ਦਾ ਯਤਨ ਕੀਤਾ ਪਰ ਉਸ ਦੀਆਂ ਧਮਕੀਆਂ ਦੀ ਵੀ ਕੋਈ ਪਰਵਾਹ ਨਾ ਕੀਤੀ।

ਆਪ ਦਾ ਵਿਆਹ ਸੰਨ 1974 ਵਿੱਚ ਪਿੰਡ ਉਦੋਕੇ ਦੇ ਸ: ਊਧਮ ਸਿੰਘ ਦੀ ਸਪੁੱਤਰੀ ਬੀਬੀ ਨਰਿੰਦਰ ਕੌਰ ਨਾਲ ਹੋਇਆ। ਆਪ ਆਪਣੇ ਸਹੁਰੇ ਪਰਿਵਾਰ ਨੂੰ ਵੀ ਕਿਸੇ ਨਾਲ ਨਾ ਲੜਨ ਦੀਆਂ ਸਲਾਹਾਂ ਦਿਆ ਕਰਦੇ ਸਨ, ਪਰ ਆਪ ਦੀ ਜ਼ਿੰਦਗੀ ਵਿੱਚ ਅਕਾਲ ਪੁਰਖ ਨੇ ਬਹੁਤ ਵੱਡੀ ਲੜਾਈ ਲਿਖੀ ਹੋਈ ਸੀ।

ਪਿੰਡ ਦੇ ਬਦਮਾਸ਼ ਦੀ ਆਪ ਨਾਲ ਖ਼ਾਰ ਦੇ ਚੱਲਦਿਆਂ ਆਪ ਇੱਕ ਵਾਰ ਆਪਣੇ ਦੋਸਤ ਤਰਸੇਮ ਸਿੰਘ ਮੱਤੇਵਾਲ ਨਾਲ ਮਹਿਤਾ ਚੌਕ ਤੋਂ ਵਾਪਸੀ ਪਿੰਡ ਆ ਰਹੇ ਸਨ ਕਿ ਹਨੇਰਾ ਹੋ ਗਿਆ। ਬੋਪਾਰਾਏ ਦੇ ਮੋੜ 'ਤੇ ਆਪ ਨੇ ਸਲਾਹ ਕੀਤੀ ਕਿ ਪਿੰਡ ਵੱਲ ਜਾ ਰਹੇ ਕਿਸੇ ਵਾਹਨ ਦੀ ਮਦਦ ਲਈ ਜਾਵੇ। ਏਨੇ ਚਿਰ ਨੂੰ ਇੱਕ ਕਾਰ ਆਈ ਤਾਂ ਆਪ ਨੇ ਲਿਫਟ ਲੈਣ ਲਈ ਉਸ ਨੂੰ ਹੱਥ ਦੇ ਦਿੱਤਾ। ਆਪ ਇਸ ਗੱਲੋਂ ਬੇਖ਼ਬਰ ਸਨ ਕਿ ਇਹ ਕਾਰ ਉਕਤ ਬਦਮਾਸ਼ ਦੀ ਹੀ ਹੈ।

"ਓਇ ਤੁਹਾਡੀ....... ਮੈਂ ਤਾਂ ਤੁਹਾਨੂੰ ਕਿੰਨੇ ਦਿਨਾਂ ਤੋਂ ਲੱਭਦਾ ਫਿਰਦੈਂ...।" ਕਾਰ ਵਿੱਚੋਂ ਨਿਕਲ ਕੇ ਸ਼ਰਾਬੀ ਹੋਇਆ ਉਕਤ ਬਦਮਾਸ਼ ਕਿਰਪਾਨ ਕੱਢ ਕੇ ਭਾਈ ਸੀਤਲ ਸਿੰਘ ਦੇ ਗਲ਼ ਪੈ ਗਿਆ।

ਸੀਤਲ ਸਿੰਘ ਹੱਥ ਜੋੜ ਕੇ ਕਹਿੰਦਾ ਰਿਹਾ, "ਚਾਚਾ, ਸਾਨੂੰ ਪਤਾ ਨ੍ਹੀਂ ਸੀ ਤੁਹਾਡੀ ਕਾਰ ਐ, ਤੁਸੀਂ ਚਲ੍ਹੇ ਜਾਓ...।"

ਪਰ ਉਹ ਬਦਮਾਸ਼ ਤੇ ਉਸ ਦੇ ਦੋ ਸਾਥੀ ਲੜਨ ਦੇ ਮੂਡ ਵਿੱਚ ਸਨ। ਉਹਨਾਂ ਕਿਰਪਾਨ ਭਾਈ ਤਰਸੇਮ ਸਿੰਘ ਦੇ ਮੋਢੇ 'ਤੇ ਮਾਰੀ। ਲਹੂ ਦੀਆਂ ਘਰਾਲ਼ਾਂ ਛੁੱਟ ਪਈਆਂ ਅਤੇ ਭਾਈ ਸੀਤਲ ਸਿੰਘ ਦੇ ਸਬਰ ਦਾ ਬੰਨ੍ਹ ਟੁੱਟ ਗਿਆ।

ਹੁਣ ਭਾਈ ਸੀਤਲ ਸਿੰਘ ਨੇ ਮੌਕੇ ਤੋਂ ਇੱਕ ਡਾਂਗ ਲੈ ਕੇ ਬਦਮਾਸ਼ਾਂ ਦਾ ਮੁਕਾਬਲਾ ਕੀਤਾ। ਇਸ ਗਹਿਗੱਚ ਲੜਾਈ, ਜਿਸ ਨੂੰ ਸਾਰੇ ਪਿੰਡ ਨੇ ਵੇਖਿਆ, ਵਿੱਚ ਉਕਤ ਬਦਮਾਸ਼ ਦੀ ਮੌਤ ਹੋ ਗਈ। ਇਹ ਗੱਲ ਸੰਨ 1981 ਦੀ ਹੈ।

ਭਾਈ ਸੀਤਲ ਸਿੰਘ ਉਕਤ ਕਤਲ ਕੇਸ ਵਿੱਚ ਗ੍ਰਿਫ਼ਤਾਰ ਹੋਏ, ਮੁਕਦਮਾ ਚੱਲਿਆ ਅਤੇ ਆਪ ਨੂੰ ਉਮਰ ਕੈਦ ਦੀ ਸਜ਼ਾ ਹੋ ਗਈ। ਇੱਕ ਸਾਲ ਆਪ ਅੰਮ੍ਰਿਤਸਰ ਅਤੇ ਗੁਰਦਾਸਪੁਰ ਜੇਲ੍ਹ ਵਿੱਚ ਰਹੇ। ਹਾਈਕੋਰਟ ਵਿੱਚ ਅਪੀਲ ਕਰਨ 'ਤੇ ਆਪ ਬਰੀ ਹੋ ਗਏ। ਫਿਰ ਪਿੰਡ ਆ ਕੇ ਮਾਰਕਫੈੱਡ ਵਿੱਚ ਨੌਕਰੀ ਕਰਨ ਲੱਗ ਪਏ। ਸੰਨ 1982 ਵਿੱਚ ਆਪ ਨੇ ਅੰਮ੍ਰਿਤ ਛਕ ਲਿਆ ਅਤੇ ਦੋ ਛੋਟੇ ਭਰਾਵਾਂ, ਪਤਨੀ ਤੇ ਦੋ ਬੱਚਿਆਂ ਨਾਲ ਅਮਨ ਵਾਲੀ ਜ਼ਿੰਦਗੀ ਬਿਤਾਉਣ ਲੱਗੇ।

ਜੁਝਾਰੂ ਲਹਿਰ 'ਚ

ਫਿਰ ਆਪ ਦੀ ਜ਼ਿੰਦਗੀ ਵਿੱਚ ਮੋੜ ਓਦੋਂ ਆਇਆ, ਜਦੋਂ ਸ੍ਰੀ ਦਰਬਾਰ ਸਾਹਿਬ ਉੱਪਰ ਭਾਰਤੀ ਹਮਲੇ ਪਿੱਛੋਂ ਪ੍ਰਤੀਕਰਮ ਵਿੱਚ ਸਿੱਖ ਜੁਝਾਰੂ ਲਹਿਰ ਅਰੰਭ ਹੋਈ। ਇਸ ਲਹਿਰ ਨੂੰ ਪੂਰੇ ਸਿੱਖ ਅਵਾਮ ਨੇ ਅਥਾਹ ਸਤਿਕਾਰ ਅਤੇ ਸਹਿਯੋਗ ਦਿੱਤਾ। ਪਰ ਇਸ ਲਹਿਰ ਵਿੱਚ ਕੁਝ ਗ਼ਲਤ ਅਨਸਰਾਂ ਦੀ ਘੁਸਪੈਠ ਵੀ ਅਰੰਭ ਹੋ ਗਈ। ਨਿੱਜੀ ਦੁਸ਼ਮਣੀਆਂ ਕੱਢਣ ਲਈ ਕਈ ਮੌਕਾਪ੍ਰਸਤ ਵੀ ਲਹਿਰ ਵਿੱਚ ਦਾਖ਼ਲ ਹੋ ਗਏ। ਸੰਨ 1988 ਦੇ ਵਿੱਚ ਆਪ ਨੂੰ ਆਪ ਹੱਥੋਂ ਕਤਲ ਹੋਏ ਬਦਮਾਸ਼ ਦੇ ਭਣੇਵੇਂ ਵੱਲੋਂ ਪਰਿਵਾਰ ਸਮੇਤ ਜਾਨੋਂ ਮਾਰਨ ਦੀਆਂ ਧਮਕੀਆਂ ਮਿਲ਼ਣ ਲੱਗੀਆਂ। ਉਸ ਬਦਮਾਸ਼ ਦਾ ਭਣੇਵਾਂ ਕਿਸੇ ਖਾੜਕੂ ਜਥੇਬੰਦੀ ਵਿੱਚ ਘੁਸਪੈਠ ਕਰ ਗਿਆ ਸੀ ਅਤੇ ਭਾਈ ਮੱਤੇਵਾਲ ਨੂੰ ਪੁਲੀਸ ਦਾ ਮੁਖ਼ਬਰ ਦੱਸ ਕੇ ਸਿੰਘਾਂ ਤੋਂ ਮਰਵਾਉਣਾ ਚਾਹੁੰਦਾ ਸੀ।

ਹਾਲਾਤ ਦੀ ਗੰਭੀਰਤਾ ਨੂੰ ਵੇਖ ਕੇ ਆਪ ਨੇ ਆਪਣੇ ਇਲਾਕੇ ਦੇ ਜੁਝਾਰੂ ਗਰੁੱਪਾਂ ਨਾਲ

ਸੰਪਰਕ ਕੀਤਾ। ਸੰਨ 1989 ਵਿੱਚ ਆਪ ਬਾਬਾ ਗੁਰਬਚਨ ਸਿੰਘ ਮਾਨੋਚਾਹਲ ਦੇ ਗਰੁੱਪ ਵਿੱਚ ਸ਼ਾਮਲ ਹੋ ਗਏ।

ਆਪ ਦੇ ਜੁਝਾਰੂ ਲਹਿਰ ਵਿੱਚ ਸ਼ਾਮਲ ਹੋਣ 'ਤੇ ਆਪ ਦੇ ਪਰਿਵਾਰ 'ਤੇ ਪੁਲੀਸ ਦਾ ਦਮਨ ਚੱਕਰ ਅਰੰਭ ਹੋ ਗਿਆ, ਪਰ ਆਪ ਨੇ ਨਿੱਜੀ ਦੁਸ਼ਮਣੀਆਂ ਵਿੱਚ ਉਲ਼ਝਣ ਦੀ ਬਜਾਏ ਸਿੱਖ ਕਾਰਜ ਪ੍ਰਤੀ ਹੀ ਆਪਣਾ ਧਿਆਨ ਕੇਂਦਰਿਤ ਕਰੀ ਰੱਖਿਆ। ਆਪ ਨੇ ਛੇਤੀ ਹੀ 'ਖ਼ਾਲਿਸਤਾਨ ਆਰਮਡ ਫ਼ੋਰਸ' ਕਾਇਮ ਕੀਤੀ। ਫਿਰ ਇਲਾਕੇ ਦੇ ਕਈ ਹੋਰ ਗਰੁੱਪ ਆਪ ਨਾਲ਼ ਮਿਲ਼ ਗਏ ਅਤੇ ਆਪ ਨੇ 'ਦਸਮੇਸ਼ ਰਜਮੈਂਟ' ਤਿਆਰ ਕਰ ਲਈ, ਜਿਸ 'ਚ ਆਪ ਚੀਫ਼ ਜਨਰਲ ਬਣਾਏ ਗਏ।

ਭਾਵੇਂ ਕਿ ਪੁਲੀਸ ਆਪ ਦੇ ਅਤੇ ਆਪ ਦੇ ਸਹੁਰਾ ਪਰਿਵਾਰਾਂ ਨੂੰ ਹੱਦੋਂ ਵੱਧ ਤੰਗ ਕਰਦੀ ਰਹੀ, ਪਰ ਇਹ ਸਚਾਈ ਇਲਾਕੇ ਦਾ ਹਰ ਇੱਕ ਸ਼ਖ਼ਸ ਜਾਣਦਾ ਹੈ ਕਿ ਦਿੱਲੀ ਦੀਆਂ ਤਨਖ਼ਾਹਦਾਰ ਫ਼ੋਰਸਾਂ ਆਪ ਦੇ ਗਰੁੱਪ ਨਾਲ਼ ਸਿੱਧਾ ਸਾਮ੍ਹਣਾ ਕਰਨ ਤੋਂ ਹਮੇਸ਼ਾਂ ਹੀ ਕੰਨੀ ਕਤਰਾਉਂਦੀਆਂ ਸਨ। ਆਪ ਨੇ ਹਮੇਸ਼ਾਂ ਹੀ ਸਿੱਖੀ ਸਿਧਾਂਤਾਂ ਦੇ ਅਨੁਰੂਪ ਇਲਾਕੇ ਦੇ ਲੋਕਾਂ ਨੂੰ ਸੁਰੱਖਿਆ ਅਤੇ ਇਨਸਾਫ਼ ਦੇਣ ਦੇ ਯਤਨ ਜਾਰੀ ਰੱਖੇ। ਆਪ ਹਮੇਸ਼ਾਂ ਹੀ ਕਿਹਾ ਕਰਦੇ ਸਨ- "ਮੇਰਾ ਪੁਲੀਸ ਨਾਲ਼ ਮੁਕਾਬਲਾ ਕਿਸੇ ਅਬਾਦੀ ਵਿੱਚ ਨਾ ਹੋਵੇ, ਖੁੱਲ੍ਹੇ ਖੇਤਾਂ ਵਿੱਚ ਹੀ ਹੋਵੇ, ਫਿਰ ਮੈਂ ਦਿੱਲੀ ਦੀਆਂ ਫ਼ੋਰਸਾਂ ਨੂੰ ਦੱਸ ਦਊਂ ਕਿ ਮੁਕਾਬਲਾ ਕਿਵੇਂ ਹੁੰਦੈ।"

ਰਣਤੱਤੇ ਵਿੱਚ

ਜੁਝਾਰੂ ਗਰੁੱਪਾਂ ਨੂੰ ਜਿੱਥੇ ਦਿੱਲੀ ਸਰਕਾਰ ਨੇ ਪੂਰਾ ਜ਼ੋਰ ਲਾ ਕੇ ਬਦਨਾਮ ਕਰਨਾ ਅਰੰਭਿਆ ਸੀ, ਉੱਥੇ ਕੁਝ ਜੁਝਾਰੂ ਵੀਰਾਂ ਵਿੱਚ ਵੀ ਕਮਜ਼ੋਰੀਆਂ ਸਨ ਜੋ ਕਈ ਵਾਰ ਆਪਸੀ ਲੜਾਈ ਦਾ ਕਾਰਨ ਬਣ ਜਾਂਦੀਆਂ ਸਨ। ਸੰਨ 1991 ਦੇ ਅੱਧ ਤੋਂ ਬਾਅਦ ਦੇ ਦਿਨਾਂ ਵਿੱਚ ਦੁਸ਼ਮਣ ਦੀਆਂ ਪੈਦਾ ਕੀਤੀਆਂ ਗ਼ਲਤ-ਫਹਿਮੀਆਂ ਕਾਰਨ ਭਾਈ ਸੀਤਲ ਸਿੰਘ ਮੱਤੇਵਾਲ਼ ਅਤੇ ਭਾਈ ਸੁਖਵਿੰਦਰ ਸਿੰਘ ਪੱਪੂ ਗੋਰਾ ਦੇ ਗਰੁੱਪਾਂ ਵਿੱਚ ਕਈ ਘੰਟੇ ਆਹਮੋ ਸਾਮ੍ਹਣੇ ਗੋਲ਼ੀ ਚੱਲੀ। ਇਲਾਕੇ ਵਿੱਚ ਅਫ਼ਵਾਹ ਫੈਲ ਗਈ ਕਿ ਇਸ ਮੁਕਾਬਲੇ ਵਿੱਚ ਭਾਈ ਸੀਤਲ ਸਿੰਘ ਮੱਤੇਵਾਲ਼ ਜ਼ਖ਼ਮੀ ਹੋ ਗਿਆ ਹੈ। ਇਸ ਅਫ਼ਵਾਹ ਤੋਂ ਉਤਸ਼ਾਹਿਤ ਹੋ ਕੇ ਇਲਾਕੇ ਅੰਦਰਲੀਆਂ ਕੇਂਦਰੀ ਫ਼ੋਰਸਾਂ ਅਤੇ ਪੁਲੀਸ ਨੇ ਆਪ ਨੂੰ ਘੇਰਨ ਲਈ ਅਪਰੇਸ਼ਨ ਵੱਡੀ ਪੱਧਰ 'ਤੇ ਅਰੰਭ ਕਰ ਦਿੱਤਾ।

ਭਾਈ ਮੱਤੇਵਾਲ਼ ਦਾ ਗਰੁੱਪ ਇਲਾਕੇ ਦੇ ਅੰਦਰ ਹੀ ਸੀ।

ਕਈ ਲੋਕਾਂ ਨੇ ਸਲਾਹ ਦਿੱਤੀ ਕਿ ਤੁਸੀਂ ਕੁਝ ਚਿਰ ਲਈ ਇਲਾਕੇ ਵਿੱਚੋਂ ਲਾਂਭੇ ਚਲੇ ਜਾਉ, ਪਰ ਭਾਈ ਮੱਤੇਵਾਲ ਚਾਂਭਲੀਆਂ ਹੋਈਆਂ ਹਿੰਦੁਸਤਾਨੀ ਫ਼ੋਰਸਾਂ ਨੂੰ ਇੱਕ ਅਸਲ ਮੁਕਾਬਲੇ ਵਿੱਚ ਖ਼ਾਲਸਾਈ ਹੱਥ ਵਿਖਾਉਣ ਦਾ ਇਰਾਦਾ ਧਾਰ ਚੁੱਕੇ ਸਨ।

ਹਿੰਦੁਸਤਾਨੀ ਫ਼ੋਰਸਾਂ ਦੀ ਤੂਫ਼ਾਨੀ ਮੁਹਿੰਮ ਨੂੰ ਵੇਖ ਕੇ ਭਾਈ ਮੱਤੇਵਾਲ਼ ਨੇ ਆਪਣੇ ਗਰੁੱਪ ਨਾਲ਼ ਘਰਾਂ ਵਿਚਲੀਆਂ ਠਾਹਰਾਂ ਤਿਆਗ ਦਿੱਤੀਆਂ ਅਤੇ ਕਮਾਦਾਂ ਵੱਲ ਮੁਹਾਰਾਂ ਮੋੜ ਦਿੱਤੀਆਂ। ਇਹਨਾਂ ਦਿਨਾਂ ਵਿੱਚ ਉਹਨਾਂ ਦੇ ਮੂੰਹੋਂ ਇਹ ਸ਼ਬਦ ਅਕਸਰ ਸੁਣੇ ਜਾਂਦੇ ਸਨ:

"ਖ਼ਾਲਸੇ ਦਾ ਵਾਹ ਇੱਕ ਬਹੁਤ ਹੀ ਕਮੀਨੇ ਦੁਸ਼ਮਣ ਨਾਲ ਪੈ ਗਿਐ। ਉਹ ਘਰਾਂ 'ਚ ਹੋਣ ਵਾਲੇ ਮੁਕਾਬਲਿਆਂ 'ਚ ਆਪਣੇ ਨੁਕਸਾਨ ਤੇ ਨਮੋਸ਼ੀ ਨੂੰ ਢੱਕਣ ਲਈ ਨਿਹੱਥੇ ਤੇ ਬੇਕਸੂਰ ਘਰ ਵਾਲਿਆਂ ਦਾ ਹੀ ਘਾਣ ਕਰ ਸੁੱਟਦੈ ਤੇ ਛੋਟੇ ਛੋਟੇ ਬੱਚਿਆਂ ਨੂੰ ਵੀ ਨਹੀਂ ਬਖ਼ਸ਼ਦਾ। ਉਹ ਘਰਾਂ ਨੂੰ ਅੱਗਾਂ ਲਾ ਕੇ ਸੁਆਹ ਬਣਾ ਦਿੰਦੈ। ਇਸ ਲਈ ਜੇ ਮੁਕਾਬਲਾ ਹੋਣਾ ਈ ਐ ਤਾਂ ਕਿਤੇ ਖੁਲ੍ਹੇ ਮੈਦਾਨਾਂ 'ਚ ਹੋਵੇ।"

ਇਸ ਨੀਤੀ ਤਹਿਤ ਭਾਈ ਮੱਤੇਵਾਲ ਦੇ ਗਰੁੱਪ ਨੂੰ ਕਈ ਡੰਗ ਭੁੱਖੇ ਵੀ ਰਹਿਣਾ ਪੈਂਦਾ ਸੀ, ਪਰ ਉਹਨਾਂ ਨੂੰ ਇਸ ਦੀ ਪਰਵਾਹ ਨਹੀਂ ਸੀ।

ਗਹਿਗੱਚ ਮੁਕਾਬਲਾ

ਆਖਰ ਉਹ ਦਿਨ ਆ ਹੀ ਪਹੁੰਚਿਆ। 11 ਸਤੰਬਰ 1991 ਨੂੰ ਭਾਈ ਮੱਤੇਵਾਲ ਦਾ ਗਰੁੱਪ ਜਿਸ ਵਿੱਚ ਭਾਈ ਸੀਤਲ ਸਿੰਘ ਤੋਂ ਇਲਾਵਾ ਭਾਈ ਤਰਸੇਮ ਸਿੰਘ ਮੱਤੇਵਾਲ, ਭਾਈ ਗੁਰਦਿਆਲ ਸਿੰਘ ਮਾੜੀ ਪੰਨੂਆਂ, ਭਾਈ ਗੁਰਦੇਵ ਸਿੰਘ ਬੱਗਾ ਅਤੇ ਭਾਈ ਗੁਰਨਾਮ ਸਿੰਘ ਸ਼ਾਮਲ ਸਨ, ਮਜੀਠਾ ਪੁਲੀਸ ਜ਼ਿਲ੍ਹੇ ਦੇ ਪਿੰਡ ਬੱਲੋਵਾਲੀ ਦੇ ਖੇਤਾਂ ਵਿੱਚ ਸ. ਸੰਤੋਖ ਸਿੰਘ ਦੀ ਮੋਟਰ 'ਤੇ ਬੈਠਾ ਸੀ। ਇਸ ਵੇਲੇ ਇਹਨਾਂ ਸਿੰਘਾਂ ਨੂੰ ਪ੍ਰਸ਼ਾਦਾ ਛਕਿਆਂ ਨੂੰ 14 ਘੰਟੇ ਹੋ ਚੁੱਕੇ ਸਨ। ਸ. ਸੰਤੋਖ ਸਿੰਘ ਦੀ ਲੜਕੀ ਆਪਣੇ ਭੁੱਖੇ ਬੈਠੇ ਸ਼ੇਰ ਵੀਰਾਂ ਲਈ ਠੀਕ 9:00 ਵਜੇ ਰੋਟੀ ਲੈ ਕੇ ਆਈ ਤਾਂ ਉਹ ਸ਼ਸਤਰਾਂ ਨਾਲ ਖੇਡ ਰਹੇ ਸਨ।

ਸਿੰਘਾਂ ਨੇ ਸ਼ਸਤਰ ਰੱਖ ਕੇ ਪ੍ਰਸ਼ਾਦੇ ਛਕਣ ਦੀਆਂ ਤਿਆਰੀਆਂ ਕੀਤੀਆਂ। ਅਜੇ ਸਾਰਿਆਂ ਨੇ ਪ੍ਰਸ਼ਾਦੇ ਹੱਥਾਂ ਵਿੱਚ ਫੜੇ ਹੀ ਸਨ ਕਿ ਰੋਟੀਆਂ ਲੈ ਕੇ ਆਈ ਭੈਣ ਦੀ ਨਜ਼ਰ ਮੋਟਰ ਨੇੜਲੇ ਅਮਰੂਦਾਂ ਅਤੇ ਕਿੰਨੂਆਂ ਦੇ ਬਾਗ਼ ਦੇ ਪਰਲੇ ਪਾਸਿਓਂ ਆ ਰਹੀਆਂ ਭਾਰਤੀ ਫ਼ੋਰਸਾਂ ਦੀਆਂ ਗੱਡੀਆਂ ਦੇ ਕਾਫ਼ਲੇ 'ਤੇ ਪੈ ਗਈ।

ਸਿਰ 'ਤੇ ਆ ਚੜ੍ਹੇ ਦੁਸ਼ਮਣ ਦੀ ਧਾੜ 'ਤੇ ਸਿੰਘਾਂ ਦੀ ਨਜ਼ਰ ਪਈ ਤਾਂ ਸਿੰਘਾਂ ਨੇ ਪ੍ਰਸ਼ਾਦੇ ਉੱਥੇ ਹੀ ਛੱਡ ਕੇ ਸ਼ਸਤਰ ਸੰਭਾਲ ਲਏ। ਇਸ ਮੋਟਰ ਦੇ ਇੱਕ ਪਾਸੇ ਅਮਰੂਦ ਅਤੇ ਕਿੰਨੂਆਂ ਦੇ ਬਾਗ਼, ਦੂਜੇ ਪਾਸੇ 12 ਕਿੱਲੇ ਕਮਾਦ ਦੇ ਅਤੇ ਤੀਸਰੇ ਪਾਸੇ ਝੋਨੇ ਦੇ ਖੇਤ ਸਨ। ਭੈਣ ਨੂੰ ਫੌਰੀ ਘਰ ਵਾਪਸ ਪਰਤਣ ਲਈ ਕਹਿ ਕੇ ਸਿੰਘਾਂ ਦਾ ਜਥਾ ਕਮਾਦਾਂ ਵਿੱਚ ਵੜ ਗਿਆ।

ਕਮਾਦ ਦੇ ਓਹਲੇ ਦੂਜੇ ਪਾਸੇ ਜਾ ਕੇ ਸਿੰਘਾਂ ਨੇ ਵੇਖਿਆ ਕਿ ਵੈਰੀ ਦਾ ਟਿੱਡੀ ਦਲ ਦੂਰ ਦੂਰ ਤਕ ਘੇਰਾ ਘੱਤ ਚੁੱਕਾ ਹੈ। ਇੱਧਰ ਪ੍ਰਸ਼ਾਦੇ ਲੈ ਕੇ ਆਈ ਭੈਣ ਜਦੋਂ ਘਰ ਵਾਪਸ ਜਾਣ ਲਈ ਬਾਗ਼ ਦੇ ਵਿੱਚ ਦੀ ਲੰਘੀ ਤਾਂ ਉਸ ਨੂੰ ਪੁਲਸੀਆਂ ਦੀ ਧਾੜ ਨੇ ਘੇਰ ਲਿਆ ਤੇ ਕਈ ਤਰ੍ਹਾਂ ਦੇ ਸਵਾਲ ਪੁੱਛਣ ਲੱਗ ਪਏ। ਇਹ ਦ੍ਰਿਸ਼ ਵੇਖ ਕੇ ਸਿੰਘਾਂ ਨੇ ਆਪੋ ਵਿੱਚ ਸਲਾਹ ਕੀਤੀ ਤੇ ਫਿਰ ਪਹਿਲਾ ਫ਼ਾਇਰ ਖੋਲ੍ਹ ਕੇ ਜੰਗ ਦਾ ਬਿਗਲ ਵਜਾ ਦਿੱਤਾ।

ਭਾਈ ਮੱਤੇਵਾਲ ਦੀ ਡਰੈਗਨ ਗੰਨ ਦੀ ਗਰਜ ਸੁਣ ਕੇ ਭਾਰਤੀ ਫ਼ੋਰਸਾਂ ਵਿਚਲੇ ਜਵਾਨਾਂ ਦੇ ਹੱਥ ਪੈਰ ਫੁੱਲ ਗਏ। ਡਰੈਗਨ ਗੰਨ ਦੀ ਭਿਆਨਕ ਅਵਾਜ਼ ਸ਼ਾਇਦ ਭਾਰਤੀ ਫ਼ੋਰਸਾਂ ਨੇ ਪਹਿਲੀ ਵਾਰ ਸੁਣੀ ਸੀ। ਉਹਨਾਂ ਨੇ ਕਾਹਲੀ ਨਾਲ ਡਿਫੈਂਸ ਪੋਜੀਸ਼ਨਾਂ ਮੱਲ ਲਈਆਂ, ਪਰ ਆਪਣੀ

ਭਾਰੀ ਗਿਣਤੀ ਦੇ ਮਾਣ ਵਿੱਚ ਉਹਨਾਂ ਘੇਰਾ ਹੋਰ ਪੀਡਾ ਕਰਨਾ ਅਰੰਭ ਦਿੱਤਾ।

ਇਹਨਾਂ ਅੰਤ ਦੇ ਕਹਿਰੀ ਦਿਨਾਂ ਵਿੱਚ ਵੱਡੀ ਤੋਂ ਵੱਡੀ ਆਫ਼ਤ ਦਾ ਮਜ਼ਾਕੀਆ ਢੰਗ ਨਾਲ ਸਵਾਗਤ ਕਰਨ ਦੇ ਜੁਝਾਰੂ ਕਿੱਸੇ ਆਮ ਲੋਕਾਂ 'ਚ ਚਰਚਾ ਦਾ ਵਿਸ਼ਾ ਰਹਿੰਦੇ ਸਨ। ਜਿਵੇਂ ਕਿ ਸਖ਼ਤ ਘੇਰਾ ਪੈ ਜਾਣ 'ਤੇ ਮਜ਼ਾਕੀਆ ਢੰਗ ਨਾਲ ਸਿੰਘਾਂ ਨੇ ਡੰਡ ਬੈਠਕਾਂ ਕੱਢਣ ਲੱਗ ਪੈਣੀਆਂ ਜਾਂ ਭੰਗੜਾ ਪਾ ਪਾ ਕੇ ਮੁਕਾਬਲਾ ਕਰਨਾ, ਆਦਿ। ਭਾਈ ਗੁਰਮੁਖ ਸਿੰਘ ਬੱਗਾ ਅਕਸਰ ਹੀ ਕਹਿੰਦਾ ਸੀ: "ਸਾਡੇ ਨਾਲ ਮੁਕਾਬਲੇ ਵਿੱਚ ਦੁਸ਼ਮਣ ਨੂੰ ਗੰਭੀਰ ਸਿੱਟੇ ਭੁਗਤਣੇ ਪੈਣਗੇ।"

ਉਸ ਦੇ ਵਾਰ-ਵਾਰ ਵਰਤੇ ਜਾਂਦੇ ਇਹਨਾਂ ਸ਼ਬਦਾਂ ਕਾਰਨ ਕਈ ਸਿੰਘਾਂ ਨੇ ਮਖੌਲ ਨਾਲ ਉਸ ਦਾ ਨਾਂ ਹੀ 'ਗੰਭੀਰ ਸਿੱਟਾ' ਪਾ ਦਿੱਤਾ ਸੀ, ਪਰ ਅੱਜ ਉਹ ਦੁਸ਼ਮਣ ਨੂੰ ਗੰਭੀਰ ਸਿੱਟੇ ਭੁਗਤਾਉਣ ਲਈ ਪੂਰੀ ਤਰ੍ਹਾਂ ਤਿਆਰੀ ਕੱਸ ਚੁੱਕਾ ਸੀ।

ਇਸ ਵੇਲੇ ਇਸ ਜਥੇ ਕੋਲ ਇੱਕ ਡਰੈਗਨ ਗੰਨ, ਇੱਕ ਜੀ.ਪੀ.ਐਮ. ਗੰਨ, ਤਿੰਨ ਏ.ਕੇ. 47 ਰਾਈਫ਼ਲਾਂ ਅਤੇ ਕੁਝ ਗੋਲ਼ੀ ਸਿੱਕਾ ਸੀ। ਇਸ ਥੋੜ੍ਹੇ ਜਿਹੇ ਅਸਲੇ ਨਾਲ ਭੁੱਖਣ-ਭਾਣੇ ਪੰਜ ਗੁਰੂ ਦੇ ਸਿੰਘ ਦੁਸ਼ਮਣ ਦੇ 12 ਹਜ਼ਾਰ ਦੇ ਦਲ ਨਾਲ ਮੁਕਾਬਲਾ ਕਰਨ ਲੱਗ ਪਏ।

ਦੁਸ਼ਮਣ ਦਲ ਕੋਲ ਹਰ ਇੱਕ ਸਹੂਲਤ ਸੀ, ਪਰ ਪੰਜ ਸਿੰਘ ਜਿਨ੍ਹਾਂ ਖੇਤਾਂ ਦੀ ਓਟ ਵਿੱਚ ਲੜ ਰਹੇ ਸਨ, ਉਹਨਾਂ ਵਿੱਚ ਖਾਣ ਲਈ ਤਾਂ ਕੀ, ਪੀਣ ਲਈ ਪਾਣੀ ਦੀ ਇੱਕ ਬੂੰਦ ਤਕ ਵੀ ਨਹੀਂ ਸੀ, ਫਿਰ ਵੀ ਸਿੱਖੀ ਸਿਦਕ ਇਸ ਮੈਦਾਨ ਵਿੱਚ ਦੁਸ਼ਮਣ ਦੀ ਮਾਨਸਿਕਤਾ 'ਤੇ ਅਖੀਰ ਤਕ ਹਾਵੀ ਰਿਹਾ।

ਲੋਕਾਂ ਦੇ ਦੱਸਣ ਮੁਤਾਬਕ ਜਦੋਂ ਭਾਈ ਸੀਤਲ ਸਿੰਘ ਦੀ ਡਰੈਗਨ ਗੰਨ ਚੱਲਦੀ ਸੀ ਤਾਂ ਦੁਸ਼ਮਣ ਦੇ ਜ਼ਖਮੀ ਸਿਪਾਹੀ ਚੁੱਕ ਚੁੱਕ ਕੇ ਗੱਡੀਆਂ ਵਿੱਚ ਚੜ੍ਹਾਏ ਜਾਂਦੇ ਤੇ ਗੱਡੀ ਸ਼ਹਿਰ ਵੱਲ ਨੂੰ ਭੱਜਦੀ ਵੇਖੀ ਜਾਂਦੀ ਸੀ।

ਸਿੰਘ ਇਹ ਮੁਕਾਬਲਾ ਬਹੁਤ ਹੀ ਸੁਲਝੀ ਹੋਈ ਜੰਗੀ ਵਿਓਂਤ ਨਾਲ ਕਰ ਰਹੇ ਸਨ। ਉਹ ਕਮਾਦ ਦੇ ਵਿੱਚ ਵੜ ਕੇ ਕਿਸੇ ਦੁਸ਼ਮਣ ਨੂੰ ਫੁੰਡ ਸੁੱਟਦੇ ਤੇ ਫਿਰ ਪਲਾਕੀਆਂ ਮਾਰ ਕੇ ਕਮਾਦ ਛੱਡ ਕੇ ਝੋਨੇ ਵਿੱਚ ਜਾ ਵੜਦੇ। ਦੁਸ਼ਮਣ ਕਮਾਦ ਉੱਤੇ ਅੰਨ੍ਹੇਵਾਹ ਗੋਲ਼ੀਆਂ ਅਤੇ ਬੰਬਾਂ ਦਾ ਮੀਂਹ ਵਰ੍ਹਾ ਦਿੰਦਾ ਪਰ ਓਦੋਂ ਤਕ ਸਿੰਘ ਝੋਨੇ ਦੇ ਖੇਤਾਂ ਵਿੱਚੋਂ ਅਗਲਾ ਸ਼ਿਕਾਰ ਲੱਭ ਰਹੇ ਹੁੰਦੇ।

ਕੁਝ ਕੁ ਘੰਟਿਆਂ ਬਾਅਦ ਦੁਸ਼ਮਣ ਸੋਚ ਰਿਹਾ ਸੀ ਕਿ ਹੁਣ ਤਕ ਕਾਫ਼ੀ ਸਿੰਘ ਸ਼ਹੀਦ ਹੋ ਗਏ ਹੋਣਗੇ, ਤੇ ਬਚੇ-ਖੁਚੇ ਜ਼ਖਮੀ ਹੋ ਚੁੱਕੇ ਹੋਣਗੇ। ਉਹਨਾਂ ਨੇ ਲਾਊਡ ਸਪੀਕਰ 'ਤੇ ਸਿੰਘਾਂ ਨੂੰ ਹਥਿਆਰ ਸੁੱਟ ਦੇਣ ਲਈ ਕਹਿਣਾ ਅਰੰਭ ਕੀਤਾ। ਉਹ ਕਹਿ ਰਹੇ ਸਨ- "ਹੱਥ ਖੜ੍ਹੇ ਕਰ ਕੇ ਬਾਹਰ ਆ ਜਾਣ ਵਾਲੇ ਨੂੰ ਕੁਝ ਨਹੀਂ ਕਿਹਾ ਜਾਵੇਗਾ।"

ਪਰ ਦੂਜੇ ਪਾਸੇ ਅਜਿਹੇ ਹਰ ਪੁਲਸੀਆ ਐਲਾਨ ਦਾ ਜਵਾਬ ਸਿੰਘ ਗੋਲ਼ੀ ਚਲਾ ਕੇ ਦੇ ਰਹੇ ਸਨ।

ਬੁਲੇਟ ਪਰੂਫ਼ ਟਰੈਕਟਰ ਵੀ ਫੁੰਡੇ

ਸਿੰਘਾਂ ਦੀ ਇਸ ਦ੍ਰਿੜ੍ਹਤਾ ਨੇ ਦੁਸ਼ਮਣ ਨੂੰ ਸੋਚਾਂ ਵਿੱਚ ਪਾ ਦਿੱਤਾ। ਅੰਮ੍ਰਿਤਸਰ ਤੇ ਗੁਰਦਾਸਪੁਰ ਦੇ ਪੁਲੀਸ ਅਫ਼ਸਰਾਂ ਨੇ ਸਲਾਹ ਕੀਤੀ ਕਿ ਏਨੇ ਬੰਬ ਸੁੱਟਣ ਪਿੱਛੋਂ ਵੀ ਜੇ ਸਿੰਘਾਂ ਦਾ ਕੁਝ ਨਹੀਂ ਵਿਗੜਿਆ ਤਾਂ ਜ਼ਰੂਰ ਹੀ ਕਮਾਦ 'ਚ ਪੱਕੇ ਬੰਕਰ ਬਣੇ ਹੋਣਗੇ। ਪਰ ਤਨਖਾਹਾਂ ਖਾਤਰ ਲੜਨ ਵਾਲੇ ਇਹ ਬੁੱਚੜ ਕਿਵੇਂ ਸਮਝ ਸਕਦੇ ਕਿ ਸਿੰਘਾਂ ਦੀ ਯੁੱਧ-ਕਲਾ, ਗੰਭੀਰ ਸਿੱਟੇ ਭੁਗਤਾਉਣ ਦਾ ਦ੍ਰਿੜ੍ਹ-ਨਿਸ਼ਚਾ ਅਤੇ ਜੂਝਦੇ ਹੋਏ ਸ਼ਹੀਦ ਹੋਣ ਦਾ ਚਾਅ ਕਈ ਬੰਕਰਾਂ ਤੋਂ ਵਧੇਰੇ ਮਜ਼ਬੂਤ ਹੈ। ਜਦੋਂ ਸ਼ਾਮ ਤਕ ਗੱਲ ਕਿਸੇ ਪਾਸੇ ਲੱਗਦੀ ਨਾ ਦਿਸੀ ਤਾਂ ਭਾਰਤੀ ਫ਼ੋਰਸਾਂ ਨੇ ਬੁਲੇਟ ਪਰੂਫ਼ ਟਰੈਕਟਰ ਮੰਗਵਾ ਲਏ।

ਬੁਲੇਟ ਪਰੂਫ਼ ਟਰੈਕਟਰਾਂ ਉੱਤੇ ਭਾਰਤੀ ਫ਼ੋਰਸਾਂ ਨੂੰ ਕੁਝ ਜ਼ਿਆਦਾ ਹੀ ਮਾਣ ਸੀ। ਇਸ ਮੁਕਾਬਲੇ ਤੋਂ ਇੱਕ ਦਿਨ ਪਹਿਲਾਂ ਤਰਨ ਤਾਰਨ ਵਿੱਚ ਇੱਕ ਪ੍ਰੈੱਸ ਕਾਨਫ਼ਰੰਸ ਵਿੱਚ ਪੁਲੀਸ ਅਫ਼ਸਰਾਂ ਨੇ ਪੱਤਰਕਾਰਾਂ ਕੋਲ ਇਹਨਾਂ ਟਰੈਕਟਰਾਂ ਦੇ ਸੋਹਿਲੇ ਗਾਉਂਦਿਆਂ ਬੜੇ ਮਾਣ ਨਾਲ਼ ਕਿਹਾ ਸੀ- "ਇਹਨਾਂ ਟਰੈਕਟਰਾਂ ਵਿੱਚ ਸਵਾਰ ਹੋ ਕੇ ਪੁਲੀਸ ਦੇ ਜਵਾਨ ਖਾੜਕੂਆਂ ਦੇ ਐਨ ਨੇੜੇ ਪੁੱਜ ਕੇ ਉਹਨਾਂ ਨੂੰ ਖ਼ਤਮ ਕਰ ਦਿੰਦੇ ਹਨ....ਖਾੜਕੂਆਂ ਦੀ ਗੋਲੀ ਦਾ ਇਹਨਾਂ 'ਤੇ ਕੋਈ ਅਸਰ ਨਹੀਂ ਹੁੰਦਾ....।"

ਪਰ ਅੱਜ ਜਿਉਂ ਹੀ ਇਹ ਟਰੈਕਟਰ ਖੇਤਾਂ ਵਿੱਚ ਵੜੇ ਤਾਂ ਸਿੰਘਾਂ ਦਾ ਪ੍ਰਤੀਕਰਮ ਇਸ ਤਰ੍ਹਾਂ ਸੀ ਜਿਵੇਂ ਉਹ ਪਹਿਲਾਂ ਹੀ ਇਹਨਾਂ ਟਰੈਕਟਰਾਂ ਦੀ ਉਡੀਕ ਕਰ ਰਹੇ ਹੋਣ। ਇਹਨਾਂ ਟਰੈਕਟਰਾਂ ਬਾਰੇ ਪੁਲਸੀਆਂ ਦਾ ਮਾਣ ਅਤੇ ਆਮ ਲੋਕਾਂ ਦਾ ਭਰਮ ਸਿੰਘ ਸੂਰਮੇ ਅੱਜ ਚੂਰ-ਚੂਰ ਕਰ ਦੇਣਾ ਚਾਹੁੰਦੇ ਸਨ।

ਜਿਉਂ ਹੀ ਪਹਿਲਾ ਟਰੈਕਟਰ ਭਾਈ ਸੀਤਲ ਸਿੰਘ ਦੀ ਡਰੈਗਨ ਗੰਨ ਦੀ ਜ਼ਿਮਤ ਵਿੱਚ ਆਇਆ ਤਾਂ ਘੋਧੇ ਨੇ ਉਸ ਦੇ ਦਰਵਾਜ਼ੇ ਦੇ ਕਬਜ਼ਿਆਂ 'ਤੇ ਨਿਸ਼ਾਨਾ ਲਾ ਕੇ ਫ਼ਾਇਰ ਦਾਗ ਦਿੱਤੇ। ਇਸ ਦੇ ਨਾਲ਼ ਹੀ ਟਰੈਕਟਰ ਦਾ ਦਰਵਾਜ਼ਾ ਬੁੜ੍ਹਕ ਕੇ ਦੂਰ ਜਾ ਡਿੱਗਾ।

ਟਰੈਕਟਰ ਵਿਚਲੇ ਸੀ.ਆਰ.ਪੀ. ਵਾਲੇ ਘਬਰਾ ਕੇ ਚੀਕਾਂ ਮਾਰਦੇ ਪਿੱਛੇ ਨੂੰ ਭੱਜ ਉਠੇ।

ਇਸ ਤਰੀਕੇ ਨਾਲ਼ ਇੱਕ-ਇੱਕ ਕਰ ਕੇ ਭਾਈ ਮੱਤੇਵਾਲ਼ ਨੇ ਚਾਰ ਟਰੈਕਟਰਾਂ ਦੀਆਂ ਬਾਡੀਆਂ ਪਾੜ ਦਿੱਤੀਆਂ ਤੇ ਪੈਂਟਨ ਟੈਂਕ ਤੋੜਨ ਵਾਲ਼ਾ ਸਿੰਘਾਂ ਦਾ ਕ੍ਰਿਸ਼ਮਾ ਇੱਕ ਵਾਰ ਫਿਰ ਦੁਹਰਾ ਕੇ ਵਿਖਾ ਦਿੱਤਾ। ਪੁਲੀਸ ਦੇ ਚਾਰੇ ਬੁਲੇਟ ਪਰੂਫ਼ ਟਰੈਕਟਰ ਨਕਾਰਾ ਹੋ ਕੇ ਖੇਤਾਂ ਵਿੱਚ ਜਾਮ ਹੋ ਗਏ।

ਇਸੇ ਹੀ ਤਰ੍ਹਾਂ ਇਹ ਗਹਿਗੱਚ ਮੁਕਾਬਲਾ ਰਾਤ ਦੇ ਹਨੇਰੇ ਵਿੱਚ ਦਾਖ਼ਲ ਹੋ ਗਿਆ।

ਹੁਣ ਭਾਰਤੀ ਫ਼ੌਜ ਨੇ ਸਲਾਹ ਕਰ ਕੇ ਅਜਿਹੇ ਚਾਨਣ ਵਾਲੇ ਯੰਤਰ ਆਕਾਸ਼ ਵਿੱਚ ਛੱਡੇ, ਜੋ ਪੰਦਰਾਂ-ਵੀਹ ਮਿੰਟ ਤਕ ਲਗਾਤਾਰ ਅਕਾਸ਼ ਵਿੱਚ ਖਲੋ ਕੇ ਸਾਰੇ ਇਲਾਕੇ ਵਿੱਚ ਦਿਨ ਵਰਗਾ ਚਾਨਣ ਕਰ ਦੇਣ ਦੀ ਸਮਰੱਥਾ ਰੱਖਦੇ ਸਨ। ਪਰ ਦੁਸ਼ਮਣ ਓਦੋਂ ਬਹੁਤ ਹੀ ਘਬਰਾ ਗਿਆ, ਜਦੋਂ ਅਕਾਸ਼ ਵੱਲ ਜਾਂਦਾ ਹਰ ਇੱਕ ਯੰਤਰ ਡਰੈਗਨ ਗੰਨ ਦੇ ਫ਼ਾਇਰ ਨਾਲ਼ ਉਲ਼ਟਬਾਜ਼ੀਆਂ

ਖਾਂਦਾ ਨੂੰਸ ਹੋ ਕੇ ਧਰਤੀ 'ਤੇ ਵਾਪਸ ਆ ਡਿੱਗਦਾ।

ਜੁਝਾਰੂਆਂ ਦੀ ਸਿਧਾਂਤਕ ਏਕਤਾ

ਰਾਤ ਦੇ ਇਸ ਹਨੇਰੇ ਵਿੱਚ ਦੁਸ਼ਮਣ ਨੂੰ ਜਿਹੜੀ ਇੱਕ ਹੋਰ ਘਟਨਾ ਨੇ ਭੈਭੀਤ ਕੀਤਾ, ਉਹ ਘਟਨਾ ਸੀ ਭਾਈ ਮੱਤੇਵਾਲ਼ ਦੇ ਗਰੁੱਪ ਨੂੰ ਪਿਆ ਭਾਰਤੀ ਫ਼ੋਰਸਾਂ ਦਾ ਘੇਰਾ ਤੁੜਵਾਉਣ ਲਈ ਵੱਖ-ਵੱਖ ਜਥੇਬੰਦੀਆਂ ਦੇ ਜੁਝਾਰੂ ਸਿੰਘਾਂ ਦਾ ਉੱਦਮ। ਹੋਰ ਜੁਝਾਰੂ ਗਰੁੱਪਾਂ ਨੇ ਘੇਰਾ ਘੱਤੀ ਬੈਠੀ ਭਾਰਤੀ ਫ਼ੋਰਸ ਤੇ ਬਾਹਰ ਵਾਲ਼ੇ ਪਾਸਿਓਂ ਤਾਬੜ-ਤੋੜ ਹਮਲੇ ਅਰੰਭ ਦਿੱਤੇ। ਭਾਈ ਬਲਵਿੰਦਰ ਸਿੰਘ ਰਾਮਦਿਵਾਲ਼ੀ (ਮਾਨੋਚਾਹਲ ਗਰੁੱਪ), ਭਾਈ ਕੁਲਵੰਤ ਸਿੰਘ ਯਾਦਪੁਰ (ਦਸਮੇਸ਼ ਰਜਮੈਂਟ) ਭਾਈ ਹਰਦੇਵ ਸਿੰਘ ਕਾਲ਼ੀਆ (ਟਾਈਗਰ ਫ਼ੋਰਸ) ਆਦਿ ਦੇ ਸਿੰਘਾਂ ਨੇ ਘੇਰਾ ਘੱਤੀ ਬੈਠੀਆਂ ਭਾਰਤੀ ਫ਼ੋਰਸਾਂ ਉੱਤੇ ਪਿੰਡ ਤਕੇਲ, ਟਾਹਲੀ ਸਾਹਿਬ ਅਤੇ ਰੂਪੋਵਾਲ਼ੀ ਆਦਿ ਪਿੰਡਾਂ ਵੱਲੋਂ ਤਾਬੜ-ਤੋੜ ਹਮਲੇ ਕੀਤੇ। ਭਾਵੇਂ ਹਜ਼ਾਰਾਂ ਦੇ ਟਿੱਡੀ ਦਲ ਦਾ ਘੇਰਾ ਤੋੜ ਦੇਣਾ ਅਸੰਭਵ ਸੀ, ਪਰ ਦੁਸ਼ਮਣ ਦੇ ਦਿਲ ਅੰਦਰ ਦਹਿਲ ਪੈਦਾ ਹੋ ਗਿਆ। ਸੰਗਤਾਂ ਨੂੰ ਓਦੋਂ ਅਪਾਰ ਖ਼ੁਸ਼ੀ ਹੋਈ ਜਦੋਂ ਭਾਈ ਸੁਖਵਿੰਦਰ ਸਿੰਘ ਪੱਪੂ ਗੋਰਾ ਵੀ ਭਾਈ ਮੱਤੇਵਾਲ਼ ਦਾ ਘੇਰਾ ਤੁੜਵਾਉਣ ਲਈ ਆ ਪਹੁੰਚਿਆ ਤੇ ਉਸ ਨੇ ਉਦੋਕੇ ਪਿੰਡ ਵੱਲੋਂ ਭਾਰਤੀ ਫ਼ੋਰਸਾਂ 'ਤੇ ਹਮਲਾ ਕੀਤਾ। ਇਸੇ ਪਿੰਡ ਵਿੱਚ ਹੀ ਬਾਬਾ ਗੁਰਬਚਨ ਸਿੰਘ ਮਾਨੋਚਾਹਲ ਖ਼ੁਦ ਇਹ ਘੇਰਾ ਤੁੜਵਾਉਣ ਲਈ ਪਹੁੰਚ ਗਿਆ।

ਇਹਨਾਂ ਤਾਬੜ-ਤੋੜ ਹਮਲਿਆਂ ਨੇ ਭਾਰਤੀ ਫ਼ੋਰਸਾਂ ਦੇ ਅਫ਼ਸਰਾਂ ਨੂੰ ਕਾਂਬਾ ਛੇੜ ਦਿੱਤਾ। ਉਹਨਾਂ ਨੂੰ ਡਰ ਪੈਦਾ ਹੋ ਗਿਆ ਕਿ ਕਿਤੇ ਜੁਝਾਰੂ ਜਥੇਬੰਦੀਆਂ ਦੇ ਨਾਲ਼ ਆਮ ਲੋਕ ਵੀ ਘੇਰਾ ਤੋੜਨ ਲਈ ਨਾ ਚੜ੍ਹ ਆਉਣ। ਇਸ ਕਾਰਨ ਸਲਾਹ ਕਰ ਕੇ ਉਹਨਾਂ ਨੇ ਪਿੰਡਾਂ ਵਿੱਚ ਅਫ਼ਵਾਹ ਫੈਲਾ ਦਿੱਤੀ ਕਿ ਭਾਈ ਸੀਤਲ ਸਿੰਘ ਮੱਤੇਵਾਲ਼ ਘੇਰਾ ਤੋੜ ਕੇ ਬਚ ਨਿਕਲ਼ਿਆ ਹੈ।

ਇਹ ਅਫ਼ਵਾਹ ਫੈਲਣ ਦੀ ਦੇਰ ਸੀ ਕਿ ਪਿੰਡਾਂ ਵਿੱਚ ਲੋਕਾਂ ਨੇ ਖ਼ੁਸ਼ੀ ਵਿੱਚ ਜੈਕਾਰੇ ਛੱਡਣੇ ਅਰੰਭ ਕਰ ਦਿੱਤੇ। ਭੋਲ਼ੇ-ਭਾਲ਼ੇ ਲੋਕਾਂ ਨੇ ਕਈ ਥਾਂਈਂ ਲੱਡੂ ਵੀ ਵੰਡ ਦਿੱਤੇ, ਪਰ ਪਿੰਡ ਬੱਲੋਵਾਲ਼ ਦੇ ਖੇਤਾਂ ਵਿੱਚ ਗਹਿਗੱਚ ਮੁਕਾਬਲਾ ਜਾਰੀ ਸੀ।

ਸ਼ਹੀਦੀ

ਮੁਕਾਬਲਾ ਅਗਲੇ ਦਿਨ ਵਿੱਚ ਦਾਖ਼ਲ ਹੋ ਗਿਆ ਤਾਂ ਫ਼ੌਜ ਨੇ ਟੈਂਕ ਮੰਗਵਾ ਲਏ। ਉਹਨਾਂ ਨੇ ਸੁਨੇਹਾ ਭੇਜਿਆ ਕਿ ਜੇ ਇੱਕ ਰਾਤ ਹੋਰ ਪੈ ਗਈ ਤਾਂ ਜੁਝਾਰੂ ਜਥੇਬੰਦੀਆਂ ਬਾਹਰੋਂ ਹੋਰ ਵੀ ਵੱਡੇ ਹਮਲੇ ਕਰ ਸਕਦੀਆਂ ਹਨ।

ਇਸ ਗਹਿਗੱਚ ਮੁਕਾਬਲੇ ਵਿੱਚ ਭਾਈ ਤਰਸੇਮ ਸਿੰਘ ਮੱਤੇਵਾਲ਼ ਸਿਰ 'ਤੇ ਬੰਬ ਵੱਜਣ ਕਾਰਨ ਸ਼ਹੀਦ ਹੋ ਗਿਆ। 12 ਸਤੰਬਰ ਦਾ ਦਿਨ ਚੜ੍ਹਨ ਤਕ ਭਾਈ ਗੁਰਦਿਆਲ਼ ਸਿੰਘ ਅਤੇ ਭਾਈ ਗੁਰਮੁਖ ਸਿੰਘ ਵੀ ਸ਼ਹੀਦ ਹੋ ਗਏ।

ਇਹਨਾਂ ਸਾਥੀਆਂ ਦੀ ਸ਼ਹਾਦਤ ਤੋਂ ਬਾਅਦ ਇੱਕ ਗੁਰੀਲਾ ਯੁੱਧ-ਨੀਤੀ ਤਹਿਤ ਭਾਈ ਸੀਤਲ ਸਿੰਘ ਮੱਤੇਵਾਲ਼ ਨੇ ਫ਼ਾਇਰ ਬੰਦ ਕਰ ਦਿੱਤਾ ਅਤੇ ਜੁਝਾਰੂ ਸਿੰਘਾਂ ਦੀਆਂ ਲਾਸ਼ਾਂ ਚੁੱਕਣ

ਆਉਣ ਵਾਲੇ ਬੁੱਚੜਾਂ ਦੀ ਉਡੀਕ ਕਰਨ ਲੱਗ ਪਿਆ।

ਪਰ ਫਿਰ ਵੀ ਦੁਪਹਿਰ ਦੇ ਦੋ ਵਜੇ ਤਕ ਦੁਸ਼ਮਣ ਨੇ ਕਮਾਦ ਵਿੱਚ ਵੜਨ ਦੀ ਜੁਰਅਤ ਨਾ ਕੀਤੀ। ਦੋ ਵਜੇ ਇੱਕ ਹੋਰ ਬੁਲੇਟ ਪਰੂਫ਼ ਟਰੈਕਟਰ ਮੰਗਵਾਇਆ ਗਿਆ ਤੇ ਉਸ ਵਿੱਚ ਚੜ੍ਹ ਕੇ ਸ਼ਿਕਾਰੀ ਟੋਲਾ ਕਮਾਦ ਵਿੱਚ ਵੜਿਆ।

ਭਾਈ ਗੁਰਨਾਮ ਸਿੰਘ ਜ਼ਖ਼ਮੀ ਹਾਲਤ ਵਿੱਚ ਨਿਹੱਥਾ ਟਰੈਕਟਰ ਦੇ ਸਾਮ੍ਹਣੇ ਆਉਣ 'ਤੇ ਗ੍ਰਿਫ਼ਤਾਰ ਕਰ ਲਿਆ ਗਿਆ। ਹੁਣ ਭਾਈ ਗੁਰਨਾਮ ਸਿੰਘ ਨੂੰ ਢਾਲ ਬਣਾ ਕੇ ਭਾਈ ਮੱਤੇਵਾਲ 'ਤੇ ਫ਼ਾਇਰਿੰਗ ਕੀਤੀ ਗਈ। ਉਹ ਚੰਗੀ ਤਰ੍ਹਾਂ ਜਾਣਦੇ ਸਨ ਕਿ ਭਾਈ ਸੀਤਲ ਸਿੰਘ ਆਪਣੇ ਸਾਥੀ 'ਤੇ ਗੋਲੀ ਨਹੀਂ ਚਲਾਵੇਗਾ। ਭਾਈ ਸੀਤਲ ਸਿੰਘ ਮੱਤੇਵਾਲ ਇਸ ਕਮੀਨੇਪਣ 'ਤੇ ਕਚੀਚੀਆਂ ਵੱਟਦਾ ਰਹਿ ਗਿਆ ਤੇ ਦੁਸ਼ਮਣ ਦੇ ਸਿਪਾਹੀਆਂ ਨੇ ਦੰਦੀਆਂ ਕਰੀਚਦੇ ਹੋਏ ਸ਼ੇਰ ਦੀ ਛਾਤੀ ਗੋਲੀਆਂ ਨਾਲ ਛਲਣੀ ਕਰ ਸੁੱਟੀ। 'ਖ਼ਾਲਿਸਤਾਨ ਜ਼ਿੰਦਾਬਾਦ' ਦੇ ਨਾਹਰੇ ਮਾਰਦਾ ਸੂਰਮਾ ਸ਼ਹਾਦਤ ਪ੍ਰਾਪਤ ਕਰ ਗਿਆ।

ਸੰਤ ਰਾਮ ਉਦਾਸੀ ਨੇ ਲਿਖਿਆ ਸੀ:

ਮਾਂਏ ਮੇਰਿਆਂ ਸਵਾਸਾਂ ਦਾ ਅੰਤ ਹੋਣੈ
ਕਿਸੇ ਨਹਿਰ ਜਾਂ ਕਿਸੇ ਡਰੇਨ ਦਾ ਪੁਲ
ਮਾਂਏ ਮੇਰੀਏ ਕੀ ਮੁਕਾਬਲਾ ਸੀ
ਸੱਤਰ ਬੋਕ ਤੇ ਕੱਲ੍ਹਾ 'ਸਰ੍ਹੋਂ' ਦਾ ਫੁੱਲ

ਪਰ ਇਸ ਮੁਕਾਬਲੇ ਵਿੱਚ ਪੂਰੀ ਦੁਨੀਆ ਨੇ ਇੱਕ ਸਰ੍ਹੋਂ ਦੇ ਫੁੱਲ ਨੂੰ 12 ਹਜ਼ਾਰ ਬੋਕਾਂ ਨਾਲ ਮੁਕਾਬਲਾ ਕਰਦਿਆਂ ਅੱਖੀਂ ਡਿੱਠਾ।

ਭਾਈ ਸੀਤਲ ਸਿੰਘ ਮੱਤੇਵਾਲ ਵੱਲੋਂ ਜੰਗ ਵਿੱਚ ਵਿਖਾਏ ਕਰਾਰੇ ਹੱਥਾਂ ਤੋਂ ਖਿੱਝੀ ਹਿੰਦੁਸਤਾਨੀ ਸਰਕਾਰੀ ਮਸ਼ੀਨਰੀ ਨੇ ਭਾਈ ਮੱਤੇਵਾਲ ਦੀ ਲਾਸਾਨੀ ਸ਼ਹਾਦਤ ਤੋਂ ਕੁਝ ਸਮਾਂ ਬਾਅਦ ਹੀ ਉਸ ਦੇ ਘਰ 'ਤੇ ਹੱਲਾ ਬੋਲਿਆ ਅਤੇ ਉਸ ਦੇ ਦੋ ਛੋਟੇ ਭਰਾਵਾਂ ਅਮਰੀਕ ਸਿੰਘ, ਦਰਸ਼ਨ ਸਿੰਘ ਅਤੇ ਉਸ ਦੀ ਧਰਮ ਸੁਪਤਨੀ ਬੀਬੀ ਨਰਿੰਦਰ ਕੌਰ ਨੂੰ ਅਗਵਾ ਕਰ ਲਿਆ। ਇਹਨਾਂ ਤਿੰਨਾਂ ਦੀ ਬਾਅਦ ਵਿੱਚ ਕੋਈ ਉੱਘ-ਸੁੱਘ ਨਹੀਂ ਨਿਕਲੀ।

ਭਾਈ ਮੱਤੇਵਾਲ ਦੇ ਦੋ ਬੱਚਿਆਂ ਹਰਭਿੰਦਰ ਸਿੰਘ ਅਤੇ ਸੁਲੱਖਣ ਸਿੰਘ ਨੂੰ ਭਾਈ ਮੱਤੇਵਾਲ ਦੇ ਲਾਪਤਾ ਕੀਤੇ ਗਏ ਭਰਾ ਅਮਰੀਕ ਸਿੰਘ ਦੀ ਵਿਧਵਾ ਪਤਨੀ ਨੇ ਪਾਲਿਆ। ਪਰ ਜਿਸ ਪਰਿਵਾਰ (ਖ਼ਾਲਸਾ ਪੰਥ) ਲਈ ਭਾਈ ਮੱਤੇਵਾਲ ਨੇ ਆਪਾ ਵਾਰਿਆ ਸੀ, ਉਸ ਪਰਿਵਾਰ ਨੂੰ ਅੱਜ ਤਕ ਦੁਨੀਆ ਦਾ ਕੋਈ ਵੀ ਜਬਰ ਜ਼ੁਲਮ ਭੈਭੀਤ ਨਹੀਂ ਕਰ ਸਕਿਆ। ਇਹ ਸਚਾਈ ਹਮੇਸ਼ਾਂ ਹੀ ਦੁਸ਼ਟ ਤਾਕਤਾਂ ਨੂੰ ਦੇਰ ਬਾਅਦ ਵਿੱਚ ਸਮਝ ਆਉਂਦੀ ਹੈ।

* * * * *

ਨਿੱਕੀ ਉਮਰ ਪਰ ਵੱਡੀ ਸੋਚ ਵਾਲਾ ਸੂਰਮਾ

ਸ਼ਹੀਦ ਭਾਈ ਅਰਵਿੰਦਰਜੀਤ ਸਿੰਘ ਗੋਲ਼ਡੀ

ਨਿੱਕੀ ਉਮਰ ਵਿੱਚ ਵੱਡੇ ਪੂਰਨੇ ਪਾਉਣ ਵਾਲ਼ੇ ਸੂਰਮਿਆਂ ਦੀਆਂ ਕਹਾਣੀਆਂ ਜਿੰਨੀਆਂ ਸਿੱਖ ਇਤਿਹਾਸ ਵਿੱਚ ਹਨ, ਓਨੀਆਂ ਸ਼ਾਇਦ ਬਾਕੀ ਸਾਰੀ ਦੁਨੀਆਂ ਵਿੱਚ ਨਾ ਹੋਣ। ਇਹਨਾਂ ਛੋਟੀ ਉਮਰ ਦੇ ਸ਼ਹੀਦਾਂ ਦਾ ਇਤਿਹਾਸ, ਪੜ੍ਹਨ ਸੁਣਨ ਵਾਲ਼ਿਆਂ ਦੇ ਮੂੰਹ 'ਚ ਉਂਗਲ਼ਾਂ ਪੁਆ ਦੇਣ ਦੀ ਸਮਰੱਥਾ ਰੱਖਦਾ ਹੈ। ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲ਼ਿਆਂ ਵੱਲੋਂ ਜ਼ਾਲਮ ਹਿੰਦ ਹਕੂਮਤ ਵਿਰੁੱਧ ਅਰੰਭੇ ਸੰਘਰਸ਼ ਵਿੱਚ ਵੀ ਨਿੱਕੀ ਉਮਰ ਦੇ ਸੂਰਬੀਰਾਂ ਨੇ ਵੱਡੇ-ਵੱਡੇ ਕਾਰਨਾਮੇ ਕਰ ਵਿਖਾਏ ਹਨ। ਇਹਨਾਂ ਸ਼ਹੀਦਾਂ ਵਿੱਚ ਸ਼ਹੀਦ ਭਾਈ ਅਰਵਿੰਦਰਜੀਤ ਸਿੰਘ ਗੋਲ਼ਡੀ ਦਾ ਨਾਂ ਬਹੁਤ ਉੱਘਾ ਹੈ।

ਭਾਈ ਗੋਲ਼ਡੀ ਦਾ ਜਨਮ ਅੰਮ੍ਰਿਤਸਰ ਸ਼ਹਿਰ ਦੇ ਪ੍ਰਸਿੱਧ ਪੱਤਰਕਾਰ ਸ. ਮਹਿੰਦਰ ਸਿੰਘ (ਅਕਾਲੀ ਪੱਤ੍ਰਿਕਾ) ਦੇ ਗ੍ਰਹਿ ਮਿਤੀ 29 ਅਗਸਤ 1972 ਨੂੰ ਮਾਤਾ ਬੀਬੀ ਕਸ਼ਮੀਰ ਕੌਰ ਦੀ ਕੁੱਖੋਂ ਹੋਇਆ। ਵਧੀਆ ਅਤੇ ਖੁੱਲ੍ਹੇ-ਡੁੱਲ੍ਹੇ ਮਾਹੌਲ ਵਿੱਚ ਗੋਲ਼ਡੀ ਦਾ ਪਾਲਣ ਪੋਸ਼ਣ ਹੋਇਆ। ਉਹ ਬਚਪਨ ਤੋਂ ਹੀ ਹਥਿਆਰਾਂ ਵਾਲ਼ੇ ਖਿਡੌਣਿਆਂ ਦਾ ਬਹੁਤ ਸ਼ੌਕੀਨ ਸੀ। ਓਦੋਂ ਸ਼ਾਇਦ ਉਸ ਨੂੰ ਨਹੀਂ ਸੀ ਪਤਾ ਕਿ ਉਸ ਨੂੰ ਅਜਿਹੇ ਅਸਲ ਹਥਿਆਰਾਂ ਨਾਲ਼ ਵੀ ਖੇਡਣਾ ਪੈਣਾ ਹੈ। ਉਸ ਤੋਂ ਛੋਟੇ ਉਸ ਦੇ ਦੋ ਹੋਰ ਭਰਾ ਕੁਲਜਿੰਦਰ ਸਿੰਘ ਤੇ ਅਪਵਿੰਦਰਜੀਤ ਸਿੰਘ ਹਨ। ਮੁੱਢਲੀ ਵਿੱਦਿਆ ਉਸ ਨੇ ਸੁਲਤਾਨਵਿੰਡ ਪਿੰਡ ਤੋਂ ਪ੍ਰਾਪਤ ਕੀਤੀ, ਫਿਰ ਅੰਮ੍ਰਿਤਸਰ ਦੇ ਪ੍ਰਸਿੱਧ ਸਕੂਲ ਸੰਤ ਸਿੰਘ ਸੁੱਖਾ ਸਿੰਘ ਸੀਨੀਅਰ ਸੈਕੰਡਰੀ ਸਕੂਲ ਮਾਲ ਰੋਡ ਤੋਂ ਦਸਵੀਂ ਤਕ ਪੜ੍ਹਾਈ ਕੀਤੀ, ਗਿਆਰ੍ਹਵੀਂ ਤੇ ਬਾਰ੍ਹਵੀਂ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਟਾਊਨ ਹਾਲ ਅੰਮ੍ਰਿਤਸਰ ਵਿੱਚ ਕਰ ਕੇ ਫਿਰ ਬੀ.ਏ. ਭਾਗ ਪਹਿਲਾ ਦੀ ਪੜ੍ਹਾਈ ਲਈ ਖ਼ਾਲਸਾ ਕਾਲਜ ਅੰਮ੍ਰਿਤਸਰ ਵਿੱਚ ਦਾਖ਼ਲਾ ਲਿਆ।

ਇਸ ਸਮੇਂ ਦੌਰਾਨ ਪੰਜਾਬ 'ਤੇ ਹਿੰਦੁਸਤਾਨੀ ਫ਼ੌਜਾਂ ਦਾ ਕਹਿਰ ਸਾਕਾ ਜੂਨ 1984 ਦੇ ਰੂਪ ਵਿੱਚ ਤਾਂ ਵਰ੍ਹਿਆ ਹੀ, ਉਸ ਤੋਂ ਬਾਅਦ ਵੀ ਇਹ ਕਹਿਰ ਇਸੇ ਹੀ ਤਰ੍ਹਾਂ ਜਾਰੀ ਰਿਹਾ। ਸਾਕਾ ਨੀਲਾ ਤਾਰਾ ਵੇਲ਼ੇ ਗੋਲ਼ਡੀ ਦੀ ਉਮਰ 11-12 ਸਾਲਾਂ ਦੀ ਸੀ। 12 ਸਾਲ ਦੀ ਉਮਰ ਵਿੱਚ ਹੀ ਉਸ ਨੇ ਪੰਜਾਂ ਪਿਆਰਿਆਂ ਤੋਂ ਖੰਡੇ-ਬਾਟੇ ਦਾ ਅੰਮ੍ਰਿਤ ਛਕਿਆ।

ਦਰਬਾਰ ਸਾਹਿਬ 'ਤੇ ਹਮਲੇ ਨੇ ਹਰ ਇੱਕ ਸੱਚੇ ਸਿੱਖ ਦੇ ਹਿਰਦੇ ਛਲਣੀ ਕਰ ਦਿੱਤੇ।

ਗੋਲਡੀ ਦਾ ਬਾਲ-ਮਨ ਵੀ ਇਸ ਹਮਲੇ ਨਾਲ ਪੂਰੀ ਤਰ੍ਹਾਂ ਪੱਛਿਆ ਗਿਆ ਸੀ ਤੇ ਉਸ ਦੇ ਦਿਲ ਵਿੱਚ ਰੋਹ ਦੇ ਭਾਂਬੜ ਉਸਲਵੱਟੇ ਲੈ ਰਹੇ ਸਨ। ਇਸ ਹਮਲੇ ਦੀ ਪੰਜਾਬ ਅੰਦਰਲੇ ਹਿੰਦੂਆਂ ਵੱਲੋਂ ਮਨਾਈ ਜਾ ਰਹੀ ਖ਼ੁਸ਼ੀ ਉਸ 'ਤੇ ਕਹਿਰ ਢਾਹ ਰਹੀ ਸੀ। ਇੰਦਰਾ ਗਾਂਧੀ ਦੇ ਕਤਲ ਤੋਂ ਬਾਅਦ ਪੰਜਾਬ ਤੋਂ ਬਾਹਰ ਯੋਜਨਾਬੱਧ ਤਰੀਕੇ ਨਾਲ ਹੋਈ ਸਿੱਖਾਂ ਦੀ ਕਤਲੇਆਮ ਨੇ ਬਲਦੀ 'ਤੇ ਤੇਲ ਦਾ ਕੰਮ ਕੀਤਾ। ਜਦੋਂ ਗੋਲਡੀ ਨੇ ਭੂਸਰੀਆਂ ਹਿੰਦੂਸ਼ਾਹੀ ਭੀੜਾਂ ਵੱਲੋਂ ਸਿੱਖ ਮੁਟਿਆਰਾਂ ਨੂੰ ਬੇਪੱਤ ਕਰਨ ਅਤੇ ਗੁਰਧਾਮਾਂ ਦੀ ਬੇਅਦਬੀ ਦੀਆਂ ਕਹਾਣੀਆਂ ਸੁਣੀਆਂ ਤਾਂ ਉਸ ਦਾ ਰੋਹ ਉਛਾਲਾ ਖਾ ਗਿਆ। ਉਸ ਨੇ ਕੁਝ ਹੱਥ ਲਿਖਤ ਪੋਸਟਰ ਇਲਾਕੇ ਦੇ ਚੋਣਵੇਂ ਹਿੰਦੂਵਾਦੀ ਸਮਝੇ ਜਾਂਦੇ ਘਰਾਂ ਦੇ ਬੂਹਿਆਂ 'ਤੇ ਜਾ ਚਿਪਕਾਏ, ਜਿਨ੍ਹਾਂ 'ਤੇ ਲਿਖਿਆ ਸੀ:

"ਸਿੱਖ ਮਰੇ ਨਹੀਂ, ਅਜੇ ਜਿਉਂਦੇ ਹਨ.....

.....ਤੇ ਇਸ ਦਾ ਪਤਾ ਛੇਤੀ ਹੀ ਲੱਗੇਗਾ...।

....ਇੱਕ-ਇੱਕ ਜੀਅ ਦਾ ਹਿਸਾਬ ਲਵਾਂਗੇ....।"

ਵਿਸ਼ਾਲ ਸੋਚ

ਸਕੂਲ ਵਿੱਚ ਪੜ੍ਹਦਿਆਂ ਗੋਲਡੀ ਨੇ ਜੁਝਾਰੂ ਵੀਰਾਂ ਨਾਲ ਸੰਪਰਕ ਬਣਾਉਣੇ ਅਰੰਭ ਦਿੱਤੇ। ਇੱਕ ਪ੍ਰਸਿੱਧ ਜੁਝਾਰੂ ਸਿੰਘ ਨੇ ਕਿਹਾ "ਮਹਿੰਦਰ ਸਿੰਘ ਤਾਂ ਵੈਸੇ ਹੀ ਬਹੁਤ ਸੇਵਾ ਕਰ ਰਿਹੈ.... ਤੂੰ ਕੀ ਲੈਣੈ...ਤੇਰੀ ਅਜੇ ਉਮਰ ਈ ਕੀ ਆ....?"

ਗੋਲਡੀ ਓਥੋਂ ਤਾਂ ਚੁੱਪਚਾਪ ਵਾਪਸ ਆ ਗਿਆ, ਪਰ ਬਾਅਦ ਵਿੱਚ ਉਸ ਨੇ ਉਕਤ ਜੁਝਾਰੂ ਲੀਡਰ ਨੂੰ ਇੱਕ ਚਿੱਠੀ ਲਿਖੀ:

"ਤੁਸੀਂ ਕੌਣ ਹੁੰਦੇ ਓ ਸੰਘਰਸ਼ ਲਈ ਉਮਰਾਂ ਮਿਥਣ ਵਾਲੇ...? ਗੁਰੂ ਗੋਬਿੰਦ ਸਿੰਘ ਜੀ ਦੇ ਸਾਹਿਬਜ਼ਾਦੇ ਭਲਾ ਕਿੰਨੀ ਉਮਰ 'ਚ ਸ਼ਹੀਦ ਹੋਏ ਸੀ...?"

ਗੋਲਡੀ ਦਾ ਪਰਿਵਾਰ ਭਾਵੇਂ ਸੰਤ ਜਰਨੈਲ ਸਿੰਘ ਜੀ ਦੀ ਵਿਚਾਰਧਾਰਾ ਦਾ ਪੂੰਜ ਕੇ ਸ਼ਰਧਾਲੂ ਸੀ, ਪਰ ਗੋਲਡੀ ਦੇ ਇਸ ਰਾਹ 'ਤੇ ਤੁਰਨ ਤੋਂ ਉਸ ਨੂੰ ਰੋਕਦਾ ਸੀ। ਇੱਕ ਵਾਰ ਮਾਂ ਨੇ ਕਿਹਾ:

"....ਗੋਲਡੀ ਵੇਖ, ਤੇਰਾ ਕਿੰਨਾ ਸੋਹਣਾ ਰੂਪ ਆ....ਪੰਜਾਬ 'ਚ ਫ਼ੌਜ ਲੱਗ ਗਈ ਆ, ਥੋੜ੍ਹੇ ਦਿਨ ਤਾਂ ਟਲ ਜਾਣ ਦਿਓ....।"

ਗੋਲਡੀ ਦਾ ਪਟੱਕ ਜਵਾਬ ਸੀ, "...ਕਿਉਂ ਇਹ ਰੂਪ ਤੁਸੀਂ ਦਿੱਤੈ? ਜਿਸ ਨੇ ਦਿੱਤੈ ਹੁਣ ਉਹਨੂੰ ਵਾਪਸ ਦੇਣ ਤੋਂ ਡਰਦੇ ਕਿਉਂ ਜੇ....?"

ਉਹ ਅਕਸਰ ਹੀ ਕਿਹਾ ਕਰਦਾ ਸੀ, "ਮੈਂ ਤਾਂ (ਅੰਮ੍ਰਿਤ ਛਕਣ ਵੇਲੇ) ੧੨ ਸਾਲ ਦੀ ਉਮਰ 'ਚ ਹੀ ਆਪਣਾ ਸਿਰ ਗੁਰੂ ਨੂੰ ਭੇਟ ਕਰ ਚੁੱਕੈਂ, ਇਹ ਹੁਣ ਗੁਰੂ ਸਾਹਿਬ ਦੀ ਇੱਛਾ ਐ ਕਿ ਉਹ ਕਦੋਂ ਪ੍ਰਵਾਨ ਕਰਦੇ ਆ...।"

ਹੁਣ ਤਕ ਗੋਲਡੀ ਨੇ ਗੁਪਤ ਤੌਰ 'ਤੇ ਸੰਘਰਸ਼ ਵਿੱਚ ਸੇਵਾ ਕਰਨੀ ਅਰੰਭ ਕਰ ਦਿੱਤੀ ਸੀ, ਪਰ ਉਸ ਦਾ ਆਪਣੇ ਪਰਿਵਾਰ ਨਾਲ ਸੰਵਾਦ ਚੱਲਦਾ ਹੀ ਰਹਿੰਦਾ। ਉਸ ਦਾ ਖਾੜਕੂ ਸਫ਼ਾਂ 'ਚ ਨਾਂ ਸੀ- 'ਭਾਈ ਮਹਿਤਾਬ ਸਿੰਘ ਧੀਰਾ ਅੰਮ੍ਰਿਤਸਰੀ', ਲੈਫਟੀਨੈਂਟ ਜਨਰਲ 'ਖ਼ਾਲਿਸਤਾਨ ਲਿਬਰੇਸ਼ਨ ਆਰਮੀ'।

ਇੱਕ ਵਾਰ ਉਸ ਦੀ ਮਾਤਾ ਜੀ ਨੇ ਬਾਬਾ ਠਾਕੁਰ ਸਿੰਘ ਜੀ ਵੱਲੋਂ ਮਿਲੇ ਅੰਬ ਦੇ ਪ੍ਰਸ਼ਾਦ ਦੀਆਂ ਦੋ ਫਾੜੀਆਂ ਦਿੰਦੇ ਹੋਏ ਕਿਹਾ:

"....ਲੈ! ਰੱਬ ਤੈਨੂੰ 'ਸੁਮੱਤ' ਬਖ਼ਸ਼ੇ....।"

ਗੋਲਡੀ ਨੇ ਉਹ ਫਾੜੀਆਂ ਵਾਪਸ ਆਪਣੀ ਮਾਂ ਨੂੰ ਫੜਾਉਂਦੇ ਹੋਏ ਕਿਹਾ:

"ਤੁਸੀਂ ਲਓ! ਰੱਬ ਤੁਹਾਨੂੰ 'ਸਿਦਕ' ਬਖ਼ਸ਼ੇ ਤੇ ਤੁਸੀਂ ਆਪਣਾ ਪੁੱਤ ਹੱਸ ਕੇ ਸੰਘਰਸ਼ 'ਚ ਤੋਰੋ..।"

ਫਿਰ ਮਾਂ ਨੇ ਘਰ ਵਿੱਚ ਅਖੰਡ ਪਾਠ ਸਾਹਿਬ ਰਖਵਾਉਣ ਦੀ ਗੱਲ ਤੋਰੀ ਤਾਂ ਗੋਲਡੀ ਦਾ ਸਵਾਲ ਸੀ:

"ਕੀ ਫ਼ਾਇਦਾ ਅਖੰਡ ਪਾਠ ਕਰਾਉਣ ਦਾ.....ਕਿਸੇ ਸ਼ਬਦ 'ਤੇ ਅਮਲ ਕਰਦੇ ਓ...? ਦੱਸੋ ਕਿਹੜੇ ਸ਼ਬਦ 'ਤੇ ਅੱਜ ਤਕ ਅਮਲ ਕੀਤੈ....?"

ਮਾਂ ਸੋਚੀਂ ਪੈ ਗਈ। ਗੋਲਡੀ ਨੇ ਫਿਰ ਪੁੱਛਿਆ, "ਸੰਤ ਜਰਨੈਲ ਸਿੰਘ ਜੀ ਦੀਆਂ ਕੈਸਿਟਾਂ ਸੁਣੀਆਂ...?"

"...ਹਾਂ...।" ਮਾਂ ਨੇ ਜਵਾਬ ਦਿੱਤਾ।

"ਫਿਰ ਐਨੇ ਸਿੰਘ ਸ਼ਹੀਦ ਹੋ ਰਹੇ ਆ....ਤੁਸੀਂ ਆਪਣਾ ਪੁੱਤ ਹੱਥੀਂ ਤੋਰਿਆ...?" ਗੋਲਡੀ ਦਾ ਸਵਾਲ ਸੀ।

ਮਾਂ ਕੋਲ਼ ਇਸ ਦਾ ਕੋਈ ਜਵਾਬ ਨਹੀਂ ਸੀ।

ਉਹ ਅਕਸਰ ਕਿਹਾ ਕਰਦਾ ਸੀ ਕਿ ਸੰਤਾਂ ਦੀ ਆਤਮਾ ਕਹਿੰਦੀ ਹੋਵੇਗੀ ਕਿ ਸਿੱਖ ਕਿਹੋ ਜਿਹੇ ਨੇ...ਅਜੇ ਤਕ ਇਹਨਾਂ ਤੋਂ 'ਭਜਨਾ' (ਭਜਨ ਲਾਲ) ਹੀ ਨਹੀਂ ਸੋਧਿਆ ਗਿਆ।

ਨਿਧੜਕ ਦਲੇਰੀ

ਗੋਲ਼ਡੀ ਦੀ ਭਾਵੇਂ ਚੰਗੀ ਤਰ੍ਹਾਂ ਮੁੱਛ ਵੀ ਨਹੀਂ ਸੀ ਫੁੱਟੀ ਪਰ ਇਲਾਕੇ ਅੰਦਰ ਉਸ ਦੀ ਬਹਾਦਰੀ ਦੇ ਕਈ ਕਿੱਸੇ ਅੱਜ ਵੀ ਪ੍ਰਚਲਿਤ ਹਨ। ਜਦੋਂ ਹਨੇਰਾ ਹੁੰਦੇ ਹੀ ਚਾਰ-ਚੁਫੇਰੇ ਤੇ ਖ਼ਾਸ ਤੌਰ 'ਤੇ ਸੁਲਤਾਨਵਿੰਡ ਇਲਾਕੇ ਵਿੱਚ ਥਾਂ-ਥਾਂ 'ਤੇ ਨਾਕਾਬੰਦੀ ਹੋ ਜਾਂਦੀ ਸੀ ਤਾਂ ਗੋਲ਼ਡੀ ਇੱਕ ਦਿਨ ਇਕੱਲਾ ਹੀ ਹੱਥ ਵਿੱਚ ਏ.ਕੇ. ਸੰਤਾਲੀ ਰਾਈਫਲ ਫੜ ਕੇ ਸੁਲਤਾਨਵਿੰਡ ਨਹਿਰ ਦਾ ਪੁਲ਼ ਟੱਪ ਕੇ ਟਹਿਲਦਾ ਹੋਇਆ ਪਿੰਡ ਦੀ ਜੂਹ ਵਿੱਚ ਜਾ ਵੜਿਆ। ਹਨੇਰੇ ਵਿੱਚ ਲੱਗੇ ਇੱਕ ਨਾਕੇ 'ਤੇ ਪੁਲਸੀਆਂ ਨੇ ਲਲਕਾਰਾ ਮਾਰਿਆ। ਗੋਲ਼ਡੀ ਨੇ ਅਸਾਲਟ ਸਿੱਧੀ ਕਰ ਕੇ ਫ਼ਾਇਰ ਖੋਲ੍ਹ

ਦਿੱਤਾ। ਥੋੜ੍ਹਾ ਕੁ ਚਿਰ ਗੋਲੀਆਂ ਦਾ ਵਟਾਂਦਰਾ ਕਰਨ ਪਿੱਛੋਂ ਝਕਾਨੀ ਦੇ ਕੇ ਵਾਪਸ ਪਰਤ ਆਇਆ ਤੇ ਅਰਾਮ ਨਾਲ ਸੌਂ ਗਿਆ...।

ਇਸੇ ਹੀ ਤਰ੍ਹਾਂ ਇੱਕ ਦਿਨ ਗੋਲਡੀ ਸਾਈਕਲ 'ਤੇ ਹੀ ਸੂਰਜ ਛਿਪਣ ਤੋਂ ਪਹਿਲਾਂ ਅਸਾਲਟ ਲੈ ਕੇ ਜਲੰਧਰ ਵਾਲੇ ਜੀ.ਟੀ. ਰੋਡ 'ਤੇ ਜਾ ਪਹੁੰਚਿਆ, ਤੇ ਇੱਕ ਲੀਡਰ ਅਤੇ ਉਸ ਦੀ ਸੁਰੱਖਿਆ ਗਾਰਦ 'ਤੇ ਇਕੱਲੇ ਨੇ ਹੀ ਘਾਤ ਲਾ ਕੇ ਗੋਲੀਆਂ ਚਲਾ ਦਿੱਤੀਆਂ। ਓਥੇ ਦੀਆਂ ਆਲੇ-ਦੁਆਲੇ ਦੀਆਂ ਸਾਰੀਆਂ ਫ਼ੋਰਸਾਂ ਪੁਜੀਸ਼ਨਾਂ ਮੱਲ ਕੇ ਗੋਲੀਆਂ ਚਲਾਉਣ ਲੱਗ ਪਈਆਂ, ਪਰ ਓਨੇ ਚਿਰ ਨੂੰ ਗੋਲਡੀ ਵਾਪਸ ਘਰ ਆ ਕੇ ਇੱਕ ਦੁਕਾਨ ਤੋਂ ਮੁਰੱਬਾ ਖਾ ਰਿਹਾ ਸੀ, ਤੇ ਓਧਰ ਸੁਰੱਖਿਆ ਦਸਤਿਆਂ ਦੀ ਗੋਲੀਬਾਰੀ ਅਜੇ ਵੀ ਜਾਰੀ ਸੀ।

ਦ੍ਰਿੜ੍ਹਤਾ

ਉਸ ਨੂੰ ਪੁਲੀਸ ਨੇ ਦੋ ਵਾਰ ਗ੍ਰਿਫ਼ਤਾਰ ਕੀਤਾ, ਪਰ ਉਸ ਤੋਂ ਕੋਈ ਭੇਤ ਨਾਲ ਲੈ ਸਕੀ।

ਆਪਰੇਸ਼ਨ ਬਲੈਕ ਥੰਡਰ ਵੇਲੇ ਕੁਝ ਜੁਝਾਰੂਆਂ ਵੱਲੋਂ ਵਿਖਾਈ ਗਈ ਕਮਜ਼ੋਰੀ ਨੇ ਉਸ ਨੂੰ ਪ੍ਰੇਸ਼ਾਨ ਕੀਤਾ ਸੀ। ਉਹ ਇਸ ਨੂੰ ਸਿੱਖ ਇਤਿਹਾਸ 'ਤੇ ਦਾਗ ਕਹਿੰਦਾ। ਇਸੇ ਲਈ ਹੀ ਅੰਮ੍ਰਿਤਸਰ ਜੇਲ੍ਹ ਵਿੱਚ ਉਸ ਦੀ ਬਲੈਕ ਥੰਡਰ ਸਮੇਂ ਆਤਮ ਸਮਰਪਣ ਕਰ ਕੇ ਆਏ ਨਿਰਵੈਰ ਸਿੰਘ ਨਾਲ ਬਹਿਸ ਵੀ ਹੋਈ। ਨਿਰਵੈਰ ਸਿੰਘ ਨੂੰ ਉਸ ਨੇ ਕਈ ਸਵਾਲ ਵੀ ਕੀਤੇ, ਜਿਨ੍ਹਾਂ ਦਾ ਉੱਤਰ ਉਹ ਨਾ ਦੇ ਸਕਿਆ।

ਉਹ ਇਸ ਗੱਲ 'ਤੇ ਹੈਰਾਨ ਹੁੰਦਾ ਸੀ ਕਿ ਸ਼ਹੀਦ ਹੋਏ ਸਿੰਘਾਂ ਦੀਆਂ ਅਖ਼ਬਾਰਾਂ ਵਿੱਚ ਜੋ ਤਸਵੀਰਾਂ ਛਪਦੀਆਂ ਹਨ, ਉਹਨਾਂ ਵਿੱਚ ਉਹਨਾਂ ਦੇ ਕੇਸ ਕਿਉਂ ਖੁੱਲ੍ਹੇ ਹੁੰਦੇ ਹਨ? ਉਹਨੂੰ ਦੱਸਿਆ ਜਾਂਦਾ ਕਿ ਸ਼ਾਇਦ ਜ਼ਾਲਮ ਬੇਅਦਬੀ ਕਰਦੇ ਹਨ। ਉਹ ਕੇਸਕੀ ਸਿਰ 'ਤੇ ਘੁੱਟ ਕੇ ਬੰਨ੍ਹਦਾ ਤੇ ਕਹਿੰਦਾ, "ਮੇਰੇ ਸ਼ਹੀਦ ਹੋਏ ਦੀ ਫੋਟੋ ਜਦੋਂ ਅਖ਼ਬਾਰ ਵਿੱਚ ਛਪੀ ਤਾਂ ਵੇਖਣਾ, ਕੇਸ ਖੁੱਲ੍ਹੇ ਨਹੀਂ ਹੋਣਗੇ....। ....ਤੇ ਮੈਂ ਗੋਲੀ ਵੀ ਵੇਖੀਂ, ਛਾਤੀ ਵਿੱਚ ਖਾ ਕੇ ਸ਼ਹੀਦ ਹੋਊਂ....।"

ਗੋਲਡੀ ਲਹਿਰ ਵਿੱਚ ਬਹੁਤ ਜ਼ਿਆਦਾ ਤਨਦੇਹੀ ਨਾਲ ਕੰਮ ਕਰ ਰਿਹਾ ਸੀ। ਪਿੰਡਾਂ ਵਿੱਚ ਜੁਝਾਰੂਆਂ ਦੇ ਨਾਂ ਹੇਠ ਹੁੰਦੀ ਬੇਲੋੜੀ ਕਤਲੇਆਮ ਬਾਰੇ ਉਹ ਮੌਕਾ-ਏ-ਵਾਰਦਾਤ ਵਾਲੀਆਂ ਥਾਂਵਾਂ ਅਤੇ ਘਰਾਂ 'ਚ ਜਾ ਕੇ ਸਪਸ਼ਟ ਕਰਦਾ ਕਿ ਇਹ ਕਾਰਾ ਸਿੱਖ ਜੁਝਾਰੂਆਂ ਦਾ ਨਹੀਂ ਹੈ।

ਇੱਕ ਦੋਧੀ ਦੀ ਘਟਨਾ

ਗੋਲਡੀ ਅਕਸਰ ਕਾਲਜ 'ਚ ਹਾਜ਼ਰੀ ਭਰਨ ਤੋਂ ਬਾਅਦ ਪਿੰਡਾਂ ਵੱਲ ਨਿਕਲ ਜਾਂਦਾ ਸੀ। ਕਈ ਛੋਟੀ ਸੋਚ ਵਾਲੇ ਖਾੜਕੂ ਜੇਕਰ ਕੋਈ ਗ਼ਲਤ ਹਰਕਤ ਕਰਦੇ ਸਨ ਤਾਂ ਉਹ ਉਸ ਨਾਲ ਲੋਕਾਂ ਦਾ ਭਰੋਸਾ ਟੁੱਟਣ ਪ੍ਰਤੀ ਫ਼ਿਕਰਮੰਦ ਹੁੰਦਾ। ਇੱਕ ਵਾਰ ਸਹਿੰਸਰਾ ਪਿੰਡ 'ਚ ਕੁਝ ਖਾੜਕੂਆਂ ਨੇ ਪੰਜਾਬ ਬੰਦ ਦੀ ਉਲੰਘਣਾਂ ਦੇ ਦੋਸ਼ 'ਚ ਇੱਕ ਦੋਧੀ ਕੁੱਟ ਕੱਢਿਆ। ਪਤਾ ਲੱਗਣ 'ਤੇ ਗੋਲਡੀ ਜ਼ਖ਼ਮੀ ਹੋਏ ਉਸ ਦੋਧੀ ਨੂੰ ਜਾ ਕੇ ਮਿਲਿਆ। ਕਹਿਣ ਲੱਗਾ:

"ਤੇਰਾ ਡੁੱਲ੍ਹਿਆ ਲਹੂ ਤਾਂ ਮੈਂ ਤੈਨੂੰ ਵਾਪਸ ਨਹੀਂ ਕਰ ਸਕਦਾ, ਪਰ ਆਹ ਪੈਸੇ ਰੱਖ

ਲੈ...।"

ਉਸ ਨੇ ਆਪਣੀ ਜੇਬ ਵਿਚਲੇ 500 ਰੁਪਏ, ਜੋ ਕਿ ਪੜ੍ਹਾਈ ਦੀਆਂ ਕਿਤਾਬਾਂ ਖ਼ਰੀਦਣ ਲਈ ਉਸ ਨੂੰ ਘਰੋਂ ਮਿਲੇ ਸਨ, ਦੋਧੀ ਨੂੰ ਦੇ ਦਿੱਤੇ। ਇਹ ਸੁਣ ਕੇ ਦੋਧੀ ਦਾ ਸਾਰਾ ਗਿਲਾ-ਸ਼ਿਕਵਾ ਦੂਰ ਹੋ ਗਿਆ ਤੇ ਉਸ ਨੇ ਕਿਹਾ, "ਅਸੀਂ ਕਿਹੜੇ ਅਖ਼ਬਾਰਾਂ ਪੜ੍ਹਦੇ ਆਂ...ਨੀਂ ਤੇ ਅਸੀਂ ਆਪ ਪੰਜਾਬ ਬੰਦ 'ਚ ਸ਼ਾਮਲ ਹੋਈਏ...।"

ਇੱਕ ਬਹਿਕ ਦੀ ਘਟਨਾ

ਇੱਕ ਵਾਰ ਇੱਕ ਮੀਟਿੰਗ ਤੋਂ ਬਾਅਦ ਗੋਲਡੀ ਆਪਣੇ ਦੋ ਹਥਿਆਰਬੰਦ ਸਾਥੀਆਂ ਸਮੇਤ ਇੱਕ ਬਹਿਕ ਤੋਂ ਜਲ-ਪਾਣੀ ਛਕਣ ਲਈ ਰੁਕਿਆ। ਉਸ ਬਹਿਕ ਵਾਲਿਆਂ ਨੇ ਉਹਨਾਂ ਨੂੰ ਦੁੱਧ ਗਰਮ ਕਰ ਕੇ ਦਿੱਤਾ। ਜਦੋਂ ਇਹ ਤਿੰਨੇ ਦੁੱਧ ਪੀ ਰਹੇ ਸਨ ਤਾਂ ਉਕਤ ਬਹਿਕ ਵਾਲਾ ਸ਼ਖ਼ਸ ਇਹਨਾਂ ਤਿੰਨਾਂ ਦੇ ਕੋਲ ਆ ਬੈਠਾ। ਉਸ ਨੇ ਗੱਲਾਂ-ਗੱਲਾਂ ਵਿੱਚ ਆਪਣੇ ਖੇਤਾਂ ਦੀ ਵੱਟ ਦੇ ਚੱਲ ਰਹੇ ਝਗੜੇ ਵਿੱਚ ਵਿਰੋਧੀ ਪਾਰਟੀ ਦੇ ਬੰਦੇ ਨੂੰ ਸੋਧਾ ਲਾਉਣ ਦੀ ਬੇਨਤੀ ਗੋਲ-ਮੋਲ ਸ਼ਬਦਾਂ 'ਚ ਕੀਤੀ। ਗੋਲਡੀ ਚੁੱਪ ਕਰ ਕੇ ਸਾਰੀ ਗੱਲ ਸੁਣਦਾ ਰਿਹਾ ਤੇ ਦੁੱਧ ਪੀਂਦਾ ਰਿਹਾ।

ਦੁੱਧ ਪੀ ਕੇ ਗੋਲਡੀ ਨੇ ਹੱਥ ਧੋਤੇ ਤੇ ਜੇਬ 'ਚੋਂ ਕੱਢ ਕੇ ਵੀਹ ਰੁਪਏ ਦਾ ਨੋਟ ਉਸ ਨੂੰ ਫੜਾਉਂਦਿਆਂ ਹੋਇਆ ਕਹਿਣ ਲੱਗਾ:

"ਭਾਊ, ਆਪਣੇ ਪਿਆਏ ਦੁੱਧ ਦੀ ਜੇ ਕੀਮਤ ਚਾਹੀਦੀ ਊ ਆਹ ਚੁੱਕ...ਪਰ ਜੇ ਤੂੰ ਸਮਝਦੈਂ ਕਿ ਤੇਰੇ ਪੀਤੇ ਦੁੱਧ ਬਦਲੇ ਅਸੀਂ ਤੇਰੇ ਆਖੇ ਬੰਦਾ ਮਾਰ ਦਿਆਂਗੇ ਤਾਂ ਤੂੰ ਭੁਲੇਖੇ 'ਚ ਵਾਂ...।"

ਬਹਿਕ ਵਾਲਾ ਸ਼ਰਮਿੰਦਾ ਹੋ ਗਿਆ। ਉਸ ਨੇ ਵੀਹ ਰੁਪਏ ਦਾ ਨੋਟ ਗੋਲਡੀ ਨੂੰ ਵਾਪਸ ਕਰ ਦਿੱਤਾ। ਓਥੋਂ ਤੁਰਨ ਤੋਂ ਪਹਿਲਾਂ ਗੋਲਡੀ ਨੇ ਉਸ ਨੂੰ ਸਮਝਾਇਆ:

"ਜੇ ਤਾਂ ਕੌਮੀ ਸੰਘਰਸ਼ ਨੂੰ ਠੀਕ ਮੰਨਦੇ ਓ ਤਾਂ ਫਿਰ ਖਾੜਕੂ ਸਿੰਘਾਂ ਰਾਹੀਂ ਨਿੱਜੀ ਦੁਸ਼ਮਣੀਆਂ ਕਢਵਾਉਣ ਦੇ ਵਿਚਾਰ ਛੱਡ ਦਿਓ....ਕਿਉਂਕਿ ਇਸ ਲਹਿਰ 'ਚ ਜੇ ਅਸੀਂ ਇੱਕ ਦੋਸ਼ੀ ਬੰਦਾ ਮਾਰਦੇ ਆਂ ਤਾਂ ਸਾਡੇ ਨਾਲ ਸੌ ਬੰਦੇ ਜੁੜਦੇ ਆ....ਪਰ ਜੇ ਇੱਕ 'ਬੇਦੋਸ਼ਾ' ਬੰਦਾ ਮਾਰਿਆ ਜਾਵੇ ਤਾਂ ਲਹਿਰ ਨਾਲੋਂ ਸੌ ਬੰਦੇ ਟੁੱਟ ਜਾਂਦੇ ਆ...।"

ਉਸ ਸ਼ਖ਼ਸ ਨੇ ਸਹਿਮਤੀ ਵਿੱਚ ਸਿਰ ਹਿਲਾਇਆ ਅਤੇ ਗੋਲਡੀ ਆਪਣੇ ਸਾਥੀਆਂ ਨਾਲ ਬੂਹੇ ਤੋਂ ਬਾਹਰ ਹੋ ਗਿਆ।

ਸ਼ਹੀਦੀ

ਫਿਰ ਉਹ ਦਿਨ ਆ ਗਿਆ। 10 ਜੂਨ 1992 ਨੂੰ ਮੱਲੂਵਾਲ ਪਿੰਡ (ਨੇੜੇ ਅਜਨਾਲਾ) ਵਿੱਚ ਮਾਝਾ ਜ਼ੋਨ ਦੇ ਜੁਝਾਰੂ ਸਿੰਘਾਂ ਦੀ ਮੀਟਿੰਗ ਸੀ। ਇਸ ਮੀਟਿੰਗ ਵਿੱਚ ਪੁਲੀਸ ਵਾਲਿਆਂ ਦੇ ਪਰਿਵਾਰ ਮਾਰੇ ਜਾਣ ਦੀ ਗ਼ਲਤ ਨੀਤੀ ਦੀ ਰੋਕਥਾਮ ਲਈ ਗੰਭੀਰ ਉਪਰਾਲੇ ਕਰਨ ਦੀਆਂ ਵਿਚਾਰਾਂ ਹੋਈਆਂ। ਮੀਟਿੰਗ ਤੋਂ ਬਾਅਦ ਪਿੰਡ ਵਿਚਲੀ ਬਹਿਕ ਦਾ ਇੱਕ ਨੌਜਵਾਨ ਕਿਰਪਾਲ

ਸਿੰਘ ਸਾਈਕਲ 'ਤੇ ਗੋਲਡੀ ਨੂੰ ਬੱਸ ਚੜ੍ਹਾਉਣ ਲਈ ਆ ਰਿਹਾ ਸੀ। ਰਾਹ 'ਚ ਫ਼ੌਜ ਦਾ ਨਾਕਾ ਲੱਗਾ ਸੀ, ਜਿੱਥੇ 5 ਫ਼ੌਜੀ ਤਾਇਨਾਤ ਸਨ। ਉਹਨਾਂ ਨੇ ਨਾਕੇ 'ਤੇ ਇਹਨਾਂ ਦੋਹਾਂ ਨੂੰ ਰੋਕ ਲਿਆ ਤੇ ਤਲਾਸ਼ੀ ਲੈਣ ਲਈ ਦੋ ਫ਼ੌਜੀ ਅੱਗੇ ਵਧੇ।

ਗੋਲਡੀ ਨੇ ਫੁਰਤੀ ਨਾਲ ਆਪਣੀ ਡੱਬ 'ਚੋਂ 455 ਬੋਰ ਦਾ ਰਿਵਾਲਵਰ ਕੱਢਿਆ ਤੇ ਫ਼ਾਇਰਿੰਗ ਕਰ ਦਿੱਤੀ। ਇਸ ਮੁੱਠਭੇੜ ਵਿੱਚ ਗੋਲਡੀ ਨੇ ਤਿੰਨ ਫ਼ੌਜੀ ਮਾਰ ਦਿੱਤੇ ਤੇ ਦੋ ਜ਼ਖ਼ਮੀ ਹੋ ਗਏ। ਗੋਲਡੀ ਨੂੰ ਪਤਾ ਸੀ ਕਿ ਗੋਲੀਆਂ ਦੀ ਅਵਾਜ਼ ਸੁਣ ਕੇ ਫ਼ੌਜ ਦਾ ਕੋਈ ਗਸ਼ਤੀ ਦਲ ਆ ਜਾਵੇਗਾ। ਉਸ ਨੇ ਮਰੇ ਹੋਏ ਫ਼ੌਜੀ ਦੀ ਗੰਨ ਖਿੱਚੀ, ਪਰ ਉਹ ਸੰਗਲੀ ਨਾਲ ਬੱਝੀ ਹੋਈ ਸੀ।

ਏਨੇ ਨੂੰ ਫ਼ੌਜ ਦੀ ਗਸ਼ਤੀ ਜੀਪ ਓਧਰ ਆ ਗਈ। ਗੋਲਡੀ ਨੇ ਗੰਨ ਕਬਜ਼ੇ 'ਚ ਕਰਨ ਦੀ ਕੋਸ਼ਿਸ਼ ਜਾਰੀ ਰੱਖੀ। ਪਰ ਜਦੋਂ ਫ਼ੌਜੀ ਜੀਪ ਦੇ ਸਿਰ 'ਤੇ ਆ ਪਹੁੰਚਣ ਤਕ ਵੀ ਉਹ ਗੰਨ ਕਬਜ਼ੇ 'ਚ ਨਾ ਕਰ ਸਕਿਆ ਤਾਂ ਉਸ ਨੇ ਖੇਤ ਦੀ ਵੱਟ ਕੋਲ ਪੁਜ਼ੀਸ਼ਨ ਲੈ ਕੇ ਆਪਣੇ ਰਿਵਾਲਵਰ 'ਚ ਬਚੀ ਇਕੋ-ਇੱਕ ਗੋਲੀ ਸਿਰ ਆ ਚੜ੍ਹੇ ਫ਼ੌਜੀਆਂ ਵੱਲ ਦਾਗੀ। ਜਵਾਬ ਵਿੱਚ ਫ਼ੌਜੀਆਂ ਨੇ ਐਲ.ਐਮ.ਜੀ. ਨਾਲ ਤਾਬੜਤੋੜ ਫ਼ਾਇਰਿੰਗ ਕੀਤੀ ਤੇ ਨਿੱਕੀ ਉਮਰ ਦੇ ਇਸ ਵੱਡੇ ਸੂਰਮੇ ਦੀ ਛਾਤੀ ਗੋਲੀਆਂ ਨਾਲ ਛਲਣੀ ਹੋ ਗਈ।

ਸ਼ਹੀਦ ਹੋਣ ਵੇਲੇ ਗੋਲਡੀ ਦੇ ਸਚਮੁੱਚ ਕੇਸ ਨਹੀਂ ਸਨ ਖੁੱਲ੍ਹੇ। ਗੋਲੀਆਂ ਵੀ ਉਸ ਨੇ ਛਾਤੀ ਵਿੱਚ ਹੀ ਖਾਧੀਆਂ ਸਨ, ਉਹ ਆਪਣਾ ਪ੍ਰਣ ਸਿਰ ਦੇ ਨਾਲ ਨਿਭਾਅ ਗਿਆ ਸੀ।

ਗੋਲਡੀ ਨੂੰ ਬੱਸ ਚੜ੍ਹਾਉਣ ਆਏ ਨੌਜਵਾਨ ਕਿਰਪਾਲ ਸਿੰਘ ਨੂੰ ਫ਼ੌਜ ਨੇ ਜਿਊਂਦਾ ਫੜ ਲਿਆ। ਓਥੇ ਖੇਤਾਂ 'ਚ ਕੰਮ ਕਰ ਰਹੀਆਂ ਕੁਝ ਔਰਤਾਂ ਨੇ ਦੱਸਿਆ ਕਿ ਫ਼ੌਜੀ ਗੋਲਡੀ ਦੀ ਲਾਸ਼ ਵੇਖ ਕੇ ਅਤੇ ਆਪਣੇ ਫ਼ੌਜੀਆਂ ਦੀਆਂ ਲਾਸ਼ਾਂ ਵੇਖ ਕੇ ਸਲਾਹਾਂ ਕਰਦੇ ਸੀ ਕਿ ਲੋਕੀਂ ਕਹਿਣਗੇ ਕਿ ਇੱਕ ਨਿਆਣਾ ਜਿਹਾ ਤਿੰਨ ਫ਼ੌਜੀ ਮਾਰ ਗਿਆ। ਥੋੜ੍ਹੀ ਜਿਹੀ ਨਮੋਸ਼ੀ ਘਟਾਉਣ ਲਈ ਉਹਨਾਂ ਕਿਰਪਾਲ ਸਿੰਘ ਨੂੰ ਵੀ ਗੋਲੀਆਂ ਮਾਰ ਕੇ ਮਾਰ ਦਿੱਤਾ ਤੇ ਦੋ ਖਾੜਕੂਆਂ ਦੇ ਮਾਰੇ ਜਾਣ ਦਾ ਐਲਾਨ ਕਰ ਦਿੱਤਾ।

ਗੋਲਡੀ ਦਾ ਅੰਤਮ ਸਸਕਾਰ ਉਸ ਦੀ ਮਾਂ ਨੇ ਬਿਨਾਂ ਕੋਈ ਹੰਝੂ ਕੇਰਿਆਂ ਕੀਤਾ ਅਤੇ ਸਿੱਖ ਮਾਂਵਾਂ ਲਈ ਇੱਕ ਮਿਸਾਲ ਕਾਇਮ ਕਰ ਕੇ ਵਿਖਾਈ। ਗੋਲਡੀ ਵਰਗਿਆਂ ਦੀਆਂ ਸ਼ਹਾਦਤਾਂ ਅਤੇ ਡੁੱਲ੍ਹੇ ਲਹੂ ਨੇ ਜੋ ਧਰਤੀ ਸਿੰਜੀ ਹੈ, ਉਸ 'ਚੋਂ ਅਜ਼ਾਦੀ ਦੀ ਫ਼ਸਲ ਇੱਕ ਨਾ ਇੱਕ ਦਿਨ ਜ਼ਰੂਰ ਉੱਗੇਗੀ, ਕਿਉਂਕਿ ਉਸ ਪਵਿੱਤਰ ਲਹੂ ਦਾ ਇੱਕ-ਇੱਕ ਕਿਣਕਾ ਕੌਮੀ ਅਜ਼ਾਦੀ ਦੇ ਮਿਸ਼ਨ ਨੂੰ ਸਮਰਪਿਤ ਸੀ

* * * * *

ਤਸ਼ੱਦਦ ਸਹਿੰਦਾ ਸ਼ਹੀਦ ਹੋਣ ਵਾਲ਼ਾ ਸੂਰਮਾ

ਸ਼ਹੀਦ ਭਾਈ ਕੁਲਦੀਪ ਸਿੰਘ ਮੁੱਛਲ

ਅੰਮ੍ਰਿਤਸਰ ਦੇ ਟਾਂਗਰਾ ਇਲਾਕੇ ਦੇ ਨੇੜੇ ਪਿੰਡ ਮੁੱਛਲ ਦੇ ਕਿਸਾਨ ਸ. ਬਚਨ ਸਿੰਘ ਤੇ ਉਹਨਾਂ ਦੀ ਪਤਨੀ ਬੀਬੀ ਸੁਰਜੀਤ ਕੌਰ ਦੇ ਪੰਜ ਬੱਚੇ ਸਨ:

ਅਮਰੀਕ ਸਿੰਘ, ਗੁਰਮੀਤ ਕੌਰ, ਕੁਲਦੀਪ ਸਿੰਘ, ਬਲਵਿੰਦਰ ਕੌਰ, ਸੁਖਵਿੰਦਰ ਸਿੰਘ

ਕੁਲਦੀਪ ਸਿੰਘ ਨੂੰ ਬਚਪਨ ਤੋਂ ਹੀ ਮਿਰਗੀ ਦੀ ਸ਼ਿਕਾਇਤ ਸੀ। ਪਿੰਡ ਦੇ ਪ੍ਰਾਇਮਰੀ ਸਕੂਲ ਵਿੱਚ ਉਸ ਨੇ ਪੰਜ ਕੁ ਕਲਾਸਾਂ ਹੀ ਕੀਤੀਆਂ। ਉਸ ਦੀ ਮਿਰਗੀ ਦੀ ਬਿਮਾਰੀ ਦਾ ਇਲਾਜ ਕਰਵਾ-ਕਰਵਾ ਕੇ ਮਾਤਾ ਪਿਤਾ ਨਿਰਾਸ਼ ਹੋ ਚੁੱਕੇ ਸਨ, ਜਦੋਂ ਪਿੰਡ ਦੇ ਗ੍ਰੰਥੀ ਬਾਬਾ ਗੁਰਬਚਨ ਸਿੰਘ ਜੀ, ਜੋ ਕਿ ਦਮਦਮੀ ਟਕਸਾਲ ਨਾਲ਼ ਸੰਬੰਧਿਤ ਸਨ, ਦਸ ਸਾਲ ਦੇ ਕੁਲਦੀਪ ਸਿੰਘ ਨੂੰ ਸੰਤ ਕਰਤਾਰ ਸਿੰਘ ਜੀ ਦੇ ਕੋਲ ਲੈ ਗਏ।

ਸੰਤ ਕਰਤਾਰ ਸਿੰਘ ਜੀ ਨੇ ਨਿੱਕੀ ਉਮਰ ਦੇ 'ਕੁਲਦੀਪ' ਨੂੰ ਸੁਚੱਜੀ ਸੇਧ ਦੇ ਕੇ ਗੁਰੂ ਗ੍ਰੰਥ ਸਾਹਿਬ ਅਥਵਾ ਗੁਰਬਾਣੀ ਦੇ ਲੜ ਲਾਇਆ। ਇੱਥੇ ਹੀ ਉਸ ਦੀ ਮਿਰਗੀ ਦੀ ਸ਼ਿਕਾਇਤ ਵੀ ਦੂਰ ਹੋ ਗਈ। ਫਿਰ ਕੁਲਦੀਪ ਸਿੰਘ ਉੱਥੋਂ ਦਾ ਹੀ ਹੋ ਕੇ ਰਹਿ ਗਿਆ।

ਆਪ ਦੇ ਘਰ ਦੀ ਮਾਲੀ ਹਾਲਤ ਠੀਕ ਨਾ ਹੋਣ ਕਾਰਨ ਸੰਤ ਕਰਤਾਰ ਸਿੰਘ ਜੀ ਸਮੇਂ-ਸਮੇਂ 'ਤੇ ਸੰਸਥਾ ਵੱਲੋਂ ਆਪ ਦੇ ਪਰਿਵਾਰ ਦੀ ਮਦਦ ਕਰਦੇ ਰਹਿੰਦੇ ਸਨ। ਇਸੇ ਹੀ ਕਾਰਨ ਜਦੋਂ ਭਾਈ ਕੁਲਦੀਪ ਸਿੰਘ ਗੱਭਰੂ ਹੋਏ ਤਾਂ ਸੰਤ ਜੀ ਨੇ ਬਿਜਲੀ ਬੋਰਡ ਵਿੱਚ ਉਹਨਾਂ ਨੂੰ ਲਾਈਨਮੈਨ ਦੀ ਨੌਕਰੀ 'ਤੇ ਵੀ ਲੁਆ ਦਿੱਤਾ, ਪਰ ਕੁਲਦੀਪ ਸਿੰਘ ਨੇ ਜ਼ਿਆਦਾ ਸਮਾਂ ਨੌਕਰੀ ਨਾ ਕੀਤੀ ਅਤੇ ਫਿਰ ਜਥੇ ਵਿੱਚ ਵਾਪਸ ਆ ਪਹੁੰਚੇ।

ਸੰਤ ਕਰਤਾਰ ਸਿੰਘ ਦੇ ਸਰੀਰ ਛੱਡ ਜਾਣ ਪਿੱਛੋਂ ਜਦੋਂ ਦਮਦਮੀ ਟਕਸਾਲ ਦੀ ਅਗਵਾਈ ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲ਼ਿਆਂ ਨੇ ਸੰਭਾਲ਼ੀ ਤਾਂ ਪੰਥ ਦੋਖੀ ਤਾਕਤਾਂ ਨਾਲ ਟਕਸਾਲ ਦੀ ਟੱਕਰ ਬਹੁਤ ਤਿੱਖੀ ਹੋ ਗਈ। ਇਸ ਟੱਕਰ ਦੇ ਮੁੱਢ ਵਿੱਚ ਨਰਕਧਾਰੀਆਂ ਵੱਲੋਂ ਹਕੂਮਤੀ ਸ਼ਹਿ 'ਤੇ ਸੰਨ 1978 ਦੀ ਵਿਸਾਖੀ ਨੂੰ ਵਰਤਾਏ ਕਹਿਰ ਪਿੱਛੋਂ ਇਹ ਟੱਕਰ ਸਿਖ਼ਰ 'ਤੇ ਜਾ ਅੱਪੜੀ। ਸਿੱਖ ਗੱਭਰੂ ਪੰਜਾਬ ਅੰਦਰੋਂ ਨਰਕਧਾਰੀਆਂ ਦੇ ਕੁਫ਼ਰ ਦੇ ਗੜ੍ਹ ਤੋੜਨ ਲੱਗੇ।

ਇਸੇ ਹੀ ਸਮੇਂ ਭਾਈ ਕੁਲਦੀਪ ਸਿੰਘ ਮੁੱਛਲ ਨੇ ਸੰਤ ਜਰਨੈਲ ਸਿੰਘ ਤੋਂ ਨਰਕਧਾਰੀ

ਗੁਰਬਚਨੇ ਦੀ ਸੁਧਾਈ ਲਈ ਜਾਣ ਦੀ ਇਜਾਜ਼ਤ ਮੰਗੀ, ਪਰ ਸੰਤਾਂ ਨੇ ਇਸ ਮਿਸ਼ਨ ਤੇ ਭਾਈ ਕੁਲਦੀਪ ਸਿੰਘ ਨੂੰ ਨਾ ਭੇਜਿਆ। ਫਿਰ ਵੀ ਜਦੋਂ ਗੁਰਬਚਨੇ ਦਾ ਕਤਲ ਹੋਇਆ ਤਾਂ ਇਸ ਕਾਂਡ ਵਿੱਚ ਪੁਲੀਸ ਨੇ ਸਿੱਖ ਨੌਜਵਾਨਾਂ ਦੀ ਜਿਹੜੀ ਲਿਸਟ ਤਿਆਰ ਕੀਤੀ, ਉਸ ਵਿੱਚ ਭਾਈ ਕੁਲਦੀਪ ਸਿੰਘ ਦਾ ਨਾਂ ਵੀ ਸੀ। ਇਸ ਕਾਰਨ ਆਪ ਦੇ ਘਰ 'ਤੇ ਪੁਲੀਸ ਦਾ ਦਮਨ-ਚੱਕਰ ਸੰਨ 1984 ਤੋਂ ਵੀ ਪਹਿਲਾਂ ਹੀ ਅਰੰਭ ਹੋ ਗਿਆ। ਇਸ ਦੇ ਬਾਵਜੂਦ ਭਾਈ ਕੁਲਦੀਪ ਸਿੰਘ ਪੂਰੀ ਨਿਰਭੈਤਾ ਤੇ ਦ੍ਰਿੜ੍ਹਤਾ ਨਾਲ ਸੰਤ ਜਰਨੈਲ ਸਿੰਘ ਜੀ ਵੱਲੋਂ ਅਰੰਭ ਕੀਤੇ ਧਰਮ ਯੁੱਧ ਵਿੱਚ ਹਿੱਸਾ ਲੈਂਦੇ ਰਹੇ। ਆਪ ਦੀਆਂ ਭੈਣਾਂ ਦੇ ਅਨੰਦ-ਕਾਰਜ ਸੰਤ ਜਰਨੈਲ ਸਿੰਘ ਜੀ ਨੇ ਆਪਣੇ ਹੱਥੀਂ ਕੀਤੇ।

ਜਦੋਂ ਜੂਨ 1984 ਵਿੱਚ ਹਿੰਦੁਸਤਾਨ ਦੀ ਹਕੂਮਤ ਨੇ ਸ੍ਰੀ ਦਰਬਾਰ ਸਾਹਿਬ 'ਤੇ ਹਮਲਾ ਕੀਤਾ ਤਾਂ ਓਦੋਂ ਭਾਈ ਕੁਲਦੀਪ ਸਿੰਘ ਮੁੱਛਲ, ਸੰਤ ਜਰਨੈਲ ਸਿੰਘ ਜੀ ਦੇ ਹੁਕਮ ਅਨੁਸਾਰ ਫ਼ਿਰੋਜ਼ਪੁਰ ਜ਼ਿਲ੍ਹੇ ਵਿੱਚ ਉਗਰਾਹੀ ਲਈ ਗਏ ਹੋਏ ਸਨ। ਇਸ ਵਹਿਸ਼ੀ ਹਮਲੇ ਪਿੱਛੋਂ ਭਾਈ ਕੁਲਦੀਪ ਸਿੰਘ ਰੂਪੋਸ਼ ਹੋ ਗਏ।

ਜੁਝਾਰੂ ਕਾਫ਼ਲੇ ਵਿੱਚ

ਸੰਨ 1986 ਵਿੱਚ ਕੁਲਦੀਪ ਸਿੰਘ ਦੀ ਮੁਲਾਕਾਤ ਸ੍ਰੀ ਅਕਾਲ ਤਖ਼ਤ ਸਾਹਿਬ ਉੱਪਰ ਭਾਈ ਸੁਖਦੇਵ ਸਿੰਘ ਸਖੀਰਾ ਨਾਲ ਹੋਈ। ਭਾਈ ਸਖੀਰੇ ਨੇ ਆਪ ਨੂੰ ਪੰਥਕ ਸੰਘਰਸ਼ ਵਿੱਚ ਨੰਗੇ-ਧੜ ਹੋ ਕੇ ਜੂਝਣ ਲਈ ਪ੍ਰੇਰਿਆ। ਉਹਨਾਂ ਨਾਲ ਆਪ ਦੀ ਦੋਸਤੀ ਬਹੁਤ ਪੁਰਾਣੀ ਸੀ। ਇਸ ਕਾਰਨ ਉਹਨਾਂ ਦੀ ਗੱਲ ਮੰਨ ਕੇ ਭਾਈ ਕੁਲਦੀਪ ਸਿੰਘ ਸਿੱਧੇ ਤੌਰ 'ਤੇ ਸੰਘਰਸ਼ ਵਿੱਚ ਨਿੱਤਰ ਪਏ। ਭਾਈ ਸੁਖਦੇਵ ਸਿੰਘ ਸਖੀਰਾ ਦੇ ਨਾਲ ਮਿਲ ਕੇ ਭਾਈ ਕੁਲਦੀਪ ਸਿੰਘ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਓਸ ਸਮੇਂ ਦੇ ਮੁੱਖ ਮੰਤਰੀ ਸੁਰਜੀਤ ਬਰਨਾਲੇ ਦੀਆਂ ਗੁੰਡਾ-ਧਾੜਾਂ ਤੋਂ ਮੁਕਤ ਕਰਵਾਉਣ ਵਿੱਚ ਅਹਿਮ ਭੂਮਿਕਾ ਨਿਭਾਈ।

ਭਾਈ ਸੁਖਦੇਵ ਸਿੰਘ ਸਖੀਰਾ ਜਦੋਂ ਬੁੱਕਲ ਦੇ ਸੱਪਾਂ ਦਾ ਸ਼ਿਕਾਰ ਹੋ ਗਏ ਤਾਂ ਭਾਈ ਕੁਲਦੀਪ ਸਿੰਘ ਮੁੱਛਲ, ਭਾਈ ਅਵਤਾਰ ਸਿੰਘ ਬ੍ਰਹਮਾ ਤੇ ਭਾਈ ਅਰੂੜ ਸਿੰਘ ਨਾਲ ਮਿਲ ਕੇ ਸੇਵਾ ਕਰਨ ਲੱਗੇ।

ਨਿਰਭੈਤਾ ਤੇ ਅਡੋਲਤਾ

1987 'ਚ ਭਾਈ ਕੁਲਦੀਪ ਸਿੰਘ ਮੁੱਛਲ ਦੇ ਛੋਟੇ ਭਰਾ ਸੁਖਵਿੰਦਰ ਸਿੰਘ ਦਾ ਅਨੰਦ ਕਾਰਜ ਫ਼ਿਰੋਜ਼ਪੁਰ ਜ਼ਿਲ੍ਹੇ ਦੇ ਪਿੰਡ ਰੱਤੋਕੇ ਵਿਖੇ ਹੋਇਆ। ਬਰਾਤ ਜਦੋਂ ਪਿੰਡ ਰੱਤੋਕੇ ਰੁਕੀ ਹੋਈ ਸੀ ਤਾਂ ਭਾਈ ਕੁਲਦੀਪ ਸਿੰਘ ਮੁੱਛਲ, ਭਾਈ ਅਰੂੜ ਸਿੰਘ, ਭਾਈ ਸ਼ੇਰ ਸਿੰਘ ਤੇ ਕੁਝ ਹੋਰ ਸਿੰਘ ਰੱਤੋਕੇ ਪਹੁੰਚ ਗਏ।

ਐਨ ਇਸੇ ਹੀ ਸਮੇਂ ਮੁਖ਼ਬਰੀ ਦੇ ਆਧਾਰ 'ਤੇ ਪੁਲੀਸ ਨੇ ਪੂਰੀ ਤਿਆਰੀ ਨਾਲ ਘੇਰਾ ਪਾ ਕੇ ਛਾਪਾ ਮਾਰਿਆ। ਮੁਕਾਬਲਾ ਅਰੰਭ ਹੋ ਗਿਆ। ਭਾਈ ਸ਼ੇਰ ਸਿੰਘ ਸ਼ਹੀਦ ਹੋ ਗਏ, ਭਾਈ ਅਰੂੜ ਸਿੰਘ ਅਤੇ ਇੱਕ ਹੋਰ ਸਿੰਘ ਗ੍ਰਿਫ਼ਤਾਰ ਕਰ ਲਏ ਗਏ, ਪਰ ਭਾਈ ਕੁਲਦੀਪ ਸਿੰਘ

ਮੁੱਛਲ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਰੂਪ ਸਿਰ 'ਤੇ ਚੁੱਕਿਆ, ਕੁਝ ਵੀਰਾਂ ਨੇ ਚੌਰ, ਜਲ ਛਿੜਕਣ ਤੇ ਘੜਿਆਲ ਦੀ ਸੇਵਾ ਨਿਭਾਈ ਅਤੇ ਇਸ ਤਰ੍ਹਾਂ ਪੂਰੀ ਬੇਖ਼ੌਫ਼ੀ ਨਾਲ ਭਾਈ ਕੁਲਦੀਪ ਸਿੰਘ ਮੁੱਛਲ ਪੁਲੀਸ ਫ਼ੋਰਸਾਂ ਦੇ ਵਿੱਚ ਦੀ ਹੀ ਉਹਨਾਂ ਦੀਆਂ ਸਫ਼ਾਂ ਚੀਰ ਕੇ ਬਚ ਨਿਕਲੇ।

ਇਸ ਘਟਨਾ ਤੋਂ ਤਿਲਮਿਲਾਏ ਕਈ ਪੁਲੀਸ ਅਫ਼ਸਰ ਕੁਲਦੀਪ ਸਿੰਘ ਵਿਰੁੱਧ ਨਾਸਾਂ 'ਚੋਂ ਧੂੰਆਂ ਕੱਢਣ ਲੱਗੇ। ਅੰਮ੍ਰਿਤਸਰ ਦੇ ਐਸ.ਐਸ.ਪੀ. ਮੁਹੰਮਦ ਇਜ਼ਹਾਰ ਆਲਮ, ਡੀ.ਐਸ.ਪੀ. ਗੁਰਬਚਨ ਸਿੰਘ, ਡੀ.ਐਸ.ਪੀ. ਹਰਪਾਲ ਸਿੰਘ ਆਦਿ ਨੇ ਕੁਲਦੀਪ ਸਿੰਘ ਦੇ ਪਰਿਵਾਰ 'ਤੇ ਅੰਤਾਂ ਦਾ ਤਸ਼ੱਦਦ ਕੀਤਾ, ਕਈ ਥਾਂਵਾਂ 'ਤੇ ਘੇਰੇ ਵੀ ਪਾਏ, ਪਰ ਭਾਈ ਕੁਲਦੀਪ ਸਿੰਘ ਮੁੱਛਲ ਯੂ.ਪੀ. ਆਦਿ ਦੇ ਦੂਰ-ਦੁਰਾਡੇ ਇਲਾਕਿਆਂ ਵਿੱਚ ਪਏ ਘੇਰਿਆਂ ਵਿੱਚੋਂ ਵੀ ਨਿਕਲ ਜਾਂਦੇ ਰਹੇ।

ਸ਼ਹੀਦੀ

ਹਿੰਦੁਸਤਾਨੀ ਫ਼ੋਰਸਾਂ ਜਦੋਂ ਵੀ ਕਿਸੇ ਸਿੰਘ ਤਕ ਪਹੁੰਚਣ ਵਿੱਚ ਵਾਰ-ਵਾਰ ਨਾਕਾਮ ਹੋ ਜਾਂਦੀਆਂ ਸਨ ਤਾਂ ਫਿਰ ਪੁਲੀਸ ਮੁਖ਼ਬਰ ਨਾਂ ਦੇ ਜਨੌਰ ਹੀ ਉਹਨਾਂ ਦੀ ਇੱਕੋ-ਇੱਕ ਟੇਕ ਅਤੇ ਵਸੀਲਾ ਬਣਦੇ ਸਨ। ਮਿਤੀ 11 ਨਵੰਬਰ 1987 ਨੂੰ ਭਾਈ ਕੁਲਦੀਪ ਸਿੰਘ ਮੁੱਛਲ ਅਤੇ ਮੰਨਣ ਕੇ (ਨੇੜੇ ਬੀੜ ਬਾਬਾ ਬੁੱਢਾ ਸਾਹਿਬ) ਪਿੰਡ ਦਾ ਬਿੱਟੂ ਨਾਂ ਦਾ ਇੱਕ ਸਿੰਘ, ਫ਼ਿਰੋਜ਼ਪੁਰ ਜ਼ਿਲ੍ਹੇ ਦੇ ਪਿੰਡ ਆਰਫ਼ ਕੇ ਦਾ ਇੱਕ ਸਿੰਘ ਆਦਿ ਕੁਝ ਸਿੰਘ ਖੱਬੇ ਪਿੰਡ ਦੇ ਇੱਕ ਘਰ 'ਚ ਬੈਠੇ ਸਨ। ਕੁਝ ਲੋਕਾਂ ਦੇ ਦੱਸਣ ਅਨੁਸਾਰ ਘਰ ਦਾ ਮਾਲਕ ਪੁਲੀਸ ਦਾ ਮੁਖ਼ਬਰ ਬਣ ਚੁੱਕਾ ਸੀ।

ਉਕਤ ਪਰਿਵਾਰ ਨੂੰ ਪੰਥਕ ਸਮਝ ਕੇ ਅਥਾਹ ਵਿਸ਼ਵਾਸ ਵਿੱਚ ਭਾਈ ਕੁਲਦੀਪ ਸਿੰਘ ਮੁੱਛਲ ਹੋਰੀਂ ਆਪਣੇ ਹਥਿਆਰ ਘਰ ਦੇ ਅੰਦਰ ਰੱਖ ਕੇ ਬਾਹਰ ਇੱਕ ਰੁੱਖ ਹੇਠ ਬੈਠ ਕੇ ਗੱਲਾਂ ਕਰਨ ਲੱਗ ਪਏ। ਇਹਨਾਂ ਸਿੰਘਾਂ ਨੂੰ ਪਤਾ ਨਹੀਂ ਸੀ ਕਿ ਇਸ ਵਿਸ਼ਵਾਸ ਦਾ ਘਾਤ ਕਰਨ ਲਈ ਉਕਤ ਘਰ ਦਾ ਮੁਖੀ ਦੁਸ਼ਮਣ ਦੀਆਂ ਫ਼ੋਰਸਾਂ ਦੇ ਹਜ਼ੂਰ ਜਾ ਪੇਸ਼ ਹੋਇਆ ਸੀ। ਸਿੰਘਾਂ ਨੂੰ ਓਦੋਂ ਹੀ ਪਤਾ ਲੱਗਾ, ਜਦੋਂ ਦੁਸ਼ਮਣ ਫ਼ੋਰਸਾਂ ਦੀਆਂ ਧਾੜਾਂ ਸਿਰ 'ਤੇ ਆ ਚੜ੍ਹੀਆਂ।

ਇਹ ਸਾਰੇ ਸਿੰਘ ਸ਼ਸਤਰ ਹੱਥ ਵਿੱਚ ਲੈਣ ਲਈ ਭੱਜ ਕੇ ਠਾਹਰ ਵਾਲੇ ਘਰ ਨੂੰ ਵਧੇ ਤਾਂ ਘਰ ਦੇ ਦਰਵਾਜ਼ੇ 'ਤੇ ਮੋਟਾ ਜਿੰਦਰਾ ਲਮਕਦਾ ਨਜ਼ਰੀਂ ਪਿਆ। ਕਾਹਲੀ ਨਾਲ ਉੱਥੇ ਮੌਜੂਦ ਬਿਰਧ ਬੀਬੀ ਤੋਂ ਤਾਲੇ ਦੀ ਚਾਬੀ ਮੰਗੀ ਗਈ ਤਾਂ ਉਹ ਬੇਬੇ ਨਿਆਣਿਆਂ ਨੂੰ ਅਵਾਜ਼ਾਂ ਮਾਰਨ ਲੱਗੀ. ਪਰ ਚਾਬੀ ਕੋਈ ਨਾ ਲਿਆਇਆ।

ਹੋਰ ਕੋਈ ਚਾਰਾ ਨਾ ਚੱਲਦਾ ਵੇਖ ਕੇ ਸਿੰਘਾਂ ਨੇ ਗਾਤਰੇ ਵਾਲੀਆਂ ਕਿਰਪਾਨਾਂ ਨਾਲ ਦੁਸ਼ਮਣ ਦਾ ਮੁਕਾਬਲਾ ਕਰਨ ਦਾ ਯਤਨ ਕੀਤਾ। ਇੱਕ ਸਿੰਘ ਸ਼ਹੀਦ ਹੋ ਗਿਆ, ਪਰ ਭਾਈ ਕੁਲਦੀਪ ਸਿੰਘ ਮੁੱਛਲ ਅਤੇ ਬਿੱਟੂ ਨੂੰ ਪੁਲੀਸ ਫ਼ੋਰਸਾਂ ਜਿਊਂਦਿਆਂ ਹੀ ਗ੍ਰਿਫ਼ਤਾਰ ਕਰਨ ਵਿੱਚ ਸਫਲ ਹੋ ਗਈਆਂ।

ਇਸ ਪਿੱਛੋਂ ਭਾਈ ਕੁਲਦੀਪ ਸਿੰਘ ਮੁੱਛਲ ਉੱਪਰ ਪੁਲੀਸ ਨੇ ਤਸ਼ੱਦਦ ਦੀ ਇੰਤਹਾ ਕਰ ਦਿੱਤੀ। ਪੱਟ ਚੀਰ ਕੇ ਵਿੱਚ ਲੂਣ ਅਤੇ ਮਿਰਚਾਂ ਤਕ ਭਰ ਦਿੱਤੀਆਂ, ਪਰ ਭਾਈ ਕੁਲਦੀਪ ਸਿੰਘ

ਮੁੱਛਲ ਅਤੇ ਸਾਥੀ ਸਿੰਘਾਂ ਨੇ ਸਾਰਾ ਤਸ਼ੱਦਦ ਹੱਸ-ਹੱਸ ਕੇ ਸਹਾਰਿਆ। ਪੁਲੀਸ ਉਹਨਾਂ ਤੋਂ ਕੋਈ ਵੀ ਜਥੇਬੰਦਕ ਭੇਤ ਨਾ ਲੈ ਸਕੀ।

ਅਖੀਰ 30 ਨਵੰਬਰ 1987 ਨੂੰ ਭਾਈ ਕੁਲਦੀਪ ਸਿੰਘ ਮੁੱਛਲ ਅਤੇ ਬਿੱਟੂ ਦਾ ਪੁਲੀਸ ਮੁਕਾਬਲਾ ਸ਼ੋਅ ਕਰ ਕੇ ਪੁਲੀਸ ਨੇ ਉਹਨਾਂ ਨੂੰ ਕਤਲ ਕਰ ਦਿੱਤਾ। ਭਾਈ ਕੁਲਦੀਪ ਸਿੰਘ ਮੁੱਛਲ ਦੀ ਲਾਸ਼ ਪਰਿਵਾਰ ਨੂੰ ਨਾ ਦਿੱਤੀ ਗਈ, ਪਰ ਭਾਈ ਬਿੱਟੂ ਦੀ ਉਸ ਦੇ ਪਰਿਵਾਰ ਵੱਲੋਂ ਹਾਸਲ ਕੀਤੀ ਲਾਸ਼ ਦੀ ਹਾਲਤ ਵੇਖ ਕੇ ਆਪ ਉੱਪਰ ਹੋਏ ਵਹਿਸ਼ੀ ਤਸ਼ੱਦਦ ਦਾ ਪਤਾ ਲੱਗਦਾ ਸੀ।

• • • •

ਦੂਰਅੰਦੇਸ਼ ਸੋਚ ਵਾਲਾ ਜੁਝਾਰੂ

ਸ਼ਹੀਦ ਭਾਈ ਜਗਜੀਤ ਸਿੰਘ ਜੱਗੀ ਉਦੋਕੇ

ਦਿੱਲੀ ਤਖ਼ਤ 'ਤੇ ਕਾਬਜ਼ ਬ੍ਰਾਹਮਣੀ ਹਾਕਮਾਂ ਦੇ ਜ਼ੁਲਮ-ਜਬਰ ਵਿਰੁੱਧ ਉੱਠੀ ਸਿੱਖ ਜੁਝਾਰੂ ਲਹਿਰ ਵਿੱਚ ਹਜ਼ਾਰਾਂ ਹੀ ਸਿੰਘ ਸੂਰਮਿਆਂ ਨੇ ਰਣ-ਤੱਤੇ ਵਿੱਚ 'ਪੁਰਜਾ ਪੁਰਜਾ ਕਟਿ ਮਰੈ' ਦੇ ਮਹਾਂਵਾਕ 'ਤੇ ਪਹਿਰਾ ਦਿੰਦਿਆਂ ਸ਼ਹਾਦਤਾਂ ਪ੍ਰਾਪਤ ਕੀਤੀਆਂ ਅਤੇ ਦੁਸ਼ਮਣ ਨੂੰ ਖ਼ਾਲਸਾਈ ਤੇਗਾਂ ਦੇ ਦੀਦਾਰ ਕਰਵਾਏ। ਸ਼ਹੀਦ ਭਾਈ ਜਗਜੀਤ ਸਿੰਘ ਜੱਗੀ ਅਜਿਹੇ ਹੀ ਸ਼ਹੀਦਾਂ ਵਿੱਚੋਂ ਇੱਕ ਸਨ।

ਆਪ ਦੇ ਪਿਤਾ ਇੰਡੀਅਨ ਨੈਸ਼ਨਲ ਆਰਮੀ ਦੀ ਜਾਟ ਰਜਮੈਂਟ ਵਿੱਚ ਬਤੌਰ ਮੋਟਰ ਮਕੈਨਿਕ ਸਰਵਿਸ ਕਰਦੇ ਸਨ, ਜਦੋਂ ਆਪ ਦਾ ਜਨਮ 6 ਸਤੰਬਰ 1969 ਨੂੰ ਮਾਤਾ ਸਵਿੰਦਰ ਕੌਰ ਦੀ ਕੁੱਖੋਂ ਪਿਤਾ ਸ. ਦਰਸ਼ਨ ਸਿੰਘ ਦੇ ਘਰ ਹੋਇਆ।

+2 ਤਕ ਦੀ ਵਿੱਦਿਆ ਆਪ ਨੇ ਅੰਬਾਲੇ ਤੋਂ ਹੀ ਪ੍ਰਾਪਤ ਕੀਤੀ। ਆਪ ਦੇ ਪਿਤਾ ਦੀ ਰਿਟਾਇਰਮੈਂਟ ਤੋਂ ਬਾਅਦ ਆਪ ਦਾ ਪਰਿਵਾਰ ਸੰਨ 1986 ਵਿੱਚ ਆਪਣੇ ਜੱਦੀ ਪਿੰਡ ਉਦੋਕੇ ਆ ਵੱਸਿਆ।

ਇਹ ਉਹ ਸਮਾਂ ਸੀ ਜਦੋਂ ਪੰਜਾਬ ਅੰਦਰ ਬ੍ਰਾਹਮਣੀ ਸਾਮਰਾਜ ਦੇ ਜ਼ੁਲਮਾਂ ਵਿਰੁੱਧ ਜੁਝਾਰੂ ਲਹਿਰ ਪੂਰੇ ਜ਼ੋਰਾਂ 'ਤੇ ਚੱਲ ਰਹੀ ਸੀ। ਹਿੰਦੂ ਸਾਮਰਾਜ ਵੱਲੋਂ ਇਸ ਲਹਿਰ ਨੂੰ ਕੁਚਲ ਦੇਣ ਲਈ ਜ਼ੁਲਮ ਤੇ ਤਸ਼ੱਦਦ ਦਾ ਦੌਰ ਵੀ ਸਿਖ਼ਰਾਂ 'ਤੇ ਸੀ। ਆਪ ਦੇ ਘਰ ਵਿੱਚ ਵੀ ਪਹਿਲਾਂ ਸਿੰਘਾਂ ਵੱਲੋਂ ਭਾਈ ਹਰਦੇਵ ਸਿੰਘ ਕਾਲੀਆ ਅਤੇ ਤਸਬੀਰ ਸਿੰਘ ਛੰਡੇਰ ਗਰੁੱਪ ਦਾ ਆਉਣ-ਜਾਣ ਅਰੰਭ ਹੋਇਆ ਤੇ ਪਿੱਛੋਂ ਇਹਨਾਂ ਸਿੰਘਾਂ ਨੂੰ ਪਨਾਹ ਦੇਣ ਦੇ 'ਦੋਸ਼' ਵਿੱਚ ਪੰਜਾਬ ਪੁਲੀਸ ਦਾ। ਭਾਈ ਜਗਜੀਤ ਸਿੰਘ ਪੁਲੀਸ ਦੇ ਆਉਣ 'ਤੇ ਅੱਗੇ-ਪਿੱਛੇ ਹੋ ਜਾਂਦੇ।

ਸੰਨ 1990 ਵਿੱਚ ਸਿੰਘਾਂ ਨੂੰ ਪਨਾਹ ਦੇਣ ਦੇ ਦੋਸ਼ ਵਿੱਚ ਪੁਲੀਸ ਆਪ ਦੇ ਪਿਤਾ ਜੀ ਨੂੰ ਫੜ ਕੇ ਲੈ ਗਈ ਅਤੇ ਅੰਮ੍ਰਿਤਸਰ ਮਾਲ ਮੰਡੀ ਵਿੱਚ ਦਸ ਦਿਨ ਉਹਨਾਂ ਉੱਪਰ ਅਥਾਹ ਤਸ਼ੱਦਦ ਕੀਤਾ ਗਿਆ। ਇਸ ਪਿੱਛੋਂ ਆਪ ਗੁਪਤ ਤਰੀਕੇ ਨਾਲ ਭਾਈ ਪਲਵਿੰਦਰ ਸਿੰਘ ਖਲਹਿਰਾ ਗੁਰੱਪ ਨਾਲ ਮਿਲ ਕੇ ਪੰਥਕ ਸੇਵਾ ਲਈ ਜੁਝਾਰੂ ਲਹਿਰ ਵਿੱਚ ਸ਼ਾਮਲ ਹੋ ਗਏ।

ਇਹਨਾਂ ਹੀ ਦਿਨਾਂ ਵਿੱਚ ਸੰਨ 1990 ਵਿੱਚ ਪੁਲੀਸ ਨੇ ਆਪ ਨੂੰ ਭੀਲੋਵਾਲ ਤੋਂ ਗ੍ਰਿਫ਼ਤਾਰ ਕਰ ਲਿਆ। ਆਪ ਉੱਪਰ ਅਥਾਹ ਤਸ਼ੱਦਦ ਕੀਤਾ ਗਿਆ ਪਰ ਆਪ ਨੇ ਆਪਣੇ ਗਰੁੱਪ ਬਾਰੇ

ਕੁਝ ਨਾ ਦੱਸਿਆ। ਫਿਰ ਆਪ ਨੂੰ ਕੇਸ ਪਾ ਕੇ ਅੰਮ੍ਰਿਤਸਰ ਕੇਂਦਰੀ ਜੇਲ੍ਹ ਵਿੱਚ ਭੇਜ ਦਿੱਤਾ ਗਿਆ।

ਸੰਨ 1991 ਵਿੱਚ ਆਪ ਜ਼ਮਾਨਤ ਕਰਵਾ ਕੇ ਘਰ ਆ ਗਏ। ਆਪ ਰੂਪੋਸ਼ ਹੋਣ ਦੀ ਬਜਾਏ ਘਰ ਰਹਿ ਕੇ ਗੁਪਤ ਤੌਰ 'ਤੇ ਸੇਵਾ ਕਰਨੀ ਚਾਹੁੰਦੇ ਸਨ, ਪਰ ਜੁਝਾਰੂ ਲਹਿਰ ਅੰਦਰਲੇ ਕੁਝ ਦੂਰਅੰਦੇਸ਼ੀ ਤੋਂ ਕੋਰੇ ਨੌਜਵਾਨਾਂ ਨੇ ਆਪ ਦੇ ਘਰ ਰਹਿਣ ਨੂੰ ਲਹਿਰ ਨਾਲ ਗ਼ੱਦਾਰੀ ਦੱਸ ਕੇ ਆਪ ਨੂੰ ਧਮਕੀਆਂ ਦੇਣੀਆਂ ਅਰੰਭ ਕਰ ਦਿੱਤੀਆਂ। ਮਜਬੂਰੀ ਵੱਸ ਆਪ ਫਿਰ ਘਰੋਂ ਆਸੇ ਪਾਸੇ ਹੋ ਕੇ ਸੇਵਾ ਕਰਨ ਲੱਗੇ, ਪਰ ਆਪ ਨੇ ਆਪਣੇ ਆਪ ਨੂੰ ਰੂਪੋਸ਼ ਸ਼ੋਅ ਕਰਨ ਜਾਂ ਅਖ਼ਬਾਰਾਂ ਵਿੱਚ ਆਪਣਾ ਨਾਂ ਦੇਣ ਤੋਂ ਸਖ਼ਤ ਪਰਹੇਜ਼ ਰੱਖਿਆ।

ਸੰਨ 1991 ਦੇ ਅਰੰਭ ਵਿੱਚ ਆਪ ਨੂੰ ਪੁਲੀਸ ਨੇ ਫਿਰ ਗ੍ਰਿਫ਼ਤਾਰ ਕਰ ਲਿਆ। ਆਪ ਉੱਤੇ ਫਿਰ ਤਸ਼ੱਦਦ ਹੋਇਆ ਪਰ ਆਪ ਆਪਣੀ ਕਿਸੇ ਜੁਝਾਰੂ ਕਾਰਵਾਈ ਵਿੱਚ ਸ਼ਮੂਲੀਅਤ ਨਾ ਮੰਨੇ। ਫਿਰ ਆਪ 'ਤੇ ਕੇਸ ਪਾ ਕੇ ਜੇਲ੍ਹ ਭੇਜ ਦਿੱਤਾ ਗਿਆ।

ਛੇ ਮਹੀਨੇ ਅੰਮ੍ਰਿਤਸਰ ਜੇਲ੍ਹ ਵਿੱਚ ਰਹਿ ਕੇ ਆਪ ਫਿਰ ਜ਼ਮਾਨਤ ਕਰਵਾ ਕੇ ਘਰ ਆ ਗਏ। ਆਪ ਨੇ ਘਰ ਰਹਿ ਕੇ ਸੇਵਾ ਕਰਨ ਦਾ ਯਤਨ ਇੱਕ ਵਾਰ ਹੋਰ ਕੀਤਾ ਪਰ ਕਮਅਕਲ ਖਾੜਕੂਆਂ ਨੇ ਆਪ ਨੂੰ ਇਸ ਵਿੱਚ ਸਫਲ ਨਾ ਹੋਣ ਦਿੱਤਾ। ਆਪ ਫਿਰ ਘਰੋਂ ਪਾਸੇ ਰਹਿ ਕੇ ਸੇਵਾ ਕਰਨ ਲੱਗੇ। ਪਰ ਖ਼ੁਦ ਨੂੰ ਰੂਪੋਸ਼ ਸ਼ੋਅ ਹੋਣੋਂ ਰੋਕਣ ਦੇ ਆਪ ਦੇ ਯਤਨ ਏਨੇ ਵੱਡੀ ਪੱਧਰ 'ਤੇ ਸਨ ਕਿ ਅੰਡਰ ਗਰਾਊਂਡ ਸੇਵਾ ਕਰਦਿਆਂ ਹੀ ਆਪ ਕਚਹਿਰੀ ਵਿੱਚ ਆਪਣੀ ਤਰੀਕ ਭੁਗਤ ਆਉਂਦੇ ਤੇ ਵਕੀਲ ਨੂੰ ਵੀ ਮਿਲ ਆਉਂਦੇ ਸਨ। ਜੇ ਓਥੇ ਮਾਤਾ ਪਿਤਾ ਨਾਲ ਸਾਮ੍ਹਣਾ ਵੀ ਹੋ ਜਾਂਦਾ ਤਾਂ ਉਹਨਾਂ ਦੇ ਅੱਗੇ-ਅੱਗੇ ਤੁਰਦੇ ਬਿਨਾਂ ਕਿਸੇ ਨੂੰ ਜ਼ਾਹਰ ਕੀਤੇ ਉਹਨਾਂ ਨਾਲ ਗੱਲਾਂ ਵੀ ਕਰ ਲੈਂਦੇ ਅਤੇ ਉਹਨਾਂ ਨੂੰ ਭਾਵੁਕ ਹੋ ਕੇ ਜੱਫੀ ਪਾ ਕੇ ਮਿਲਣ ਤੋਂ ਵਰਜ ਵੀ ਦਿੰਦੇ।

30 ਨਵੰਬਰ 1992 ਨੂੰ ਆਪ ਆਪਣੇ ਕੁਝ ਸਾਥੀਆਂ ਸਣੇ ਪਿੰਡ ਚੱਕ ਸਿਕੰਦਰ (ਫਤਹਿਗੜ੍ਹ ਚੂੜੀਆਂ) ਦੀ ਇੱਕ ਬਹਿਕ 'ਤੇ ਬੈਠੇ ਸਨ ਕਿ ਸੂਹ ਮਿਲਣ 'ਤੇ ਭਾਰੀ ਗਿਣਤੀ ਵਿੱਚ ਪੁਲੀਸ ਫ਼ੋਰਸ ਨੇ ਬਹਿਕ ਨੂੰ ਚਾਰੇ ਪਾਸਿਆਂ ਤੋਂ ਘੇਰਾ ਪਾ ਲਿਆ। ਭਾਈ ਜਗਜੀਤ ਸਿੰਘ ਪਹਿਲਾਂ ਗ੍ਰਿਫ਼ਤਾਰੀ ਸਮੇਂ ਆਪਣੇ 'ਤੇ ਹੋਏ ਪੁਲੀਸ ਦੇ ਅਥਾਹ ਤਸ਼ੱਦਦ ਕਾਰਨ ਜ਼ਿਆਦਾ ਭੱਜ ਨਹੀਂ ਸਨ ਸਕਦੇ। ਇਸ ਲਈ ਆਪ ਨੇ ਆਪਣੇ ਸਾਥੀਆਂ ਨੂੰ ਨਿਕਲ ਜਾਣ ਲਈ ਕਿਹਾ ਅਤੇ ਖ਼ੁਦ ਮੁਕਾਬਲਾ ਅਰੰਭ ਕਰ ਦਿੱਤਾ।

ਘਰ ਵਾਲਿਆਂ ਦਾ ਨੁਕਸਾਨ ਹੋਣ ਦੇ ਡਰੋਂ ਆਪ ਜੈਕਾਰੇ ਛੱਡਦੇ ਲਾਗਲੇ ਖੇਤਾਂ ਵਿੱਚ ਵੜ ਗਏ ਤੇ ਮੁਕਾਬਲਾ ਸ਼ੁਰੂ ਕਰ ਦਿੱਤਾ। ਪੁਲੀਸ ਨੇ ਬੁਲੇਟ ਪਰੂਫ਼ ਟਰੈਕਟਰ ਖੇਤਾਂ ਵਿੱਚ ਵਾੜ ਦਿੱਤੇ ਅਤੇ ਖੇਤਾਂ ਨੂੰ ਵਿਛਾਉਣਾ ਅਰੰਭ ਕਰ ਦਿੱਤਾ। ਇਹਨਾਂ ਟਰੈਕਟਰਾਂ ਵਿੱਚ ਅਸਲੇ ਨਾਲ ਲੈਸ ਪੁਲਸੀਏ ਸਨ, ਜੋ ਨਾਲ ਦੀ ਨਾਲ ਗੋਲੀਬਾਰੀ ਵੀ ਕਰ ਰਹੇ ਸਨ।

ਇਹ ਹਾਲਤ ਵੇਖ ਕੇ ਭਾਈ ਜਗਜੀਤ ਸਿੰਘ ਜੱਗੀ ਨੇ ਦਲੇਰੀ ਭਰਿਆ ਇੱਕ ਅਹਿਮ ਕਦਮ ਪੁੱਟਿਆ ਅਤੇ ਛਾਲ ਮਾਰ ਕੇ ਇੱਕ ਬੁਲੇਟ-ਪਰੂਫ਼ ਟਰੈਕਟਰ 'ਤੇ ਚੜ੍ਹ ਗਏ। ਉਸ

ਉੱਪਰਲੇ ਮਘੋਰੇ ਵਿੱਚੋਂ ਅਸਾਲਟ ਦੀ ਬੈਰਲ ਪਾ ਕੇ ਆਪ ਨੇ ਅੰਦਰਲੇ ਸਾਰੇ ਜਵਾਨ ਭੁੰਨ ਦਿੱਤੇ ਤੇ ਟਰੈਕਟਰ ਦੇ ਅੰਦਰ ਪਹੁੰਚ ਕੇ ਸਟੇਅਰਿੰਗ ਖੁਦ ਸੰਭਾਲ ਲਿਆ।

ਭਾਈ ਜੱਗੀ ਦਾ ਇਹ ਜਾਂਬਾਜ਼ ਪੈਂਤੜਾ ਖੇਤਾਂ ਵਿੱਚ ਪੁਜ਼ੀਸ਼ਨਾਂ ਸੰਭਾਲ ਕੇ ਅੱਗੇ ਵਧ ਰਹੀਆਂ ਫ਼ੋਰਸਾਂ ਲਈ ਬੜਾ ਮਾਰੂ ਸਿੱਧ ਹੋਇਆ। ਟਰੈਕਟਰ ਦੇ ਅੰਦਰ ਤਾਂ ਅਸਲੇ ਦੀ ਕੋਈ ਕਮੀ ਨਹੀਂ ਸੀ, ਫ਼ੋਰਸਾਂ ਦੇ ਸੱਥਰ ਵਿਛਣ ਲੱਗੇ। ਪਹਿਲੇ ਸੱਤ ਘੰਟੇ ਦੇ ਮੁਕਾਬਲੇ ਦੀ ਸਰਕਾਰੀ ਰਿਪੋਰਟ ਸੀ ਕਿ ਤਿੰਨ ਅਫ਼ਸਰਾਂ ਸਣੇ ਸੱਤ ਜਵਾਨ ਮਾਰੇ ਗਏ ਹਨ ਅਤੇ ਮੁਕਾਬਲਾ ਜਾਰੀ ਹੈ।

ਇਲਾਕੇ ਦੇ ਲੋਕਾਂ ਮੁਤਾਬਿਕ ਇਸ ਮੁਕਾਬਲੇ ਵਿੱਚ ਪੁਲੀਸ ਦਾ ਕਾਫ਼ੀ ਜਾਨੀ ਨੁਕਸਾਨ ਹੋਇਆ, ਜਿਸ ਨੂੰ ਨਸ਼ਰ ਨਹੀਂ ਕੀਤਾ ਗਿਆ। ਇਹ ਮੁਕਾਬਲਾ ਪੂਰੇ 24 ਘੰਟੇ ਚੱਲਿਆ, ਜਿਸ ਵਿੱਚ ਅਖੀਰ ਆਖਰੀ ਸਾਹ ਤਕ ਜੂਝਦੇ ਹੋਏ ਭਾਈ ਜਗਜੀਤ ਸਿੰਘ ਜੱਗੀ ਨੇ ਸ਼ਹਾਦਤ ਦਾ ਪਿਰਮ-ਪਿਆਲਾ ਪੀਤਾ।

ਆਪਣਾ ਵੱਡਾ ਜਾਨੀ ਨੁਕਸਾਨ ਹੋ ਜਾਣ ਤੋਂ ਖਿੱਝੇ ਪੁਲੀਸ ਅਫ਼ਸਰਾਂ ਨੇ ਭਾਈ ਜਗਜੀਤ ਸਿੰਘ ਜੱਗੀ ਦੇ ਸਸਕਾਰ ਸਮੇਂ ਪਰਿਵਾਰ ਨੂੰ ਨਾ ਬੁਲਾਇਆ, ਪਰ ਸਸਕਾਰ ਤੋਂ ਪਹਿਲਾਂ ਪਰਿਵਾਰ ਨੂੰ ਲਾਸ਼ ਦੀ ਸ਼ਨਾਖ਼ਤ ਲਈ ਲਿਜਾਣ ਆਏ ਥਾਣੇਦਾਰ ਦੇ ਬੋਲ ਪਿੰਡ ਵਾਸੀਆਂ ਨੂੰ ਅੱਜ ਵੀ ਯਾਦ ਹਨ। ਉਹ ਬੋਲ ਸਨ:

"ਵਾਹ ਓਇ ਜੱਗੀ....ਵਾਹ ਓਇ ਜੱਗੀ....ਵਾਹ ਓਇ ਜੱਗੀ....।"

* * * * *

ਬੱਬਰਾਂ ਦੀ ਜੁਝਾਰੂ ਜੋੜੀ

ਸ਼ਹੀਦ ਭਾਈ ਹਰਮੀਤ ਸਿੰਘ ਭਾਊਵਾਲ
ਸ਼ਹੀਦ ਬੀਬੀ ਬਲਜਿੰਦਰ ਕੌਰ

ਰੋਪੜ ਇਲਾਕੇ ਦੇ ਪ੍ਰਸਿੱਧ ਯੋਧੇ ਭਾਈ ਹਰਮੀਤ ਸਿੰਘ ਭਾਊਵਾਲ ਉਰਫ਼ ਤੋਚੀ ਦਾ ਜਨਮ 1960-70 ਦੇ ਦਹਾਕੇ ਦੇ ਅਰੰਭ ਵਿੱਚ ਮਾਤਾ ਕਰਨੈਲ ਕੌਰ ਦੀ ਕੁੱਖੋਂ ਪਿਤਾ ਸ. ਜੋਗਿੰਦਰ ਸਿੰਘ ਦੇ ਗ੍ਰਹਿ, ਭਾਊਵਾਲ ਪਿੰਡ ਵਿਖੇ ਹੋਇਆ। ਆਪ ਕੁੱਲ ਸੱਤ ਭੈਣ-ਭਰਾ ਸਨ, ਜਿਨ੍ਹਾਂ ਦਾ ਵੇਰਵਾ ਇਸ ਤਰ੍ਹਾਂ ਹੈ:

ਸਤਬੀਰ ਸਿੰਘ, ਗੁਰਮੀਤ ਕੌਰ, ਹਰਮੀਤ ਸਿੰਘ, ਭੁਪਿੰਦਰ ਸਿੰਘ, ਜਸਮਿੰਦਰ ਕੌਰ, ਲਖਬੀਰ ਸਿੰਘ ਤੇ ਦਲਬੀਰ ਕੌਰ।

ਮੁੱਢਲੀ ਪ੍ਰਾਇਮਰੀ ਤਕ ਦੀ ਪੜ੍ਹਾਈ ਹਰਮੀਤ ਸਿੰਘ ਨੇ ਨੇੜਲੇ ਪਿੰਡ ਝੱਲੀਆਂ ਦੇ ਪ੍ਰਾਇਮਰੀ ਸਕੂਲ ਤੋਂ ਕੀਤੀ। ਇਸ ਤੋਂ ਬਾਅਦ ਉਹਨਾਂ ਨੂੰ ਮਾਤਾ-ਪਿਤਾ ਨੇ ਉਹਨਾਂ ਦੀ ਭੂਆ ਕੋਲ ਮੋਹਾਲੀ ਭੇਜ ਦਿੱਤਾ। ਦਸਵੀਂ ਕਲਾਸ ਭਾਈ ਹਰਮੀਤ ਸਿੰਘ ਨੇ ਮੋਹਾਲੀ ਵਿੱਚ ਹੀ ਕੀਤੀ। ਭਾਈ ਕੁਲਵਿੰਦਰ ਸਿੰਘ ਕਿੱਡ (ਸ਼ਹੀਦ) ਆਪ ਦੀ ਇਸੇ ਹੀ ਭੂਆ ਦਾ ਪੁੱਤ ਸੀ।

ਦਸਵੀਂ ਤੋਂ ਬਾਅਦ ਹਰਮੀਤ ਸਿੰਘ ਰੋਪੜ ਦੇ ਕਾਲਜ ਵਿੱਚ ਪੜ੍ਹਨ ਲੱਗੇ। ਓਦੋਂ ਆਪ ਬੀ.ਏ. ਭਾਗ ਦੂਜਾ ਦੇ ਵਿਦਿਆਰਥੀ ਸਨ, ਜਦੋਂ ਸ੍ਰੀ ਦਰਬਾਰ ਸਾਹਿਬ 'ਤੇ ਭਾਰਤੀ ਹਕੂਮਤ ਦੇ ਹਮਲੇ ਪਿੱਛੋਂ ਪੰਜਾਬ ਅੰਦਰ ਸਿੱਖ ਜੁਝਾਰੂ ਲਹਿਰ ਦਾ ਆਗਾਜ਼ ਹੋਇਆ। ਇਸੇ ਕਾਲਜ ਵਿੱਚ ਪੜ੍ਹਦਿਆਂ ਹੀ ਹਰਮੀਤ ਸਿੰਘ ਹੋਰ ਹਮਖ਼ਿਆਲੀ ਸਿੱਖ ਨੌਜਵਾਨਾਂ ਦੇ ਸੰਪਰਕ ਵਿੱਚ ਆਏ ਤੇ ਸੰਘਰਸ਼ ਨੂੰ ਅੱਗੇ ਤੋਰਨ ਲਈ ਸਰਗਰਮ ਹੋ ਗਏ।

ਇਹਨਾਂ ਸਰਗਰਮੀਆਂ ਦੇ ਮੱਦੇਨਜ਼ਰ ਚਮਕੌਰ ਸਾਹਿਬ ਦੀ ਪੁਲੀਸ ਨੇ ਪਿੰਡ ਭਾਊਵਾਲ ਆਪ ਦੇ ਘਰ ਰਾਤ ਨੂੰ ਛਾਪਾ ਮਾਰਿਆ ਤੇ ਆਪ ਨੂੰ ਫੜ ਕੇ ਥਾਣੇ ਲੈ ਗਈ। ਥਾਣੇ ਵਿੱਚ ਆਪ 'ਤੇ ਅਥਾਹ ਤਸ਼ੱਦਦ ਕੀਤਾ ਗਿਆ ਤੇ ਫਿਰ ਕੇਸ ਪਾ ਕੇ ਜੇਲ੍ਹ ਭੇਜ ਦਿੱਤਾ ਗਿਆ। ਕੁਝ ਸਮਾਂ ਪਟਿਆਲਾ ਤੇ ਨਾਭਾ ਜੇਲ੍ਹ ਵਿੱਚ ਰਹਿਣ ਪਿੱਛੋਂ ਇਕ ਸਾਲ ਬਾਅਦ ਆਪ ਜ਼ਮਾਨਤ 'ਤੇ ਬਾਹਰ ਆ ਗਏ।

ਘਰ ਆਉਣ ਤੋਂ ਬਾਅਦ ਪਰਿਵਾਰ ਨੇ ਆਪ ਦਾ ਵਿਆਹ ਕਰ ਦਿੱਤਾ। ਆਪ ਦਾ ਅਨੰਦ-

ਕਾਰਜ ਲੁਧਿਆਣਾ ਦੇ ਮਲੌਦ ਕਸਬੇ ਦੇ ਪਿੰਡ ਚੋਮੇ ਦੀ ਬੀਬੀ ਬਲਜਿੰਦਰ ਕੌਰ ਨਾਲ਼ ਹੋਇਆ। ਵਿਆਹ ਤੋਂ ਪੰਜ ਕੁ ਮਹੀਨੇ ਬਾਅਦ ਤਕ ਆਪ ਘਰ ਰਹੇ, ਪਰ ਪੁਲੀਸ ਦੇ ਵਾਰ-ਵਾਰ ਤੰਗ ਕਰਨ ਕਰ ਕੇ ਰੂਪੋਸ਼ ਹੋ ਗਏ। ਆਪ ਦੀ ਸਿੰਘਣੀ ਬਲਜਿੰਦਰ ਕੌਰ ਵੀ ਘਰ ਵਿੱਚ ਰਹਿਣ ਦੀ ਬਜਾਏ ਕੰਡਿਆਲ਼ੇ ਰਾਹਾਂ 'ਤੇ ਆਪ ਦੇ ਨਾਲ਼ ਹੀ ਤੁਰ ਪਈ। ਪੁਲੀਸ ਆਪ ਦੇ ਪਰਿਵਾਰ ਨੂੰ ਤੰਗ ਕਰਦੀ ਰਹੀ, ਆਪ ਦੀ ਮਾਤਾ ਤੇ ਭੈਣ ਨੂੰ ਵੀ ਥਾਣਿਆਂ ਅੰਦਰ ਬੰਦ ਰੱਖਿਆ ਜਾਂਦਾ।

ਰੂਪੋਸ਼ ਜ਼ਿੰਦਗੀ ਵਿੱਚ ਹਰਮੀਤ ਸਿੰਘ ਭਾਊਵਾਲ਼ ਨੇ ਕਈ ਅਹਿਮ ਕਾਰਨਾਮੇ ਕੀਤੇ। ਭਾਈ ਬਲਵਿੰਦਰ ਸਿੰਘ ਜਟਾਣਾ ਤੇ ਭਾਈ ਚਰਨਜੀਤ ਸਿੰਘ ਚੰਨਾ ਦੇ ਸ਼ਹੀਦ ਹੋ ਜਾਣ ਤੋਂ ਬਾਅਦ ਆਪ ਨੂੰ ਇਹਨਾਂ ਦੀ ਮੁਖਬਰੀ ਲਈ ਜਿੰਮੇਵਾਰ ਘਰ ਦੇ ਇੱਕ ਭੇਤੀ 'ਤੇ ਸ਼ੱਕ ਹੋ ਗਿਆ। ਫਿਰ ਆਪ ਨੇ ਪਰਖ ਕਰਨ ਲਈ ਕੇਵਲ ਉਸ ਟਾਊਟ ਨੂੰ ਹੀ ਦੱਸਿਆ ਕਿ ਮੈਂ ਫਲਾਣੀ ਥਾਂ ਜਾ ਰਿਹਾ ਹਾਂ। ਇਹ ਦੱਸ ਕੇ ਓਥੇ ਆਪ ਨੇ ਕਿਸੇ ਹੋਰ ਨੂੰ ਭੇਜ ਦਿੱਤਾ। ਆਪਣੀ ਥਾਂ ਭੇਜਿਆ ਉਹ ਬੰਦਾ ਪੁਲੀਸ ਨੇ ਨੱਪ ਲਿਆ ਤਾਂ ਆਪ ਦਾ ਉਕਤ ਟਾਊਟ ਉਪਰਲਾ ਸ਼ੱਕ ਯਕੀਨ ਵਿੱਚ ਬਦਲ ਗਿਆ। ਇਲਾਕੇ ਦੇ ਲੋਕਾਂ ਦੇ ਦੱਸਣ ਮੁਤਾਬਕ ਆਪ ਨੇ ਇਸ ਪਿੱਛੋਂ ਉਕਤ ਭੇਤੀਏ ਨੂੰ ਉਸ ਦੀਆਂ ਗ਼ੱਦਾਰੀਆਂ ਦੀ ਸਜ਼ਾ, ਉਸ ਨੂੰ ਕਤਲ ਕਰ ਕੇ ਦਿੱਤੀ।

ਮਿਤੀ 5 ਦਸੰਬਰ 1992 ਨੂੰ ਆਪ ਆਪਣੀ ਸਿੰਘਣੀ ਅਤੇ ਨੌਂ ਮਹੀਨੇ ਦੇ ਬੱਚੇ ਪਵਿੱਤਰ ਸਿੰਘ ਸਮੇਤ ਹਰਿਆਣੇ ਅੰਦਰ ਥਾਣਾ ਗਦੌਰ ਦੇ ਪਿੰਡ ਗੁੰਥਲਾ ਦੇ ਇੱਕ ਘਰ ਵਿੱਚ ਠਹਿਰੇ ਹੋਏ ਸਨ। ਪੰਜਾਬ ਦੀ ਪੁਲੀਸ ਨੇ ਪੱਕੀ ਸੂਹ ਦੇ ਆਧਾਰ 'ਤੇ ਘੇਰਾ ਪਾ ਲਿਆ। ਸਿੱਧਾ ਮੁਕਾਬਲਾ ਕਰਨ ਦੀ ਬਜਾਏ ਪੁਲੀਸ ਨੇ ਛੱਤ ਪਾਤ ਕੇ ਅੰਦਰ ਹੈਂਡ-ਗਰਨੇਡ ਸੁੱਟੇ, ਜਿਸ ਨਾਲ਼ ਆਪ ਆਪਣੀ ਸਿੰਘਣੀ ਬੀਬੀ ਬਲਜਿੰਦਰ ਕੌਰ ਬੱਬਰ ਅਤੇ ਨੌਂ ਮਹੀਨੇ ਦੇ ਬੱਚੇ ਸਮੇਤ ਸ਼ਹਾਦਤ ਪ੍ਰਾਪਤ ਕਰ ਗਏ। ਆਪ ਦਾ ਵੱਡਾ ਲੜਕਾ ਤਲਵਿੰਦਰ ਸਿੰਘ (ਅੱਜ-ਕੱਲ੍ਹ) ਆਪ ਜੀ ਦੇ ਮਾਤਾ ਪਿਤਾ ਕੋਲ਼ ਰਹਿ ਰਿਹਾ ਹੈ।

* * * * *

ਕਲਮ ਤੇ ਤਲਵਾਰ, ਦੋਹਾਂ ਦਾ ਧਨੀ ਸੂਰਮਾ
ਸ਼ਹੀਦ ਭਾਈ ਬਘੇਲ ਸਿੰਘ ਡੇਹਰੀਵਾਲ

ਸਿੱਖੀ ਦੇ ਕੇਂਦਰ ਅਤੇ ਗੁਰੂ ਨਗਰੀ ਸ੍ਰੀ ਅੰਮ੍ਰਿਤਸਰ ਦੇ ਅਧੀਨ ਪੈਂਦੇ ਕਸਬੇ ਟਾਂਗਰਾ ਨੇੜੇ ਪਿੰਡ ਡੇਹਰੀਵਾਲ ਦੇ ਕਿਸਾਨ ਜਥੇਦਾਰ ਬਹਾਦਰ ਸਿੰਘ ਪੁਰਾਣੇ ਅਕਾਲੀ ਘੁਲਾਟੀਏ ਸਨ। ਉਹਨਾਂ ਨੇ ਪੰਥਕ ਹਿੱਤਾਂ ਦੇ ਹਰ ਸੰਘਰਸ਼ ਤੇ ਹਰ ਮੋਰਚੇ 'ਚ ਵਧ-ਚੜ੍ਹ ਕੇ ਹਿੱਸਾ ਲਿਆ ਸੀ। ਜਥੇਦਾਰ ਬਹਾਦਰ ਸਿੰਘ ਅਤੇ ਉਹਨਾਂ ਦੀ ਧਰਮ ਪਤਨੀ ਬੀਬੀ ਗੁਰਪਾਲ ਕੌਰ ਦੇ ਛੇ ਬੱਚੇ ਸਨ:

ਨਰਿੰਦਰ ਕੌਰ, ਹਰਭਜਨ ਸਿੰਘ, ਸੁਰਿੰਦਰਜੀਤ ਕੌਰ, ਅਰਜਿੰਦਰ ਕੌਰ, ਬਲਵਿੰਦਰ ਕੌਰ, ਗੁਰਦਰਸ਼ਨ ਸਿੰਘ ਯੋਧਾ (ਆਪ ਭਾਈ ਬਘੇਲ ਸਿੰਘ) ।

ਗੁਰਦਰਸ਼ਨ ਸਿੰਘ ਦਾ ਛੋਟਾ ਨਾਂ 'ਯੋਧਾ' ਰੱਖਣ ਲੱਗਿਆਂ ਪਰਿਵਾਰ ਨੂੰ ਇਹ ਪਤਾ ਨਹੀਂ ਸੀ ਕਿ ਇਸ ਯੋਧੇ ਦੀ ਸੂਰਬੀਰਤਾ ਦੀ ਧਾਂਕ ਸਾਰੇ ਪਾਸੇ ਪਵੇਗੀ। ਪਿੰਡ ਵਿੱਚ ਕਿਸੇ ਨੂੰ ਇਹ ਨਹੀਂ ਸੀ ਪਤਾ ਕਿ ਜਥੇਦਾਰ ਬਹਾਦਰ ਸਿੰਘ ਦੇ ਛੋਟੇ ਪੁੱਤਰ ਯੋਧੇ ਦਾ ਨਾਂ ਗੁਰਦਰਸ਼ਨ ਸਿੰਘ ਵੀ ਹੈ।

ਯੋਧੇ ਨੇ ਮੁੱਢਲੀ ਪੜ੍ਹਾਈ ਆਪਣੇ ਪਿੰਡ ਡੇਹਰੀਵਾਲ ਤੋਂ ਕੀਤੀ ਤੇ ਫਿਰ ਉਚੇਰੀ ਵਿੱਦਿਆ ਲਈ ਖ਼ਾਲਸਾ ਕਾਲਜ 'ਚ ਦਾਖਲ ਹੋ ਗਏ। ਇੱਥੇ ਹੀ ਸੁਲਤਾਨਵਿੰਡ ਵਾਲੇ ਭਾਈ ਹਰਮਿੰਦਰ ਸਿੰਘ ਵੀ ਆਪ ਦੇ ਨਾਲ਼ ਹੀ ਪੜ੍ਹਦੇ ਸਨ। ਆਪ ਦੋਹਾਂ ਦੀ ਬਹੁਤ ਹੀ ਡੂੰਘੀ ਦੋਸਤੀ ਕਾਇਮ ਹੋਈ। ਆਪ ਦੋਵੇਂ ਇੱਕ-ਦੂਜੇ ਦੇ ਘਰ ਜਾ ਕੇ ਕਈ-ਕਈ ਦਿਨ ਰਹਿੰਦੇ। ਇਹ ਦੋਸਤੀ ਸਿੱਖ ਸੰਘਰਸ਼ ਦੇ ਬਿਖੜੇ ਪੈਂਡਿਆਂ 'ਤੇ ਤੁਰਦਿਆਂ ਵੀ ਕਾਇਮ ਰਹੀ ਤੇ ਅਖੀਰ ਤਕ ਨਿਭੀ।

ਖ਼ਾਲਸਾ ਕਾਲਜ 'ਚ ਪੜ੍ਹਦਿਆਂ ਹੀ ਆਪ ਸਿੱਖ ਸਟੂਡੈਂਟਸ ਫ਼ੈਡਰੇਸ਼ਨ ਦੇ ਗਰੁੱਪ ਨਾਲ ਜੁੜੇ ਤੇ ਫਿਰ ਵੀਹਵੀਂ ਸਦੀ ਦੇ ਮਹਾਨ ਸਿੱਖ ਜਰਨੈਲ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲ਼ਿਆਂ ਦੇ ਸੰਪਰਕ ਵਿੱਚ ਆਏ। ਕਿਹਾ ਜਾਂਦਾ ਹੈ ਕਿ ਆਪ ਦਾ ਨਾਂ 'ਬਘੇਲ ਸਿੰਘ' ਸੰਤ ਜਰਨੈਲ ਸਿੰਘ ਜੀ ਨੇ ਹੀ ਰੱਖਿਆ ਸੀ। ਬੀ.ਏ. ਕਰਨ ਤੋਂ ਬਾਅਦ ਆਪ ਆਈ.ਟੀ.ਆਈ. ਕਾਲਜ ਪੱਟੀ ਵਿੱਚ ਨੌਕਰੀ ਕਰਨ ਲੱਗ ਪਏ।

ਆਪ ਦਾ ਅਨੰਦ ਕਾਰਜ ਮਿਤੀ 7 ਫ਼ਰਵਰੀ 1984 ਨੂੰ ਪਿੰਡ ਭੰਗਵਾ ਦੀ ਬੀਬੀ ਸੁਖਬੀਰ ਕੌਰ ਨਾਲ਼ ਹੋਇਆ। ਪਰ ਆਪ ਦਾ ਇਹ ਪਰਿਵਾਰਕ ਜੀਵਨ ਲੰਮਾ ਨਹੀਂ ਚੱਲ ਸਕਿਆ, ਕਿਉਂਕਿ ਆਪ ਦੇ ਵਿਆਹ ਤੋਂ ਚਾਰ ਕੁ ਮਹੀਨੇ ਬਾਅਦ ਹੀ ਭਾਰਤ ਸਰਕਾਰ ਨੇ ਸ੍ਰੀ

ਦਰਬਾਰ ਸਾਹਿਬ 'ਤੇ ਹਮਲਾ ਕਰ ਕੇ ਸਿੱਖ ਕੌਮ ਅੰਦਰਲੇ 'ਯੋਧਿਆਂ' ਨੂੰ ਘਰਾਂ ਦੀਆਂ ਬਰੂਹਾਂ ਟੱਪ ਕੇ ਰਣ-ਤੱਤੇ 'ਚ ਨਿੱਤਰਨ ਲਈ ਮਜਬੂਰ ਕਰ ਦਿੱਤਾ। ਡੇਹਰੀਵਾਲ ਪਿੰਡ ਦਾ ਇਹ 'ਯੋਧਾ' ਵੀ 'ਬਘੇਲ ਸਿੰਘ ਖ਼ਾਲਸਾ' ਦੇ ਨਾਂ ਹੇਠ ਗੁਪਤ ਤੌਰ 'ਤੇ ਸਿੱਖ ਸੰਘਰਸ਼ ਵਿੱਚ ਹਿੱਸਾ ਲੈਣ ਲੱਗ ਪਿਆ।

ਦੂਰਅੰਦੇਸ਼ ਯੁੱਧ-ਕਲਾ

ਭਾਈ ਬਘੇਲ ਸਿੰਘ ਬਹੁਤ ਹੀ ਦੂਰਅੰਦੇਸ਼ ਸਨ। ਉਹ ਸ਼ਰੇਆਮ ਆਪਣੀ ਪਛਾਣ ਜ਼ਾਹਰ ਕਰ ਕੇ ਸੰਘਰਸ਼ 'ਚ ਕੁੱਦਣ ਨੂੰ ਠੀਕ ਨਹੀਂ ਸੀ ਸਮਝਦੇ, ਸਗੋਂ ਗੁਪਤ ਤਰੀਕੇ ਨਾਲ ਨਾਂ ਬਦਲ ਕੇ ਘਰ ਰਹਿੰਦੇ ਹੋਏ ਹੀ ਗੁਰੀਲਾ ਲੜਾਈ ਲੜਨ ਨੂੰ ਤਰਜੀਹ ਦਿੰਦੇ ਸਨ। ਇਸ ਲਈ ਆਪ ਲੰਮਾ ਸਮਾਂ ਆਪਣੀ ਪਛਾਣ ਗੁਪਤ ਰੱਖ ਕੇ 'ਬਘੇਲ ਸਿੰਘ ਖ਼ਾਲਸਾ' ਦੇ ਨਾਂ ਹੇਠ ਭਾਈ ਕੰਵਰਜੀਤ ਸਿੰਘ ਸੁਲਤਾਨਵਿੰਡ ਅਤੇ ਸੁਖਜਿੰਦਰ ਸਿੰਘ ਬਰਾੜ ਜੱਬੋਵਾਲ ਨਾਲ ਮਿਲ ਕੇ ਸੇਵਾ ਕਰਦੇ ਰਹੇ। ਪੁਲੀਸ ਲਈ ਸਿਰਦਰਦੀ ਇਹ ਸੀ ਕਿ ਇਹ ਬਘੇਲ ਸਿੰਘ ਖ਼ਾਲਸਾ ਕੌਣ ਹੈ ਤੇ ਕਿਹੜੇ ਪਿੰਡ ਦਾ ਹੈ, ਕੋਈ ਪਤਾ ਨਹੀਂ ਸੀ ਲੱਗਦਾ।

ਇਸੇ ਦੌਰਾਨ ਇੱਕ ਵਾਰ ਆਪ ਜੁਝਾਰੂ ਸਰਗਰਮੀਆਂ ਦੇ ਤਹਿਤ ਗ੍ਰਿਫ਼ਤਾਰ ਵੀ ਕਰ ਲਏ ਗਏ ਤੇ 2 ਮਹੀਨੇ ਜੇਲ੍ਹ 'ਚ ਵੀ ਰਹੇ, ਪਰ ਪੁਲੀਸ ਨੂੰ ਪਤਾ ਨਾ ਲੱਗਾ ਕਿ ਇਹ ਬਘੇਲ ਸਿੰਘ ਖ਼ਾਲਸਾ ਹੈ। 2 ਮਹੀਨੇ ਬਾਅਦ ਜ਼ਮਾਨਤ 'ਤੇ ਆ ਕੇ ਆਪ ਫਿਰ ਗੁਪਤ ਸਰਗਰਮੀਆਂ 'ਚ ਰੁੱਝ ਗਏ।

ਫਿਰ ਇੱਕ ਵਾਰ 3 ਫ਼ਰਵਰੀ 1989 ਨੂੰ ਆਪ ਆਪਣੇ ਇੱਕ ਸਾਥੀ ਨਾਲ ਆਪਣੀ ਭੈਣ ਦੇ ਘਰ ਪਿੰਡ ਸਰਜਾ ਵਿਖੇ ਬੈਠੇ ਹੋਏ ਸਨ ਕਿ ਇੱਕ ਮੁਖ਼ਬਰ ਨੇ ਪੁਲੀਸ ਨੂੰ ਇਤਲਾਹ ਦਿੱਤੀ ਕਿ ਬਘੇਲ ਸਿੰਘ ਖ਼ਾਲਸਾ ਆਪਣੇ ਸਾਥੀਆਂ ਨਾਲ ਉਕਤ ਥਾਂ 'ਤੇ ਬੈਠਾ ਹੋਇਆ ਹੈ। ਅੰਮ੍ਰਿਤਸਰ ਤੇ ਜੰਡਿਆਲਾ ਦੀ ਪੁਲੀਸ ਫ਼ੋਰਸ ਨੇ ਬੜੀ ਯੋਜਨਾ ਨਾਲ ਘੇਰਾ ਪਾ ਕੇ ਛਾਪਾ ਮਾਰਿਆ। ਆਪ ਦੇ ਨਾਲ ਰਸੂਲਪੁਰ ਡੱਡੂਆਣਾ ਦਾ ਭਾਈ ਹਰਜੀਤ ਸਿੰਘ ਬੱਬਰ ਵੀ ਸੀ, ਜੋ ਪੁਲੀਸ ਨੂੰ ਝਕਾਨੀ ਦੇ ਕੇ ਭੱਜ ਨਿਕਲਿਆ, ਪਰ ਘੇਰਾ ਘੱਤੀ ਬੈਠੀ ਪੁਲੀਸ ਨੇ ਗੋਲੀ ਚਲਾ ਕੇ ਉਸ ਨੂੰ ਢੇਰ ਕਰ ਦਿੱਤਾ। ਆਪ ਸਮਝ ਗਏ ਕਿ ਫ਼ਰਾਰ ਹੋਣ ਦੀ ਕੋਸ਼ਿਸ਼ ਕਰਨ ਦੀ ਬਜਾਏ ਹੁਣ ਤਸ਼ੱਦਦ ਝੱਲ ਕੇ ਅਡੋਲ ਰਹਿਣ ਦੀ ਤਿਆਰੀ ਕਰਨੀ ਚਾਹੀਦੀ ਹੈ।

ਪੁਲੀਸ ਆਪ ਦੇ ਨਾਲ ਆਪ ਦੇ ਭਣੇਵੇਂ ਜਗਦੇਵ ਸਿੰਘ ਤੇ ਜੋਧਬੀਰ ਸਿੰਘ ਨੂੰ ਵੀ ਗ੍ਰਿਫ਼ਤਾਰ ਕਰ ਕੇ ਲੈ ਗਈ। ਅੰਮ੍ਰਿਤਸਰ ਦੇ ਬੀ.ਆਰ. ਮਾਡਰਨ ਸਕੂਲ (ਤਸੀਹਾ ਕੇਂਦਰ) ਵਿੱਚ ਤਿੰਨਾਂ ਉੱਪਰ ਅਥਾਹ ਤਸ਼ੱਦਦ ਕੀਤਾ ਗਿਆ। ਪੁਲੀਸ ਅਫ਼ਸਰ ਤਿੰਨਾਂ ਨੂੰ ਹੀ ਵੱਖੋ-ਵੱਖ ਟਾਰਚਰ ਕਰਦੇ ਹੋਏ ਹਰਫਲਿਆਂ ਵਾਂਗ ਇੱਕ ਹੀ ਸਵਾਲ ਪੁੱਛ ਰਹੇ ਸਨ:

"ਤੁਹਾਡੇ 'ਚੋਂ ਬਘੇਲ ਸਿੰਘ ਕਿਹੜੈ...?"

ਪਰ ਪੁਲੀਸ ਦਾ ਤਸ਼ੱਦਦ ਹਾਰ ਗਿਆ ਤੇ ਉਹ ਇਹ ਪਤਾ ਨਾ ਲਾ ਸਕੇ ਕਿ ਬਘੇਲ ਸਿੰਘ ਖ਼ਾਲਸਾ ਕੌਣ ਹੈ। ਖ਼ਬਰ ਦੇਣ ਵਾਲਾ ਮੁਖ਼ਬਰ ਵੀ ਇਹ ਪੱਕੀ ਤਰ੍ਹਾਂ ਨਹੀਂ ਸੀ ਜਾਣਦਾ ਕਿ

ਬਘੇਲ ਸਿੰਘ ਅਸਲ ਵਿੱਚ ਹੈ ਕੌਣ, ਉਸ ਨੂੰ ਜਿੰਨੀ ਕੁ ਖਬਰ ਮਿਲੀ ਸੀ, ਉਸ ਨੇ ਪੁਲੀਸ ਤਕ ਪਹੁੰਚਾ ਦਿੱਤੀ ਸੀ, ਜਿਸ ਕਾਰਨ ਪੁਲੀਸ ਆਪ ਵਿੱਚੋਂ ਕੁਝ ਵੀ ਨਾ ਕੱਢ ਸਕੀ। ਫਿਰ ਵੀ ਆਪ ਉੱਪਰ ਕਈ ਕੇਸ ਪਾ ਕੇ ਆਪ ਨੂੰ ਜੇਲ੍ਹ ਭੇਜ ਦਿੱਤਾ ਗਿਆ।

ਕੁਝ ਸਮਾਂ ਜੇਲ੍ਹ 'ਚ ਰਹਿਣ ਤੋਂ ਬਾਅਦ ਆਪ ਜ਼ਮਾਨਤ ਕਰਵਾ ਕੇ ਬਾਹਰ ਆ ਗਏ ਤੇ ਫਿਰ ਘਰ ਰਹਿ ਕੇ ਗੁਰੀਲਾ ਯੁੱਧ ਅਰੰਭ ਕਰ ਦਿੱਤਾ; ਪਰ ਹੁਣ ਸਰਕਾਰੀ ਖੁਫ਼ੀਆ ਤੰਤਰ ਦੀ ਨਜ਼ਰ ਆਪ ਉੱਪਰ ਹਰ ਵੇਲੇ ਰਹਿੰਦੀ ਸੀ। ਇਹੀ ਕਾਰਨ ਸੀ ਕਿ ਆਪ ਪਹਿਲਾਂ ਵਾਂਗ ਗੁਪਤ ਤੌਰ 'ਤੇ ਗੁਰੀਲਾ ਸਰਗਰਮੀਆਂ ਜਾਰੀ ਨਾ ਰੱਖ ਸਕੇ। ਥੋੜ੍ਹੀ ਸੂਹ ਮਿਲਦਿਆਂ ਹੀ ਜੰਡਿਆਲਾ ਥਾਣੇ ਦੇ ਚਰਚਿਤ ਐਸ.ਐਚ.ਓ. ਸੂਰੀ ਨੇ ਆਪ ਦੇ ਪਿੰਡ ਆਪ ਨੂੰ ਗ੍ਰਿਫ਼ਤਾਰ ਕਰਨ ਲਈ ਛਾਪਾ ਮਾਰਿਆ। ਹੁਣ ਆਪ ਨੇ ਪੁਲੀਸ ਦੇ ਹੱਥ ਆਉਣ ਦੀ ਬਜਾਏ ਰੂਪੋਸ਼ ਹੋ ਜਾਣਾ ਹੀ ਠੀਕ ਸਮਝਿਆ ਤੇ ਭੱਜ ਨਿਕਲ਼ੇ। ਸੂਰੀ ਨੇ ਆਪ ਦੇ ਪਿੱਛੇ ਕਾਫ਼ੀ ਗੋਲ਼ੀਆਂ ਚਲਾਈਆਂ, ਪਰ ਆਪ ਇੱਕ ਸਿੱਖਿਅਤ ਫ਼ੌਜੀ ਵਾਂਗ ਬਚ ਨਿਕਲ਼ੇ। ਹੁਣ ਘਰ ਛੱਡ ਕੇ ਰੂਪੋਸ਼ ਰਹਿੰਦਿਆਂ ਸੇਵਾ ਕਰਨੀ ਆਪ ਦੀ ਮਜਬੂਰੀ ਸੀ।

ਕਲਮ ਦੀ ਜੰਗ ਵੀ

ਆਪ ਜਿੱਥੇ ਹੱਥ ਵਿੱਚ ਹਥਿਆਰ ਫੜ ਕੇ ਗੁਰੀਲਾ ਜੰਗ ਲੜਨ ਵਿੱਚ ਪੂਰੇ ਮਾਹਰ ਸਨ, ਉੱਥੇ ਨਾਲ਼ ਹੀ ਆਪ ਕਲਮ ਦੇ ਵੀ ਧਨੀ ਸਨ। ਆਪ ਦੀਆਂ ਲਿਖਤਾਂ ਜੋ ਕਿ ਓਸ ਸਮੇਂ ਦੇ ਵੱਖ-ਵੱਖ ਪੰਥਕ ਮੈਗਜ਼ੀਨਾਂ ਵਿੱਚ ਛਪਦੀਆਂ ਸਨ, ਉਹਨਾਂ 'ਚੋਂ ਕਮਾਲ ਦੀ ਵਿਦਵਤਾ ਝਲਕਦੀ ਸੀ। ਇਹਨਾਂ ਲਿਖਤਾਂ ਰਾਹੀਂ ਆਪ ਜਿੱਥੇ ਆਮ ਲੋਕਾਈ ਨੂੰ ਜੁਝਾਰੂ ਸਿੰਘਾਂ ਦਾ ਪੱਖ ਬੜੇ ਵਧੀਆ ਢੰਗ ਨਾਲ਼ ਸਮਝਾਉਂਦੇ, ਓਥੇ ਨਾਲ਼ ਹੀ ਜੁਝਾਰੂ ਸਿੰਘਾਂ ਨੂੰ ਵੀ ਗੁਰਮਤਿ ਦੇ ਆਧਾਰ 'ਤੇ ਸੇਧ ਪ੍ਰਦਾਨ ਕਰਦੇ ਸਨ। ਫ਼ਰਵਰੀ 1991 'ਚ ਪ੍ਰਧਾਨ ਮੰਤਰੀ ਚੰਦਰ ਸ਼ੇਖਰ ਦੇ ਨਾਂ ਲਿਖੀ ਆਪ ਦੀ ਖੁੱਲ੍ਹੀ ਚਿੱਠੀ ਵਿਦਵਾਨ ਹਲਕਿਆਂ 'ਚ ਕਾਫ਼ੀ ਚਰਚਿਤ ਰਹੀ।

ਜਦੋਂ ਡਾ. ਸੋਹਣ ਸਿੰਘ ਵਾਲ਼ੀ ਪੰਥਕ ਕਮੇਟੀ ਹੋਂਦ ਵਿੱਚ ਆਈ ਤਾਂ ਆਪ ਦੀ ਵਿਦਵਤਾ ਨੂੰ ਧਿਆਨ ਵਿੱਚ ਰੱਖਦੇ ਹੋਏ ਆਪ ਨੂੰ ਉਸ ਵਿੱਚ ਮੈਂਬਰ ਲਿਆ ਗਿਆ, ਪਰ ਆਪ ਨੇ ਸੇਵਾ ਤੇ ਨਿਰਮਾਣਤਾ ਦੀ ਮਿਸਾਲ ਪੇਸ਼ ਕਰਦਿਆਂ ਇਹ ਮੈਂਬਰੀ ਪ੍ਰਵਾਨ ਨਾ ਕੀਤੀ ਤੇ ਆਪਣੀ ਥਾਂ 'ਤੇ ਆਪਣੇ ਦੋਸਤ ਭਾਈ ਹਰਮਿੰਦਰ ਸਿੰਘ ਸੁਲਤਾਨਵਿੰਡ ਨੂੰ ਮੈਂਬਰ ਬਣਵਾਇਆ। ਆਪ ਦੇ ਯਤਨਾਂ ਨਾਲ਼ ਇੱਕਮੁੱਠ ਹੋਈਆਂ ਪੰਜ ਜੁਝਾਰੂ ਜਥੇਬੰਦੀਆਂ ਦੇ ਪ੍ਰੈੱਸ ਸਕੱਤਰ ਦੀ ਜ਼ਿੰਮੇਵਾਰੀ ਆਪ ਵਧੀਆ ਢੰਗ ਨਾਲ਼ ਨਿਭਾਉਂਦੇ ਰਹੇ। ਇਸ ਦੌਰਾਨ ਆਪ ਨੇ ਜੁਝਾਰੂ ਸਿੰਘਾਂ ਦੀਆਂ ਵੱਖ-ਵੱਖ ਜਥੇਬੰਦੀਆਂ 'ਚ ਏਕਤਾ ਕਰਵਾਉਣ ਲਈ ਵਿਸ਼ੇਸ਼ ਉਪਰਾਲੇ ਕੀਤੇ, ਜਿਨ੍ਹਾਂ ਦੇ ਬੜੇ ਚੰਗੇ ਨਤੀਜੇ ਨਿਕਲਣ ਲੱਗੇ।

ਇਸ ਦੌਰਾਨ ਆਪ ਜੀ ਦੇ ਭਤੀਜੇ ਭਾਈ ਬਲਵਾਨ ਸਿੰਘ ਅਤੇ ਭਣੇਵੇਂ ਭਾਈ ਜਗਦੇਵ ਸਿੰਘ ਨੇ ਵੀ ਰੂਪੋਸ਼ ਹੋ ਕੇ ਕੌਮ ਦੀ ਸੇਵਾ ਕਰਨ ਦਾ ਮਨ ਬਣਾਇਆ। ਜਦੋਂ ਆਪ ਨੂੰ ਇਸ ਦਾ ਪਤਾ ਲੱਗਾ ਤਾਂ ਆਪ ਨੇ ਉਹਨਾਂ ਦੋਹਾਂ ਨੂੰ ਬੁਲਾ ਕੇ ਸਮਝਾਇਆ ਕਿ ਰੂਪੋਸ਼ ਹੋਣਾ ਠੀਕ ਨਹੀਂ, ਸੇਵਾ ਘਰ 'ਚ ਰਹਿੰਦਿਆਂ ਗੁਪਤ ਤੌਰ 'ਤੇ ਵੀ ਕੀਤੀ ਜਾ ਸਕਦੀ ਹੈ।

ਇਹ ਸੁਣ ਕੇ ਆਪ ਦਾ ਭਤੀਜਾ ਬਲਵਾਨ ਸਿੰਘ ਕਹਿਣ ਲੱਗਾ- "ਮੈਂ ਤੁਹਾਡੀ ਗੱਲ ਮੰਨ ਲੈਨਾਂ, ਪਰ ਮੈਨੂੰ ਇੱਕ ਗੱਲ ਦਾ ਜੁਆਬ ਦੇ ਦਿਓ ਕਿ ਅਗਾਂਹ ਤੁਰਨ ਦੀ ਅਰਦਾਸ ਕਰ ਕੇ ਸਿੱਖ ਵਾਪਸ ਮੁੜ ਸਕਦੈ...?"

ਭਾਈ ਬਘੇਲ ਸਿੰਘ ਕਹਿੰਦੇ, "ਨਹੀਂ...।"

"ਤਾਂ ਫਿਰ ਅਸੀਂ ਹੁਣ ਰੂਪੋਸ਼ ਹੋ ਕੇ ਸੇਵਾ ਕਰਨ ਦੀ ਅਰਦਾਸ ਕਰ ਚੁੱਕੇ ਆਂ..."- ਉਹਨਾਂ ਕਿਹਾ।

ਹੁਣ ਭਾਈ ਬਘੇਲ ਸਿੰਘ ਕਹਿਣ ਲੱਗੇ- "ਚਲੋ ਜੇ ਤੁਸੀਂ ਅਰਦਾਸ ਕਰ ਹੀ ਚੁੱਕੇ ਹੋ ਤਾਂ ਕਰੋ ਸੇਵਾ...ਪਰ ਯਾਦ ਰੱਖਿਓ...ਕਿਸੇ ਨਾਲ ਧੱਕਾ ਨਹੀਂ ਕਰਨਾ, ਗੁਰਮਤਿ 'ਤੇ ਪਹਿਰਾ ਦੇਣਾ, ਕਿਸੇ ਤੋਂ ਜਬਰੀ ਪੈਸਾ ਨਹੀਂ ਲੈਣਾ....ਐਵੇਂ ਕਿਸੇ ਦੇ ਕਹਿਣ 'ਤੇ ਨਹੱਕ ਕੋਈ ਬੰਦਾ ਨੀਂ ਮਾਰਨਾ...।"

ਉਹਨਾਂ ਦੋਹਾਂ ਨੇ ਇਹ ਗੱਲਾਂ ਧਿਆਨ 'ਚ ਰੱਖਣ ਦਾ ਅਹਿਦ ਕੀਤਾ ਤੇ ਰੂਪੋਸ਼ ਹੋ ਕੇ ਸੰਘਰਸ਼ 'ਚ ਸੇਵਾ ਕਰਨ ਲੱਗੇ।

ਇਸ ਸੇਵਾ ਦੇ ਦੌਰਾਨ ਛੇਤੀ ਹੀ ਆਪ ਦਾ ਭਣੇਵਾਂ ਜਗਦੇਵ ਸਿੰਘ, ਇੱਕ ਦਿਨ ਡਾ. ਜਸਵਿੰਦਰ ਸਿੰਘ ਮਨਿਹਾਲਾ ਦੇ ਨਾਲ ਸ੍ਰੀ ਅੰਮ੍ਰਿਤਸਰ ਵਿਖੇ ਕੰਪਨੀ ਬਾਗ 'ਚ ਬੈਠਾ ਸੀ ਕਿ ਪੁਲੀਸ ਦਾ ਘੇਰਾ ਪੈ ਗਿਆ। ਉਹ ਦੋਵੇਂ ਹੀ ਓਥੇ ਮੁਕਾਬਲਾ ਕਰਦੇ ਸ਼ਹੀਦ ਹੋ ਗਏ।

ਸ਼ਹੀਦ ਭਾਈ ਜਗਦੇਵ ਸਿੰਘ ਦਾ ਸਸਕਾਰ ਉਹਨਾਂ ਦੇ ਪਿੰਡ ਸਰਜਾ ਵਿਖੇ ਹੀ ਕੀਤਾ ਗਿਆ, ਜਿੱਥੇ ਕਿ ਭਾਈ ਬਘੇਲ ਸਿੰਘ ਜੀ ਦੇ ਭਤੀਜੇ ਭਾਈ ਬਲਵਾਨ ਸਿੰਘ ਤੇ ਉਹਨਾਂ ਦੇ ਸਾਥੀਆਂ ਨੇ ਉਹਨਾਂ ਨੂੰ ਅਸਾਲਟਾਂ 'ਚੋਂ ਫ਼ਾਇਰ ਕੱਢ ਕੇ ਸਲਾਮੀ ਦਿੱਤੀ।

ਅਸਾਲਟਾਂ ਨਾਲ਼ ਸ਼ਹੀਦ ਸਿੰਘਾਂ ਨੂੰ ਸਲਾਮੀ ਦੇਣ ਦੀਆਂ ਖ਼ਬਰਾਂ ਅਖ਼ਬਾਰਾਂ ਵਿੱਚ ਵੀ ਛਪੀਆਂ ਤੇ ਪਾਰਲੀਮੈਂਟ ਤਕ ਰੌਲ਼ਾ ਪੈ ਗਿਆ। ਇਸ ਤੋਂ ਬਾਅਦ ਪੁਲੀਸ ਨੇ ਆਪਣਾ ਨੱਕ ਰੱਖਣ ਲਈ ਡੇਹਰੀਵਾਲ ਦੇ ਖੇਤਾਂ ਵਿੱਚ ਭਾਈ ਬਲਵਾਨ ਸਿੰਘ ਦੇ ਗਰੁੱਪ ਨੂੰ ਵੀ ਇੱਕ ਵੱਡੀ ਕਾਰਵਾਈ ਕਰਦਿਆਂ ਘੇਰ ਲਿਆ ਤੇ ਹਥਿਆਰ ਸੁੱਟਣ ਦੀ ਚਿਤਾਵਨੀ ਦਿੱਤੀ; ਪਰ ਸਿੰਘਾਂ ਨੇ ਅੰਦਰੋਂ ਇਸ ਚਿਤਾਵਨੀ ਦਾ ਜਵਾਬ ਗੋਲ਼ੀ ਨਾਲ਼ ਦਿੱਤਾ।

ਪੁਲੀਸ ਨੇ ਅਨਾਊਂਸਮੈਂਟ ਕੀਤੀ- "ਹੱਥ ਖੜ੍ਹੇ ਕਰ ਕੇ ਬਾਹਰ ਆ ਜੋ....ਨਈਂ ਤਾਂ ਬੰਬ ਮਾਰ ਕੇ ਤੁੰਬੇ ਉਡਾ ਦਿਆਂਗੇ....।"

ਬਲਵਾਨ ਸਿੰਘ ਨੇ ਗਰਜ ਕੇ ਜਵਾਬ 'ਚ ਕਿਹਾ- "ਜਦੋਂ ਸ਼ਗਨ ਲਾਉਣ ਆਈਏ ਤਾਂ ਰੁਪਈਆ ਹੱਥ 'ਤੇ ਧਰ ਕੇ ਜਾਈਦਾ....ਨਾਲ਼ ਲੈ ਕੇ ਜਾਣ ਦੀ ਜ਼ਿਦ ਨੀਂ ਕਰੀਦੀ....।"

ਇਹ ਕਹਿ ਕੇ ਉਹਨਾਂ ਅੰਦਰੋਂ ਗੋਲ਼ੀ ਚਲਾ ਦਿੱਤੀ ਤੇ ਕਈ ਪੁਲੀਸ ਵਾਲ਼ੇ ਵਿਛਾ ਦਿੱਤੇ। ਗਹਿਗੱਚ ਮੁਕਾਬਲਾ ਹੋਇਆ। ਭਾਈ ਬਲਵਾਨ ਸਿੰਘ ਤੇ ਛੇ ਹੋਰ ਸਿੰਘ ਸ਼ਹੀਦ ਹੋ ਗਏ। ਪੁਲੀਸ ਵਾਲ਼ਿਆਂ ਦਾ ਵੀ ਕਾਫ਼ੀ ਜਾਨੀ ਨੁਕਸਾਨ ਹੋਇਆ।

ਗ੍ਰਿਫ਼ਤਾਰੀ

ਭਾਈ ਬਘੇਲ ਸਿੰਘ ਇਸੇ ਹੀ ਤਰ੍ਹਾਂ ਸੰਘਰਸ਼ 'ਚ ਬੜੀ ਸੂਝ-ਬੂਝ ਨਾਲ ਅਗਵਾਈ ਦਿੰਦੇ ਰਹੇ। ਫਿਰ ਇੱਕ ਦਿਨ ਆਪ ਨੂੰ ਦਸੰਬਰ 1991 ਦੇ ਅਖੀਰ ਵਿੱਚ ਬਿਹਾਰ ਦੀ ਜਮਸ਼ੇਦਪੁਰ ਪੁਲੀਸ ਨੇ ਟਾਟਾ ਨਗਰ ਤੋਂ ਇੱਕ ਸਾਥੀ ਬਾਬਾ ਬਲਕਾਰ ਸਿੰਘ ਦੇ ਨਾਲ ਗ੍ਰਿਫ਼ਤਾਰ ਕਰ ਲਿਆ। ਆਪ ਦੀ ਗ੍ਰਿਫ਼ਤਾਰੀ ਦਾ ਪਤਾ ਲੱਗਣ 'ਤੇ ਆਪ ਦੇ ਵੱਡੇ ਭਰਾਤਾ ਭਾਈ ਹਰਭਜਨ ਸਿੰਘ ਜੀ ਆਪ ਦੀ ਮੁਲਾਕਾਤ ਕਰਨ ਲਈ ਜਾ ਪਹੁੰਚੇ। ਆਪ ਨੇ ਉਹਨਾਂ ਨੂੰ ਕਿਹਾ, "ਮੈਨੂੰ ਤਾਂ ਇਹਨਾਂ ਨੇ ਕਿਸੇ ਹਾਲਤ 'ਚ ਨਹੀਂ ਛੱਡਣਾ, ਇਸ ਲਈ ਤੁਸੀਂ ਬਲਕਾਰ ਸਿੰਘ ਨੂੰ ਕਿਸੇ ਤਰੀਕੇ ਨਾਲ ਛੁਡਾ ਲਓ।"

ਇਹ ਸੁਣ ਕੇ ਆਪ ਦੇ ਵੱਡੇ ਭਰਾ ਸ. ਹਰਭਜਨ ਸਿੰਘ ਜਿਨ੍ਹਾਂ ਨੇ ਆਪ ਨੂੰ ਬਚਪਨ ਤੋਂ ਹੀ ਪਾਲਿਆ ਸੀ, ਦੀਆਂ ਅੱਖਾਂ ਭਰ ਆਈਆਂ। ਇਹ ਵੇਖ ਕੇ ਆਪ ਕਹਿਣ ਲੱਗੇ:

"ਭਾਊ, ਫ਼ਿਕਰ ਨੀਂ ਕਰਨਾ...ਰੋਣਾ ਨੀਂ...ਰਲ-ਮਿਲ ਕੇ ਰਹਿਣੈ...।"

ਭਾਈ ਹਰਭਜਨ ਸਿੰਘ ਨੇ ਆਪ ਦੀ ਪੈਰਵੀ ਕਰਨ ਦੀ ਕੋਸ਼ਿਸ਼ ਕੀਤੀ ਤਾਂ ਉਹਨਾਂ ਨੂੰ ਵੀ ਧਮਕੀਆਂ ਦਿੱਤੀਆਂ ਗਈਆਂ। ਫਿਰ ਇਸੇ ਦੌਰਾਨ ਹੀ ਜਨਵਰੀ 1992 ਨੂੰ ਪੰਜਾਬ ਪੁਲੀਸ ਆਪ ਨੂੰ ਇੱਕ ਵਿਸ਼ੇਸ਼ ਹਵਾਈ ਜਹਾਜ਼ ਰਾਹੀਂ ਪੰਜਾਬ ਲੈ ਆਈ। ਹੁਣ ਲਗਭਗ ਤੈਅ ਸੀ ਕਿ ਆਪ ਉੱਪਰ ਅੰਨ੍ਹਾ ਤਸ਼ੱਦਦ ਕਰ ਕੇ ਆਪ ਨੂੰ ਸ਼ਹੀਦ ਕਰ ਦਿੱਤਾ ਜਾਵੇਗਾ, ਇਸ ਲਈ ਵੱਖ-ਵੱਖ ਪੰਥਕ ਧਿਰਾਂ ਨੇ ਅਖ਼ਬਾਰਾਂ ਰਾਹੀਂ ਆਪ ਨੂੰ ਅਦਾਲਤ 'ਚ ਪੇਸ਼ ਕਰਨ ਦੀਆਂ ਅਪੀਲਾਂ ਕੀਤੀਆਂ।

ਮਿਤੀ 11 ਜਨਵਰੀ 1992 ਦੀਆਂ ਅਖ਼ਬਾਰਾਂ 'ਚ ਜਸਟਿਸ ਅਜੀਤ ਸਿੰਘ ਬੈਂਸ ਤੇ ਹੋਰ ਮਨੁੱਖੀ ਹੱਕਾਂ ਲਈ ਕੰਮ ਕਰ ਰਹੀਆਂ ਉੱਘੀਆਂ ਸ਼ਖ਼ਸੀਅਤਾਂ, ਪੈਗ਼ਾਮ ਗਰੁੱਪ ਵੱਲੋਂ ਗੁਰਮੀਤ ਸਿੰਘ, ਨਵਦੀਪ ਸਿੰਘ ਬਿੱਟੂ, ਮਾਨ ਦਲ, ਬਾਦਲ ਦਲ, ਬੱਬਰ ਅਕਾਲੀ ਦਲ, ਫ਼ੈਡਰੇਸ਼ਨਾਂ ਤੇ ਜੁਝਾਰੂ ਜਥੇਬੰਦੀਆਂ ਦੇ ਬਿਆਨ ਅਖ਼ਬਾਰਾਂ 'ਚ ਛਪੇ ਕਿ ਭਾਈ ਬਘੇਲ ਸਿੰਘ ਨੂੰ ਅਦਾਲਤ 'ਚ ਪੇਸ਼ ਕੀਤਾ ਜਾਵੇ, ਪਰ ਬੁਖਲਾਈ ਹੋਈ ਹਿੰਦ ਸਰਕਾਰ ਇਸ ਦੂਰਅੰਦੇਸ਼ ਤੇ ਵਿਦਵਾਨ ਜੁਝਾਰੂ ਨੂੰ ਜਿਉਂਦਾ ਛੱਡਣ ਦਾ ਖ਼ਤਰਾ ਮੁੱਲ ਨਹੀਂ ਸੀ ਲੈਣਾ ਚਾਹੁੰਦੀ।

ਸ਼ਹੀਦੀ

ਭਾਈ ਬਘੇਲ ਸਿੰਘ ਨੇ ਫੜੇ ਜਾਣ ਤੋਂ ਥੋੜ੍ਹਾ ਹੀ ਸਮਾਂ ਪਹਿਲਾਂ ਮੌਕੇ ਦੇ ਪ੍ਰਧਾਨ ਮੰਤਰੀ ਨਰਸਿਮ੍ਹਾ ਰਾਓ ਨੂੰ ਖੁੱਲ੍ਹਾ ਖ਼ਤ ਲਿਖਿਆ ਸੀ, ਜੋ ਕਿ 'ਜਨਤਕ ਪੈਗ਼ਾਮ' ਨੇ ਬਾਅਦ 'ਚ ਫ਼ਰਵਰੀ '92 ਦੇ ਅੰਕ 'ਚ ਛਾਪਿਆ, ਉਸ ਵਿੱਚ ਆਪ ਨੇ ਲਿਖਿਆ ਸੀ:

"....ਅਸੀਂ ਵੀ ਓਸੇ ਹੀ ਅੰਸ਼ ਵਿੱਚੋਂ ਹਾਂ, ਓਸੇ ਹੀ ਗੁਰੂ ਨਾਨਕ ਸਾਹਿਬ ਦੀ ਔਲਾਦ ਹਾਂ ਤੇ ਸਾਡਾ ਨਾਉਂ 'ਖ਼ਾਲਸਾ' ਹੈ। ਸੀਸ ਤਲੀ 'ਤੇ ਧਰ ਕੇ ਲੜਨਾ, ਦੇਗਾਂ 'ਚ ਉਬਲਣਾ, ਚਰਖੜੀਆਂ 'ਤੇ ਚੜ੍ਹਨਾ, ਰੰਬੀਆਂ ਨਾਲ ਖੋਪਰੀਆਂ ਉੱਤਰਾਉਣੀਆਂ, ਆਰਿਆਂ ਨਾਲ ਸਿਰ ਧੜ ਚਿਰਾਉਣੇ ਪਰ ਦੇਸ਼-ਧਰਮ ਅਤੇ ਕੌਮ ਨਾਲ ਵਫ਼ਾਦਾਰੀ ਨਿਭਾਉਣੀ ਸਾਡਾ ਕਰਤਵ ਹੈ....।"

ਇਹ ਲਿਖੇ ਹੋਏ ਬਚਨ ਪ੍ਰਕਾਸ਼ਿਤ ਹੋਣ ਤੋਂ ਪਹਿਲਾਂ ਹੀ ਆਪ ਲਈ ਉਹਨਾਂ ਨੂੰ ਪੁਗਾਉਣ ਦਾ ਸਮਾਂ ਆ ਪਹੁੰਚਿਆ ਸੀ। ਭਾਈ ਬਘੇਲ ਸਿੰਘ ਦੀ ਕਰਨੀ, ਉਹਨਾਂ ਦੀ ਕਥਨੀ 'ਤੇ ਖਰੀ ਉੱਤਰੀ। ਪੁਲੀਸ ਦੇ ਜੱਲਾਦਾਂ ਨੇ ਗਰਮ ਸਲਾਖਾਂ ਆਪ ਦੇ ਸਰੀਰ 'ਚੋਂ ਆਰ-ਪਾਰ ਕਰ ਦਿੱਤੀਆਂ, ਆਪ ਦਾ ਸਾਰਾ ਸਰੀਰ ਸਾੜ ਦਿੱਤਾ, ਪਰ ਆਪ ਪੂਰੀ ਚੜ੍ਹਦੀ ਕਲਾ 'ਚ ਉਹਨਾਂ ਜੱਲਾਦਾਂ ਨੂੰ ਸਿੱਖੀ ਸਿਦਕ ਦੇ ਪ੍ਰਤੱਖ ਦਰਸ਼ਨ ਕਰਵਾਉਂਦੇ ਰਹੇ। ਪੁਲੀਸ ਵਿਭਾਗ 'ਚੋਂ ਹੀ ਇਹ ਗੱਲ ਬਾਹਰ ਨਿਕਲੀ ਸੀ ਕਿ ਲਗਾਤਾਰ ਇਸ ਵਹਿਸ਼ੀ ਤਸ਼ੱਦਦ ਦੇ ਛੇਵੇਂ ਦਿਨ ਆਪ ਨੇ ਪੁਲੀਸ ਅਫਸਰਾਂ ਨੂੰ ਚੜ੍ਹਦੀ ਕਲਾ 'ਚ ਕਿਹਾ:

"ਤੁਸੀਂ ਆਪਣੇ ਮੂੰਹੋਂ ਇਹ ਸ਼ਬਦ ਕਹੋਗੇ ਕਿ ਸ਼ਹੀਦ ਭਾਈ ਤਾਰੂ ਸਿੰਘ ਤੇ ਸ਼ਹੀਦ ਭਾਈ ਮਨੀ ਸਿੰਘ ਵਰਗੇ ਸੂਰਮੇ ਅੱਜ ਵੀ ਧਰਤੀ 'ਤੇ ਮੌਜੂਦ ਨੇ......।"

ਤੇ ਇਸੇ ਹੀ ਤਰ੍ਹਾਂ ਪੂਰੀ ਸਿਦਕ-ਦਿਲੀ ਨਾਲ਼ ਤਸ਼ੱਦਦ ਝੱਲਦੇ ਹੋਏ ਆਪ ਸ਼ਹਾਦਤ ਦਾ ਜਾਮ ਪੀ ਗਏ। ਆਪ ਦੀ ਛਾਤੀ 'ਚੋਂ ਜੁਝਾਰੂ ਲਹਿਰ ਦੇ ਅਹਿਮ ਭੇਤ ਕੱਢਣ ਲਈ ਤਰਲੋਮੱਛੀ ਹੋਈ ਜੱਲਾਦਾਂ ਦੀ ਢਾਣੀ ਹੱਥ ਮਲਦੀ ਰਹਿ ਗਈ। ਫਿਰ ਉਹਨਾਂ ਨੇ 20 ਜਨਵਰੀ 1992 ਦੀਆਂ ਅਖ਼ਬਾਰਾਂ ਵਿਚ ਨਸ਼ਰ ਕੀਤਾ ਕਿ ਭਾਈ ਬਘੇਲ ਸਿੰਘ ਪੁਲੀਸ ਹਿਰਾਸਤ 'ਚੋਂ ਫ਼ਰਾਰ ਹੋਣ ਦੀ ਕੋਸ਼ਿਸ਼ ਵਿਚ ਪਿੰਡ ਗੱਗੜਭਾਣੇ ਕੋਲ ਟਰੱਕ ਹੇਠ ਆ ਕੇ ਕੁਚਲੇ ਗਏ ਹਨ।

ਹਿੰਦ ਹਕੂਮਤ ਨੇ ਇੱਕ ਰੌਸ਼ਨ ਦਿਮਾਗ ਜੁਝਾਰੂ ਜਰਨੈਲ ਨੂੰ ਬੇਸ਼ੱਕ ਸਰੀਰਿਕ ਤੌਰ 'ਤੇ ਖ਼ਤਮ ਕਰ ਦਿੱਤਾ, ਪਰ ਉਹਨਾਂ ਦੀਆਂ ਲਿਖਤਾਂ ਸਦਾ ਹੀ ਵੀਹਵੀਂ ਸਦੀ ਦੇ ਦੋ ਅੰਤਲੇ ਦਹਾਕਿਆਂ ਵਿਚ ਚੱਲੀ ਸਿੱਖ ਜੁਝਾਰੂ ਲਹਿਰ ਦੇ ਕਾਰਨ ਲੱਭਣ ਤੁਰੇ ਜਗਿਆਸੂਆਂ ਤੇ ਇਤਿਹਾਸਕਾਰਾਂ ਲਈ ਚਾਨਣ ਮੁਨਾਰੇ ਦਾ ਕੰਮ ਦਿੰਦੀਆਂ ਰਹਿਣਗੀਆਂ।

ਸਾਡਾ ਦੇਸ਼ ਕਿਹੜਾ ?

(ਸ਼ਹੀਦ ਭਾਈ ਬਘੇਲ ਸਿੰਘ ਜੀ ਦੀ ਆਖਰੀ ਲਿਖਤ, ਜੋ ਕਿ ਓਦੋਂ ਦੇ ਪ੍ਰਧਾਨ ਮੰਤਰੀ ਨਰਸਿਮ੍ਹਾ ਰਾਓ ਨੂੰ ਖੁੱਲ੍ਹੀ ਚਿੱਠੀ ਸੀ ਅਤੇ ਜੋ ਉਹਨਾਂ ਦੀ ਸ਼ਹਾਦਤ ਤੋਂ ਬਾਅਦ ਫ਼ਰਵਰੀ 1992 ਦੇ 'ਜਨਤਕ ਪੈਗ਼ਾਮ' ਵਿਚ ਛਪੀ, ਵਿੱਚੋਂ ਕੁਝ ਅੰਸ਼)

ਸਾਡਾ ਦੇਸ਼ ਕਿਹੜਾ ਹੈ? ਜਿੱਥੇ ਧਰਮ ਦਾ ਰਾਜ ਹੋਵੇ, ਗਊ ਗਰੀਬ ਦੀ ਰਾਖੀ ਹੁੰਦੀ ਹੋਵੇ, ਹਰ ਛੋਟਾ ਵੱਡਾ ਇਨਸਾਫ਼ ਦੀ ਆਸ ਰੱਖਦਾ ਹੋਵੇ। ਸਾਡਾ ਦੇਸ਼ ਉਹ ਹੈ, ਜੋ ਦਿੱਲੀ ਦੇ ਚੋਰਾਂ ਨੇ ਕਪਟ ਨਾਲ਼ ਸਾਡੇ ਤੋਂ ਖੋਹ ਲਿਆ। ਸਾਡਾ ਦੇਸ਼ ਉਹ ਹੈ, ਜੋ ਮਹਾਰਾਜਾ ਰਣਜੀਤ ਸਿੰਘ ਦੇ ਵਜ਼ੀਰ ਧਿਆਨ ਸਿੰਘ ਡੋਗਰੇ ਅਤੇ ਗੁਲਾਬ ਸਿੰਘ ਦੀਆਂ ਚਾਲਾਂ (ਸਾਜ਼ਬਾਜ਼ੀਆਂ) ਕਰ ਕੇ ਮਹਾਰਾਜਾ ਰਣਜੀਤ ਸਿੰਘ ਦੀ ਮੌਤ ਮਗਰੋਂ 1848 ਈ: ਵਿਚ ਸਾਡੇ ਹੱਥੋਂ ਖੁੱਸ ਕੇ ਅੰਗਰੇਜ਼ (ਫ਼ਰੰਗੀ) ਦੇ ਹੱਥ ਲੱਗ ਗਿਆ। 1947 ਵਿਚ ਭਾਰਤ ਦੀ ਅਜ਼ਾਦੀ ਵੇਲ਼ੇ ਚਲਾਕ ਬ੍ਰਾਹਮਣਾਂ ਨੇ ਸਾਡੇ ਭੋਲ਼ੇ (ਬੇਵਕੂਫ਼) ਲੀਡਰਾਂ ਕੋਲੋਂ 'ਹਿੰਦੂ ਸਿੱਖ ਭਾਈ-ਭਾਈ' ਦਾ ਨਾਹਰਾ ਲਵਾ ਕੇ ਦਿੱਲੀ ਦੇ ਮਤਹਿਤ ਕਰ ਦਿੱਤਾ।

ਸੰਖੇਪ ਵਿੱਚ ਸਾਡਾ ਧਰਮ ਹੈ, ਦੀਨ ਦੁਖੀ ਦਾ ਦਰਦ ਜਾਣਨਾ, ਗਰੀਬ ਨੂੰ ਪਾਲਣਾ ਤੇ

ਦੁਸ਼ਟ ਨੂੰ ਗਾਲਣਾ। ਦੇਸ਼ ਕੌਮ ਵਾਸਤੇ ਪ੍ਰਾਣਾਂ ਦੀ ਆਹੂਤੀ ਦੇਣੀ ਅਤੇ ਨਾਹਰਾ ਦੇ ਦੇਣਾ- 'ਪੰਥ ਵਸੇ ਮੈਂ ਉੱਜੜਾਂ, ਮਨ ਚਾਓ ਘਨੇਰਾ।'

ਸਾਡਾ ਧਰਮ ਇਹ ਨਹੀਂ ਕਿ ਮੂੰਹ 'ਚ ਘਾਹ ਲੈ ਕੇ ਜ਼ਾਲਿਮ ਦੀ ਈਨ ਮੰਨ ਜਾਣੀ।

ਕੌਮ ਸਾਡੀ ਉਹ ਹੈ, ਜੋ ਵੰਡ ਕੇ ਛਕਦੀ ਹੈ ਅਤੇ ਸਿਰ ਤਲੀ 'ਤੇ ਧਰ ਕੇ ਲੜਦੀ ਹੈ; ਜਿਸ ਨੇ ਨਾਦਰਸ਼ਾਹੀ ਅਤੇ ਅਹਿਮਦਸ਼ਾਹੀ ਲੁਟੇਰਿਆਂ ਦਾ 1739 ਤੋਂ 1839 ਤਕ ਡਟ ਕੇ ਵਿਰੋਧ ਕੀਤਾ, ਹਜ਼ਾਰਾਂ ਹਿੰਦੂ ਲੜਕੀਆਂ ਦੀ ਇੱਜ਼ਤ ਦੀ ਰਾਖੀ ਬਦਲੇ ਸਿਰਾਂ ਦੀ ਝੜੀ ਲਾ ਦਿੱਤੀ। ਭਾਰਤ ਦਾ ਲੁੱਟਿਆ ਮਾਲ ਕਦੇ ਕਾਬਲ ਨਾ ਪਹੁੰਚਣ ਦਿੱਤਾ, ਸਗੋਂ ਸਮੇਂ ਦੀ ਤੋਰ ਦੇ ਨਾਲ 12 ਮਿਸਲਾਂ ਇਕੱਠੀਆਂ ਕਰ ਕੇ ਮਹਾਰਾਜਾ ਰਣਜੀਤ ਸਿੰਘ ਦੀ ਕਮਾਨ ਹੇਠ ਲੰਬਾ-ਚੌੜਾ ਪੇਸ਼ਾਵਰ ਤੋਂ ਦਿੱਲੀ ਤਕ ਖ਼ਾਲਸਾ ਰਾਜ ਸਥਾਪਿਤ ਕੀਤਾ। ਕੇਂਦਰੀ ਏਸ਼ੀਆ ਦਾ ਤੁਰਕ ਜਾਂ ਪਠਾਣ ਫਿਰ ਕਦੇ ਵੀ ਇਸ ਵਿੱਚੋਂ ਲੰਘ ਕੇ ਦਿੱਲੀ ਨਾ ਪਹੁੰਚ ਸਕਿਆ।

ਖ਼ਾਲਸਾ ਉਹ ਕੌਮ ਹੈ, ਜਿਸ ਨੇ ਭਾਰਤ ਨੂੰ ਅਜ਼ਾਦ ਕਰਾਉਣ ਲਈ 80 ਪ੍ਰਤੀਸ਼ਤ ਤੋਂ 90 ਪ੍ਰਤੀਸ਼ਤ ਤਕ ਹਰ ਕਿਸਮ ਦੀ ਕੁਰਬਾਨੀ ਕਰ ਕੇ ਫ਼ਰੰਗੀ ਦੇ ਪੈਰ ਉਖਾੜ ਦਿੱਤੇ, ਪਰ ਖ਼ਾਲਸੇ ਦੀ ਅਜ਼ਾਦੀ ਦੀ ਲੜਾਈ ਅੱਜ ਤਕ ਜਾਰੀ ਹੈ; ਜਿਸ ਦੇ ਹੱਕਾਂ ਨੂੰ ਕੁਚਲਣ ਵਾਸਤੇ ਅੱਜ ਵੀ ਦਿੱਲੀ ਦੀ ਤਾਨਾਸ਼ਾਹੀ ਸਰਕਾਰ ਨੇ ਸੁਹਾਗਾ ਜੋੜ ਰੱਖਿਆ ਹੈ।

ਸਿੱਖਾਂ ਦੇ ਕੇਂਦਰੀ ਧਰਮ ਅਸਥਾਨ ਅਤੇ ਸੁਪਰੀਮ ਪਾਵਰ ਸ੍ਰੀ ਹਰਿਮੰਦਰ ਸਾਹਿਬ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਉੱਤੇ 1984 ਵਿੱਚ ਨੀਲਾ ਤਾਰਾ ਕਾਰਵਾਈ ਦੌਰਾਨ ਬੰਬਾਂ, ਟੈਂਕਾਂ-ਗੋਲ਼ਿਆਂ ਦਾ ਤਾਬੜ-ਤੋੜ ਹਮਲਾ ਕਰ ਕੇ ਸਿੱਖ ਹਿਰਦਿਆਂ ਨੂੰ ਵਲੂੰਧਰ ਕੇ ਰੱਖ ਦਿੱਤਾ ਅਤੇ ਅਹਿਸਾਸ ਕਰਾ ਦਿੱਤਾ ਕਿ ਹੁਣ ਹਿੰਦੂ ਸਿੱਖ ਭਾਈ-ਭਾਈ ਨਹੀਂ ਰਹੇ।

ਸਿੱਖ ਰੈਫਰੈਂਸ ਲਾਇਬ੍ਰੇਰੀ ਅਤੇ ਹਜ਼ਾਰਾਂ ਦੀ ਗਿਣਤੀ ਵਿੱਚ ਸ੍ਰੀ ਗੁਰੂ ਗਰੰਥ ਸਾਹਿਬ ਦੇ ਸਰੂਪ ਅਗਨ ਭੇਟ ਕਰ ਕੇ ਸਾਨੂੰ ਇਹ ਅਹਿਸਾਸ ਕਰਵਾਇਆ ਕਿ ਕੇਂਦਰ ਤੁਹਾਡੇ ਧਰਮ ਅਤੇ ਅਣਖੀਲੇ ਵਿਰਸੇ ਤੋਂ ਬੁਖਲਾ ਉਠਿਆ ਹੈ ਅਤੇ ਤੁਹਾਨੂੰ ਭਾਰਤ ਵਿੱਚ ਗ਼ੁਲਾਮਾਂ ਵਾਲੀ ਜ਼ਿੰਦਗੀ ਜਿਊਣੀ ਪਵੇਗੀ।

ਇਸ ਨੂੰ ਖ਼ਾਲਸਾ ਕਦੇ ਵੀ ਸਹਿਣ ਨਹੀਂ ਕਰ ਸਕਦਾ।

ਨੀਲਾ ਤਾਰਾ ਕਾਰਵਾਈ ਤੋਂ ਪਿੱਛੋਂ ਭਾਰਤ ਦੀਆਂ ਨਿਰਦਈ ਫ਼ੌਜਾਂ ਨੇ ਸੋਚੀ-ਸਮਝੀ ਸਕੀਮ ਅਧੀਨ ਹਰ ਸਿੱਖ ਨੂੰ ਸ਼ੱਕੀ ਨਿਗਾਹ ਨਾਲ ਤੱਕਿਆ। ਅਨੇਕਾਂ ਘਰ ਬਰਬਾਦ ਅਤੇ ਢਹਿ-ਢੇਰੀ ਕਰ ਦਿੱਤੇ। ਹਜ਼ਾਰਾਂ ਸਿੱਖ ਨੌਜਵਾਨ ਗੋਲੀਆਂ ਦਾ ਨਿਸ਼ਾਨਾ ਬਣਾਏ। ਨੌਜਵਾਨ ਅਬਲਾਵਾਂ ਦੀ ਇੱਜ਼ਤ ਬਰਬਾਦ ਹੋਈ। ਹੱਸਦਾ-ਹੱਸਦਾ ਪੰਜਾਬ ਪਲਾਂ ਵਿੱਚ ਕੱਖੋਂ ਹੌਲ਼ਾ ਕਰ ਕੇ ਰੱਖ ਦਿੱਤਾ ਅਤੇ ਸਾਨੂੰ ਸੋਚਣ ਲਈ ਮਜਬੂਰ ਹੋਣਾ ਪਿਆ ਕਿ ਸਾਡਾ ਇਸ ਜ਼ਾਲਮ ਰਾਜ ਨਾਲ਼ ਸਾਂਝ ਭਿਆਲੀ ਰੱਖਿਆਂ, ਹੁਣ ਸਰਨਾ ਨਹੀਂ....।

* * * * *

ਬੱਬਰਾਂ ਦੀ ਜੁਝਾਰੂ ਜੋੜੀ

ਸ਼ਹੀਦ ਭਾਈ ਰਮਿੰਦਰਜੀਤ ਸਿੰਘ ਟੈਣੀ

ਸ਼ਹੀਦ ਬੀਬੀ ਮਨਜੀਤ ਕੌਰ

ਹਿੰਦੂ ਸਾਮਰਾਜ ਤੋਂ ਸਿੱਖ ਕੌਮ ਦੀ ਅਜ਼ਾਦੀ ਲਈ ਚੱਲੇ ਖ਼ੂਨੀ ਸੰਘਰਸ਼ 'ਚ ਸ਼ਹੀਦ ਹੋਏ ਸਿੰਘਾਂ ਅੰਦਰ ਦੁਆਬੇ ਦੇ ਜੰਮਪਲ ਸਹੀਦ ਭਾਈ ਰਮਿੰਦਰਜੀਤ ਸਿੰਘ ਟੈਣੀ ਦਾ ਨਾਂ ਬਹੁਤ ਉੱਘਾ ਹੈ। ਭਾਈ ਟੈਣੀ ਦਾ ਪਰਿਵਾਰਕ ਪਿਛੋਕੜ ਵੀ ਉੱਘੇ ਪੰਥਕ ਘੁਲਾਟੀਆਂ ਵਾਲ਼ਾ ਹੈ। ਭਾਈ ਟੈਣੀ ਦੇ ਦਾਦਾ ਜੀ, ਨਾਨਾ ਜੀ ਤੇ ਇੱਥੋਂ ਤਕ ਕਿ ਬਚਪਨ ਦੇ ਵਿੱਚ ਹੀ ਭਾਈ ਟੈਣੀ ਦੇ ਮਾਤਾ ਜੀ ਵੀ ਕਈ ਪੰਥਕ ਮੋਰਚਿਆਂ 'ਚ ਗ੍ਰਿਫ਼ਤਾਰੀ ਦੇ ਚੁੱਕੇ ਸਨ।

ਸਰਕਾਰੀ ਟੀਚਰ ਦੀ ਨੌਕਰੀ ਕਰਦੇ ਭਾਈ ਅਮਰੀਕ ਸਿੰਘ ਤੇ ਉਹਨਾਂ ਦੀ ਜੀਵਨ ਸਾਥਣ ਬੀਬੀ ਸ਼ਰਨਜੀਤ ਕੌਰ ਦੇ ਕੁੱਲ ਪੰਜ ਬੱਚੇ ਸਨ:

ਅਨੰਤਜੀਤ ਕੌਰ, ਹਰਮਿੰਦਰ ਸਿੰਘ ਪਿੰਕੀ, ਰਮਿੰਦਰਜੀਤ ਸਿੰਘ ਟੈਣੀ, ਗੁਰਵਿੰਦਰਜੀਤ ਕੌਰ, ਕੰਵਲ ਚਰਨ ਸਿੰਘ ਹੈਪੀ।

ਭਾਈ ਰਮਿੰਦਰਜੀਤ ਸਿੰਘ ਟੈਣੀ ਦੀ ਮੁੱਢਲੀ ਪੜ੍ਹਾਈ ਸਰਕਾਰੀ ਮਿਡਲ ਸਕੂਲ ਮੇਹਵਾਂ, ਤਹਿਸੀਲ ਫਗਵਾੜਾ 'ਚ ਹੋਈ। ਇੱਥੋਂ ਅਠਵੀਂ ਕਲਾਸ ਕਰ ਕੇ ਦਸਵੀਂ ਉਹਨਾਂ ਨੇ ਖ਼ਾਲਸਾ ਹਾਈ ਸਕੂਲ ਪਲਾਹੀ ਤੋਂ ਕੀਤੀ ਅਤੇ ਅਗਲੀ ਪੜ੍ਹਾਈ ਲਈ ਰਾਮਗੜ੍ਹੀਆ ਕਾਲਜ ਫਗਵਾੜਾ 'ਚ ਦਾਖ਼ਲ ਹੋਏ।

ਇਸ ਵੇਲੇ ਹਿੰਦੂਸ਼ਾਹੀ ਦੀ ਜ਼ੁਲਮੀ ਨੀਤੀ ਦੇ ਵਿਰੋਧ ਵਿੱਚ ਸਿੱਖ ਸੰਘਰਸ਼ ਦੀ ਬਸੰਤ ਖਿੜਨ ਲੱਗ ਪਈ ਸੀ। ਇਸ ਕਾਲਜ ਵਿੱਚ ਹੀ ਭਾਈ ਰਮਿੰਦਰਜੀਤ ਸਿੰਘ ਟੈਣੀ ਦਾ ਸੰਪਰਕ ਭਾਈ ਪਰਮਜੀਤ ਸਿੰਘ ਗੰਡਾਸਾ ਆਦਿ ਸਿੰਘਾਂ ਨਾਲ ਹੋਇਆ ਤੇ ਆਪ ਨੇ ਗੁਪਤ ਤੌਰ 'ਤੇ ਸੰਘਰਸ਼ 'ਚ ਹਿੱਸਾ ਲੈਣਾ ਅਰੰਭ ਕਰ ਦਿੱਤਾ।

ਸੰਨ 1984 'ਚ ਜਦੋਂ ਸ੍ਰੀ ਦਰਬਾਰ ਸਾਹਿਬ 'ਤੇ ਹਮਲਾ ਹੋਇਆ ਤਾਂ ਭਾਈ ਰਮਿੰਦਰਜੀਤ ਸਿੰਘ ਟੈਣੀ ਨੂੰ ਪੁਲੀਸ ਨੇ ਡੇਰਾ ਬਾਬਾ ਨਾਨਕ ਤੋਂ ਗ੍ਰਿਫ਼ਤਾਰ ਕਰ ਲਿਆ। ਆਪ ਉੱਪਰ ਕਾਫ਼ੀ ਤਸ਼ੱਦਦ ਕੀਤਾ ਗਿਆ ਤੇ ਫਿਰ ਕਈ ਕੇਸ ਦਰਜ ਕਰ ਕੇ ਜਲੰਧਰ ਜੇਲ੍ਹ 'ਚ ਭੇਜ ਦਿੱਤਾ ਗਿਆ। ਥੋੜ੍ਹਾ ਚਿਰ ਇੱਥੇ ਰੱਖ ਕੇ ਆਪ ਨੂੰ ਨਾਭਾ ਸਕਿਓਰਟੀ ਜੇਲ੍ਹ 'ਚ ਭੇਜ ਦਿੱਤਾ ਗਿਆ।

ਭਾਈ ਰਮਿੰਦਰਜੀਤ ਸਿੰਘ ਟੈਣੀ ਨੇ ਜੇਲ੍ਹ ਵਿੱਚ ਹੀ ਗਿਆਨੀ ਦੀ ਪੜ੍ਹਾਈ ਕਰਨੀ ਅਰੰਭ ਕਰ ਦਿੱਤੀ। ਸੰਨ 1986 ਵਿੱਚ ਭਾਈ ਟੈਣੀ ਜ਼ਮਾਨਤਾਂ ਕਰਵਾ ਕੇ ਬਾਹਰ ਆਏ। ਇਸ ਦੌਰਾਨ ਵੀ ਆਪ ਗੁਪਤ ਤੌਰ 'ਤੇ ਸੰਘਰਸ਼ 'ਚ ਹਿੱਸਾ ਪਾਉਂਦੇ ਰਹੇ। ਫਿਰ ਛੇਤੀ ਹੀ ਆਪ ਨੂੰ ਦੁਬਾਰਾ ਗ੍ਰਿਫਤਾਰ ਕਰ ਲਿਆ ਗਿਆ। ਕਾਫ਼ੀ ਤਸ਼ੱਦਦ ਤੋਂ ਬਾਅਦ ਆਪ ਉੱਪਰ 25-30 ਕੇਸ ਪਾ ਕੇ ਆਪ ਨੂੰ ਨਾਭਾ ਜੇਲ੍ਹ ਵਿੱਚ ਭੇਜ ਦਿੱਤਾ ਗਿਆ।

ਇਸ ਪਿੱਛੋਂ ਸੰਨ 1989 ਵਿੱਚ ਆਪ ਫਿਰ ਜ਼ਮਾਨਤਾਂ ਕਰਵਾ ਕੇ ਜੇਲ੍ਹ 'ਚੋਂ ਬਾਹਰ ਆਏ। ਆਪ ਦੇ ਪਿਤਾ ਮਾਸਟਰ ਅਮਰੀਕ ਸਿੰਘ ਹੁਣ ਅਕਾਲੀ ਦਲ ਮਾਨ ਦੇ ਜਲੰਧਰ ਸ਼ਹਿਰ ਦੇ ਪ੍ਰਧਾਨ ਸਨ। ਇਹਨਾਂ ਹੀ ਦਿਨਾਂ 'ਚ ਆਪ ਦੇ ਪਰਿਵਾਰ ਨੇ ਜਲੰਧਰ 'ਚ ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਅਰੰਭ ਕੀਤਾ।

ਕੈਟਾਂ ਦੀ ਸੁਧਾਈ

ਇਸੇ ਹੀ ਸਮੇਂ ਕਪੂਰਥਲੇ ਦੇ ਐਸ.ਐਸ.ਪੀ. ਸਵਰਨ ਸਿੰਘ ਘੋਟਣਾ ਤੇ ਜਲੰਧਰ ਦੇ ਐਸ.ਐਸ.ਪੀ. ਸੁਰੇਸ਼ ਅਰੋੜਾ ਦੇ ਮਤਹਿਤ ਇੱਕ ਕੈਟ ਪਾਰਟੀ ਸਰਗਰਮ ਹੋਈ ਜਿਸ ਦਾ ਨਾਂ 'ਇੰਡੀਅਨ ਲਾਇਨਜ਼' ਰੱਖਿਆ ਗਿਆ। ਇਸ ਕੈਟ ਪਾਰਟੀ ਦਾ ਕੰਮ ਪੰਥਕ ਅਜ਼ਾਦੀ ਦੀ ਗੱਲ ਕਰਨ ਵਾਲੇ ਸਿਆਸੀ ਲੀਡਰਾਂ ਅਤੇ ਖਾੜਕੂਆਂ ਦੇ ਪਰਿਵਾਰਾਂ ਨੂੰ ਨਿਸ਼ਾਨਾ ਬਣਾਉਣਾ ਸੀ। ਇਸ ਕੈਟ ਪਾਰਟੀ ਦਾ ਮੁਖੀ ਫਗਵਾੜੇ ਦਾ ਪਰਗਟ ਸਿੰਘ ਸੀ, ਜੋ ਕਿ ਜਨਰਲ ਦਿਆਲ ਸਿੰਘ ਦੇ ਨਾਂ 'ਤੇ ਹਰ ਇੱਕ ਜ਼ਿੰਮੇਵਾਰੀ ਲੈਂਦਾ ਸੀ।

ਇਸ ਕੈਟ ਗਰੁੱਪ ਨੇ ਸਭ ਤੋਂ ਪਹਿਲਾਂ ਉੱਘੇ ਜੁਝਾਰੂ ਨੇਤਾ ਭਾਈ ਮਨਬੀਰ ਸਿੰਘ ਚਹੇੜੂ ਦੇ ਪਿਤਾ ਬਾਪੂ ਮਹਿੰਦਰ ਸਿੰਘ ਨੂੰ ਘਰ ਤੋਂ ਅਗਵਾ ਕੀਤਾ ਤੇ ਫਿਰ ਬਹੁਤ ਹੀ ਤਸ਼ੱਦਦ ਕਰ-ਕਰ ਕੇ ਕਤਲ ਕਰ ਦਿੱਤਾ। ਇਸ ਤੋਂ ਬਾਅਦ ਇਸ ਗਰੁੱਪ ਨੇ ਅਕਾਲੀ ਨੇਤਾ ਤੇ ਸਾਬਕਾ ਮੰਤਰੀ ਆਤਮਾ ਸਿੰਘ ਉੱਪਰ ਵੀ ਗੋਲੀਆਂ ਚਲਾਈਆਂ। ਫਿਰ ਇਸੇ ਹੀ ਗਰੁੱਪ ਨੇ ਜਲੰਧਰ 'ਚ ਮਾਨ ਦਲ ਦੀ ਵਰਕਿੰਗ ਕਮੇਟੀ ਦੇ ਮੈਂਬਰ ਮੇਜਰ ਬਲਦੇਵ ਸਿੰਘ ਘੁੰਮਣ, ਜਿਨ੍ਹਾਂ ਦੇ ਘਰੋਂ ਭਾਈ ਮਨਬੀਰ ਸਿੰਘ ਚਹੇੜੂ ਫੜੇ ਗਏ ਸਨ ਤੇ ਇਸ ਕਾਰਨ ਉਹ ਕਾਫ਼ੀ ਤਸ਼ੱਦਦ ਝੱਲਣ ਪਿੱਛੋਂ ਜ਼ਮਾਨਤ 'ਤੇ ਘਰ ਆਏ ਸਨ, ਨੂੰ ਉਹਨਾਂ ਦੇ ਘਰ ਜਾ ਕੇ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ।

ਮੇਜਰ ਬਲਦੇਵ ਸਿੰਘ ਘੁੰਮਣ ਕਿਉਂਕਿ ਮਾਨ ਦਲ ਦੇ ਲੀਡਰ ਸਨ, ਇਸ ਲਈ ਮਾਨ ਦਲ ਦੇ ਜਲੰਧਰ ਸਰਕਲ ਦੇ ਪ੍ਰਧਾਨ ਹੋਣ ਦੇ ਨਾਤੇ ਭਾਈ ਟੈਣੀ ਦੇ ਪਿਤਾ ਮਾਸਟਰ ਅਮਰੀਕ ਸਿੰਘ ਨੇ ਜਲੰਧਰ ਦੇ ਮਾਡਲ ਟਾਊਨ ਦੇ ਗੁਰਦੁਆਰਾ ਸਾਹਿਬ 'ਚ ਮੇਜਰ ਬਲਦੇਵ ਸਿੰਘ ਦੇ ਸੰਬੰਧ 'ਚ ਅਖੰਡ ਪਾਠ ਰਖਵਾਇਆ। ਜਲੰਧਰ ਦੇ ਐਸ.ਐਸ.ਪੀ. ਸੁਰੇਸ਼ ਅਰੋੜਾ ਨੇ ਦਬਕਾ ਮਾਰਿਆ ਕਿ ਮੇਜਰ ਘੁੰਮਣ ਨਮਿਤ ਪਾਠ ਦਾ ਭੋਗ ਜਲੰਧਰ 'ਚ ਨਹੀਂ ਪੈਣ ਦਿੱਤਾ ਜਾਵੇਗਾ। ਇਸ ਹਿਟਲਰੀ ਫੁਰਮਾਨ ਨੂੰ ਸਹੀ ਸਿੱਧ ਕਰਨ ਲਈ ਉਸ ਨੇ ਦਲੀਲ ਦਿੱਤੀ ਕਿ ਮੇਜਰ ਬਲਦੇਵ ਸਿੰਘ ਦਾ ਪਿਛਲਾ ਇਲਾਕਾ ਅੰਮ੍ਰਿਤਸਰ ਹੈ, ਇਸ ਲਈ ਭੋਗ ਓਥੇ ਪਾਇਆ ਜਾਵੇ। ਪਰ ਇਸ ਦੇ ਬਾਵਜੂਦ ਮਾਸਟਰ ਅਮਰੀਕ ਸਿੰਘ ਨੇ ਮੇਜਰ ਘੁੰਮਣ ਨਮਿਤ ਅਖੰਡ ਪਾਠ ਰਖਵਾ ਕੇ ਪਾਠ ਦਾ ਭੋਗ ਪੂਰੇ ਜ਼ੋਰ ਨਾਲ ਜਲੰਧਰ 'ਚ ਹੀ ਪੁਆਇਆ, ਜਿਸ ਕਾਰਨ ਕੈਟ ਪਾਰਟੀ 'ਇੰਡੀਅਨ

ਲਾਇਨਜ਼' ਦੇ ਨਿਸ਼ਾਨੇ 'ਤੇ ਆਪ ਦਾ ਆਉਣਾ ਕੁਦਰਤੀ ਸੀ।

ਜੁਲਾਈ 1990 'ਚ ਇੱਕ ਦਿਨ ਮਾਸਟਰ ਅਮਰੀਕ ਸਿੰਘ ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਦੀਆਂ ਪੌੜੀਆਂ ਚੜ੍ਹ ਰਹੇ ਸਨ ਕਿ ਪਿੱਛੋਂ ਇੰਡੀਅਨ ਲਾਇਨਜ਼ ਦੇ ਕੈਟਾਂ ਨੇ ਗੋਲੀਆਂ ਦੀ ਬੁਛਾੜ ਕਰ ਦਿੱਤੀ। ਮਾਸਟਰ ਅਮਰੀਕ ਸਿੰਘ ਨੇ ਜ਼ਖ਼ਮੀ ਹਾਲਤ ਵਿੱਚ ਹੀ ਪਿੱਛੇ ਮੁੜ ਕੇ ਲਲਕਾਰਾ ਮਾਰਿਆ ਤਾਂ ਹਮਲਾਵਰ 'ਹਿੰਦੁਸਤਾਨੀ ਸ਼ੇਰ' ਭੱਜ ਨਿਕਲੇ।

ਰਮਿੰਦਰਜੀਤ ਸਿੰਘ ਟੈਣੀ ਨੇ ਕੈਟਾਂ ਦੀ ਇਸ ਬੁਰਛਾਗਰਦੀ ਨੂੰ ਇੱਕ ਚੁਣੌਤੀ ਦੇ ਰੂਪ 'ਚ ਲਿਆ ਤੇ ਕੈਟਾਂ ਦੇ ਇਸ ਗਰੁੱਪ ਦੀ ਪੈੜ ਨੱਪਣੀ ਸ਼ੁਰੂ ਕਰ ਦਿੱਤੀ। ਛੇਤੀ ਹੀ ਆਪਣੇ ਸਾਧਨਾਂ ਦੇ ਨਾਲ ਭਾਈ ਟੈਣੀ ਨੇ ਇਸ ਸਾਰੇ ਗਿਰੋਹ ਦੀ ਨਿਸ਼ਾਨਦੇਹੀ ਕਰ ਲਈ ਤੇ ਥੋੜ੍ਹੇ ਹੀ ਦਿਨਾਂ 'ਚ ਉਸ ਗਿਰੋਹ ਦੇ ਮੁਖੀ ਜਨ: ਦਿਆਲ ਸਿੰਘ ਨੂੰ ਲਾਇਲਪੁਰ ਖ਼ਾਲਸਾ ਕਾਲਜ ਦੇ ਨੇੜੇ ਇੱਕ ਮੋਟਰ ਵਰਕਸ 'ਤੇ ਲਲਕਾਰ ਕੇ ਗੋਲੀਆਂ ਨਾਲ ਭੁੰਨ ਸੁੱਟਿਆ। ਇਹ ਕਾਂਡ ਕਰਨ ਦੇ ਨਾਲ ਹੀ ਭਾਈ ਟੈਣੀ ਰੂਪੋਸ਼ ਹੋ ਗਏ।

ਪੁਲੀਸ ਫ਼ੋਰਸਾਂ ਨੇ ਭਾਈ ਸਾਹਿਬ ਦੇ ਪਰਿਵਾਰ ਉੱਪਰ ਕਹਿਰਾਂ ਦਾ ਤਸ਼ੱਦਦ ਅਰੰਭ ਕਰ ਦਿੱਤਾ। ਆਪ ਦੇ ਭਰਾਵਾਂ ਅਤੇ ਪਿਤਾ ਉੱਪਰ ਵੀ ਕਹਿਰਾਂ ਦਾ ਜ਼ੁਲਮ ਹੋਇਆ, ਪਰ ਇਸ ਦੇ ਬਾਵਜੂਦ ਆਪ ਨੇ ਆਪਣੇ ਐਕਸ਼ਨ ਜਾਰੀ ਰੱਖੇ। 'ਇੰਡੀਅਨ ਲਾਇਨਜ਼' ਦੇ ਇੱਕ-ਇੱਕ ਕਾਰਕੁੰਨ ਨੂੰ ਆਪ ਨੇ ਲੱਭ-ਲੱਭ ਕੇ ਖ਼ਤਮ ਕਰ ਦਿੱਤਾ ਤੇ ਫਿਰ ਹੋਰ ਨਿਸ਼ਾਨੇ ਫੁੰਡਣੇ ਅਰੰਭ ਕਰ ਦਿੱਤੇ। ਆਪ ਬੱਬਰ ਖ਼ਾਲਸਾ ਦੇ ਮੁਖੀ ਸਿੰਘਾਂ 'ਚ ਗਿਣੇ ਜਾਣ ਲੱਗੇ।

ਇੱਕ ਗ੍ਰਿਫ਼ਤਾਰੀ

ਫਿਰ ਇੱਕ ਵਾਰ ਜੁਝਾਰੂ ਸਿੰਘਾਂ ਦਾ ਇੱਕ ਗਰੁੱਪ ਜਿਸ ਵਿੱਚ ਭਾਈ ਅਮਰੀਕ ਸਿੰਘ ਕੌਲੀ, ਭਾਈ ਹਰਮੀਤ ਸਿੰਘ ਭਾਊਵਾਲ, ਭਾਈ ਜਗਤਾਰ ਸਿੰਘ ਹਵਾਰਾ ਤੇ ਭਾਈ ਰਮਿੰਦਰਜੀਤ ਸਿੰਘ ਟੈਣੀ ਸ਼ਾਮਲ ਸਨ, ਨੇ ਕਲਕੱਤੇ ਕੋਈ ਨਿਸ਼ਾਨਾ ਫੁੰਡਣ ਦੀ ਰਣਨੀਤੀ ਤਿਆਰ ਕੀਤੀ।

ਇਸ ਐਕਸ਼ਨ ਲਈ ਜਾਂਦੇ ਹੋਏ ਭਾਈ ਟੈਣੀ ਆਪਣੇ ਦੋ ਹੋਰ ਸਾਥੀਆਂ ਭਾਈ ਨਿਰਮਲ ਸਿੰਘ ਮੀਰਾਂ ਮਾਜਰਾ ਤੇ ਭਾਈ ਹਰਪਾਲ ਸਿੰਘ ਗੀਗੇ ਮਾਜਰਾ ਦੇ ਨਾਲ 28 ਫ਼ਰਵਰੀ 1991 ਨੂੰ ਮਨੀਮਾਜਰਾ ਵਿੱਚ ਸਨ ਕਿ ਚੰਡੀਗੜ੍ਹ ਪੁਲੀਸ ਨੇ ਮੁਖ਼ਬਰ ਦੀ ਸੂਹ 'ਤੇ ਆਪ ਤਿੰਨਾਂ ਨੂੰ ਗ੍ਰਿਫ਼ਤਾਰ ਕਰ ਲਿਆ।

ਚੰਡੀਗੜ੍ਹ ਦੇ ਐਸ.ਐਸ.ਪੀ. ਸੁਮੇਧ ਸੈਣੀ ਨੇ ਆਪ ਤਿੰਨਾਂ ਉੱਪਰ ਕਹਿਰਾਂ ਦਾ ਤਸ਼ੱਦਦ ਕੀਤਾ। ਇਸ ਕਹਿਰੀ ਤਸ਼ੱਦਦ ਦੌਰਾਨ ਆਪ ਦੇ ਸਾਥੀ ਦੋਵੇਂ ਸਿੰਘ ਸ਼ਹੀਦ ਹੋ ਗਏ। ਆਪ ਦੇ ਵੀ ਨਹੁੰ ਖਿੱਚ ਕੇ ਮਾਸ ਨਾਲੋਂ ਅਲੱਗ ਕਰ ਦਿੱਤੇ ਗਏ ਪਰ ਆਪ ਨੇ ਜਥੇਬੰਦੀ ਦਾ ਕੋਈ ਭੇਤ ਨਾ ਦਿੱਤਾ।

ਇਸੇ ਹੀ ਦੌਰਾਨ ਆਪ ਦੇ ਸਾਥੀ ਸਿੰਘਾਂ ਨੇ ਮੌਕੇ ਦੇ ਕੇਂਦਰੀ ਹੋਮ-ਮਨਿਸਟਰ ਬੂਟਾ ਸਿੰਘ ਦੇ ਰਿਸ਼ਤੇਦਾਰ ਅਗਵਾ ਕਰ ਲਏ ਤੇ ਇਸ ਦੇ ਬਦਲੇ ਆਪ ਦੀ ਰਿਹਾਈ ਮੰਗੀ। ਸਰਕਾਰੀ ਮਸ਼ੀਨਰੀ 'ਚ ਹਲਚਲ ਮੱਚ ਗਈ ਤੇ ਅਖੀਰ ਪੁਲੀਸ ਨੂੰ ਆਪ ਦਾ ਪੁਲੀਸ ਹਿਰਾਸਤ ਵਿੱਚ

ਹੋਣਾ ਮੰਨਣਾ ਪਿਆ। ਇਸ ਹਾਲਤ ਵਿੱਚ ਆਪ ਦੇ ਪਿਤਾ ਜੀ ਨੂੰ ਆਪ ਨਾਲ ਮਿਲਾਇਆ ਗਿਆ। ਆਪ ਦੇ ਪਿਤਾ ਜੀ ਦੇ ਦੱਸਣ ਅਨੁਸਾਰ ਆਪ ਦੇ ਨਹੁੰ ਕੱਢ ਦਿੱਤੇ ਗਏ ਸਨ ਤੇ ਚਿਹਰਾ ਵੀ ਤਸ਼ੱਦਦ ਕਾਰਨ ਬੇਪਛਾਣ ਹੋ ਚੁੱਕਾ ਸੀ। ਦਾੜ੍ਹੀ ਦੇ ਵਾਲ਼ ਪੁੱਟੇ ਹੋਏ ਸਨ। ਸਿਰ ਦੇ ਕੇਸ ਵੀ ਖਿੱਚੇ ਗਏ ਸਨ ਤੇ ਸਿਰ 'ਚੋਂ ਖ਼ੂਨ ਸਿੰਮ ਰਿਹਾ ਸੀ। ਭਾਈ ਰਮਿੰਦਰਜੀਤ ਸਿੰਘ ਟੈਣੀ ਉਸ ਵੇਲੇ ਬੋਲਣ ਦੀ ਹਾਲਤ ਵਿੱਚ ਵੀ ਨਹੀਂ ਸਨ।

ਖ਼ੈਰ, ਇਸ ਹਾਲਤ ਵਿੱਚ ਹੀ ਭਾਈ ਸਾਹਿਬ ਦੀ ਗ੍ਰਿਫ਼ਤਾਰੀ ਸ਼ੋਅ ਕਰ ਕੇ ਆਪ ਨੂੰ ਬੁੜੈਲ ਜੇਲ੍ਹ ਭੇਜ ਦਿੱਤਾ ਗਿਆ। ਆਪ ਦੀ ਸਰੀਰਿਕ ਹਾਲਤ ਕਾਫ਼ੀ ਖ਼ਰਾਬ ਸੀ ਤੇ ਆਪ ਦਾ ਲਗਾਤਾਰ ਪੀ.ਜੀ.ਆਈ. 'ਚ ਇਲਾਜ ਲਈ ਚੈੱਕ-ਅਪ ਕਰਵਾਇਆ ਜਾਂਦਾ ਸੀ।

ਜਲੰਧਰ ਦੀ ਪੁਲੀਸ, ਜਿਸ ਦੀ ਕੈਟ-ਫ਼ੋਰਸ ਭਾਈ ਟੈਣੀ ਨੇ ਇੱਕ-ਇੱਕ ਕਰ ਕੇ ਖ਼ਤਮ ਕੀਤੀ ਸੀ, ਉਹਨਾਂ ਦਾ ਰਿਮਾਂਡ ਹਾਸਲ ਕਰਨ ਲਈ ਸਰਗਰਮ ਹੋ ਗਈ, ਪਰ ਭਾਈ ਸਾਹਿਬ ਦੀ ਸਰੀਰਿਕ ਹਾਲਤ ਦੇ ਮੱਦੇਨਜ਼ਰ ਜੱਜ ਨੇ ਪੁਲੀਸ ਰਿਮਾਂਡ ਨਾ ਦਿੱਤਾ। ਫਿਰ ਵੀ ਜਲੰਧਰ ਪੁਲੀਸ ਨੇ ਆਪਣੀਆਂ ਕੋਸ਼ਿਸ਼ਾਂ ਜਾਰੀ ਰੱਖੀਆਂ। ਇਹ ਸਾਰੀਆਂ ਖ਼ਬਰਾਂ ਆਪ ਦੇ ਸਾਥੀਆਂ ਤਕ ਪਹੁੰਚੀਆਂ ਤਾਂ ਉਹਨਾਂ ਨੇ ਭਾਈ ਸਾਹਿਬ ਨੂੰ ਛੁਡਾਉਣ ਦੀ ਤਿਆਰੀ ਕਰ ਲਈ।

ਫ਼ਰਾਰ ਹੋਣਾ

26 ਫ਼ਰਵਰੀ 1992 ਨੂੰ ਜਦੋਂ ਭਾਈ ਸਾਹਿਬ ਨੂੰ ਰੁਟੀਨ ਦੇ ਚੈੱਕ-ਅਪ ਲਈ ਬੁੜੈਲ ਜੇਲ੍ਹ 'ਚੋਂ ਪੀ.ਜੀ.ਆਈ. ਲਿਜਾਇਆ ਜਾ ਰਿਹਾ ਸੀ ਤਾਂ ਆਪ ਦੇ ਸਾਥੀਆਂ ਨੇ ਹਮਲਾ ਕਰ ਕੇ ਦੋ ਪੁਲੀਸ ਵਾਲਿਆਂ ਨੂੰ ਭੁੰਨ ਸੁੱਟਿਆ ਤੇ ਆਪ ਨੂੰ ਛੁਡਾ ਲਿਆ।

ਖ਼ਬਰ ਮਿਲਦਿਆਂ ਪਲਾਂ ਵਿੱਚ ਹੀ ਸਾਰਾ ਚੰਡੀਗੜ੍ਹ ਸ਼ਹਿਰ ਸੀਲ ਹੋ ਗਿਆ। ਚੰਡੀਗੜ੍ਹ ਤੋਂ ਬਾਹਰ ਜਾਣ ਵਾਲੇ ਹਰ ਇੱਕ ਵਾਹਨ ਦੀ ਬਰੀਕੀ ਨਾਲ ਤਲਾਸ਼ੀ ਹੋਣ ਲੱਗ ਪਈ, ਪਰ ਇਸ ਦੇ ਬਾਵਜੂਦ ਭਾਈ ਰਮਿੰਦਰਜੀਤ ਸਿੰਘ ਟੈਣੀ ਅਤੇ ਉਹਨਾਂ ਦੇ ਸਾਥੀ ਗੰਨਿਆਂ ਦੀ ਇੱਕ ਟਰਾਲੀ ਵਿੱਚ ਕੁਝ ਥਾਂ ਵਿਹਲੀ ਕਰ ਕੇ ਗੰਨਿਆਂ 'ਚ ਲੁਕ ਕੇ ਚੰਡੀਗੜ੍ਹੋਂ ਨਿਕਲ ਆਏ। ਸਾਰੇ ਪਾਸੇ ਚੜ੍ਹਦੀ ਕਲਾ ਦੀਆਂ ਖ਼ਬਰਾਂ ਭੇਜ ਦਿੱਤੀਆਂ ਗਈਆਂ।

ਤੁਰੰਤ ਹੀ ਆਪ ਦੇ ਘਰ 'ਤੇ ਵੀ ਪੁਲੀਸ ਦਾ ਪਹਿਰਾ ਲੱਗ ਗਿਆ, ਪਰ ਖ਼ਬਰ ਮਿਲਦਿਆਂ ਹੀ ਮਾਸਟਰ ਅਮਰੀਕ ਸਿੰਘ ਤੇ ਮਾਤਾ ਸ਼ਰਨਜੀਤ ਕੌਰ ਘਰ ਦੇ ਦਰਵਾਜ਼ੇ ਜਾਣ-ਬੁੱਝ ਕੇ ਖੁੱਲ੍ਹੇ ਛੱਡ ਕੇ ਗੁਰਦੁਆਰੇ ਗਏ ਤੇ ਸ਼ੁਕਰਾਨੇ ਦੀ ਦੇਗ ਕਰਵਾ ਆਏ।

ਭਾਈ ਰਮਿੰਦਰਜੀਤ ਸਿੰਘ ਟੈਣੀ ਦੇ ਇਸ ਤਰ੍ਹਾਂ ਨਿਕਲ ਜਾਣ 'ਤੇ ਕਈ ਪਾਪੀਆਂ ਦੇ ਪਾਪ ਕੰਬਣ ਲੱਗੇ ਤੇ ਭਾਈ ਟੈਣੀ ਨੇ ਪੰਥਕ ਸੇਵਾ ਫਿਰ ਅਰੰਭ ਦਿੱਤੀ। ਹਕੂਮਤ ਨੇ ਆਪ ਦੇ ਸਿਰ ਦਾ ਮੁੱਲ 15 ਲੱਖ ਰੁਪਏ ਰੱਖ ਦਿੱਤਾ। ਇਸ ਸੰਘਰਸ਼ ਦੌਰਾਨ ਹੀ ਆਪ ਦਾ ਅਨੰਦ ਕਾਰਜ ਰੋਪੜ ਜ਼ਿਲ੍ਹੇ ਦੇ ਇੱਕ ਪਿੰਡ ਦੀ ਲੜਕੀ ਮਨਜੀਤ ਕੌਰ ਨਾਲ ਹੋਇਆ। ਅਨੰਦ ਕਾਰਜ ਉਪਰੰਤ ਬੀਬੀ ਮਨਜੀਤ ਕੌਰ ਦਾ ਜੁਝਾਰੂ ਗਰੁੱਪ ਵਿੱਚ ਨਾਂ ਬੀਬੀ ਕਿਰਨਦੀਪ ਕੌਰ ਰੱਖਿਆ ਗਿਆ। ਆਪ ਦੀ ਸਿੰਘਣੀ ਵੀ ਪੂਰੇ ਜਜ਼ਬੇ ਵਾਲੀ ਤੇ ਦਲੇਰ ਸੀ ਤੇ ਉਹ ਹਰ ਐਕਸ਼ਨ ਵਿੱਚ ਆਪ ਦੇ

ਨਾਲ ਜਾਂਦੀ ਸੀ।

ਪੁਲੀਸ ਆਪ ਦੇ ਪਰਿਵਾਰ 'ਤੇ ਕਹਿਰਾਂ ਦਾ ਤਸ਼ੱਦਦ ਕਰਦੀ ਰਹੀ। ਆਪ ਦੇ ਪਿਤਾ 'ਤੇ ਐਨ.ਐਸ.ਏ. ਲਾ ਕੇ ਉਹਨਾਂ ਨੂੰ ਜਲੰਧਰ ਜੇਲ੍ਹ 'ਚ ਬੰਦ ਕਰ ਦਿੱਤਾ ਗਿਆ। ਆਪ ਦੇ ਭਰਾਵਾਂ ਉੱਪਰ ਵੀ ਕਈ ਫ਼ਰਜ਼ੀ ਕੇਸ ਪਾ ਦਿੱਤੇ ਗਏ। ਇਸ ਤਰ੍ਹਾਂ ਦੇ ਮਾਹੌਲ ਵਿੱਚ ਹੀ ਆਪ ਦੇ ਵੱਡੇ ਭਰਾਤਾ ਹਰਮਿੰਦਰਜੀਤ ਸਿੰਘ ਪਿੰਕੀ ਵੀ ਅਕਾਲ ਚਲਾਣਾ ਕਰ ਗਏ, ਪਰ ਆਪ ਪੂਰੀ ਦ੍ਰਿੜ੍ਹਤਾ ਨਾਲ ਮੈਦਾਨੇ ਜੰਗ 'ਚ ਜੂਝਦੇ ਰਹੇ।

ਸ਼ਹੀਦੀ

5 ਮਾਰਚ ਸੰਨ 1993 ਨੂੰ ਆਪ ਅਤੇ ਆਪ ਦੀ ਸਿੰਘਣੀ ਇੱਕ ਬੱਸ ਵਿੱਚ ਪਟਿਆਲੇ ਤੋਂ ਲੁਧਿਆਣੇ ਵੱਲ ਆ ਰਹੇ ਸਨ ਕਿ ਕਿਸੇ ਮੁਖ਼ਬਰ ਨੇ ਆਪਣੀ ਕਮੀਨਗੀ ਵਿਖਾ ਦਿੱਤੀ। ਪੁਲੀਸ ਪਟਿਆਲੇ ਤੋਂ ਹੀ ਉਕਤ ਬੱਸ ਦੇ ਪਿੱਛੇ ਲੱਗ ਗਈ। ਖੰਨੇ ਦੇ ਕੋਲ ਉਸ ਪੂਰੀ ਬੱਸ ਨੂੰ ਹੀ ਘੇਰਾ ਪਾ ਲਿਆ ਗਿਆ। ਭਾਈ ਟੈਣੀ ਤੇ ਉਹਨਾਂ ਦੀ ਸਿੰਘਣੀ ਨੇ ਅੱਖਾਂ ਹੀ ਅੱਖਾਂ 'ਚ ਤੈਅ ਕਰ ਲਿਆ ਕਿ ਹੁਣ ਜੂਝ ਮਰਨ ਦੀ ਘੜੀ ਆ ਪਹੁੰਚੀ ਹੈ।

ਆਪ ਦੋਹਾਂ ਨੇ ਲਲਕਾਰਾ ਮਾਰ ਕੇ ਸ਼ਸਤਰ ਸੰਭਾਲ ਲਏ ਤੇ ਬੱਸ ਵਿੱਚੋਂ ਬੇਦੋਸ਼ੇ ਯਾਤਰੀਆਂ ਨੂੰ ਬਾਹਰ ਨਿਕਲ ਜਾਣ ਦਾ ਮੌਕਾ ਦੇਣ ਲਈ ਕਿਹਾ। ਪੁਲੀਸ ਨੇ ਵੀ ਸਾਰੇ ਯਾਤਰੀਆਂ ਨੂੰ ਹੱਥ ਖੜ੍ਹੇ ਕਰ ਕੇ ਬਾਹਰ ਨਿਕਲਣ ਦੀ ਇਜਾਜ਼ਤ ਦੇ ਦਿੱਤੀ, ਪਰ ਫਿਰ ਵੀ ਪੁਲੀਸ ਨੇ ਯਾਤਰੀਆਂ ਵਿੱਚੋਂ ਇੱਕ ਖੁੱਲ੍ਹੀ ਦਾੜ੍ਹੀ ਵਾਲੇ ਨੌਜਵਾਨ ਨੂੰ ਖਾੜਕੂ ਸਮਝ ਕੇ ਗੋਲ਼ੀਆਂ ਮਾਰ ਕੇ ਮਾਰ ਦਿੱਤਾ, ਬਾਅਦ ਵਿੱਚ ਪਤਾ ਲੱਗਾ ਕਿ ਉਹ ਕਾਂਗਰਸ ਪਾਰਟੀ ਦਾ ਕਾਰਕੁੰਨ ਸੀ।

ਭਾਈ ਰਮਿੰਦਰਜੀਤ ਸਿੰਘ ਟੈਣੀ ਤੇ ਉਹਨਾਂ ਦੀ ਸਿੰਘਣੀ ਨੇ ਆਪਣੇ ਮਾਮੂਲੀ ਹਥਿਆਰਾਂ ਨਾਲ ਵਿਸ਼ਾਲ ਪੁਲੀਸ ਫ਼ੋਰਸ ਦਾ ਮੁਕਾਬਲਾ ਕੀਤਾ। ਜਦੋਂ ਦੋਹਾਂ ਦੇ ਕੋਲ ਇੱਕ-ਇੱਕ ਗੋਲ਼ੀ ਰਹਿ ਗਈ ਤਾਂ ਜਿਊਂਦੇ-ਜੀਅ ਦੁਸ਼ਮਣ ਦੇ ਹੱਥ ਆਉਣ ਦੀ ਬਜਾਏ ਆਖ਼ਰੀ ਅਰਦਾਸ ਕਰ ਕੇ ਦੋਹਾਂ ਨੇ ਇੱਕ ਦੂਜੇ ਨੂੰ ਗੋਲ਼ੀਆਂ ਮਾਰ ਲਈਆਂ ਤੇ ਜਾਮੇ-ਸ਼ਹਾਦਤ ਪੀ ਗਏ। ਇਹਨਾਂ ਦੋਹਾਂ ਨੂੰ ਜਿਊਂਦੇ-ਜੀਅ ਗ੍ਰਿਫ਼ਤਾਰ ਕਰਨ ਦੇ ਮਨਸੂਬੇ ਪਾਲੀ ਬੈਠੇ ਦੁਸ਼ਮਣ ਹੱਥ ਮਲਦੇ ਹੀ ਰਹਿ ਗਏ।

* * * * *

ਮਾਝੇ ਦੇ ਮੋਢੀ ਬੱਬਰਾਂ 'ਚੋਂ

ਸ਼ਹੀਦ ਭਾਈ ਗੁਰਿੰਦਰ ਸਿੰਘ ਗਿੰਦਾ ਭਾਗੋਵਾਲ

ਸ੍ਰੀ ਦਰਬਾਰ ਸਾਹਿਬ ਉੱਪਰ ਜੂਨ 1984 ਵਿੱਚ ਹਿੰਦੁਸਤਾਨ ਵੱਲੋਂ ਚੜ੍ਹੀ ਪਾਪ ਦੀ ਜੰਞ ਦੇ ਪੰਜਾਬ ਦੀ ਧਰਤੀ 'ਤੇ ਧਰੇ ਗਏ ਨਾਪਾਕ ਪੈਰਾਂ ਨੂੰ ਤੋੜਨ ਲਈ ਜਿਹੜੇ ਸੂਰਮੇ ਅਰੰਭ ਵਿੱਚ ਸਿਰਾਂ 'ਤੇ ਖੱਫਣ ਬੰਨ੍ਹ ਕੇ ਨਿਕਲੇ, ਭਾਈ ਗੁਰਿੰਦਰ ਸਿੰਘ ਗਿੰਦਾ ਭਾਗੋਵਾਲ, ਉਹਨਾਂ ਸੂਰਮਿਆਂ ਵਿੱਚੋਂ ਹੀ ਇੱਕ ਸੀ। ਭਾਗੋਵਾਲ ਪਿੰਡ ਦੇ ਨਿਸ਼ਾਨ ਸ. ਪ੍ਰੀਤਮ ਸਿੰਘ ਤੇ ਉਹਨਾਂ ਦੀ ਧਰਮ ਪਤਨੀ ਬੀਬੀ ਮਹਿੰਦਰ ਕੌਰ ਕਿਰਤੀ ਜੀਵਨ ਬਤੀਤ ਕਰਦੇ ਸਨ। ਇਹਨਾਂ ਦੇ ਸੱਤ ਬੱਚੇ ਸਨ:

ਸਭ ਤੋਂ ਵੱਡੀ ਲੜਕੀ ਗੁਰਦੀਸ਼ ਕੌਰ, ਉਸ ਤੋਂ ਛੋਟੀ ਬਲਬੀਰ ਕੌਰ, ਹਰਭਜਨ ਸਿੰਘ, ਗੁਰਵੰਤ ਕੌਰ, ਗੁਰਿੰਦਰ ਸਿੰਘ, ਲਖਵਿੰਦਰ ਸਿੰਘ, ਭੁਪਿੰਦਰ ਕੌਰ।

ਇਹਨਾਂ ਵਿੱਚੋਂ ਗੁਰਿੰਦਰ ਸਿੰਘ ਨਿੱਕੇ ਹੁੰਦੇ ਤੋਂ ਹੀ ਧਾਰਮਿਕ ਬਿਰਤੀ ਦਾ ਸੀ। 1962 ਵਿੱਚ ਜਨਮੇ ਗੁਰਿੰਦਰ ਸਿੰਘ ਨੂੰ ਕਵਿਤਾ ਦਾ ਵੀ ਸ਼ੌਕ ਸੀ। ਗੁਰਿੰਦਰ ਸਿੰਘ ਨੇ ਮੈਟ੍ਰਿਕ ਭਾਗੋਵਾਲ ਤੋਂ ਹੀ ਕੀਤੀ।

ਇਸ ਤੋਂ ਥੋੜ੍ਹਾ ਸਮਾਂ ਬਾਅਦ ਹੀ 1978 ਦਾ ਸਾਕਾ ਵਰਤ ਗਿਆ। ਇਲਾਕੇ ਦੇ ਕਈ ਗੱਭਰੂ ਯੂਥ ਵਿੰਗ 'ਚ ਸ਼ਾਮਲ ਹੋਏ ਤੇ ਫਿਰ ਸਿੱਖ ਸਟੂਡੈਂਟਸ ਫ਼ੈਡਰੇਸ਼ਨ ਵਿੱਚ। ਗੁਰਿੰਦਰ ਸਿੰਘ ਉਹਨਾਂ ਵਿੱਚੋਂ ਇੱਕ ਸੀ। ਧਰਮ ਯੁੱਧ ਮੋਰਚੇ ਵਿੱਚ ਗੁਰਿੰਦਰ ਸਿੰਘ ਦੀ ਸਰਗਰਮ ਸ਼ਮੂਲੀਅਤ ਨੇ ਉਸ ਦੇ ਪਰਿਵਾਰ ਨੂੰ ਚਿੰਤਾ ਵਿੱਚ ਪਾ ਦਿੱਤਾ। ਉਹ ਗੁਰਿੰਦਰ ਸਿੰਘ ਨੂੰ ਕਿਤੇ ਆਸੇ-ਪਾਸੇ ਭੇਜਣ ਦੀਆਂ ਸਲਾਹਾਂ ਕਰਨ ਲੱਗੇ।

ਅਖੀਰ ਫ਼ੈਸਲਾ ਕਰ ਕੇ ਭਾਈ ਗੁਰਿੰਦਰ ਸਿੰਘ ਨੂੰ ਪਰਿਵਾਰਕ ਰਿਸ਼ਤੇਦਾਰੀ ਵਿੱਚ ਬੰਬੇ ਭੇਜ ਦਿੱਤਾ ਗਿਆ। ਇਹ ਸੰਨ 1982 ਦੇ ਅਖੀਰ ਦੀ ਗੱਲ ਹੈ। ਪਰਿਵਾਰ ਨੂੰ ਹੈਰਾਨੀ ਹੋਈ ਕਿ ਗੁਰਿੰਦਰ ਸਿੰਘ ਇਸ ਲਈ ਛੇਤੀ ਹੀ ਕਿਵੇਂ ਮੰਨ ਗਿਆ, ਪਰ ਗੁਰਿੰਦਰ ਸਿੰਘ ਲਈ ਇਹ ਸਫ਼ਰ ਵੀ ਬੇਮਕਸਦ ਨਹੀਂ ਸੀ। ਉਸ ਨੇ ਬੰਬੇ ਵਿੱਚ ਜਾ ਕੇ ਸ਼ਸਤਰਾਂ ਦੀ ਭਾਲ਼ ਅਰੰਭ ਕਰ ਦਿੱਤੀ। ਓਥੇ ਇਹਨਾਂ ਹੀ ਯਤਨਾਂ ਵਿੱਚ ਭਾਈ ਗੁਰਿੰਦਰ ਸਿੰਘ ਇੱਕ ਰਿਵਾਲਵਰ ਸਮੇਤ ਗ੍ਰਿਫ਼ਤਾਰ ਕਰ ਲਏ ਗਏ। ਕੇਸ ਚੱਲਿਆ, ਚਾਰ ਮਹੀਨੇ ਓਥੇ ਜੇਲ੍ਹ ਵਿੱਚ ਰਹੇ। ਪਰਿਵਾਰ ਨੇ

ਆਪ ਦੀ ਜ਼ਮਾਨਤ ਕਰਵਾਈ ਤੇ ਫਿਰ ਵਾਪਸ ਪੰਜਾਬ ਲੈ ਆਂਦਾ।

ਪੰਜਾਬ ਵਿੱਚ ਵਾਪਸ ਆ ਕੇ ਭਾਈ ਗੁਰਿੰਦਰ ਸਿੰਘ ਨੇ ਆਪਣੀਆਂ ਜੁਝਾਰੂ ਸਰਗਰਮੀਆਂ ਜਾਰੀ ਰੱਖੀਆਂ। ਆਪ ਦੇ ਇਲਾਕੇ ਦੇ ਨੌਜੁਆਨਾਂ ਦਾ ਗਰੁੱਪ ਇਹਨਾਂ ਸਾਰੀਆਂ ਸਰਗਰਮੀਆਂ ਵਿੱਚ ਮੋਢੀ ਸੀ, ਜਿਸ ਵਿੱਚ ਮਾਸਟਰ ਸੁਖਵਿੰਦਰ ਸਿੰਘ ਦਾਬਾਂਵਾਲ਼, ਭਾਈ ਗੁਰਨਾਮ ਸਿੰਘ ਦਾਬਾਂਵਾਲ਼, ਭਾਈ ਧਰਮ ਸਿੰਘ ਕਾਸ਼ਤੀਵਾਲ਼, ਭਾਈ ਜਸਬੀਰ ਸਿੰਘ ਬਿੱਟੂ ਕਾਸ਼ਤੀਵਾਲ਼, ਭਾਈ ਸੁਖਦੇਵ ਸਿੰਘ ਚੱਬਾ, ਭਾਈ ਬਲਦੇਵ ਸਿੰਘ ਦੋਰਾਂਗਲਾ, ਭਾਈ ਜਸਵੰਤ ਸਿੰਘ ਮਸਤਾਨਾ ਬਿਜਲੀਵਾਲ਼, ਭਾਈ ਚੜ੍ਹਤ ਸਿੰਘ, ਭਾਈ ਬਲਜੀਤ ਸਿੰਘ ਬੱਬਾ ਆਦਿ ਸਿੰਘਾਂ ਦਾ ਸਾਂਝਾ ਗਰੁੱਪ ਸੀ।

ਪੰਜਾਬ ਵਿੱਚ ਵਾਪਸ ਆ ਕੇ ਭਾਈ ਗੁਰਿੰਦਰ ਸਿੰਘ ਦੀਆਂ ਪੰਥਕ ਸਰਗਰਮੀਆਂ ਜਾਰੀ ਰਹੀਆਂ। ਜੂਨ 1984 ਵਿੱਚ ਦਰਬਾਰ ਸਾਹਿਬ ਉੱਪਰ ਹੋਏ ਹਿੰਦੁਸਤਾਨੀ ਹਮਲੇ ਪਿੱਛੋਂ ਜਦੋਂ ਸਿੱਖ ਰੋਹ ਦਾ ਵੇਗ ਲਹਿਰ ਦਾ ਰੂਪ ਧਾਰ ਕੇ ਮੈਦਾਨ ਵਿੱਚ ਆਇਆ ਤਾਂ ਆਪ ਦਾ ਸਾਰਾ ਹੀ ਗਰੁੱਪ ਲਗਭਗ ਭਗੌੜਾ ਹੋ ਗਿਆ, ਪਰ ਆਪ ਘਰੇ ਰਹਿ ਕੇ ਹੀ ਹਰ ਤਰ੍ਹਾਂ ਦੀ ਸੇਵਾ ਗੁਪਤ ਰੂਪ ਵਿੱਚ ਕਰਦੇ ਰਹੇ।

ਸੰਨ 1985 ਵਿੱਚ ਜਦੋਂ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਵਿੱਚ ਦੋ ਕੁ ਦਿਨ ਹੀ ਰਹਿੰਦੇ ਸਨ, ਜਦੋਂ ਆਪ ਵੱਲੋਂ ਆਪਣੇ ਘਰ ਵਿੱਚ ਹੀ ਬੰਬ ਬਣਾਉਂਦੇ ਸਮੇਂ ਫਟ ਗਿਆ। ਘਰ ਦੀ ਛੱਤ ਉੱਡ ਗਈ। ਇਸ ਘਟਨਾ ਕਾਰਨ ਕੋਈ ਜਾਨੀ ਨੁਕਸਾਨ ਤਾਂ ਨਾ ਹੋਇਆ, ਪਰ ਆਪ ਦੀ ਅਸਲੀਅਤ ਦਾ ਸਭ ਨੂੰ ਪਤਾ ਲੱਗ ਗਿਆ। ਫਿਰ ਉਸੇ ਹੀ ਦਿਨ ਆਪ ਰੂਪੋਸ਼ ਹੋ ਗਏ।

ਫਿਰ ਬਟਾਲੇ ਜ਼ਿਲ੍ਹੇ ਵਿੱਚ ਪੁਲੀ ਚੱਕਰੀ ਬਜ਼ਾਰ ਤੋਂ ਲੈ ਕੇ ਘੋਗੇ ਪਿੰਡ ਤਕ ਦਾ ਕੋਈ ਵੀ ਕਾਂਡ ਅਜਿਹਾ ਨਹੀਂ ਸੀ, ਜਿਸ ਵਿੱਚ ਆਪ ਦੀ ਸ਼ਮੂਲੀਅਤ ਨਾ ਹੋਵੇ। ਹਿੰਦੁਸਤਾਨੀ ਪੁਲੀਸ ਫ਼ੋਰਸ ਨੇ ਆਪ ਦੇ ਪਰਿਵਾਰ 'ਤੇ ਕਹਿਰਾਂ ਦਾ ਤਸ਼ੱਦਦ ਢਾਹਿਆ, ਪਰ ਉਹ ਜ਼ੁਲਮੋ-ਤਸ਼ੱਦਦ ਆਪ ਦੇ ਕਦਮਾਂ ਦੀ ਰਵਾਨਗੀ ਨੂੰ ਮੱਧਮ ਨਾ ਕਰ ਸਕਿਆ। ਆਪ ਨੂੰ ਬੱਬਰ ਖ਼ਾਲਸਾ ਜਥੇਬੰਦੀ ਦਾ ਜ਼ਿਲ੍ਹਾ ਮੁਖੀ ਬਣਾਇਆ ਗਿਆ। ਕਈ ਵਾਰ ਆਪ ਦੇ ਸ਼ਹੀਦ ਹੋ ਜਾਣ ਦੇ ਚਰਚੇ ਛਿੜਦੇ ਜੋ ਛੇਤੀ ਹੀ ਝੂਠ ਸਾਬਤ ਹੋ ਜਾਂਦੇ ਰਹੇ।

ਸ਼ਹੀਦੀ

ਫਿਰ ਇੱਕ ਦਿਨ ਕਿਸੇ ਗ਼ੱਦਾਰ ਦੀ ਗ਼ੱਦਾਰੀ ਭਾਣਾ ਵਰਤਾ ਗਈ। 7 ਜੂਨ 1989 ਨੂੰ ਆਪ ਆਪਣੇ ਇੱਕ ਸਾਥੀ ਭਾਈ ਅਵਤਾਰ ਸਿੰਘ ਰੂਪੋਵਾਲ਼ੀ ਦੇ ਨਾਲ ਪਟਿਆਲ਼ੇ ਤੋਂ ਹੋ ਕੇ ਵਾਪਸ ਆ ਰਹੇ ਸਨ। ਜਲੰਧਰ ਵਿੱਚ ਇੱਕ ਨਾਕੇ 'ਤੇ ਆਪ ਦੀ ਕਾਰ ਰੋਕੀ ਗਈ। ਆਮ ਨਾਕਿਆਂ 'ਤੇ ਜੁਝਾਰੂ ਸਿੰਘਾਂ ਦੀਆਂ ਕਾਰਾਂ ਰੋਕੀਆਂ ਜਾਂਦੀਆਂ ਸਨ, ਪਰ ਉਹਨਾਂ ਦੀ ਨਿਰਭੈਤਾ ਪੁਲੀਸ ਨੂੰ ਗੁਮਾਨ ਵੀ ਨਹੀਂ ਸੀ ਹੋਣ ਦਿੰਦੀ ਕਿ ਇਹ ਜੁਝਾਰੂ ਸਿੰਘ ਹਨ, ਇਸ ਲਈ ਇਹਨਾਂ ਨੇ ਕਾਰ ਬੇਖ਼ੌਫ਼ ਹੋ ਕੇ ਨਾਕੇ 'ਤੇ ਰੋਕਣ 'ਤੇ ਰੋਕ ਲਈ।

ਕਾਰ ਰੁਕਦਿਆਂ ਹੀ ਇੱਕ-ਦਮ ਫੁਰਤੀ ਨਾਲ ਚਾਰ-ਚੁਫੇਰਿਓਂ ਘੇਰ ਲਈ ਗਈ। ਆਪ

ਸਮਝ ਗਏ ਕਿ ਭਾਣਾ ਵਰਤ ਗਿਆ ਹੈ। ਆਪ ਨੇ ਜਿਊਂਦੇ ਜੀਅ ਪੁਲੀਸ ਦੇ ਹੱਥ ਆਉਣ ਦੀ ਬਜਾਏ ਮੌਤ ਦੇ ਗਲ ਵਿੱਚ ਬਾਹਾਂ ਪਾਉਣਾ ਬਿਹਤਰ ਸਮਝਿਆ ਤੇ ਸਾਇਆਨਾਈਡ ਖਾ ਕੇ ਪ੍ਰਾਣ ਤਿਆਗ ਦਿੱਤੇ। ਭਾਈ ਅਵਤਾਰ ਸਿੰਘ ਰੂਪੋਵਾਲੀ ਨੂੰ ਪੁਲੀਸ ਨੇ ਗ੍ਰਿਫ਼ਤਾਰ ਕਰ ਲਿਆ। ਜਿਊਂਦੇ-ਜੀਅ ਪੁਲੀਸ ਦੇ ਹੱਥ ਨਾ ਆਉਣ ਦਾ ਪ੍ਰਣ ਨਿਭਾਅ ਕੇ ਭਾਈ ਗੁਰਿੰਦਰ ਸਿੰਘ ਗਿੰਦਾ ਭਾਗੋਵਾਲ ਨੇ ਸਿੱਖ ਇਤਿਹਾਸ ਦੇ ਪੰਨਿਆਂ ਵਿੱਚ ਅਜਿਹਾ ਬਸੰਤੀ ਰੰਗ ਭਰਿਆ, ਜੋ ਸਿੱਖ ਜਵਾਨੀ ਨੂੰ ਹਮੇਸ਼ਾ ਹੀ ਕੌਮ ਸਿਰ ਪਈਆਂ ਪਤਝੜਾਂ ਨੂੰ ਬਹਾਰ ਵਿੱਚ ਬਦਲਣ ਲਈ ਪ੍ਰੇਰਦਾ ਰਹੇਗਾ।

* * * * *

ਜੁਝਾਰੂ ਪਰਿਵਾਰਕ ਵਿਰਸੇ ਦਾ ਵਾਰਿਸ
ਸ਼ਹੀਦ ਭਾਈ ਸਤਬਚਨ ਸਿੰਘ ਸਕਰੂਲੀ

ਵੀਹਵੀਂ ਸਦੀ ਦੇ ਮਹਾਨ ਸਿੱਖ ਜਰਨੈਲ ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲਿਆਂ ਵੱਲੋਂ ਅਰੰਭੀ ਸਿੱਖ ਅਜ਼ਾਦੀ ਦੀ ਜੰਗ ਵਿੱਚ ਜੂਝ ਕੇ ਹਜ਼ਾਰਾਂ ਅਣਖੀਲੇ ਸਿੱਖ ਗੱਭਰੂਆਂ ਨੇ ਛਾਤੀਆਂ ਵਿੱਚ ਗੋਲੀਆਂ ਖਾਧੀਆਂ। ਭਾਈ ਸਤਬਚਨ ਸਿੰਘ ਸਕਰੂਲੀ ਦਾ ਨਾਂ ਵੀ ਇਹਨਾਂ ਸ਼ਹੀਦਾਂ ਵਿੱਚ ਬਹੁਤ ਉੱਘਾ ਹੈ।

ਹੁਸ਼ਿਆਰਪੁਰ ਦੀ ਗੜ੍ਹਸ਼ੰਕਰ ਤਹਿਸੀਲ ਦੇ ਅਧੀਨ ਪੈਂਦੇ ਕਸਬੇ ਮਾਹਿਲਪੁਰ ਤੋਂ ਪੰਜ ਕੁ ਕਿੱਲੋਮੀਟਰ ਦੀ ਦੂਰੀ 'ਤੇ ਵੱਸਦੇ ਪਿੰਡ ਸਕਰੂਲੀ ਵਿੱਚ ਸ਼ਹੀਦ ਭਾਈ ਸਤਬਚਨ ਸਿੰਘ ਦਾ ਪਰਿਵਾਰ ਪੁਰਾਣਾ ਅਜ਼ਾਦੀ ਘੁਲਾਟੀਆ ਅਥਵਾ ਜੁਝਾਰੂ ਹੋਣ ਵਜੋਂ ਜਾਣਿਆ ਜਾਂਦਾ ਸੀ। ਸ਼ਹੀਦ ਭਾਈ ਸਤਬਚਨ ਸਿੰਘ ਦੇ ਦਾਦੇ ਸ. ਦਲੀਪ ਸਿੰਘ ਦੇ ਛੋਟੇ ਭਰਾ ਭਾਈ ਤਾਰਾ ਸਿੰਘ ਨੇ ਜੈਤੋ ਮੋਰਚੇ ਵਿੱਚ ਵਰ੍ਹਦੀ ਗੋਲੀ 'ਚ ਪੰਥਕ ਕਾਫ਼ਲੇ ਦਾ ਹਿੱਸਾ ਬਣ ਕੇ ਜਦੋਂ ਅੰਗਰੇਜ਼ ਹਕੂਮਤ ਨੂੰ ਚੁਣੌਤੀ ਦਿੱਤੀ ਤਾਂ ਇਸ ਪਰਿਵਾਰ ਦੀ ਜ਼ਮੀਨ ਵੀ ਕੁਰਕ ਕੀਤੀ ਗਈ। ਜੈਤੋ 'ਚ ਚੱਲੀ ਗੋਲੀ 'ਚ ਭਾਈ ਤਾਰਾ ਸਿੰਘ ਦੇ ਸ਼ਹੀਦ ਹੋ ਜਾਣ ਦੀ ਖ਼ਬਰ ਉੱਡੀ, ਪਰ ਜਦੋਂ ਜੇਲ੍ਹ 'ਚੋਂ ਸੁਨੇਹਾ ਭੇਜ ਕੇ ਉਸ ਨੇ ਕੱਪੜੇ ਮੰਗਵਾਏ ਤਾਂ ਪਤਾ ਲੱਗਾ ਕਿ ਉਹ ਸ਼ਹੀਦ ਨਹੀਂ ਹੋਇਆ।

ਸ਼ਹੀਦ ਭਾਈ ਸਤਬਚਨ ਸਿੰਘ ਦਾ ਤਾਇਆ ਸ. ਜਗਤ ਸਿੰਘ ਵੀ ਅਜ਼ਾਦੀ ਦੀ ਲਹਿਰ ਦਾ ਉੱਘਾ ਘੁਲਾਟੀਆ ਸੀ। ਉਹ ਇਨਕਲਾਬੀਆਂ ਦੀ ਜਥੇਬੰਦੀ ਵਿੱਚ ਅੰਡਰ-ਗਰਾਊਂਡ ਰਹਿ ਕੇ ਕੰਮ ਕਰਦਾ ਰਿਹਾ।

ਬਾਬਾ ਦਲੀਪ ਸਿੰਘ ਦੇ ਛੋਟੇ ਪੁੱਤਰ ਸ. ਦਰਸ਼ਨ ਸਿੰਘ ਦੇ ਘਰ ਚਾਰ ਬੱਚੇ ਹੋਏ:

1) ਸ਼ਮਿੰਦਰ ਕੌਰ, 2) ਮਨੋਹਰ ਸਿੰਘ, 3) ਸਤਬਚਨ ਸਿੰਘ, 4) ਸਤਨਾਮ ਸਿੰਘ।

ਸ. ਦਰਸ਼ਨ ਸਿੰਘ ਦੇ ਘਰ ਮਾਤਾ ਰੇਸ਼ਮ ਕੌਰ ਦੀ ਕੁੱਖੋਂ ਸਤਬਚਨ ਸਿੰਘ ਦਾ ਜਨਮ 27 ਦਸੰਬਰ 1957 ਨੂੰ ਹੋਇਆ। ਦਸਵੀਂ ਤਕ ਪੜ੍ਹਾਈ ਉਹਨਾਂ ਨੇ ਸਕਰੂਲੀ ਦੇ ਸਰਕਾਰੀ ਸਕੂਲ ਤੋਂ ਕੀਤੀ। 1976 ਵਿੱਚ ਦਸਵੀਂ ਕਰਨ ਤੋਂ ਬਾਅਦ ਹਾਇਰ ਸੈਕੰਡਰੀ ਦੀ ਸਿੱਖਿਆ ਮਾਹਿਲਪੁਰ ਦੇ ਗੌਰਮਿੰਟ ਹਾਇਰ ਸੈਕੰਡਰੀ ਸਕੂਲ ਤੋਂ ਪ੍ਰਾਪਤ ਕੀਤੀ। ਇਸ ਤੋਂ ਬਾਅਦ ਉੱਚ ਵਿੱਦਿਆ ਲਈ ਉਹ ਆਈ.ਟੀ.ਆਈ. ਕਾਲਜ ਹੁਸ਼ਿਆਰਪੁਰ ਵਿੱਚ ਦਾਖ਼ਲ ਹੋਏ।

ਅਜੇ ਕਹਿਰੀ ਨੀਲਾ ਤਾਰਾ ਨਹੀਂ ਸੀ ਚੜ੍ਹਿਆ, ਪਰ ਸਿੱਖ ਸੰਘਰਸ਼ ਦੀ ਬਸੰਤ ਖਿੜ ਰਹੀ ਸੀ। ਇਸ ਆਈ.ਟੀ.ਆਈ ਕਾਲਜ ਵਿੱਚ ਹੀ ਭਾਈ ਸਤਬਚਨ ਸਿੰਘ ਦਾ ਮੇਲ ਸਿੱਖ ਸਟੂਡੈਂਟਸ ਫ਼ੈਡਰੇਸ਼ਨ ਦੇ ਸਿੰਘਾਂ ਨਾਲ਼ ਹੋਇਆ ਤੇ ਉਹ ਇਸ ਸੰਘਰਸ਼ਸ਼ੀਲ ਕਾਫ਼ਲੇ ਦਾ ਹਿੱਸਾ ਬਣ ਗਏ। ਇਹਨਾਂ 'ਚ ਭਾਈ ਚਰਨਜੀਤ ਸਿੰਘ ਪਿੰਡ ਹੇੜੀਆਂ ਨਾਲ਼ ਆਪ ਦੀ ਗੂੜ੍ਹੀ ਦੋਸਤੀ ਪੈ ਗਈ।

ਇੱਥੇ ਹੀ ਆਪ ਦਾ ਭਾਈ ਮਨਬੀਰ ਸਿੰਘ ਚਹੇੜੂ ਨਾਲ਼ ਵੀ ਸੰਪਰਕ ਕਾਇਮ ਹੋਇਆ ਅਤੇ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲ਼ਿਆਂ ਕੋਲ਼ ਆਉਣ-ਜਾਣ ਵੀ ਬਣ ਗਿਆ। ਆਪ ਦੇ ਆਈ.ਟੀ.ਆਈ. 'ਚੋਂ ਫਿਟਰ ਦਾ ਡਿਪਲੋਮਾ ਕਰ ਲੈਣ ਤੋਂ ਬਾਅਦ ਵੀ ਆਪ ਦੇ ਘਰ ਫ਼ੈਡਰੇਸ਼ਨ ਵਰਕਰਾਂ ਦਾ ਆਉਣ ਜਾਣ ਬਣਿਆ ਰਿਹਾ।

ਸ੍ਰੀ ਦਰਬਾਰ ਸਾਹਿਬ ਉੱਪਰ ਜਦੋਂ ਭਾਰਤੀ ਹਕੂਮਤ ਨੇ ਵਹਿਸ਼ੀ ਹਮਲਾ ਕਰ ਕੇ ਸਿੱਖਾਂ ਦੀ ਕਤਲੇਆਮ ਕੀਤੀ ਤਾਂ ਭਾਈ ਸਤਬਚਨ ਸਿੰਘ ਹੋਰਾਂ ਨੇ ਘਰੋਂ ਰੂਪੋਸ਼ ਹੋਣ ਦੀ ਬਜਾਏ ਘਰਾਂ 'ਚ ਰਹਿੰਦੇ ਹੋਏ ਹੀ ਗੁਪਤ ਤੌਰ 'ਤੇ ਜੁਝਾਰੂ ਸੰਘਰਸ਼ ਲੜਨ ਦਾ ਫ਼ੈਸਲਾ ਕੀਤਾ। ਇਸ ਲਈ ਇੱਕ ਵਿਸ਼ੇਸ਼ ਰਣਨੀਤੀ ਰਾਹੀਂ ਆਪ ਨੇ ਮਾਹਿਲਪੁਰ ਵਿਖੇ ਗੁਰੂ ਗੋਬਿੰਦ ਸਿੰਘ ਖ਼ਾਲਸਾ ਕਾਲਜ ਅੰਦਰ ਕੰਟੀਨ ਦਾ ਠੇਕਾ ਲੈ ਲਿਆ। ਇਹ ਕੰਟੀਨ ਜੁਝਾਰੂ ਵਰਕਰਾਂ ਲਈ ਇੱਕ ਵਿਸ਼ੇਸ਼ ਠਾਹਰ ਬਣੀ ਰਹੀ।

ਇਸੇ ਹੀ ਦੌਰਾਨ ਇੱਕ ਬ੍ਰਾਹਮਣਾਂ ਦੇ ਘਰ ਪਏ ਡਾਕੇ ਦੇ ਸੰਬੰਧ ਵਿੱਚ ਵੀ ਆਪ, ਆਪ ਦੇ ਪਰਿਵਾਰ ਅਤੇ ਇਲਾਕੇ ਦੇ 25 ਹੋਰ ਸਿੱਖ ਨੌਜਵਾਨਾਂ 'ਤੇ ਅਥਾਹ ਤਸ਼ੱਦਦ ਕੀਤਾ ਗਿਆ, ਪਰ ਬਾਅਦ 'ਚ ਓਸ ਡਾਕੇ 'ਚ ਇੱਕ ਡੀ.ਐਸ.ਪੀ. ਦੇ ਪੁੱਤ ਦਾ ਹੱਥ ਨਿਕਲ਼ਿਆ। ਇਸ ਘਟਨਾ ਨੇ ਆਪ ਦੇ ਦਿਲ ਅੰਦਰਲੀ ਵਿਦਰੋਹ ਦੀ ਅੱਗ ਨੂੰ ਹੋਰ ਭੜਕਾਇਆ।

ਆਪ ਦੇ ਇਲਾਕੇ ਦਾ ਇੱਕ ਕਾਮਰੇਡ ਲੀਡਰ ਸਿੱਖ ਜੁਝਾਰੂਆਂ ਅਤੇ ਸਿੱਖ ਸੰਘਰਸ਼ ਵਿਰੁੱਧ ਬਹੁਤ ਹੀ ਜ਼ਹਿਰੀਲੀ ਸ਼ਬਦਾਵਲੀ 'ਚ ਬਿਆਨਬਾਜ਼ੀ ਕਰਦਾ ਰਹਿੰਦਾ ਸੀ। ਆਪ ਉਸ ਲੀਡਰ ਦੇ ਘਰ ਪਹੁੰਚੇ ਤੇ ਉਸ ਨਾਲ਼ ਸੰਵਾਦ ਰਚਾ ਕੇ ਉਸ ਨੂੰ ਇਸ ਬਿਆਨਬਾਜ਼ੀ ਤੋਂ ਵਰਜਿਆ, ਪਰ ਉਹ ਬਾਜ਼ ਨਾ ਆਇਆ। ਫਿਰ ਕੁਝ ਹੀ ਸਮੇਂ ਬਾਅਦ ਉਸ ਕਾਮਰੇਡ ਲੀਡਰ ਦਾ ਕਤਲ ਹੋ ਗਿਆ। ਪੁਲੀਸ ਨੇ ਭਾਈ ਸਤਬਚਨ ਸਿੰਘ ਨੂੰ ਫੜਨ ਲਈ ਆਪ ਦੇ ਘਰ ਛਾਪਾ ਮਾਰਿਆ ਤਾਂ ਆਪ ਰੂਪੋਸ਼ ਹੋ ਗਏ। ਪੁਲੀਸ ਨੇ ਆਪ ਦੇ ਪਰਿਵਾਰ 'ਤੇ ਅੰਨ੍ਹਾ ਤਸ਼ੱਦਦ ਢਾਹਿਆ, ਪਰ ਆਪ ਆਪਣੀ ਤੋਰ ਸੰਘਰਸ਼ਮਈ ਕਾਫ਼ਲੇ 'ਚ ਤੁਰਦੇ ਰਹੇ।

ਫਿਰ ਦਸੂਹੇ ਵਿਖੇ ਫ਼ੈਡਰੇਸ਼ਨ ਦੀ ਇੱਕ ਰੈਲੀ ਸਮੇਂ ਆਪ ਦੇ ਪਿੱਛੇ ਸੀ.ਆਈ.ਡੀ. ਲੱਗ ਗਈ ਤੇ ਬਾਅਦ 'ਚ ਇੱਕ ਬੱਸ 'ਚੋਂ ਉੱਤਰਦੇ ਹੀ ਆਪ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਸਦਰ ਥਾਣਾ ਹੁਸ਼ਿਆਰਪੁਰ 'ਚ ਆਪ ਉੱਤੇ ਦਿਨ-ਰਾਤ ਤਸ਼ੱਦਦ ਕੀਤਾ ਗਿਆ। ਕਈ ਦਿਨਾਂ ਬਾਅਦ ਆਪ ਉੱਪਰ ਕਈ ਤਰ੍ਹਾਂ ਦੇ ਕੇਸ ਦਰਜ ਕਰ ਕੇ ਜਲੰਧਰ ਸਕਿਓਰਟੀ ਜੇਲ੍ਹ 'ਚ ਭੇਜ ਦਿੱਤਾ ਗਿਆ।

ਜੇਲ੍ਹ ਦੀਆਂ ਕੰਧਾਂ ਆਪ ਦੇ ਜਜ਼ਬਿਆਂ ਨੂੰ ਕੈਦ ਨਾ ਕਰ ਸਕੀਆਂ। ਜੇਲ੍ਹ 'ਚ ਆਪ ਨੇ

ਸੰਘਰਸ਼ ਨੂੰ ਹੋਰ ਅੱਗੇ ਲਿਜਾਣ ਲਈ ਗੰਭੀਰ ਚਿੰਤਨ ਕੀਤਾ ਤੇ ਜ਼ਮਾਨਤ ਹੋਣ ਤੋਂ ਬਾਅਦ ਫਿਰ ਅਗਲੀ ਰਣਨੀਤੀ ਉਲੀਕਣ ਲੱਗੇ। ਪਰ ਆਪ ਦੀ ਰਿਹਾਈ ਤੋਂ 18 ਦਿਨ ਬਾਅਦ ਪੁਲੀਸ ਨੇ ਫਿਰ ਆਪ ਦੇ ਘਰ ਛਾਪਾ ਮਾਰਿਆ ਤੇ ਆਪ ਨੂੰ ਗ੍ਰਿਫ਼ਤਾਰ ਕਰ ਲਿਆ। ਆਪ ਉੱਪਰ ਐਨ.ਐਸ.ਏ. ਲਾ ਕੇ ਆਪ ਨੂੰ ਨਾਭਾ ਸਕਿਓਰਟੀ ਜੇਲ੍ਹ ਵਿੱਚ ਭੇਜ ਦਿੱਤਾ ਗਿਆ।

ਪਰਿਵਾਰ ਵੱਲੋਂ ਲਗਾਤਾਰ ਪੈਰਵੀ ਉਪਰੰਤ 16 ਮਹੀਨੇ ਬਾਅਦ ਆਪ ਦੀ ਐਨ.ਐਸ.ਏ. ਟੁੱਟ ਗਈ ਤੇ ਆਪ ਜ਼ਮਾਨਤ ਕਰਵਾ ਕੇ ਘਰ ਆ ਗਏ। ਜੇਲ੍ਹ 'ਚੋਂ ਬਾਹਰ ਆ ਕੇ ਆਪ ਨੇ ਗੁਪਤ ਸਰਗਰਮੀਆਂ ਫਿਰ ਅਰੰਭ ਦਿੱਤੀਆਂ।

ਹੁਣ ਆਪ ਨੂੰ ਕਈ ਰਿਸ਼ਤੇ ਆਉਣ ਲੱਗੇ, ਪਰ ਆਪ ਨੇ ਵਿਆਹ ਕਰਵਾਉਣ ਤੋਂ ਨਾਂਹ ਕਰ ਦਿੱਤੀ। ਇੱਕ ਵਾਰ ਕੈਨੇਡਾ ਰਹਿੰਦੀ ਲੜਕੀ ਦਾ ਰਿਸ਼ਤਾ ਵੀ ਆਇਆ ਜੋ ਆਪ ਨੇ ਪ੍ਰਵਾਨ ਨਾ ਕੀਤਾ। ਫਿਰ ਇੱਕ ਵਾਰ ਆਪ ਦੀ ਮਾਸੀ ਨੇ ਆਪਣੀ ਜੇਠਾਣੀ ਦੀ ਲੜਕੀ ਦਾ ਰਿਸ਼ਤਾ ਆਪ ਲਈ ਲਿਆਂਦਾ, ਆਪ ਆਪਣੀ ਮਾਸੀ ਨੂੰ ਕਹਿਣ ਲੱਗੇ:

"ਮਾਸੀ! ਤੂੰ ਓਸ ਕੁੜੀ ਦੀ ਦੁਸ਼ਮਣ ਐਂ?

"ਕਿਉਂ ਦੁਸ਼ਮਣ ਕਿਵੇਂ...?"

"ਫਿਰ ਕਾਹਦੇ ਲਈ ਉਸ ਬਿਗਾਨੀ ਧੀ ਨੂੰ ਵਿਧਵਾ ਹੋਣ ਵਾਲੀ ਥਾਂ ਵਿਆਹੁਣਾ ਚਾਹੁੰਨੀ ਐਂ...?" ਆਪ ਦਾ ਸਵਾਲ ਸੀ।

ਆਪ ਦੇ ਪਰਿਵਾਰ ਨੇ ਆਪ ਦੇ ਇਹਨਾਂ ਵਿਚਾਰਾਂ ਦਾ ਵਿਰੋਧ ਕੀਤਾ ਅਤੇ ਵਿਆਹ ਲਈ ਜ਼ੋਰ ਪਾਇਆ, ਪਰ ਆਪ ਨੇ ਕਿਹਾ- "ਮੈਂ ਵਿਆਹ ਨ੍ਹੀਂ ਕਰਵਾਉਣਾ, ਮੈਨੂੰ ਮੇਰੇ ਸ਼ਹੀਦ ਭਰਾ ਉਡੀਕਦੇ ਨੇ....।"

ਆਪ ਦੇ ਤਾਇਆ ਸ. ਜਗਤ ਸਿੰਘ, ਜੋ ਕਿ ਖੁਦ ਪੁਰਾਣੇ ਅਜ਼ਾਦੀ ਘੁਲਾਟੀਏ ਸਨ, ਨੇ ਇੱਕ ਵਾਰ ਆਪ ਨੂੰ ਕਿਹਾ- "ਸਤਬਚਨ! ਲੱਗਦੈ ਤੂੰ ਸਾਨੂੰ ਫੇਰ ਇਮਤਿਹਾਨ 'ਚ ਪਾ ਦੇਣੈਂ....।"

ਆਪ ਦਾ ਜਵਾਬ ਸੀ- "ਕੋਈ ਨ੍ਹੀਂ, ਇਹ ਆਪਣੇ ਪਰਿਵਾਰ ਨਾਲ ਕਿਹੜਾ ਪਹਿਲੀ ਵਾਰ ਹੋਣ ਲੱਗੀ...।"

ਹੁਣ ਹੁਸ਼ਿਆਰਪੁਰ ਦੇ ਇੱਕ ਕਾਂਗਰਸੀ 'ਸੰਤ ਰਾਮ' ਦੇ ਕਤਲ ਤੋਂ ਬਾਅਦ ਆਪ ਫਿਰ ਰੂਪੋਸ਼ ਹੋਏ। ਘਰੋਂ ਤੁਰਨ ਲੱਗੇ ਆਪ ਨੇ ਆਪਣੇ ਵੱਡੇ ਭਰਾ ਸ. ਮਨੋਹਰ ਸਿੰਘ ਨੂੰ ਕਿਹਾ, "ਭਰਾ! ਤੈਨੂੰ ਮੇਰਾ ਕੋਈ ਉਲਾਮ੍ਹਾ ਨ੍ਹੀਂ ਆਉਂਦਾ....।"

ਪੁਲੀਸ ਨੇ ਆਪ ਦੇ ਪਰਿਵਾਰ ਉੱਪਰ ਅੰਤਾਂ ਦਾ ਤਸ਼ੱਦਦ ਢਾਹਿਆ। ਜੁਝਾਰੂ ਸਿੰਘਾਂ ਦਾ ਹੌਸਲਾ ਤੋੜਨ ਲਈ ਪੁਲੀਸ ਵੱਲੋਂ ਉਹਨਾਂ ਦੇ ਰਿਸ਼ਤੇਦਾਰਾਂ 'ਤੇ ਅੰਨ੍ਹਾ ਤਸ਼ੱਦਦ ਕੀਤਾ ਜਾਂਦਾ ਸੀ, ਜਿਸ ਵਿਰੁੱਧ ਇੱਕ ਵਾਰ ਆਪ ਨੇ ਬੜਾ ਮਨੋਵਿਗਿਆਨਕ ਤਰੀਕਾ ਅਮਲ 'ਚ ਲਿਆਂਦਾ, ਇੱਕ ਪੁਲੀਸ ਅਫ਼ਸਰ ਜਿਸ ਨੇ ਭਾਈ ਸਤਬਚਨ ਸਿੰਘ ਦੇ ਜੀਜਾ ਜੀ ਉੱਪਰ ਤਸ਼ੱਦਦ ਕਰ ਕੇ ਉਹਨਾਂ

ਦੀਆਂ ਲੱਤਾਂ ਸੁਜਾ ਦਿੱਤੀਆਂ ਸਨ, ਨਾਲ ਕਿਸੇ ਤਰੀਕੇ ਗੱਲ ਕੀਤੀ ਤੇ ਕਿਹਾ:

"ਤੇਰਾ ਭਣਵਈਆ ਜਿਹੜਾ ਕਿ ਫਲਾਣੇ ਥਾਂ ਰਹਿੰਦੈ, ਉਹਨੂੰ ਮੈਂ ਮਾਰ ਦੇਣੈ...।"

ਪੁਲੀਸ ਅਫ਼ਸਰ ਕਹਿੰਦਾ- "ਓਹਦੇ ਨਾਲ਼ ਤੇਰੀ ਕੀ ਦੁਸ਼ਮਣੀ ਆ....?"

ਆਪ ਦਾ ਜਵਾਬ ਸੀ- "ਜਿਹੜੀ ਦੁਸ਼ਮਣੀ ਤੇਰੀ ਮੇਰੇ ਭਣਵਈਏ ਨਾਲ਼ ਐ...।"

ਉਹ ਥਾਣੇਦਾਰ ਇਸ਼ਾਰਾ ਸਮਝ ਗਿਆ ਤੇ ਫਿਰ ਉਸ ਨੇ ਆਪ ਦੇ ਪਰਿਵਾਰਕ ਮੈਂਬਰਾਂ 'ਤੇ ਤਸ਼ੱਦਦ ਕਰਨਾ ਬੰਦ ਕਰ ਦਿੱਤਾ। ਸੀ.ਆਈ.ਡੀ. ਆਨੇ-ਬਹਾਨੇ ਕਈ ਤਰੀਕਿਆਂ ਨਾਲ਼ ਆਪ ਦੇ ਪਰਿਵਾਰ ਤੋਂ ਆਪ ਦੀ ਸੂਹ ਕੱਢਣ ਦਾ ਯਤਨ ਕਰਦੀ ਰਹੀ, ਪਰ ਆਪ ਰੂਪੋਸ਼ ਹੋਣ ਤੋਂ ਬਾਅਦ ਕਦੇ ਆਪਣੇ ਘਰ ਆਏ ਹੀ ਨਹੀਂ ਸਨ ਤੇ ਨਾ ਹੀ ਕਦੇ ਵਿਸ਼ੇਸ਼ ਤੌਰ 'ਤੇ ਕਿਸੇ ਪਰਿਵਾਰਕ ਮੈਂਬਰ ਨੂੰ ਮਿਲਣ ਦਾ ਯਤਨ ਹੀ ਕੀਤਾ ਸੀ।

ਰੂਪੋਸ਼ੀ ਦੌਰਾਨ ਆਪ ਨੇ ਕਈ ਬੁੱਚੜ ਪੁਲੀਸ ਅਫ਼ਸਰਾਂ ਦੀ ਸੁਧਾਈ ਕੀਤੀ। ਇਸ ਦੌਰਾਨ ਹੀ ਆਪ ਨੇ ਆਪਣੇ ਗਰੁੱਪ ਦੇ ਇੱਕ ਸਿੰਘ ਭਾਈ ਸਤਨਾਮ ਸਿੰਘ ਅਟੱਲਗੜ੍ਹ, ਜੋ ਕਿ ਜੇਲ੍ਹ ਵਿੱਚ ਸੀ, ਨੂੰ ਪੇਸ਼ੀ ਦੌਰਾਨ ਅੰਬਾਲਾ ਕਚਹਿਰੀ 'ਚ ਪੁਲੀਸ ਗਾਰਦ 'ਤੇ ਹਮਲਾ ਕਰ ਕੇ ਛੁਡਵਾਇਆ। ਇਸ ਹਮਲੇ 'ਚ ਇੱਕ ਹਵਾਲਦਾਰ ਤੇ ਇੱਕ ਸਿਪਾਹੀ ਮਾਰੇ ਗਏ।

ਹੁਣ ਆਪ ਦਾ ਸੰਬੰਧ ਭਿੰਡਰਾਂਵਾਲਾ ਟਾਈਗਰਜ਼ ਫ਼ੋਰਸ ਦੇ ਭਾਈ ਸੁਖਵਿੰਦਰ ਸਿੰਘ ਸੰਘਾ ਗਰੁੱਪ ਨਾਲ਼ ਸੀ।

ਭਾਖੜਾ ਦਾ ਪਾਣੀ ਛੱਡ ਕੇ ਪੰਜਾਬ ਦੇ ਕਈ ਇਲਾਕਿਆਂ ਨੂੰ ਡੋਬਣ ਲਈ ਜ਼ਿੰਮੇਵਾਰ ਭਾਖੜਾ ਪ੍ਰਬੰਧਕੀ ਬੋਰਡ ਦੇ ਚੇਅਰਮੈਨ ਜਨਰਲ ਕੁਮਾਰ ਦੇ ਕਤਲ ਤੋਂ ਬਾਅਦ ਆਪ ਦੇ ਪਰਿਵਾਰ 'ਤੇ ਵੀ ਕਾਫ਼ੀ ਤਸ਼ੱਦਦ ਕੀਤਾ ਗਿਆ।

ਸ਼ਹੀਦੀ

ਇਸ ਸੰਘਰਸ਼ਮਈ ਸਫ਼ਰ ਦੌਰਾਨ ਆਪ ਆਪਣੇ ਇੱਕ ਸਾਥੀ ਭਾਈ ਸਤਨਾਮ ਸਿੰਘ ਭੀਲੋਵਾਲ ਦੇ ਨਾਲ ਮਿਤੀ 25 ਅਪ੍ਰੈਲ 1989 ਨੂੰ ਹੁਸ਼ਿਆਰਪੁਰ ਜ਼ਿਲ੍ਹੇ ਦੇ ਪਿੰਡ ਮੋਨਾ ਕਲਾਂ ਦੇ ਇੱਕ ਘਰ 'ਚ ਠਹਿਰੇ ਹੋਏ ਸਨ ਕਿ ਸੂਹ ਮਿਲਣ 'ਤੇ ਇੱਕ ਡੀ.ਐਸ.ਪੀ. ਦੀ ਅਗਵਾਈ 'ਚ ਪੁਲੀਸ ਫ਼ੋਰਸ ਨੇ ਘੇਰਾ ਪਾ ਲਿਆ। ਇਸ ਵੇਲੇ ਆਪ ਦੇ ਕੋਲ਼ ਇੱਕ ਐਸ.ਆਈ. ਨੂੰ ਮਾਰ ਕੇ ਖੋਹਿਆ ਗਿਆ ਰਿਵਾਲਵਰ ਅਤੇ ਗਿਣਤੀ ਦੇ ਹੀ ਕਾਰਤੂਸ ਸਨ, ਜਿਨ੍ਹਾਂ ਨਾਲ ਆਪ ਨੇ ਪੁਲੀਸ ਫ਼ੋਰਸਾਂ ਦਾ ਮੁਕਾਬਲਾ ਅਰੰਭ ਦਿੱਤਾ ਅਤੇ ਦੋ ਪੁਲੀਸ ਵਾਲ਼ੇ ਮਾਰ ਦਿੱਤੇ।

ਜਦੋਂ ਆਪ ਦੇ ਰਿਵਾਲਵਰ ਵਿੱਚ ਆਖ਼ਰੀ ਇੱਕੋ ਹੀ ਗੋਲ਼ੀ ਰਹਿ ਗਈ ਤਾਂ ਆਪ ਨੇ ਭਾਈ ਸਤਨਾਮ ਸਿੰਘ ਭੀਲੋਵਾਲ ਨੂੰ ਜਪੁਜੀ ਸਾਹਿਬ ਦਾ ਪਾਠ ਕਰਨ ਲਈ ਕਿਹਾ।

ਸਤਨਾਮ ਸਿੰਘ ਨੇ ਜਪੁਜੀ ਸਾਹਿਬ ਦਾ ਪਾਠ ਕੀਤਾ। ਜਦੋਂ ਭੋਗ ਪਿਆ ਤਾਂ ਆਪ ਨੇ ਆਪਣਾ ਰਿਵਾਲਵਰ ਉਸ ਨੂੰ ਦੇ ਕੇ ਕਿਹਾ, "ਤੂੰ ਮੈਨੂੰ ਗੋਲ਼ੀ ਮਾਰ ਦੇਹ, ਤੇਰੇ ਉੱਤੇ ਕੋਈ ਕੇਸ ਨਹੀਂ, ਇਸ ਲਈ ਤੂੰ ਭਾਵੇਂ ਪੇਸ਼ ਹੋ ਜਾ...ਅਗਾਂਹ ਸੇਵਾ ਜਾਰੀ ਰੱਖੀਂ...।"

ਪਰ ਭਾਈ ਸਤਨਾਮ ਸਿੰਘ ਨੇ ਜਦੋਂ ਹਿਚਕਚਾਹਟ ਪ੍ਰਗਟ ਕੀਤੀ ਤਾਂ ਆਪ ਨੇ ਰਿਵਾਲਵਰ ਲੈ ਕੇ ਆਪਣੇ ਆਪ ਨੂੰ ਗੋਲੀ ਮਾਰ ਕੇ ਲਾੜੀ ਮੌਤ ਨੂੰ ਵਰ ਲਿਆ। ਸਤਨਾਮ ਸਿੰਘ ਨੇ ਆਪ ਦੇ ਕਹੇ ਅਨੁਸਾਰ ਆਪਣੇ ਆਪ ਨੂੰ ਪੁਲੀਸ ਦੇ ਹਵਾਲੇ ਕਰ ਦਿੱਤਾ।

ਪੁਲੀਸ ਵਾਲ਼ਿਆਂ ਨੂੰ ਆਪ ਦੀ ਸ਼ਹਾਦਤ ਬਾਰੇ ਪਤਾ ਲੱਗਣ 'ਤੇ ਵੀ ਅੱਗੇ ਵਧਣ ਦੀ ਹਿੰਮਤ ਨਾ ਪਈ ਤੇ ਉਹ ਭਾਈ ਸਤਨਾਮ ਸਿੰਘ ਨੂੰ ਅੱਗੇ ਲਾ ਕੇ ਅਗਾਂਹ ਵਧੇ।

ਨੇੜੇ ਜਾ ਕੇ ਪੁਲੀਸ ਵਾਲ਼ਿਆਂ ਨੇ ਵੇਖਿਆ ਕਿ ਭਾਈ ਸਤਬਚਨ ਸਿੰਘ ਕੌਮੀ ਅਜ਼ਾਦੀ ਦੀ ਲੜਾਈ 'ਚ ਆਪਣੇ ਹਿੱਸੇ ਦਾ ਬਣਦਾ ਯੋਗਦਾਨ ਪਾ ਕੇ ਸ਼ਹਾਦਤ ਪ੍ਰਾਪਤ ਕਰ ਗਏ ਸਨ ਤੇ ਗੁਰੂ ਦੀ ਦਰਗਾਹ ਵਿੱਚ ਸੁਰਖ਼ਰੂ ਹੋ ਗਏ ਸਨ।

* * * * *

ਉੱਚ ਲਿਆਕਤ ਨਾਲ਼ ਹਕੂਮਤ ਨੂੰ ਮਾਤ ਦੇਣ ਵਾਲ਼ਾ ਸੂਰਮਾ

ਸ਼ਹੀਦ ਭਾਈ ਧਰਮਬੀਰ ਸਿੰਘ ਕੰਮੋਕੇ

ਪੰਜਾਬ ਅੰਦਰ ਸਿੱਖਾਂ ਦੀ ਜੁਝਾਰੂ ਲਹਿਰ ਦਬਾਉਣ ਦੇ ਪੱਜ ਵਿੱਚ ਹਿੰਦੁਸਤਾਨ ਸਰਕਾਰ ਨੇ ਸਿੱਖਾਂ ਅੰਦਰੋਂ ਚੇਤੰਨ ਵਰਗ ਦੇ ਪੜ੍ਹੇ ਲਿਖੇ ਵਕੀਲ ਅਤੇ ਕਈ ਪੱਤਰਕਾਰ ਜੋ ਸਿੱਖੀ ਦਾ ਦਰਦ ਰੱਖਦੇ ਸਨ, ਚੁੱਕ ਕੇ ਮਾਰ ਖਪਾ ਦਿੱਤੇ, ਉਹਨਾਂ ਵਿੱਚ ਪੀ.ਐਚ.ਡੀ. ਇਕਨਾਮਿਕਸ ਅਤੇ ਐਲ.ਐਲ.ਬੀ. ਭਾਈ ਧਰਮਬੀਰ ਸਿੰਘ ਕੰਮੋਕੇ ਦਾ ਨਾਂ ਵੀ ਆਉਂਦਾ ਹੈ।

ਭਾਈ ਧਰਮਬੀਰ ਸਿੰਘ ਦਾ ਪਰਿਵਾਰਕ ਪਿਛੋਕੜ ਪੁੰਛ ਤੋਂ ਖੋਜ ਵਿੱਚ ਆਉਂਦਾ ਹੈ। ਪਿਤਾ ਸ. ਹਰਨਾਮ ਸਿੰਘ ਦੇ ਘਰ ਅਤੇ ਮਾਤਾ ਨੈਣ ਕੌਰ ਦੀ ਕੁੱਖੋਂ ਜਨਮੇ ਆਪ ਪੰਜ ਭੈਣ ਭਰਾ ਸਨ:

ਤ੍ਰਿਪਤ ਕੌਰ, ਦਵਿੰਦਰ ਕੌਰ, ਧਰਮਬੀਰ ਸਿੰਘ, ਮਨਮੋਹਨ ਸਿੰਘ, ਸੁਰਜੀਤ ਸਿੰਘ।

ਸੰਨ 1947 ਦੀ ਹਿੰਦ-ਪਾਕਿ ਵੰਡ ਪਿੱਛੋਂ ਆਪ ਦਾ ਪਰਿਵਾਰ ਪੁੰਛ ਤੋਂ ਜੰਮੂ ਆ ਗਿਆ। ਸੰਨ 1965 ਤਕ ਜੰਮੂ ਹੀ ਰਹਿਣ ਪਿੱਛੋਂ ਆਪ ਦੇ ਪਿਤਾ ਸ. ਹਰਨਾਮ ਸਿੰਘ ਅੰਮ੍ਰਿਤਸਰ ਜ਼ਿਲ੍ਹੇ ਦੀ ਬਾਬਾ ਬਕਾਲਾ ਤਹਿਸੀਲ ਦੇ ਪਿੰਡ ਕੰਮੋਕੇ ਦੇ ਗੁਰਦੁਆਰਾ ਸਾਹਿਬ ਦੇ ਗਰੰਥੀ ਲੱਗੇ ਤੇ ਆਪ ਦਾ ਪਰਿਵਾਰ ਕੰਮੋਕੇ ਆ ਵਸਿਆ। ਓਦੋਂ ਭਾਈ ਧਰਮਬੀਰ ਸਿੰਘ ਦੇ ਜਨਮ ਨੂੰ ਥੋੜ੍ਹਾ ਚਿਰ ਹੀ ਹੋਇਆ ਸੀ।

ਆਪ ਦਾ ਬਚਪਨ ਕੰਮੋਕੇ ਦੀਆਂ ਗਲੀਆਂ ਵਿੱਚ ਖੇਡਦਿਆਂ ਹੀ ਬੀਤਣ ਲੱਗਾ। ਨੌਂਵੀਂ ਕਲਾਸ ਤਕ ਪੜ੍ਹਾਈ ਆਪ ਨੇ ਨੇੜਲੇ ਪਿੰਡ ਬੁਤਾਲਾ ਦੇ ਸਕੂਲ ਤੋਂ ਕੀਤੀ ਅਤੇ ਦਸਵੀਂ ਦਾ ਇਮਤਿਹਾਨ ਗਵਾਲੀਅਰ (ਮੱਧ ਪ੍ਰਦੇਸ) ਤੋਂ ਦਿੱਤਾ।

ਇਸ ਤੋਂ ਬਾਅਦ ਸਠਿਆਲੇ ਕਾਲਜ ਵਿੱਚ ਦਾਖ਼ਲਾ ਲਿਆ, ਪਰ ਖ਼ਰਚੇ ਪੂਰੇ ਨਾ ਹੋਣ ਕਾਰਨ ਪੜ੍ਹਾਈ ਵਿੱਚੇ ਹੀ ਛੱਡਣੀ ਪਈ। ਫਿਰ ਕੁਝ ਦੋਸਤਾਂ ਨਾਲ਼ ਚੰਡੀਗੜ੍ਹ ਜਾ ਕੇ ਕੰਮ ਕਰਨ ਲੱਗੇ ਤੇ ਨਾਲ਼ ਹੀ ਨਾਲ਼ ਕਾਲਜ ਵਿੱਚ ਪੜ੍ਹਾਈ ਵੀ ਕਰਨ ਲੱਗੇ। ਓਥੇ ਹੀ ਇੱਕ ਰਿਟਾਇਰਡ ਬ੍ਰਿਗੇਡੀਅਰ ਦੇ ਘਰ ਵਿੱਚ ਆਪ ਦੀ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲ਼ਿਆਂ ਨਾਲ਼ ਮੁਲਾਕਾਤ ਹੋਈ। ਇਸ ਪਿੱਛੋਂ ਆਪ ਸਿੱਖ ਸਟੂਡੈਂਟਸ ਫ਼ੈਡਰੇਸ਼ਨ ਦੇ ਸਰਗਰਮ ਵਰਕਰ ਬਣ

ਗਏ।

ਫੈਡਰੇਸ਼ਨ ਦੀਆਂ ਗ਼ੈਰ ਹਥਿਆਰਬੰਦ ਸਰਗਰਮੀਆਂ ਤੋਂ ਵੀ ਹਿੰਦ ਸਰਕਾਰ ਭੈਅ ਖਾਂਦੀ ਸੀ। ਫੈਡਰੇਸ਼ਨ ਵਰਕਰ ਬਣਨ ਪਿੱਛੋਂ ਚੰਡੀਗੜ੍ਹ ਵਿੱਚ ਪੁਲੀਸ ਨੇ ਆਪ ਨੂੰ ਗ੍ਰਿਫਤਾਰ ਕਰ ਕੇ ਕਨੂੰਨ ਤੋੜਨ ਦੇ ਕਈ ਕੇਸ ਪਾ ਕੇ ਆਪ ਨੂੰ ਜੇਲ੍ਹ ਭੇਜ ਦਿੱਤਾ। ਆਪ ਛੇ ਮਹੀਨੇ ਬੁੜੈਲ ਜੇਲ੍ਹ ਚੰਡੀਗੜ੍ਹ ਵਿੱਚ ਰਹੇ ਤੇ ਫਿਰ ਜ਼ਮਾਨਤ ਕਰਵਾ ਕੇ ਬਾਹਰ ਆ ਗਏ। ਬਾਹਰ ਆ ਕੇ ਆਪ ਦੀਆਂ ਸ਼ਾਂਤਮਈ ਸਰਗਰਮੀਆਂ ਜਾਰੀ ਰਹੀਆਂ।

ਜੂਨ 1984 ਵਿੱਚ ਜਦੋਂ ਹਿੰਦ ਸਰਕਾਰ ਨੇ ਸ੍ਰੀ ਦਰਬਾਰ ਸਾਹਿਬ 'ਤੇ ਹਮਲਾ ਕੀਤਾ ਤਾਂ ਆਪ ਓਦੋਂ ਚੰਡੀਗੜ੍ਹ ਵਿੱਚ ਹੀ ਸੈਕਟਰ 34 ਦੇ ਗੁਰਦੁਆਰਾ ਸਾਹਿਬ ਵਿੱਚ ਰਹਿੰਦੇ ਸਨ।

ਹਿੰਦੁਸਤਾਨੀ ਫ਼ੌਜ ਨੇ ਸ੍ਰੀ ਦਰਬਾਰ ਸਾਹਿਬ ਦੇ ਨਾਲ਼-ਨਾਲ਼ ਸਿੱਖ ਖੇਤਰਾਂ ਦੇ ਵੱਖ-ਵੱਖ ਜ਼ਿਲ੍ਹਿਆਂ ਅੰਦਰ ਗੁਰਦੁਆਰਿਆਂ 'ਤੇ ਵੀ ਧਾਵਾ ਬੋਲਿਆ। ਚੰਡੀਗੜ੍ਹ ੩੪ ਸੈਕਟਰ ਦੇ ਗੁਰਦੁਆਰੇ ਨੂੰ ਵੀ ਘੇਰਾ ਪਿਆ, ਪਰ ਭਾਈ ਧਰਮਬੀਰ ਸਿੰਘ ਭੇਸ ਬਦਲ ਕੇ ਓਥੋਂ ਬਚ ਨਿਕਲੇ ਤੇ ਨਾਲਾਗੜ੍ਹ (ਹਿਮਾਚਲ ਪ੍ਰਦੇਸ) ਵਿੱਚ ਜਾ ਪਹੁੰਚੇ। ਫਿਰ ਆਪ ਹਿਮਾਚਲ ਵਿੱਚ ਰਹਿ ਕੇ ਹੀ ਪੰਥਕ ਸਰਗਰਮੀਆਂ ਚਲਾਉਣ ਲੱਗੇ। ਅਗਸਤ 1984 ਵਿੱਚ ਸੂਹ ਮਿਲਣ 'ਤੇ ਹਿੰਦੁਸਤਾਨੀ ਫ਼ੌਜ ਨੇ ਆਪ ਨੂੰ ਸ਼ਿਮਲੇ ਤੋਂ ਗ੍ਰਿਫਤਾਰ ਕਰ ਲਿਆ। ਇੱਕ ਮਹੀਨਾ ਆਪ ਫ਼ੌਜ ਦੇ ਕਬਜ਼ੇ ਵਿੱਚ ਰਹੇ ਤੇ ਫਿਰ ਆਪ ਨੂੰ ਕਈ ਕੇਸ ਪਾ ਕੇ ਜੇਲ੍ਹ ਭੇਜ ਦਿੱਤਾ ਗਿਆ।

ਇੱਕ ਸਾਲ ਬਾਅਦ ਆਪ ਦੀਆਂ ਜ਼ਮਾਨਤਾਂ ਹੋ ਗਈਆਂ ਤੇ ਫਿਰ ਆਪ ਜੇਲ੍ਹ 'ਚੋਂ ਬਾਹਰ ਆ ਗਏ।

ਜੇਲ੍ਹ ਤੋਂ ਬਾਹਰ ਆ ਕੇ ਆਪ ਦੀਆਂ ਸਿੱਖਾਂ ਨੂੰ ਸਿਆਸੀ ਸੇਧ ਦੇਣ ਦੀਆਂ ਸਰਗਰਮੀਆਂ ਜਾਰੀ ਰਹੀਆਂ। ਥੋੜ੍ਹੇ ਹੀ ਚਿਰ ਬਾਅਦ ਦਿੱਲੀ ਦੇ ਗੁਰਦੁਆਰਾ ਸਾਹਿਬ ਵਿੱਚ ਆਪ ਦੀ ਕੀਤੀ ਤਕਰੀਰ ਨੂੰ 'ਭੜਕਾਊ' ਕਹਿ ਕੇ ਸਰਕਾਰ ਨੇ ਆਪ ਨੂੰ ਚੰਡੀਗੜ੍ਹ ਤੋਂ ਗ੍ਰਿਫਤਾਰ ਕਰ ਲਿਆ ਤੇ ਤਿਹਾੜ ਜੇਲ੍ਹ ਦਿੱਲੀ ਵਿੱਚ ਬੰਦ ਕਰ ਦਿੱਤਾ। ਇੱਕ ਸਾਲ ਆਪ ਤਿਹਾੜ ਜੇਲ੍ਹ ਵਿੱਚ ਬੰਦ ਰਹੇ ਤੇ ਫਿਰ ਆਪ ਨੂੰ ਚੰਡੀਗੜ੍ਹ ਦੀ ਬੁੜੈਲ ਜੇਲ੍ਹ ਵਿੱਚ ਭੇਜ ਦਿੱਤਾ ਗਿਆ। ਇੱਥੋਂ ਆਪ ਜ਼ਮਾਨਤ ਕਰਵਾ ਕੇ ਬਾਹਰ ਆ ਗਏ। ਜੇਲ੍ਹ ਵਿੱਚ ਰਹਿਣ ਵਾਲ਼ੇ ਸਮੇਂ ਵੀ ਆਪ ਆਪਣੀ ਪੜ੍ਹਾਈ ਜਾਰੀ ਰੱਖਦੇ ਸਨ।

ਹੁਣ ਤਕ ਪੰਜਾਬ ਅੰਦਰ ਸਿੱਖ ਜੁਝਾਰੂ ਲਹਿਰ ਪੂਰੇ ਜੋਬਨ 'ਤੇ ਕਾਰਜਸ਼ੀਲ ਹੋ ਗਈ ਸੀ। ਇਸ ਦੇ ਨਾਲ ਹੀ ਸਰਕਾਰ ਦੇ ਜਬਰ ਦੇ ਕੁਹਾੜੇ ਵਿੱਚ ਵੀ ਦਿਨੋਂ ਦਿਨ ਤੇਜ਼ੀ ਆ ਰਹੀ ਸੀ। ਘਰਾਂ ਤੋਂ ਚੁੱਕ ਕੇ ਸਿੱਖ ਗੱਭਰੂ ਥਾਣਿਆਂ ਅੰਦਰ ਕੋਹ-ਕੋਹ ਕੇ ਮਾਰੇ ਜਾ ਰਹੇ ਸਨ। ਆਪ ਨੇ ਘਰੋਂ ਚੁੱਕ ਕੇ ਨੌਜਵਾਨਾਂ ਨੂੰ ਝੂਠੇ ਪੁਲੀਸ ਮੁਕਾਬਲਿਆਂ ਵਿੱਚ ਮਾਰਨ ਦੇ ਹਥਕੰਡਿਆਂ ਦੇ ਵਿਰੋਧ ਵਿੱਚ ਰਾਹ ਰੋਕਣੇ, ਥਾਣਿਆਂ ਦਾ ਘਿਰਾਓ ਕਰਨਾ ਤੇ ਹੋਰ ਸਰਗਰਮੀਆਂ ਵੀ ਤੇਜ਼ ਕਰ ਦਿੱਤੀਆਂ। ਇਹਨਾਂ ਸਰਗਰਮੀਆਂ ਤੋਂ ਬੁਖ਼ਲਾ ਕੇ ਸਰਕਾਰ ਨੇ ਆਪ 'ਤੇ ਦਬਾਅ ਬਣਾਉਣ ਲਈ ਆਪ ਦੇ ਨਾਲ਼-ਨਾਲ਼ ਆਪ ਦੇ ਪਰਿਵਾਰ ਨੂੰ ਵੀ ਆਪਣੇ ਜ਼ੁਲਮ ਤਸ਼ੱਦਦ ਦਾ ਨਿਸ਼ਾਨਾ

ਬਣਾਉਣਾ ਅਰੰਭ ਕਰ ਦਿੱਤਾ।

ਇਹਨਾਂ ਹਿੰਦੂਸ਼ਾਹੀ ਜ਼ੁਲਮਾਂ ਤੋਂ ਅੱਕ ਕੇ ਆਪ ਦੇ ਦੋਵੇਂ ਛੋਟੇ ਭਰਾ, ਮਨਮੋਹਨ ਸਿੰਘ ਅਤੇ ਸੁਰਜੀਤ ਸਿੰਘ ਰੂਪੋਸ਼ ਹੋ ਗਏ। ਆਪ ਦੇ ਪਰਿਵਾਰ 'ਤੇ ਸਰਕਾਰੀ ਜਬਰ ਦਾ ਕੁਹਾੜਾ ਹੋਰ ਤੇਜ਼ ਹੋ ਗਿਆ। ਸੰਨ 1988 ਵਿਚ ਆਪ ਦੇ ਭਰਾ ਸੁਰਜੀਤ ਸਿੰਘ ਨੂੰ ਗ੍ਰਿਫ਼ਤਾਰ ਕਰ ਕੇ ਅੰਮ੍ਰਿਤਸਰ ਜੇਲ੍ਹ ਭੇਜ ਦਿੱਤਾ ਗਿਆ। ਇੱਕ ਸਾਲ ਜੇਲ੍ਹ 'ਚ ਰਹਿਣ ਪਿੱਛੋਂ ਉਹ ਜ਼ਮਾਨਤ ਕਰਵਾ ਕੇ ਘਰ ਆਇਆ ਤਾਂ ਪੁਲੀਸ ਫਿਰ ਉਸ ਨੂੰ ਫੜਨ ਲਈ ਛਾਪੇ ਮਾਰਨ ਲੱਗੀ। ਅਖੀਰ ਸਰਕਾਰੀ ਜਬਰ ਤੋਂ ਅੱਕਿਆ ਉਹ ਫਿਰ ਰੂਪੋਸ਼ ਹੋ ਗਿਆ।

ਸਰਕਾਰ ਦੇ ਜ਼ੁਲਮ ਜਬਰ ਦੇ ਦੌਰ ਅੰਦਰ ਹੀ ਭਾਈ ਧਰਮਬੀਰ ਸਿੰਘ ਦਾ ਜੇਲ੍ਹ ਤੋਂ ਬਾਹਰ ਸ਼ਾਂਤਮਈ ਪੰਥਕ ਸੰਘਰਸ਼ ਅਤੇ ਜੇਲ੍ਹ ਅੰਦਰ ਉੱਚ ਪੱਧਰ ਦੀ ਪੜ੍ਹਾਈ ਨਾਲੋ ਨਾਲ ਹੀ ਚੱਲਦੇ ਰਹੇ। ਸੰਨ 1991 ਵਿੱਚ ਆਪ ਦਾ ਅਨੰਦ ਕਾਰਜ ਪਿੰਡ ਬੂਲਾ (ਕਰਤਾਰਪੁਰ) ਦੇ ਸ. ਵਿਰਸਾ ਸਿੰਘ ਦੀ ਸਪੁੱਤਰੀ ਬੀਬੀ ਸੁਖਵੰਤ ਕੌਰ ਨਾਲ ਹੋਇਆ, ਪਰ ਚੈਨ ਨਾਲ ਟਿਕ ਕੇ ਗ੍ਰਹਿਸਤੀ ਜੀਵਨ ਜਿਊਣਾ ਆਪ ਨੂੰ ਨਸੀਬ ਨਹੀਂ ਸੀ। ਆਪ ਨੂੰ ਪੁਲੀਸ ਜ਼ਿਆਦਾਤਰ ਜੇਲ੍ਹ ਵਿੱਚ ਹੀ ਬੰਦ ਰੱਖਦੀ।

ਸੰਨ 1991 ਦੇ ਹੀ ਅਖੀਰ ਵਿੱਚ ਆਪ ਦੇ ਛੋਟੇ ਭਰਾ ਸੁਰਜੀਤ ਸਿੰਘ ਦਾ ਅਨੰਦ ਕਾਰਜ ਬੁਤਾਲਾ ਪਿੰਡ ਦੇ ਸ. ਪਿਆਰਾ ਸਿੰਘ ਦੀ ਸਪੁੱਤਰੀ ਬੀਬੀ ਕਮਲਜੀਤ ਕੌਰ ਨਾਲ ਹੋਇਆ। ਰੂਪੋਸ਼ ਹੋਣ ਕਾਰਨ ਉਹ ਵੀ ਕੋਈ ਦਿਨ ਚੈਨ ਨਾਲ ਨਾ ਕੱਟ ਸਕੇ।

28 ਫ਼ਰਵਰੀ 1992 ਦੀ ਰਾਤ ਨੂੰ ਸੁਰਜੀਤ ਸਿੰਘ ਅਤੇ ਉਸ ਦੀ ਸਿੰਘਣੀ ਕਮਲਜੀਤ ਕੌਰ ਪਿੰਡ ਕੰਮੋਕੇ ਅੰਦਰ ਹੀ ਗੁਰਦੁਆਰਾ ਸਾਹਿਬ ਦੀ ਛੱਤ 'ਤੇ ਸੁੱਤੇ ਹੋਏ ਸਨ ਕਿ ਪੁਲੀਸ ਨੇ ਘੇਰਾ ਪਾ ਲਿਆ। ਸੁਰਜੀਤ ਸਿੰਘ ਪਿਛਵਾੜੇ ਵੱਲ ਦੀ ਛਾਲ ਮਾਰ ਕੇ ਬਚ ਨਿਕਲਿਆ, ਪਰ ਪੁਲੀਸ ਨੇ ਆਪਣੀ ਨਾਕਾਮੀ ਤੇ ਝੁੰਜਲਾ ਕੇ ਕਮਲਜੀਤ ਕੌਰ ਨੂੰ ਓਥੇ ਹੀ ਗੋਲੀਆਂ ਨਾਲ ਭੁੰਨ ਸੁੱਟਿਆ ਅਤੇ ਸ਼ੋਅ ਕਰ ਦਿੱਤਾ ਕਿ ਇਹ ਪੁਲੀਸ ਮੁਕਾਬਲੇ ਵਿੱਚ ਮਾਰੀ ਗਈ ਹੈ। ਪਿੰਡ ਦੀਆਂ ਔਰਤਾਂ ਦੇ ਦੱਸਣ ਮੁਤਾਬਿਕ ਪੁਲੀਸ ਹੱਥੋਂ ਮਾਰੇ ਜਾਣ ਸਮੇਂ ਕਮਲਜੀਤ ਕੌਰ ਗਰਭਵਤੀ ਸੀ। ਇਸ ਘਟਨਾ ਦੇ ਘਟਣ ਸਮੇਂ ਵੀ ਭਾਈ ਧਰਮਬੀਰ ਸਿੰਘ ਜੇਲ੍ਹ ਵਿੱਚ ਹੀ ਸਨ।

ਹੁਣ ਤਕ ਆਪ ਐਲ.ਐਲ.ਬੀ. ਕਰਨ ਉਪਰੰਤ ਪੀ.ਐਚ.ਡੀ. ਮੁਕੰਮਲ ਕਰ ਚੁੱਕੇ ਸਨ, ਪਰ ਫ਼ੈਡਰੇਸ਼ਨ ਨੇਤਾ ਦੇ ਤੌਰ 'ਤੇ ਆਪ ਦਾ ਸਰਕਾਰੀ ਜਬਰ ਵਿਰੁੱਧ ਸ਼ਾਂਤਮਈ ਸੰਘਰਸ਼ ਅਜੇ ਵੀ ਜਾਰੀ ਸੀ। ਇਹਨਾਂ ਸਰਗਰਮੀਆਂ ਦੇ ਤਹਿਤ ਹੀ ਸੰਨ 1992 ਵਿੱਚ ਆਪ ਨੂੰ ਕਠੂਆ (ਜੰਮੂ ਕਸ਼ਮੀਰ) 'ਚ ਗ੍ਰਿਫ਼ਤਾਰ ਕਰ ਲਿਆ ਗਿਆ। ਇੱਕ ਸਾਲ ਜੰਮੂ ਜੇਲ੍ਹ ਵਿੱਚ ਰਹਿ ਕੇ ਆਪ ਜ਼ਮਾਨਤਾਂ ਹੋ ਜਾਣ ਪਿੱਛੋਂ ਵਾਪਸ ਘਰ ਪਰਤ ਆਏ।

ਇਸ ਤੋਂ ਬਾਅਦ ਆਪ ਨੂੰ ਪੰਜਾਬ ਅੰਦਰ ਆਪਣਾ ਸ਼ਾਂਤਮਈ ਸੰਘਰਸ਼ ਜਾਰੀ ਰੱਖਦੇ ਹੋਏ ਨਾਲ ਦੀ ਨਾਲ ਜੰਮੂ ਵਿਖੇ ਤਰੀਕਾਂ ਵੀ ਭੁਗਤਣੀਆਂ ਪੈਣ ਲੱਗੀਆਂ। ਇੱਕ ਵਾਰ ਪੁਲੀਸ ਵੱਲੋਂ ਗ੍ਰਿਫ਼ਤਾਰ ਕਰ ਲਏ ਜਾਣ ਕਾਰਨ ਆਪ ਜੰਮੂ ਕਚਹਿਰੀ ਵਿੱਚ ਨਿਰਧਾਰਤ ਤਰੀਕ ਪੇਸ਼ੀ

'ਤੇ ਨਹੀਂ ਪਹੁੰਚ ਸਕੇ। ਜੰਮੂ ਦੀ ਅਦਾਲਤ ਨੇ ਆਪ ਦੇ ਵਰੰਟ ਕੱਢ ਕੇ ਪੰਜਾਬ ਪੁਲੀਸ ਨੂੰ ਸੂਚਿਤ ਕਰ ਦਿੱਤਾ। ਆਪ ਨੂੰ ਬਿਆਸ ਤੋਂ ਗ੍ਰਿਫ਼ਤਾਰ ਕਰ ਕੇ ਜੰਮੂ ਜੇਲ੍ਹ ਵਿੱਚ ਭੇਜ ਦਿੱਤਾ ਗਿਆ।

ਜੰਮੂ ਜੇਲ੍ਹ ਵਿੱਚ ਹੀ ਆਪ 'ਤੇ ਸਰਕਾਰ ਦਾ ਇੱਕ ਕਾਲ਼ਾ ਕਨੂੰਨ ਐਨ.ਐਸ.ਏ. (ਨੈਸ਼ਨਲ ਸਕਿਓਰਟੀ ਐਕਟ) ਲਾ ਕੇ ਆਪ ਨੂੰ ਜੋਧਪੁਰ ਜੇਲ੍ਹ ਰਾਜਸਥਾਨ ਭੇਜ ਦਿੱਤਾ ਗਿਆ। ਇਸ ਐਕਟ ਵਿੱਚ ਜ਼ਮਾਨਤ ਨਹੀਂ ਹੋ ਸਕਦੀ ਤੇ ਇੱਕ ਸਾਲ ਬਾਅਦ ਇਹ ਐਕਟ ਖ਼ੁਦ ਹੀ ਟੁੱਟ ਜਾਂਦਾ ਹੈ। ਇੱਕ ਸਾਲ ਬਾਅਦ ਇਹ ਐਕਟ ਟੁੱਟ ਗਿਆ ਤਾਂ ਆਪ ਨੂੰ ਜੰਮੂ ਦੀ ਜੇਲ੍ਹ ਵਿੱਚ ਵਾਪਸ ਭੇਜ ਦਿੱਤਾ ਗਿਆ।

ਆਪ ਦਾ ਪਰਿਵਾਰ ਪਹਿਲਾਂ ਹੀ ਆਪ ਦੀਆਂ ਜ਼ਮਾਨਤਾਂ ਭਰਵਾਉਣ ਲਈ ਉਡੀਕ ਕਰ ਰਿਹਾ ਸੀ। ਆਪ ਦੇ ਜੰਮੂ ਜੇਲ੍ਹ ਵਿੱਚ ਪਹੁੰਚਦੇ ਹੀ ਆਪ ਦੀਆਂ ਜ਼ਮਾਨਤਾਂ ਭਰਵਾ ਦਿੱਤੀਆਂ ਗਈਆਂ ਤੇ 13 ਮਈ 1992 ਨੂੰ ਆਪ ਜੰਮੂ ਦੀ ਜੇਲ੍ਹ ਵਿੱਚੋਂ ਬਾਹਰ ਨਿਕਲ਼ੇ। ਜਿਉਂ ਹੀ ਆਪ ਜੇਲ੍ਹ ਦੇ ਦਰਵਾਜ਼ੇ 'ਚੋਂ ਬਾਹਰ ਨਿਕਲ਼ੇ, ਜੇਲ੍ਹ ਦੇ ਬਾਹਰ ਘਾਤ ਲਾਈ ਬੈਠੀ ਪੁਲੀਸ ਨੇ ਆਪ ਨੂੰ ਫਿਰ ਚੁੱਕ ਲਿਆ ਤੇ ਅਣਦੱਸੀ ਥਾਂ 'ਤੇ ਲੈ ਗਈ।

ਅੱਠ ਦਿਨ ਜੰਮੂ ਵਿਖੇ ਆਪ ਉੱਪਰ ਬੇਤਹਾਸ਼ਾ ਤਸ਼ੱਦਦ ਕੀਤਾ ਗਿਆ ਤੇ ਲੱਤਾਂ ਵੀ ਤੋੜ ਦਿੱਤੀਆਂ ਗਈਆਂ। ਠੀਕ ਅੱਠ ਦਿਨਾਂ ਬਾਅਦ ਪੁਲੀਸ ਨੇ ਐਲਾਨ ਕੀਤਾ ਕਿ ਇੱਕ ਪੰਜਾਬ ਦਾ ਖਾੜਕੂ ਧਰਮਬੀਰ ਸਿੰਘ ਅਤੇ ਇੱਕ ਅਣਪਛਾਤਾ ਕਸ਼ਮੀਰੀ ਖਾੜਕੂ ਪੁਲੀਸ ਨਾਲ ਹੋਏ ਮੁਕਾਬਲੇ ਵਿੱਚ ਮਾਰੇ ਗਏ ਹਨ। ਇਹ ਖ਼ਬਰ ਸੁਣ ਕੇ ਪਰਿਵਾਰ ਦੇ ਪੈਰਾਂ ਹੇਠੋਂ ਮਿੱਟੀ ਨਿਕਲ਼ ਗਈ। ਆਪ ਦੇ ਪਰਿਵਾਰ ਨੇ ਲਾਸ਼ ਹਾਸਲ ਕਰਨ ਲਈ ਭੱਜ-ਨੱਠ ਕੀਤੀ, ਪਰ ਪਰਿਵਾਰ ਨੂੰ ਭਾਈ ਧਰਮਬੀਰ ਸਿੰਘ ਦੀ ਲਾਸ਼ ਵੀ ਨਾ ਮਿਲ਼ੀ।

ਪਰਿਵਾਰ ਨੇ ਇਨਸਾਫ਼ ਲਈ ਭਾਰਤੀ ਨਿਆਂ ਪਾਲਿਕਾ ਦਾ ਦਰਵਾਜ਼ਾ ਵੀ ਖੜਕਾਇਆ, ਪਰ ਸਰਕਾਰੀ ਜਬਰ ਨਾਲ਼ ਪਹਿਲਾਂ ਹੀ ਆਰਥਕ ਤੌਰ 'ਤੇ ਭੰਨਿਆ ਪਿਆ ਇਹ ਪਰਿਵਾਰ ਜਿਸ ਦੇ ਧਰਮਬੀਰ ਸਿੰਘ ਤੋਂ ਇਲਾਵਾ ਦੋ ਲੜਕੇ ਮਨਮੋਹਨ ਸਿੰਘ ਅੱਠ ਸਾਲ ਅਤੇ ਸੁਰਜੀਤ ਸਿੰਘ ਚਾਰ ਸਾਲ ਜੇਲ੍ਹ ਕੱਟ ਕੇ ਆਉਣ ਪਿੱਛੋਂ ਪਰਿਵਾਰ ਦੀ ਆਰਥਕ ਹਾਲਤ ਨੂੰ ਹੀ ਪੈਰਾਂ ਸਿਰ ਖੜ੍ਹੇ ਕਰਨ ਲਈ ਜੱਦੋਜਹਿਦ ਕਰ ਰਹੇ ਹਨ, ਉਹ ਕਿਵੇਂ ਮਗਰਮੱਛ ਦੇ ਮੂੰਹ 'ਚੋਂ ਮਾਸ ਕੱਢਣ ਵਾਂਗ ਭਾਰਤੀ ਨਿਆਂ ਪ੍ਰਣਾਲੀ ਤੋਂ ਇਨਸਾਫ਼ ਹਾਸਲ ਕਰ ਲੈਣਗੇ? ਇਸ ਸਵਾਲ ਦਾ ਜਵਾਬ ਹਿੰਦੁਸਤਾਨ ਦੀ ਨਿਆਂ ਪ੍ਰਣਾਲੀ ਤੋਂ ਨਿਆਂ ਹਾਸਲ ਕਰਨ ਜਿੰਨਾ ਔਖਾ ਨਹੀਂ ਹੈ।

* * * * *

ਨਿੱਕੀ ਉਮਰ ਤੇ ਵਡੇਰੇ ਜਜ਼ਬੇ ਵਾਲ਼ਾ ਸੂਰਮਾ
ਸ਼ਹੀਦ ਭਾਈ ਸਾਹਿਬ ਸਿੰਘ ਕਾਸ਼ਤੀਵਾਲ਼

ਜਦੋਂ ਦਿੱਲੀ ਤਖ਼ਤ ਦੇ ਨਵੇਂ ਤਾਜਦਾਰਾਂ ਨੇ ਜੂਨ 1984 ਵਿੱਚ ਇੱਕ ਹੋਰ ਪਾਪ ਦੀ ਜੰਞ ਸਿੱਖ ਕੌਮ ਦੀ ਅਣਖ-ਆਬਰੂ ਨੂੰ ਪੈਰਾਂ 'ਚ ਲਿਤਾੜਨ ਲਈ ਸ੍ਰੀ ਅੰਮ੍ਰਿਤਸਰ 'ਤੇ ਚਾੜ੍ਹੀ, ਤਾਂ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਵਰ੍ਹੇ ਟੈਂਕਾਂ ਦੇ ਗੋਲ਼ਿਆਂ ਨੇ ਇੱਕ ਸ਼ਮ੍ਹਾ ਦਾ ਰੂਪ ਧਾਰ ਲਿਆ। ਇਸ ਸ਼ਮ੍ਹਾ ਦੀ ਹਿੱਕ ਠਾਰਨ ਲਈ ਮਿਟੇ ਸਿੱਖ ਪਤੰਗਿਆਂ ਦੀ ਗਿਣਤੀ ਬਹੁਤ ਜ਼ਿਆਦਾ ਹੈ, ਜਿਨ੍ਹਾਂ 'ਚੋਂ ਕਈ ਛੋਟੀ ਉਮਰੇ ਹੀ ਕੁਰਬਾਨ ਹੋ ਗਏ। ਭਾਈ ਸਾਹਿਬ ਸਿੰਘ ਕਾਸ਼ਤੀਵਾਲ਼ ਵੀ ਇਹਨਾਂ ਛੋਟੀ ਉਮਰ ਦੇ ਸ਼ਹੀਦਾਂ 'ਚੋਂ ਇੱਕ ਸਨ।

ਸ਼ਹੀਦ ਭਾਈ ਧਰਮ ਸਿੰਘ ਕਾਸ਼ਤੀਵਾਲ਼ ਦੇ ਛੋਟੇ ਭਰਾ ਸਾਹਿਬ ਸਿੰਘ ਦਾ ਜਨਮ ਮਾਤਾ ਸੁਰਜੀਤ ਕੌਰ ਦੀ ਕੁੱਖੋਂ, ਪਿਤਾ ਸ. ਪਿਆਰਾ ਸਿੰਘ ਦੇ ਗ੍ਰਿਹ ਵਿਖੇ ਪਿੰਡ ਕਾਸਤੀਵਾਲ, ਤਹਿ ਬਟਾਲਾ, ਜ਼ਿਲ੍ਹਾ ਗੁਰਦਾਸਪੁਰ ਵਿੱਚ ਹੋਇਆ। ਸਾਹਿਬ ਸਿੰਘ ਤਿੰਨ ਭਰਾਵਾਂ ਤੇ ਇੱਕ ਭੈਣ ਵਿੱਚੋਂ ਸਭ ਤੋਂ ਛੋਟਾ ਸੀ। ਬਚਪਨ ਤੋਂ ਹੀ ਧਰਮ ਦਾ ਜਜ਼ਬਾ ਉਸ ਵਿੱਚ ਡਲਕਾਂ ਮਾਰਦਾ ਸੀ।

ਸਾਹਿਬ ਸਿੰਘ ਛੇਵੀਂ ਕਲਾਸ ਵਿੱਚ ਗੁਜਰਪੁਰਾ ਦੇ ਸਕੂਲ ਵਿੱਚ ਪੜ੍ਹਦਾ ਸੀ, ਜਦੋਂ ਹਰ ਹਫ਼ਤੇ ਗੁਰੂ ਕੇ ਬਾਗ਼ ਦੀ ਚੱਲ ਰਹੀ ਕਾਰ ਸੇਵਾ ਵਿੱਚ ਨਿਯਮਤ ਹਿੱਸਾ ਲੈਣ ਲੱਗ ਪਿਆ। ਉਹ ਹਰ ਵੀਰਵਾਰ ਜਥੇ ਨਾਲ਼ ਗੁਰੂ ਕੇ ਬਾਗ਼ ਜਾਂਦਾ ਤੇ ਸੇਵਾ ਵਿੱਚ ਹਿੱਸਾ ਪਾ ਕੇ ਵਾਪਸ ਪਰਤ ਆਉਂਦਾ।

ਫਿਰ ਇੱਕ ਵਾਰ ਇੱਕ ਹਫ਼ਤਾ ਉਹ ਵਾਪਸ ਨਾ ਪਰਤਿਆ। ਘਰ ਵਾਲ਼ਿਆਂ ਸੋਚਿਆ ਕਿ ਅਗਲੇ ਹਫ਼ਤੇ ਵਾਪਸ ਆ ਜਾਵੇਗਾ, ਪਰ ਜਦੋਂ ਉਹ ਅਗਲੇ ਹਫ਼ਤੇ ਵੀ ਵਾਪਸ ਨਾ ਪਰਤਿਆ ਤਾਂ ਉਸ ਦਾ ਵੱਡਾ ਭਰਾ ਜੋਗਿੰਦਰ ਸਿੰਘ ਉਸ ਦਾ ਪਤਾ ਕਰਨ ਗੁਰੂ ਕੇ ਬਾਗ਼ ਵਿਖੇ ਜਾ ਪਹੁੰਚਿਆ।

ਆਪਣੇ ਭਰਾ ਨੂੰ ਆਉਂਦਾ ਵੇਖ ਕੇ 12 ਸਾਲ ਦਾ 'ਸਾਹਬਾ' ਦਰਵਾਜ਼ੇ ਓਹਲੇ ਲੁਕ ਗਿਆ, ਪਰ ਉਸ ਦੇ ਸਾਥੀਆਂ ਨੇ ਉਸ ਦੇ ਭਰਾ ਨੂੰ ਉਸ ਦੇ ਬਾਰੇ ਦੱਸ ਦਿੱਤਾ। ਜਦੋਂ ਉਸ ਦਾ ਭਰਾ ਉਸ ਦੇ ਸਾਮ੍ਹਣੇ ਹੋਇਆ ਤਾਂ ਉਸ ਨੇ ਸਪੱਸ਼ਟ ਤੌਰ 'ਤੇ ਘਰ ਵਾਪਸ ਜਾਣ ਤੋਂ ਨਾਂਹ ਕਰਦਿਆਂ ਆਪਣੇ ਭਰਾ ਨੂੰ ਡਰਾਉਂਦੇ ਹੋਏ ਕਿਹਾ:

"ਜੇ ਮੈਨੂੰ ਹੱਥ ਲਾਇਆ ਤਾਂ ਸੋਚ ਲਈਂ ਬਾਬੇ ਮਿਰਚਾਂ ਵਾਲ਼ੀ ਬੋਰੀ 'ਚ ਪਾ ਕੇ ਕੁੱਟਦੇ

ਹੁੰਦੇ ਆ...।"

'ਸਾਹਬੇ' ਨੇ ਕਿਸੇ ਵੀ ਹਾਲਤ ਵਿੱਚ ਵਾਪਸ ਘਰ ਪਰਤਣ ਤੋਂ ਨਾਂਹ ਕਰ ਦਿੱਤੀ। ਜੋਗਿੰਦਰ ਸਿੰਘ ਹਾਰ ਕੇ ਵਾਪਸ ਪਰਤ ਆਇਆ। ਗੁਰੂ ਕੇ ਬਾਗ਼ ਰਹਿੰਦਿਆਂ 'ਸਾਹਬੇ' ਨੇ ਬਾਬਿਆਂ ਤੋਂ ਗੁਰਬਾਣੀ ਦਾ ਪਾਠ ਸਿੱਖਣ ਵਾਸਤੇ ਸੇਧ ਦੇਣ ਲਈ ਕਿਹਾ। ਬਾਬਿਆਂ ਨੇ ਕਿਹਾ, 'ਇੱਥੇ ਤਾਂ ਕੇਵਲ ਕਾਰ ਸੇਵਾ ਦਾ ਹੀ ਕਾਰਜ ਹੈ, ਜੇ ਸ਼ੁੱਧ ਪਾਠ ਸਿੱਖਣੈ ਤਾਂ ਜਾਂ ਦਰਬਾਰ ਸਾਹਿਬ 'ਤੇ ਜਾਂ ਫਿਰ ਚੌਕ ਮਹਿਤੇ ਜਾਹ...।'

ਉਹ ਇਹਨਾਂ ਦੋਹਾਂ ਅਸਥਾਨਾਂ 'ਤੇ ਗਿਆ, ਪਰ ਵਾਰਸਾਂ ਦੀ ਗਵਾਹੀ ਤੋਂ ਬਿਨਾਂ ਉਸ ਨੂੰ ਰੱਖਣ ਤੋਂ ਨਾਂਹ ਕਰ ਦਿੱਤੀ ਗਈ। ਹਾਰ ਕੇ ਉਹ ਆਪਣੇ ਘਰ ਗਿਆ। ਪਰਿਵਾਰ ਵਿੱਚੋਂ ਕਿਸੇ ਨੇ ਮਿਹਣਾ ਮਾਰਿਆ:

"ਹੁਣ ਕਿਉਂ ਆਇਐਂ....?"

ਉਸ ਨੇ ਜਵਾਬ ਦਿੱਤਾ, "ਮੈਂ ਰਹਿਣ ਨ੍ਹੀਂ ਆਇਆ, ਮੇਰੇ ਨਾਲ ਚੱਲੋ....ਤੁਹਾਡੀ ਗਵਾਹੀ ਤੋਂ ਬਿਨਾਂ ਮੈਨੂੰ ਮਹਿਤੇ ਵਾਲ਼ੇ ਰੱਖਦੇ ਨ੍ਹੀਂ...।"

ਪਰਿਵਾਰ ਵਾਲ਼ਿਆਂ ਨੇ ਫਿਰ ਘਰ ਰਹਿਣ ਲਈ ਕਾਫ਼ੀ ਜ਼ੋਰ ਪਾਇਆ, ਪਰ ਸਾਹਿਬ ਸਿੰਘ ਨਾ ਮੰਨਿਆ। ਉਸ ਦੀ ਜ਼ਿਦ ਅੱਗੇ ਸਭ ਨੂੰ ਝੁਕਣਾ ਪਿਆ। ਅਖੀਰ ਉਸ ਦੇ ਪਿਤਾ ਜੀ ਨਾਲ਼ ਜਾ ਕੇ ਉਸ ਨੂੰ ਦਮਦਮੀ ਟਕਸਾਲ ਦੇ ਹੈੱਡਕੁਆਰਟਰ ਚੌਕ ਮਹਿਤਾ ਵਿਖੇ ਦਾਖ਼ਲ ਕਰਵਾ ਆਏ, ਜਿੱਥੇ ਉਸ ਨੇ ਗੁਰਬਾਣੀ ਦੀ ਸੰਥਿਆ ਲੈ ਕੇ ਕਈ ਬਾਣੀਆਂ ਛੇਤੀ ਹੀ ਕੰਠ ਕਰ ਲਈਆਂ। ਉਸ 'ਚ ਲਿਖਣ ਦੀ ਰੁਚੀ ਵੀ ਸੀ, ਪਰ ਉਸ ਦੀਆਂ ਲਿਖੀਆਂ ਡਾਇਰੀਆਂ ਪਰਿਵਾਰ, ਪੁਲੀਸ ਜਬਰ ਦੇ ਦੌਰ ਵਿੱਚ ਸੰਭਾਲ਼ ਕੇ ਨਹੀਂ ਰੱਖ ਸਕਿਆ।

ਜਦੋਂ ਭਾਈ ਧਰਮ ਸਿੰਘ ਕਾਸ਼ਤੀਵਾਲ਼ ਦੀਆਂ ਜੁਝਾਰੂ ਸਰਗਰਮੀਆਂ ਦੇ ਚੰਗਿਆੜੇ ਜਾਬਰ ਤਾਕਤਾਂ ਦੇ ਵਿਹੜਿਆਂ 'ਚ ਪੁੱਜਣ ਲੱਗੇ ਤਾਂ ਪੰਜਾਬ ਪੁਲੀਸ ਆਪਣੀ ਨੀਤੀ ਅਨੁਸਾਰ ਭਾਈ ਸਾਹਿਬ ਦੇ ਪਰਿਵਾਰ ਨੂੰ ਆਪਣੇ ਜਬਰ ਦਾ ਨਿਸ਼ਾਨਾ ਬਣਾਉਣ ਲੱਗੀ। ਭਾਈ ਧਰਮ ਸਿੰਘ ਦੇ ਪਰਿਵਾਰ ਉੱਪਰ ਆਪਣਾ ਦਬਾਅ ਪਾਉਂਦਿਆਂ ਕੁਦਰਤੀ ਸੀ ਕਿ ਧਾਰਮਿਕ ਬਿਰਤੀ ਵਾਲਾ 'ਸਾਹਬਾ' ਉਹਨਾਂ ਦੀ ਨਿਗ੍ਹਾ ਵਿੱਚ ਆਉਂਦਾ। ਸੋ, ਪੰਜਾਬ ਪੁਲੀਸ ਨੇ ਉਸ ਨੂੰ ਵੀ ਤੰਗ ਕਰਨਾ ਅਰੰਭ ਕਰ ਦਿੱਤਾ। ਇਸ ਤੋਂ ਪਹਿਲਾਂ ਵੀ 'ਸਾਹਬਾ' ਭਾਈ ਧਰਮ ਸਿੰਘ ਨੂੰ ਪੰਥਕ ਸੇਵਾ ਲਈ ਆਪਣੇ ਕਾਫ਼ਲੇ ਵਿੱਚ ਮਿਲਾਉਣ ਲਈ ਕਈ ਵਾਰ ਕਹਿ ਚੁੱਕਾ ਸੀ, ਪਰ ਭਾਈ ਸਾਹਿਬ ਨੇ ਉਸ ਦੀ ਛੋਟੀ ਉਮਰ ਕਾਰਨ ਹੁੰਗਾਰਾ ਨਹੀਂ ਸੀ ਭਰਿਆ। ਪੁਲੀਸ ਦੇ ਜਬਰ ਨੇ 'ਸਾਹਬੇ' ਨੂੰ ਉਹ ਦਲੀਲ ਮੁਹੱਈਆ ਕਰਵਾ ਦਿੱਤੀ, ਜਿਹੜੀ ਭਾਈ ਧਰਮ ਸਿੰਘ ਦੇ ਮਨ 'ਤੇ ਅਸਰ ਕਰ ਸਕਦੀ ਸੀ, ਸੋ ਭਾਈ ਸਾਹਿਬ ਸਿੰਘ ਨੇ ਆਪਣੇ ਵੱਡੇ ਵੀਰ ਦੇ ਜੁਝਾਰੂ ਕਾਫ਼ਲੇ ਲਈ ਗੁਪਤ ਤੌਰ 'ਤੇ ਕੰਮ ਕਰਨਾ ਅਰੰਭ ਦਿੱਤਾ।

ਅਣਖ

ਭਾਵੇਂ ਕਿ ਬਟਾਲ਼ੇ ਦੇ ਐਸ.ਐਸ.ਪੀ. ਗੋਬਿੰਦ ਰਾਮ ਨੇ 'ਸਾਹਬੇ' ਨੂੰ ਕਈ ਵਾਰ ਆਪਣੇ

ਤਸ਼ੱਦਦ ਦਾ ਸ਼ਿਕਾਰ ਬਣਾਇਆ, ਪਰ ਇੱਕ ਵਾਰ ਉਸ ਨੇ ਇਸ ਇਤਲਾਹ ਦੇ ਆਧਾਰ 'ਤੇ 'ਸਾਹਬੇ' ਨੂੰ ਚੁੱਕਿਆ ਕਿ ਇਹ ਆਪਣੇ ਕੁਝ ਸਾਥੀਆਂ ਸਣੇ ਮੈਨੂੰ (ਗੋਬਿੰਦ ਰਾਮ ਨੂੰ) ਕਤਲ ਕਰਨ ਦੀ ਸਕੀਮ ਬਣਾ ਰਿਹਾ ਹੈ। ਇਸ ਵਾਰ ਸਾਹਿਬ ਸਿੰਘ 'ਤੇ ਬੇਤਹਾਸ਼ਾ ਤਸ਼ੱਦਦ ਕੀਤਾ ਗਿਆ। ਆਪਣੇ ਕਈ ਪਰਖੇ ਹੋਏ ਵਹਿਸ਼ੀ ਢੰਗ ਤਰੀਕਿਆਂ ਰਾਹੀਂ ਗੋਬਿੰਦ ਰਾਮ 'ਸਾਹਬੇ' ਨੂੰ ਤੜਫਾਉਂਦਾ ਤੇ ਫਿਰ ਕਹਿੰਦਾ:

"ਸਿਰ 'ਤਾਂਹ ਚੁੱਕ ਓਏ ਵੱਡਿਆ ਬੱਬਰਾ, ਤੂੰ ਮੈਨੂੰ ਕਤਲ ਕਰਨਾ ਸੀ...?"

ਸਾਹਿਬ ਸਿੰਘ ਜਦੋਂ ਤੁਰਨੋਂ ਫਿਰਨੋਂ ਵੀ ਰਹਿ ਜਾਂਦਾ ਤਾਂ ਉਸ ਨੂੰ ਚੁੱਕ ਕੇ ਹਵਾਲਾਤ ਵਿੱਚ ਸੁੱਟ ਦਿੱਤਾ ਜਾਂਦਾ, ਪਰ ਜਿਉਂ ਹੀ ਉਹ ਤੁਰਨ ਫਿਰਨ ਜੋਗਾ ਹੁੰਦਾ, ਫਿਰ ਤੋਂ ਗੋਬਿੰਦ ਰਾਮ ਦੇ ਸਾਮ੍ਹਣੇ ਆਕੜ ਕੇ ਤੁਰਨ ਲੱਗ ਪੈਂਦਾ। ਗੋਬਿੰਦ ਰਾਮ ਫਿਰ ਉਸ ਨੂੰ ਹਵਾਲਾਤ ਵਿੱਚੋਂ ਬਾਹਰ ਕੱਢ ਲੈਂਦਾ ਅਤੇ ਦੁਬਾਰਾ ਟਾਰਚਰ ਅਰੰਭ ਕਰ ਦਿੰਦਾ। ਇਹਨਾਂ ਦਿਨਾਂ ਵਿੱਚ ਇੱਕ ਵਾਰ ਰਾਤ ਨੂੰ ਗੋਬਿੰਦ ਰਾਮ ਨੇ 'ਸਾਹਬੇ' ਦਾ ਮੁਕਾਬਲਾ ਬਣਾਉਣ ਦਾ ਵਿਚਾਰ ਬਣਾ ਲਿਆ, ਪਰ ਸਿੱਖ ਸੰਤਰੀ ਨੇ ਜਾਣ-ਬੁੱਝ ਕੇ ਹਵਾਲਾਤ ਦੀ ਚਾਬੀ ਲੁਕਾ ਦਿੱਤੀ ਤੇ ਕਹਿ ਦਿੱਤਾ ਕਿ ਚਾਬੀ ਨਹੀਂ ਮਿਲ ਰਹੀ। ਗੋਬਿੰਦ ਰਾਮ ਕਾਹਲੀ ਵਿੱਚ ਬਾਕੀ ਦੇ ਕੁਝ ਨੌਜਵਾਨਾਂ ਨੂੰ ਲੈ ਗਿਆ ਤੇ ਉਹਨਾਂ ਨੂੰ ਝੂਠਾ ਮੁਕਾਬਲਾ ਬਣਾ ਕੇ ਮਾਰ ਦਿੱਤਾ। ਇਸ ਘਟਨਾ ਪਿੱਛੋਂ ਬੱਬਰਾਂ ਨਾਲ ਇੱਕ ਮੁਕਾਬਲੇ ਸਮੇਂ ਪੁਲੀਸ ਸਾਹਬੇ ਨੂੰ ਅੱਗੇ ਲਾ ਕੇ ਮੁਕਾਬਲੇ 'ਚ ਲੈ ਗਈ। ਪੁਲੀਸ ਦੀ ਇਹ ਨੀਤੀ ਸੀ ਕਿ ਅਸਲ ਮੁਕਾਬਲੇ ਸਮੇਂ ਉਹ ਸਿੰਘਾਂ ਦੇ ਪਰਿਵਾਰਕ ਜੀਆਂ ਨੂੰ ਅੱਗੇ ਲਾ ਕੇ ਲੈ ਕੇ ਜਾਂਦੀ ਸੀ, ਪਰ 'ਸਾਹਬਾ' ਇੱਥੋਂ ਮੌਕਾ ਵੇਖ ਕੇ ਪੁਲੀਸ ਹਿਰਾਸਤ ਵਿੱਚੋਂ ਫ਼ਰਾਰ ਹੋ ਗਿਆ ਤੇ ਕਹਿਣ ਲੱਗਾ ਕਿ ਹੁਣ ਜਿਊਂਦੇ ਜੀਅ ਪੁਲੀਸ ਦੇ ਹੱਥ ਨਹੀਂ ਆਉਣਾ।

ਮੈਦਾਨੇ ਜੰਗ ਦਾ ਆਸ਼ਕ

ਫਿਰ ਉਹ ਖੁੱਲ੍ਹ ਕੇ ਭਾਈ ਧਰਮ ਸਿੰਘ ਕਾਸ਼ਤੀਵਾਲ ਦੇ ਜਥੇ ਨਾਲ ਵਿਚਰਨ ਲੱਗਾ। ਇਹਨਾਂ ਹੀ ਦਿਨਾਂ ਵਿੱਚ ਬਟਾਲੇ ਨੇੜੇ ਟਰਪਈ ਪਿੰਡ ਵਿੱਚ ਇਹਨਾਂ ਦੇ ਜਥੇ ਨੂੰ ਪੁਲੀਸ ਦੀ ਇੱਕ ਵੱਡੀ ਗਿਣਤੀ ਨੇ ਘੇਰਾ ਪਾ ਲਿਆ। ਇਸ ਵੇਲੇ ਪੁਲੀਸ ਕੋਲ ਬੁਲੇਟ ਪਰੂਫ਼ ਟਰੈਕਟਰ ਵੀ ਸਨ। ਓਦੋਂ ਤਕ ਭੋਲੇ-ਭਾਲੇ ਲੋਕਾਂ 'ਚ ਆਮ ਇਹ ਗੱਲ ਪ੍ਰਚਲਿਤ ਹੋ ਗਈ ਸੀ ਕਿ ਜਿਸ ਮੁਕਾਬਲੇ ਵਿੱਚ ਪੁਲੀਸ ਕੋਲ ਬੁਲੇਟ ਪਰੂਫ਼ ਟਰੈਕਟਰ ਹੋਣ, ਓਥੇ ਸਿੰਘਾਂ ਦਾ ਜਾਨੀ ਨੁਕਸਾਨ ਲਾਜ਼ਮੀ ਹੀ ਹੁੰਦਾ ਹੈ। ਇਸ ਘੇਰੇ ਵਿੱਚ ਹੋਰ ਸਿੰਘਾਂ ਤੋਂ ਇਲਾਵਾ ਭਾਈ ਧਰਮ ਸਿੰਘ ਕਾਸ਼ਤੀਵਾਲ, ਬੀਬੀ ਸੰਦੀਪ ਕੌਰ, ਇਹਨਾਂ ਦਾ ਇੱਕ ਸਾਲ ਦਾ ਭੁਝੰਗੀ ਕੰਵਰਦੀਪ ਸਿੰਘ ਅਤੇ ਸਾਹਿਬ ਸਿੰਘ ਕਾਸ਼ਤੀਵਾਲ ਇਕੱਠੇ ਹੀ ਸਨ। ਪਰ ਗਹਿਗੱਚ ਮੁਕਾਬਲੇ 'ਚ ਸਿੰਘਾਂ ਦਾ ਇਹ ਜਥਾ ਪੁਲੀਸ ਦਾ ਘੇਰਾ ਤੋੜ ਕੇ ਬਚ ਨਿਕਲਣ ਵਿੱਚ ਸਫਲ ਹੋ ਗਿਆ।

ਇਸ ਮੁਕਾਬਲੇ ਪਿੱਛੋਂ ਨਾਲ ਦੇ ਸਿੰਘਾਂ ਨੇ ਭਾਈ ਧਰਮ ਸਿੰਘ ਨੂੰ ਕਿਹਾ:

"ਭਾਈ ਸਾਹਬ, ਜੇ ਅੱਜ ਘੇਰਾ ਨਾ ਟੁੱਟਦਾ ਤਾਂ ਸਾਡੇ ਨਾਲ-ਨਾਲ ਤੁਹਾਡੇ ਪਰਿਵਾਰ ਦੇ 'ਕੱਠੇ ਚਾਰ ਜੀਅ ਜਾਣੇ ਸੀ.....ਤੁਸੀਂ ਘੱਟੋ-ਘੱਟ ਇੱਕ ਮੈਂਬਰ ਨੂੰ ਬਾਹਰ ਕੱਢ ਦਿਓ....।"

ਇਹ ਗੱਲ ਬੀਬੀ ਸੰਦੀਪ ਕੌਰ ਦੇ ਮਨ ਲੱਗੀ ਤੇ ਉਸ ਨੇ ਸਾਹਿਬ ਸਿੰਘ ਨੂੰ ਵਿਦੇਸ਼ ਨਿਕਲ ਜਾਣ ਲਈ ਕਹਿਣਾ ਅਰੰਭ ਕਰ ਦਿੱਤਾ। ਪਰ 'ਸਾਹਬਾ' ਮੈਦਾਨ ਨਾ ਛੱਡਣ ਲਈ ਬਜ਼ਿਦ ਸੀ। ਉਸ ਦਾ ਕਹਿਣਾ ਸੀ:

"ਮੈਂ ਮੈਦਾਨ ਛੱਡ ਕੇ ਗੁਰੂ ਤੋਂ ਬੇਮੁਖ ਨਹੀਂ ਹੋ ਸਕਦਾ...ਗੁਰੂ ਕੇ ਸਿੰਘ ਭਖਿਆ ਮੈਦਾਨ ਛੱਡ ਕੇ ਭੱਜਦੇ ਨਹੀਂ ਹੁੰਦੇ......।"

ਬੀਬੀ ਸੰਦੀਪ ਕੌਰ ਨੇ ਜਦੋਂ ਇਹ ਕਿਹਾ ਕਿ ਸਾਡੇ ਪਿੱਛੋਂ ਕੰਵਰਦੀਪ ਦੀ ਸੰਭਾਲ ਕਰਨ ਲਈ ਤੇਰਾ ਨਿਕਲ ਜਾਣਾ ਜ਼ਰੂਰੀ ਹੈ ਤਾਂ ਉਹ ਮੰਨ ਗਿਆ, ਪਰ ਅਗਲੇ ਦਿਨ ਸਵੇਰੇ ਰੋਂਦਾ ਹੋਇਆ ਆ ਕੇ ਸੰਦੀਪ ਕੌਰ ਨੂੰ ਕਹਿਣ ਲੱਗਾ:

"ਰਾਤੀਂ ਮੈਨੂੰ ਸੁਪਨੇ ਵਿੱਚ ਗੁਰੂ ਗੋਬਿੰਦ ਸਿੰਘ ਨੇ ਝਿੜਕਾਂ ਮਾਰੀਆਂ ਕਿ ਤੂੰ ਮੈਦਾਨ ਛੱਡ ਕੇ ਭੱਜ ਰਿਹੈਂ....ਮੈਂ ਕਿਤੇ ਨ੍ਹੀਂ ਜਾਣਾ...।"

ਉਸ ਨੂੰ ਮਨਾਉਣ ਦਾ ਬੜਾ ਯਤਨ ਕੀਤਾ ਗਿਆ, ਪਰ ਜਜ਼ਬਾਤੀ ਹੋਇਆ 'ਸਾਹਬਾ' ਨਾ ਮੰਨਿਆ। ਉਸ ਨੂੰ ਜ਼ੋਰ ਪਾ ਕੇ ਪੰਜਾਬ ਤੋਂ ਬਾਹਰ ਭੇਜਿਆ ਗਿਆ, ਪਰ ਉਹ ਇੱਕ ਬਹਾਨਾ ਬਣਾ ਕੇ ਵਾਪਸ ਪਰਤ ਆਇਆ ਤੇ ਫਿਰ ਵਰ੍ਹਦੀ ਅੱਗ ਵਿੱਚ ਵਾਪਸ ਆਪਣੇ ਇਲਾਕੇ 'ਚ ਜਾ ਵੜਿਆ।

ਸ਼ਹੀਦੀ

16 ਮਈ 1992 ਨੂੰ ਇੱਕ ਮੁਖਬਰੀ ਦੇ ਆਧਾਰ 'ਤੇ ਉਸ ਦੇ ਸੰਘਰਸ਼ ਦੇ ਇੱਕ ਸਾਥੀ ਦੋਸਤ ਨਾਲ ਉਸ ਦੋਸਤ ਦੇ ਘਰੋਂ ਉਸ ਨੂੰ ਪੁਲੀਸ ਨੇ ਗ੍ਰਿਫਤਾਰ ਕਰ ਲਿਆ। ਜਿਸ ਘਰ ਵਿੱਚੋਂ ਇਹਨਾਂ ਨੂੰ ਫੜਿਆ ਗਿਆ, ਓਸੇ ਥਾਂ 'ਤੇ ਹੀ ਪੁਲੀਸ ਨੇ ਇਹਨਾਂ ਉੱਪਰ ਅਥਾਹ ਤਸ਼ੱਦਦ ਕੀਤਾ। ਭਾਈ ਸਾਹਿਬ ਸਿੰਘ ਨੇ ਪੂਰੀ ਚੜ੍ਹਦੀ ਕਲਾ ਵਿੱਚ ਰਹਿ ਕੇ ਤਸ਼ੱਦਦ ਖਿੜੇ ਮੱਥੇ ਸਹਾਰਿਆ। ਝੁੰਜਲਾਏ ਤੇ ਹਲਕਾਏ ਹੋਏ ਦਿੱਲੀ ਦੇ ਕਾਰਿੰਦਿਆਂ ਵੱਲੋਂ ਇਸ ਸੂਰਮੇ ਦੇ ਸਿਰ ਵਿੱਚ ਕਿੱਲ ਠੋਕ ਦਿੱਤੇ ਜਾਣ ਬਾਰੇ ਪਤਾ ਲੱਗਦਾ ਹੈ, ਪਰ ਉਹ ਇਹਨਾਂ ਤੋਂ ਜਥੇ ਦਾ ਕੋਈ ਭੇਤ ਨਾ ਲੈ ਸਕੇ।

ਸਿੱਖ ਗੱਭਰੂਆਂ ਨੂੰ ਅਜਿਹੇ ਸੂਰਬੀਰ ਸ਼ਹੀਦਾਂ ਦੇ ਪੰਥਕ ਜਜ਼ਬਿਆਂ ਤੋਂ ਸੇਧ ਲੈਣੀ ਚਾਹੀਦੀ ਹੈ।

ਉਹ ਸੂਰਮੇ ਜੋ ਵਰ੍ਹਦੀ ਹੋਈ ਅੱਗ ਵਿੱਚ ਵੀ ਗੁਰੂ ਤੋਂ ਬੇਮੁੱਖ ਹੋਣਾ ਇੱਕ ਲਾਹਨਤ ਸਮਝਦੇ ਸਨ, ਉਹਨਾਂ ਦੇ ਸ਼ਹੀਦੀ ਦਿਹਾੜੇ ਮਨਾਉਂਦਿਆਂ ਸਾਨੂੰ ਆਪਣੇ ਅੰਦਰ ਝਾਤ ਮਾਰ ਕੇ ਇਸ ਸਵਾਲ ਦੇ ਰੂ-ਬਰੂ ਹੋਣ ਦੀ ਲੋੜ ਹੈ ਕਿ ਘਰ ਦੀ ਚਾਰਦੀਵਾਰੀ ਅੰਦਰ ਸੁਖ ਸਹੂਲਤਾਂ ਮਾਣਦੇ ਹੋਏ ਵੀ ਅੱਜ ਅਸੀਂ ਗੁਰੂ ਤੋਂ ਬੇਮੁੱਖ ਹੋਣ ਦਾ ਸੰਤਾਪ ਕਿਉਂ ਹੰਢਾਅ ਰਹੇ ਹਾਂ?

* * * * *

ਸਿੱਖ ਸੰਘਰਸ਼ 'ਚ ਨਵੀਂ ਰਣਨੀਤੀ ਦੇ ਰਾਹ ਸਿਰਜਣ ਵਾਲ਼ਾ ਜੁਝਾਰੂ

ਸ਼ਹੀਦ ਭਾਈ ਨਵਨੀਤ ਸਿੰਘ ਕਾਦੀਆਂ

ਸਿੱਖ ਅਜ਼ਾਦੀ ਦੇ ਮੌਜੂਦਾ ਸੰਘਰਸ਼ ਅੰਦਰ ਸ਼ਹੀਦ ਹੋਣ ਵਾਲ਼ੇ ਜੁਝਾਰੂ ਸਿੰਘਾਂ ਵਿੱਚ ਭਾਈ ਨਵਨੀਤ ਸਿੰਘ ਕਾਦੀਆਂ ਇੱਕ ਅਜਿਹਾ ਨਾਂ ਹੈ, ਜਿਸ ਦੀ ਸ਼ਹੀਦੀ ਤੋਂ ਬਾਅਦ ਵੀ ਦੁਸ਼ਮਣ ਨੂੰ ਉਸ ਦੀ ਸੋਚ ਤੋਂ ਕਾਂਬਾ ਛਿੜਿਆ ਰਿਹਾ। ਕਾਰਨ ਇਹ ਸੀ ਕਿ ਭਾਈ ਨਵਨੀਤ ਸਿੰਘ ਦੀ ਸ਼ਹੀਦੀ ਤੋਂ ਬਾਅਦ ਪੁਲੀਸ ਨੂੰ ਉਹਨਾਂ ਤੋਂ ਯੂਰੇਨੀਅਮ ਮਿਲਿਆ ਸੀ, ਜੋ ਕਿ ਪ੍ਰਮਾਣੂ ਬੰਬ ਬਣਾਉਣ ਲਈ ਵਰਤਿਆ ਜਾਂਦਾ ਹੈ। ਭਾਈ ਨਵਨੀਤ ਸਿੰਘ ਨੇ ਸਿਵਲ ਇੰਜੀਨੀਅਰਿੰਗ 'ਚ ਡਿਗਰੀ ਕੀਤੀ ਹੋਈ ਸੀ ਤੇ ਉਹਨਾਂ ਕੋਲੋਂ ਬਰਾਮਦ ਹੋਏ ਯੂਰੇਨੀਅਮ ਨੇ ਹੀ ਦਿੱਲੀ ਦੇ ਲਾਲ ਕਿਲ੍ਹੇ ਦੀਆਂ ਕੰਧਾਂ ਕੰਬਣ ਲਾ ਦਿੱਤੀਆਂ ਸਨ।

ਭਾਈ ਨਵਨੀਤ ਸਿੰਘ ਕਾਦੀਆਂ ਦਾ ਜਨਮ ਮਿਤੀ 20 ਅਪ੍ਰੈਲ 1961 ਨੂੰ ਸ. ਤੀਰਥ ਸਿੰਘ ਦੇ ਗ੍ਰਹਿ ਵਿਖੇ, ਮਾਤਾ ਬੀਬੀ ਰਣਜੀਤ ਕੌਰ ਦੀ ਕੁੱਖੋਂ ਕਾਦੀਆਂ (ਗੁਰਦਾਸਪੁਰ) ਵਿਖੇ ਹੋਇਆ। ਆਪ ਮਾਪਿਆਂ ਦੇ ਇਕੱਲੇ ਪੁੱਤਰ ਸਨ। ਆਪ ਜੀ ਆਪਣੀਆਂ ਦੋ ਭੈਣਾਂ, ਬੀਬਾ ਜਤਿੰਦਰਪਾਲ ਕੌਰ ਤੋਂ ਛੋਟੇ ਅਤੇ ਬੀਬਾ ਨਵਜੋਤ ਕੌਰ ਤੋਂ ਵੱਡੇ ਸਨ।

ਆਪ ਦੀ ਮੁੱਢਲੀ ਸਿੱਖਿਆ ਕਾਦੀਆਂ ਵਿੱਚ ਹੀ ਹੋਈ। ਨਿੱਕੇ ਹੁੰਦੇ ਹੀ ਆਪ ਦੇ ਮਾਤਾ ਜੀ ਆਪ ਨੂੰ ਇੱਕ ਧਾਰਮਕ ਸ਼ਖ਼ਸੀਅਤ ਕੋਲ ਲੈ ਕੇ ਗਏ। ਉਸ ਸ਼ਖ਼ਸੀਅਤ ਨੇ ਆਪ ਦੀ ਕੰਡ 'ਤੇ ਥਾਪੜਾ ਦੇ ਕੇ ਆਖਿਆ:

"ਕਾਕਾ ਜਾਪ ਸਾਹਿਬ ਜ਼ਰੂਰ ਪੜ੍ਹਿਆ ਕਰ...।"

ਆਪ ਨੇ ਦਿਨਾਂ ਅੰਦਰ ਹੀ ਜਾਪ ਸਾਹਿਬ ਦੀ ਬਾਣੀ ਕੰਠ ਕਰ ਲਈ। ਸਿੱਖ ਪੰਥ ਦੇ ਵਜੂਦ ਨੂੰ ਖ਼ਤਮ ਕਰਨ ਚੜ੍ਹੀ ਪਾਪ ਦੀ ਜੰਞ ਦੇ ਵਰਤਾਰੇ ਨੇ ਆਪ ਨੂੰ ਇੱਕ ਸਿੱਖ ਵਜੋਂ ਆਪਣੇ ਫ਼ਰਜ਼ ਨਿਭਾਉਣ ਲਈ ਵੰਗਾਰ ਪਾਈ। ਸ੍ਰੀ ਦਰਬਾਰ ਸਾਹਿਬ 'ਤੇ ਭਾਰਤੀ ਫ਼ੌਜ ਦੇ ਹਮਲੇ ਸਮੇਂ ਆਪ ਦੀ ਉਮਰ 23 ਸਾਲ ਦੀ ਸੀ। ਭਰ ਜਵਾਨੀ ਦੀ ਇਸ ਉਮਰ 'ਚ ਆਪ ਉਚੇਰੀ ਪੜ੍ਹਾਈ ਦੇ ਨਾਲ਼-ਨਾਲ਼ ਸਿੱਖ ਅਜ਼ਾਦੀ ਦੇ ਸੰਘਰਸ਼ ਨੂੰ ਵੀ ਸਮਰਪਿਤ ਹੋ ਗਏ। ਆਪ ਕੌਮ ਦੀ ਸੇਵਾ ਲਈ ਉੱਚ ਸਿੱਖਿਆ ਪ੍ਰਾਪਤ ਕਰਨੀ ਵੀ ਜ਼ਰੂਰੀ ਸਮਝਦੇ ਸਨ।

ਬੀ.ਐਸ.ਸੀ. ਤੋਂ ਬਾਅਦ ਇੰਜੀਨੀਅਰਿੰਗ ਦੀ ਪੜ੍ਹਾਈ ਲਈ ਆਪ ਨੇ ਗੁਰੂ ਨਾਨਕ ਦੇਵ

ਇੰਜੀਨੀਅਰਿੰਗ ਕਾਲਜ ਬਿਦਰ (ਕਰਨਾਟਕ) ਵਿੱਚ ਦਾਖਲਾ ਲੈ ਲਿਆ। ਓਥੇ ਹੀ ਕੁਝ ਹਿੰਦੂ ਜਥੇਬੰਦੀਆਂ ਨੇ 14 ਸਤੰਬਰ 1988 ਨੂੰ ਸਿੱਖ ਵਿਦਿਆਰਥੀਆਂ ਤੋਂ ਜਬਰੀ ਫੰਡ ਉਗਰਾਹੁਣ ਦੇ ਬਹਾਨੇ ਗੁੰਡਾਗਰਦੀ ਦਾ ਨੰਗਾ ਨਾਚ ਕੀਤਾ।

ਸਿੱਖ ਵਿਦਿਆਰਥੀਆਂ ਵਿਰੁੱਧ ਹਿੰਸਾ ਅਰੰਭ ਕਰ ਦਿੱਤੀ ਗਈ ਤੇ 6 ਸਿੱਖ ਵਿਦਿਆਰਥੀਆਂ ਨੂੰ ਜਿਊਂਦੇ ਹੀ ਸਾੜ ਦਿੱਤਾ ਗਿਆ। ਕਈ ਸਿੱਖ ਵਿਦਿਆਰਥੀ ਜ਼ਖਮੀ ਹੋਏ। ਹਿੰਦੂਸ਼ਾਹੀ ਗੁੰਡਾਗਰਦੀ ਦਾ ਇਹ ਨੰਗਾ ਨਾਚ ਭਾਈ ਨਵਨੀਤ ਸਿੰਘ ਕਾਦੀਆਂ ਨੇ ਬੜੇ ਨੇੜੇ ਤੋਂ ਵੇਖਿਆ ਤੇ ਹੰਢਾਇਆ। ਆਪ ਦੇ ਤੀਖਣ ਦਿਮਾਗ ਨੇ ਇਸ ਕੌੜੀ ਹਕੀਕਤ ਦਾ ਮੁਲਾਂਕਣ ਕਰ ਲਿਆ ਕਿ ਸਿੱਖ ਕੌਮ ਦੇ ਬੇਘਰੀ ਹੋਣ ਕਾਰਨ ਹੀ ਹਰ ਪਾਸਿਓਂ ਕੁੱਟ ਪੈ ਰਹੀ ਹੈ। ਕੌਮੀ ਗੈਰਤ ਦੇ ਪ੍ਰਗਟਾਵੇ ਅਤੇ ਕੌਮੀ ਘਰ ਦੀ ਪ੍ਰਾਪਤੀ ਲਈ ਚੱਲ ਰਹੇ ਸੰਘਰਸ਼ ਨੂੰ ਤੇਜ਼ ਕਰਨ ਹਿਤ ਆਪ ਬਿਦਰ ਤੋਂ ਵਾਪਸ ਆ ਗਏ ਤੇ ਗੁਰੂ ਨਾਨਕ ਇੰਜੀਨੀਅਰਿੰਗ ਕਾਲਜ, ਲੁਧਿਆਣਾ ਵਿਖੇ ਦਾਖਲਾ ਲੈ ਲਿਆ।

ਗੁਰੂ ਨਾਨਕ ਇੰਜੀਨੀਅਰਿੰਗ ਕਾਲਜ ਲੁਧਿਆਣਾ ਓਦੋਂ ਸਿੱਖ ਅਜ਼ਾਦੀ ਸੰਘਰਸ਼ ਦਾ ਇੱਕ ਗੜ੍ਹ ਮੰਨਿਆ ਜਾਂਦਾ ਸੀ। ਛੇਤੀ ਹੀ ਆਪ ਖ਼ਾਲਿਸਤਾਨ ਲਿਬਰੇਸ਼ਨ ਫੋਰਸ ਨਾਲ ਪੱਕੇ ਤੌਰ 'ਤੇ ਜੁੜ ਗਏ ਤੇ ਆਪਣੀ ਉੱਚ ਲਿਆਕਤ ਨਾਲ ਇੱਕ ਅਹਿਮ ਰੁਤਬਾ ਹਾਸਲ ਕਰ ਲਿਆ। ਪਰ ਆਪ ਪ੍ਰਸਿੱਧੀ ਦੀ ਬਜਾਏ, ਗੁਪਤ ਰੂਪ 'ਚ ਸੇਵਾ ਕਰਨ ਨੂੰ ਤਰਜੀਹ ਦਿੰਦੇ ਸਨ। ਛੇਤੀ ਹੀ ਆਪ ਖ਼ਾਲਿਸਤਾਨ ਲਿਬਰੇਸ਼ਨ ਫੋਰਸ ਦੀ ਹਾਈ ਕਮਾਂਡ ਦੇ ਸਿੰਘਾਂ ਵਿੱਚ ਗਿਣੇ ਜਾਣ ਲੱਗੇ, ਪਰ ਆਪਣਾ ਨਾਂ ਗੁਪਤ ਹੀ ਰੱਖਿਆ।

ਲੁਧਿਆਣੇ ਗੁਰੂ ਨਾਨਕ ਇੰਜੀਨੀਅਰਿੰਗ ਕਾਲਜ ਵਿੱਚ ਪ੍ਰੋ: ਹਰਬੰਸ ਸਿੰਘ ਜੀ ਆਪ ਦੇ ਧਾਰਮਿਕ ਅਕੀਦੇ ਤੋਂ ਬਹੁਤ ਪ੍ਰਭਾਵਿਤ ਸਨ। ਉਹਨਾਂ ਨੇ ਇੱਕ ਥਾਂ ਆਪ ਦੇ ਰਿਸ਼ਤੇ ਬਾਰੇ ਗੱਲ ਚਲਾਈ, ਪਰ ਆਪ ਆਪਣੇ ਸੰਘਰਸ਼ਸ਼ੀਲ ਸਫਰ ਕਾਰਨ ਵਿਆਹ ਲਈ ਨਾ ਮੰਨੇ। ਫਿਰ ਇੱਕ ਵਾਰ ਆਪ ਨੂੰ ਰਿਸ਼ਤੇ ਲਈ ਕੁਝ ਜਾਣਕਾਰਾਂ ਨੇ ਬਹਾਨੇ ਦੇ ਨਾਲ ਵੇਖਾ-ਵਿਖਾਈ ਲਈ ਲਿਜਾ ਕੇ ਕਿਤੇ ਬਿਠਾ ਦਿੱਤਾ ਤੇ ਲੜਕੀ ਨੂੰ ਵੀ ਓਥੇ ਹੀ ਲੈ ਆਂਦਾ। ਲੜਕੀ ਨੂੰ ਲਿਆਉਣ ਤੋਂ ਪਹਿਲਾਂ ਹੀ ਇਸ ਬਾਰੇ ਆਪ ਨੂੰ ਪਤਾ ਲੱਗ ਗਿਆ। ਪਤਾ ਲੱਗਣ 'ਤੇ ਆਪ ਨੇ ਨਜ਼ਰ ਜ਼ਮੀਨ ਵੱਲ ਕਰ ਲਈ ਤੇ ਜਿੰਨਾ ਚਿਰ ਓਥੇ ਬੈਠੇ ਰਹੇ, ਜਾਣਕਾਰਾਂ ਦੇ ਜ਼ੋਰ ਲਾਉਣ 'ਤੇ ਵੀ ਨਜ਼ਰ ਹੀ ਉਤਾਂਹ ਨਾ ਚੁੱਕੀ। ਅਜਿਹਾ ਕਰਨ ਪਿੱਛੇ ਉਹਨਾਂ ਦਾ ਮਕਸਦ ਸੀ ਕਿ ਲੜਕੀ ਤੇ ਉਸ ਦੇ ਪਰਿਵਾਰ ਨੂੰ ਪਤਾ ਲੱਗ ਜਾਵੇ ਕਿ ਮੈਂ ਅਜੇ ਵਿਆਹ ਕਰਵਾਉਣਾ ਹੀ ਨਹੀਂ ਚਾਹੁੰਦਾ, ਜੇਕਰ ਇੱਕ ਵਾਰ ਵੀ ਨਜ਼ਰ ਚੁੱਕ ਕੇ ਲੜਕੀ ਵੱਲ ਵੇਖ ਕੇ ਫਿਰ ਨਾਂਹ ਕੀਤੀ ਜਾਂਦੀ ਤਾਂ ਸ਼ਾਇਦ ਇਹ ਸਮਝ ਲਿਆ ਜਾਂਦਾ ਕਿ ਉਹਨਾਂ ਨੂੰ ਲੜਕੀ ਨਾਪਸੰਦ ਹੈ, ਜੋ ਕਿ ਲੜਕੀ ਦਾ ਅਪਮਾਨ ਹੁੰਦਾ। ਇਸ ਘਟਨਾ ਤੋਂ ਆਪ ਦੀ ਉੱਚੀ ਸੋਚ ਦਾ ਪਤਾ ਲੱਗਦਾ ਹੈ।

ਇੰਜੀਨੀਅਰਿੰਗ ਦੀ ਡਿਗਰੀ ਤੋਂ ਬਾਅਦ ਗੁਪਤ ਰਹਿ ਕੇ ਸੰਘਰਸ਼ ਕਰਨ ਲਈ ਇੱਕ ਨੀਤੀ ਦੇ ਤਹਿਤ ਆਪ ਨੇ ਬਟਾਲੇ ਛੋਟੇ ਰੂਟ ਪਰਮਿਟ ਅਧੀਨ ਮਿੰਨੀ ਬੱਸਾਂ ਪਾ ਲਈਆਂ।

ਖ਼ਾਲਿਸਤਾਨ ਲਿਬਰੇਸ਼ਨ ਫੋਰਸ ਦੀ ਹਾਈ ਕਮਾਂਡ 'ਚ ਹੋਣ ਦੇ ਬਾਵਜੂਦ ਆਪ ਅੰਦਰ

ਨਿਮਰਤਾ ਬਹੁਤ ਸੀ। ਬਟਾਲੇ ਵਿੱਚ ਮਿੰਨੀ ਬੱਸ ਆਪਰੇਟਰਾਂ 'ਚ ਮਾਮੂਲੀ ਤਕਰਾਰ ਵਿੱਚ ਕੁਝ ਆਪਰੇਟਰਾਂ ਨੇ ਇਕੱਠੇ ਹੋ ਕੇ ਆਪ ਨੂੰ ਧੱਕੇ ਮਾਰੇ। ਆਪ ਕੋਲ ਉਸ ਸਮੇਂ ਏਨੀ ਸਮਰੱਥਾ ਸੀ ਕਿ ਆਪ ਅਜਿਹੇ ਬੱਸ ਆਪਰੇਟਰਾਂ ਨੂੰ ਉਹਨਾਂ ਦੀਆਂ ਬੱਸਾਂ ਸਮੇਤ ਤੂੰਬਾ-ਤੂੰਬਾ ਕਰ ਕੇ ਉਡਾ ਸਕਦੇ ਸਨ, ਪਰ ਆਪ ਨੇ ਇਸ ਸਮੇਂ ਕੋਈ ਗ਼ੁੱਸੇ ਵਾਲ਼ਾ ਪ੍ਰਤੀਕਰਮ ਨਾ ਕੀਤਾ। ਪਰ ਬਟਾਲ਼ਾ ਦੇ ਗੁਰੂ ਨਾਨਕ ਕਾਲਜ ਦੇ ਕੁਝ ਸਿੱਖ ਵਿਦਿਆਰਥੀ ਜੋ ਆਪ ਦਾ ਬੇਹੱਦ ਸਤਿਕਾਰ ਕਰਦੇ ਸਨ, ਪਤਾ ਲੱਗਣ 'ਤੇ ਤੁਰੰਤ ਹੀ ਹਾਕੀਆਂ ਲੈ ਕੇ ਮੌਕੇ 'ਤੇ ਆਣ ਪਹੁੰਚੇ, ਪਰ ਆਪ ਹੱਥ ਜੋੜ ਕੇ ਉਹਨਾਂ ਦੇ ਅੱਗੇ ਖਲੋ ਗਏ ਤੇ ਉਹਨਾਂ ਨੂੰ ਕੋਈ ਵੀ ਕਾਰਵਾਈ ਨਾ ਕਰਨ ਲਈ ਕਿਹਾ। ਆਪ ਦੀ ਦਲੀਲ ਸੀ:

"ਇਹਨਾਂ ਵਿਚਾਰਿਆਂ ਨੂੰ ਪਤਾ ਹੀ ਨਹੀਂ ਅਸੀਂ ਕੌਣ ਆਂ....।"

ਇਸ ਤਰ੍ਹਾਂ ਆਪ ਨੇ ਸਿੱਖ ਵਿਦਿਆਰਥੀਆਂ ਦਾ ਗ਼ੁੱਸਾ ਸ਼ਾਂਤ ਕਰ ਕੇ ਉਹਨਾਂ ਨੂੰ ਵਾਪਸ ਭੇਜ ਦਿੱਤਾ। ਪਰ ਹਿੰਦ ਹਕੂਮਤ ਦੇ ਵਿਰੁੱਧ ਆਪ ਦਾ ਹਰ ਜੰਗੀ ਪੈਂਤੜਾ ਹਕੂਮਤ ਨੂੰ ਜੜ੍ਹਾਂ ਤੋਂ ਹਿਲਾ ਕੇ ਰੱਖ ਦੇਣ ਵਾਲ਼ਾ ਹੁੰਦਾ ਸੀ।

1991 ਵਿੱਚ ਚੰਡੀਗੜ੍ਹ ਦੇ ਪੁਲੀਸ ਮੁਖੀ ਸੁਮੇਧ ਸੈਣੀ, ਜੋ ਕਿ ਸਿੱਖ ਨੌਜਵਾਨਾਂ ਨੂੰ ਕੋਹ-ਕੋਹ ਕੇ ਸ਼ਹੀਦ ਕਰਨ ਲਈ ਪ੍ਰਸਿੱਧ ਸੀ, ਦੀ ਕਾਰ ਇੱਕ ਬੰਬ ਧਮਾਕੇ ਵਿੱਚ ਉਡਾ ਦਿੱਤੀ ਗਈ। ਭਾਵੇਂ ਕਿ ਪਹਿਲਾਂ ਪੁਲੀਸ ਨੇ ਇਸ ਹਮਲੇ ਪਿੱਛੇ ਬੱਬਰ ਖ਼ਾਲਸਾ ਦੇ ਭਾਈ ਬਲਵਿੰਦਰ ਸਿੰਘ ਜਟਾਣਾ ਦਾ ਹੱਥ ਹੋਣ ਦਾ ਅੰਦਾਜ਼ਾ ਲਾਇਆ, ਪਰ ਪੁਲੀਸ ਦੀ ਜਾਂਚ ਦੀ ਸੂਈ ਛੇਤੀ ਹੀ ਗੁਰੂ ਨਾਨਕ ਦੇਵ ਇੰਜੀਨੀਅਰਿੰਗ ਕਾਲਜ ਲੁਧਿਆਣਾ ਵੱਲ ਘੁੰਮ ਗਈ। ਭਾਵੇਂ ਕਿ ਓਦੋਂ ਤਕ ਭਾਈ ਨਵਨੀਤ ਸਿੰਘ ਇੰਜੀਨੀਅਰਿੰਗ ਦੀ ਡਿਗਰੀ ਕਰ ਕੇ ਜਾ ਚੁੱਕੇ ਸਨ ਅਤੇ ਬਟਾਲ਼ੇ ਹੀ ਹੁੰਦੇ ਸਨ। ਪੁਲੀਸ ਦੇ ਬਟਾਲ਼ੇ ਪਹੁੰਚਣ ਤੋਂ ਪਹਿਲਾਂ ਹੀ ਭਾਈ ਨਵਨੀਤ ਸਿੰਘ ਕਾਦੀਆਂ ਰੂਪੋਸ਼ ਹੋ ਗਏ।

ਖ਼ਾਲਿਸਤਾਨ ਲਿਬਰੇਸ਼ਨ ਫੋਰਸ ਵੱਲੋਂ ਦਿੱਲੀ ਤੋਂ ਰੁਮਾਨੀਆ ਦੇ ਦੂਤ 'ਲਿਵਿਊ ਰਾਡੂ' ਨੂੰ ਅਗਵਾ ਕਰ ਕੇ ਲੈ ਜਾਣ ਦੀ ਘਟਨਾ ਵਿੱਚ ਆਪ ਦਾ ਉੱਘਾ ਰੋਲ ਸੀ। ਰਾਡੂ ਨੂੰ ਅਗਵਾ ਕਰਨ ਸੰਬੰਧੀ ਜਦੋਂ ਕਿਸੇ ਹੋਰ ਸਟੇਟ ਦੇ ਕਿਸੇ ਸੰਗਠਨ ਨੇ ਭੰਬਲਭੂਸਾ ਪੈਦਾ ਕਰਨ ਦਾ ਯਤਨ ਕੀਤਾ ਤਾਂ ਖ਼ਾਲਿਸਤਾਨ ਲਿਬਰੇਸ਼ਨ ਫੋਰਸ ਨੂੰ ਰਾਡੂ ਦੀ ਸਿੰਘਾਂ ਦੇ ਕਬਜ਼ੇ 'ਚ ਹੋਣ ਦੀ ਤਸਵੀਰ ਪ੍ਰੈੱਸ ਨੂੰ ਜਾਰੀ ਕਰਨੀ ਪਈ। ਇਸ ਤਸਵੀਰ ਵਿੱਚ ਪਿਛਲੇ ਪਾਸੇ ਡਬਲ ਬੈੱਡ ਦੀ ਚਾਦਰ ਤਾਣੀ ਗਈ ਸੀ ਤੇ ਰਾਡੂ ਦੇ ਆਲ਼ੇ-ਦੁਆਲ਼ੇ ਦੋ ਸਿੰਘ ਮੂੰਹ ਬੰਨ੍ਹ ਕੇ ਐਨਕਾਂ ਲਾ ਕੇ ਹੱਥ ਵਿੱਚ ਅਸਾਲਟਾਂ ਫੜ ਕੇ ਬੈਠੇ ਸਨ। ਇਹਨਾਂ ਸਿੰਘਾਂ ਵਿੱਚ ਇੱਕ ਭਾਈ ਨਵਨੀਤ ਸਿੰਘ ਕਾਦੀਆਂ ਸੀ।

ਰਾਡੂ ਅਗਵਾ ਕਾਂਡ ਨਾਲ ਅੰਤਰਰਾਸ਼ਟਰੀ ਪੱਧਰ 'ਤੇ ਭਾਰਤੀ ਹਕੂਮਤ ਦੀ ਬੜੀ ਕਿਰਕਿਰੀ ਹੋਈ। ਪੂਰਾ ਜ਼ੋਰ ਲਾ ਕੇ ਵੀ ਭਾਰਤੀ ਫੋਰਸਾਂ ਤੇ ਏਜੰਸੀਆਂ ਰਾਡੂ ਦਾ ਪਤਾ ਨਾ ਲਾ ਸਕੀਆਂ। ਅਖੀਰ ਰੋਮਾਨੀਆ ਸਰਕਾਰ ਅਤੇ ਰਾਡੂ ਦੀ ਪਤਨੀ ਦੀਆਂ ਅਪੀਲਾਂ ਦੇ ਮੱਦੇਨਜ਼ਰ ਸਿੰਘਾਂ ਨੇ ਰਾਡੂ ਨੂੰ ਛੱਡ ਦੇਣ ਦਾ ਫ਼ੈਸਲਾ ਕੀਤਾ। ਭਾਰਤ ਸਰਕਾਰ ਵੱਲੋਂ ਜਾਰੀ ਬਿਆਨ ਵਿੱਚ ਸਿੰਘਾਂ ਦੇ ਇਸ ਫ਼ੈਸਲੇ 'ਤੇ ਖ਼ੁਸ਼ੀ ਦਾ ਇਜ਼ਹਾਰ ਕੀਤਾ ਗਿਆ। ਪਾਰਲੀਮੈਂਟ ਵਿੱਚ ਵਿਰੋਧੀ ਧਿਰ ਨੇ ਹਾਲ ਪਾਹਰਿਆ ਪਾਉਂਦਿਆਂ ਕਿਹਾ:

"ਸਰਕਾਰੀ ਬਿਆਨ ਤੋਂ ਇਸ ਤਰ੍ਹਾਂ ਲੱਗਦਾ ਹੈ ਕਿ ਇਹ ਅੱਤਵਾਦੀਆਂ (ਜੁਝਾਰੂ ਸਿੰਘਾਂ) 'ਤੇ ਹੀ ਨਿਰਭਰ ਹੈ ਕਿ ਉਹ ਜਦੋਂ ਮਰਜ਼ੀ ਕਿਸੇ ਨੂੰ ਅਗਵਾ ਕਰ ਕੇ ਲੈ ਜਾਣ ਤੇ ਜਦੋਂ ਮਰਜ਼ੀ ਛੱਡ ਦੇਣ....ਸਰਕਾਰ ਕੀ ਕਰ ਰਹੀ ਹੈ...?"

ਰਾਡੂ ਅਗਵਾ ਕਾਂਡ ਦੇ ਰਾਹੀਂ ਸਿੰਘਾਂ ਨੇ ਪਹਿਲਾਂ ਭਾਈ ਹਰਜਿੰਦਰ ਸਿੰਘ ਜਿੰਦਾ ਤੇ ਭਾਈ ਸੁਖਦੇਵ ਸਿੰਘ ਸੁੱਖਾ ਦੀ ਰਿਹਾਈ ਦੀ ਮੰਗ ਕੀਤੀ ਸੀ, ਭਾਵੇਂ ਕਿ ਇਹ ਨਾ ਹੋ ਸਕਿਆ, ਪਰ ਇਸ ਨਾਲ ਅੰਤਰਰਾਸ਼ਟਰੀ ਮੰਚ 'ਤੇ ਸਿੱਖ ਅਜ਼ਾਦੀ ਲਹਿਰ ਨੂੰ ਨੈਤਿਕ ਹਮਾਇਤ ਪ੍ਰਾਪਤ ਹੋਈ ਅਤੇ ਰਿਬੈਰੋ 'ਤੇ ਹਮਲੇ ਦੇ ਸੰਬੰਧ 'ਚ ਰੋਮਾਨੀਆ ਦੀਆਂ ਜੇਲ੍ਹਾਂ 'ਚ ਬੰਦ ਸਿੰਘਾਂ ਦੇ ਕੇਸ 'ਚ ਵੀ ਕਾਫ਼ੀ ਮਦਦ ਮਿਲੀ।

ਭਾਈ ਗੁਰਜੰਟ ਸਿੰਘ ਬੁੱਧ ਸਿੰਘ ਵਾਲਾ ਦੀ ਸ਼ਹਾਦਤ ਤੋਂ ਬਾਅਦ ਜਥੇਬੰਦੀ ਚਲਾਉਣ ਵਿੱਚ ਆਪ ਦੀ ਅਹਿਮ ਭੂਮਿਕਾ ਸੀ। ਜਦੋਂ ਭਾਰਤੀ ਹਕੂਮਤ ਵੱਲੋਂ ਪੰਜਾਬ ਵਿੱਚੋਂ ਸਿੱਖ ਸੰਘਰਸ਼ ਨੂੰ ਕੁਚਲ ਕੇ ਰੱਖ ਦੇਣ ਦੀਆਂ ਟਾਹਰਾਂ ਮਾਰੀਆਂ ਜਾ ਰਹੀਆਂ ਸਨ ਤਾਂ ਓਦੋਂ 11 ਸਤੰਬਰ 1993 ਨੂੰ ਦਿੱਲੀ ਯੂਥ ਕਾਂਗਰਸ ਦੇ ਹੈੱਡਕੁਆਰਟਰ ਦੇ ਬਾਹਰ ਇੱਕ ਜ਼ਬਰਦਸਤ ਬੰਬ ਧਮਾਕਾ ਹੋਇਆ, ਜਿਸ ਵਿੱਚ ਹਕੂਮਤ ਕਰ ਰਹੀ ਪਾਰਟੀ ਦੇ ਅਣਗਿਣਤ ਵਰਕਰ ਮਾਰੇ ਗਏ। ਯੂਥ ਕਾਂਗਰਸ ਦਾ ਓਦੋਂ ਦਾ ਕੌਮੀ ਪ੍ਰਧਾਨ ਮਨਿੰਦਰਜੀਤ ਬਿੱਟਾ, ਜਿਸ ਨੂੰ ਕਿ ਸਰਕਾਰ ਸਿੱਖ ਸੰਘਰਸ਼ ਖਿਲਾਫ਼ ਬਿਆਨ ਦੇਣ ਲਈ ਵਰਤ ਰਹੀ ਸੀ, ਵੀ ਜ਼ਖਮੀ ਹੋ ਗਿਆ। ਇਸ ਧਮਾਕੇ ਵਿੱਚ 40 ਕਿੱਲੋ ਆਰ.ਡੀ.ਐਕਸ. ਵਰਤੇ ਜਾਣ ਦੀ ਗੱਲ ਸਾਮ੍ਹਣੇ ਆਈ। ਇਸ ਧਮਾਕੇ ਪਿੱਛੇ ਭਾਈ ਨਵਨੀਤ ਸਿੰਘ ਕਾਦੀਆਂ ਦਾ ਅਹਿਮ ਰੋਲ ਮੰਨਿਆ ਗਿਆ। ਇਸ ਤਰ੍ਹਾਂ ਜਦੋਂ ਹਿੰਦੁਸਤਾਨ ਵਿੱਚ ਪੱਤਾ-ਪੱਤਾ ਸਿੰਘਾਂ ਦਾ ਦੁਸ਼ਮਣ ਬਣ ਗਿਆ ਸੀ, ਓਦੋਂ ਆਪ ਨੇ ਪੰਜਾਬ ਅਤੇ ਪੰਜਾਬ ਤੋਂ ਬਾਹਰ ਸਿੱਖ ਸੰਘਰਸ਼ ਨੂੰ ਕਾਰਜਸ਼ੀਲ ਰੱਖਿਆ।

1994 ਵਿੱਚ ਆਪ ਨੇ ਇੱਕ ਅਹਿਮ ਮਿਸ਼ਨ ਦੇ ਤਹਿਤ ਕਿਸੇ ਮਹੱਤਵਪੂਰਨ ਵਿਅਕਤੀ ਨੂੰ ਅਗਵਾ ਕਰਨ ਦੀ ਯੋਜਨਾ ਬਣਾਈ। ਉਹ ਜੰਮੂ ਤੋਂ ਕਿਸੇ ਮੰਜ਼ਲ ਵੱਲ ਚੱਲੇ ਤਾਂ ਆਪ ਦਾ ਇੱਕ ਸਹਿਯੋਗੀ ਆਪ ਦੇ ਨਾਲ ਸੀ। ਆਪ ਨੇ ਉਸ ਨੌਜਵਾਨ ਨੂੰ ਕਿਹਾ ਸੀ ਕਿ ਜਦੋਂ ਮੈਨੂੰ ਲੋੜ ਹੋਈ, ਮੈਂ ਤੈਨੂੰ ਬੁਲਾ ਲਵਾਂਗਾ, ਪਰ ਸਫ਼ਰ ਦੇ ਦੌਰਾਨ ਤੂੰ ਆਪਣੇ ਆਪ ਮੇਰੇ ਨਾਲ ਗੱਲ ਨਹੀਂ ਕਰਨੀ। ਇਸ ਤੋਂ ਪਤਾ ਲੱਗਦਾ ਸੀ ਕਿ ਉਹ ਆਪਣੇ ਸਾਥੀਆਂ ਦੀ ਸੁਰੱਖਿਆ ਦਾ ਆਪਣੀ ਸੁਰੱਖਿਆ ਤੋਂ ਵੀ ਵਧੇਰੇ ਖ਼ਿਆਲ ਰੱਖਦੇ ਸਨ। ਉਸ ਨੌਜਵਾਨ ਨੂੰ ਜਲੰਧਰ ਤੋਂ ਆਪ ਨੇ ਵਾਪਸ ਚਲੇ ਜਾਣ ਲਈ ਕਿਹਾ, ਪਰ ਉਹ ਜ਼ਿਦ ਕਰ ਕੇ ਲੁਧਿਆਣੇ ਤਕ ਆਪ ਦੇ ਨਾਲ ਗਿਆ।

ਹੁਣ ਆਪ ਨੇ ਰਾਜਸਥਾਨ ਵਿੱਚੋਂ ਕਾਂਗਰਸ ਦੇ ਇੱਕ ਅਹਿਮ ਨੇਤਾ ਰਾਮ ਨਿਵਾਸ ਮਿਰਧਾ ਦੇ ਪੁੱਤਰ ਰਾਜਿੰਦਰ ਮਿਰਧਾ ਨੂੰ ਅਗਵਾ ਕਰ ਲਿਆ। ਇਹ 17 ਫ਼ਰਵਰੀ 1994 ਦੀ ਘਟਨਾ ਹੈ। ਇਸ ਦੇ ਬਦਲੇ ਆਪ ਨੇ ਭਾਰਤੀ ਹਕੂਮਤ ਨਾਲ ਕੁਝ ਅਜਿਹਾ ਅਹਿਮ ਸੌਦਾ ਕਰਨਾ ਸੀ, ਜੋ ਸਿੱਖ ਸੰਘਰਸ਼ ਨੂੰ ਮੁੜ ਬੁਲੰਦੀਆਂ 'ਤੇ ਲਿਜਾਣ ਲਈ ਜ਼ਰੂਰੀ ਸੀ, ਪਰ ਕਿਸੇ ਕਾਰਨ ਪੁਲੀਸ ਫੋਰਸਾਂ ਨੂੰ ਆਪ ਦੇ ਟਿਕਾਣੇ ਬਾਰੇ ਪਤਾ ਲੱਗ ਗਿਆ। ਜੈਪੁਰ (ਰਾਜਸਥਾਨ) ਦੇ ਬਾਹਰਵਾਰ ਆਪ ਜਿਸ ਮਕਾਨ ਵਿੱਚ ਸਨ, ਉਸ ਨੂੰ ਮਿਤੀ 24 ਫ਼ਰਵਰੀ 1994 ਨੂੰ ਵਿਸ਼ਾਲ ਪੁਲੀਸ

ਫੋਰਸਾਂ ਵੱਲੋਂ ਘੇਰਾ ਪਾ ਲਿਆ ਗਿਆ।

ਇਸ ਮੌਕੇ ਭਾਈ ਨਵਨੀਤ ਸਿੰਘ ਕਾਦੀਆਂ ਨੇ ਜਰਨੈਲ ਹੋਣ ਦੇ ਬਾਵਜੂਦ ਕਮਾਲ ਦੇ ਤਿਆਗ ਦੀ ਭਾਵਨਾ ਵਿਖਾਈ ਤੇ ਆਪਣੇ ਸਾਥੀਆਂ ਭਾਈ ਦਇਆ ਸਿੰਘ ਲਾਹੌਰੀਆ, ਉਹਨਾਂ ਦੀ ਪਤਨੀ ਬੀਬੀ ਕਮਲਜੀਤ ਕੌਰ ਤੇ ਭਾਈ ਹਰਨੇਕ ਸਿੰਘ ਭੱਪ ਨੂੰ ਓਥੋਂ ਘੇਰੇ 'ਚੋਂ ਕੱਢਣ ਲਈ ਖੁਦ ਮੁਕਾਬਲਾ ਅਰੰਭ ਕਰ ਕੇ ਫੋਰਸ ਦਾ ਧਿਆਨ ਆਪਣੇ ਵੱਲ ਕੇਂਦਰਿਤ ਕਰ ਲਿਆ। ਇਸ ਤਰ੍ਹਾਂ ਆਪ ਦੇ ਸਾਥੀ ਓਥੋਂ ਬਚ ਨਿਕਲੇ ਅਤੇ ਆਪ ਚੜ੍ਹਦੀ ਕਲਾ ਨਾਲ਼ ਆਖਰੀ ਦਮ ਤਕ ਜੂਝਦੇ ਹੋਏ ਸ਼ਹੀਦ ਹੋ ਗਏ।

ਆਪ ਦੀ ਸ਼ਹਾਦਤ ਤੋਂ ਬਾਅਦ ਆਪ ਤੋਂ ਮਿਲ਼ੇ ਯੂਰੇਨੀਅਮ ਨੇ ਦਿੱਲੀ ਵਾਲ਼ਿਆਂ ਦੇ ਦਿਲਾਂ ਦੀ ਧੜਕਣ ਤੇਜ਼ ਕਰ ਦਿੱਤੀ। ਆਪ ਦੀ ਸ਼ਹਾਦਤ ਨਾਲ਼ ਸਿੱਖ ਸੰਘਰਸ਼ ਨੂੰ ਇੱਕ ਵੱਡਾ ਘਾਟਾ ਜ਼ਰੂਰ ਪਿਆ, ਪਰ ਸਿੱਖ ਅਜ਼ਾਦੀ ਦੇ ਸੰਘਰਸ਼ ਨੂੰ ਅੰਤਰਰਾਸ਼ਟਰੀ ਮੰਚ 'ਤੇ ਉਭਾਰਨ ਵਿੱਚ ਭਾਈ ਨਵਨੀਤ ਸਿੰਘ ਕਾਦੀਆਂ ਦਾ ਯੋਗਦਾਨ ਭੁਲਾਇਆ ਨਹੀਂ ਜਾ ਸਕਦਾ। ਭਵਿੱਖ ਦੇ ਸੰਘਰਸ਼ਸ਼ੀਲ ਨੌਜਵਾਨਾਂ ਲਈ ਭਾਈ ਨਵਨੀਤ ਸਿੰਘ ਕਾਦੀਆਂ ਦੀ ਕਾਰਜਸ਼ੈਲੀ 'ਚੋਂ ਸਿੱਖਣ ਲਈ ਬਹੁਤ ਕੁਝ ਹੈ।

* * * * *

ਇਹਨਾਂ ਸ਼ਹੀਦਾਂ ਨੂੰ ਜੇ ਸਿੱਖੋ
ਦਿਲਾਂ 'ਚ ਕਰਦੇ ਯਾਦ ਰਹੋਗੇ
ਮਿਟੂਗੀ ਰਾਤ ਗੁਲਾਮੀ ਵਾਲੀ
ਯੁੱਗਾਂ ਤਕ ਅਜ਼ਾਦ ਰਹੋਗੇ।



ਦੋ-ਹਰਫ਼

ਅੱਜ ਜਦੋਂ ਕੌਮ ਲਈ ਡੱਕਾ ਵੀ ਨਾ ਭੰਨਣ ਦੇ ਬਾਵਜੂਦ, ਜਾਂ ਚੀਚੀ ਨੂੰ ਚੀਰਾ ਵੀ ਨਾ ਆਉਣ ਦੇ ਬਾਵਜੂਦ ਅਖ਼ਬਾਰਾਂ ਦੀਆਂ ਸੁਰਖੀਆਂ 'ਚ ਆਪਣਾ ਨਾਂ ਵੇਖਣ ਦੀ ਲਾਲਸਾ ਸਾਡੇ ਮਨਾਂ ਨੂੰ ਜ਼ਹਿਰ ਵਾਂਗ ਚੜ੍ਹਦੀ ਜਾ ਰਹੀ ਹੈ; ਅੱਜ ਜਦੋਂ ਦੁਨੀਆ ਦੇ ਨਕਸ਼ੇ 'ਚ ਸਿੱਖਾਂ ਦੇ ਕੌਮੀ ਘਰ ਦੇ ਮਿਟ ਚੁੱਕੇ ਨਕਸ਼ੇ ਦੀ ਕੌੜੀ ਹਕੀਕਤ ਦੇ ਬਾਵਜੂਦ ਆਪਣੀਆਂ ਤਸਵੀਰਾਂ ਦੇ ਵੱਡੇ-ਵੱਡੇ ਹੋਰਡਿੰਗ ਪੰਜਾਬ ਦੀਆਂ ਸੜਕਾਂ 'ਤੇ ਲਾਉਣ ਲੱਗੇ ਸਾਨੂੰ ਸ਼ਰਮ ਨਹੀਂ ਆ ਰਹੀ ਤਾਂ ਇਸ ਮਦਹੋਸ਼ ਰੁੱਤ ਵਿੱਚ ਆਓ, ਕੁਝ ਸਮਾਂ ਆਪਣੀ ਕੌਮ ਦੇ ਸ਼ਹੀਦਾਂ ਨੂੰ ਯਾਦ ਕਰੀਏ। ਉਹ ਮਹਾਨ ਸ਼ਹੀਦ, ਜਿਨ੍ਹਾਂ ਨੇ ਆਪਣੀ ਕੌਮ ਦੀਆਂ ਪੀੜਾਂ ਹਰਨ ਲਈ ਆਪਣੇ ਜਿਸਮ ਦੀ ਹਰ ਪੀੜ ਕਸੀਸ ਵੱਟ ਕੇ ਸਹਾਰ ਲਈ। ਉਹ ਸ਼ਹੀਦ, ਜਿਨ੍ਹਾਂ ਨੇ ਕੌਮ ਦਾ ਘਰ ਬਣਾਉਣ ਲਈ ਆਪਣੇ ਘਰਾਂ ਦੇ ਬਰਬਾਦ ਹੋ ਜਾਣ ਦੀ ਪਰਵਾਹ ਨਾ ਕੀਤੀ; ਉਹਨਾਂ ਸ਼ਹੀਦਾਂ ਦੀ ਪਾਵਨ ਯਾਦ ਵਿੱਚ ਜੁੜਿਆਂ, ਉਹਨਾਂ ਦੇ ਡੁੱਲ੍ਹੇ ਲਹੂ ਦੀ ਗਰਮਾਇਸ਼ ਸਾਡੀ ਮਾਨਸਿਕਤਾ ਨੂੰ ਲੱਗ ਰਿਹਾ ਜੰਗਾਲ ਲਾਹ ਦੇਵੇਗੀ ਤੇ ਅਸੀਂ ਜਾਗਾਂਗੇ-ਆਪਣੀ ਕੌਮ ਦੀ ਹੋਂਦ ਦੀ ਰਾਖੀ ਲਈ; ਅਸੀਂ ਜੂਝਾਂਗੇ, ਕੌਮ ਦਾ ਘਰ ਬਣਾਉਣ ਲਈ; ਇਹ ਮੇਰਾ ਦ੍ਰਿੜ੍ਹ ਵਿਸ਼ਵਾਸ ਹੈ। ਸ਼ਾਇਰ ਕਹਿੰਦਾ ਹੈ:

ਸੁਲਗ ਉਠੇਗਾ ਯੇ ਮਕਤਲ, ਪਿਘਲ ਜਾਏਂਗੀ ਯੇ ਜ਼ੰਜੀਰੇਂ
ਅਭੀ ਵਾਕਿਫ਼ ਨਹੀਂ ਹੋ ਤੁਮ, ਗਰਮੀਏ-ਖ਼ੂਨਿ ਸ਼ਹੀਦੋਂ ਸੇ

ਗੁਰੂ ਪੰਥ ਦਾ ਦਾਸ
-ਬਲਜੀਤ ਸਿੰਘ ਖ਼ਾਲਸਾ
ਮੋਬਾ: 98558-31284

ਸੁਨੇਹਾ


ਲੰਘਣ ਲੱਗਿਆਂ ਸ਼ਹੀਦਾਂ ਦੀ ਮੜ੍ਹੀ ਕੋਲੋਂ,
ਕਦਮ ਬੋਝਲ ਹੋ ਚੱਲਣੋਂ ਰੁਕ ਗਏ ਸਨ;
ਹੰਝੂ ਫਿਰ ਵੀ ਉਹਨਾਂ ਵਿੱਚ ਛਲਕ ਆਏ,
ਨੈਣ ਬੇਸ਼ੱਕ ਸ਼ਰਧਾ 'ਚ ਝੁਕ ਗਏ ਸਨ।
ਹੱਥ ਜੋੜ ਕੇ ਉਸ ਇਕ ਮੜ੍ਹੀ ਅੱਗੇ,
ਭਰੇ ਮਨ ਨਾਲ ਜਦੋਂ ਖਲੋ ਗਿਆ ਮੈਂ;
ਹਸ਼ਰ ਤੱਕ ਕੇ ਇਹਨਾਂ ਕੁਰਬਾਨੀਆਂ ਦਾ,
ਭੁੱਬਾਂ ਮਾਰ ਉੱਚੀ ਉੱਚੀ ਰੋ ਪਿਆ ਮੈਂ।
ਰੋਂਦਾ ਰਿਹਾ ਮੈਂ ਬੈਠ ਕੇ ਰਾਖ ਉੱਤੇ,
ਜਦ ਤਕ ਹੰਝੂਆਂ ਨੇ ਹੌਲਾ ਮਨ ਕੀਤਾ;
ਨੀਝ ਨਾਲ ਵੇਖਦਿਆਂ ਮੜ੍ਹੀ ਵੱਲੇ,
ਮੈਂ ਸ਼ਹੀਦਾਂ ਨੂੰ ਫਿਰ ਸੰਬੋਧਨ ਕੀਤਾ:
"ਜਿਹੜਾ ਕਰਜ਼ਾ ਕੌਮ ਦਾ ਲਾਹੁਣ ਦੇ ਲਈ,
ਵੀਰੋ ਤੁਸੀਂ ਜਵਾਨੀਆਂ ਵਾਰ ਗਏ ਸੀ
'ਲੋੜ ਸਿਰਾਂ ਦੀ ਪੰਥ ਨੂੰ' ਸੁਣ ਨਾਹਰਾ,
ਸਿਰ ਦੇ ਕੇ ਜੋ ਕਰਜ਼ ਉਤਾਰ ਗਏ ਸੀ
ਉਸ ਕਰਜ਼ ਦੀ ਅੱਗੇ ਤੋਂ ਪੰਡ ਭਾਰੀ,
ਕਰ ਦਿਤੀ ਗਈ ਦੁੱਗਣਾ ਸੂਦ ਕਹਿ ਕੇ
ਧਰਮ ਯੁੱਧ ਸੀ ਜਿਨ੍ਹਾਂ ਨੇ ਸ਼ੁਰੂ ਕੀਤਾ,
ਖ਼ੁਦ ਹੀ ਭੰਡ ਰਹੇ ਉਹ ਉਹਨੂੰ 'ਖਰੂਦ' ਕਹਿ ਕੇ
ਵਿਚੋਲੇ ਬਣ ਕੇ ਸਾਹੇ ਜੋ ਰਹੇ ਪੜ੍ਹਦੇ,
ਨਾਲ ਮੌਤ ਤੁਹਾਡੀਆਂ ਸ਼ਾਦੀਆਂ ਦੇ
ਆ ਕੇ ਖੁਦ ਹੀ ਵੇਖ ਲਓ ਇਨਾਮ ਵਜੋਂ,
ਤੁਹਾਨੂੰ ਦੇ ਰਹੇ ਖ਼ਿਤਾਬ ਅੱਤਵਾਦੀਆਂ ਦੇ
ਤੁਸੀਂ ਕੌਮ ਦੇ ਲਈ ਸੀ ਮੌਤ ਵਰ੍ਹ ਲਈ,
ਮੜ੍ਹੀਆਂ ਵਿੱਚ ਲਾਵਾਰਿਸ ਬਣ ਸੜਨ ਦੇ ਲਈ
ਤੁਹਾਡੇ ਸਿਰਾਂ ਦਾ ਕਈਆਂ ਪ੍ਰਯੋਗ ਕੀਤਾ,
ਜੂਠੀ ਸੱਤਾ ਤਕ ਪੌੜੀਆਂ ਚੜ੍ਹਨ ਦੇ ਲਈ
'ਸ਼ੇਰੇ ਪੰਜਾਬ' ਬਣ ਬੈਠੇ ਕਈ ਗਿੱਦੜ,
ਜੂਠ ਦਿੱਲੀ ਦੀ ਹਾਂਬਲੇ ਖਾ ਰਹੇ ਨੇ
ਬੇਸ਼ੱਕ ਇਸ ਸੋਹਣੇ ਪੰਜਾਬ ਅੰਦਰ,
'ਸ਼ਾਹ ਜ਼ਮਾਨ' ਕਈ ਚਾਂਘੀਆਂ ਪਾ ਰਹੇ ਨੇ।"
ਇਸ ਤੋਂ ਅੱਗੇ ਨਾ ਕੁਝ ਵੀ ਬੋਲ ਸਕਿਆ,
ਗੁੱਝੀ ਪੀੜ ਉੱਠੀ, ਕਲੇਜਾ ਖੁਰਨ ਲੱਗਾ;
ਬਿਨਾਂ ਅਲਵਿਦਾ ਕਹੇ ਹੰਝੂ ਪੂੰਝਦਾ ਮੈਂ,
ਭਾਰੇ ਕਦਮਾਂ ਨਾਲ ਵਾਪਸ ਤੁਰਨ ਲੱਗਾ।
ਵਿੱਚੋਂ ਮੜ੍ਹੀ ਦੇ ਮੈਨੂੰ ਅਵਾਜ਼ ਆਈ,
'ਜ਼ਿੰਦਗੀ ਵਰਗੀ ਮੌਤ ਹੰਢਾਅ ਰਹੇ ਆਂ;
ਪਰ ਤੁਰੇ ਫਿਰਦੇ ਮੁਰਦੇ ਜਿਵਾਉਣ ਦੇ ਲਈ,
ਲੈ ਕੇ ਜਨਮ ਦੁਬਾਰਾ ਫਿਰ ਆ ਰਹੇ ਆਂ।'

-ਬਲਜੀਤ ਸਿੰਘ ਖ਼ਾਲਸਾ

ਪੰਜਾਬ ਦੀ ਧਰਤੀ 'ਤੇ

ਹਿੰਦੁਸਤਾਨੀ ਅੱਤਵਾਦ

-ਬਲਜੀਤ ਸਿੰਘ ਖ਼ਾਲਸਾ



ਅੰਤਰਰਾਸ਼ਟਰੀ ਕਨੂੰਨ ਗੁਰੀਲਾ ਲੜਾਈ ਲੜ ਰਹੇ ਲੋਕਾਂ ਦੇ ਮਨੁੱਖੀ ਹੱਕਾਂ ਬਾਰੇ ਵੀ ਪੂਰੀ ਤਰ੍ਹਾਂ ਸਪੱਸ਼ਟ ਹਨ ਕਿ ਉਨ੍ਹਾਂ ਨੂੰ ਵੀ ਸਜ਼ਾ ਕਨੂੰਨ ਰਾਹੀਂ ਮਿਲੇ, ਪਰ ਹਿੰਦੂ ਸੈਕੂਲਰ ਰਾਜ ਵਿਚ ਪੁਲੀਸ ਦੇ ਹੱਥ ਆਇਆ ਹਰ ਇਕ ਜੁਝਾਰੂ ਕੋਹ-ਕੋਹ ਕੇ ਮਾਰਿਆ ਗਿਆ ਤੇ ਫਿਰ ਉਸ ਦਾ ਮੁਕਾਬਲਾ ਸ਼ੋਅ ਕੀਤਾ ਗਿਆ। ਇਸ ਬੁਰਛਾਗਰਦੀ ਨੂੰ ਇਹ ਕਹਿ ਕੇ ਜਾਇਜ਼ ਠਹਿਰਾਇਆ ਜਾਂਦਾ ਹੈ, ਕਿ 'ਖੁਦ ਗ਼ੈਰ-ਕਨੂੰਨੀ ਢੰਗ ਨਾਲ ਕਈ-ਕਈ ਕਤਲ ਕਰਨ ਵਾਲੇ ਨੂੰ ਸਜ਼ਾ ਦੇਣ ਲਈ ਕਨੂੰਨ ਦੀ ਪਾਲਣਾ ਜ਼ਰੂਰੀ ਨਹੀਂ।' ਇਸ ਹਿੰਦੂ ਕਰੂਰਤਾ ਤੇ ਕਰੂਰਤਾ ਨੂੰ ਕੌਣ ਸਮਝਾਵੇ ਕਿ ਜਿਹੜੇ ਲੋਕ ਪਹਿਲਾਂ ਹੀ ਪ੍ਰਚਲਤ ਕਨੂੰਨ ਤੋਂ ਬਾਗੀ ਹੋਣ ਦਾ ਖੁਲ੍ਹਮ-ਖੁੱਲ੍ਹਾ ਐਲਾਨ ਕਰ ਕੇ ਲੜਾਈ ਲੜਦੇ ਹਨ, ਉਨ੍ਹਾਂ ਤੋਂ ਲੜਾਈ ਵਿਚ ਕਨੂੰਨ ਦੀ ਪਾਲਣਾ ਕਰਨ ਦੀ ਆਸ ਸਮਝਦਾਰ ਲੋਕ ਕਦੇ ਨਹੀਂ ਕਰਦੇ। ਸਗੋਂ ਉਨ੍ਹਾਂ ਦੇ ਬਾਗੀ ਹੋਣ ਦੇ ਐਲਾਨ ਦੇ ਨਾਲ ਹੀ ਕਨੂੰਨ ਲਾਗੂ ਕਰਵਾਉਣ ਵਾਲੀ ਸਰਕਾਰੀ ਮਸ਼ੀਨਰੀ ਉਨ੍ਹਾਂ ਨੂੰ ਸਜ਼ਾ ਦੇਣ ਲਈ ਸਰਗਰਮ ਹੋ ਜਾਂਦੀ ਹੈ। ਇਸ ਕਾਰਨ ਉਨ੍ਹਾਂ ਬਾਗੀਆਂ ਨੂੰ ਰੂਪੋਸ਼ ਹੋਣਾ ਪੈਂਦਾ ਹੈ, ਲੁਕ-ਲੁਕ ਕੇ ਦਿਨ ਤੇ ਰਾਤਾਂ ਕੱਟਣੀਆਂ ਪੈਂਦੀਆਂ ਹਨ। ਉਨ੍ਹਾਂ ਦਾ ਇਹ ਕਰਮ ਉਨ੍ਹਾਂ ਲਈ ਆਪਣੇ ਆਪ ਵਿਚ ਇਕ ਸਜ਼ਾ ਹੁੰਦਾ ਹੈ। ਆਪਣੀ ਕੌਮ ਲਈ ਸਥਾਪਤ ਕਨੂੰਨ ਤੋਂ ਬਾਗੀ ਹੋਏ ਸੂਰਮੇ ਇਹ ਸਜ਼ਾ ਹੱਸ ਕੇ ਪ੍ਰਵਾਨ ਕਰ ਲੈਂਦੇ ਹਨ, ਪਰ ਜਿਹੜੀ ਸਰਕਾਰੀ ਮਸ਼ੀਨਰੀ ਕਨੂੰਨ ਲਾਗੂ ਕਰਨ ਤੇ ਕਰਵਾਉਣ ਲਈ ਅਥਾਹ ਹਕੂਮਤੀ ਤਾਕਤ ਦੇ ਬਲਬੂਤੇ ਸਰਗਰਮ ਹੁੰਦੀ ਹੈ, ਉਹ ਜੇਕਰ ਖੁਦ ਕਨੂੰਨ ਦੀ ਉਲੰਘਣਾ ਕਰਦੀ ਹੈ ਤਾਂ ਉਸ ਉੱਪਰ ਉਂਗਲ ਉਠਾਉਣੀ ਜਾਇਜ਼ ਵੀ ਹੈ ਤੇ ਜ਼ਰੂਰੀ ਵੀ।



ਧਰਮ ਕਾ ਜੈਕਾਰ

-ਬਲਜੀਤ ਸਿੰਘ ਖ਼ਾਲਸਾ

ਪਾਪੀ ਪੂਹਲੇ ਦਾ ਸ਼ਿਕਾਰ

ਪੂਹਲਾ ਇਕ ਪਸ਼ੂ-ਬਿਰਤੀ ਵਾਲਾ ਅਤੇ ਸਟੇਟ ਦਾ ਪਾਲਿਆ ਹੋਇਆ ਆਦਮਖੋਰ ਦਰਿੰਦਾ ਸੀ, ਜਿਸ ਨੇ ਦਸਮੇਸ਼ ਪਿਤਾ ਦੀ ਬਖਸ਼ੀ ਹੋਈ ਵਰਦੀ (ਨਿਹੰਗ ਬਾਣਾ) ਧਾਰਨ ਕਰ ਕੇ ਮਨੁੱਖਤਾ ਨੂੰ ਸ਼ਰਮਸਾਰ ਕਰ ਦੇਣ ਵਾਲੇ ਕੁਕਰਮ ਅਤੇ ਜ਼ੁਰਮ ਕੀਤੇ; ਪਵਿੱਤਰ ਗੁਰਦੁਆਰਿਆਂ ਉੱਪਰ ਸਰਕਾਰੀ ਹਥਿਆਰਾਂ ਅਤੇ ਹਥਿਆਰਬੰਦ ਧਾੜਾਂ ਦੀ ਮਦਦ ਨਾਲ ਕਬਜ਼ੇ ਤਾਂ ਕੀਤੇ ਹੀ, ਉਹਨਾਂ ਗੁਰਧਾਮਾਂ ਦੇ ਅੰਦਰ ਬੈਠ ਕੇ ਲੋਕਾਂ ਦੀ ਧਨ-ਦੌਲਤ ਤੋਂ ਲੈ ਕੇ ਇੱਜ਼ਤ ਲੁੱਟਣ ਤਕ ਦੀ ਘਿਣਾਉਣੀ ਖੇਡ ਬੇਖੌਫ ਹੋ ਕੇ ਖੇਡੀ, 7-7 ਸਾਲ ਦੀਆਂ ਮਸੂਮ ਬੱਚੀਆਂ ਨਾਲ ਬਲਾਤਕਾਰ ਕਰ ਕੇ ਉਹਨਾਂ ਨੂੰ ਮਾਰਿਆ ਤੇ ਫਿਰ ਲਾਸ਼ਾਂ ਦੇ ਟੋਟੇ ਕਰ ਕੇ ਦਰਿਆ ਵਿੱਚ ਰੋੜ੍ਹ ਦਿੱਤੇ। ਇਸ ਵਹਿਸ਼ੀ ਦਰਿੰਦੇ ਵਿਰੁੱਧ ਉੱਠੀਆਂ ਕੁਝ ਨਿਡਰ ਅਵਾਜ਼ਾਂ ਜਿਨ੍ਹਾਂ ਨੇ ਸਰਕਾਰ ਨੂੰ ਮਜਬੂਰ ਕੀਤਾ ਕਿ ਉਹ ਇਸ ਦੁਸ਼ਟ ਨੂੰ ਜੇਲ੍ਹ ਦੀਆਂ ਸਲਾਖਾਂ ਪਿੱਛੇ ਪਹੁੰਚਾਵੇ। ਫਿਰ ਅੰਮ੍ਰਿਤਸਰ ਜੇਲ੍ਹ ਦੇ ਅੰਦਰ ਇਸ ਕੁਕਰਮੀ ਪੂਹਲੇ ਦੀ ਅੰਤ ਦਾ ਅੰਤ ਕਰਨ ਲਈ ਦੋ ਧਰਮੀ ਦੂਲੇ ਮੈਦਾਨ 'ਚ ਆਏ, ਜਿਨ੍ਹਾਂ ਨੇ ਇਸ ਦੁਸ਼ਟ ਨੂੰ ਜਿਊਂਦਾ ਹੀ ਸਾੜ ਕੇ ਜਿੱਥੇ ਉਸ ਦੇ ਗੰਦੇ ਜਿਸਮ ਤੋਂ ਸਿੱਖੀ ਦਾ ਪਵਿੱਤਰ ਬਾਣਾ ਉਤਾਰ ਦਿੱਤਾ, ਓਥੇ ਉਸ ਨੂੰ ਉਸ ਦੇ ਕੁਕਰਮਾਂ ਦੀ ਸਜ਼ਾ ਦੇ ਕੇ ਨਰਕੀਂ ਤੋਰ ਦਿੱਤਾ।

ਪੂਹਲੇ ਦੇ ਕੁਕਰਮਾਂ ਦੀ ਅਤੇ ਫਿਰ ਉਸ ਦੇ ਅੰਤ ਦੀ ਕਹਾਣੀ, ਵਿਸਥਾਰ ਸਹਿਤ ਇਸ ਕਿਤਾਬ ਵਿੱਚ ਛਾਪੀ ਗਈ ਹੈ।

ਇਹ ਸਿਰਫ਼ ਕਿਤਾਬ ਹੀ ਨਹੀਂ -ਸੰਦੀਪ ਕੌਰ

ਖਿਖੜਾ ਪੈਂਡਾ

ਸਿੱਖ ਕੌਮ ਦੇ ਹੱਡਾਂ 'ਤੇ ਕੀਤੇ ਜ਼ੁਲਮ ਦੀ ਦਾਸਤਾਂ ਹੈ...

ਜਦੋਂ ਜੂਨ 1984 ਵਿਚ ਇਕ ਪਾਪ ਦੀ ਜੰਞ ਸਾਡੇ ਹਰਿਮੰਦਰ ਸਾਹਿਬ 'ਤੇ ਚੜ੍ਹ ਕੇ ਆਈ ਤਾਂ ਸਿੱਖੀ ਜਜ਼ਬਾ ਰੋਹ ਭਰੇ ਕਾਫ਼ਲਿਆਂ ਦੇ ਰੂਪ ਵਿਚ ਸੰਗੀਨਾਂ ਤੇ ਟੈਂਕਾਂ ਦੀ ਪਰਵਾਹ ਨਾ ਕਰਦਿਆਂ ਸ੍ਰੀ ਅੰਮ੍ਰਿਤਸਰ ਵੱਲ ਧਾਹ ਪਿਆ; ਇਨ੍ਹਾਂ 'ਚੋਂ ਇਕ ਕਾਫ਼ਲੇ ਵਿਚ ਉਸ ਦੇ ਨਿੱਕੇ-ਨਿੱਕੇ ਕਦਮਾਂ ਦੀ ਪੈੜ ਵੀ ਸ਼ਾਮਲ ਸੀ।

ਉਹ ਓਦੋਂ ਸਿਰਫ਼ 12 ਸਾਲ ਦੀ ਸੀ। ਅੱਗ ਉਗਲਨ ਲਈ ਤਿਆਰ ਟੈਂਕਾਂ ਨੇ ਉਹ ਕਾਫ਼ਲੇ ਖਿੰਡਾ ਦਿੱਤੇ ਸਨ, ਪਰ ਉਸ ਨੇ ਇਸ ਪਾਪ ਦੀ ਜੰਞਨਾਲ ਟਕਰਾਉਣ ਲਈ ਸਿਰਲੱਥ ਕਾਫ਼ਲੇ ਦੀ ਭਾਲ ਨਹੀਂ ਸੀ ਛੱਡੀ ਤੇ ਇਹੀ ਸਿਦਕੀ ਭਾਲ ਉਸ ਨੂੰ ਇਕ ਜੁਝਾਰੂ ਕਾਫ਼ਲੇ ਤਕ ਲੈ ਗਈ।

ਇਸ ਜੁਝਾਰੂ ਕਾਫ਼ਲੇ ਦੇ ਵਿਚ ਲੰਘੀਆਂ ਰਾਤਾਂ ਵਿੱਚ ਨੰਗੀ ਪੈਰੀਂ ਕੰਡਿਆਲੇ ਰਾਹਾਂ ਤੇ ਬੰਦੂਕ ਹਿੱਕ ਨਾਲ ਲਾ ਕੇ ਤੈਅ ਕੀਤੇ ਜਾਂਦੇ ਜੁਝਾਰੂ ਸਫ਼ਰ ਦੇ ਹਰ ਇਕ ਕਦਮ ਵਿਚ ਉਸ ਨੇ ਇਹ ਸਾਬਤ ਕਰ ਦਿੱਤਾ ਕਿ ਸਿੰਘਣੀਆਂ ਦਾ ਪੁਰਾਤਨ ਜੁਝਾਰੂ ਯੁਗ ਇਤਿਹਾਸ ਦਾ ਖਾਮੋਸ਼ ਅੰਗ ਨਹੀਂ ਹੈ।

ਆਪਣੇ ਗਰੁੱਪ ਦੇ ਸਿੰਘਾਂ ਨੂੰ ਇਕ-ਇਕ ਕਰ ਕੇ ਸ਼ਹੀਦ ਹੁੰਦਿਆਂ ਤੱਕਣ ਦੀ ਇਕ ਗਾਥਾ, ਦੁਸ਼ਮਣ ਦਲਾਂ 'ਤੇ ਬਿਜਲੀ ਬਣ ਕੇ ਤੜਫਦੇ ਜੁਝਾਰੂਆਂ ਦੀ ਗਾਥਾ, ਮੌਤ ਅਤੇ ਪੁਲੀਸ ਨਾਲ ਖੇਡੀ ਜਾਂਦੀ ਲੁਕਣਮੀਚੀ ਵਿਚ ਬੇਪਰਵਾਹ ਖ਼ਾਲਸਈ ਜ਼ਿੰਦਾਦਿਲੀ ਦੀਆਂ ਝਲਕਾਂ....ਕਮਾਦਾਂ ਤੋਂ ਲੈ ਕੇ ਕਾਲ-ਕੋਠੜੀਆਂ ਤਕ ਸੰਦੀਪ ਕੌਰ ਦੀ ਹੱਡੀਂ-ਹੰਢਾਈ ਇਹ ਗਾਥਾ ਸਰਕਾਰ ਵੱਲੋਂ ਸਿੱਖ ਜੁਝਾਰੂ ਲਹਿਰ ਨੂੰ ਖ਼ਤਮ ਕਰਨ ਲਈ ਵਰਤੇ ਗਏ ਤੌਰ-ਤਰੀਕਿਆਂ 'ਤੇ ਵੀ ਚਾਨਣਾ ਪਾਉਂਦੀ ਹੈ।



-ਬਲਜੀਤ ਸਿੰਘ ਖ਼ਾਲਸਾ

ਮੈਂ ਰਹਾਂ ਨਾ ਰਹਾਂ, ਤੁਸੀਂ ਚੇਤਾ ਜ਼ਰੂਰ ਰੱਖਣਾ; ਮੰਜ਼ਿਲੋਂ ਉਰੇ ਅੱਖਾਂ ਤੋਂ, ਨੀਂਦਾਂ ਨੂੰ ਦੂਰ ਰੱਖਣਾ।

ਉੱਚ ਲਿਆਕਤ ਤੇ ਅਜ਼ੀਮ ਸ਼ਹਾਦਤ ਨਾਲ਼ ਸਿੱਖ ਕੌਮ ਨੂੰ ਜਗਾਉਣ ਵਾਲ਼ੇ ਜਰਨੈਲ



ਸ਼ਹੀਦ ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲ਼ੇ

ਬਲੀ ਸ਼ਮ੍ਹਾ ਪਤੰਗਿਆਂ ਦੀ ਤੜਪ ਮੁੱਕੀ, ਆਸ਼ਕ ਆਪਣਾ ਕੌਲ ਨਿਭਾਉਣ ਆਏ;
ਸੂਰਜ ਚਮਕਿਆ, ਜਾਗ ਪਈ ਕੌਮ ਸਾਰੀ, ਪਰ ਉਹ ਸਦਾ ਦੀ ਨੀਂਦਰੇ ਸੌਣ ਆਏ।

ਸੰਨ 1978 ਦੀ ਵਿਸਾਖੀ : ਜਦੋਂ 13 ਸਿੰਘਾਂ ਨੇ ਸ਼ਹੀਦੀਆਂ ਪਾ ਕੇ ਸਿੱਖ ਕੌਮ ਨੂੰ ਜਗਾਇਆ



ਸ਼ਹੀਦ ਭਾਈ ਫੌਜਾ ਸਿੰਘ ਦੇ ਅੰਤਮ ਦਰਸ਼ਨ ਕਰਦਾ ਇੱਕ ਸਿੰਘ


ਸ਼ਹੀਦ ਸਿੰਘਾਂ ਦੇ ਅੰਤਮ ਦਰਸ਼ਨ ਕਰਦੇ ਭਾਈ ਅਮਰੀਕ ਸਿੰਘ ਜੀ


ਇਸ ਸਾਕੇ 'ਚ ਜ਼ਖ਼ਮੀ ਹੋਏ ਸਿੰਘ ਨੂੰ ਸਹਾਰਾ ਦਿੰਦੇ ਸੰਤ ਭਿੰਡਰਾਂਵਾਲੇ


ਸ਼ਹੀਦ ਸਿੰਘਾਂ ਦੀਆਂ ਮਿਰਤਕ ਦੇਹਾਂ ਲੈ ਕੇ ਆਉਂਦਾ ਕੌਮੀ ਕਾਰਵਾਂ


ਸ਼ਹੀਦ ਸਿੰਘਾਂ ਦੇ ਸਸਕਾਰ ਦਾ ਦ੍ਰਿਸ਼



ਸੰਤ ਜਰਨੈਲ ਸਿੰਘ ਤੇ ਭਾਈ ਅਮਰੀਕ ਸਿੰਘ ਆਪਣੇ ਪਰਿਵਾਰਾਂ ਸਮੇਤ ਸੰਨ 1978 ਦੇ ਸਾਕੇ ਪਿੱਛੋਂ ਉਹਨਾਂ ਨੇ ਪਰਿਵਾਰਾਂ ਨੂੰ ਆਪਣੇ ਹਾਲ 'ਤੇ ਛੱਡ ਕੇ ਆਪਣਾ ਆਪ ਕੌਮੀ ਸੰਘਰਸ਼ ਨੂੰ ਅਰਪਣ ਕਰ ਦਿੱਤਾ।


ਸ਼ਹੀਦਾਂ ਦੇ ਅੰਤਮ ਸਸਕਾਰ ਤੋਂ ਬਾਅਦ ਉਹਨਾਂ ਦੇ ਸਸਕਾਰ ਵਾਲੀ ਥਾਂ ਸੰਤ ਭਿੰਡਰਾਂਵਾਲੇ, ਭਾਈ ਅਮਰੀਕ ਸਿੰਘ ਤੇ ਹੋਰ ਸੰਗਤ

ਜਿਊਣਾ ਉਹਨਾਂ ਦਾ ਜਾਣਦੇ ਮਰਨ ਜਿਹੜੇ, ਮਰ ਕੇ ਜਿਊਂਦੇ ਓਹੋ ਸੰਸਾਰ ਉੱਤੇ;
ਵੇਲਾਂ ਉਹਨਾਂ ਦੀਆਂ ਸਦਾ ਹੀ ਰਹਿਣ ਹਰੀਆਂ, ਆਸ਼ਕ ਮਰਨ ਜੋ ਹਰੀ ਦਵਾਰ ਉੱਤੇ।



ਸੱਚੇ ਪਾਤਸ਼ਾਹ ਦੇ ਦਰ ਤੋਂ ਜਾਬਰ ਤੇ ਝੂਠੀ ਬਾਦਸ਼ਾਹੀ ਵਿਰੁੱਧ ਜੂਝਣ ਲਈ ਅਸ਼ੀਰਵਾਦ ਲੈਂਦੇ ਸੰਤ ਭਿੰਡਰਾਂਵਾਲੇ ਤੇ ਸਾਥੀ ਸਿੰਘ



ਆਪਣੇ 'ਸਿੰਘ ਗਰਜ' ਵਰਗੇ ਸੱਚੇ ਬੋਲਾਂ ਰਾਹੀਂ ਕੌਮੀ ਅਣਖ ਨੂੰ ਵੰਗਾਰਦੇ ਤੇ ਦਿੱਲੀ ਦੇ ਨਿਜ਼ਾਮ ਨੂੰ ਲਲਕਾਰਦੇ ਸੰਤ ਭਿੰਡਰਾਂਵਾਲੇ



ਮੇਰੇ ਮਿੱਤਰੋ, ਛੱਡ ਦਿਓ ਰਾਹ ਮੇਰਾ, ਚੜ੍ਹਿਆ ਪ੍ਰੇਮ ਖੇਲਣ ਦਾ ਚਾਓ ਮੈਨੂੰ;
ਸਿਰ ਤਲੀ ਧਰ ਯਾਰ ਦੀ ਗਲੀ ਜਾਵਾਂ, ਜਾਂਦੀ ਵਾਰ ਦੀ ਫ਼ਤਹਿ ਬੁਲਾਓ ਮੈਨੂੰ।

ਇੱਕ ਗੱਲ ਜ਼ਾਲਮੋਂ ਯਾਦ ਰੱਖੋ, ਪਰਬਤ ਦਾਬਿਆਂ ਨਾਲ਼ ਨਹੀਂ ਹਿੱਲ ਜਾਂਦੇ
ਅਸੀਂ ਅਸਲ ਫੁਲਾਦ ਦੇ ਡੱਕਰੇ ਹਾਂ, ਫੂਕਾਂ ਮਾਰਿਆਂ ਜਿਹੜੇ ਨਹੀਂ ਦਹਿਲ ਜਾਂਦੇ
ਅਸੀਂ ਉਹ ਪਤੰਗੇ ਹਾਂ ਸੜ ਮਰਨੇ, ਜਿਹੜੇ ਸ਼ਮ੍ਹਾ ਤੋਂ ਵੀ ਪਹਿਲਾਂ ਜਲ ਜਾਂਦੇ
ਬੱਚੇ ਹੋਣ ਜਿਹੜੇ ਸ਼ੇਰ ਬੱਬਰਾਂ ਦੇ, ਕਦੇ ਭੇਡਾਂ ਦੇ ਵਿੱਚ ਨਹੀਂ ਰਲ ਜਾਂਦੇ।

ਧਰਮ ਯੁੱਧ 'ਚ ਖ਼ਾਲਸਾਈ ਯੁੱਧ ਕਲਾ ਦਾ ਲੋਹਾ ਮੰਨਵਾਉਣ ਵਾਲ਼ੇ ਜਰਨੈਲ - ਸ਼ਹੀਦ ਜਨਰਲ ਸੁਬੇਗ ਸਿੰਘ



ਜਨਰਲ ਸੁਬੇਗ ਸਿੰਘ, ਫ਼ੌਜੀ ਵਰਦੀ ਤੇ ਆਮ ਲਿਬਾਸ 'ਚ



ਫ਼ੌਜੀ ਜੀਵਨ ਦੇ ਦੌਰਾਨ



ਭਾਰਤ ਸਰਕਾਰ ਨੇ ਵੀ ਬਹਾਦਰੀ ਲਈ ਕਈ ਮੈਡਲ ਦਿੱਤੇ



ਦੋ ਜਰਨੈਲ: ਸੰਤ ਜਰਨੈਲ ਸਿੰਘ ਤੇ ਜਨ: ਸੁਬੇਗ ਸਿੰਘ




ਧਰਮ ਯੁੱਧ ਦੌਰਾਨ ਜਨ: ਸੁਬੇਗ ਸਿੰਘ



ਸ਼ਹੀਦ ਜਨ: ਸੁਬੇਗ ਸਿੰਘ ਦੀ ਮਿਰਤਕ ਦੇਹ ਦੇ ਸਿਰ੍ਹਾਣੇ ਖਲੋਤੇ ਭਾਰਤੀ ਫ਼ੌਜੀ

ਲੋੜ ਹੈ ਇਸ ਵਕਤ ਸਾਨੂੰ ਸ਼ਸਤਰਾਂ ਦੀ ਪਿਆਰਿਓ, ਜ਼ਾਲਮਾਂ ਦੇ ਹੱਥ 'ਚੋਂ ਤਲਵਾਰ ਖੋਹ ਕੇ ਤੋੜੀਏ
ਜੋ ਚੜ੍ਹਾਈਆਂ ਹੈਨ ਸਾਡੇ ਸਿਰ 'ਤੇ ਉਹਨਾਂ ਭਾਜੀਆਂ, ਆਓ ਹੱਥੋ-ਹੱਥ ਤੇ ਉਹ ਨਕਦੋ-ਨਕਦੀ ਮੋੜੀਏ।

ਸਿੱਖ ਵਿਦਿਆਰਥੀ ਲਹਿਰ ਨੂੰ ਮੁੜ ਕਾਰਜਸ਼ੀਲ ਕਰਨ ਵਾਲੇ ਜਰਨੈਲ
ਸ਼ਹੀਦ ਭਾਈ ਅਮਰੀਕ ਸਿੰਘ ਜੀ


ਸ਼ਹੀਦ ਭਾਈ ਅਮਰੀਕ ਸਿੰਘ


ਸੰਨ 1981 'ਚ ਗ੍ਰਿਫ਼ਤਾਰੀ ਪਿੱਛੋਂ ਹੋਈ ਰਿਹਾਈ ਸਮੇਂ ਸੰਤਾਂ ਦੇ ਨਾਲ


ਸੰਤ ਕਰਤਾਰ ਸਿੰਘ ਜੀ (ਵਿਚਕਾਰ) ਉਹਨਾਂ ਦੇ ਖੱਬੇ ਪਾਸੇ ਭਾਈ ਅਮਰੀਕ ਸਿੰਘ ਜੀ


ਸਿੱਖ ਸਟੂਡੈਂਟਸ ਫ਼ੈਡਰੇਸ਼ਨ ਦੇ ਇੱਕ ਸਮਾਗਮ ਵਿਚ ਅਰਦਾਸ ਕਰਦਿਆਂ ਭਾਈ ਅਮਰੀਕ ਸਿੰਘ ਜੀ

ਫਿਰ ਪਈ ਉਹ ਜੰਗ ਜਿਸ ਬਾਝੋਂ ਕਦੇ ਸਰਿਆ ਨਹੀਂ
ਫਿਰ ਪਿਆ ਪ੍ਰਸੰਗ ਜੋ ਮਕਤਲ 'ਚ ਵੀ ਮਰਿਆ ਨਹੀਂ।

ਸਿੱਖ ਵਿਦਿਆਰਥੀ ਲਹਿਰ ਨੂੰ ਮੁੜ ਕਾਰਜਸ਼ੀਲ ਕਰਨ ਵਾਲੇ ਜਰਨੈਲ

ਸ਼ਹੀਦ ਭਾਈ ਅਮਰੀਕ ਸਿੰਘ ਜੀ



ਸੰਤ ਜਰਨੈਲ ਸਿੰਘ ਜੀ ਦੇ ਨਾਲ ਬਾਬਾ ਨਾਰਾ ਸਿੰਘ ਤੇ ਭਾਈ ਅਮਰੀਕ ਸਿੰਘ



ਸੰਤਾਂ ਨਾਲ ਇੱਕ ਗੰਭੀਰ ਵਿਚਾਰ-ਵਟਾਂਦਰੇ ਦੌਰਾਨ ਭਾਈ ਅਮਰੀਕ ਸਿੰਘ




ਭਾਈ ਅਮਰੀਕ ਸਿੰਘ ਦੇ ਧਰਮ ਸੁਪਤਨੀ
ਬੀਬੀ ਹਰਮੀਤ ਕੌਰ ਜੀ




ਭਾਈ ਅਮਰੀਕ ਸਿੰਘ ਤੇ ਭਾਈ ਹਰਮਿੰਦਰ ਸਿੰਘ ਸੰਧੂ

ਮਿਣ ਲਵੋ ਭਾਵੇਂ ਸਿਦਕ ਨੂੰ, ਜ਼ੁਲਮ ਸੰਗ ਐ ਜ਼ਾਲਮੋਂ; ਹਾੜ੍ਹ ਜਿਸ ਨੇ ਪੀ ਲਏ, ਪੋਹ ਮਾਘ ਵਿੱਚ ਠਰਿਆ ਨਹੀਂ
ਝੁਕ ਜਾਏ ਮਾਹੌਲ ਮੂਹਰੇ, ਅਕਸਰ ਜਿਊਂਦੀ ਲਾਸ਼ ਤਾਂ; ਸਿਰ ਉਠਾ ਕੇ ਜੋ ਤੁਰੇ, ਉਹ ਕਾਲ ਤੋਂ ਮਰਿਆ ਨਹੀਂ।

ਜੂਨ 1984 ਘੱਲੂਘਾਰੇ ਦੇ ਸ਼ਹੀਦ


ਸ਼ਹੀਦ ਭਾਈ ਅਮਰਜੀਤ ਸਿੰਘ ਖੇਮਕਰਨ


ਸ਼ਹੀਦ ਭਾਈ ਅਮਰਜੀਤ ਸਿੰਘ ਖੇਮਕਰਨ, ਸੰਤਾਂ ਦੇ ਨਾਲ


ਸ਼ਹੀਦ ਭਾਈ ਸੁਬੇਗ ਸਿੰਘ ਫ਼ੌਜੀ


ਸ਼ਹੀਦ ਭਾਈ ਸੁਬੇਗ ਸਿੰਘ ਫ਼ੌਜੀ, ਸੰਤਾਂ ਦੇ ਨਾਲ

ਹੋਇਆ ਕੀ ਜੇ ਅਸੀਂ ਹਾਂ ਬਹੁਤ ਥੋੜ੍ਹੇ, ਵੈਰੀ ਚੜ੍ਹ ਆਏ ਕਈ ਹਜ਼ਾਰ ਸਿੰਘੋ
ਲੱਖਾਂ ਨਾਲ ਚਮਕੌਰ ਵਿੱਚ ਲੜਨ ਵਾਲੇ, ਅਸੀਂ ਓਹੀ ਹਾਂ ਅਜੀਤ-ਜੁਝਾਰ ਸਿੰਘੋ

ਜੂਨ 1984 ਘਲੂਘਾਰੇ ਦੇ ਸ਼ਹੀਦ




ਸ਼ਹੀਦ ਭਾਈ ਕੁਲਵੰਤ ਸਿੰਘ ਸੱਦਾ ਸਿੰਘ ਵਾਲਾ (ਮੋਗਾ)



ਸ਼ਹੀਦ ਭਾਈ ਅਜੈਬ ਸਿੰਘ ਮਹਾਂਕਾਲ ਪੱਖੋਪੁਰ (ਤਰਨ ਤਾਰਨ)



ਸ਼ਹੀਦ ਭਾਈ ਭੁਪਿੰਦਰ ਸਿੰਘ ਬਿੱਟੂ (ਪਿੰਡ ਚਮਿਆਰੀ)



ਸ਼ਹੀਦ ਭਾਈ ਬਲਵਿੰਦਰ ਸਿੰਘ ਬਿੱਲਾ (ਪਿੰਡ ਚਮਿਆਰੀ)

ਸਦੀਆਂ ਤੀਕ ਓਹੀ ਝੰਡੇ ਝੂਲਦੇ ਨੇ, ਓਹੋ ਪਰਚਮ ਅਕਾਸ਼ ਤੇ ਫਤਕਦੇ ਨੇ
ਜਿਸ ਵਿੱਚ ਨਾੜ ਸ਼ਹੀਦਾਂ ਦੀ ਚੱਲਦੀ ਏ, ਜਿਸ ਵਿੱਚ ਦਿਲ ਸ਼ਹੀਦਾਂ ਦੇ ਧੜਕਦੇ ਨੇ।

ਸ਼ਹੀਦ ਭਾਈ ਸੁਖਦੇਵ ਸਿੰਘ ਬੱਬਰ



(ਸ਼ਹੀਦ) ਭਾਈ ਫ਼ੌਜਾ ਸਿੰਘ ਦੇ 'ਖਾਲਸਾ ਫ਼ਾਰਮ' 'ਚ ਸ਼ਸਤਰ ਵਿੱਦਿਆ ਲੈਂਦੇ ਸਿੰਘ



ਸ਼ਹੀਦ ਭਾਈ ਫ਼ੌਜਾ ਸਿੰਘ ਦੇ ਪੰਜ-ਭੂਤਕ ਸਰੀਰ ਦੇ ਸਿਰ੍ਹਾਣੇ
ਸੰਤ ਜਰਨੈਲ ਸਿੰਘ ਖ਼ਾਲਸਾ ਤੇ ਹੋਰ ਸਿੰਘ



ਬੱਬਰ ਖ਼ਾਲਸਾ ਦੇ ਭਾਈ ਅਨੋਖ ਸਿੰਘ ਬੱਬਰ, ਭਾਈ ਸੁਖਦੇਵ ਸਿੰਘ ਬੱਬਰ ਤੇ ਹੋਰ ਸਿੰਘ



ਸ਼ਹੀਦ ਭਾਈ ਸੁਖਦੇਵ ਸਿੰਘ ਬੱਬਰ



ਬੱਬਰਾਂ ਵੱਲੋਂ ਛਾਪੇ ਗਏ ਬੱਬਰ ਖ਼ਾਲਸਾ ਦੇ ਸੰਵਿਧਾਨ ਦਾ ਸਰਵਰਕ



(ਸ਼ਹੀਦ) ਭਾਈ ਸੁਖਦੇਵ ਸਿੰਘ ਬੱਬਰ ਦੀ
ਪਰਿਵਾਰ ਸਮੇਤ ਇੱਕ ਪੁਰਾਣੀ ਤਸਵੀਰ

ਵਤਨ ਨੂੰ ਹੁਣ ਫੇਰ ਖ਼ੂਨੀ ਰੰਗਤਾਂ ਦੀ ਲੋੜ ਹੈ, ਦਸਮੇਸ਼ ਦੀ ਤਲਵਾਰ ਨੂੰ ਹੁਣ ਸੰਗਤਾਂ ਦੀ ਲੋੜ ਹੈ;
ਐ ਕੌਮ ਦੇ ਆਸ਼ਕੋ, ਮੰਜ਼ਲ ਬੜੀ ਦੂਰਾਂ ਦੀ ਹੈ, ਹਰ ਕਦਮ 'ਤੇ ਫਾਂਸੀਆਂ, ਲੋੜ ਮਨਸੂਰਾਂ ਦੀ ਹੈ।

ਬੱਬਰ ਖ਼ਾਲਸਾ



ਪਰ ਅਧੀਨ ਸੁਪਨੈ ਸੁਖ ਨਾਹੀ

ਬੱਬਰਾਂ ਵੱਲੋਂ ਜਾਰੀ ਲਿਟਰੇਚਰ



ਸ਼ਹੀਦ ਭਾਈ ਮਾਧਾ ਸਿੰਘ ਬੱਬਰ



ਸ਼ਹੀਦ ਭਾਈ ਸੁਖਦੇਵ ਸਿੰਘ ਬੱਬਰ ਦੇ ਅੰਤਮ ਦਰਸ਼ਨ



ਸ਼ਹੀਦ ਭਾਈ ਮਾਧਾ ਸਿੰਘ ਬੱਬਰ ਦੇ ਮਾਤਾ ਜੀ
ਬੀਬੀ ਸੰਦੀਪ ਕੌਰ ਦੇ ਨਾਲ



ਸ਼ਹੀਦ ਮਾਸਟਰ ਸੁਖਵਿੰਦਰ ਸਿੰਘ ਬੱਬਰ ਦਾਬਾਂਵਾਲ



ਸ਼ਹੀਦ ਭਾਈ ਇੰਦਰਜੀਤ ਸਿੰਘ ਬੱਬਰ ਸਖੀਰਾ

ਖ਼ੁਸ਼ੀ ਦੇ ਗੀਤ ਗਾਵੀਂ ਮਾਂ, ਕਿ ਤੇਰੇ ਜਿਗਰ ਦਿਆਂ ਲਾਲਾਂ, ਹਜ਼ਾਰਾਂ ਵਹਿਸ਼ੀਆਂ ਦੇ ਜਿਗਰ ਲੀਰੋ-ਲੀਰ ਕੀਤੇ ਨੇ,
ਅਨੇਕਾਂ ਦੁਸ਼ਮਣਾਂ ਦੇ ਜਿਸਮ ਫੰਭੇ ਬਣ ਕੇ ਉੱਡੇ ਮਾਂ, ਅਸੀਂ ਕੀਤੇ ਇਸ ਤਰ੍ਹਾਂ ਉਹ ਵੈਰੀ ਫ਼ੀਤੇ-ਫ਼ੀਤੇ ਨੇ।

ਸ਼ਹੀਦ ਭਾਈ ਸੁਖਦੇਵ ਸਿੰਘ ਚੱਬਾ (ਬੱਬਰ), ਸ਼ਹੀਦ ਭਾਈ ਗੁਰਿੰਦਰ ਸਿੰਘ ਗਿੰਦਾ (ਬੱਬਰ) ਭਾਗੋਵਾਲ


ਸ਼ਹੀਦ ਭਾਈ ਸੁਖਦੇਵ ਸਿੰਘ 'ਚਾਚਾ ਚੱਬਾ' ਬੱਬਰ


ਸ਼ਹੀਦ ਭਾਈ ਗੁਰਿੰਦਰ ਸਿੰਘ ਬੱਬਰ ਭਾਗੋਵਾਲ


ਭਾਈ ਗੁਰਿੰਦਰ ਸਿੰਘ ਭਾਗੋਵਾਲ ਤੇ ਭਾਈ ਸੁਖਦੇਵ ਸਿੰਘ ਚਾਚਾ ਚੱਬਾ


ਭਾਈ ਗੁਰਿੰਦਰ ਸਿੰਘ ਭਾਗੋਵਾਲ ਇੱਕ ਹੋਰ ਸਿੰਘ ਨਾਲ


ਭਾਈ ਸੁਖਦੇਵ ਸਿੰਘ ਚਾਚਾ ਚੱਬਾ


ਭਾਈ ਗੁਰਿੰਦਰ ਸਿੰਘ ਭਾਗੋਵਾਲ

ਇਸ ਧਰਮ ਯੁੱਧ ਵਿੱਚ ਲੜਨ ਲਈ, ਮਾਈ ਭਾਗੋ ਦੀਆਂ ਵਾਰਸ ਵੀ ਆਈਆਂ
ਜੁਝਾਰੂ ਕਿਸੇ ਨਾਲ਼ ਲਾਂਵਾਂ ਲੈ, ਸਿਰ 'ਤੇ ਖੱਫਣ ਬੰਨ੍ਹ, ਉਹ ਜਾਬਰ ਤਖ਼ਤ ਨਾਲ ਟਕਰਾਈਆਂ
ਤੇ ਗਾਨੇ ਗੁੱਟਾਂ ਤੇ ਸ਼ਹੀਦੀਆਂ ਦੇ ਬੰਨ੍ਹ ਕੇ, ਤੋਰੇ ਲਾਲ ਕਈ ਭੈਣਾਂ-ਭਰਜਾਈਆਂ
ਅਸੀਂ ਕਦੇ ਵੀ ਉਧਾਰ ਨਹੀਂ ਐ ਰੱਖਿਆ, ਕਿਸੇ ਓਪਰੇ ਜਾਂ ਭਾਜੀਆਂ ਚੜ੍ਹਾਈਆਂ।

ਸ਼ਹੀਦ ਭਾਈ ਰਮਿੰਦਰਜੀਤ ਸਿੰਘ ਬੱਬਰ ਟੈਣੀ - ਸ਼ਹੀਦ ਬੀਬੀ ਮਨਜੀਤ ਕੌਰ ਬੱਬਰ



ਸ਼ਹੀਦ ਭਾਈ ਰਮਿੰਦਰਜੀਤ ਸਿੰਘ ਬੱਬਰ ਟੈਣੀ



ਸ਼ਹੀਦ ਬੀਬੀ ਮਨਜੀਤ ਕੌਰ ਬੱਬਰ



ਸ਼ਹੀਦ ਭਾਈ ਰਮਿੰਦਰਜੀਤ ਸਿੰਘ ਟੈਣੀ
ਤੇ ਬੀਬੀ ਮਨਜੀਤ ਕੌਰ ਦੇ ਵਿਆਹ ਸਮੇਂ ਦੀ ਤਸਵੀਰ



ਸ਼ਹੀਦ ਭਾਈ ਰਮਿੰਦਰਜੀਤ ਸਿੰਘ ਟੈਣੀ
ਤੇ ਬੀਬੀ ਮਨਜੀਤ ਕੌਰ ਸ਼ਸਤਰਬੱਧ



ਉਹ ਬੱਸ ਜਿਸ ਵਿੱਚ ਸ਼ਹੀਦ ਭਾਈ ਰਮਿੰਦਰਜੀਤ ਸਿੰਘ ਟੈਣੀ
ਤੇ ਬੀਬੀ ਮਨਜੀਤ ਕੌਰ ਜੂਝਦੇ ਸ਼ਹੀਦ ਹੋਏ



ਟੈਣੀ, ਪਤਨੀ ਤੇ 3 ਹੋਰ ਖਾੜਕੂਆਂ ਸਮੇਤ

ਭਾਈ ਰਮਿੰਦਰਜੀਤ ਸਿੰਘ ਟੈਣੀ ਤੇ ਬੀਬੀ ਮਨਜੀਤ ਕੌਰ
ਦੀ ਸ਼ਹਾਦਤ ਦੀ ਅਖ਼ਬਾਰੀ ਖ਼ਬਰ

ਜਿਹੜੇ ਮਰਦੇ ਨੇ ਮੌਤ ਬਹਾਦਰਾਂ ਦੀ, ਉਹ ਨਹੀਂ ਖੱਫਣ ਦੀ ਸਮਝਦੇ ਲੋੜ ਲੋਕੋ
ਤਾਂ ਕਿ ਅਣਖ ਦੀ ਜੱਗ ਨੂੰ ਮਿਲੇ ਗੁੜ੍ਹਤੀ, ਜੰਮਣ ਸੂਰਮੇ ਲੱਖ ਕਰੋੜ ਲੋਕੋ।

ਸ਼ਹੀਦ ਭਾਈ ਧਰਮ ਸਿੰਘ ਬੱਬਰ ਕਾਸ਼ਤੀਵਾਲ



ਸ਼ਹਿਰਾਂ ਵਿੱਚ ਵਿਚਰਨ ਸਮੇਂ ਭਾਈ ਕਾਸ਼ਤੀਵਾਲ ਦੀ ਭੇਸ ਬਦਲਣ ਦੀ ਕਲਾ



ਪਿੰਡਾਂ ਵਿੱਚ ਵਿਚਰਨ ਸਮੇਂ ਭਾਈ ਧਰਮ ਸਿੰਘ ਕਾਸ਼ਤੀਵਾਲ ਦਾ ਪਹਿਰਾਵਾ



ਡੂੰਘੀ ਸੋਚ ਵਿੱਚ ਭਾਈ ਧਰਮ ਸਿੰਘ ਕਾਸ਼ਤੀਵਾਲ



ਆਪਣੇ ਗਰੁੱਪ ਦੇ ਸਿੰਘਾਂ ਸਮੇਤ ਭਾਈ ਕਾਸ਼ਤੀਵਾਲ



ਭਾਈ ਧਰਮ ਸਿੰਘ ਕਾਸ਼ਤੀਵਾਲ, ਬੀਬੀ ਸੰਦੀਪ ਕੌਰ, ਭਾਈ ਪਰਮਜੀਤਿੰਦਰ ਸਿੰਘ ਜਾਂਗਲਾ ਤੇ ਭਾਈ ਸਾਹਿਬ ਸਿੰਘ ਕਾਸ਼ਤੀਵਾਲ



ਸ਼ਹੀਦੀ ਪਿੱਛੋਂ ਭਾਈ ਧਰਮ ਸਿੰਘ ਕਾਸ਼ਤੀਵਾਲ ਦੇ ਅੰਤਮ ਦਰਸ਼ਨ

ਮਰਦ ਮੁਸੀਬਤ ਤੋਂ ਨਹੀਂ ਡਰਦੇ, ਮਰਦ ਪਿੜੋਂ ਨਾ ਭੱਜਣ ਓਇ; ਮਰਦ ਹਿਫਾਜ਼ਤ ਮੂਲ ਨਾ ਭਾਲਣ, ਮਰਦ ਮੈਦਾਨੀਂ ਗੱਜਣ ਓਇ।
ਸੰਕਟ ਟਾਲਣ ਲਈ ਸਿਰ ਦੇਣਾ, ਸਿਰ ਲੈਣਾ ਕੰਮ ਮਰਦਾਂ ਦਾ; ਕੌਮੀ ਅਜ਼ਾਦੀ ਲਈ ਲੜਨਾ, ਜਦ ਤਕ ਹੈ ਦਮ ਮਰਦਾਂ ਦਾ।

ਸ਼ਹੀਦ ਭਾਈ ਸਾਹਿਬ ਸਿੰਘ ਬੱਬਰ ਕਾਸ਼ਤੀਵਾਲ



ਭਾਈ ਸਾਹਿਬ ਸਿੰਘ, ਟਕਸਾਲ ਵਿੱਚ ਰਹਿਣ ਦੌਰਾਨ



ਸ਼ਹੀਦੀ ਤੋਂ ਕੁਝ ਸਮਾਂ ਪਹਿਲਾਂ



ਭਾਈ ਸਾਹਿਬ ਸਿੰਘ ਕਾਸ਼ਤੀਵਾਲ ਤੇ
ਭਾਈ ਧਰਮ ਸਿੰਘ ਕਾਸ਼ਤੀਵਾਲ



ਪਸੰਦੀਦਾ ਹਥਿਆਰਾਂ ਨਾਲ ਭਾਈ ਸਾਹਿਬ ਸਿੰਘ ਕਾਸ਼ਤੀਵਾਲ



ਸ਼ਹੀਦ ਸ਼ੇਰ ਪੁੱਤਾਂ ਦੀਆਂ ਤਸਵੀਰਾਂ ਦੇ ਕੋਲ (ਸਵ:) ਮਾਤਾ ਸੁਰਜੀਤ ਕੌਰ ਕਾਸ਼ਤੀਵਾਲ

ਸਾਡੀ ਅਲਵਿਦਾ ਯਾਰੋ! ਮੁਹੱਬਤ ਤੋੜ ਚੱਲੇ ਹਾਂ, ਕੌਮ ਦਾ ਕਰਜ਼ ਜੋ ਸਿਰ 'ਤੇ ਉਹ ਥੋੜ੍ਹਾ ਮੋੜ ਚੱਲੇ ਹਾਂ
ਸਾਡੀ ਆਖਰੀ ਖਾਹਸ਼ ਹੈ ਉਹ ਦੀਪਕ ਨਾ ਬੁਝ ਜਾਵੇ, ਅਸੀਂ ਆਪਣਾ ਲਹੂ ਪਾ ਕੇ ਜੋ ਜਗਦਾ ਛੋੜ ਚੱਲੇ ਹਾਂ।

ਸ਼ਹੀਦ ਭਾਈ ਬਲਵਿੰਦਰ ਸਿੰਘ ਬੱਬਰ ਜਟਾਣਾ



ਸ਼ਹੀਦ ਭਾਈ ਬਲਵਿੰਦਰ ਸਿੰਘ ਜਟਾਣਾ



ਬਿਖੜੇ ਰਾਹਾਂ ਦਾ ਸਫ਼ਰ
ਸ਼ਹੀਦ ਭਾਈ ਬਲਵਿੰਦਰ ਸਿੰਘ ਜਟਾਣਾ



ਸ਼ਹੀਦ ਭਾਈ ਬਲਵਿੰਦਰ ਸਿੰਘ ਜਟਾਣਾ ਦੇ ਅੰਤਮ ਦਰਸ਼ਨ



ਸ਼ਹਾਦਤ ਦਾ ਪਿਆਲਾ ਪੀ, ਲਹੂ ਦੇ ਮਾਰ ਕੇ ਛਿੱਟੇ, ਅਸੀਂ ਸੁੱਤੀ ਪਈ ਇਸ ਕੌਮ ਨੂੰ ਝੰਜੋੜ ਚੱਲੇ ਹਾਂ;
ਅਸੀਂ ਮਕਤਲ ਦੇ ਵਿੱਚ ਗਾ ਕੇ ਤਰਾਨੇ ਸਰਫਰੋਸ਼ੀ ਦੇ, ਹਮੇਸ਼ਾ ਵਾਸਤੇ ਇਸ ਮੌਤ ਦਾ ਮੂੰਹ ਮੋੜ ਚੱਲੇ ਹਾਂ।
ਸ਼ਹੀਦ ਭਾਈ ਬਲਵਿੰਦਰ ਸਿੰਘ ਜਟਾਣਾ ਦੀ ਅੰਤਮ ਯਾਤਰਾ

ਛਿਪ ਗਏ ਜੋ ਚੰਨ ਵਰਗੇ ਚਿਹਰੇ, ਰੌਸ਼ਨ ਕਰ ਗਏ ਕੌਮੀ ਵਿਹੜੇ
ਚਾਨਣ ਦੀ ਇੱਕ ਛਿੱਟ ਨੇ ਲੱਖਾਂ ਕਰਨੇ ਕਤਲ ਹਨੇਰੇ, ਉਹ ਦਿਨ ਦੂਰ ਨਹੀਂ, ਜਦ ਚੜ੍ਹਨੇ ਫੇਰ ਸਵੇਰੇ

ਸ਼ਹੀਦ ਭਾਈ ਚਰਨਜੀਤ ਸਿੰਘ ਚੰਨਾ ਬੱਬਰ ਪਿੰਡ ਝੱਲੀਆਂ


ਭਾਈ ਚਰਨਜੀਤ ਸਿੰਘ ਚੰਨਾ ਕਾਲਜ ਸਮੇਂ


ਬੱਬਰਾਂ ਦਾ ਜਰਨੈਲ ਬਣਨ ਪਿੱਛੋਂ



ਭਾਈ ਚਰਨਜੀਤ ਸਿੰਘ ਚੰਨਾ ਆਪਣੇ ਇੱਕ ਟਿਕਾਣੇ 'ਤੇ


ਸ਼ਹੀਦ ਭਾਈ ਚਰਨਜੀਤ ਸਿੰਘ ਚੰਨਾ ਦੇ ਚਿਹਰੇ ਨੂੰ
ਅੰਤਮ ਵਾਰ ਨਿਹਾਰਦੇ ਹੋਏ ਉਹਨਾਂ ਦੇ ਮਾਤਾ ਜੀ


ਜਦ-ਜਦ ਢਲੇਗਾ ਸੂਰਜ, ਕਣ-ਕਣ ਮੇਰਾ ਜਲਾਇਓ; ਮੇਰੀ ਮੌਤ 'ਤੇ ਨਾ ਰੋਇਓ, ਮੇਰੀ ਸੋਚ ਨੂੰ ਬਚਾਇਓ।
ਸ਼ਹੀਦ ਭਾਈ ਚਰਨਜੀਤ ਸਿੰਘ ਚੰਨਾ ਦਾ ਅੰਤਮ ਸਸਕਾਰ

ਸ਼ਾਂਤਮਈ ਸਿੰਘਾਂ ਦੇ ਤੁਰੇ ਜਥੇ, ਬੁਖਲਾ ਗਈ ਮੰਡੀ ਝੂਠ ਤੇ ਦੰਭ ਦੀ ਸੀ
ਸਿੰਘ ਕਾਫ਼ਲਾ ਜਾਂ ਚੁੱਕ ਹਥਿਆਰ ਤੁਰਿਆ, ਜ਼ਾਲਮ ਡਿੱਗਦੇ ਤੇ ਦਿੱਲੀ ਕੰਬਦੀ ਸੀ

ਸ਼ਹੀਦ ਬਾਬਾ ਗੁਰਬਚਨ ਸਿੰਘ ਮਾਨੋਚਾਹਲ



ਬਾਬਾ ਗੁਰਬਚਨ ਸਿੰਘ ਮਾਨੋਚਾਹਲ ਤੇ ਉਹਨਾਂ ਦੀ ਧਰਮ ਸੁਪਤਨੀ ਦੀ ਪੁਰਾਣੀ ਤਸਵੀਰ



ਸ਼ੇਰਾਂ ਵਾਂਗ ਜਾਣ ਸਿੱਧੇ ਗੋਲੀਆਂ ਦੀ ਕਾਂਗ ਅੰਦਰ, ਛਕ ਲੀਤੀ ਬੂੰਦ ਜਿਨ੍ਹਾਂ ਅੰਮ੍ਰਿਤ ਪਿਆਲੀ ਦੀ
ਸ਼ਾਂਤਮਈ ਜ਼ਾਬਤੇ 'ਚ ਹੱਥ ਨਾ ਜੇ ਕਰੇ ਹੁੰਦੇ, ਫੇਰ ਅਸੀਂ ਦੱਸਦੇ ਕਿਵੇਂ ਸ਼ਾਨ ਹੈ ਵਿਖਾਲੀ ਦੀ

ਸੰਨ 1978 ਦੇ ਸਾਕੇ 'ਚ ਜ਼ਖਮੀ ਬਾਬਾ ਮਾਨੋਚਾਹਲ ਤੇ ਹੋਰ ਸਿੰਘ





ਸ਼ਾਂਤਮਈ ਤੋਂ ਬਾਅਦ ਸੰਤ ਜਰਨੈਲ ਸਿੰਘ ਖ਼ਾਲਸਾ ਵੱਲੋਂ ਅਰੰਭੇ ਹਥਿਆਰਬੰਦ ਸੰਘਰਸ਼ ਦੌਰਾਨ ਉਹਨਾਂ ਦੇ ਜਥੇ ਵਿੱਚ ਬਾਬਾ ਮਾਨੋਚਾਹਲ





ਬਾਬਾ ਮਾਨੋਚਾਹਲ ਦੀ ਰਣਤੱਤੇ 'ਚ ਵਿਚਰਨ ਸਮੇਂ ਤੇ ਇਸ 'ਚੋਂ ਸਮਾਂ ਕੱਢ ਕੇ ਬੱਚਿਆਂ ਨੂੰ ਮਿਲਣ ਸਮੇਂ ਦੀਆਂ ਤਸਵੀਰਾਂ

ਸਦਕੇ ਤੇਰੀ ਆਨ ਉੱਤੋਂ, ਸਦਕੇ ਤੇਰੇ ਸ਼ਾਨ ਉੱਤੋਂ; ਤੂੰ ਕਦੀ ਵੀ ਮੋੜਿਆ ਨਹੀਂ, ਮੂੰਹ ਕਿਸੇ ਤੂਫਾਨ ਤੋਂ


ਸ਼ਹੀਦ ਬਾਬਾ ਗੁਰਬਚਨ ਸਿੰਘ ਮਾਨੋਚਾਹਲ


ਬਾਬਾ ਗੁਰਬਚਨ ਸਿੰਘ ਮਾਨੋਚਾਹਲ ਇੱਕ ਲੁਕਣ ਟਿਕਾਣੇ 'ਤੇ


ਬਾਬਾ ਮਾਨੋਚਾਹਲ ਨੂੰ ਰੋਟੀ ਖਵਾਉਣ ਦੀ ਸਜ਼ਾ, ਪੁਲੀਸ ਨੇ ਕਈ ਘਰਾਂ ਨੂੰ ਢਹਿ-ਢੇਰੀ ਕਰ ਦਿੱਤਾ


ਬਾਬਾ ਗੁਰਬਚਨ ਸਿੰਘ ਮਾਨੋਚਾਹਲ


ਸ਼ਹੀਦ ਬਾਬਾ ਗੁਰਬਚਨ ਸਿੰਘ ਮਾਨੋਚਾਹਲ ਦੇ ਅੰਤਮ ਦਰਸ਼ਨ




ਪੁਲੀਸ ਦੇ ਪਹਿਰੇ ਹੇਠ ਬਾਬਾ ਗੁਰਬਚਨ ਸਿੰਘ ਮਾਨੋਚਾਹਲ ਦੇ ਫੁੱਲ ਜਲ ਪ੍ਰਵਾਹ ਕਰਦਿਆਂ ਉਹਨਾਂ ਦੇ ਭਰਾਤਾ

ਫਲਦੇ ਫੁੱਲਦੇ ਨੇ ਕੌਮਾਂ ਦੇ ਬਿਰਖ ਓਹੋ, ਕੌਮਾਂ ਉਹਨਾਂ ਦੀਆਂ ਛਾਂਵੇਂ ਬਹਿੰਦੀਆਂ ਨੇ
ਵਿੱਚ ਔੜ ਦੇ ਵੀ ਜੜ੍ਹਾਂ ਜਿਨ੍ਹਾਂ ਦੀਆਂ, ਨਾਲ਼ ਰੱਤ ਦੇ ਗਿੱਲੀਆਂ ਰਹਿੰਦੀਆਂ ਨੇ

ਸ਼ਹੀਦ ਭਾਈ ਸੀਤਲ ਸਿੰਘ ਮੱਤੇਵਾਲ਼


(ਸ਼ਹੀਦ) ਭਾਈ ਸੀਤਲ ਸਿੰਘ ਮੱਤੇਵਾਲ


ਭਾਈ ਮੱਤੇਵਾਲ ਦੀ (ਸ਼ਹੀਦ) ਧਰਮ ਪਤਨੀ


ਜਿੱਥੇ ਮੁਕਾਬਲਾ ਹੋਇਆ, ਓਥੇ ਦਰਖ਼ਤ ਨਾਲ਼ ਲੱਗਾ ਸ਼ਹਿਦ ਦੀਆਂ ਮੱਖੀਆਂ ਦਾ ਡੂੰਮਣਾ


ਗਹਿਰੱਚ ਮੁਕਾਬਲੇ ਵਿੱਚ ਸ਼ਹੀਦ ਹੋਏ ਭਾਈ ਮੱਤੇਵਾਲ਼ ਤੇ ਭਾਈ ਗੁਰਮੁਖ ਸਿੰਘ ਬੱਗਾ ਦੇ ਮਿਰਤਕ ਸਰੀਰ



ਜਣਿਆਂ ਵਾਂਗ ਜੀਣਾ, ਮਰਦਾਂ ਵਾਂਗ ਮਰਨਾ, ਇਹ ਹੈ ਜਗ 'ਤੇ ਨਾਪ ਪੰਜਾਬੀਆਂ ਦਾ,
ਯੋਧਾ ਉਹ ਜੋ ਮਰੇ ਮੈਦਾਨ ਅੰਦਰ, ਰਿਹਾ ਮੁੱਢ ਤੋਂ ਜਾਪ ਪੰਜਾਬੀਆਂ ਦਾ

ਗਹਿਰੱਚ ਮੁਕਾਬਲੇ ਵਿੱਚ ਸ਼ਹੀਦ ਹੋਏ ਸਿੰਘਾਂ ਦੀ ਯਾਦ ਵਿੱਚ ਉਹਨਾਂ ਦੇ ਪਰਿਵਾਰ

ਬੇਸ਼ੱਕ ਝੁੱਲਦੇ ਰਹੇ ਤੂਫਾਨ ਲੱਖਾਂ, ਫਿਰ ਵੀ ਝੂਲਦੇ ਰਹੇ ਨਿਸ਼ਾਨ ਸਾਡੇ;
ਮੀਂਹ ਵਰ੍ਹਦਾ ਰਿਹਾ ਜੇ ਗੋਲੀਆਂ ਦਾ, ਫਿਰ ਵੀ ਬੁੱਕਦੇ ਰਹੇ ਜਵਾਨ ਸਾਡੇ।

ਬਹਿਲੇ ਭਰਾਵਾਂ ਦੀ ਸ਼ਹੀਦੀ ਗਾਥਾ


ਸ਼ਹੀਦ ਭਾਈ ਦਿਲਬਾਗ ਸਿੰਘ ਬਹਿਲਾ



ਸ਼ਹੀਦ ਭਾਈ ਸੁਰਜੀਤ ਸਿੰਘ ਬਹਿਲਾ


ਭਾਈ ਸੁਰਜੀਤ ਸਿੰਘ ਬਹਿਲਾ ਆਪਣੇ ਸਾਥੀਆਂ ਨਾਲ


ਪਿੰਡ ਬਹਿਲਾ 'ਚ ਚਾਰ-ਚੁਫੇਰਿਓਂ ਤਿੰਨ ਸਿੰਘਾਂ ਨੂੰ ਘੇਰ ਕੇ ਹਜ਼ਾਰਾਂ ਭਾਰਤੀ ਫ਼ੋਰਸਾਂ ਨੇ ਕਿਵੇਂ ਮਾਰਟਰ ਗੰਨਾਂ ਦੀ ਵਰਤੋਂ ਕੀਤੀ, ਇਹ ਇਮਾਰਤ ਤੋਂ ਸਾਫ ਪਤਾ ਲੱਗਦਾ ਹੈ।

ਦੇਣ ਚਰਖੜੀਆਂ 'ਤੇ ਵੀ ਟੰਗ ਭਾਵੇਂ, ਜੇਕਰ ਜ਼ਾਲਮਾਂ ਨੇ ਸਾਨੂੰ ਟੰਗਣਾ ਐ;
ਮਨੀ ਸਿੰਘ ਮਨਸੂਰ ਦੇ ਅਸੀਂ ਵਾਰਸ, ਅੰਗ-ਅੰਗ ਕਟਵਾਉਂਦੇ ਨਾ ਸੰਗਣਾ ਐ।

ਸ਼ਹੀਦ ਭਾਈ ਰਛਪਾਲ ਸਿੰਘ ਛੰਦੜਾ



ਭਾਈ ਰਛਪਾਲ ਸਿੰਘ ਛੰਦੜਾ



ਸ਼ਹੀਦ ਭਾਈ ਰਛਪਾਲ ਸਿੰਘ ਛੰਦੜਾ ਦਾ ਮਿਰਤਕ ਸਰੀਰ, ਹੋਏ ਤਸ਼ੱਦਦ ਦੀ ਗਵਾਹੀ ਭਰਦਾ ਸੀ।



ਭਾਈ ਰਛਪਾਲ ਸਿੰਘ ਛੰਦੜਾ ਤੇ ਉਹਨਾਂ ਦੀ ਸਿੰਘਣੀ (ਪਾਠਕ ਦੇ ਖੱਬੇ) ਭਾਈ ਸੁਖਵਿੰਦਰ ਸਿੰਘ ਸੰਘਾ (ਵਿਚਕਾਰ) ਤੇ ਇੱਕ ਹੋਰ ਜੁਝਾਰੂ ਜੋੜਾ



ਸ਼ਹੀਦ ਭਾਈ ਜਗਦੀਸ਼ ਸਿੰਘ ਦੀਸ਼ਾ



ਸ਼ਹੀਦ ਭਾਈ ਜਗਦੀਸ਼ ਸਿੰਘ ਦੀਸ਼ਾ ਦਾ ਛੋਟਾ ਭਰਾ
ਸ਼ਹੀਦ ਭਾਈ ਕੰਵਲਜੀਤ ਸਿੰਘ

ਜਾਗ ਪਿਆ ਨੌਜਵਾਨ ਸਿੱਖ ਕੌਮ ਦਾ, ਸੁੱਤੀ ਤੇਗ ਨੇ ਲਈਆਂ ਅੰਗੜਾਈਆਂ;
ਡੌਲੇ ਫਰਕੇ ਉਬਾਲਾ ਖਾਧਾ ਖ਼ੂਨ ਨੇ, ਸਿਰਾਂ ਧੜਾਂ ਦੀਆਂ ਯੋਧਿਆਂ ਨੇ ਲਾਈਆਂ।

ਸ਼ਹੀਦ ਭਾਈ ਭੁਪਿੰਦਰ ਸਿੰਘ ਭਿੰਦਾ ਕੰਮੋਕੇ



ਸ਼ਹੀਦ ਭਾਈ ਭੁਪਿੰਦਰ ਸਿੰਘ ਭਿੰਦਾ



ਸ਼ਹੀਦ ਭਾਈ ਕਸ਼ਮੀਰ ਸਿੰਘ ਮੌਲਵੀ




ਸ਼ਹੀਦ ਭਾਈ ਭਿੰਦੇ ਦੀ ਯਾਦ 'ਚ ਚੜ੍ਹਾਇਆ ਗਿਆ ਨਿਸ਼ਾਨ ਸਾਹਿਬ ਜੋ ਪੁਲੀਸ ਨੇ ਵੱਢ ਦਿੱਤਾ



ਸ਼ਹੀਦ ਭਾਈ ਭੁਪਿੰਦਰ ਸਿੰਘ ਭਿੰਦਾ ਦੇ ਮਾਤਾ ਜੀ



ਸ਼ਹੀਦ ਭਾਈ ਸੁਖਵਿੰਦਰ ਸਿੰਘ ਸ਼ਿੰਦੂ ਉਰਫ਼ ਕੇ.ਸੀ. ਸ਼ਰਮਾ



ਭਾਈ ਸੁਖਵਿੰਦਰ ਸਿੰਘ ਸ਼ਿੰਦੂ ਦਾ ਜੱਦੀ ਘਰ

ਭੈਣ ਕਮਲੀਏ ਵੀਰ ਨਾ ਜਾਣ ਕੱਲ੍ਹਾ, ਮੇਰਾ ਰਾਹ ਸ਼ਹੀਦ ਉਲੀਕਦੇ ਨੇ
ਬਲਦੀ ਸ਼ਮ੍ਹਾ ਜੇ ਦਿਸੇ ਪਤੰਗਿਆਂ ਨੂੰ, ਕਦੋਂ ਕਿਸੇ ਦਾ ਸਾਥ ਉਡੀਕਦੇ ਨੇ?

ਸ਼ਹੀਦ ਭਾਈ ਹਰਨੇਕ ਸਿੰਘ ਫ਼ਤਹਿਗੜ੍ਹ ਕੋਰੋਟਾਣਾ



ਸ਼ਹੀਦ ਭਾਈ ਹਰਨੇਕ ਸਿੰਘ



ਕੌਮੀ ਗ਼ੈਰਤ 'ਤੇ ਹੋਏ ਵਾਰ ਦੀ ਭਾਜੀ ਮੋੜਨ ਦੀ ਸੋਚ



ਆਪਣੇ ਭਰਾ ਦੇ ਵਿਆਹ ਸਮੇਂ ਹਰਨੇਕ ਸਿੰਘ



ਭਾਈ ਹਰਨੇਕ ਸਿੰਘ ਦੀ ਸਕੂਲ ਸਮੇਂ ਦੀ ਤਸਵੀਰ




ਆਪਣੇ ਭਰਾ ਦੇ ਵਿਆਹ ਸਮੇਂ
ਅਰਦਾਸ ਕਰਦਿਆਂ ਭਾਈ ਹਰਨੇਕ ਸਿੰਘ



ਸ਼ਹੀਦ ਭਾਈ ਹਰਨੇਕ ਸਿੰਘ ਦੀ ਭੈਣ ਹਰਦੀਪ ਕੌਰ ਨੂੰ
ਇੱਕ ਸ਼ਹੀਦੀ ਸਮਾਗਮ ਵਿੱਚ ਸਨਮਾਨਿਤ ਕਰਨ ਦਾ ਦ੍ਰਿਸ਼

ਨਿੱਕੀ ਉਮਰ ਪਰ ਫਿਰ ਵੀ ਮੋਢਿਆਂ 'ਤੇ, ਚੁੱਕੀਆਂ ਜ਼ਿੰਮੇਵਾਰੀਆਂ ਵੱਡੀਆਂ ਨੇ;
ਉਹਨਾਂ ਅੱਖਾਂ ਵਿੱਚ ਹੀਰਾਂ ਦੇ ਖ਼ਾਬ ਕਿੱਥੇ, ਜੋ ਅੱਖਾਂ ਮੰਜ਼ਲ 'ਤੇ ਗੱਡੀਆਂ ਨੇ।

ਨਿੱਕੀ ਉਮਰ ਤੇ ਵੱਡੀ ਸੋਚ ਵਾਲ਼ਾ ਸੂਰਮਾ : ਸ਼ਹੀਦ ਭਾਈ ਅਰਵਿੰਦਰਜੀਤ ਸਿੰਘ ਗੋਲਡੀ



ਸ਼ਹੀਦ ਭਾਈ ਅਰਵਿੰਦਰਜੀਤ ਸਿੰਘ ਗੋਲਡੀ



ਸ਼ਹੀਦ ਭਾਈ ਅਰਵਿੰਦਰਜੀਤ ਸਿੰਘ ਗੋਲਡੀ ਹਥਿਆਰਾਂ ਨਾਲ



ਭਾਈ ਅਰਵਿੰਦਰਜੀਤ ਸਿੰਘ ਗੋਲਡੀ ਆਪਣੇ ਦੋ ਸਾਥੀਆਂ ਨਾਲ



ਆਪਣੇ ਮਾਤਾ ਬੀਬੀ ਕਸ਼ਮੀਰ ਕੌਰ ਦੇ ਨਾਲ ਭਾਈ ਗੋਲਡੀ



"ਵੇਖਿਓ ਮੇਰੇ ਕੇਸ ਖੁੱਲ੍ਹੇ ਨਹੀਂ ਹੋਣਗੇ"
ਸ਼ਹੀਦ ਭਾਈ ਗੋਲਡੀ ਦੇ ਅੰਤਮ ਦਰਸ਼ਨ



ਭਾਈ ਗੋਲਡੀ ਦੀ ਮ੍ਰਿਤਕ ਦੇਹ ਕੋਲ ਉਹਨਾਂ ਦੇ ਪਿਤਾ ਸ. ਮਹਿੰਦਰ ਸਿੰਘ ਪੱਤਰਕਾਰ, ਉਹਨਾਂ ਦੇ ਮਾਤਾ, ਛੋਟੇ ਭਰਾ ਅਤੇ ਹੋਰ ਸੰਗਤ।

ਸੀਸ ਤਲੀ ਧਰ ਧਰਮੀ ਯੋਧੇ ਨਾਲ ਮੌਤ ਦੇ ਜੂਝੇ, ਮਜ਼ਲੂਮਾਂ ਨੂੰ ਮਾਰਨ ਵਾਲ਼ੇ ਕੰਬ ਉੱਠੇ ਜਰਵਾਣੇ
ਐਸੇ ਹੱਥ ਵਿਖਾਏ ਸਤਿਗੁਰ ਗੋਬਿੰਦ ਸਿੰਘ ਦੇ ਸ਼ੇਰਾਂ, ਹਾਕਮ ਸਣੇ ਹਕੂਮਤ ਕੰਬੀ, ਕੰਬੇ ਚੌਂਕੀਆਂ ਥਾਣੇ

ਸ਼ਹੀਦ ਭਾਈ ਅਵਤਾਰ ਸਿੰਘ ਬ੍ਰਹਮਾ



ਭਾਈ ਅਵਤਾਰ ਸਿੰਘ ਬ੍ਰਹਮਾ



ਭਾਈ ਅਵਤਾਰ ਸਿੰਘ ਬ੍ਰਹਮਾ ਤੇ ਸਾਥੀ ਸਿੰਘ




ਭਾਈ ਅਵਤਾਰ ਸਿੰਘ ਬ੍ਰਹਮਾ ਅਤੇ ਭਾਈ ਗੁਰਦੀਪ ਸਿੰਘ ਵਕੀਲ



ਭਾਈ ਬ੍ਰਹਮਾ ਦੀ ਯਾਦ ਵਿੱਚ
ਪਿੰਡ ਬ੍ਰਹਮਪੁਰਾ 'ਚ ਉਸਰਿਆ ਗੁਰਦੁਆਰਾ ਸਾਹਿਬ




ਭਾਈ ਵਧਾਵਾ ਸਿੰਘ ਬੱਬਰ ਅਤੇ
ਭਾਈ ਅਵਤਾਰ ਸਿੰਘ ਬ੍ਰਹਮਾ



ਸ਼ਹੀਦ ਭਾਈ ਅਵਤਾਰ ਸਿੰਘ ਬ੍ਰਹਮਾ
ਦੇ ਅੰਤਮ ਦਰਸ਼ਨ



ਬ੍ਰਹਮਪੁਰਾ ਪਿੰਡ ਵਿਚਲੇ ਸਕੂਲ ਦੇ ਸਾਮ੍ਹਣੇ ਲੇਖਕ
ਜਿੱਥੇ ਸੀ.ਆਰ.ਪੀ. ਦੀ ਛਾਉਣੀ ਪਾਈ ਗਈ ਸੀ।



ਆਪਣੀ ਮਨਪਸੰਦ ਸਵਾਰੀ 'ਤੇ
ਭਾਈ ਅਵਤਾਰ ਸਿੰਘ ਬ੍ਰਹਮਾ

ਉੱਬਲਿਆ ਹੈ ਖ਼ੂਨ ਫਿਰ ਪੰਜਾਬ ਦੇ ਬਲਵਾਨ ਦਾ, ਹੁਣ ਜਵਾਨੀ ਦੇ ਪਰਾਂ ਵਿੱਚ ਜੋਸ਼ ਹੈ ਉੱਡ ਜਾਣ ਦਾ
ਲਾਹ ਲਿਆ ਹੈ ਘੁੰਡ ਫਿਰ ਹੁਣ ਕੌਮ ਦੀ ਤਲਵਾਰ ਨੇ, ਅਹਿੰਸਾ ਦੀ ਰਾਖ 'ਚ ਦੱਬੇ, ਮਘ ਪਏ ਅੰਗਿਆਰ ਨੇ
ਹੁਣ ਫੁੱਲਾਂ ਨੇ ਨੇਜ਼ਿਆਂ ਦੇ ਸਿਰ 'ਤੇ ਚੜ੍ਹ ਕੇ ਹੱਸਣਾ, ਹੁਣ ਕਿਸੇ ਬੁਲਬੁਲ ਦਾ ਘਰ ਇਹ ਉੱਜੜਿਆ ਫਿਰ ਵੱਸਣਾ।



ਸ਼ਹੀਦ ਭਾਈ ਹਰਮੀਤ ਸਿੰਘ ਬੱਬਰ ਭਾਊਵਾਲ



ਸ਼ਹੀਦ ਜੁਝਾਰੂ ਜੋੜੇ ਦੇ ਮਾਪਿਆਂ ਦਾ ਮਾਣ



ਸ਼ਹੀਦ ਬੀਬੀ ਬਲਜਿੰਦਰ ਕੌਰ ਬੱਬਰ ਭਾਊਵਾਲ



ਬੱਬਰਾਂ ਦੀ ਬੈਠਕ : ਭਾਈ ਬਲਦੇਵ ਸਿੰਘ ਦੁਰਾਂਗਲਾ, ਭਾਈ ਗੁਰਨਾਮ ਸਿੰਘ ਬੱਬਰ ਪਹਿਲਵਾਨ (ਦਾਬਾਂਵਾਲ) ਤੇ ਭਾਈ ਧਰਮ ਸਿੰਘ ਕਾਸ਼ਤੀਵਾਲ



ਸ਼ਹੀਦ ਭਾਈ ਗੁਰਨਾਮ ਸਿੰਘ ਪਹਿਲਵਾਨ ਦਾਬਾਂਵਾਲ



ਸ਼ਹੀਦ ਭਾਈ ਗੁਰਨਾਮ ਸਿੰਘ ਬੱਬਰ ਪਹਿਲਵਾਨ ਦਾਬਾਂਵਾਲ

ਭੀੜ ਪੈਣ 'ਤੇ ਸੂਰਮੇ ਹੀ ਕਰਦੇ, ਗ਼ੈਰਤਮੰਦਾਂ ਦੀ ਜਿਹੜੀ ਹੈ ਕਾਰ ਹੁੰਦੀ
ਜੌਹਰ ਆਪਣੇ ਦੱਸਣੋਂ ਨਹੀਂ ਰਹਿੰਦੀ, ਅਸਲ ਲੋਹੇ ਦੀ ਜਿਹੜੀ ਤਲਵਾਰ ਹੁੰਦੀ

ਸ਼ਹੀਦ ਭਾਈ ਕੁਲਦੀਪ ਸਿੰਘ ਮੁੱਛਲ



ਭਾਈ ਕੁਲਦੀਪ ਸਿੰਘ ਮੁੱਛਲ ਸੰਤਾਂ ਦੇ ਜਥੇ 'ਚ ਵਿਚਰਨ ਸਮੇਂ



ਸ਼ਹੀਦ ਭਾਈ ਕੁਲਦੀਪ ਸਿੰਘ ਮੁੱਛਲ ਦੇ ਘਰ 'ਚ ਲੇਖਕ



(ਸ਼ਹੀਦ) ਭਾਈ ਅਵਤਾਰ ਸਿੰਘ ਬ੍ਰਹਮਾ ਅਤੇ ਭਾਈ ਕੁਲਦੀਪ ਸਿੰਘ ਮੁੱਛਲ



(ਸ਼ਹੀਦ) ਭਾਈ ਜਗਜੀਤ ਸਿੰਘ ਜੱਗੀ ਉਦੋਕੇ



ਸ਼ਹੀਦ ਭਾਈ ਜਗਜੀਤ ਸਿੰਘ ਜੱਗੀ ਦੇ ਮਾਤਾ-ਪਿਤਾ

ਸੁੱਤੀਆਂ ਲਹਿਰਾਂ ਦੇ ਵਿੱਚ, ਅਰਮਾਨ ਪੈਦਾ ਹੋ ਗਏ,
ਪਾਣੀ ਦੀ ਇੱਕ-ਇੱਕ ਬੂੰਦ ਵਿੱਚ, ਤੂਫਾਨ ਪੈਦਾ ਹੋ ਗਏ।


ਸ਼ਹੀਦ ਭਾਈ ਜੁਗਰਾਜ ਸਿੰਘ ਤੂਫਾਨ, ਚੀਮਾ ਖੁੱਡੀ



ਸ਼ਹੀਦ ਭਾਈ ਜੁਗਰਾਜ ਸਿੰਘ ਤੂਫਾਨ



ਭਾਈ ਜੁਗਰਾਜ ਸਿੰਘ ਦੀ ਪਤਨੀ ਸ਼ਹੀਦ ਬੀਬੀ ਰਣਜੀਤ ਕੌਰ



ਸੰਨ **2004** ਵਿੱਚ ਜਦੋਂ ਅਸੀਂ ਭਾਈ ਤੂਫਾਨ ਦੇ ਪਿਤਾ (ਸਵ:) ਭਾਈ ਮਹਿੰਦਰ ਸਿੰਘ ਜੀ ਦੀ ਤਸਵੀਰ ਖਿੱਚਣ ਲੱਗੇ ਤਾਂ ਭਾਈ ਮਹਿੰਦਰ ਸਿੰਘ ਜਿਨ੍ਹਾਂ ਦਾ ਕੁੱਬ ਨਿਕਲ ਆਇਆ ਸੀ, ਉਹ ਇਕਦਮ ਤਣ ਕੇ ਸਿੱਧੇ ਖਲੋ ਗਏ। ਇਹ ਉਹਨਾਂ ਦੀ ਜ਼ਿੰਦਾ-ਦਿਲੀ ਦੀ ਮਿਸਾਲ ਸੀ।



ਭਾਈ ਤੂਫਾਨ ਦੇ ਸਵ: ਮਾਤਾ ਜੀ ਬੀਬੀ ਹਰਬੰਸ ਕੌਰ ਜੀ

ਕਹਿ ਦਿਓ ਪੰਜਾਬ ਦੇ ਜੰਮਿਆਂ ਨੂੰ, ਕੌਮੀ ਕਾਫ਼ਲਾ ਹੁਣ ਰੁਕਣ ਨਹੀਂ ਦੇਣਾ
ਅਸੀਂ ਇਸ ਲਈ ਸਿਰ ਕਟਵਾ ਰਹੇ ਆਂ, ਤੁਸੀਂ ਸਿਰ ਕੌਮ ਦਾ ਝੁਕਣ ਨਹੀਂ ਦੇਣਾ।

ਸ਼ਹੀਦ ਭਾਈ ਗੁਰਜੰਟ ਸਿੰਘ ਬੁੱਧ ਸਿੰਘ ਵਾਲਾ




ਭਾਈ ਗੁਰਜੰਟ ਸਿੰਘ ਬੁੱਧ ਸਿੰਘ ਵਾਲਾ, ਦੋ ਵੱਖ-ਵੱਖ ਭੇਸ



ਭਾਈ ਰਵਿੰਦਰ ਸਿੰਘ ਬੱਬਰ ਤੇ ਭਾਈ ਗੁਰਜੰਟ ਸਿੰਘ ਬੁੱਧ ਸਿੰਘ ਵਾਲਾ



ਭਾਈ ਗੁਰਜੰਟ ਸਿੰਘ ਬੁੱਧ ਸਿੰਘ ਵਾਲਾ ਦੀ ਪੁਰਾਣੀ ਤਸਵੀਰ



ਸ਼ਹੀਦੀ ਪਿੱਛੋਂ ਭਾਈ ਬੁੱਧ ਸਿੰਘ ਵਾਲਾ ਦੇ ਅੰਤਮ ਦਰਸ਼ਨ

ਰੱਖ ਲਓ ਸੀਸ ਤਲੀ ਦੇ ਉੱਤੇ, ਧਰਮ ਨੂੰ ਇਸ ਦੀ ਲੋੜ ਬੜੀ ਏ
ਰਣ ਵਿੱਚ ਉਹ ਖੰਡਾ ਖੜਕਾਓ, ਜਿਸ ਖੰਡੇ 'ਤੇ ਪਾਣ ਚੜ੍ਹੀ ਏ
ਗੁਰੂ ਪੰਥ ਦੇ ਯੋਧੇ ਪੁੱਤਰੋ, ਤੁਹਾਡੀ ਕਿਸਮਤ ਵਿੱਚ ਮੜ੍ਹੀ ਏ
ਤੁਹਾਡੀ ਤੇਗ ਦੁਧਾਰੀ ਅੱਗੇ, ਵੱਢਣ ਵਾਲੀ ਫ਼ਸਲ ਬੜੀ ਏ।

ਸ਼ਹੀਦ ਭਾਈ ਨਵਨੀਤ ਸਿੰਘ ਕਾਦੀਆਂ



ਡੂੰਘੀ ਸੋਚ ਵਿੱਚ ਭਾਈ ਨਵਨੀਤ ਸਿੰਘ ਕਾਦੀਆਂ




ਸ਼ਹਾਦਤ ਤੋਂ ਬਾਅਦ ਭਾਈ ਨਵਨੀਤ ਸਿੰਘ ਕਾਦੀਆਂ ਦੇ ਅੰਤਮ ਦਰਸ਼ਨ

ਨਿਹੁੰ ਵਾਲੇ ਜਿੰਦ ਕੀਮਤ ਦੇ ਕੇ, ਸਿਦਕ ਦਾ ਸੌਦਾ ਕਰਦੇ
ਜਿਨ੍ਹਾਂ ਅਣਖ ਏ ਜਿਊਂਦੀ ਰੱਖੀ, ਉਹ ਮਰ ਕੇ ਨਹੀਂ ਮਰਦੇ।

ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲਿਆਂ ਦੀ ਸੱਜੀ ਬਾਂਹ

ਸ਼ਹੀਦ ਭਾਈ ਸੁਰਿੰਦਰ ਸਿੰਘ ਸੋਢੀ





ਭਾਈ ਸੁਰਿੰਦਰ ਸਿੰਘ ਸੋਢੀ ਦੀਆਂ ਦੋ ਵੱਖ-ਵੱਖ ਤਸਵੀਰਾਂ



ਭਾਈ ਸੁਰਿੰਦਰ ਸਿੰਘ ਸੋਢੀ ਤੇ ਭਾਈ ਮਨਬੀਰ ਸਿੰਘ ਚਹੇੜੂ



ਭਾਈ ਸੁਰਿੰਦਰ ਸਿੰਘ ਸੋਢੀ

ਕੌਮ ਅਜ਼ਾਦ ਕਰਵਾਉਣ ਦੀ ਚਾਹ ਜਿਸਨੂੰ, ਰਿਸ਼ਤਾ ਹੁੰਦਾ ਉਸ ਨਾਲ ਕੈਦਖ਼ਾਨਿਆਂ ਦਾ;
ਜੁੜਿਆ ਹੁੰਦਾ ਹੈ ਸਦਾ ਹੀ ਜੱਗ ਉੱਤੇ, ਨਾਲ ਸ਼ਮ੍ਹਾ ਦੇ ਪਿਆਰ ਪਰਵਾਨਿਆਂ ਦਾ।



ਸ਼ਹੀਦ ਭਾਈ ਬਲਜਿੰਦਰ ਸਿੰਘ ਰਾਜੂ



ਸ਼ਹੀਦ ਭਾਈ ਬਲਜਿੰਦਰ ਸਿੰਘ ਰਾਜੂ



ਸ਼ਹੀਦ ਭਾਈ ਜਗਦੀਪ ਸਿੰਘ ਵਕੀਲ ਮੋਗਾ, ਆਪਣੀ ਪਤਨੀ ਨਾਲ



ਸ਼ਹੀਦ ਭਾਈ ਜਗਦੀਪ ਸਿੰਘ ਵਕੀਲ ਮੋਗਾ




ਸ਼ਹੀਦ ਭਾਈ ਦਇਆ ਸਿੰਘ ਚੋਹਲਾ



ਸ਼ਹੀਦ ਭਾਈ ਧਰਮਵੀਰ ਸਿੰਘ ਕੰਮੋਕੇ

ਰਲ਼ ਕੇ ਆਓ ਸਿੰਘ ਸੂਰਿਓ ਸੌਂਹ ਖਾਈਏ, ਨੀਵਾਂ ਕੌਮ ਦਾ ਮਾਣ ਨਹੀਂ ਹੋਣ ਦੇਣਾ
ਲਹੂ ਦੀ ਨਦੀ 'ਚ ਰੋੜ੍ਹਨੈਂ ਵੈਰੀਆਂ ਨੂੰ, ਪੰਜਾਬ ਦੀ ਹਿੱਕ 'ਤੇ ਨਹੀਂ ਖਲੋਣ ਦੇਣਾ।

ਸ਼ਹੀਦ ਭਾਈ ਕੰਵਰਜੀਤ ਸਿੰਘ ਸੁਲਤਾਨਵਿੰਡ



(ਸ਼ਹੀਦ) ਭਾਈ ਕੰਵਰਜੀਤ ਸਿੰਘ ਸੁਲਤਾਨਵਿੰਡ



ਭਾਈ ਕੰਵਰਜੀਤ ਸਿੰਘ ਸੁਲਤਾਨਵਿੰਡ ਦੇ ਮਾਤਾ ਜੀ



(ਸ਼ਹੀਦ) ਭਾਈ ਕੰਵਰਜੀਤ ਸਿੰਘ ਸੁਲਤਾਨਵਿੰਡ

ਸ਼ਹੀਦ ਭਾਈ ਤਰਸੇਮ ਸਿੰਘ ਕੋਹਾੜ



(ਸ਼ਹੀਦ) ਭਾਈ ਤਰਸੇਮ ਸਿੰਘ ਕੋਹਾੜ



ਭਾਈ ਤਰਸੇਮ ਸਿੰਘ ਕੋਹਾੜ ਦੇ ਮਾਤਾ ਜੀ



(ਸ਼ਹੀਦ) ਭਾਈ ਤਰਸੇਮ ਸਿੰਘ ਕੋਹਾੜ

ਅਜੇ ਸਿਰਾਂ 'ਤੇ ਝੁਰਮਟ ਪਾਇਆ ਹੈ ਗਿਰਝਾਂ ਦੀਆਂ ਡਾਰਾਂ,
ਤਾਂਹੀਓ ਕੰਘੀਆਂ ਪਾ ਕੇ ਤੁਰੀਆਂ, ਕਲਮਾਂ ਤੇ ਤਲਵਾਰਾਂ।

ਕਲਮ ਤੇ ਤਲਵਾਰ ਦੋਹਾਂ ਦਾ ਧਨੀ ਸੂਰਮਾ, ਸ਼ਹੀਦ ਭਾਈ ਬਘੇਲ ਸਿੰਘ ਡੇਹਰੀਵਾਲ਼





ਸ਼ਹੀਦ ਭਾਈ ਬਘੇਲ ਸਿੰਘ ਡੇਹਰੀਵਾਲ਼ ਦੀਆਂ ਦੋ ਵੱਖ-ਵੱਖ ਤਸਵੀਰਾਂ



ਸ਼ਹੀਦ ਭਾਈ ਬਘੇਲ ਸਿੰਘ ਦਾ ਭਾਣਜਾ ਸ਼ਹੀਦ ਭਾਈ ਜਗਦੇਵ ਸਿੰਘ ਸਰਜਾ ਅਤੇ ਭਤੀਜਾ ਸ਼ਹੀਦ ਭਾਈ ਬਲਵਾਨ ਸਿੰਘ



ਸ਼ਹੀਦ ਭਾਈ ਸਤਬਚਨ ਸਿੰਘ ਸਕਰੂਲੀ



ਭਾਈ ਸਤਬਚਨ ਸਿੰਘ ਸਕਰੂਲੀ ਤੇ ਭਾਈ ਸੁਖਵਿੰਦਰ ਸਿੰਘ ਸੰਘਾ

ਲੈ ਕੇ ਦਿਲਾਂ ਵਿੱਚ ਤਾਂਘ ਇੱਕ ਸੱਜਰੀ ਸਵੇਰ ਦੀ, ਲੰਘੇ ਚੀਰ ਕੇ ਕਈ ਚੰਨ ਦਲਦਲ ਹਨੇਰ ਦੀ;
ਰੁਕਣ ਨਾ ਕਦਮ ਕਿਤੇ, ਝੁਕਣ ਨਾ ਸਿਰੇ ਕਿਤੇ, ਸ਼ਹੀਦਾਂ ਦੀ ਰੱਤ ਸੁੱਚੀ ਸਾਨੂੰ ਵੀ ਪ੍ਰੇਰਦੀ।

ਸ਼ਹੀਦ ਭਾਈ ਚਰਨਜੀਤ ਸਿੰਘ ਚੰਨੀ ਤਲਵੰਡੀ



ਘੋੜੇ ਦੀ ਸਵਾਰੀ ਕਰਦਿਆਂ ਭਾਈ ਚਰਨਜੀਤ ਸਿੰਘ ਚੰਨੀ



ਦਫ਼ਤਰ ਦੀਆਂ ਸੇਵਾਵਾਂ ਨਿਭਾਉਂਦੇ ਭਾਈ ਚਰਨਜੀਤ ਸਿੰਘ ਚੰਨੀ



ਭਾਈ ਮਲਕੀਤ ਸਿੰਘ ਬਾਪੂ (ਰਾਜਸਥਾਨੀ) ਤੇ ਭਾਈ ਚਰਨਜੀਤ ਸਿੰਘ ਚੰਨੀ (ਤਲਵੰਡੀ)



ਭਾਈ ਲਾਭ ਸਿੰਘ ਪੰਜਵੜ (ਦੂਜੇ), ਭਾਈ ਚਰਨਜੀਤ ਸਿੰਘ ਚੰਨੀ, ਭਾਈ ਹਰਜਿੰਦਰ ਸਿੰਘ ਜਿੰਦਾ ਤੇ ਭਾਈ ਗੁਰਜੀਤ ਸਿੰਘ ਭੇਕ ਹਰੀਹਰ

'ਸ਼ਰਫ਼' ਮਾਲ, ਜ਼ਰ, ਦੌਲਤਾਂ ਚੀਜ਼ ਕੀ ਨੇ, ਆਓ ਸੀਸ ਅਜ਼ਾਦੀ ਤੋਂ ਵਾਰ ਦੇਈਏ;
ਘੁੰਮਣਘੇਰ ਵਿੱਚ ਕੌਮ ਦੀ ਫਸੀ ਬੇੜੀ, ਰਲ ਕੇ ਇਸ ਨੂੰ ਪਾਰ ਉਤਾਰ ਦੇਈਏ।



ਸ਼ਹੀਦ ਭਾਈ ਦਲਬੀਰ ਸਿੰਘ ਬਿੱਲਾ ਵਰਪਾਲ



ਸ਼ਹੀਦ ਭਾਈ ਦਲਬੀਰ ਸਿੰਘ ਬਿੱਲਾ ਵਰਪਾਲ ਦੇ ਅੰਤਮ ਦਰਸ਼ਨ




ਸ਼ਹੀਦ ਭਾਈ ਸੁਖਜਿੰਦਰ ਸਿੰਘ ਬੱਬਰ ਬਰਾੜ ਜੱਬੋਵਾਲ



ਸ਼ਹੀਦ ਭਾਈ ਕਾਰਜ ਸਿੰਘ ਪੀਰ ਮੁਹੰਮਦ



ਸ਼ਹੀਦ ਭਾਈ ਸੁਖਜਿੰਦਰ ਸਿੰਘ ਆਪਣੇ ਛੋਟੇ ਭਰਾ ਨਾਲ



ਸ਼ਹੀਦ ਭਾਈ ਕਾਰਜ ਸਿੰਘ ਪੀਰ ਮੁਹੰਮਦ ਦੇ ਮਾਤਾ ਜੀ ਅਤੇ ਲੇਖਕ

ਕਿਵੇਂ ਸਾਡੀ ਨਿਭਦੀ ਹੈ ਨਿੱਕਿਆਂ ਪੜਾਵਾਂ ਨਾਲ, ਮੰਜ਼ਲਾਂ ਦੇ ਅਸੀਂ ਹਾਂ ਵਰੇ;
ਮੰਜ਼ਲਾਂ 'ਤੇ ਖੜ੍ਹੀ ਸਾਨੂੰ ਜ਼ਿੰਦਗੀ ਉਡੀਕਦੀ ਏ, ਤੁਰੇ ਬਿਨਾਂ ਕੰਮ ਨਾ ਸਰੇ।

ਸ਼ਹੀਦ ਬਾਬਾ ਗੁਰਮੇਜ ਸਿੰਘ ਢਿੱਲਵਾਂ



ਭਾਈ ਗੁਰਮੇਜ ਸਿੰਘ ਢਿੱਲਵਾਂ



ਸ਼ਹੀਦ ਭਾਈ ਗੁਰਮੇਜ ਸਿੰਘ ਢਿੱਲਵਾਂ ਦੇ ਅੰਤਮ ਦਰਸ਼ਨ



ਆਪਣੇ ਕੁਝ ਸਾਥੀਆਂ ਨਾਲ ਭਾਈ ਗੁਰਮੇਜ ਸਿੰਘ ਢਿਲਵਾਂ



ਇੱਕ ਸਮਾਗਮ ਵਿੱਚ ਬਾਬਾ ਜੋਗਿੰਦਰ ਸਿੰਘ ਤੋਂ ਸਨਮਾਨ ਪ੍ਰਾਪਤ ਕਰਦੇ ਭਾਈ ਗੁਰਮੇਜ ਸਿੰਘ ਢਿੱਲਵਾਂ

ਜਦ ਡੁੱਲ੍ਹਦੈ ਲਹੂ ਜੁਝਾਰਾਂ ਦਾ, ਜੜ੍ਹ ਜ਼ੁਲਮ ਦੀ ਓਦੋਂ ਗਲਦੀ ਹੈ;
ਦੁਨੀਆ 'ਤੇ ਚਾਨਣ ਹੋ ਜਾਂਦਾ, ਜਾਂ ਚਿਖਾ ਸ਼ਹੀਦ ਦੀ ਬਲਦੀ ਹੈ।

ਸ਼ਹੀਦ ਬਾਬਾ ਰਣਜੀਤ ਸਿੰਘ ਦਿਆਲਗੜ੍ਹ



ਬਾਬਾ ਰਣਜੀਤ ਸਿੰਘ ਦਿਆਲਗੜ੍ਹ



ਭਾਈ ਰਣਜੀਤ ਸਿੰਘ ਦਾ ਛੋਟਾ ਭਰਾ ਸ਼ਹੀਦ ਭਾਈ ਜਗੀਰ ਸਿੰਘ



ਜੀਵਨ ਤੋਂ ਮੌਤ ਤੀਕਰ ਆਉਂਦੇ ਬੜੇ ਚੌਰਾਹੇ, ਹੈ ਜਿਸ ਦਾ ਪੰਧ ਬਿਖੜਾ, ਉਸੇ ਹੀ ਰਾਹ ਲਿਜਾਇਓ
ਮੇਰੀ ਮੌਤ 'ਤੇ ਨਾ ਰੋਇਓ, ਮੇਰੀ ਸੋਚ ਨੂੰ ਬਚਾਇਓ। (ਭਾਈ ਰਣਜੀਤ ਸਿੰਘ ਦਿਆਲਗੜ੍ਹ ਦੇ ਪੰਜ ਭੂਤਕ ਸਰੀਰ ਨੂੰ ਲੈ ਕੇ ਆਉਂਦੀ ਸੰਗਤ)



ਭਾਈ ਰਣਜੀਤ ਸਿੰਘ ਦਿਆਲਗੜ੍ਹ ਦੇ ਅੰਤਮ ਸਸਕਾਰ ਦਾ ਦ੍ਰਿਸ਼

ਪੰਥ ਦੇ ਸ਼ਹੀਦਾਂ ਦੀਆਂ ਗੱਲਾਂ ਨੇ ਨਿਆਰੀਆਂ, ਆਪਣੇ ਲਹੂ 'ਚ ਖ਼ੁਦ ਲਾਉਂਦੇ ਰਹੇ ਤਾਰੀਆਂ।

ਸ਼ਹੀਦ ਭਾਈ ਅਨੋਖ ਸਿੰਘ ਉੱਬੋਕੇ



ਸ਼ਹੀਦ ਭਾਈ ਅਨੋਖ ਸਿੰਘ ਉੱਬੋਕੇ



ਮਾਨਾਂਵਾਲਾ ਕਾਂਡ 'ਚ ਜ਼ਖ਼ਮੀ ਭਾਈ ਉੱਬੋਕੇ





ਜੋਧਪੁਰ ਜੇਲ੍ਹ 'ਚੋਂ ਰਿਹਾਅ ਹੋਣ ਪਿੱਛੋਂ ਮੈਦਾਨੇ-ਜੰਗ 'ਚ ਭਾਈ ਅਨੋਖ ਸਿੰਘ ਉੱਬੋਕੇ



ਸ਼ਹੀਦ ਭਾਈ ਹਰਪਾਲ ਸਿੰਘ ਉਰਫ਼ ਫ਼ੌਜਾ ਸਿੰਘ
ਪਿੰਡ ਵੜਿੰਗ ਮੋਹਨਪੁਰ

ਖ਼ੂਨ ਨੂੰ ਲਲਕਾਰ ਦੀ ਬੱਸ ਲੋੜ ਹੈ, ਧੁਖਣ ਨੂੰ ਅੰਗਿਆਰ ਦੀ ਬੱਸ ਲੋੜ ਹੈ;
ਹੱਕ ਲਈ ਜੂਝ ਮਰੇ ਨੂੰ ਕਫ਼ਨ ਨਾ ਦਿਓ, ਲੋਥ ਨੂੰ ਦਸਤਾਰ ਦੀ ਬੱਸ ਲੋੜ ਹੈ।

ਸ਼ਹੀਦ ਭਾਈ ਨਿਸ਼ਾਨ ਸਿੰਘ ਚਿੱਤਰਕਾਰ


ਭਾਈ ਨਿਸ਼ਾਨ ਸਿੰਘ ਚਿੱਤਰਕਾਰ


ਸ਼ਹੀਦ ਭਾਈ ਨਿਸ਼ਾਨ ਸਿੰਘ ਦੇ ਮਿਰਤਕ ਸਰੀਰ ਵਿੱਚ ਦਿੱਸਦੇ ਲੰਘਾਏ ਹੋਏ ਸਰੀਆਂ ਦੇ ਨਿਸ਼ਾਨ


ਸ਼ਹੀਦ ਦੇ ਸਸਕਾਰ ਤੋਂ ਪਹਿਲਾਂ ਗੁਰਬਾਣੀ ਕੀਰਤਨ



ਇੱਕ ਮੰਜੇ 'ਤੇ ਪੂਰੀ ਨਹੀਂ ਸੀ ਆਉਂਦੀ ਸ਼ਹੀਦ ਦੀ ਮਿਰਤਕ ਦੇਹ


ਸ਼ਹੀਦ ਭਾਈ ਨਿਸ਼ਾਨ ਸਿੰਘ ਦੇ ਅੰਤਮ ਦਰਸ਼ਨ

ਪੰਜਾਬ ਦੀ ਧਰਤੀ 'ਤੇ

ਹਿੰਦੁਸਤਾਨੀ ਅੱਤਵਾਦ

-ਬਲਜੀਤ ਸਿੰਘ ਖਾਲਸਾ



ਅੰਤਰਰਾਸ਼ਟਰੀ ਕਨੂੰਨ ਗੁਰੀਲਾ ਲੜਾਈ ਲੜ ਰਹੇ ਲੋਕਾਂ ਦੇ ਮਨੁੱਖੀ ਹੱਕਾਂ ਬਾਰੇ ਵੀ ਪੂਰੀ ਤਰ੍ਹਾਂ ਸਪੱਸ਼ਟ ਹਨ ਕਿ ਉਨ੍ਹਾਂ ਨੂੰ ਵੀ ਸਜ਼ਾ ਕਨੂੰਨ ਰਾਹੀਂ ਮਿਲੇ, ਪਰ ਹਿੰਦੂ ਸੈਕੂਲਰ ਰਾਜ ਵਿਚ ਪੁਲੀਸ ਦੇ ਹੱਥ ਆਇਆ ਹਰ ਇਕ ਜੁਝਾਰੂ ਕੋਹ-ਕੋਹ ਕੇ ਮਾਰਿਆ ਗਿਆ ਤੇ ਫਿਰ ਉਸ ਦਾ ਮੁਕਾਬਲਾ ਸ਼ੋਅ ਕੀਤਾ ਗਿਆ। ਇਸ ਬੁਰਛਾਗਰਦੀ ਨੂੰ ਇਹ ਕਹਿ ਕੇ ਜਾਇਜ਼ ਠਹਿਰਾਇਆ ਜਾਂਦਾ ਹੈ, ਕਿ 'ਖੁਦ ਗ਼ੈਰ-ਕਨੂੰਨੀ ਢੰਗ ਨਾਲ ਕਈ-ਕਈ ਕਤਲ ਕਰਨ ਵਾਲੇ ਨੂੰ ਸਜ਼ਾ ਦੇਣ ਲਈ ਕਨੂੰਨ ਦੀ ਪਾਲਣਾ ਜ਼ਰੂਰੀ ਨਹੀਂ।' ਇਸ ਹਿੰਦੂ ਗਰੂਰਤਾ ਤੇ ਕਰੂਰਤਾ ਨੂੰ ਕੌਣ ਸਮਝਾਵੇ ਕਿ ਜਿਹੜੇ ਲੋਕ ਪਹਿਲਾਂ ਹੀ ਪ੍ਰਚਲਤ ਕਨੂੰਨ ਤੋਂ ਬਾਗੀ ਹੋਣ ਦਾ ਖੁਲ੍ਹਮ-ਖੁੱਲ੍ਹਾ ਐਲਾਨ ਕਰ ਕੇ ਲੜਾਈ ਲੜਦੇ ਹਨ, ਉਨ੍ਹਾਂ ਤੋਂ ਲੜਾਈ ਵਿਚ ਕਨੂੰਨ ਦੀ ਪਾਲਣਾ ਕਰਨ ਦੀ ਆਸ ਸਮਝਦਾਰ ਲੋਕ ਕਦੇ ਨਹੀਂ ਕਰਦੇ। ਸਗੋਂ ਉਨ੍ਹਾਂ ਦੇ ਬਾਗੀ ਹੋਣ ਦੇ ਐਲਾਨ ਦੇ ਨਾਲ ਹੀ ਕਨੂੰਨ ਲਾਗੂ ਕਰਵਾਉਣ ਵਾਲੀ ਸਰਕਾਰੀ ਮਸ਼ੀਨਰੀ ਉਨ੍ਹਾਂ ਨੂੰ ਸਜ਼ਾ ਦੇਣ ਲਈ ਸਰਗਰਮ ਹੋ ਜਾਂਦੀ ਹੈ। ਇਸ ਕਾਰਨ ਉਨ੍ਹਾਂ ਬਾਗੀਆਂ ਨੂੰ ਰੂਪੋਸ਼ ਹੋਣਾ ਪੈਂਦਾ ਹੈ, ਲੁਕ-ਲੁਕ ਕੇ ਦਿਨ ਤੇ ਰਾਤਾਂ ਕੱਟਣੀਆਂ ਪੈਂਦੀਆਂ ਹਨ। ਉਨ੍ਹਾਂ ਦਾ ਇਹ ਕਰਮ ਉਨ੍ਹਾਂ ਲਈ ਆਪਣੇ ਆਪ ਵਿਚ ਇਕ ਸਜ਼ਾ ਹੁੰਦਾ ਹੈ। ਆਪਣੀ ਕੌਮ ਲਈ ਸਥਾਪਤ ਕਨੂੰਨ ਤੋਂ ਬਾਗੀ ਹੋਏ ਸੂਰਮੇ ਇਹ ਸਜ਼ਾ ਹੱਸ ਕੇ ਪ੍ਰਵਾਨ ਕਰ ਲੈਂਦੇ ਹਨ, ਪਰ ਜਿਹੜੀ ਸਰਕਾਰੀ ਮਸ਼ੀਨਰੀ ਕਨੂੰਨ ਲਾਗੂ ਕਰਨ ਤੇ ਕਰਵਾਉਣ ਲਈ ਅਥਾਹ ਹਕੂਮਤੀ ਤਾਕਤ ਦੇ ਬਲਬੂਤੇ ਸਰਗਰਮ ਹੁੰਦੀ ਹੈ, ਉਹ ਜੇਕਰ ਖੁਦ ਕਨੂੰਨ ਦੀ ਉਲੰਘਣਾ ਕਰਦੀ ਹੈ ਤਾਂ ਉਸ ਉੱਪਰ ਉਂਗਲ ਉਠਾਉਣੀ ਜਾਇਜ਼ ਵੀ ਹੈ ਤੇ ਜ਼ਰੂਰੀ ਵੀ।



-ਬਲਜੀਤ ਸਿੰਘ ਖਾਲਸਾ

ਧਰਮ ਕਾ ਜੈਕਾਰ

ਪਾਪੀ ਪੂਹਲੇ ਦਾ ਸ਼ਿਕਾਰ

ਪੂਹਲਾ ਇਕ ਪਸ਼ੂ-ਬਿਰਤੀ ਵਾਲਾ ਅਤੇ ਸਟੇਟ ਦਾ ਪਾਲਿਆ ਹੋਇਆ ਆਦਮਖੋਰ ਦਰਿੰਦਾ ਸੀ, ਜਿਸ ਨੇ ਦਸਮੇਸ਼ ਪਿਤਾ ਦੀ ਬਖਸ਼ੀ ਹੋਈ ਵਰਦੀ (ਨਿਹੰਗ ਬਾਣਾ) ਧਾਰਨ ਕਰ ਕੇ ਮਨੁੱਖਤਾ ਨੂੰ ਸ਼ਰਮਸਾਰ ਕਰ ਦੇਣ ਵਾਲੇ ਕੁਕਰਮ ਅਤੇ ਜੁਰਮ ਕੀਤੇ; ਪਵਿੱਤਰ ਗੁਰਦੁਆਰਿਆਂ ਉੱਪਰ ਸਰਕਾਰੀ ਹਥਿਆਰਾਂ ਅਤੇ ਹਥਿਆਰਬੰਦ ਧਾੜਾਂ ਦੀ ਮਦਦ ਨਾਲ ਕਬਜ਼ੇ ਤਾਂ ਕੀਤੇ ਹੀ, ਉਹਨਾਂ ਗੁਰਧਾਮਾਂ ਦੇ ਅੰਦਰ ਬੈਠ ਕੇ ਲੋਕਾਂ ਦੀ ਧਨ-ਦੌਲਤ ਤੋਂ ਲੈ ਕੇ ਇੱਜ਼ਤ ਲੁੱਟਣ ਤਕ ਦੀ ਘਿਨਾਉਣੀ ਖੇਡ ਬੇਖ਼ੌਫ ਹੋ ਕੇ ਖੇਡੀ, 7-7 ਸਾਲ ਦੀਆਂ ਮਸੂਮ ਬੱਚੀਆਂ ਨਾਲ ਬਲਾਤਕਾਰ ਕਰ ਕੇ ਉਹਨਾਂ ਨੂੰ ਮਾਰਿਆ ਤੇ ਫਿਰ ਲਾਸ਼ਾਂ ਦੇ ਟੋਟੇ ਕਰ ਕੇ ਦਰਿਆ ਵਿੱਚ ਰੋੜ੍ਹ ਦਿੱਤੇ। ਇਸ ਵਹਿਸ਼ੀ ਦਰਿੰਦੇ ਵਿਰੁੱਧ ਉੱਠੀਆਂ ਕੁਝ ਨਿਡਰ ਅਵਾਜ਼ਾਂ ਜਿਨ੍ਹਾਂ ਨੇ ਸਰਕਾਰ ਨੂੰ ਮਜਬੂਰ ਕੀਤਾ ਕਿ ਉਹ ਇਸ ਦੁਸ਼ਟ ਨੂੰ ਜੇਲ੍ਹ ਦੀਆਂ ਸਲਾਖਾਂ ਪਿੱਛੇ ਪਹੁੰਚਾਵੇ। ਫਿਰ ਅੰਮ੍ਰਿਤਸਰ ਜੇਲ੍ਹ ਦੇ ਅੰਦਰ ਇਸ ਕੁਕਰਮੀ ਪੂਹਲੇ ਦੀ ਅੱਤ ਦਾ ਅੰਤ ਕਰਨ ਲਈ ਦੋ ਧਰਮੀ ਦੂਲੇ ਮੈਦਾਨ 'ਚ ਆਏ, ਜਿਨ੍ਹਾਂ ਨੇ ਇਸ ਦੁਸ਼ਟ ਨੂੰ ਜਿਉਂਦਾ ਹੀ ਸਾੜ ਕੇ ਜਿੱਥੇ ਉਸ ਦੇ ਗੰਦੇ ਜਿਸਮ ਤੋਂ ਸਿੱਖੀ ਦਾ ਪਵਿੱਤਰ ਬਾਣਾ ਉਤਾਰ ਦਿੱਤਾ, ਓਥੇ ਉਸ ਨੂੰ ਉਸ ਦੇ ਕੁਕਰਮਾਂ ਦੀ ਸਜ਼ਾ ਦੇ ਕੇ ਨਰਕੀਂ ਤੋਰ ਦਿੱਤਾ।

ਪੂਹਲੇ ਦੇ ਕੁਕਰਮਾਂ ਦੀ ਅਤੇ ਫਿਰ ਉਸ ਦੇ ਅੰਤ ਦੀ ਕਹਾਣੀ, ਵਿਸਥਾਰ ਸਹਿਤ ਇਸ ਕਿਤਾਬ ਵਿੱਚ ਛਾਪੀ ਗਈ ਹੈ।

ਇਹ ਸਿਰਫ ਕਿਤਾਬ ਹੀ ਨਹੀਂ

-ਸੰਦੀਪ ਕੌਰ

ਖਿਪਣਾ ਪੈਂਡਾ

ਸਿੱਖ ਕੌਮ ਦੇ ਹੱਡਾਂ 'ਤੇ ਬੀਤੇ ਜ਼ੁਲਮ ਦੀ ਦਾਸਤਾਂ ਹੈ...



ਜਦੋਂ ਜੂਨ 1984 ਵਿੱਚ ਇਕ ਪਾਪ ਦੀ ਜੰਞ ਸਾਡੇ ਹਰਿਮੰਦਰ ਸਾਹਿਬ 'ਤੇ ਚੜ੍ਹ ਕੇ ਆਈ ਤਾਂ ਸਿੱਖੀ ਜਜ਼ਬਾ ਰੋਹ ਭਰੇ ਕਾਫਲਿਆਂ ਦੇ ਰੂਪ ਵਿੱਚ ਸੰਗੀਨਾਂ ਤੇ ਟੈਂਕਾਂ ਦੀ ਪਰਵਾਹ ਨਾ ਕਰਦਿਆਂ ਸ੍ਰੀ ਅੰਮ੍ਰਿਤਸਰ ਵੱਲ ਧਾਹ ਪਿਆ; ਇਨ੍ਹਾਂ 'ਚੋਂ ਇਕ ਕਾਫਲੇ ਵਿੱਚ ਉਸ ਦੇ ਨਿੱਕੇ-ਨਿੱਕੇ ਕਦਮਾਂ ਦੀ ਪੈੜ ਵੀ ਸ਼ਾਮਲ ਸੀ।

ਉਹ ਓਦੋਂ ਸਿਰਫ਼ 12 ਸਾਲ ਦੀ ਸੀ। ਅੱਗ ਉਗਲਨ ਲਈ ਤਿਆਰ ਟੈਂਕਾਂ ਨੇ ਉਹ ਕਾਫਲੇ ਖਿੰਡਾ ਦਿੱਤੇ ਸਨ, ਪਰ ਉਸ ਨੇ ਇਸ ਪਾਪ ਦੀ ਜੰਞਨਾਲ ਟਕਰਾਉਣ ਲਈ ਸਿਰਲੱਥ ਕਾਫਲੇ ਦੀ ਭਾਲ ਨਹੀਂ ਸੀ ਛੱਡੀ ਤੇ ਇਹੀ ਸਿਰੜੀ ਭਾਲ ਉਸ ਨੂੰ ਇਕ ਜੁਝਾਰੂ ਕਾਫਲੇ ਤਕ ਲੈ ਗਈ।

ਇਸ ਜੁਝਾਰੂ ਕਾਫਲੇ ਦੇ ਵਿੱਚ ਠੰਢੀਆਂ ਰਾਤਾਂ ਵਿੱਚ ਨੰਗੇ ਪੈਰੀਂ ਕੰਡਿਆਲੇ ਰਾਹਾਂ ਤੇ ਬੰਦੂਕ ਹਿੱਕ ਨਾਲ ਲਾ ਕੇ ਤੈਅ ਕੀਤੇ ਜਾਂਦੇ ਜੁਝਾਰੂ ਸਫ਼ਰ ਦੇ ਹਰ ਇਕ ਕਦਮ ਵਿੱਚ ਉਸ ਨੇ ਇਹ ਸਾਬਤ ਕਰ ਦਿੱਤਾ ਕਿ ਸਿੰਘਣੀਆਂ ਦਾ ਪੁਰਾਤਨ ਜੁਝਾਰੂ ਗੁਣ ਇਤਿਹਾਸ ਦਾ ਖਾਮੋਸ਼ ਅੰਗ ਨਹੀਂ ਹੈ।

ਆਪਣੇ ਗਰੁੱਪ ਦੇ ਸਿੰਘਾਂ ਨੂੰ ਇਕ-ਇਕ ਕਰ ਕੇ ਸ਼ਹੀਦ ਹੁੰਦਿਆਂ ਤੱਕਣ ਦੀ ਇਕ ਗਾਥਾ, ਦੁਸ਼ਮਣ ਦਲਾਂ 'ਤੇ ਬਿਜਲੀ ਬਣ ਕੇ ਡਿਗਦੇ ਜੁਝਾਰੂਆਂ ਦੀ ਗਾਥਾ, ਮੌਤ ਅਤੇ ਪੁਲੀਸ ਨਾਲ ਖੇਡੀ ਜਾਂਦੀ ਲੁਕਣਮੀਚੀ ਵਿੱਚ ਬੇਪਰਵਾਹ ਖਾਲਸਈ ਜ਼ਿੰਦਾਦਿਲੀ ਦੀਆਂ ਝਲਕਾਂ....ਕਮਾਦਾਂ ਤੋਂ ਲੈ ਕੇ ਕਾਲ-ਕੋਠੜੀਆਂ ਤਕ ਸੰਦੀਪ ਕੌਰ ਦੀ ਹੱਡੀਂ-ਹੰਢਾਈ ਇਹ ਗਾਥਾ ਸਰਕਾਰ ਵੱਲੋਂ ਸਿੱਖ ਜੁਝਾਰੂ ਲਹਿਰ ਨੂੰ ਖ਼ਤਮ ਕਰਨ ਲਈ ਵਰਤੇ ਗਏ ਤੌਰ-ਤਰੀਕਿਆਂ 'ਤੇ ਵੀ ਚਾਨਣਾ ਪਾਉਂਦੀ ਹੈ।